ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਐਨ ਪਹਿਲਾ Ayan 1

# Sri Gur Partap Suraj Granth

ਕ੍ਰਿਤ:
ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By
Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥


## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਕੀ-ਸਟ੍ਰੋਕ ਸੂਚੀ

## ਤਤਕਰਾ ਐਨ ਪਹਿਲਾ

## ਐਨ ਪਹਿਲਾ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

੨੧ ਜਨਵਰੀ ੨੦੦੫
ਰੰਧਾਵਾ

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਐਨ ਪਹਿਲਾ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਐਨ ਪਹਿਲਾ ਉੱਪਰ ਕਲਿਕ ਕਰੋ ਜੀ)


| | | | | | | | | | | |
|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ |
| | ੧੨ | ੧੩ | ੧੪ | ੧੫ | ੧੬ | ੧੭ | ੧੮ | ੧੯ | ੨੦ | ੨੧ |
| | ੨੨ | ੨੩ | ੨੪ | ੨੫ | ੨੬ | ੨੭ | ੨੮ | ੨੯ | ੩੦ | ੩੧ |
| | ੩੨ | ੩੩ | ੩੪ | ੩੫ | ੩੬ | ੩੭ | ੩੮ | ੩੯ | ੪੦ | ੪੧ |
| | ੪੨ | ੪੩ | ੪੪ | ੪੫ | ੪੬ | ੪੭ | ੪੮ | ੪੯ | ੫੦ | ੫੧ |

# ਕੀ-ਸਟ੍ਰੋਕ ਸੂਚੀ

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫਾਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

| | | | | | | | | | |
|---|---|---|---|---|---|---|---|---|---|
| ੳ | ਅ | ੲ | ਸ | ਹ | ਕ | ਖ | ਗ | ਘ | ਙ |
| A | a | e | s | h | k | K | g | G | Alt+ 249 |
| ਚ | ਛ | ਜ | ਝ | ਞ | ਟ | ਠ | ਡ | ਢ | ਣ |
| c | C | j | J | Alt+ 248 | t | T | f | F | N |
| ਤ | ਥ | ਦ | ਧ | ਨ | ਪ | ਫ | ਬ | ਭ | ਮ |
| q | Q | d | D | n | p | P | b | B | m |
| ਯ | ਰ | ਕ | ਵ | ੜ | ਸ਼ | ਖ਼ | ਗ਼ | ਜ਼ | ਫ਼ |
| X | r | k | v | V | S | Alt+ 222 | Alt+ 223 | Z | Alt+ 227 |
| ਲ਼ | ਠੂੰ | ਜ | ੑ | ਾ | ਾਂ | ਿ | ੀ | ੁ | ੁ |
| Alt+ 253 | L | Alt+ 206 | Alt+ 236 | w | W | i | I | u | Alt+ 252 |
| ੂ | ੂ | ੇ | ੇ | ੈ | ੋ | ੌ | ਃ | ਂ | ਂ |
| U | Alt+ 193 | Alt+ 216 | y | Y | o | O | x | M | Alt+ 251 |
| ੁ | ੁ | ੍ਰ | ੍ਵ | ੍ਹ | ੍ਚ | ੍ਟ | ੍ਤ | ੍ਨ | ੍ਰ |
| z | Alt+ | Alt+ 196 | Alt+ 180 | H | Alt+ 231 | Alt+ 195 | Alt+ 156 | Alt+ 205 | R |
| ੑ | ਼ | ੵ | | | | | | | |
| Alt+ 216 | Alt+ 230 | Alt+ 218 | | | | | | | |

# ਤਤਕਰਾ ਐਨ ਪਹਿਲਾ


| | ਪਹਿਲਾ ਐਨ |
|---|---|
| ੧ | ੧. [ਇਸ੍ਰ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ]<br>੨. ਇਸ੍ਰ ਦੇਵ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।<br>੩. ਇਸ੍ਰ ਗੁਰੂ-ਨੌਂ ਗੁਰੂ ਸਾਹਿਬਾਂ ਦਾ-ਮੰਗਲ।<br>[ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵ੍ਯਾਖ੍ਯਾ]<br>੪. 'ਕਵੀ-ਸੰਕੇਤ' ਮਿਰ੍ਯਾਦਾ ਦਾ ਮੰਗਲ। |
| ੨ | ੨. [ਭਾਈ ਬਹਿਲੋ ਦੀ ਬੰਸ। ਤੀਤਰ ਉਧਾਰ। ਘੁੰਘਣੀਆ ਸਿੰਘ] |
| ੩ | ੩. [ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ; ਗ੍ਰਾਮਾਂ ਵਿਚ ਜਾਣਾ] |
| ੪ | ੪. [ਕੋਟ ਕਪੂਰੇ] |
| ੫ | ੫. [ਸਿਰ੍ਹਦੋਂ ਫੌਜ ਦੀ ਚੜ੍ਹਾਈ। ਢਿੱਲਵੀਂ ਕੌਲ ਪਾਸ] |
| ੬ | ੬. [ਗ੍ਰਾਮ ਕੋਠਾ, ਮਲੂਕਾ। ਇਕ ਦਿਵਾਨੇ ਦਾ ਨਿਸਤਾਰਾ] |
| ੭ | ੭. [ਖਿਦਰਾਣੇ ਵੱਲ ਨੂੰ ਟੁਰਨਾ। ਜੁਗਰਾਜ ਜੱਟ] |
| ੮ | ੮. [ਦਾਨ ਸਿੰਘ ਦੇ ਪੁੱਤ੍ਰ ਨੂੰ ਬਖਸ਼ਣਾ। ਮਾਝੇ ਦੇ ਸਿੰਘਾਂ ਦਾ ਬਿਦਾਵਾ] |
| ੯ | ੯. [ਮਾਝੇ ਦੇ ਸਿੱਖਾਂ ਨੇ ਮੁੜਕੇ ਤੁਰਕਾਂ ਨਾਲ ਯੁੱਧ ਆਰੰਭਣਾ] |
| ੧੦ | ੧੦. [ਤੁਰਕਾਂ ਨਾਲ ਖਿਦਰਾਣੇ ਜੰਗ] |
| ੧੧ | ੧੧. [ਮਾਈ ਭਾਗੋ। ਤੁਰਕਾਂ ਦਾ ਪਿੱਛੇ ਮੁੜਨਾ] |
| ੧੨ | ੧੨. [ਗੁਰੂ ਜੀ ਦੀਆਂ ਬਖਸ਼ਿਸ਼ਾਂ। ਮਹਾਂ ਸਿੰਘ ਨੂੰ ਵਰ] |
| ੧੩ | ੧੩. [ਮਾਈ ਭਾਗੋ। ਚਿਰਜੀਵੀ ਨੂੰ ਤਾਰਨਾ] |
| ੧੪ | ੧੪. [ਖੇਸ ਦਾ ਭੇਸ। ਡੋਗਰਾਂ ਨੂੰ ਬਖਸ਼ਿਸ਼। ਬਾਜ਼ੀਦਪੁਰ] |
| ੧੫ | ੧੫. [ਘੋਗੜ ਉਧਾਰ। ਹੁਕਮ ਨਾਥ] |
| ੧੬ | ੧੬. [ਕਾਂ, ਸਰਪ ਉਧਾਰ। ਬੈਰਾੜਾਂ ਨੇ ਤਨਖਾਹਾਂ ਮੰਗਣੀਆਂ] |
| ੧੭ | ੧੭. [ਵੈਰਾੜਾਂ ਨੂੰ ਤਨਖਾਹਾਂ ਦਿੱਤੀਆਂ। ਦਾਨ ਸਿੰਘ ਨੂੰ ਅੰਮ੍ਰਿਤ ਛਕਾਯਾ] |
| ੧੮ | ੧੮. [ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ] |
| ੧੯ | ੧੯. [ਸ੍ਰੇਤ ਸਰ। ਤਲਵੰਡੀ ਡੱਲੇ ਪਾਸ] |
| ੨੦ | ੨੦. [ਡੱਲੇ ਪਾਸ ਬਾਹਰ ਡੇਰਾ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ] |
| ੨੧ | ੨੧. [ਚੱਬੇ ਦੀ ਮਾਈ ਨੂੰ ਪੁੱਤ੍ਰਾਂ ਦੇ ਵਰ। ਦਲਪਤ। ਦਜਾਲ ਦਾਸ। ਭਾਈ |

| | |
|---|---|
| | ਭਗਤੂ ਵੰਸ਼] |
| ੨੨ | ੨੨. [ਗੋਦੜੀਆ ਸਿੰਘ। ਭਾਗੋ। ਡੱਲਾ ਤੇ ਵਜ਼ੀਰ ਖ਼ਾਂ ਦਾ ਪਰਵਾਨਾ] |
| ੨੩ | ੨੩. [ਰਾਮ ਸਿੰਘ ਦੇ ਘਰ ਭਾਈ ਕੇ ਚੱਕ। ਦਜਾਲ ਦਾਸ] |
| ੨੪ | ੨੪. [ਬਠਿੰਡਿਓਂ ਕਾਣਾ ਦੇਉ ਕੱਢਣਾ] |
| ੨੫ | ੨੫. [ਸੱਸੀ ਦਾ ਗੀਤ, ਬਠਿੰਡੇ ਦੀ ਕਥਾ। ਦਜਾਲ ਦਾਸ ਬਖਸ਼ਿਆ] |
| ੨੬ | ੨੬. [ਮੀਂਹ ਵਰਸਾਇਆ। ਤਾਪ ਹਟਾਇਆ। ਪਹਿਰੇਦਾਰਾਂ ਖੇਡਾ ਦੇਖਿਆ] |
| ੨੭ | ੨੭. [ਮੀਂਹ ਪਵਾਯਾ ਤੇ ਬੰਦ ਕਰਾਯਾ। ਭਾਈ ਭੂਲਣ ਸਿੰਘ] |
| ੨੮ | ੨੮. [ਸੰਗਤ ਨੂੰ ਜੰਗ ਸਿਖਾਇਆ। ਡੱਲੇ ਨੂੰ ਅੰਮ੍ਰਿਤ ਛਕਾਉਣਾ] |
| ੨੯ | ੨੯. [ਪਟਜਾਲਾ ਨਾਭਾ ਜੀਂਦ ਦੇ ਵਡਕੇ। ਬੰਗੇਹਰ। ਮਾਲਵੇ ਨੂੰ ਵਰ] |
| ੩੦ | ੩੦. [ਕਪੂਰੇ ਦੀ ਮੌਤ। ਧਰਤੀ ਸੱਚ ਤੇ ਖਲੋਤੀ ਹੈ] |
| ੩੧ | ੩੧. [ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ] |
| ੩੨ | ੩੨. [ਦੱਖਣ ਜਾਣ ਦੀ ਸਲਾਹ। ਅਭੈ ਰਾਮ, ਦੀਵਾਨੇ ਨੱਸੇ] |
| ੩੩ | ੩੩. [ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ] |
| ੩੪ | ੩੪. [ਨੌਹਰ ਵਿਖੇ ਮਰੇ ਕਬੂਤਰ ਜਿਵਾਏ। ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼] |
| ੩੫ | ੩੫. [ਭਾਈ ਰਾਮ ਸਿੰਘ ਦਾ ਨੱਸਣਾ] |
| ੩੬ | ੩੬. [ਦਾਦੂ ਦ੍ਵਾਰੇ ਬਿਬੇਕ] |
| ੩੭ | ੩੭. [ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ। ਭਾਈ ਦਯਾ ਸਿੰਘ ਜੀ ਵਾਪਸ ਆਏ] |
| ੩੮ | ੩੮. [ਸਫਰ। ਬਘੌਰ ਵਿਚ ਡੇਰਾ] |
| ੩੯ | ੩੯. [ਬਘੌਰ ਵਿਖੇ ਜੰਗ] |
| ੪੦ | ੪੦. [ਬਹਾਦਰ ਸ਼ਾਹ ਨਾਲ ਮੇਲ] |
| ੪੧ | ੪੧. [ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ] |
| ੪੨ | ੪੨. [ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ] |
| ੪੩ | ੪੩. [ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ] |
| ੪੪ | ੪੪. [ਮਾਤਾ ਜੀ ਨੂੰ ਉਪਦੇਸ਼। ਪਾਰਕ ਪੁੱਤ੍ਰ] |
| ੪੫ | ੪੫. [ਮਥੁਰਾ, ਬੰਦਰ। ਪਵਿੱਤ੍ਰ ਜਲ ਨਿਰਨਾ। ਆਗਰੇ ਪੁੱਜਣਾ] |
| ੪੬ | ੪੬. [ਆਗਰੇ ਖਾਨਖਾਨਾ ਨੂੰ ਸੁਖੀ ਕੀਤਾ। ਸ਼ਾਹ ਨਾਲ ਮੇਲ] |
| ੪੭ | ੪੭. [ਨੌਨਿਧ ਖੱਤ੍ਰੀ। ਕੇਸ਼ (ਇਬ੍ਰਾਹੀਮ, ਪਰਸਰਾਮ)] |
| ੪੮ | ੪੮. [ਖਾਨ ਖਾਨਾ। ਸੱਯਦ ਨੂੰ ਕਰਾਮਾਤ ਦਾ ਉੱਤਰ] |
| ੪੯ | ੪੯. [ਬਹਾਦਰਸ਼ਾਹ ਨੂੰ ਸੁਮਤ। ਸਿੱਖ ਸੁਤਾ ਦਾ ਧਰਮ ਰੱਖਯਾ] |

| | |
|---|---|
| ੫੦ | ੫੦. [ਤੀਰ ਚਲਾਉਣਾ। ਬਹਾਦਰ ਸ਼ਾਹ ਨਾਲ ਸ਼ੇਰ ਸ਼ਿਕਾਰ। ਰੋਸ਼ਨ ਸਿੰਘ] |
| ੫੧ | ੫੧. [ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ] |

# ਪਹਿਲਾ ਐਨ ਚਲਿਆ

*ੴ ਸਤਿਗੁਰ ਪ੍ਰਸਾਦਿ+ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ+ ॥

## ਅਥ ਪੂਰਬ ਐਨ++ ਲਿਖਯਤੇ।

ਅਰਥ-ਹੁਣ ਪਹਿਲਾ ਐਨ (ਦਖਣਾਯਨ) ਲਿਖਦੇ ਹਾਂ।

### ੧. [ਇਸ਼੍ਰ ਦੇਵ-ਸ੍ਰੀ ਅਕਾਲ ਪੁਰਖ-ਮੰਗਲ]

<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨

ਦੋਹਰਾ: ਦਯਾ ਦਯਾਨਿਧਿ ਕੀ ਭਈ, ਉੱਦਮ ਦਯਾ ਬਿਸਾਲ।
ਚਹਯੋ ਗ੍ਰੰਥ ਪੂਰਨ ਕੀਯੋ, ਪੂਰਨ ਪ੍ਰਭੂ ਅਕਾਲ ॥੧॥

ਅਰਥ: (ਜੋ) ਗ੍ਰੰਥ (ਕਿ ਮੈਂ ਰਚਣਾਂ) ਚਾਹਿਆ ਸੀ, ਸੋ ਪੂਰਨ ਪ੍ਰਭੂ ਅਕਾਲ ਨੇ ਪੂਰਨ ਕਰਵਾ ਲਿਆ ਹੈ, (ਇਹ ਮੇਰੇ ਪਰ) ਦਇਆ ਨਿਧਿ ਦੀ ਕਿਰਪਾ ਹੋਈ ਹੈ (ਜਿਸ ਨੇ ਇਤਨਾ) ਵੱਡਾ ਉੱਦਮ ਬਖਸ਼ਿਆ।

### ੨. ਇਸ਼੍ਰ ਦੇਵ-ਸ੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਕਬਿੱਤ: ਬੇਦੀ ਬੰਸ ਭੂਖਨ ਜੇ ਪੂਖਨ ਅਦੂਖਨ ਸੇ
ਤਿਮਰ ਕਲੂਖਨ ਪਖੰਡ ਛਪਿ ਤਾਰੇ ਹੈਂ।
ਪੀਰ ਸਿੱਧ ਧੀਰ ਕਰਾਮਾਤ ਕੇ ਗਹੀਰ ਗਨ
ਮਾਨ ਸੈਲ ਚਢੇ ਗੁਰੂ* ਨਾਨਕ ਉਤਾਰੇ ਹੈਂ।

---

*ਛਾਪੇ ਦੇ ਨੁਸਖੇ ਵਿਚ ਇਸ ਤੋਂ ਪਹਿਲਾਂ 'ਸ੍ਰੀ ਅਕਾਲ ਪੁਰਖ ਜੀ ਸਹਾਇ' ਛਪਿਆ ਹੋਇਆ ਹੈ, ਜੋ ਕਿਸੇ ਲਿਖਤੀ ਨੁਸਖੇ ਵਿਚ ਦੇਖਣ ਵਿਚ ਨਹੀਂ ਆਇਆ।

+ਦੋਹਾਂ ਮੰਗਲਾਂ ਦੀ ਵਯਾਖਿਆ ਪਿੱਛੇ ਆ ਚੁੱਕੀ ਹੈ ਦੇਖੋ ਰਾਸ ਤੀਜੀ ਦਾ ਆਦਿ।

++ਐਨ=ਅਯਨ=ਪਥ, ਰਸਤਾ, ਭਾਵ, ਬਰਸ ਦਾ ਅੱਧ। ਜਦੋਂ ਸੂਰਜ ਉੱਤਰ ਰੁੱਖ ਤੇ ਦੱਖਣ ਰੁੱਖ ਰਹਿੰਦਾ ਭਾਸਦਾ ਹੈ ਜੋ ਸੂਰਜ ਦੀ ਚਾਲ ਮੂਜਬ ਗਿਣੀਂਦਾ ਹੈ। ਲਗਪਗ ੯-੧੦ ਪੋਹ ਤੋਂ ੯ ਯਾ ਦਸ ਹਾੜ ਤਕ ਉਤਰਾਯਣ ਤੇ ੯-੧੦ ਹਾੜ ਤੋਂ ੯-੧੦ ਪੋਹ ਤਕ ਦਖਣਾਯਨ। ਉਤਰਾਯਣ=ਮਕਰ ਤੋਂ ਮਿਥਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਉਤਰ ਨੂੰ ਝੁਕਾਉ ਰਖਦਾ ਹੈ। ਦਖਣਾਯਣ=ਕਰਕ ਤੋਂ ਧਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਦੱਖਣ ਨੂੰ ਝੁਕਾਉ ਰਖਦਾ ਹੈ। ਪੱਛਮੀ ਤ੍ਰੀਕਾਂ ਮੂਜਬ ਸੂਰਜ ੨੨ ਦਸੰਬਰ ਨੂੰ ਉੱਤਰ ਰੁੱਖ ਪਕੜਦਾ ਹੈ ਇਹ ਸਭ ਤੋਂ ਛੋਟਾ ਦਿਨ ਹੁੰਦਾ ਹੈ, ਫਿਰ ਵਧਦਾ ਵਧਦਾ ੨੧ ਜੂਨ ਨੂੰ ਉੱਤਰੀ ਅਯਣ ਦੀ ਹੱਦ ਤੱਕ ਅੱਪੜ ਜਾਂਦਾ ਹੈ। ੨੧ ਜੂਨ ਸਭ ਤੋਂ ਵੱਡਾ ਦਿਨ ਹੁੰਦਾ ਹੈ। ਇਸੀ ਤਰ੍ਹਾਂ ਫਿਰ ਸੂਰਜ ਦੱਖਣ ਦੀ ਗਤੀ ਪਕੜਦਾ ਹੈ ਤੇ ੨੩ ਦਸਬੰਰ ਦੇ ਕਰੀਬ ਦੱਖਣੀ ਅਯਨ ਦੀ ਹੱਦ ਤੇ ਅੱਪੜਦਾ ਹੈ। ਗ੍ਰੰਥ ਦਾ ਨਾਮ 'ਗੁਰ ਪ੍ਰਤਾਪ ਸੂਰਜ' ਹੋਣ ਕਰਕੇ ਇਸ ਦੇ ਅੰਤਲੇ ਦੋ ਖੰਡਾਂ ਦਾ ਨਾਮ ਕਵੀ ਜੀ ਨੇ ਅਯਨ ਰਖਿਆ ਹੈ। ਇਸੇ ਅੰਸੂ ਦੇ ਅੰਕ ੮ ਵਿਚ ਕਵੀ ਜੀ ਨੇ ਕ੍ਰਮ 'ਦਛਣਾਯਨ ਤੇ ਉਤ੍ਰਾਯਨ' ਦਿੱਤਾ ਹੈ ਅਤੇ ਦੂਸਰੇ ਐਨ ਵਿਚ ਕਿਤੇ ਕਿਤੇ ਪਦ ਉਤ੍ਰਾਯਨ ਆਇਆ ਹੈ, ਇਸ ਤੋਂ ਸਪਸ਼ਟ ਹੋ ਗਿਆ ਕਿ 'ਪੂਰਬ ਐਨ' ਤੋਂ ਕਵੀ ਜੀ ਦਾ ਭਾਵ 'ਦਖਣਾਯਨ' ਤੋਂ ਹੈ। [ਸੰਸ:, ਅਯਨ=ਰਸਤਾ। ਸੂਰਜ ਦਾ ਰਸਤਾ]। (ਦੇਖੋ=ਰੁਤ ੧, ਅੰਸੂ ੧, ਅੰਕ ੧੯ ਦੇ ਪਦਾਰਥ)।

*ਪਾ:-ਬਾਵੇ।

ਦੇਸ਼ਨਿ ਬਿਦੇਸ਼ ਫਿਰ ਜੰਬੂਦੀਪ ਦੀਪ ਸਮੁ
ਕੀਨੇ ਹੈਂ ਕਰੋਰੋਂ ਸਿੱਖ ਭਵਜਲ ਤਾਰੇ ਹੈਂ।
ਜਸੁ ਬਿਸਤਾਰੇ ਭਾਰੇ, ਬਿਸ਼ੈ ਬਿਸ ਤਾਰੇ ਬਹੁ,
ਖੋਲਿ ਮੋਹ ਤਾਰੇ, ਬਾਦੀ ਬਾਦ ਕਰਤਾਰੇ ਹੈਂ ॥੨॥

ਪੂਖਨ=ਸੂਰਜ। ਕਲੁਖਨ=ਪਾਪ। ਧੀਰ=ਧੀਰਜੀ, ਬੁੱਧੀਮਾਨ।
ਗਹੀਰ=ਡੂੰਘੇ, ਵੱਡੇ, ਸਮੁੰਦਰ, ਨਿਧਿ। ਸੈਲ=ਪਹਾੜ। ਟੀਲਾ।
ਉਤਾਰੇ ਹੈਂ=ਹੇਠਾਂ ਆਂਦੇ। ਮਨ ਤੋਂ ਹੇਠਾਂ ਲਿਆਉਣਾ, ਨੰਮ੍ਰਤਾ ਭਾਉ ਭਗਤੀ ਵਿਚ ਲਯਾਉਣਾ ਹੈ।
ਤਾਰੇ ਹੈਂ=ਤਾਰ ਦਿੱਤੇ, ਪਾਰ ਲਾਏ, ਉਧਾਰੇ।
ਬਿਸਤਾਰੇ=ਬਿਸ ਤਾਰੇ=ਵਿਖ+ਉਤਾਰੇ=ਜ਼ਹਿਰ ਲਾਹ ਦਿੱਤੀ। (ਅ) ਬਿਸ਼ੈ ਬਿਸ ਤਾਰੇ=ਵਿਸ਼ਿਆਂ ਦੀ ਵਿਸ ਤਾਰ ਲਈ ਭਾਵ ਨਿਤਾਰ ਲਈ, ਦੂਰ ਕੀਤੀ।
ਤਾਰੇ=ਜੰਦ੍ਰੇ। ਮੋਹ ਦੇ ਜੰਦ੍ਰੇ ਖੁਹਲਣੇ=ਆਪਣੀ ਹਉਮੇਂ ਵਿਚ ਮਗਨ ਤੇ ਮੈਂ ਤੇ ਮੇਰੀ ਦੇ ਮੋਹ ਵਿਚ ਫਸਿਆਂ ਨੂੰ 'ਵਿਸ਼ਾਲ ਚਿੱਤੀ ਦੇ ਨਾਮ' ਦੀ ਜਾਗ੍ਰਤ ਦੇਣੀ ਹੈ।
ਤਾਰੇ ਹੈਂ=ਤਾੜੇ ਹਨ। ਯੁਕਤੀ ਤੇ ਦਲੀਲ ਦੇ ਬਲ ਨਾਲ ਝਗੜਾਲੂਆਂ ਨੂੰ ਸਿੱਧਿਆਂ ਕੀਤਾ।

ਅਰਥ: ਵੇਦੀਆਂ ਦੀ ਵੰਸ਼ ਦੇ ਜੋ ਭੂਸ਼ਣ ਹਨ ਸੋ ਦੂਖਣ ਰਹਿਤ ਸੂਰਜ ਸਮਾਨ (ਪ੍ਰਕਾਸ਼ਮਾਨ ਹੋਏ, ਉਨ੍ਹਾਂ ਨੂੰ ਵੇਖਕੇ) ਪਾਪਾਂ ਰੂਪੀ ਹਨੇਰਾ ਤੇ ਪਖੰਡ ਰੂਪੀ ਤਾਰੇ ਛਪ ਗਏ। (ਹਾਂ, ਉਸ) ਗੁਰੂ ਨਾਨਕ ਨੇ ਪੀਰ ਤੇ ਸਿੱਧ ਜੋ ਬੁੱਧੀਮਾਨ ਤੇ ਕਰਾਮਾਤ ਦੀ ਨਿਧਿ ਸਨ (ਤੇ ਜੋ) ਸਾਰੇ (ਇਨ੍ਹਾਂ ਤਾਕਤਾਂ ਕਰਕੇ) ਮਾਨ ਦੇ ਟਿੱਲੇ ਤੇ ਚੜ੍ਹੇ ਹੋਏ ਸਨ (ਨਿੰਮ੍ਰਤਾ ਤੇ ਭਾਉ ਭਗਤੀ ਦੀ ਪੱਧਰ ਤੇ) ਉਤਾਰ ਆਂਦੇ। (ਹਾਂ ਸ੍ਰੀ ਗੁਰੂ ਨਾਨਕ ਨੇ) ਸ੍ਵਦੇਸ਼ਾਂ ਬਦੇਸ਼ਾਂ ਵਿਚ ਫਿਰਕੇ ਜੰਬੂ ਦੀਪ ਵਿਚ (ਆਪਣੀ ਜੰਤ ਲਾਕੇ) ਕਰੋੜਾਂ ਜੀਵ ਦੀਵੇ (ਨਾਲ ਦੀਵਾ ਜਗਾਉਣ) ਸਮਾਨ ਜਗਾਕੇ ਸਿੱਖ (ਬਣਾਕੇ) ਭਉਜਲ ਤੋਂ ਤਾਰੇ ਹਨ।
ਅਨੇਕਾਂ ਵਿਸ਼ਿਆਂ ਦੀ ਵਿਖ ਉਤਾਰ ਦਿੱਤੀ ਤੇ ਝਗੜਾਲੂਆਂ ਨਾਲ ਬਹਿਸਾਂ (ਤਕ) ਕਰ (ਐਸਾ) ਤਾੜਿਆ ਹੈ ਕਿ ਉਨ੍ਹਾਂ ਦੇ ਮੋਹ ਰੂਪੀ ਜੰਦਰੇ ਖੁਹਲ ਦਿੱਤੇ, (ਹਾਂ ਐਸੇ ਗੁਰੂ ਨਾਨਕ ਦਾ) ਭਾਰਾ ਜਸ ਸਾਰੇ ਫੈਲ ਰਿਹਾ ਹੈ (ਕਿ ਓਹ ਦਾਸਾਂ ਦੇ ਸਹਾਯਕ ਹਨ ਸੋ ਮੇਰੇ ਬੀ ਸਹਾਯਕ ਹਨ। ਇਹ ਭਾਵ ਅਗਲੇ ਛੰਦ ਦੇ ਅਖੀਰ ਤੋਂ ਇਸ ਛੰਦ ਪਰ ਘਟਦਾ ਸਹੀ ਹੋ ਰਿਹਾ ਹੈ।)

### ੩. ਇਸ਼੍ਟ ਗੁਰੂ-ਨੌਂ ਗੁਰੂ ਸਾਹਿਬਾਂ ਦਾ-ਮੰਗਲ।

ਭਏ ਗੁਰੂ ਅੰਗਦ ਅਨੰਦਮਯ ਬਿਲੰਦ ਮਨ,
ਸਤਿਗੁਰੂ ਅਮਰ ਸਿਮਰ ਸੁਖ ਭਾਰੇ ਹੈਂ।
ਗੁਰੂ ਰਾਮਦਾਸ ਆਸ ਪੂਰੀ ਲਖਿ ਦਾਸ ਨਿਜ,
ਬਿਘਨ ਬਿਸ਼ਾਲ* ਗੁਰੂ ਅਰਜਨ ਨਿਵਾਰੇ ਹੈਂ।
ਸ੍ਰੀ ਹਰਿਗੁਬਿੰਦ ਚੰਦ ਬੰਦਨੀਯ ਦੁੰਦ ਮੰਦ+
ਗੁਰੂ ਹਰਿਰਾਇ ਹਰਿਕ੍ਰਿਸ਼ਨ ਉਦਾਰੇ ਹੈਂ।

---

*ਪਾ:-ਬਿਨਾਸ।
+ਪਾ:-ਦੁੰਦ ਪਦ।

ਨੌਮੇ ਪਾਤਿਸ਼ਾਹਿ ਸ੍ਰੀ ਗੁਬਿੰਦ ਸਿੰਘ ਰਿਪੁ ਦਾਹ
ਪੂਰੀ ਕੀਨਿ ਚਾਹ, ਜੋ++ ਸਹਾਯਕ ਹਮਾਰੇ ਹੈਂ ॥੩॥
{ਦੁੰਦ=ਕਸ਼ਟ। ਮੰਦ=ਮੰਦ ਕਰਨਾ, ਦੂਰ ਕਰਨਾ। ਰਿਪੁ ਦਾਹ=ਵੈਰੀ ਨਾਸ਼ਕ।}

ਅਰਥ: ਆਨੰਦ ਸਰੂਪ ਤੇ ਉੱਚੇ ਮਨ ਵਾਲੇ ਸ੍ਰੀ ਗੁਰੂ ਅੰਗਦ ਜੀ (ਮੇਰੇ ਸਹਾਈ¶) ਹੋਏ ਹਨ, ਸਤਿਗੁਰ ਅਮਰ ਜੀ ਨੂੰ ਸਿਮਰਕੇ (ਮੈਂ) ਭਾਰੀ ਸੁਖ (ਪਾਏ) ਹਨ। ਗੁਰੂ ਰਾਮਦਾਸ ਜੀ ਨੇ ਆਪਣਾ ਦਾਸ ਜਾਣਕੇ (ਮੇਰੀ) ਆਸ ਪੂਰੀ ਕੀਤੀ ਹੈ, (ਤੇ ਸ੍ਰੀ) ਗੁਰੂ ਅਰਜਨ ਜੀ ਨੇ (ਮੇਰੇ) ਬੜੇ ਬੜੇ ਵਿਘਨ ਨਿਵਾਰ ਦਿੱਤੇ ਹਨ। ਬੰਦਨਾ ਯੋਗ ਸ੍ਰੀ ਹਰਿਗੋਬਿੰਦ ਚੰਦ ਜੀ (ਮੇਰੇ) ਕਸ਼ਟਾਂ ਨੂੰ ਮੰਦ ਕਰਦੇ (ਰਹੇ) ਤੇ ਗੁਰੂ ਹਰਿਰਾਇ ਤੇ (ਗੁਰੂ) ਹਰਿਕ੍ਰਿਸ਼ਨ ਜੀ (ਪਦਾਰਥ ਲੋੜਾਂ ਦੇ ਪੂਰਨ ਵਿਚ ਮੇਰੇ ਵਲ ਮਹਾਂ) ਉਦਾਰ ਰਹੇ ਹਨ। ਨੌਵੇਂ ਸਤਿਗੁਰ (ਤੇਗ ਬਹਾਦੁਰ ਜੀ ਤੇ) ਵੈਰੀ ਨਾਸ਼ਕ ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਨੇ (ਗ੍ਰੰਥ ਪੂਰਣ ਦੀ ਤੇ ਹੋਰ ਸਭ) ਚਾਹ ਪੂਰੀ ਕੀਤੀ ਹੈ, (ਐਸੇ ਹਨ ਸਾਡੇ ਸਤਿਗੁਰ ਕਿ) ਜੋ ਸਾਡੇ ਸਹਾਯਕ (ਹਨ)।

ਦੋਹਰਾ: ਬ੍ਰਿੰਦ ਅਰਿੰਦਮ, ਕੰਦਿ ਸੁਖ, ਪਦ ਅਰਬਿੰਦ ਮੁਕੰਦ।
ਅਭਿਬੰਦਨ ਕਰ ਬੰਦਿ ਕੈ, ਦੇਹੁ ਅਨੰਦ ਬਿਲੰਦ ॥੪॥

ਬ੍ਰਿੰਦ=ਸਮੂਹ, ਸਾਰੇ। ਅਰਿੰਦਮ=ਵੈਰੀਆਂ ਨੂੰ ਦਮਨ ਕਰਨ ਵਾਲੇ।
ਕਰਬੰਦਿਕੈ=ਹੱਥ ਜੋੜਕੇ।

ਅਰਥ: (ਐਸੇ ਗੁਰੂ ਸਾਹਿਬਾਂ ਦੇ) ਸੁਖ ਸਰੂਪ ਤੇ ਸਾਰੇ ਵੈਰੀਆਂ ਨੂੰ ਦਮਨ ਕਰਨ ਵਾਲੇ ਮੁਕਤੀ ਦੇ ਦਾਤਾ ਚਰਨਾਂ ਕਵਲਾਂ ਨੂੰ ਹੱਥ ਜੋੜਕੇ ਨਮਸਕਾਰ ਕਰਦਾ ਹਾਂ (ਤੇ ਅਰਦਾਸ ਕਰਦਾ ਹਾਂ ਕਿ ਮੈਨੂੰ ਹੁਣ) ਉੱਚਾ ਅਨੰਦ (ਪਰਮਾਨੰਦ) ਬਖਸ਼ੋ।

[ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵ੍ਯਾਖ੍ਯਾ]

ਸ੍ਰੀ ਨਾਨਕ ਪਰਕਾਸ਼ ਕੋ ਪ੍ਰਥਮ ਕੀਨਿ ਇਤਿਹਾਸ।
ਪੁਨ ਅਸ਼ਟਹੁਂ ਗੁਰ ਕੇ ਕਰੇ ਰਚਿ ਕਰਿ ਦ੍ਵਾਦਸ਼ ਰਾਸਿ ॥੫॥

ਅਰਥ-ਪਹਿਲੇ ਮੈਂ ਸ੍ਰੀ ਗੁਰ ਨਾਨਕ ਪ੍ਰਕਾਸ਼ (ਵਿਖੇ ਗੁਰੂ ਨਾਨਕ ਦੇਵ ਜੀ ਦਾ) ਇਤਿਹਾਸ (ਕਥਨ) ਕੀਤਾ, ਫਿਰ ਅੱਠਾਂ ਗੁਰਾਂ ਦੇ (ਇਤਿਹਾਸ) ਬਾਰਾਂ ਰਾਸਾਂ ਰਚਕੇ (ਵਰਣਨ) ਕੀਤੇ।

ਬਹੁਰ ਖਸ਼ਟਿ ਰੁਤਿ ਕੇ ਬਿਖੇ ਦਸਮੇ ਗੁਰੂ ਬਿਲਾਸ।
ਜਨਮ ਆਦਿ ਤੇ ਰਚਿ ਭਲੇ ਕਵਿਤਾ ਕੀਨਿ ਪ੍ਰਕਾਸ਼ ॥੬॥

ਅਰਥ-ਫਿਰ ਛੇ ਰੁੱਤਾਂ ਦੇ ਵਿਚ ਦਸਮੇਂ ਗੁਰਾਂ ਦਾ ਵਿਲਾਸ ਜਨਮ ਆਦਿ ਤੋਂ ਲੈ ਕਵਿਤਾ ਵਿਚ ਰਚਕੇ ਚੰਗੀ ਤਰ੍ਹਾਂ ਪ੍ਰਕਾਸ਼ ਕੀਤਾ ਹੈ।

ਰਹੀ ਕਥਾ ਅਬਿ ਸ਼ੇਸ਼ ਜੋ ਤਿਸ ਹਿਤ ਐਨ ਬਨਾਇ।
ਬਰਨੌਂ ਸਰਬ ਪ੍ਰਸੰਗ ਕੋ ਸਾਰਸੁਤੀ ਉਰ ਧ੍ਯਾਇ* ॥੭॥

---

++ਪਾ:-ਤੇ, ਤੋਂ।

¶ਦੂਸਰੀ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਜੀ ਆਪਣੇ ਪਰ ਗੁਰੂ ਸਾਹਿਬਾਂ ਦੀ ਕ੍ਰਿਪਾਲਤਾ ਨੂੰ ਵਰਣਨ ਕਰ ਰਹੇ ਹਨ।

*ਇਹ ਦੋਹਾ ਛਾਪੇ ਦੇ ਨੁਸਖੇ ਵਿਚ ਹੈ ਪਰ ਪੁਰਾਤਨ ਨੁਸਖ਼ਿਆਂ ਵਿਚ ਨਹੀਂ ਮਿਲਿਆ। ੧੯੧੯ ਵਾਲੇ ਵਿਚ ਬੀ ਨਹੀਂ, ਪਰ ੧੯੧੨ ਦਾ ਨੁਸਖਾ ਜਦੋਂ ਮਿਲਿਆ ਤਾਂ ਉਸ ਵਿਚ ਇਹ ਦੋਹਾ ਲਿਖਿਆ ਮਿਲ ਗਿਆ ਹੈ।

ਅਰਥ-ਜੋ ਕਥਾ ਹੁਣ ਬਾਕੀ ਰਹਿ ਗਈ ਹੈ ਉਸ ਲਈ ਐਨ ਬਣਾਕੇ (ਬਾਕੀ ਦੇ) ਸਾਰੇ ਪ੍ਰਸੰਗ ਨੂੰ ਵਰਣਨ ਕਰਦਾ ਹਾਂ, ਸਾਰਦਾ ਨੂੰ ਦਿਲ ਵਿਚ ਧਜਾਇਕੇ।

ਦਛਣਾਇਨ ਉਤਰਾਇਨੰ ਸੰਮਤ ਕੇ ਦੁਇ ਐਨ।
ਇਤ ਉਤ ਸੂਰਜ ਹੋਨਿ ਤੇ ਜਾਨਤਿ ਹੈਂ ਬੁਧਿ ਐਨ ॥੮॥

ਐਨ=ਅਯਨ। (ਦੇਖੋ ਰੁਤ ੧ ਅੰਸੂ ੧ ਅੰਕ ੧੬ ਦੇ ਪਦ ਅਰਥ)।
ਐਨ=ਠੀਕ, ਚੰਗੀ ਤਰ੍ਹਾਂ, ਹੂ-ਬਹੂ [ਅ਼:, ਐ਼ਨ] (ਅ) ਘਰ।
ਬੁਧਿ ਐਨ=ਬੁੱਧੀ ਦਾ ਘਰ, ਬੁਧਿਮਾਨ।

ਅਰਥ: ਦਖਣਾਇਨ ਤੇ ਉਤਰਾਇਣ ਸਾਲ ਦੇ ਦੋ ਐਨ ਸੂਰਜ ਦੇ ਇਧਰ (ਦੱਖਣ ਰੁਖ) ਤੇ ਉਧਰ (ਉੱਤਰ ਰੁਖ) ਹੋਣ ਤੇ ਬਣਦੇ ਹਨ, ਬੁੱਧੀਵਾਨ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ।

ਗੁਰ ਪ੍ਰਤਾਪ ਸੂਰਜ ਕਥਜੋ, ਇਹੀ ਨਾਮ ਧਰਿ ਦੀਨਿ।
ਯਾਂ ਤੇ ਸਿਖ ਸੰਗਤਿ ਲਖਹੁ, ਇਮ ਕਵਿ ਬਿਨਤੀ ਕੀਨਿ ॥੯॥

ਅਰਥ: (ਗੁਰਾਂ ਦੇ) ਪ੍ਰਤਾਪ ਨੂੰ (ਮੈਂ) ਸੂਰਜ ਦੇ (ਰੂਪਕ ਵਿਚ) ਕਥਨ ਕੀਤਾ ਹੈ (ਇਸੇ ਲਈ ਇਸ ਗ੍ਰੰਥ ਦਾ) ਇਹੋ ਹੀ ਨਾਮ (ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਧਰ ਦਿੱਤਾ ਹੈ। ਇਸ ਕਰਕੇ ਕਵੀ ਨੇ ਬੇਨਤੀ ਕੀਤੀ ਹੈ ਕਿ ਸਾਧ ਸੰਗਤ ਜੀ ਐਉਂ (ਆਪ ਮੇਰੇ ਆਸ਼ੇ ਨੂੰ) ਸਮਝ ਲਓ।

### ੪. 'ਕਵੀ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਚੌਪਈ: ਸਾਰਦ ਦਾਸਨ ਸਾਰਦ ਸਾਰਾ।
ਪਾਰਦ ਬਰਨੀ ਪਾਰਦ ਪਾਰਾ।
ਸਾਰਦ ਬਿਧੁਬਦਨੀ ਹਰਿਦਾਰਿਦ।
ਦਾਸਨਿ ਬਰ ਦਾ ਬਰਸਤਿ ਬਾਰਦ ॥੧੦॥

ਸਾਰਦ=ਸਾਰਦਾ। ਸਾਰਦ=ਸ੍ਰੇਸ਼ਟ (ਵਸਤੂ ਦੀ) ਦਾਤੀ। ਪਾਰਦ=ਪਾਰਾ।
ਪਾਰਾ=ਉਰਵਾਰ ਪਾਰ। ਪਾਰਦ=ਅੰਤ ਦੇਣ ਵਾਲੀ, ਭਾਵ ਵਿਦਜਾ ਦਾਤੀ।
ਸਾਰਦ=ਸਰਦ ਰਿਤੁ ਦੇ। ਬਿਧੁ-ਚੰਦ੍ਰਮਾ। ਬਰਦਾ=ਵਰਦਾਤੀ। ਬਾਰਦ=ਬਦਲਾ।

ਅਰਥ: ਸਾਰਦਾ (ਆਪਣੇ) ਸਾਰੇ ਦਾਸਾਂ ਨੂੰ ਸ੍ਰੇਸ਼ਟ ਵਸਤੂ (ਸਾਹਿੱਤਜ ਵਿਦਜਾ) ਦੀ ਦਾਤੀ ਹੈ (ਜਿਸ ਦਾ) ਪਾਰੇ ਵਰਗਾ (ਉੱਜਲ) ਰੰਗ ਹੈ (ਤੇ ਕਾਵਜ ਸਮੁੰਦਰ ਦੇ) ਆਰ ਪਾਰ ਦਾ ਪਾਰ (ਅੰਤ) ਦੇਣ ਵਾਲੀ ਹੈ। ਸਰਦ ਰੁਤ ਦੇ ਚੰਦ੍ਰਮਾਂ ਵਰਗੇ ਮੁਖ ਵਾਲੀ ਦਾਰਿਦ ਦੀ ਹਰਤਾ ਤੇ ਦਾਸ (ਰੂਪ ਕਵੀਆਂ ਨੂੰ ਸ਼ੁਭ ਮਤੀ ਦੀ) ਵਸਦੇ ਬੱਦਲ ਵਾਂਗ ਵਰ ਦਾਤੀ ਹੈ।

ਦੋਹਰਾ: *ਸ੍ਰੀ ਪ੍ਰਭੁ ਦੀਨੇ ਤੇ ਚਢੇ, ਪਿਖਿ ਪਹੁੰਚੇ ਇਕ ਗ੍ਰਾਮ।
ਖਰੇ ਹੋਇ ਬੂਝਨਿ ਕਿਯੋ, 'ਕਹਾਂ ਗ੍ਰਾਮ ਕੋ ਨਾਮ?' ॥੧੧॥

ਚੌਪਈ: ਸੁਨਿ ਰਾਹਕ ਭਾਖਜੋ ਤਿਸ ਕਾਲਾ।
'ਇਸੀ ਗ੍ਰਾਮ ਕੋ ਨਾਮ ਰੁਖਾਲਾ।'
ਸ੍ਰੀ ਗੁਰ ਬਰਜਨ ਕੀਨਸਿ ਤਾਂਹਿ।

---

*ਹੁਣ ਜੋ ਸਾਖੀਆਂ ਤੁਰੀਆਂ ਹਨ ਇਨ੍ਹਾਂ ਦੀ ਇਕ ਵਾਰਤਕ ਪੋਥੀ (ਸਾਖੀ ਪੋਥੀ) ਲਿਖਤੀ ਅਸਾਂ ਪਾਸ ਹੈ, ਬਹੁਤ ਕੁਛ ਮਸਾਲਾ ਕਵੀ ਜੀ ਨੂੰ ਓਥੋਂ ਮਿਲਿਆ ਸਹੀ ਹੁੰਦਾ ਹੈ।

'ਨਾਮ ਰੁਖਾਲਾ ਕਹੀਏ ਨਾਂਹਿ ॥੧੨॥
ਅਬਿ ਤੇ ਕਹਹੁ ਨਾਮ ਰਖਵਾਲਾ।'
ਤਿਸ ਹੀ ਥਲ ਡੇਰਾ ਗੁਰ ਘਾਲਾ।
ਸੰਗੀ ਸਿੰਘ ਉਤਰਿ ਥਿਰ ਭਏ।
ਤ੍ਰਿਣ ਈਂਧਨ ਇਕਠੇ ਕਰਿ ਲਏ ॥੧੩॥
ਤਬਿ ਜਲਾਲ[+] ਕੇ ਪੰਚ[੧] ਬਿਚਾਰਿ।
ਮਿਲਿਬੇ ਹੇਤ ਹੋਇ ਕਰਿ ਤਯਾਰ।
ਦੁਇ ਦੀਰਘ ਘਟ ਪਯ ਤੇ ਭਰਿ ਕੈ[੨]।
ਗੁੜ ਪ੍ਰਸਾਦਿ ਕੇਤਿਕ ਲੇ ਕਰਿ ਕੈ ॥੧੪॥
ਆਨਿ ਗੁਰੂ ਪਗਬੰਦਨ ਠਾਨੀ।
ਇਕ ਬਰਛੀ ਖਰ ਚਾਰੁ ਮਹਾਨੀ।
ਦਈ ਉਪਾਇਨ, ਸ਼੍ਰੀ ਪ੍ਰਭੁ ਲਈ।
ਦੇਖਿ ਪ੍ਰਸੰਨ ਖੁਸ਼ੀ ਬਹੁ ਕਈ ॥੧੫॥
ਪਿਖਿ ਰੁਖ ਤਬਿ ਜਲਾਲ ਕੇ ਕਹੈਂ।
'ਬੈਰਗ੍ਰਾਮ ਇਨ[++] ਸੋਂ ਨਿਤ ਰਹੈ[੩]।
ਕਬਿ ਕਬਿ ਤਿਨ ਸਨ ਪਰਹਿ ਲਰਾਈ।
ਮਾਰਨ ਮਰਨ ਹੋਇ ਸਮੁਦਾਈ ॥੧੬॥
ਸ਼੍ਰੀ ਮੁਖ ਤੇ ਅਬਿ ਕਰਹੁ ਉਚਾਰੀ।
ਜਿਸ ਤੇ ਹੋਵੈ ਫਤੇ ਹਮਾਰੀ।
ਬਾਕ ਆਪ ਕੇ ਸਫਲੈਂ ਸਦਾ।
ਕਹਿਯਹਿ ਜੀਤ ਹੋਇ ਜਦ ਕਦਾ' ॥੧੭॥
ਸ਼੍ਰੀ ਮੁਖ ਤੇ ਭਾਖਯੋ ਤਿਹ ਸਮੇਂ।
'ਗੁਰ ਘਰ ਕੋ ਰਹੀਅਹਿ ਨਿਤ ਨਿਮੇਂ।
ਰਿਪੁ ਸੋਂ ਲਰੇ, ਫਤੇ ਕੋ ਪੈ ਹੈਂ।
ਚੜ੍ਹੀ ਆਇ ਉਤਰਾਇ ਸੁ ਜੈ ਹੈ[੪]' ॥੧੮॥
ਇਹ ਬਰ ਦਿਯੋ ਹਰਖ ਉਰ ਭਰੇ।

---

[+]'ਜਲਾਲ' ਰਯਾਸਤ ਨਾਭਾ ਵਿਚ ਇਕ ਪਿੰਡ ਹੈ ਜੋ ਫੂਲ ਤੋਂ ਨੌਂ ਦਸ ਮੀਲ ਤੇ ਦੀਨੇ ਤੋਂ ਦੋ ਢਾਈ ਕੋਹ ਦੀ ਵਿੱਥ ਤੇ ਹੈ।
[੧]ਜਲਾਲ ਪਿੰਡ ਦੇ ਨੰਬਰਦਾਰ।
[੨]ਦੋ ਵੱਡੇ ਘੜੇ ਦੁੱਧ ਨਾਲ ਭਰਕੇ।
[++]ਪਾ:-ਇਕ।
[੩]ਇਨ੍ਹਾਂ (ਲਾਗਲੇ) ਪਿੰਡਾਂ ਨਾਲ ਵੈਰ ਰਹਿੰਦਾ ਹੈ।
[੪]ਭਾਵ ਜੋ ਚੜ੍ਹਕੇ ਆਵੇਗਾ ਓਹ ਹਾਰ ਖਾਕੇ ਜਾਏਗਾ।

ਕੇਤਿਕ ਸੇਵ ਔਰ ਭੀ ਕਰੇ।
ਤਿਸ ਪਸ਼ਚਾਤਿ ਲਰੇ ਕਬਿ ਸੋਈ।
ਰਿਪੁ ਤੇ ਬਿਜੈ ਤਿਨਹੁਂ ਕੀ ਹੋਈ ॥੧੯॥
ਇਸੀ ਰੀਤਿ ਬਹੁ ਬਰਖ ਬਿਤਾਏ।
ਬਿਦਤੇ ਸਿੰਘ ਜਬੈ ਸਮੁਦਾਏ[1]।
ਏਕ ਬਾਰ ਦਲ[2] ਤਹਾਂ ਸਿਧਾਰਾ।
ਤਬਿ ਜਲਾਲ ਨੇ ਕੀਨਿ ਬਿਗਾਰਾ ॥੨੦॥
ਨਿਸ ਮਹਿਂ ਜੁਗ ਸਿੰਘਨ ਕੋ ਮਾਰੇ।
ਬਾਜੀ ਪੰਚ ਚੁਰਾਇ ਨਿਕਾਰੇ।
ਪ੍ਰਾਤ ਖਾਲਸੇ ਜਾਨਿ ਖੁਟਾਈ।
ਭਏ ਅਰੂਢਿ ਨਿਸ਼ਾਨ ਬਜਾਈ ॥੨੧॥
ਮਾਰਯੋ ਪਿਖਿ ਜਲਾਲ ਕੋ ਗ੍ਰਾਮੂ।
ਲੂਟੇ ਭਲੀ ਭਾਂਤਿ ਗਨ ਧਾਮੂ।
ਤਬਿ ਗੁਰ ਵਾਕ ਚਿਤਾਰਨ ਲਾਗੇ।
'ਕਹਯੋ ਪ੍ਰਥਮ ਕੋ ਜੇ ਹਮ ਤਜਾਗੇ ॥੨੨॥
-ਗੁਰ ਘਰ ਸੰਗ ਨਿਮੇ ਜੇ ਰਹੋ।
ਬਿਜੈ ਆਪਨੀ ਜਿਤ ਕਿਤ ਲਹੋ।
ਜਬਿ ਬੇਮੁਖ ਹੋਵਹੁ ਦੁਖ ਪਾਵਹੁ।
ਸਹਹੁ ਸਜ਼ਾਇ ਮਾਰ ਕੋ ਖਾਵਹੁ- ॥੨੩॥
ਹਮ ਤੇ ਖਤਾ ਭਈ ਗੁਰ ਕੇਰੀ।
ਬਖ਼ਸ਼ਾਵਨਿ ਅਬਿ ਬਨਿ ਹੈ ਫੇਰੀ।'
ਪੰਜ ਰੁਪੱਯਨਿ ਕੀਨ ਕਰਾਹੂ।
ਲੇ ਕਰਿ ਗਏ ਖਾਲਸੇ ਪਾਹੂ ॥੨੪॥
ਪਾਛਲ ਅਗਲ ਪ੍ਰਸੰਗ ਸੁਨਾਵਾ।
ਹਾਥ ਜੋਰਿ ਕਹਿ ਕੈ ਬਖਸ਼ਾਵਾ*।
ਪੁਨ ਸੋ ਗ੍ਰਾਮ ਉਜਰਿ ਤਿਸ ਥਾਨਾ।
ਜਹਿਂ ਗੁਰ ਥਲ ਤਹਿਂ ਬਾਸਯੋ ਆਨਾ ॥੨੫॥
ਨਾਮ ਗੁਰੂ ਸਰ ਰਾਖਨਿ ਕਰਯੋ।
ਅਬਿ ਲੌ ਬਸਹਿ ਤਿਸੀ ਥਲ ਥਿਰਯੋ।

---

[1]ਜਦੋਂ ਸਿੰਘ ਸਾਰੇ (ਫੈਲੇ ਤੇ) ਪ੍ਰਸਿੱਧ ਹੋ ਗਏ।
[2]ਭਾਵ ਸਿੰਘਾਂ ਦਾ ਦਲ।
*ਇਸ ਵਾਕਿਆ ਦਾ ਸੰਮਤ ਸਾਖੀਆਂ ਵਾਲੀ ਪੋਥੀ ਵਿਚ ੧੯੨੫ ਬਿ: ਦਿੱਤਾ ਹੈ।

ਦੀਨੇ ਤੇ ਉਠਿ ਪੂਰਬ ਡੇਰਾ।
ਕਰਯੋ ਤਹਾਂ ਪ੍ਰਭੁ ਲਾਯਕ ਹੇਰਾ ॥੨੬॥
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਜਾਗੇ ਸਕਲ ਪ੍ਰਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਕਰਿ ਭਲੇ।
ਡਾਰਿ ਜੀਨ ਹਯ ਆਗੇ ਚਲੇ ॥੨੭॥
ਕਿਤਿਕ ਕੋਸ ਪਰ ਭਗਤਾ+ ਗ੍ਰਾਮੂ।
ਪਿਖ੍ਯੋ ਤਹਾਂ ਚਲਦਲ[1] ਅਭਿਰਾਮੂ।
ਇਸ ਤਰੁ ਤਰੇ ਤੁਰੰਗ ਠਹਿਰਾਯੋ।
ਉਤਰੇ ਦਾਸ ਹਾਥ ਪਕਰਾਯੋ ॥੨੮॥
ਤਹਾਂ ਗਲੀਚੇ ਕੋ ਬਿਛਵਾਇ।
ਬੈਠਿ ਗਏ ਤਿਸ ਪਰ ਸੁਖਦਾਇ।
ਥਿਰ ਹ੍ਵੈ ਇਤ ਉਤ ਦ੍ਰਿਸ਼ਟਿ ਚਲਾਈ।
ਨਿਕਟ ਕੂਪ ਕੀ ਲਗਹਿ ਚਿਨਾਈ ॥੨੯॥
ਅਵਿਲੋਕਤਿ ਇਕ ਨਰ ਢਿਗ ਆਯੋ।
ਤਿਹ ਸੋਂ ਬੂਝਨ ਹੇਤ ਅਲਾਯੋ।
ਇਹਾਂ ਕੂਪ ਲਗਵਾਵਤਿ ਕੌਨ?
ਕਿਸ ਕੋ ਗ੍ਰਾਮ ਕਉਨ ਕੋ ਭਉਨ?' ॥੩੦॥
ਕਹਿ ਨਰ 'ਬਹਿਲੋ ਕਾ ਇਹ ਪੋਤਾ।
ਜਿਸ ਕੋ ਭਗਤਾ ਨਾਮ ਉਦੋਤਾ।
ਤਿਨ ਕੋ ਗ੍ਰਾਮ ਕੂਪ ਸੋ ਲਾਵਤਿ।'
ਸੁਨਿ ਤਿਸ ਤੇ ਸਤਿਗੁਰੂ ਅਲਾਵਤਿ ॥੩੧॥
ਦੋਹਰਾ: 'ਦੰਮ ਲਗਨ ਪਤਿਸ਼ਾਹ ਕੇ,
ਸਾਬੂਣ ਗਰਾਂ ਦਾ ਨਾਉਂ[2]।
ਪੂਰਬ[3] ਇਮ ਹੋਈ ਕਹੂੰ,
ਸੋਈ ਗਤਿ ਇਸ ਥਾਉਂ' ॥੩੨॥
ਚੌਪਈ: ਸੁਨਿ ਕੈ ਸਿੱਖਨ ਬੂਝਨਿ ਠਾਨੀ।
'ਕੋ ਪ੍ਰਸੰਗ ਪ੍ਰਭੁ ਕਰਹੁ ਬਖਾਨੀ।

---

+ਇਹ ਪਿੰਡ ਰਿਆਸਤ ਫਰੀਦਕੋਟ ਵਿਚ ਹੈ, ਜੈਤੋਂ ਤੋਂ ਪੰਦਰਾਂ ਸੋਲਾਂ ਮੀਲ ਹੈ।
[1]ਪਿੱਪਲ ਦਾ ਬ੍ਰਿੱਛ।
[2]ਦਮੜੇ ਪਾਤਸ਼ਾਹ ਦੇ ਲੱਗਣ ਤੇ ਸਾਬੂਣਗਰਾਂ ਦਾ ਨਾਮ ਹੋਵੇ।
[3]ਪਹਿਲੇ।

ਜਿਸ ਪਰ ਭਾਖਯੋ ਇਹ ਪੱਖਯਾਨਾ[1]।
ਹਮ ਭੀ ਸੁਨਯੋ ਚਹੈਂ ਨਿਜ ਕਾਨਾ' ॥੩੩॥
ਸ਼੍ਰੀ ਸਤਿਗੁਰ ਪ੍ਰਸੰਗ ਉਚਾਰਾ।
'ਤੁਰਕਨਿ ਇਕ ਦੀਵਾਨ ਉਦਾਰਾ।
ਰਾਮੂ ਨਾਮ ਕਹਤਿ ਹੈਂ ਜਾਂਹੀ।
ਇਕ ਤਨੁਜਾ ਤਿਸ ਤੇ ਗ੍ਰਿਹ ਮਾਂਹੀ ॥੩੪॥
ਸੋ ਅਨੰਦਪੁਰ ਚਲਿ ਕੈ ਆਯੋ।
ਹੋਹਿ ਨੰਮ੍ਰਿ ਬਿਚ ਸਬਾ ਸੁਨਾਯੋ।
-ਮੋਹਿ ਸੁਤਾ ਕਹੁ ਲਾਗਯੋ ਪ੍ਰੇਤ।
ਸ਼੍ਰੀ ਗੁਰ ਸਿਖ ਕੋ ਹੋਇ ਸੁਚੇਤ[2] ॥੩੫॥
ਕਰਹਿ ਨਿਕਾਸਨ ਤਿਸ ਕੋ ਐਸੇ।
ਬਹੁਰ ਨ ਆਇ ਪ੍ਰਵੇਸ਼ੈ ਜੈਸੇ।
ਬਹੁ ਉਪਚਾਰ ਕਰੇ ਸਭਿ ਹਾਰੇ।
ਕੋ ਨਹਿਂ ਸਕਯੋ ਤਾਂਹਿ ਨਿਰਵਾਰੇ ॥੩੬॥
ਯਾਂ ਤੇ ਮੈਂ ਗੁਰ ਸਭਾ ਮਝਾਰੀ।
ਅਰਜ਼ ਉਚਾਰੀ ਸਭਿਨਿ ਅਗਾਰੀ-।
ਸੁਨਿ ਸਭਿ ਭਗਤੇ ਕੀ ਦਿਸ਼ਿ[3] ਹੇਰਾ।
ਰੁਖ ਪਰਖਤਿ ਬੋਲਯੋ ਤਿਸ ਬੇਰਾ ॥੩੭॥
-ਨਹਿਂ ਚਿੰਤਾ ਕਰਿ ਸੁਖ ਹੁਇ ਜਾਇ।
ਹਰਖਯੋ ਰਾਮੂ ਸੇਵ ਕਮਾਇ।
ਲੇ ਭਗਤੇ ਕੋ ਲਵਪੁਰਿ ਗਯੋ।
ਪਹੁੰਚਯੋ ਭੂਤ ਨਿਕਾਸਤਿ ਭਯੋ ॥੩੮॥
ਤਬਿ ਦੀਵਾਨ ਕਹਯੋ ਕਰ ਜੋਰਿ।
-ਫੁਰਮਾਵਹੁ ਕਾਰਜ ਚਿਤ ਲੋਰ[4]।
ਮੋ ਕਹੁ ਸੇਵਕ ਅਪਨੋ ਜਾਨਹੁ।
ਕਰਉਂ ਸੇਵ ਕੁਛ ਆਪ ਬਖਾਨਹੁ- ॥੩੯॥
ਸੁਨਿ ਭਗਤੇ ਭਾਖਯੋ ਇਹ ਕਾਮੂ।
-ਚਹੈਂ ਕੂਪ ਲਾਯਹੁ ਨਿਜ ਗ੍ਰਾਮੂ।

---

[1]ਕਥਾ, ਆਖਾਣ [ਸੰਸ:, ਉਪਾਖਯਾਨ=ਕਥਾ]।
[2]ਕੋਈ ਗੁਰੂ ਕਾ ਸਿਖ ਸਾਵਧਾਨ ਹੋਵੇ।
[3]ਭਾਵ ਬਹਿਲੋ ਦੇ ਪੋਤੇ ਵਲ।
[4]ਚਿਤ ਚਾਹੁੰਦਾ ਕੰਮ।

ਦੁਰਲਭ ਤਹਾਂ ਈਂਟਕਾ ਅਹੈਂ।
ਹੋਇ ਨ ਸਕਹਿ, ਕਰਯੋ ਜੋ ਚਹੈਂ* ॥੪੦॥
ਯਾਂ ਤੇ ਏਕ ਪਚਾਵਾ[੧] ਦੇਹੂ।
ਕੂਪ ਲਗਹਿ ਕਰਿ ਕਾਰਜ ਏਹੂ-।
ਸੁਨਿ ਰਾਮੂ ਬਿਸਮਯੋ ਬਚ ਭਾਖਾ।
-ਈਂਟ ਲੇਹੁ ਜੇਤਿਕ ਅਭਿਲਾਖਾ ॥੪੧॥
ਏਤੀ ਦੂਰਿ ਪਹੂੰਚਹਿ ਕੈਸੇ?
ਉਸ਼ਟ ਸਕਟ ਤੇ[੨] ਜਾਇ ਨ ਤੈਸੇ।
ਦਰਬ ਅਧਿਕ ਤੇ ਪਹੁੰਚਹਿ ਸੋਇ।
ਇਹ ਉੱਤਰ ਮੋ ਕਹੁ ਕਹੁ ਕੋਇ- ॥੪੨॥
ਸੁਨਿ ਭਗਤੇ ਕਹਿ -ਦਿਹੁ ਤਮ ਤਾਹੀ[੩]।
ਪਹੁੰਚਾਵਨਿ ਕੁਛ ਮੁਸ਼ਕਲ ਨਾਂਹੀ।
ਏਕ ਨਿਸਾ ਮਹਿਂ ਸਭਿ ਲੇ ਜਾਵੈਂ।
ਪਹੁੰਚੈ ਸੁਗਮ, ਕੂਪ ਲਗਵਾਵੈਂ- ॥੪੩॥
ਤਬਿ ਰਾਮੂ ਇਕ ਦਯੋ ਪਚਾਯਾ[੪]।
ਦੇਖਨਿ ਹਿਤ ਨਰ ਏਕ ਬਿਠਾਯਾ।
ਭਗਤੇ ਸਭਿ ਪ੍ਰੇਤਨਿ ਕੋ ਪ੍ਰੇਰਾ।
ਆਨਿ ਲਗੇ ਢੋਵਨਿ ਤਿਸ ਬੇਰਾ ॥੪੪॥
ਏਕ ਜਾਮ ਮਹਿਂ ਸਭਿ ਲੇ ਆਏ।
ਬੈਠਯੋ ਨਰ ਕੁਛ ਪਿਖਯੋ ਨ ਜਾਏ।
ਰਾਮੂ ਸੰਗ ਜਾਇ ਤਿਹਿਂ ਭਨਾ।
-ਬਡੋ ਕੁਲਾਹਲ ਮੈਂ ਇਕ ਸੁਨਾ ॥੪੫॥
ਦੇਖਯੋ ਰੂਪ ਨ ਰੰਗ ਨ ਅੰਗ।
ਕਰਤਿ ਸ਼ੀਘ੍ਰ ਲੈਗੇ ਇਕ ਸੰਗ[੫]-।
ਬਿਸਮਯੋ ਰਾਮੂ ਤੂਸ਼ਨ ਭਯੋ।
ਸੋ ਇਹ ਕੂਪ ਲਗਾਵਨਿ ਕਿਯੋ ॥੪੬॥
ਅਬਿ ਭੀ ਭੂਤ ਮਜੂਰੀ ਕਰੈਂ।

---

*ਓਥੇ ਰੇਤਾ ਹੈਸੀ ਤਦੋਂ, ਇਸ ਕਰਕੇ।
[੧]ਇੱਟਾਂ ਦਾ ਆਵਾ।
[੨]ਊਠਾਂ ਤੇ ਗੱਡਿਆਂ ਉਪਰ।
[੩]ਭਾਵ ਜਿਥੇ ਪਈਆਂ ਹਨ।
[੪]ਪਚਾਵਾ, ਆਵਾ।
[੫]ਇਕ ਵਾਰ ਹੀ।

ਚੂਨਾ ਈਂਟ ਆਨਿ ਕੈ ਧਰੈਂ।
ਸ਼੍ਰੀ ਅਰਜਨ ਪ੍ਰਸੰਨ ਮਨ ਹ੍ਵੈ ਕੇ।
ਭਾਈ ਬਹਿਲੋ ਕੇ ਬਸਿ ਕੈ ਕੇ[੧] ॥੪੭॥
ਚਾਰਹੁੰ ਦਿਸ਼ ਕੋ ਭੂਤ ਰੁ ਪ੍ਰੇਤ।
ਤਬਿ ਤੇ ਇਨ ਕੇ ਬਸੀ ਨਿਕੇਤ[੨*]।'
ਬੈਠੇ ਸਤਿਗੁਰ ਗਾਥ ਬਤਾਈ।
ਇਤਨੇ ਮਹਿਂ ਕਿਨ ਜਾਇ ਸੁਨਾਈ[੩] ॥੪੮॥
'ਗੁਰ ਉਤਰੇ ਪੀਪਰ ਤਰੁ ਤਰੇ।
ਸੁਨਿ ਕਹਿ ਬਾਕ ਬਚਨ ਇਮ ਕਰੇ[੪]।
ਕੇਤਿਕ ਸਿੰਘਨ ਕੋ ਦਲ ਸਾਥ[੫]।
ਕੂਪ ਲਗਹਿ ਤਿਸ ਢਿਗ ਥਿਰ ਨਾਥ[੬]' ॥੪੯॥
ਪੰਚ ਪੁੱਤ੍ਰ ਭਗਤੇ ਕੇ ਤਹਾਂ।
ਇਕ ਗੁਰਦਾਸ ਜਨਯੋ ਤ੍ਰਿਯ ਮਹਾਂ[੭+]।
ਦੁਤਿਯ ਭਾਰਜਾ ਤੇ ਸੁਤ ਉਪਤਾ।
ਤਾਰਾ, ਭਾਰਾ ਮਿਹਰਾ, ਬਖਤਾ ॥੫੦॥
ਪੰਚਹੁ ਤਤਛਿਨ ਹ੍ਵੈ ਕਰਿ ਤਯਾਰ।
ਏਕ ਤੁਰੰਗਮ ਸ਼ੁਭ ਸ਼ਿੰਗਾਰ।
ਜ਼ੀਨ ਰਜਤ ਕੋ ਊਪਰ ਪਾਏ।
ਸ਼੍ਰੀ ਸਤਿਗੁਰ ਕੇ ਢਿਗ ਲੇ ਆਏ ॥੫੧॥
ਪਦ ਅਰਬਿੰਦ ਬੰਦਨਾ ਕਰਿ ਕੈ।
ਦਰਸ਼ਨ ਦੇਖਯੋ ਚਿਤ ਹਿਤ ਧਰਿ ਕੈ।
ਬੈਠਤਿ ਹੀ ਕਰ ਜੋਰਿ ਉਚਾਰੀ।

---

[੧]ਭਾਵ, ਭੂਤ ਪ੍ਰੇਤ ਭਾਈ ਬਹਿਲੋ ਦੇ ਵੱਸ ਕਰ ਦਿੱਤੇ।
[੨]ਇਨ੍ਹਾਂ ਦੇ ਘਰਾਣੇ ਦੇ ਵੱਸ ਵਿਚ ਹਨ।
[*]ਉਸ ਵਲ ਇਸ਼ਾਰਾ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਬਹਿਲੋ ਨੂੰ ਦਿੱਤਾ ਸੀ, ਭੂਤ ਪ੍ਰੇਤ ਉਸ ਦੇ ਵੱਸ ਕੀਤੇ ਸਨ।
[੩]ਸੁਣਾਈ (ਭਗਤੇ ਦੇ ਘਰ)।
[੪]ਭਾਵ, ਜੋ ਗੱਲ ਬਾਤ ਗੁਰਾਂ ਨੇ ਤੇ ਲੋਕਾਂ ਨੇ ਕੀਤੀ ਸੀ ਉਹ ਸੁਣਾਕੇ ਕਹਿ ਰਿਹਾ ਹੈ ਕਿ ਗੁਰੂ ਜੀ ਨੇ ਐਸ ਤਰ੍ਹਾਂ ਦੇ ਬਚਨ ਕੀਤੇ ਹਨ।
[੫]ਕੁਛਕ ਸਿੰਘਾਂ ਦਾ ਦਲ ਨਾਲ ਹੈ।
[੬]ਜਿਥੇ ਖੂਹ ਲਗਦਾ ਹੈ ਉੱਥੇ ਉਤਰੇ ਹਨ ਨਾਥ ਜੀ।
[੭]ਵੱਡੀ ਇਸਤ੍ਰੀ ਨੇ।
[+]ਬਹਿਲੋ ਕੇ ਇਕ ਗੁਰਦਾਸ ਦਾ ਪ੍ਰਸੰਗ ਰਾਮ ਰਾਇ ਦੇ ਪ੍ਰਸੰਗ ਸਮੇਂ ਤੇ ਮਗਰੋਂ ਭੀ ਆ ਚੁੱਕਾ ਹੈ। ਦੇਖੋ ਰੁਤ ੧ ਅੰਸੂ ੪੯ ਤੇ ਰੁਤ ੨ ਅੰਸੂ ੩। ਅਗਲਾ ਪ੍ਰਸੰਗ ਤੇ ਗੱਲ ਬਾਤ ਕਵੀ ਜੀ ਦੀ ਆਪਣੀ ਖੋਜ ਹੈ।

'ਕਹਜੋ ਕੂਰ ਕਿਨ ਆਪ ਅਗਾਰੀ ॥੫੨॥
ਬਪੁਰੀ ਬਾਤ ਕੂਪ ਕੀ ਕਹਾਂ[1]।
ਤੁਮ ਤੇ ਹੀ ਹਮ ਸਭਿ ਕਿਛ ਲਹਾ।
ਲਘੁ ਦੀਰਘ ਤ੍ਰਿਯ ਪੁਰਖ ਹਮਾਰੇ।
ਆਦਿ ਅੰਤ ਕੇ ਦਾਸ ਤੁਮਾਰੇ ॥੫੩॥
ਭੂਖਨ ਕਿਸ ਕੇ, ਬਾਂਦੀ ਕਿਸ ਕੀ।
ਇਮ ਨ ਲਖੈ[2], ਮੂਰਖ ਮਤਿ ਤਿਸ ਕੀ।
ਹਮਰੋ ਸਭਿ ਘਰ ਬਾਰ ਤੁਮਾਰਾ।
ਸਭਿ ਜਾਚਕ ਇਕ ਆਪ ਦਤਾਰਾ' ॥੫੪॥
ਪਿਖਿ ਪੰਚਹੁੰ ਭ੍ਰਾਤਾ ਕੀ ਓਰ।
ਨਿਰਹੰਕਾਰ ਰਹੇ ਕਰ ਜੋਰਿ।
ਮੰਦ ਮੰਦ ਮੁਸਕਾਇ ਬਖਾਨੇ।
'ਹੋ ਹਮਰੇ ਹੀ, ਸਭਿ ਜਗ ਜਾਨੇ' ॥੫੫॥
ਕੁਸ਼ਲ ਪ੍ਰਸ਼ਨ ਕਰਿ ਖੁਸ਼ੀ ਉਦਾਰਾ।
ਲਿਯੋ ਤੁਰੰਗਮ ਜੋ ਬਲਿ ਭਾਰਾ।
ਪੁਨ ਪੰਚਹੁੰ ਕਰ ਜੋਰਿ ਉਚਾਰੇ।
'ਕਰੀਅਹਿ ਪਾਵਨ ਸਦਨ ਹਮਾਰੇ ॥੫੬॥
ਚਰਨ ਸਰੋਜ ਆਪ ਕੇ ਪਰੈਂ।
ਸਭਿ ਕੁਟੰਬ ਉਰ ਆਨੰਦ ਧਰੈਂ।
ਪੁਰਹੁ ਕਾਮਨਾ ਦਾਸਨ ਮਨ ਕੀ।'
ਸੁਨਿ ਪ੍ਰਭੁ ਚਲੇ ਸੰਗ ਹੁਇ ਤਿਨ ਕੀ ॥੫੭॥
ਮੰਚ ਬਿਛਾਇ ਬਿਛੌਨਾ ਛਾਏ।
ਬਿਨੈ ਭਨਤਿ ਤਿਸ ਪਰ ਬੈਠਾਏ।
ਖਰੇ ਹੋਇ ਬੋਲੇ ਪ੍ਰਭੁ ਹੇਰਾ[3]।
'ਬੇਖ[4] ਸਹਿਜਧਾਰੀ ਹਮ ਕੇਰਾ ॥੫੮॥
ਉਰ ਅਭਿਲਾਖਾ, ਕਰਨਿ ਅਹਾਰਾ[5]।
ਅਬਿ ਚਾਹਤਿ ਹੈਂ ਹੁਕਮ ਤੁਮਾਰਾ।'
ਕ੍ਰਿਪਾ ਕਰਤਿ ਤਿਨ ਸੰਗ ਬਖਾਨਾ।

---

[1]ਇਹ ਖੂਹ ਦੀ ਤੁੱਛ ਗੱਲ ਕੀ ਹੈ।
[2]ਜੋ ਨਹੀਂ ਜਾਣਦਾ ਇਉਂ।
[3]ਸ਼੍ਰੀ ਗੁਰੂ ਜੀ ਨੂੰ ਦੇਖਕੇ।
[4]ਸਾਡਾ ਸਹਿਜਧਾਰੀਆਂ ਵਾਲਾ ਭੇਖ ਹੈ।
[5]ਜੋ ਪ੍ਰਸ਼ਾਦ ਕਰੀਏ।

'ਤੁਮ ਪਰ ਹਮਰੀ ਕ੍ਰਿਪਾ ਮਹਾਨਾ ॥੫੯॥
ਹੈ ਪ੍ਰਸੰਨਤਾ ਖੁਸ਼ੀ ਪਛਾਨ।
ਤੁਮਰੋ ਹੈ ਸਭਿ ਕਿਛ ਪਰਵਾਨ।'
ਸਭਿ ਭਿਆਨੀਆਂ[1] ਚਲਿ ਕਰਿ ਆਈਂ।
ਬਹੁ ਸ਼ਰਧਾ ਤੇ ਗ੍ਰੀਵ ਨਿਵਾਈ ॥੬੦॥
ਦੇ ਕਰਿ ਖੁਸ਼ੀ ਗੁਰੂ ਚਲਿ ਆਏ।
ਸਿਵਰ ਬਿਰਾਜੇ ਸਹਿਜ ਸੁਭਾਏ।
ਦਾਸਨਿ ਤਬੈ ਲਗਾਯਹੁ ਡੇਰਾ।
ਜ਼ੀਨ ਉਤਾਰਿ ਧਰੇ ਤਿਸ ਬੇਰਾ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੂਰਬ ਐਨੇ 'ਭਗਤੇ ਗਮਨ' ਪ੍ਰਸੰਗ ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

---

[1]ਭਾਈਆਂ ਦੀਆਂ ਇਸਤ੍ਰੀਆਂ।

## ੨. [ਭਾਈ ਬਹਿਲੋ ਦੀ ਬੰਸ। ਤੀਤਰ ਉਧਾਰ। ਘੁੰਘਣੀਆ ਸਿੰਘ]

੧<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩

ਦੋਹਰਾ: ਤ੍ਰਿਣ ਦਾਨ ਪਹੁੰਚਾਇ ਕਰਿ,
ਸੇਵ ਕਰੀ ਬਹੁ ਰੀਤਿ।
ਆਨਜੋਂ ਭੋਜਨ ਤਯਾਰ ਕਰਿ,
ਬਹੁ ਸ੍ਵਾਦਲ ਧਰਿ ਪ੍ਰੀਤ ॥੧॥
ਚੌਪਈ: ਥਾਰ ਪਰੋਸ ਧਰਯੋ ਗੁਰ ਆਗੇ।
ਦਯੋ ਸਰਬ ਕੋ ਅਚਵਨ ਲਾਗੇ।
ਤ੍ਰਿਪਤਿ ਪਾਨ ਕਰਿ ਪਾਨੀ ਪਾਨ।
ਕਰੇ ਪਖਾਰਨ, ਗੁਰ ਭਗਵਾਨ[1] ॥੨॥
ਸੁਪਤਿ ਜਥਾ ਸੁਖ ਨਿਸ ਕੇ ਮਾਂਹੀ।
ਭਈ ਪ੍ਰਾਤਿ ਜਾਗ੍ਰਤ ਚਿਤ ਚਾਹੀ।
ਸੌਚ ਸ਼ਨਾਨ ਠਾਨਿ ਗੁਰ ਬੈਸੇ।
ਪੰਚਹੁੰ ਭ੍ਰਾਤ ਆਇ ਕਰਿ ਤੈਸੇ ॥੩॥
ਮਾਨ ਸਿੰਘ ਤਬਿ ਬੂਝੀ ਬਾਤਿ।
'ਕੈ ਭਾਈ ਬਹਿਲੋ ਕੇ ਤਾਤ[2]?
ਪਿਤਾ ਤੁਮਾਰੋ ਨਾਮ ਸੁ ਕੌਨ?
ਕਹਹੁ ਬੰਸ ਕੀ ਗਾਥਾ ਜੌਨ?' ॥੪॥
ਤਬਿ ਗੁਰਦਾਸ ਬਖਾਨੀ ਗਾਥਾ।
'ਬਖਸ਼ੇ ਜਬਿ ਸ਼੍ਰੀ ਅਰਜਨ ਨਾਥਾ।
ਭਾਈ ਬਹਿਲੋ ਤਬਿ ਚਲਿ ਆਏ।
ਮਸਤ ਸੁਭਾਵ ਏਕ ਲਿਵ ਲਾਏ ॥੫॥
ਨਹੀਂ ਪਦਾਰਥ ਦਿਸ਼ਿ ਬ੍ਰਿਤਿ ਆਈ।
ਇਕ ਰਸ ਬੈਠਹਿਂ ਸਹਿਜ ਸੁਭਾਈ।
ਜਿਤ ਦੇਖਤਿ ਤਿਤ ਦੇਖਤਿ ਰਹੈਂ।
ਮੁੱਦ੍ਰਿਤਿ ਨੈਨ ਸੁ ਮੁੱਦ੍ਰਤ ਅਹੈਂ[3] ॥੬॥
ਇਕ ਦਿਨ ਗਨ ਸੰਗਤਿ ਚਲਿ ਆਈ।
ਨਮੋ ਕਰੀ ਭਾਈ ਅਗਵਾਈ।
ਹੁਤੋ ਪੁੱਤ੍ਰ ਇਕ ਨਾਨੂ ਨਾਮ।

---

[1]ਸ੍ਰੀ ਭਾਗਵਾਨ ਗੁਰੂ ਜੀ (ਭੋਜਨ ਛਕਕੇ) ਤ੍ਰਿਪਤ ਹੋਏ ਤੇ ਪਾਣੀ ਪੀ ਕੇ ਹੱਥ ਧੋਤੇ।
[2]ਭਾਈ ਬਹਿਲੋ ਦੇ ਪੁੱਤ੍ਰ ਕਿੰਨੇ ਸਨ?
[3]ਜੇ ਨੇਤ੍ਰ ਮੀਟੇ ਹਨ ਤਾਂ ਮੀਟੇ ਹੀ ਰਹਿੰਦੇ ਹਨ।

ਤ੍ਰੈ ਸੁਤ ਉਪਜੇ ਤਾਂ ਕੇ ਧਾਮ ॥੭॥
ਪਿਖਿ ਸੰਗਤਿ ਕੋ ਹੁਕਮ ਬਖਾਨਾ।
-ਆਨਹੁ ਘਰ ਤੇ ਪ੍ਰਾਤ ਮਹਾਨਾ[1]।
ਤਿਸ ਮਹਿ ਸਿੱਖਨ ਚਰਨ ਪਖਾਰੈਂ।
ਗਮਨੇ ਮਗ ਕੋ ਸ਼੍ਰਮ ਨਿਰਵਾਰੈਂ[2]- ॥੮॥
ਸੁਨਤਿ ਦਾਸ ਘਰ ਅੰਤਰ ਗਯੋ।
ਤਿਸ ਬਾਸਨ ਕੋ ਜਾਚਤਿ ਭਯੋ।
ਹੁਤੀ ਸੁ ਗ੍ਰੀਖਮ ਰੁਤ ਤਿਸ ਕਾਲਾ।
ਜਲ ਭਰਿ ਰਾਖੀ ਪ੍ਰਾਤ ਬਿਸਾਲਾ ॥੯॥
ਤ੍ਰੈ ਨਾਨੂ ਸੁਤ ਬੀਚ ਬਿਠਾਏ।
ਤਿਨ ਕੀ ਜਨਨੀ ਮਸਲਿ ਨੁਹਾਏ[3]।
ਕਹਜੋ ਦਾਸ ਕੋ -ਪ੍ਰਾਤ ਮਝਾਰੀ।
ਪੁੱਤ੍ਰ ਸ਼ਨਾਨੋਂ ਨਿਰਮਲ ਬਾਰੀ ॥੧੦॥
ਨਹਿਂ ਛੂਛੀ, ਜੇ ਲੈ ਕਰਿ ਜਾਏ।
ਨਿਜ ਸੁਤ ਸੀਤਲ ਕਰੋਂ ਨਹਾਏ-।
ਸੁਨਿ ਕਰਿ ਦਾਸ ਬਤਾਵਨਿ ਕੀਨ।
ਤਬਿ ਭਾਈ ਗਰਬਤਿ ਤਿਸ ਚੀਨ[4] ॥੧੧॥
-ਬੇਮੁਖਤਾ ਗੁਰ ਤੇ ਇਨ ਧਾਰੀ।
ਪੁੱਤ੍ਰਨਿ ਹਿਤ ਬੋਲਤਿ ਹੰਕਾਰੀ।
ਤੌਂ ਬਾਲਕ ਮ੍ਰਿਤੁ ਪਾਇ ਸਿਧੈ ਹੈਂ।
ਇਹਾਂ ਪਰਾਤ ਪਰੀ ਰਹਿ ਜੈ ਹੈ ॥੧੨॥
ਸਤਿਸੰਗਤਿ ਤੇ ਸੁਤ ਸ਼ੁਭ ਜਾਨੇ।
ਤਿਨ ਕੀ ਹੋਇ ਆਰਬਲ ਹਾਨੇ-।
ਇਮ ਭਾਈ ਬਹਿਲੋ ਕੇ ਕਹੇ।
ਤੀਨਹੁੰ ਪੌਤ੍ਰੇ ਮਰਿ ਕਰਿ ਰਹੇ ॥੧੩॥
ਤਿਨ ਕੋ ਪਿਤ ਨਾਨੂ ਦੁਖ ਪਾਏ।
ਪੁੱਤ੍ਰ ਨੇਹ ਤੇ ਸ਼ੋਕ ਉਪਾਏ।
ਲਗਜੋ ਪਿਤਾ ਕੀ ਸੇਵਾ ਕਰਨ।

---

[1]ਵੱਡੀ ਪਰਾਤ।
[2]ਸਿੱਖ ਪੈਂਡਾ ਟੁਰਕੇ ਆਏ ਹਨ, (ਇਨ੍ਹਾਂ) ਦੇ ਤਿਸ (ਪਰਾਤ) ਵਿਚ ਚਰਨ (ਰੱਖਕੇ) ਧੋਈਏ ਜੋ ਥਕੇਵਾਂ ਉਤਰੇ।
[3]ਮਲਕੇ ਨੁਹਾਉਂਦੀ ਸੀ ਤਿੰਨਾਂ ਪੁੱਤਾਂ ਨੂੰ ਵਿਚ ਬਿਠਾਕੇ।
[4]ਭਾਵ ਤਿਸ ਨੂੰਹ ਨੂੰ ਹੰਕਾਰ ਵਿਚ ਜਾਣਿਆ (ਤੇ ਆਖਿਆ)।

ਦੇਹ ਸ਼ਨਾਨੈ ਧੋਵਤਿ ਚਰਨ ॥੧੪॥
ਭੋਜਨ ਅਧਿਕ ਪ੍ਰੀਤਿ ਸੋਂ ਖ੍ਵਾਵੈ।
ਇੱਤਯਾਦਿਕ ਸਭਿ ਸੇਵ ਕਮਾਵੈ।
ਪਿਤ ਪ੍ਰਯੰਕ ਕੇ ਹੁਇ ਕਰਿ ਤਰੇ।
ਕਰਿ ਸੇਵਾ ਕੋ ਨਿਸ ਦਿਨ ਪਰੇ ॥੧੫॥
ਜਿਮ ਆਇਸੁ ਕੋ ਪਿਤਾ ਬਖਾਨੈਂ।
ਹਾਥ ਜੋਰਿ ਤੂਰਨ ਤਿਮ ਠਾਨੈ।
ਇਕ ਦਿਨ ਹੋਇ ਪ੍ਰਸੰਨ ਮਹਾਨਾ।
ਦੇਖਿ ਭਾਉ ਕੋ ਬਾਕ ਬਖਾਨਾ ॥੧੬॥
-ਕਹਾਂ ਕਾਮਨਾ ਤੁਵ ਉਰ ਮਾਂਹੀ?
ਮਾਂਗਨ ਕਰੋ ਸੁ ਹਮਰੇ ਪਾਹੀ-।
ਤਬਿ ਨਾਨੂ ਕਰ ਜੋਰਿ ਉਚਾਰਾ।
-ਰਹੈ ਜਗਤ ਮਹਿਂ ਬੰਸ ਤੁਮਾਰਾ ॥੧੭॥
ਇਹੀ ਕਾਮਨਾ ਲਖਿਯਹਿ ਮੇਰੀ।
ਪੂਜਹੁ[1] ਕੀਜੈ ਕ੍ਰਿਪਾ ਬਡੇਰੀ-।
ਸੁਨਿ ਭਾਈ ਬਹਿਲੋ ਕਹਿ ਸੋਇ।
-ਜਾਚਹੁ ਅਪਰ ਕਾਮਨਾ ਕੋਇ- ॥੧੮॥
ਪੁਨ ਨਾਨੂ ਕਹਿ ਸੁਤ ਹੀ ਦੀਜੈ।
ਜਉ ਪ੍ਰਸੰਨ ਤਉ ਕਰੁਨਾ ਕੀਜੈ-।
ਤੀਨ ਬੇਰ ਭਾਈ ਇਮ ਕਹਜੋ।
ਸੁਤ ਬਿਨ ਨਾਨੂ ਅਪਰ ਨ ਚਹਜੋ ॥੧੯॥
ਸ਼੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ।
-ਉਪਜਹਿ ਸੁਤ ਤੁਵ ਹੁਇ ਗੁਨ ਭਾਰਾ।
ਭਗਤਾ ਨਾਮ ਤਾਂਹਿ ਕੋ ਧਰੀਅਹਿ।
ਰਿਦੇ ਕਾਮਨਾ ਪੂਰਨ ਕਰੀਅਹਿ- ॥੨੦॥
ਸੁਤ ਕੈ ਸੁਤ ਉਪਜਨ ਬਰ ਦਯੋ।
ਤਬਿ ਭਗਤਾ ਜਨਮਤਿ ਸ਼ੁਭ ਭਯੋ।
ਤਿਸ ਭਗਤੇ ਕੇ ਹਮ ਭੇ ਤਾਤਾ।
ਜੁਗ ਦਾਰਾ ਤੇ ਪੰਚਹੁਂ ਭ੍ਰਾਤਾ' ॥੨੧॥
ਸਕਲ ਬਾਰਤਾ ਤਿਨਹੁਂ ਸੁਨਾਈ।
ਪ੍ਰਭੁ ਅਖੇਰ ਤਜਾਰੀ ਕਰਿਵਾਈ।

---

[1] ਪੁਗਾ ਦਿਓ, ਪੂਰੀ ਕਰ ਦਿਓ।

ਚਢੇ ਤੁਰੰਗ ਸੰਗ ਅਸਵਾਰਾ।
ਗਮਨੇ ਕੇਤਿਕ ਦੂਰ ਉਜਾਰਾ ॥੨੨॥
ਤੀਤਰ ਏਕ ਬੋਲਤਾ ਦੂਰੇ।
ਸੁਨਿ ਬੋਲੇ ਸ਼੍ਰੀ ਸਤਿਗੁਰ ਪੂਰੇ।
'ਭੂਮੀਆ ਭੂਮਿ ਊਪਰਿ ਨਿਤ ਲੁਝੈ[1]।
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ[2]' ॥੨੩॥
ਸਿੱਖਨ ਬੂਝਯੋ 'ਕਹਾਂ ਅਲਾਈ?
ਪਾਤਸ਼ਾਹ! ਦਿਹੁ ਹਮਹੁ ਬੁਝਾਈ।'
ਸੁਨਿ ਸ਼੍ਰੀ ਮੁਖ ਤੇ ਕਹਯੋ ਬ੍ਰਿਤੰਤ।
'ਇਹ ਤੀਤਰ ਬੋਲਯੋ ਛਿਤ ਕੰਤ[3] ॥੨੪॥
ਥੇਹੁ ਗੰਡ ਕੋ ਨਾਮ[4] ਕਹਾਵੈ।
ਸੋ ਇਹ ਗੰਡ ਨ ਤਜਿ ਕਰਿ ਜਾਵੈ।
ਅਪਨਿ ਸਥਾਨ ਪਛਾਨਿ ਰਹੰਤਾ।
ਅਪਰ ਜਾਨ ਹਿਤ ਨਹੀਂ ਤਜੰਤਾ[5] ॥੨੫॥
ਫੂਟੀ ਆਂਖ ਏਕ ਇਸ ਕੇਰੀ।
ਕਾਨਾ ਅਹੈ ਪਕਰ ਲਿਹੁ ਹੇਰੀ।'
ਸੁਨਿ ਸਿੱਖਨਿ ਘੇਰਯੋ ਬਰਿਆਈ[6]।
ਇਤ ਉਤ ਫਿਰਤਿ ਛਪਨ ਹਿਤ ਥਾਈ ॥੨੬॥
ਧਾਇ ਧਾਇ ਕਰਿ ਦਯੋ ਹਰਾਏ।
ਹਿਤ ਪਕਰਨਿ ਕੇ ਹਾਥ ਚਲਾਏ।
ਗਹਿ ਕਰਿ ਆਨਯੋ ਗੁਰੂ ਅਗਾਰੇ।
ਨਿਰਨੈ ਹਿਤ ਜੁਗ ਨੈਨ ਨਿਹਾਰੇ ॥੨੭॥
ਏਕ ਆਂਖ ਤੇ ਕਾਣਾ ਹੇਰਿ।
ਨਮੋ ਕਰਹਿਂ ਗੁਰ ਕੋ ਫਿਰ ਫੇਰ[7]।
ਹਾਥ ਜੋਰਿ ਬੂਝਹਿਂ ਸਿਖ ਸੋਇ।
'ਇਸ ਕੋ ਅਬਿ ਹਵਾਲ ਕਜਾ ਹੋਇ? ॥੨੮॥

---
[1]ਜ਼ਿਮੀਂਦਾਰ ਜ਼ਿਮੀਂ ਉਤੇ ਹੀ ਲੁਝਦਾ ਹੈ।
[2]ਤ੍ਰਿਸ਼ਨਾਂ ਬੁਝਦੀ ਨਹੀਂ।
[3]ਜ਼ਮੀਨ ਦਾ ਮਾਲਕ ਸੀ।
[4]ਗੰਡ ਨਾਮੀ ਥੇਹ।
[5]ਹੋਰ ਥਾਂ ਜਾਣ ਲਈ ਛੱਡਦਾ ਨਹੀਂ।
[6]ਜ਼ੋਰੋ ਜ਼ੋਰੀ।
[7]ਬਾਰ ਬਾਰ।

ਦੈਵ ਜੋਗ ਤੇ ਰਾਵਰ ਕੇਰਾ।
ਭਯੋ ਮੇਲ ਇਸ ਭਾਗ ਬਡੇਰਾ।
ਜਿਸ ਕੀ ਹੁਈ ਚਹੈ ਕੱਲਜਾਨਾ।
ਤਿਹ ਸੰਜੋਗ ਆਪ ਸੋਂ ਠਾਨਾ[੧]' ॥੨੯॥
ਸ੍ਰੀ ਪ੍ਰਭੁ ਕਹ੍ਯੋ 'ਜਨਮ ਬਹੁ ਧਾਰੇ।
ਮਰਿ ਮਰਿ ਤਜੇ ਸਰੀਰ ਉਦਾਰੇ।
ਤਉ ਨ ਤਯਾਗਤਿ ਨਿਜ ਰਜਧਾਨੀ।
ਬੰਧ੍ਯੋ ਫਾਸ ਸਨੇਹ ਮਹਾਨੀ ॥੩੦॥
ਅਬਿ ਦਰਸ਼ਨ ਤੇ ਪਾਤਕ ਟਰੇ।
ਜਨਮ ਮਰਨ ਜਗ ਬੰਧਨ ਹਰੇ।'
ਇਮ ਉਧਾਰ[੨] ਖਗ ਕੋ ਕਰਿ ਭਲੇ।
ਆਗੇ ਹਿਤ ਅਖੇਰ ਕੋ ਚਲੇ ॥੩੧॥
ਕੇਤਿਕ ਬਿਚਰਤਿ ਸਤਿਗੁਰ ਆਏ।
ਉਤਰੇ ਸਿਵਰ ਤੁਰੰਗ ਲਗਾਏ।
ਬੈਠੇ ਹੁਤੇ ਸਿੰਘ ਚਹੁਂ ਘਾਈ।
ਜਥਾ ਮੁਨੀਸ਼ਨਿ ਮਹਿਂ ਰਘੁਰਾਈ ॥੩੨॥
*ਏਕ ਸਿੰਘ ਭਗਤੇ[੩] ਮਹਿਂ ਰਹੈ।
ਬਾਲਿਕ ਤਾਂਹਿ ਆਤਮਜ ਅਹੈ[੪]।
ਗਯੋ ਕਹੂੰ ਤੇ ਸੋ ਚਲਿ ਆਯੋ।
ਗੁਰ ਆਗਵਨ ਸ਼੍ਰੋਨ ਸੁਨਿ ਪਾਯੋ ॥੩੩॥
ਤਤਛਿਨ ਕੇਤਿਕ ਚਨਕ ਉਬਾਰੇ।
ਕਰੀ ਬਾਕੁਲੀ[੫] ਨੀਕੀ ਤਯਾਰੇ।
ਸਾਵਧਾਨ ਹੁਇ ਕਟ ਕਸਿ ਲੀਨਿ।
ਸੁਤ ਕੋ ਤਥਾ ਸੁਚੇਤਾ[੬] ਕੀਨਿ ॥੩੪॥
ਕਮਰਕਸਾ ਅਪਨੇ ਸਮ ਕਰ੍ਯੋ।
ਲੇਕਰਿ ਘੁੰਘਣੀਆ ਚਲਿ ਪਰ੍ਯੋ।

---

[੧]ਉਸ ਦਾ ਮੇਲ ਆਪ ਨਾਲ ਹੁੰਦਾ ਹੈ।
[੨]ਨਿਸਤਾਰਾ।
*ਫਿਰ ਸਾਖੀਆਂ ਦੀ ਪੋਥੀ ਦੀ ਸਾਖੀ ਚੱਲੀ।
[੩]ਨਾਮ ਪਿੰਡ।
[੪]ਉਸ ਦਾ ਇਕ ਪੁੱਤ੍ਰ ਸੀ (ਜੋ ਅਜੇ) ਬੱਚਾ ਸੀ।
[੫]ਘੁੰਘਣੀਆਂ।
[੬]ਭਾਵ ਮੂੰਹ ਹੱਥ ਧੋਕੇ ਤਯਾਰ ਕੀਤਾ।

ਪਿਤਾ ਪੁੱਤ੍ਰ ਗੁਰ ਕੇ ਢਿਗ ਗਏ।
ਬੰਦਨ ਕਰਤਿ ਬਿਲੋਕਤਿ ਭਏ ॥੩੫॥
ਵਾਹਿਗੁਰੂ ਜੀ ਕੀ ਕਹਿ ਫਤੇ।
ਖਰੇ ਹੋਇ ਕਰਿ ਸਨਮੁਖ ਚਿਤੇ[੧]।
ਗੁਰੂ ਗ਼ਰੀਬ ਨਿਵਾਜ ਨਿਹਾਰਾ।
ਮੁਸਕਾਵਿਤ ਜੁਤ ਕ੍ਰਿਪਾ ਉਚਾਰਾ[੨] ॥੩੬॥
'ਬਾਲਿਕ ਨਾਮ ਕਹੋ ਕਜਾ ਧਰਜੋ?
ਸਾਵਧਾਨ ਹੁਇ ਆਗੇ ਖਰਜੋ।'
ਬੂਝਨ ਕਰਜੋ, ਉਚਾਰਤਿ ਸੋਈ[੩]।
'ਅਬਿ ਲੌਂ ਨਾਮ ਨ ਰਾਖਜੋ ਕੋਈ ॥੩੭॥
ਅਬਿ ਸ਼੍ਰੀ ਮੁਖ ਤੇ ਆਪ ਉਚਾਰੋ।
ਸੋ ਅਬਿ ਨਾਮ ਧਰਹਿਂ ਕਰਿ ਪਜਾਰੋ।
ਦਾਸ ਆਪ ਕੇ ਹਮ ਹੈਂ ਸਦਾ।
ਹਲਤ ਪਲਤ ਸੁਖ ਦਿਹੁ ਜਦ ਕਦਾ' ॥੩੮॥
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ।
'ਘੁੰਘਣੀਆ ਸਿੰਘ ਨਾਮ ਸੁਜਾਨਾ।
ਇਹ ਹੀ ਕਹਿ ਸਭਿ ਮਹਿਂ ਬਿਦਤਾਵਹੁ।
ਅਪਰ ਨਾਮ ਕੋ ਨਹੀਂ ਅਲਾਵਹੁ' ॥੩੯॥
ਸਿੰਘ ਪ੍ਰਮੁਦਤਿ ਭਯੋ ਸੁਨਿ ਗੁਰ ਤੇ।
-ਸੁਤ ਕੀ ਛੇਮ ਲਈ ਮੈਂ ਧੁਰ ਤੇ[੪]-।
ਘੁੰਘਣੀਆਂ ਲੇ ਸਿਖ ਬਰਤਾਈ।
ਸ੍ਵਾਦਲ ਜਾਨਿ ਸਭਿਨਿ ਹੂੰ ਖਾਈ ॥੪੦॥
ਪੁਨ ਭੋਜਨ ਨਿਸ ਮਹਿਂ ਕਰਿ ਖਾਨਾ।
ਸੁਪਤਿ ਜਥਾ ਮੁਖ ਕ੍ਰਿਪਾ ਨਿਧਾਨਾ।
ਤਬਿ ਗਨ ਭੂਤ ਪ੍ਰੇਤ ਹੁਇ ਦੀਨ।
ਥਿਰ ਹੁਇ ਅੱਗ੍ਰ ਬੇਨਤੀ ਕੀਨ ॥੪੧॥
'ਸ਼੍ਰੀ ਗੁਰ ਅਰਜਨ ਹਮ ਗਹਿਵਾਏ।
ਚਿਰੰਕਾਲ ਬੀਤਾ ਇਸ ਥਾਏਂ।

[੧]ਦਰਸ਼ਨ ਕੀਤਾ।
[੨]ਭਾਵ ਸ਼੍ਰੀ ਗੁਰੂ ਜੀ ਨੇ ਪੁੱਛਣਾ ਕੀਤਾ।
[੩]ਉਸ ਸਿੱਖ ਨੇ ਉਚਾਰਿਆ।
[੪]ਧੁਰ ਦਰਗਾਹ ਤੋਂ।

ਇਨ ਕੇ[1] ਸਦਾ ਰਹੈਂ ਅਨੁਸਾਰੀ।
ਜਥਾ ਬਤਾਇੰ ਤਥਾ ਕਰਿ ਕਾਰੀ ॥੪੨॥
ਇਕ[+] ਇਕ ਥਾਨ ਕੈਦ ਮਹਿਂ ਡਾਰੇ।
ਤਹਿਂ ਪ੍ਰਾਪਤਿ ਹੁਇ ਖੇਦ ਉਦਾਰੇ।
ਚਨਿਕ ਪੰਚ ਮਣ ਹਮ ਕੋ ਪਾਵੈ।
ਅਪਰ ਵਸਤੁ ਕਿਛ ਹਾਥ ਨ ਆਵੈ ॥੪੩॥
ਸੋ ਨਿਤ ਖਾਨੋ ਕਰਹਿਂ ਅਹਾਰਾ।
ਰੁਕੇ ਰਹੈਂ ਸਹਿਂ ਕਸ਼ਟ ਉਦਾਰਾ।
ਅਬਿ ਤੁਮ ਕ੍ਰਿਪਾ ਕਰਹੁ ਛੁਟਵਾਵਹੁ।
ਕਸ਼ਟ ਕੈਦ ਤੇ ਆਪ ਬਚਾਵਹੁ ॥੪੪॥
ਛੁਟੇ ਫਿਰੈਂ ਗਨ ਦੇਸ਼ ਮਝਾਰੀ।
ਤਊ ਰਹੈਂ ਇਨ ਕੇ ਅਨੁਸਾਰੀ।
ਬਹਿਲੋ ਬੰਸ ਉਚਾਰਹਿ ਜਥਾ।
ਨਿਹਸੰਸੈ ਹਮ ਕਰਿਹੈਂ ਤਥਾ ॥੪੫॥
ਦੈਵਜੋਗ ਆਗਵਨ ਤੁਹਾਰਾ।
ਜੇ ਅਬਿ ਕਸ਼ਟ ਨ ਜਾਇ ਹਮਾਰਾ।
ਪੁਨਹਿ ਕੌਨ ਸਮਰਥ ਛੁਟਕਾਵੈ।
ਰਾਵਰਿ ਬਿਨਾ ਨ ਸੰਕਟ ਜਾਵੈ ॥੪੬॥
ਆਏ ਪਾਇ ਬਿਖਾਦ ਬਿਸਾਲਾ।
ਕੀਨਿ ਬੇਨਤੀ ਹਮ ਇਸ ਕਾਲਾ।'

ਸੁਨਿ ਭੂਤਨ ਤੇ ਸੰਕਟ ਤਿਨ ਕੋ।
ਬਸਤ੍ਰ ਉਤਾਰਿ ਉਘਾਰਿ ਬਦਨ ਕੋ[2] ॥੪੭॥

ਦੀਨੀ ਧੀਰਜ 'ਚਿੰਤ ਪ੍ਰਹਾਨਹੁ।
ਪ੍ਰਾਤਿ ਛੁਟਾਵਹਿਂ ਨਿਸ਼ਚੇ ਠਾਨਹੁ।
ਅਬਿ ਤੁਮ ਜਾਹੁ ਸੁਨੀ ਸਭਿ ਗਾਥਾ।'
ਇਮ ਕਹਿ ਸੁਪਤਿ ਭਏ ਜਗਨਾਥਾ ॥੪੮॥
ਰਾਤਿ ਬਿਤਾਇ ਉਹੇ ਪ੍ਰਭੁ ਪ੍ਰਾਤੀ।
ਸੌਚ ਸ਼ਨਾਨ ਠਾਨਿ ਭਲਿ ਭਾਂਤੀ।

---

[1]ਭਾਵ ਭਾਈ ਬਹਿਲੋ ਦੀ ਸੰਤਾਨ ਦੇ।
[+]ਪਾ:-ਦਿਨ।
[2](ਗੁਰੂ ਜੀ ਚਾਦਰ ਤਾਣਕੇ ਸੁੱਤੇ ਪਏ ਸਨ, ਜਦੋਂ ਉਨ੍ਹਾਂ ਨੇ ਬੇਨਤੀ ਕੀਤੀ ਤਦ) ਕਪੜਾ ਲਾਹਕੇ ਤੇ ਮੂੰਹ ਨੰਗਾ ਕਰਕੇ (ਗੁਰੂ ਜੀ ਨੇ)......।

ਦਿਵਸ ਚਢੇ ਗੁਰ ਕੇ ਢਿਗ ਆਏ।
ਪੰਚਹੁੰ ਭ੍ਰਾਤਾ ਦਰਸ਼ਨ ਪਾਏ ॥੪੯॥
ਬੈਠਿ ਗਏ ਬੰਦਨ ਕਰਿ ਜਬੈ।
ਸ਼੍ਰੀ ਮੁਖ ਹੁਕਮ ਬਖਾਨਜੋ ਤਬੈ।
'ਭੂਤ ਪ੍ਰੇਤ[*] ਜੋ ਪਕਰੇ ਰਾਸੀ।
ਕਰਿ ਦਿਹੁ ਸਭਿ ਕੀ ਬੰਦ ਖਲਾਸੀ ॥੫੦॥
ਕਲੀ ਕਾਲ ਨਿਤਪ੍ਰਤਿ ਨਰ ਖੋਟੇ।
ਸ਼ੁਭ ਮਤਿ ਛੋਟੇ, ਦੁਰਮਤਿ ਮੋਟੇ।
ਨਿਤ ਮਾਨਹਿੰਗੇ ਹੁਕਮ ਤੁਹਾਰਾ।
ਜਹਿਂ ਬਹਿਲੋ ਕਾ ਨਾਮ ਉਚਾਰਾ ॥੫੧॥
ਠਹਿਰ ਨ ਸਕੈਂ ਬੀਚ ਨਰ ਨਾਰੀ।
ਇਮ ਬਰਤਹਿਂ ਆਇਸੁ ਅਨੁਸਾਰੀ।
ਮਿਹਨਤ ਕਰਹਿਂ ਈਂਟ ਅਰੁ ਗਾਰੇ।
ਅਪਰ ਸਦਨ ਕੀ ਸਗਰੀ ਕਾਰੇ ॥੫੨॥
ਤਿਸ ਤੇ ਛੋਡਿ ਦੇਹੁ ਇਨ ਤਾਈਂ।'
ਇਸ ਪ੍ਰਕਾਰ ਜਬਿ ਕਹਜੋ ਗੁਸਾਈਂ।
ਘੇਰਾ ਚਿਨਜੋ ਹੁਤੋ ਇਕ ਥਾਨ।
ਗਹੇ ਰਹੈਂ ਤਹਿਂ ਸਮਰਥ ਵਾਨ[1] ॥੫੩॥
ਗੁਰ ਕੋ ਬਾਕ ਮਾਨਿ ਸਭਿ ਭਾਈ।
ਆਇ ਨਿਕਾਰੇ ਤਹਿਂ ਸਮੁਦਾਈ।
ਅਤਿਸ਼ੈ ਹਰਖ ਸਭਿਨਿ ਮਹਿਂ ਹੋਵਾ।
ਬੰਦਹਿਂ ਗੁਰ ਕੋ ਦਰਸ਼ਨ ਜੋਵਾ ॥੫੪॥
ਪੁਨ ਪੰਚਹੁੰ ਭ੍ਰਾਤਾ ਕੋ ਬੰਦਿ[2]।
ਗਏ ਜਬਹਿ ਛਿਤ ਛੁਟਿ ਕਰਿ ਬ੍ਰਿੰਦ।

---

[*]'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ' ਗੁਰੂ ਗ੍ਰੰਥ ਸਾਹਿਬ ਵਿਚ ਪਾਠ ਆਯਾ ਹੈ। ਮਹਾਨ ਨੀਚ ਕਰਮੀ ਲੋਕ, ਸ਼ਰੀਰਕ ਕਾਮਨਾ ਵਿਚ ਗ਼ਲਤਾਨ ਜੋ ਮਰਦੇ ਹਨ, ਰੂਹਾਂ ਭਾਰੀਆਂ ਹੋਣ ਕਰਕੇ ਉੱਚੇ ਨਹੀਂ ਉਠ ਸਕਦੇ ਤੇ ਵਾਸ਼ਨਾ ਅਧੀਨ ਰਹਿੰਦੇ ਹਨ। ਐਸੀਆਂ ਵਜਕਤੀਆਂ ਨੂੰ ਮਨੁੱਖ ਅਨੇਕ ਪਦਾਂ ਨਾਲ ਯਾਦ ਕਰਦਾ ਹੈ। ਅੱਜ ਕਲ ਬੀ ਕਈ ਵੇਰ ਅਖਬਾਰਾਂ ਵਿਚ ਇਨ੍ਹਾਂ ਦੇ ਕੌਤਕ ਛਪਦੇ ਹਨ ਤੇ ਲੋਕੀਂ ਸਹੀ ਕਰਦੇ ਹਨ। ਪੱਛਮ ਵਾਲੇ ਬੀ ਹੁਣ ਸਪਿਰਚੁਲਿਜ਼ਮ ਦੀ ਵਿੱਦਜਾ ਦ੍ਵਾਰਾ ਇਨ੍ਹਾਂ ਦੇ ਹਾਲਾਤ ਖੋਜਦੇ ਤੇ ਦੱਸਦੇ ਹਨ। ਪਰੰਤੂ ਜੀਕੂੰ ਆਮ ਲੋਕਾਂ ਵਿੱਚ ਕਿੱਸੇ ਕਹਾਣੀਆਂ ਪ੍ਰਵਿਰਤ ਹਨ ਤੇ ਅਤੀ ਬਜਾਪਤਾ ਦੱਸਕੇ ਡਰਾਇਆ ਜਾਂਦਾ ਹੈ ਸੋ ਅਤਜੋਕਤੀਆਂ ਹਨ। ਨਾਲ ਇਹ ਬੀ ਯਾਦ ਰਹੇ ਕਿ ਦ੍ਰਿੜ ਚਿੱਤ ਮਨੁੱਖ, ਨਿਰਭੈ ਹਿਰਦੇ ਵਾਲੇ, ਗੁਰਬਾਣੀ ਦੇ ਪ੍ਰੇਮੀ, ਨਾਮ ਨਾਲ ਬਲਵਾਨ ਬੰਦੇ ਸਭ ਗੁਪਤ ਪ੍ਰਗਟ ਤੋਂ ਉੱਚੇ ਹੁੰਦੇ ਹਨ।

[1]ਤਾਕਤ ਵਾਲੇ ਭੂਤ।

[2]ਨਮਸਕਾਰ ਕਰਕੇ।

ਇਸ ਪ੍ਰਕਾਰ ਭਗਤੇ ਦਿਨ ਤੀਨ।
ਸ਼੍ਰੀ ਪ੍ਰਭੁ ਰਹੇ ਬਾਸਿ ਕੋ ਕੀਨਿ।
ਪੁਨਹ ਪ੍ਰਾਤਿ ਤਜਾਰੀ ਕਰਿਵਾਈ।
ਕੀਨਸਿ ਡੇਰਾ ਕੂਚ ਗੁਸਾਈਂ* ॥੫੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੇ ਬਸਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

*ਇਸ ਚੌਪਈ ਦੇ ਦੋ ਚਰਨ ਵੱਧ ਹਨ।

## ੩. [ਬੰਦਰ, ਬਰਗਾੜੀ, ਬਹਿਬਲ, ਸਿਉਰਾਵੀਂ; ਗ੍ਰਾਮਾਂ ਵਿਚ ਜਾਣਾ]

੨<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪

ਦੋਹਰਾ: ਸਹਿਜ ਸੁਭਾਇਕ ਬਿਚਰਤੇ, ਖੇਲਤ ਜਾਹਿਂ ਅਖੇਰ।
ਕਿਤਿਕ ਕੋਸ ਪਰ ਗ੍ਰਾਮ ਇਕ, ਬੂਝਤਿ ਭੇ ਤਿਸ ਹੇਰਿ ॥੧॥
ਚੌਪਈ: 'ਨਾਮ ਗ੍ਰਾਮ ਕੋ ਕਹਿਯਹਿ ਕੌਨ?
ਲਖਹੁ ਬਰਾੜ ਬਸਤ ਇਹ ਜੌਨ।'
ਹਾਥ ਬੰਦਿ ਬੋਲੇ ਤਿਸ ਬੇਰਾ।
'ਬੰਦਰ ਨਾਮ ਗ੍ਰਾਮ ਇਸ ਕੇਰਾ' ॥੨॥
ਸਿੱਖ ਬਿਦੇਸ਼ੀ[1] ਸੁਨਿ ਬਿਸਮਾਏ।
'ਇਨ ਤੋ ਅਦਭੁਤ ਬਾਕ ਅਲਾਏ।
ਕਹਾਂ ਬੰਦਰਨਿ ਗ੍ਰਾਮ ਬਸਾਯੋ।
ਬਨ ਬ੍ਰਿੱਛਨਿ ਬਾਸਾ ਜਿਨ ਪਾਯੋ' ॥੩॥
ਤਿਨ ਤੇ ਸੁਨਿ ਸਤਿਗੁਰ ਮੁਸਕਾਏ।
ਸ਼੍ਰੀ ਮੁਖ ਤੇ ਪੁਨ ਭੇਦ ਬਤਾਏ।
'ਬੰਦਰ ਗੋਤ ਨਰਨ ਕੋ ਅਹੈ।
ਗ੍ਰਾਮ ਤਿਨੋ ਰਾਹਕ ਕੋ ਅਹੈ[2]' ॥੪॥
ਹੇਰਿ ਸਥਾਨ ਕੀਨਿ ਗੁਰ ਡੇਰਾ।
ਉਤਰਿ ਤੁਰੰਗਨਿ ਤੇ ਤਿਸ ਬੇਰਾ।
ਥਾਨ ਥਾਨ ਪ੍ਰਤਿ ਦਏ ਲਗਾਇ[3]।
ਉਤਰੇ ਸਿੰਘ ਲਜਾਇ ਤ੍ਰਿਣ ਜਾਇ ॥੫॥
ਬੰਦਰ ਪੈਂਚ ਤਬੈ ਚਲਿ ਆਏ।
ਰਸਤ ਘ੍ਰਿੱਤ ਆਦਿਕ ਸਭਿ ਲਜਾਏ।
ਤ੍ਰਿਣ ਦਾਨਾ ਘੋਰਨਿ ਕੋ ਦੀਨਿ।
ਅਸਨ ਜਥਾ ਰੁਚਿ ਅਚਵਨਿ ਕੀਨਿ ॥੬॥
ਰਾਤਿ ਬਿਤਾਇ ਭਏ ਅਸਵਾਰਾ।
ਚਢੇ ਗੁਰੂ ਮਗ ਖਿਲਤਿ ਸ਼ਿਕਾਰਾ।
ਪਹੁੰਚਿ ਗ੍ਰਾਮ ਬਰਗਾੜੀ[+] ਗਏ।
ਗੁਰ ਬਿਲੋਕਿ ਥਲ ਉਤਰਤਿ ਭਏ ॥੭॥

---

[1]ਜੋ ਗੁਰੂ ਜੀ ਨਾਲ ਫੌਜ ਵਿਚ ਪਰਦੇਸੀ ਸਿੱਖ ਸਨ।
[2]ਉਨ੍ਹਾਂ ਜ਼ਿਮੀਂਦਾਰਾਂ ਦਾ ਪਿੰਡ ਹੈ।
[3]ਭਾਵ ਘੋੜੇ ਬੰਨ੍ਹ ਦਿੱਤੇ।
[+]ਪਾ:-ਬਨਗਾੜੀ।
ਬਰਗਾੜੀ ਪਿੰਡ ਕੋਟ ਕਪੂਰੇ ਦੇ ਨੇੜੇ ਹੈ।

ਤਹਾਂ ਕਪੂਰੇ ਭ੍ਰਾਤਾ ਨੰਦ।
ਸਾਥ ਕਪੂਰੇ ਬੈਰ ਬਿਲੰਦ।
ਚਢ੍ਯੋ ਲਰਨ ਕੋ ਨਿਕਸ੍ਯੋ ਬਾਹਰ।
ਉਤਰੇ ਗੁਰੂ ਸੁਨੇ ਪਿਖਿ ਜ਼ਾਹਰ ॥੮॥
ਹਟ੍ਯੋ ਲਰਨ ਤੇ ਦਰਸ਼ਨ ਚਾਹਾ।
-ਸੇਵ ਕਰੌਂ- ਚਿਤ ਮਹਤ ਉਮਾਹਾ।
ਆਨਿ ਮਿਲ੍ਯੋ ਪਗ ਬੰਦਨ ਠਾਨੀ।
ਸਭਿ ਸੁਧਿ ਲੇਤਿ ਖਾਨ ਅਰੁ ਪਾਨੀ ॥੯॥
ਤ੍ਰਿਣ ਦਾਨਾ ਹਿਤ ਹਯਨਿ ਅਨਾਯੋ।
ਆਪ ਖਰੇ ਹੁਇ ਸਭਿਨਿ ਪੁਚਾਯੋ।
ਪ੍ਰੇਮ ਭਾਵਨਾ ਕਰਿ ਬਹੁਤੇਰੀ।
ਸੇਵਾ ਕਰਿ ਬਿਸਾਲ ਤਿਸ ਬੇਰੀ ॥੧੦॥
ਸਤਿਗੁਰ ਨਿਕਟ ਆਇ ਕਰਿ ਬੈਸਾ।
ਪਰਖ੍ਯੋ ਭਾਉ ਰਿਦੇ ਮਹਿਂ ਜੈਸਾ।
ਸ਼੍ਰੀ ਮੁਖ ਤੇ ਤਿਹ ਸੰਗ ਬਖ਼ਾਨਾ।
'ਛਾਂਗ[1] ਅਨਾਵਹੁ ਪੁਸ਼ਟ ਮਹਾਨਾ' ॥੧੧॥
ਮਾਨਿ ਹੁਕਮ ਤਤਕਾਲ ਅਨਾਯੋ।
ਝਟਕਾ ਤੁਪਕ ਸਾਥ ਕਰਿਵਾਯੋ।
ਆਮਿਖ ਕੋ ਸੁਧਾਰਿ ਕਰਿ ਤਜਾਰੇ।
ਡਾਰਿ ਮਸਾਲੇ ਬਿਬਿਧਿ ਪ੍ਰਕਾਰੇ ॥੧੨॥
ਕਰਿ ਅਹਾਰ ਪ੍ਰਭੁ ਕੋ ਅਚਵਾਯੋ।
ਬੈਠ੍ਯੋ ਨਿਕਟ ਪ੍ਰਸੰਗ ਬਤਾਯੋ।
'ਹੇ ਪ੍ਰਭੁ ! ਚਢ੍ਯੋ ਲਰਨ ਕੇ ਕਾਰਨ।
ਨਿਕਸਤਿ ਰਾਵਰ ਕਰੇ ਨਿਹਾਰਨਿ ॥੧੩॥
ਦਰਸ ਲਾਲਸਾ ਕਰਿ ਹਟਿ ਰਹ੍ਯੋ।'
ਸੁਨਿ ਕਰਿ ਗੁਰੂ ਸ੍ਰੇਯ ਤਿਸ ਕਹ੍ਯੋ[2]।
'ਸ਼ੱਤ੍ਰੁ ਪ੍ਰਾਤਿ ਕੋ ਕਰਹਿ ਚਢਾਈ।
ਆਨਿ ਮਚਾਵਹਿ ਇਹਨਾਂ ਲਰਾਈ ॥੧੪॥
ਰਣ ਕਰਿਬੇ ਤੁਮ ਗਮਨਹੁ ਨਾਂਹਿ।
ਅਪਰ ਗ੍ਰਾਮ ਕੇ ਨਰ ਸਭਿ ਜਾਹਿਂ।

---

[1]ਬੱਕਰਾ।
[2]ਤਿਸ ਦੀ ਸੁਖ ਦੀ ਗੱਲ ਕਹੀ।

ਅਰਹਿਂ ਲਰਹਿਂਗੇ ਹਾਰਹਿਂ ਨਾਂਹੀ[੧]।
ਰਾਖਹਿਂ ਰੋਕ ਕਰਹਿਂ ਬਲ ਤਾਂਹੀ ॥੧੫॥
ਜੇ ਨਹਿਂ ਬਰਜਯੋ ਰਹੈਂ ਸਦਨ ਮਹਿਂ[੨]।
ਪ੍ਰਾਣ ਬਿਨਾਸਹਿਂ[੩] ਪ੍ਰਾਤੀ ਰਣ ਮਹਿਂ।
ਯਾਂ ਤੇ ਉਚਿਤ ਨ ਤੋ ਕਹੁ ਜਾਨਾ।
ਪੁਨਹਿਂ ਲਰਹੁ ਕਰਿ ਜੁੱਧ ਮਹਾਨਾ ॥੧੬॥
ਫਤੇ ਰਿਪੁਨਿ ਤੇ ਪ੍ਰਾਪਤਿ ਹੋਇ[*]।'
ਸੁਨਤਿ ਗੁਰੂ ਤੇ ਹਰਖਯੋ ਸੋਇ।
ਬਾਰ ਬਾਰ ਕਰਿ ਕੈ ਪਗ ਨਮੋ।
ਉਠਿ ਘਰ ਕੋ ਗਮਨਯੋਂ ਤਿਹ ਸਮੋ ॥੧੭॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਭੋਰ ਹੁਇ ਆਈ।
ਕੁਛ ਦਲ ਤਬਹਿ ਕਪੂਰੇ ਕੇਰਾ।
ਆਨਿ ਸੁ ਲਰਯੋ ਸ਼ਰੀਕੇ ਝੇਰਾ[੪] ॥੧੮॥
ਸਕਲ ਗ੍ਰਾਮ ਕੇ ਬੀਰ ਪਠਾਏ।
ਆਪ ਨ ਗਯੋ ਰਹਯੋ ਘਰ ਥਾਏ।
ਕੋਠੇ ਅੰਤਰ ਹੋਇ ਪ੍ਰਵੇਸ਼।
ਬੈਠਿ ਰਹਯੋ ਕਰਿ ਮੌਨ ਵਿਸ਼ੇਸ਼ ॥੧੯॥
ਵਹਿਰ ਪਰਯੋ ਘਮਸਾਨ ਲਰਾਈ।
ਜ੍ਵਾਲਾਬਮਣੀ ਜਾਲ ਚਲਾਈ।
ਡਰਤਿ ਸ਼ਰੀਕਨਿ ਤੇ ਤਿਸ ਦਾਰਾ।
ਰਿਸ ਧਰਿ ਪਤਿ ਸੋਂ ਨਿਠੁਰ ਉਚਾਰਾ ॥੨੦॥
'ਸਿਰ ਕੀ ਪਾਗ ਸ਼ਸਤ੍ਰ ਨਿਜ ਸਾਰੇ।
ਮੁਝ ਕੋ ਦੇਹੁ ਕਰੋਂ ਤਨ ਧਾਰੇ।
ਪਹਿਰਿ ਘਾਘਰੀ ਲੇਹੁ ਛਲੋਟੀ[੫]।
ਦੁਰਹੁ ਬੈਠਿ ਹੁਇ ਬਾਤ ਨ ਖੋਟੀ[੬] ॥੨੧॥

---

[੧](ਤੇਰੀ ਵੱਲ ਦੇ) ਜੇ ਅੜ ਕੇ ਲੜਨਗੇ ਤਾਂ ਹਾਰਨਗੇ ਨਹੀਂ।
[੨]ਜੇ ਤੂੰ ਰੁਕਿਆ ਨਾ ਰਹੇਂਗਾ ਘਰ ਵਿਚ।
[੩]ਤੇਰੇ ਪ੍ਰਾਣ ਨਾਸ਼ ਹੋ ਜਾਣਗੇ।
[*]ਇਹ ਹੋਣਹਾਰ ਦੱਸੀ ਹੈ।
[੪]ਸ਼ਰੀਕੇ ਦਾ ਝਗੜਾ ਕਰਕੇ।
[੫]ਭੋਛਣ, ਸਿਰ ਦੀ ਜ਼ਨਾਨੀ ਚਾਦਰ।
[੬](ਫੇਰ) ਲੁਕਕੇ ਬੈਠੋ ਤਾਂ ਗੱਲ ਮਾੜੀ ਨਾ ਹੋਵੇ (ਭਾਵ ਮਰਦ ਹੋਕੇ ਲੁਕ ਬੈਠਣਾ ਖੋਟਾ ਹੈ)।

ਆਇ ਸ਼ਰੀਕ ਲਰੇ ਘਰ ਦ੍ਵਾਰੇ।
ਤੂੰ ਬੈਠਯੋ ਛਪਿ ਸਦਨ ਮਝਾਰੇ।
ਕੁਲ ਕੀ ਲਾਜ ਹਾਨ ਕਰਿ ਬੈਸਾ।
ਤਨ ਬਿਹੰਡੜਾ[1] ਹੋਵਤਿ ਜੈਸਾ' ॥੨੨॥
ਇੱਤਯਾਦਿਕ ਨਿਸ਼ਠੁਰ ਜਬਿ ਕਹਯੋ।
ਤ੍ਰਿਯ ਕੋ ਬੋਲ ਨਹੀਂ ਉਰ ਸਹਯੋ।
ਸ਼ਸਤ੍ਰ ਸਜਾਇ ਤੁਰੰਗਮ ਚਢਯੋ।
ਮਚਯੋ ਜੁੱਧ ਰਸ ਬੀਰਹਿ ਬਢਯੋ ॥੨੩॥
ਜਾਇ ਲਰਯੋ ਰਣ ਮਹਿਂ ਹਯ ਫੇਰਾ।
ਰਿਪੁ ਹਲਾਇ ਹੇਲਾ ਬਡ ਗੇਰਾ।
ਦਿਯੇ ਪਲਾਇ ਦੂਰ ਲਗਿ ਗਏ।
ਠਹਿਰ ਅਰੇ ਅਰੁ ਧੀਰਜ ਕਿਏ[2] ॥੨੪॥
ਤਜੀ ਤੁਫੰਗ ਪੁੰਜ* ਇਕ ਸੰਗ।
ਗੁਲਕਾਂ ਲਗੀ ਬੇਗ ਤੇ ਅੰਗ।
ਗਿਰਯੋ ਮ੍ਰਿਤਕ ਹ੍ਵੈ ਕੈ ਤਤਕਾਲਾ।
ਲਯਾਇ ਉਠਾਇ ਗ੍ਰਾਮ ਮਹਿਂ ਡਾਲਾ ॥੨੫॥
ਇਕ ਸਨਬੰਧੀ ਤਿਸ ਕੋ ਪਾਯੋ।
ਸਿਮਰਤਿ ਬਾਕ ਗੁਰੂ ਢਿਗ ਆਯੋ।
ਬੋਲਯੋ ਹਾਥ ਜੋਰਿ ਕਰਿ ਸੋਇ।
'ਮਰਯੋ ਚੌਧਰੀ ਬਰਜਯੋ ਜੋਇ ॥੨੬॥
ਰਾਵਰਿ ਬਚਨ ਮਾਨਿ ਨਹਿਂ ਰਹਯੋ[3]।
ਨਿਕਸਯੋ ਲਰਨ, ਨਿਠੁਰ ਤ੍ਰਿਯ ਕਹਯੋ।'
ਸ਼੍ਰੀ ਗੁਰ ਭਾਖਯੋ 'ਮਰਯੋ ਨ ਸੋਇ।'
ਸੁਨਿ ਸੋ ਕਹੈ 'ਗਯੋ ਮ੍ਰਿਤੁ ਹੋਇ' ॥੨੭॥
ਪੁਨ ਗੁਰ ਭਨਯੋ 'ਨਹੀਂ ਮ੍ਰਿਤੁ ਹੋਵਾ।'
ਸੁਨਿ ਸੋ ਕਹੈ 'ਮਰਯੋ ਦ੍ਰਿਗ ਜੋਵਾ।'
ਤ੍ਰਿਤੀ ਬਾਰ ਗੁਰ ਬਹੁਰ ਬਖਾਨਾ।
'ਨਹੀਂ ਚੌਧਰੀ ਤਜਾਗੇ ਪ੍ਰਾਨਾ' ॥੨੮॥

---

[1] ਖੁਸਰਾ।
[2] (ਪਰ ਕੁਝ ਵੈਰੀ) ਰੁਕਕੇ ਤੇ ਧੀਰਜ ਧਾਰਕੇ ਅੜ ਪਏ।
* ਪਾ:-ਪੰਜ।
[3] ਹਟ ਨਹੀਂ ਰਹਿਆ ਸੀ।

ਸੋ ਬੋਲ੍ਯੋ 'ਨਿਸ਼ਚੈ ਮ੍ਰਿਤੁ ਪਾਈ।'
ਤੀਨ ਬਾਰ ਗੁਰ ਗਿਰਾ ਹਟਾਈ।
ਸੁਨਿ ਪ੍ਰਭੁ ਮੁਸ਼ਟ ਖੋਲਿ ਕਰਿ ਭਾਖਾ।
'ਤਿਸ ਕੋ ਭੌਰ[1] ਹਮਹੁ ਗਹਿ ਰਾਖਾ ॥੨੯॥
ਨਹਿਂ ਬਚ ਮਾਨਾ, ਸੋ ਅਬਿ ਛੋਰਾ।
ਨਾਂਹਿਤ ਜੀਵ ਉਠਤਿ ਜੁਤਿ ਜੋਰਾ[2]।
ਨਿਜ ਮੁਸ਼ਟੀ ਮਹਿਂ ਰਾਖ੍ਯੋ ਰੋਕ।
ਹਿਤ ਜਿਵਾਇਬੇ ਕਰਨ ਅਸ਼ੋਕ ॥੩੦॥
ਸੱਤ ਬਚਨ ਤੈਂ ਕ੍ਯੋਂ ਨਹਿਂ ਮਾਨ੍ਯੋਂ?
ਮਰ੍ਯੋ ਜਿਵਾਵਤਿ[3], ਸੋ ਤੈਂ ਹਾਨ੍ਯੋ[4]।
ਰੁਦਤਿ ਗਯੋ ਮਿਲਿ ਕੀਨਸਿ ਦਾਹ।
ਭਯੋ ਚੌਧਰੀ ਤਤਛਿਨ ਸ੍ਵਾਹ ॥੩੧॥
ਪੁਨ ਸ਼੍ਰੀ ਪ੍ਰਭੁ ਤਯਾਰੀ ਕਰਿਵਾਈ।
ਡਾਰੇ ਜ਼ੀਨ ਹਯਨਿ ਸਮੁਦਾਈ।
ਕਰ੍ਯੋ ਕੂਚ ਚਲਿ ਪਰੇ ਅਗੇਰੇ।
ਕਿਤਿਕ ਕੋਸ ਉਲੰਘੇ ਜਿਸ ਬੇਰੇ ॥੩੨॥
ਬਹਿਵਲ[5] ਤੇ ਸਿਉਰਾਸੀ[5] +ਨਾਮੂ।
ਕਰੇ ਬਿਲੋਕਨ ਜਬਿ ਏ ਗ੍ਰਾਮੂ।
ਡੇਰਾ ਕਰਤਿ ਭਏ ਸੁਭ ਥਾਨ।
ਸਨੇ ਸਨੇ ਪਹੁੰਚੇ ਸਭਿ ਆਨਿ ॥੩੩॥
ਪਹਿਰ ਤੀਸਰਾ ਦਿਨ ਕੋ ਭਯੋ।
ਮਾਦਿਕ ਤਬਿ ਅਨਾਇ ਛਕਿ ਲਯੋ।
ਦੋਦੇਵਾਲ ਤਾਲ ਕੋ ਨਾਮੂ।
ਤਿਸ ਮਹਿ ਸੁਨਿ ਜਲ ਕੋ ਅਭਿਰਾਮੂ ॥੩੪॥
ਹੇਤ ਸੁਚੇਤੇ ਤਿਸ ਢਿਗ ਗਏ।
ਸੌਚ ਸ਼ਨਾਨ ਤਹਾਂ ਕਰਿ ਲਏ।
ਏਕ ਸ਼ਹੀਦ ਤੁਰਕ ਤਬਿ ਆਵਾ।

---

[1]ਜੀਵ ਆਤਮਾ।
[2]ਬਲ ਨਾਲ।
[3]ਅਸੀਂ ਜਿਵਾ ਦਿੰਦੇ।
[4]ਤੂੰ ਮਾਰ ਦਿੱਤਾ ਹੈ।
[5]ਨਾਮ ਹਨ ਪਿੰਡਾਂ ਦੇ।
+ਸਾਖੀਆਂ ਵਾਲੀ ਪੋਥੀ ਵਿਚ ਪਾਠ 'ਸਿਉਰਾਮੀ' ਹੈ, ਜੋ ਠੀਕ ਹੈ।

ਸ਼ਮਸ਼ ਸੇਤ ਸੇਤਹਿਂ ਪਹਿਰਾਵਾ[1] ॥੩੫॥
ਸਿਰਸ ਤਰੋਵਰ[2] ਦੀਰਘ ਖਰਜੋ।
ਚਿਰੰਕਾਲ ਤੇ ਬਾਸਾ ਕਰਜੋ।
ਤਹਿਂ ਤੇ ਨਿਕਸਿ ਗੁਰੂ ਢਿਗ ਆਯੋ।
ਹਾਥ ਜੋਰਿ ਪਗ ਸੀਸ ਨਿਵਾਯੋ ॥੩੬॥
ਤਿਸ ਕੋ ਦੇਖਿ ਗੁਰੂ ਬਚ ਕੀਆ।
'ਰਾਜ਼ੀ ਹਹਿਂ ਉਸੈਨ ਖਾਂ ਮੀਆਂ!
ਸੁਨਿ ਮਨ ਆਨੰਦ ਦੀਰਘ ਧਾਰਾ।
'ਰਾਜ਼ੀ ਆਜ ਬਿਸਾਲ' ਉਚਾਰਾ ॥੩੭॥
'ਮੌਲਾ ਪਾਕ ਅਲਾਹਿ ਖ਼ੁਦਾਇ।
ਕਰਿ ਦੀਦਾਰ ਅਧਿਕ ਸੁਖ ਪਾਇ।
ਚਿਰੰਕਾਲ ਕੋ ਚਾਹਤਿ ਰਹਜੋ।
ਸੁੰਦਰ ਰੂਪ ਆਜ ਮੈਂ ਲਹਜੋ ॥੩੮॥
ਹੋਇ ਬਿਸਾਲ ਮੋਹਿ ਕੱਲਜਾਨ।
ਭਈ ਦੂਖ ਪਾਪਨਿ ਕੀ ਹਾਨਿ।'
ਜਬਿ ਗੁਰ ਹਟੇ ਆਇਬੇ ਡੇਰੇ।
ਕਰਿ ਸਲਾਮ ਸੋ ਹਟਜੋ ਪਿਛੇਰੇ ॥੩੯॥
ਤਬਿ ਸਿੱਖਨ ਬੂਝਜੋ 'ਇਹ ਕੌਨ?
ਉੱਜਲ ਰੂਪ ਦਿਖਾਯੋ ਜੌਨ।
ਕਰਜੋ ਸਲਾਮ ਆਪ ਕੋ ਜਬੈ।
ਛਪਜੋ ਬਿਲੋਕਤਿ ਹਮਰੇ ਤਬੈ[3]' ॥੪੦॥
ਸਤਿਗੁਰ ਕਹਜੋ '[4]ਘਾਲ ਇਨ ਘਾਲੀ।
ਕਿਸੁ ਕਰਮ ਫਲ ਭਯੋ ਬਿਸਾਲੀ।
ਅਬਿ ਕੇਤਿਕ ਦਿਨ ਮਹਿਂ ਕੱਲਜਾਨ[4]।
ਜਾਇ ਭਿਸਤ ਸੁਖ ਪਾਇ ਮਹਾਨ' ॥੪੧॥
ਤਬਿ ਗ੍ਰਾਂਮਨਿ ਕੇ ਨਰ ਗਨ ਆਏ।
ਕੁਛਕ ਰਸਤ ਘ੍ਰਿਤ ਆਦਿਕ ਲਜਾਏ।

---

[1]ਦਾੜ੍ਹਾ ਬੀ ਚਿੱਟਾ ਤੇ ਪਹਿਰਾਵਾ ਭੀ ਚਿੱਟਾ ਹੈ।
[2]ਸਰੀਂਹ ਦਾ ਬ੍ਰਿੱਛ।
[3]ਸਾਡੇ ਦੇਖਦਿਆਂ ਤਦੋਂ ਹੀ ਲੁਕ ਗਿਆ।
[4]ਭਾਵ ਇਹ ਹੈ ਕਿ ਇਸਨੇ ਘਾਲ ਘਾਲੀ ਹੋਈ ਸੀ, ਕੋਈ ਕਸਰ ਸੀ ਜੋ ਮੁਕਤ ਪਦ ਤੇ ਨਹੀਂ ਗਿਆ, ਪਰ ਕੋਈ ਐਸਾ ਸ਼ੁਭ ਕਰਮ ਸੀ ਜਿਸ ਦੇ ਫਲ ਵਿਚ ਸਾਡਾ ਦਰਸ਼ਨ ਇਸ ਨੂੰ ਹੋਇਆ ਹੈ, ਹੁਣ ਇਸਦੀ ਕਲਜਾਣ ਹੋ ਜਾਏਗੀ।

ਬੰਦਨ ਕਰਿ ਗੁਰ ਕੇ ਢਿਗ ਬੈਸੇ।
ਕਰ ਕੋ ਜੋਰਿ ਭਨੇ ਬਚ ਐਸੇ ॥੪੨॥
'ਕੇਤਿਕ ਦੇਗ਼ ਸਮੀਪ ਕਰਾਵਹੁ[1]।
ਕੇਤਿਕ ਸਿੱਖਨਿ ਸਦਨ ਪਠਾਵਹੁ[2]।
ਘਰ ਘਰ ਮਹਿਂ ਇਕ ਇਕ ਸਿਖ ਜਾਇ।
ਤ੍ਰਿਪਤਹਿ ਕਰਿ ਭੋਜਨ ਪੁਨ ਆਇ' ॥੪੩॥
ਜੇ ਸਿਖ ਸੁਚ ਸੋਂ ਕਰਹਿਂ ਅਹਾਰਾ।
ਸੋ ਨਹਿਂ ਗਮਨੇ ਕਿਸੂ ਅਗਾਰਾ।
ਨਿਕਟ ਗੁਰੂ ਕੇ ਸੋ ਤ੍ਰਿਪਤਾਏ।
ਅਪਰ ਸਰਬ ਘਰ ਤਿਨਹੁਂ ਸਿਧਾਏ ॥੪੪॥
ਇਕ ਇਕ ਸਿਖ, ਇਕ ਇਕ ਘਰ ਗਯੋ।
ਜਾਇ ਸਕਲ ਭੋਜਨ ਤਹਿਂ ਕਯੋ।
ਇਕ ਧਨ ਤੇ ਦਾਰਿੱਦ੍ਰੀ ਮਹਾਂ[3]।
ਕਰਨ ਅਹਾਰ ਸੁ ਪੱਯਹਿ ਕਹਾਂ ॥੪੫॥
ਕਹਜੋ ਸ਼ਰੀਕਨਿ 'ਜਿਤ ਕਿਤ ਲਜਾਵਹੁ।
ਏਕ ਸਿੱਖ ਕੋ ਲੇ ਤ੍ਰਿਪਤਾਵਹੁ।'
ਸੋ ਸਿਖ ਲੇ ਸਿਖ ਕੋ ਘਰ ਗਯੋ।
ਨਿਜ ਬਾਸਨ ਧਰਿ ਕਰਿ ਥਿਰ ਭਯੋ ॥੪੬॥
ਊਪਰ ਤੇ ਉਤਾਰਿ ਨਿਜ ਖੇਸ।
ਤਰੇ ਬਿਛਾਯੋ ਭਾਉ ਵਿਸੇਸ਼।
ਬੈਠਿ ਸਿੱਖ ਕੇ ਚਰਨ ਪਖਾਰੇ।
ਆਨੇ ਪੀਲੂ ਸ਼ੁਸ਼ਕ ਅਹਾਰੇ ॥੪੭॥
ਨੀਰ ਭਿਗੋਇ ਨਰਮ ਬਹੁ ਕਰੇ।
ਸਿਖ ਨੇ ਸਿਖ ਕੇ ਆਗੇ ਧਰੇ।
ਖਾਇ ਚੁਲਾ ਪਢਿ ਕਰਿ ਅਰਦਾਸ।
ਚਲਿ ਆਯੋ ਸਤਿਗੁਰ ਕੇ ਪਾਸ ॥੪੮॥
ਗਯੋ ਪੁਚਾਇ ਸੰਗ ਸਿਖ ਹੋਊ।
ਸਿਖ ਨੇ ਕਰਜੋ ਹਟਾਵਨਿ ਸੋਊ।
ਜਬਿ ਸਭਿ ਆਇ ਮਿਲੇ ਗੁਰ ਤੀਰ।

---

[1]ਕੁਝ ਕੁ ਸਿੱਖਾਂ ਦਾ ਲੰਗਰ ਆਪਣੇ ਪਾਸ ਕਰਾਓ।
[2]ਤੇ ਕੁਝਕ ਨੂੰ ਸਿੱਖਾਂ ਦੇ (ਭਾਵ ਸਾਡੇ) ਘਰੀਂ ਘੱਲ ਦਿਓ।
[3]ਭਾਵ ਇਕ ਸਿੱਖ ਐਸਾ ਸੀ ਜੋ ਧਨ ਵਲੋਂ ਬਹੁਤ ਗ੍ਰੀਬ ਸੀ।

ਬੂਝਨ ਕੀਨੇ ਗੁਨੀ ਗਹੀਰ ॥੪੯॥
'ਕਹਾਂ ਕਹਾਂ ਭੋਜਨ ਤੁਮ ਖਾਯੋ?
ਅਪਨੋ ਅਪਨੋ ਦੇਹੁ ਬਤਾਯੋ।'
ਕੋਊ ਕਹੈ 'ਰੋਟਕਾ ਛਾਛੀ।'
ਕੋ ਬੋਲਯੋ 'ਖਿਚਰੀ ਦਧਿ ਆਛੀ' ॥੫੦॥
ਕੋ 'ਪਾਇਸ', ਕੋ ਕਹਿ 'ਥਹਿ[੧*] ਪਈ।'
'ਜਵ ਕੀ ਦੋੜ[੨]' ਕਿਨਹੁੰ ਅਚਿ ਲਈ।
ਇੱਤਯਾਦਿਕ ਸਭਿ ਕੀਨ ਬਤਾਵਨਿ।
ਕਰਯੋ ਜਾਇ ਜਸ ਜਸ ਘਰ ਖਾਵਨਿ ॥੫੧॥
ਮੈਲਾਗਰ ਸਿੰਘ ਬੂਝਨਿ ਕੀਨਾ।
'ਤੈਂ ਕਯਾ ਅਚਯੋ, ਕਹਾਂ ਸਿਖ ਦੀਨਾ?'
ਸੁਨਿ ਕਰ ਜੋਰਿ ਕਹਯੋ 'ਮੈਂ ਨੀਕਾ।
ਭੋਜਨ ਛਕਯੋ ਭਾਉ ਪਿਖਿ ਜੀਕਾ ॥੫੨॥
ਸਗਰੀ ਉਮਰ ਨਹੀਂ ਅਸ ਖਾਯੋ।
ਆਜ ਜਥਾ ਸਿਖ ਨੇ ਅਚਵਾਯੋ।'
ਪੁਰਿ ਜਨ ਤਹਾਂ ਸੁਨਤਿ ਬਿਸਮਾਏ।
'ਤਿਸ ਘਰ ਕੁਛ ਨਹਿਂ, ਕਯਾ ਇਨ ਖਾਏ ॥੫੩॥
ਫਾਕੇ ਪਰ ਫਾਕਾ ਤਿਸ ਹੋਹਿ।
ਕਿਤ ਤੇ ਆਨਿ ਅਚਾਯੋ ਤੋਹਿ।'
ਗੁਰੂ ਕਹਯੋ 'ਸਿਖ ਲੇਹੁ ਹਕਾਰੇ।
ਬੂਝਹਿਂ ਤਿਹ ਕਯਾ ਦੀਨ ਅਹਾਰੇ?' ॥੫੪॥
ਉਠਿ ਰਾਹਕ ਤਿਹ ਲਯਾਇ ਬੁਲਾਇ।
ਪੂਛਯੋ ਗੁਰ 'ਤੈ ਕਹਾਂ ਖੁਵਾਇ?'
ਹਾਥ ਜੋਰਿ ਹੁਇ ਨੰਮ੍ਰਿ ਬਖਾਨੀ।
'ਦੀਨ ਕਟੋਰਾ ਮੈਂ ਭਰਿ ਪਾਨੀ ॥੫੫॥
ਸੋ ਪੀ ਕਰਿ ਸਿਖ ਉਠਿ ਇਤ ਆਯੋ।
ਹੁਤੋ ਦਾਰਿਦੀ ਨਹਿਂ ਕੁਛ ਪਾਯੋ।'
ਕਰਯੋ ਹੁਕਮ 'ਸਚ ਕਯੋਂ ਨਹਿਂ ਕਹੈਂ?

---

[੧]ਕਿਸੇ ਨੇ ਖੀਰ, ਕਿਸੇ ਦਹੀਂ (ਨਾਲ ਰੋਟੀ) ਪਾਈ (ਦੱਸੀ)। [ਥਹੀ=ਮੱਸਯਾ ਆਦਿ ਨੂੰ ਦਹੀਂ ਰਿੜਕਦੇ ਨਹੀਂ, ਤੇ ਵੰਡਕੇ ਖਾਂਦੇ ਹਨ ਉਸ ਨੂੰ ਥਹੀ, ਥੇਈ ਕਹਿੰਦੇ ਹਨ]।
[*]ਪਾ:-ਬਹਿ=ਬੇਹੀ, ਬਾਸੀ।
[੨]ਦੋ ਰੋਟੀਆਂ ਵੇਲਕੇ ਵਿਚ ਘਿਉ ਲਾਕੇ ਪਕਾਉਣੀ, ਪ੍ਰੌਂਠਾ।

ਤ੍ਰਿਪਤਾਯੋ ਸਿਖ ਜਿਮ ਹਿਤ ਚਹੈ[1]' ॥੫੬॥
ਸਿਖ ਨੇ ਸਾਚ ਕਹਜੋ ਤਿਸ ਬੇਰੀ।
'ਹੁਤੀ ਕੋਕੜਾਂ ਪੀਲੁਨਿ[2] ਕੇਰੀ।'
ਗੁਰੂ ਕਹਜੋ 'ਸਿੱਖੀ ਧੰਨ ਧੰਨ।'
ਦੇਖਿ ਭਾਉ ਕੋ ਭਏ ਪ੍ਰਸੰਨ ॥੫੭॥
'ਅਸ ਸਿਖ ਭੀ ਬਿਚ ਪੰਥ ਸੁਹਾਇੰ।
ਸਤੀ ਦੇਹਿ ਸੰਤੋਖੀ ਖਾਇ।
ਸਿਖ ਢਿਗ ਹੋਇ[3] ਅਚਾਵਹਿ ਨਾਂਹੀ।
ਤੌ ਦੂਖਨ ਜਾਨਹੁ ਤਿਸ ਮਾਂਹੀ ॥੫੮॥
ਨਿਰਧਨ ਸਿਖ ਤੇ ਜਾਚਹਿ ਨੀਕਾ[4]।
ਦੋਸ਼ ਲਖਹੁ ਅਚਵਹਿ[5] ਤਿਸ ਹੀ ਕਾ।
ਯਾਂ ਤੇ ਭਾਵ[6] ਮੂਲ ਹੀ ਜਾਨ।
ਅਚਨ ਅਚਾਵਨ ਬਿਧਿ ਪਹਿਚਾਨ' ॥੫੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

---

[1]ਪ੍ਰੇਮ ਦੀ ਚਾਹ ਨਾਲ।
[2]ਪੀਲੂ ਦੀਆਂ ਭੁਗੜੀਆਂ, ਸੁੱਕੇ ਪੀਲੂ [ਕੋਕਨ=ਸੁੱਕੀ ਪੀਲੂ]।
[3]ਸਿੱਖ ਪਾਸ (ਪਦਾਰਥ ਹੋਵੇ।
[4]ਚੰਗਾ (ਭੋਜਨ) ਮੰਗੇ।
[5]ਖਾਣ ਵਾਲੇ ਦਾ ਦੋਸ਼ ਜਾਣੋ।
[6]ਪ੍ਰੇਮ।

## ੪. [ਕੋਟ ਕਪੂਰੇ]

੩<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੫

ਦੋਹਰਾ: ਕਰਯੋ ਕੂਚ ਤਹਿਂ ਤੇ ਚਢੇ, ਸ੍ਰੀ ਸਤਿਗੁਰ ਸੁਖਦਾਇ।
ਗਏ ਕਪੂਰੇ ਕੋਟ ਕੋ, ਸਿੰਘ ਸੰਗ ਸਮੁਦਾਇ ॥੧॥
ਚੌਪਈ: ਕੇਤਿਕ ਪੁਰਿ ਤੇ ਉਤਰੇ ਦੂਰ।
ਹੇਰੀ ਥਾਇਂ ਉਚਿਤ ਜਹਿਂ ਰੂਰ।
ਡੇਰਾ ਕਰਯੋ ਤੁਰੰਗ ਲਗਾਏ।
ਤ੍ਰਿਣ ਈਂਧਨ ਇਕਠੇ ਕਰਿ ਲਯਾਏ ॥੨॥
ਬੈਠੇ ਸਤਿਗੁਰ ਲਾਇ ਦਿਵਾਨ।
ਕੇਤਿਕ ਦਰਸਤਿ ਹੈਂ ਨਰ ਆਨਿ।
ਖਬਰ ਕਪੂਰੇ ਕੇ ਢਿਗ ਗਈ।
ਮਿਲਿਬੇ ਕਾਰਨ ਤਯਾਰੀ ਕਈ ॥੩॥
ਘੋੜਾ ਏਕ ਸ਼ਿੰਗਾਰ ਬਨਾਯੋ।
ਦੈਬੇ ਹੇਤੁ ਉਪਾਯਨ ਲਯਾਯੋ।
ਕੇਤਿਕ ਨਰ ਲੇ ਕਰਿ ਨਿਜ ਸਾਥ।
ਪਹੁਂਚਯੋ ਆਇ ਪਿਖੇ ਗੁਰ ਨਾਥ ॥੪॥
ਪਦ ਅਰਬਿੰਦ ਬੰਦਨਾ ਕਰੀ।
ਹਾਥ ਬੰਦਿ ਬੈਠਯੋ ਤਿਸ ਘਰੀ।
ਕੁਸ਼ਲ ਪ੍ਰਸ਼ਨ ਕਹਿ ਕ੍ਰਿਪਾ ਨਿਧਾਨਾ।
'ਕ੍ਰਿਪਾ ਆਪ ਕੀ ਅਨੰਦ ਮਹਾਨਾ' ॥੫॥
'ਕਹਹੁ ਕਪੂਰਾ! ਆਯੁਧ ਧਰੇ।
ਧੀਰ ਬੀਰਤਾ ਕੇਤਿਕ ਕਰੇ?
ਰਣ ਕੀ ਚੌਂਪ ਬਿਸਾਲ ਕਿ ਨਾਂਹੀ?
ਜਿਸ ਤੇ ਬੀਰ ਪਰਮਪਦ ਪਾਹੀਂ' ॥੬॥
ਕਹਯੋ ਕਪੂਰੇ ਸ੍ਰੀ ਗੁਰ ਸਾਥ।
'ਇਹੁ ਜਗ ਨਾਥ! ਆਪ ਕੇ ਹਾਥ।
ਧੀਰ ਬੀਰ ਕੋ ਭੀਰੁ ਬਨਾਵਹੁ[1]।
ਭੀਰੁਨਿ ਤੇ[2] ਬਹੁ ਜੁੱਧ ਮਚਾਵਹੁ' ॥੭॥
'ਭਲਾ ਕਪੂਰੇ! ਭਲਾ ਕਪੂਰੇ!'
ਬੋਲੇ ਪਾਤਸ਼ਾਹੁ ਗੁਰ ਪੂਰੇ।

---
[1]ਕਾਇਰ ਬਣਾ ਸਕਦੇ ਹੋ।
[2]ਕਾਇਰਾਂ ਤੋਂ।

'ਵਹਿਰ ਅਖੇਰ ਕਰਹਿਂ ਕਿਸ ਕੇਰਾ[1]?
ਕਿਤ ਦਿਸ਼ਿ ਗਮਨ ਫਿਰਹਿਂ ਬਹੁ ਫੇਰਾ[2]?' ॥੮॥
ਕਹੈ ਕਪੂਰਾ 'ਕੂਕਰ ਬਾਜ।
ਰਾਖੌਂ ਮੈਂ ਅਖੇਰ ਕੋ ਸਾਜ।
ਸ਼ਿਕਰੇ ਜੁਰਰੇ ਆਦਿ ਘਨੇਰੇ।
ਅਨਵਾਏ ਦੇ ਦਰਬ ਬਡੇਰੇ ॥੯॥
ਬਡੇ ਬਿਹੰਗਨਿ ਜਾਨਿ ਨ ਦੇਤਿ।
ਬਲ ਤੇ ਝਪਟ ਕਰਤਿ ਗਹਿ ਲੇਤ।'
ਇੱਤਜ਼ਾਦਿਕ ਬਾਤੈਂ ਕੁਛ ਔਰ।
ਕਰਤਿ ਭਏ ਸੋਢੀ ਸਿਰਮੌਰ ॥੧੦॥
ਕਰਿ ਬੰਦਨ ਉਠਿ ਸਦਨ ਸਿਧਾਰਾ।
ਸਤਿਗੁਰ ਦੇਖਤਿ ਦੁਰਗ ਬਿਚਾਰਾ।
-ਜੇ ਕਰਿ ਦੇਹਿ ਕਪੂਰਾ ਕੋਟ।
ਲਾਖਹੁਂ ਤੁਰਕ ਹਤਹਿਂ ਗਹਿ ਓਟ ॥੧੧॥
ਚਿਤਵਤਿ ਰਹੇ ਬਿਤੀ ਤਹਿਂ ਰਾਤੀ।
ਸੌਚ ਸ਼ਨਾਨ ਠਾਨਿ ਕਰਿ ਪ੍ਰਾਤੀ।
ਲਗਜੋ ਦਿਵਾਨ ਖਾਲਸੇ ਕੇਰਾ।
ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਘਨੇਰਾ ॥੧੨॥
ਨਰ ਨਾਰੀ ਗਨ ਗ੍ਰਾਮਨਿ ਕੇਰੇ।
ਧਾਇ ਆਇ ਗੁਰ ਦਰਸ਼ਨ ਹੇਰੇ।
ਚਾਵਲ ਚੂਨ ਘ੍ਰਿਤਾਦਿਕ ਲਜਾਵੈਂ।
ਦੇਗ਼ ਬਿਖੈ ਦਧਿ ਦੂਧ ਸੁ ਪਾਵੈਂ ॥੧੩॥
ਭਾਉ ਪ੍ਰੇਮ ਤੇ ਧਰਹਿਂ ਦਰਸ ਕਰਿ।
ਬੰਦਹਿਂ ਪਦ ਅਰਬਿੰਦ ਹਰਖ ਧਰਿ।
ਇਕ ਨਿਸ ਬਾਸੁਰ ਜਬਹਿ ਬਿਤਾਯੋ।
ਬਹੁਰ ਕਪੂਰਾ ਚਲਿ ਕਰਿ ਆਯੋ ॥੧੪॥
ਦੀਰਘ ਜਾਮਾ ਜਿਸ ਗਰ ਪਰਜੋ।
ਚਾਲ ਸ਼ੀਘ੍ਰ ਤੇ ਬਹੁ ਬਿਸਤਰਜੋ[3]।
ਹਾਥਨਿ ਸਾਥ ਸੰਭਾਰਿਤ ਨਾਂਹੀ।

---

[1]ਸ਼ਿਕਾਰ ਤੂੰ ਕਿਸਦਾ ਕਰਦਾ ਹੈਂ?
[2]ਕਿਸ ਤਰਫ ਜਾਕੇ ਬਹੁਤ ਫਿਰਦਾ ਹੈਂ?।
[3]ਛੇਤੀ ਚਲਨ ਨਾਲ (ਜਾਮਾ) ਬਹੁਤ ਫੈਲਦਾ ਹੈ।

ਚਲਤਿ ਉਡਾਵਤਿ ਰਜ ਮਗ ਮਾਂਹੀ ॥੧੫॥
ਤਿਮ ਹੀ ਸਤਿਗੁਰ ਕੇ ਢਿਗ ਆਯੋ।
ਚਹਤਿ ਅਪਨਪੌ ਸਭਿਨ ਦਿਖਾਯੋ।
ਮੈਲਾਗਰ ਸਿੰਘ ਤਿਸ ਕੋ ਦੇਖਿ।
ਆਇ ਉਡਾਵਤਿ ਧੂਲਿ ਵਿਸ਼ੇਖ ॥੧੬॥
'ਚੌਧਰਿ! ਚਲਹੁ ਅਦਬ ਕੇ ਸਾਥ।
ਗਰਦ ਉਡਤਿ ਬੈਠੇ ਗੁਰ ਨਾਥ।
ਬਸਤ੍ਰ ਸੰਕੋਚਿ ਪਸਾਰਹੁ ਨਾਂਹਿ।
ਸਰਲ ਭਰਲ ਹੁਇ ਕਿਸ ਬਿਧਿ ਜਾਹਿਂ[1] ॥੧੭॥
ਸਹਤ ਅਦਾਇਬ ਸਾਹਿਬ ਦੇਖਿ[2]।
ਤਜਿ ਕਰਿ ਮਨ ਕੋ ਮਾਨ ਵਿਸ਼ੇਖ।'
ਸਿੰਘ ਬਾਕ ਸੁਨਿ ਕਰਿ ਜਨੁ ਦਾਵਾ।
ਮਨ ਬਨ ਕੋ ਲਗਿ ਅਧਿਕ ਜਲਾਵਾ ॥੧੮॥
ਕਿਧੌਂ ਜ੍ਵਲਤਿ ਮਨ ਦੀਪਕ ਨਜਾਈਂ[3]।
ਸਿੰਘ ਬਾਕ ਬਹੁ ਬਾਯੁ ਬੁਝਾਈ[4]।
ਰਿਸ ਜੁਤਿ ਚਿਤ ਭਾ ਲਖਿ ਅਪਮਾਨਾ।
ਬਸ ਨ ਬਸਾਇ ਨ ਸਕੈ ਬਖਾਨਾ ॥੧੯॥
ਗੁਰ ਸਮੀਪ ਹੁਇ ਬੰਦਨ ਠਾਨੀ।
ਬੈਠਿ ਗਯੋ ਤਬਿ ਭਾ ਮਨ ਹਾਨੀ।
ਇਕ ਪ੍ਰਯੰਕ ਪਰ ਸਤਿਗੁਰ ਥਿਰੇ।
ਦੁਤਿਯੇ ਪਰ ਪ੍ਰਭੁ ਆਯੁਧ ਧਰੇ ॥੨੦॥
ਨਿਰਮਲ ਚੰਦ੍ਰਹਾਸ ਖਰ[*] ਧਾਰਾ[5]।
ਧਾਰਾ ਗੁਨ ਕੁਦੰਡ[6] ਬਡ ਭਾਰਾ।
ਤਰਕਸ਼ ਭਰੇ ਖਰੇ ਕਰਿ ਤੀਰ।
ਤੀਰ[7] ਸੁਹਾਵਤਿ ਗੁਨੀ ਗਹੀਰ ॥੨੧॥

---

[1]ਪਾਸੇ ਮਾਰਦਾ ਕੀਕੂੰ ਤੁਰ ਰਿਹਾ ਹੈਂ। (ਅ) (ਹੰਕਾਰ ਨਾਲ ਭਰਿਆ ਸਿੱਧਾ ਕਿਸ ਤਰ੍ਹਾਂ ਜਾ ਰਿਹਾ ਹੈਂ।
[2]ਦਰਸ਼ਨ ਕਰਨਾ ਚਾਹੀਏ।
[3]ਅਥਵਾ (ਕਪੂਰੇ ਦਾ) ਮਨ ਦੀਵੇ ਵਾਂਙੂ (ਜਗ ਰਿਹਾ ਸੀ)।
[4](ਮੈਲਾਗਰ) ਸਿੰਘ ਦੇ ਵਾਕ ਰੂਪ ਤ੍ਰਿੱਖੀ ਵਾਯੂ ਨੇ ਬੁਝਾ ਦਿੱਤਾ।
[*]ਪਾ:-ਖਗ।
[5]ਤਿੱਖੀ ਧਾਰ ਵਾਲੀ ਤਲਵਾਰ।
[6]ਚਿੱਲੇ ਸਹਿਤ ਧਨੁਖ।
[7]ਨੇੜੇ।

ਏਕ ਚਮਰ ਸਤਿਗੁਰ ਸਿਰ ਫਿਰੈ।
ਦੂਸਰ ਸ਼ਸਤ੍ਰਨਿ ਊਪਰ ਢੁਰੈ।
ਹੇਰਿ ਕਪੂਰਾ ਤਰਕਤਿ ਭਾਖੇ।
'ਭਲੇ ਬਨਾਇ ਸ਼ਸਤ੍ਰ ਇਹ ਰਾਖੇ ॥੨੨॥
ਰਾਵਰਿ ਸਿਰ ਪਰ ਚਾਮਰ ਫੇਰਤਿ।
ਇਹ ਤੌਂ ਰੀਤਿ ਆਦਿ ਕੀ ਹੇਰਤਿ।
ਦੂਸਰ ਸ਼ਸਤ੍ਰਨਿ ਪਰ ਫਿਰਵਾਵੋ।
ਇਹ ਤੌਂ ਰੀਤਿ ਨਈ ਬਿਦਤਾਵੋ ॥੨੩॥
ਧੂਪ ਧੁਖਾਵਤਿ ਚੰਦਨ ਚਰਚਾ।
ਫੂਲਨ ਮਾਲ ਬਿਸਾਲਹਿ ਅਰਚਾ।'
ਸੁਨਿ ਸ੍ਰੀ ਮੁਖ ਤੇ ਕਹਿ ਸਮੁਝਾਯੋ।
ਸ਼ਸਤ੍ਰਨਿ ਅਦਬ ਚਹਿਯ ਰਖਵਾਯੋ ॥੨੪॥
ਮਾਖੀ ਆਇ ਅਪਾਵਨ ਥਿਰੈ।
ਚਮਰ ਢੁਰਤਿ ਸੋ ਬਰਜਨ ਕਰੈ।
ਇਹ ਸਭਿ ਕੇ ਸਿਰਮੌਰ ਸੁਰਨ ਮੈਂ[1]।
ਦੇਂ ਰਿਪੁ ਗਨ ਤੇ ਫਤੇ ਸੁ ਰਨ ਮੈਂ ॥੨੫॥
ਪ੍ਰਿਥੀ ਸੁਰਗ ਕੋ ਰਾਜ ਘਨੇਰਾ।
ਓਜ ਸੁਰਾਸਰ ਕੇਰਿ ਬਡੇਰਾ।
ਸਭਿ ਸ਼ਸਤ੍ਰਨਿ ਕੇ ਹੈ ਅਨੁਸਾਰੇ।
ਜੋ ਇਨ ਧਰੈ ਸੁ ਹੁਇ ਬਲ ਭਾਰੇ ॥੨੬॥
ਇਨ ਸਮ ਸ਼ਕਤਿਵੰਤ ਨਹਿਂ ਕੋਊ।
ਜੋ ਕਰ ਧਰੈ ਬਲੀ ਹੁਇ ਸੋਊ।
ਆਦਿ ਅਕਾਲ ਪੁਰਖ ਕਰਤਾਰਾ।
ਪ੍ਰਥਮ ਖੜਗ ਤਿਨ ਰਚਯੋ ਉਦਾਰਾ ॥੨੭॥
ਮਾਨਨੀਯ ਸੁਰ ਅਸੁਰਨਿ ਕੇਰੇ।
ਧਰਹਿਂ ਜੁ ਪੂਜਹਿਂ[2], ਹ੍ਵੈਂ ਸੁ[3] ਬਡੇਰੇ।
ਨਰ ਬਪੁਰੇ ਕੀ ਗਿਨਤੀ ਕਹਾਂ।
ਅਸਿਧੁਜ ਸ੍ਰੀ ਅਕਾਲ ਹੈ ਮਹਾਂ' ॥੨੮॥
ਸੁਨਿ ਕਰਿ ਤੂਸ਼ਨ ਹੋਇ ਕਪੂਰੇ।

---

[1]ਦੇਵਤਿਆਂ ਵਿਚੋਂ (ਪੂਜਯ)।
[2]ਜੋ ਧਾਰਨਗੇ ਤੇ ਪੂਜਣਗੇ।
[3]ਓਹ।

ਗੁਰ ਬਚ ਨਿਸ਼ਚਾ ਕਿਯੋ ਨ ਕੂਰੇ[1]।
ਅੰਤਰਜਾਮੀ ਜਾਨਿ ਬਖਾਨਾ।
'ਸੁਨਹੁ ਕਪੂਰ ਸਿੰਘ ਧਰਿ ਕਾਨਾ ॥੨੯॥
ਨੈਂ ਲਗਿ[2] ਕਰਿ ਹੈਂ ਰਾਜ ਤੁਹਾਰਾ।
ਗਜ ਬਾਜੀ ਦਲ[*] ਵਧੈ ਉਦਾਰਾ।
ਤੁਰਕਨ ਸੰਗ ਜੰਗ ਕੇ ਕਾਰਨ।
ਦੇਹੁ ਦੁਰਗ ਦੇਖਹੁ ਦਲ ਦਾਰੁਨ[3] ॥੩੦॥
ਲਸ਼ਕਰ ਨੌਰੰਗ ਕੋ ਲਰਿ ਮਾਰੈਂ।
ਕਾਤੁਰ ਤੁਰਕ ਪਲਾਵਤਿ ਹਾਰੈਂ।'
ਸੁਨਿ ਕਰਿ ਦੀਨ ਹੋਇ ਕਰਿ ਕਹੈ।
'ਹਮ ਮੈਂ ਕਹਾਂ ਸ਼ਕਤਿ ਇਮ ਅਹੈ ॥੩੧॥
ਰਿਪੁ ਸਮ ਜਾਨਿ ਤੁਰਕ ਗਹਿਂ ਮੋਹਿ।
ਮਾਰਹਿਂ ਫਾਸੀ ਦੇ ਕਰਿ ਕ੍ਰੋਹ।
ਸ਼੍ਰੀ ਗੁਰ! ਤੁਮ ਤੌਂ ਬੇ ਪਰਵਾਹ।
ਬਿਗਰ ਲਰੇ[4] ਤੁਰਕੇਸ਼ੁਰ ਸ਼ਾਹ ॥੩੨॥
ਲਾਖਹੁਂ ਨਰ ਮਾਰੇ ਮਰਿਵਾਏ।
ਆਨੰਦਪੁਰਿ ਉਜਾਰ ਕਰਿ ਆਏ।
ਭਲੀ ਸੀਖ ਅਬਿ ਦੇਵਨ ਲਾਗੇ।
ਜਿਸ ਤੇ ਬਚਹਿ ਨ, ਕਿਤ ਕੋ ਭਾਗੇ ॥੩੩॥
ਤਿਨ ਤੁਰਕਨਿ ਤੇ ਮੋਹਿ ਬਿਗਾਰਹੁ।
ਜਿਮ ਉਜਰੇ ਤਿਮ ਮੋਹਿ ਉਜਾਰਹੁ।
ਹਮ ਤੌਂ ਬੰਦੇ ਨਿਤ ਪਤਿਸ਼ਾਹੀ।
ਬਿਗਰੇ ਮਾਰਹਿਂ ਮੁਝ ਦੇ ਫਾਹੀ' ॥੩੪॥
ਸੁਨਿ ਸਤਿਗੁਰ ਰਿਸ ਉਰ ਧਰਿ ਭਾਖਾ।
'ਜੇਕਰਿ ਇਮ ਤੇਰੀ ਅਭਿਲਾਖਾ।
ਤੌਂ ਦੇ ਫਾਸ ਤੁਰਕ ਹੀ ਮਾਰੈਂ।
ਗੁਨ ਅਵਗੁਨ ਤੁਵ ਕੁਛ ਨ ਬਿਚਾਰੈਂ ॥੩੫॥
ਜਿਨ ਸ਼ਸਤ੍ਰਨਿ ਪਰ ਤਰਕ ਕਰੰਤਾ।

---

[1]ਕੂੜੇ (ਕਪੂਰੇ) ਨੇ।
[2]ਨਦੀ ਤਕ। ਭਾਵ ਸਤਲੁਜ ਤਕ, ਹੁਣ ਵਾਲੇ ਫੀਰੋਜ਼ਪੁਰ ਦੇ ਜ਼ਿਲੇ ਆਦਿਕ ਤੋਂ ਮੁਰਾਦ ਹੈ।
[*]ਪਾ:-ਰਥ।
[3]ਦੇਖੋ ਭਯਾਨਕ ਦਲੀਜਣਾਂ (ਪਾਮਾਲ ਹੋਣਾ ਤੁਰਕਾਂ ਦਾ)। (ਅ) ਭਾਵ ਭਯਾਨਕ ਜੰਗ।
[4]ਵਿਗੜਕੇ ਲੜੇ ਹੋ।

ਪਿਖਿ ਪ੍ਰਤਾਪ ਤਿਨ ਤੇ ਡਰਪੰਤਾ?
ਦੇਨ ਲਗੇ ਹਮ ਅਧਿਕ ਬਡਾਈ।
ਭਯੋ ਨਿਭਾਗ ਨ ਸਾਕਹਿਂ ਪਾਈ ॥੩੬॥
ਆਨੰਦਪੁਰਾ ਬਸਹਿਗੋ ਸਦਾ।
ਇਸ ਥਲ ਤੇ ਤੂੰ ਹੀ ਹੁਇਂ ਅਦਾ[1]।
ਜਿਨ ਕੋ ਬੰਦਾ, ਕਰਹਿਂ ਸੁ ਬੰਦ[2]।
ਦੇਂ ਫਾਸੀ ਤੁਹਿ ਕਰਹਿਂ ਨਿਕੰਦ[3] ॥੩੭॥
ਤੱਤ ਅਤੱਤ[4] ਨ ਮੂਰਖ ਜਾਨੈਂ।
ਲਾਭ ਲੇਨ ਤੇ ਤੋਟਾ ਮਾਨੈਂ।
ਪਸੁ ਜਯੋਂ ਪੇਟ ਭਰੇ ਪਰ ਸੋਵੈਂ।
ਜਸੁ ਜਗ ਗਤਿ ਪ੍ਰਲੋਕ ਕੀ ਖੋਵੈਂ[5] ॥੩੮॥
ਮਤਿ ਅੰਧੇ ਜਾਨਜੋ ਕਛੁ ਨਾਂਹੀ।
ਸਭਿ ਸੁਖ ਦੇਤਿ, ਪਰਜੋ ਦੁਖ ਮਾਂਹੀ।
ਜਿਨ ਤੁਰਕਨ ਪਰ ਉਰ ਭਰਵਾਸਾ।
ਤਿਨ ਤੇ ਹੀ ਤੁਝ ਹੋਇ ਬਿਨਾਸ਼ਾ ॥੩੯॥
ਖੇਹ ਤੋਬਰਾ ਬਦਨ ਚਢਾਇ।
ਫਾਸੀ ਦੇ ਮਾਰਹਿਂ ਸਹਿਸਾਇ।'
    ਸੁਨਿ ਸ਼ਰਮਿੰਦਤਿ ਭਯੋ ਕਪੂਰਾ।
    ਨੀਵੀਂ ਗ੍ਰੀਵ ਥਿਰਜੋ ਕੁਛ ਕੂਰਾ ॥੪੦॥
ਪੁਨ ਉਠਿ ਅਪਨੇ ਸਦਨ ਸਿਧਾਰਾ।
ਭਯੋ ਸ੍ਰਾਪ ਦਾਰੁਨ ਦੁਖ ਭਾਰਾ।
ਭਲੀ ਹੋਤਿ ਉਲਟੀ ਗਲ ਪਰੀ।
ਬਰਜੋ ਦੁਰਗ ਤਕਰਾਈ ਕਰੀ ॥੪੧॥
ਦ੍ਵਾਰ ਕਿਵਾੜ ਅਸੰਜਤਿ ਕਰੇ।
-ਅਸ ਨਹਿਂ ਹੋਇ ਗੁਰੂ ਬਿਚ ਬਰੇ।
ਪਤਿਸ਼ਾਹੀ ਲਸ਼ਕਰ ਚਢਿ ਆਵੈ।
ਮਾਰ ਗਰਦ ਮਹਿਂ ਦੁਰਗ ਮਿਲਾਵੈ- ॥੪੨॥
ਯਾਂ ਤੇ ਮੂੰਦ ਲੀਏ ਦਰਵਾਜੇ।

---

[1]ਨਿਆਰਾ। (ਅ) ਨਾਸ਼।
[2]ਜਿਨ੍ਹਾਂ ਦਾ ਤੂੰ ਬੰਦਾ ਹੈਂ (ਓਹ) ਕੈਦ ਕਰਨਗੇ (ਤੈਨੂੰ)।
[3]ਨਾਸ਼।
[4]ਸਾਰ ਅਸਾਰ।
[5]ਇਸ ਲੋਕ ਦਾ ਜਸ ਤੇ ਪ੍ਰਲੋਕ ਦੀ ਮੁਕਤੀ ਖੋ ਲੈਂਦੇ ਹਨ।

ਚਿਤ ਮਹਿਂ ਚਿੰਤ ਮਹਾਂ ਉਪਰਾਜੇ।
ਗੁਰੂ ਬਾਕ ਨਹਿਂ ਮੂਰਖ ਮਾਨਜੋ।
ਲਿਯੋ ਨ ਬਰ ਤੌਂ ਸ੍ਰਾਪ ਬਖਾਨਜੋ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਸਿਰ੍ਹਦੋਂ ਫੌਜ ਦੀ ਚੜ੍ਹਾਈ। ਢਿੱਲਵੀਂ ਕੌਲ ਪਾਸ]

੪<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੬

ਦੋਹਰਾ: ਤੁਰਕਨਿ ਕੀ ਗਨ ਬਾਹਨੀ,
ਸੀਰੰਦ ਕੀਨਿ ਬਟੋਰ।
ਚਹੈਂ ਗੁਰੂ ਕੋ ਪਕਰਨੇ,
'ਦੌਰ ਕਰਹੁ ਥਲ ਟੋਰਿ' ॥੧॥

ਚੌਪਈ: ਸੁਧਿ ਪਹੁੰਚੀ 'ਦੀਨੇ ਕੇ ਗ੍ਰਾਮੂ।
ਕੇਤਿਕ ਦਿਨ ਬਸਿ ਕਰਿ ਤਿਨ ਧਾਮੂ।
ਤਹਿਂ ਤੇ ਗਮਨ ਅਗਾਰੀ ਗਏ।
ਕੇਤਿਕ ਚਮੂੰ ਸੰਗ ਮੈਂ ਲਏ' ॥੨॥
ਸੁਨਤਿ ਵਜੀਦਾ ਮੂਰਖ ਮਾਨੀ।
ਪਠੇ ਦੂਤ ਕੇਚਿਤ ਅਗਵਾਨੀ।
'ਟਿਕਹਿਂ ਗ੍ਰਾਮ ਜਿਸ, ਦਿਹੁ ਸੁਧਿ ਆਈ।
ਦੌਰ ਕਰਹਿਂ ਤਹਿਂ ਦਲ ਸਮੁਦਾਈ ॥੩॥
ਜਾਹਿਂ ਅਚਾਨਕ ਗਹਿ ਕਰਿ ਲਜਾਵਹਿਂ।
ਜੀਵਤਿ ਹਜ਼ਰਤ ਨਿਕਟ ਪਠਾਵਹਿਂ।
ਹੋਹਿ ਪ੍ਰਸੰਨ ਦਰਬ ਬਹੁ ਦੈ ਹੈ।
ਸ਼ਾਹੁ ਮਨੋਰਥ ਪੂਰਨ ਹ੍ਵੈ ਹੈ*' ॥੪॥
ਇੱਤਜਾਦਿਕ ਬਿਚਾਰ ਕਰਿ ਭਾਯੋ[1]।
ਲਸ਼ਕਰ ਕਈ ਹਜ਼ਾਰ ਪਠਾਯੋ।
ਦਾਵ ਤਕਾਵਤਿ ਤੁਰਕ ਬਿਚਾਰੇਂ।
-ਪਕਰਜੋ ਜਾਇ ਘਾਤ ਨਿਰਧਾਰੇ[2]- ॥੫॥
ਕੋਪ ਕਪੂਰੇ ਪਰ ਕਰਿ[3] ਤਬੈ।
ਡੇਰਾ ਕੂਚ, ਚਢੇ ਸਿਖ ਤਬੈ।
ਸਹਿਜ ਸੁਭਾਇਕ ਹਯ ਆਰੂੜੇ।
ਖਿਲਤਿ ਅਖੇਰ ਚਲਤਿ ਗੁਨ ਗੂੜੇ ॥੬॥
ਢਿੱਲਵ ਗ੍ਰਾਮ ਕੋਸ ਦੁਇ ਤੀਨ।

---

*ਕੇਵਲ ਇਹੀ ਕਾਰਨ ਨਹੀਂ। ਵਜ਼ੀਦ ਖ਼ਾਂ ਛੋਟੇ ਸਾਹਿਬਜ਼ਾਦੇ ਅਤਿ ਬੇਦਰਦੀ ਨਾਲ ਸ਼ਹੀਦ ਕਰ ਚੁੱਕਾ ਹੈ, ਹੁਣ ਉਸ ਨੂੰ ਆਪਣਾ ਡਰ ਵਿਸ਼ੇਸ਼ ਹੈ ਕਿ 'ਜੇ ਗੁਰੂ ਜੀ ਕਾਮਯਾਬ ਹੋ ਗਏ ਤਾਂ ਸਭ ਤੋਂ ਵੱਧ ਦੰਡ ਦਾ ਮੈਂ ਅਧਿਕਾਰੀ ਹੋਵਾਂਗਾ' ਇਸ ਵਾਸਤੇ ਉਹ ਗੁਰੂ ਜੀ ਦਾ ਵਿਨਾਸ਼ ਬਹੁਤ ਤੜਪਨਾ ਨਾਲ ਚਾਹੁੰਦਾ ਹੈ।

[1]ਐਉਂ ਵਿਚਾਰਕੇ ਉਸ ਨੂੰ ਇਹ (ਗੱਲ) ਭਾਈ ਕਿ.......।

[2]ਦਾਉ ਤੱਕਦੇ ਤੁਰਕ ਵਿਚਾਰਾਂ ਕਰਦੇ ਹਨ (ਕਿ ਕਿਵੇਂ ਗੁਰੂ) ਪਕੜਿਆ ਜਾਏ (ਉਹ) ਘਾਤ ਨਿਰਣੈ ਹੋ ਜਾਏ।

[3]ਕਪੂਰੇ ਤੋਂ ਗੁੱਸੇ ਹੋਕੇ (ਗੁਰੂ ਜੀ ਅੱਗੇ ਟੁਰੇ)।

ਜਾਇ ਪਹੁੰਚੇ ਗੁਰੂ ਪ੍ਰਬੀਨ।
ਸੋਢੀ ਬੰਸ ਪ੍ਰਿੱਥੀਏ ਕੇਰਾ।
ਬਸਹਿ ਤਹਾਂ ਬਾਸਾ ਬਹੁਤੇਰਾ ॥੭॥
ਨਾਮ ਕੌਲ ਅਜ਼ਮਤ ਜੁਤਿ ਜੋਏ।
ਚਾਰ ਪੁੱਤ੍ਰ ਤਿਸ ਕੇ ਗ੍ਰਿਹ ਹੋਏ।
ਸਤਾਨੰਦ ਹਰਿਨੰਦ ਸੁ ਚਾਲੀ।
ਪੁਨ ਅਮਰੀਕ ਰਾਇ ਬਨਵਾਲੀ ॥੮॥
ਬਨਵਾਲੀ ਕੈ ਨੰਦਨ ਏਕ।
ਅਭੈਰਾਮ ਗੁਨ ਧਰਹਿ ਅਨੇਕ।
ਅਭੈਰਾਮ ਕੇ ਸੁਤ ਭੇ ਚਾਰ।
ਇਕ ਸ਼੍ਰੀ ਰਾਮ[੧] ਪ੍ਰਜਾਪਤਿ[੪] ਧਾਰ ॥੯॥
ਰਾਮਕੁਇਰ[੪] ਜਸਪਤਿ[੪] ਗਿਨ ਲੇਹ।
ਮਾਨਨੀਯ ਸੰਗਤਿ ਕੇ ਏਹ।
ਸ਼੍ਰੀ ਗੁਬਿੰਦ ਸਿੰਘ ਕੋ ਆਗਵਨੂ।
ਸ਼੍ਰਵਨ ਕਰਜੋ ਜਬਿ ਅਪਨੇ ਭਵਨੂ ॥੧੦॥
ਸ਼੍ਰਾਧ ਕਰਾਵਤਿ ਤਤਛਿਨ ਛੋਰਾ।
ਸ਼ੀਘ੍ਰ ਧਰਤਿ ਆਯਸਿ[੨] ਗੁਰ ਓਰਾ।
ਹਰਖਤਿ ਨਿਕਟ ਪਹੂਚਜੋ ਜਬੈ।
ਭਾਉ ਸਮੇਤ ਪਰਖਿ ਕਰਿ ਤਬੈ ॥੧੧॥
ਸ਼੍ਰੀ ਗੁਰ ਗਰੇ ਲਾਇ ਕਰਿ ਮਿਲੇ।
ਬੈਠੇ ਕੁਸ਼ਲ ਪ੍ਰਸ਼ਨ ਕਰਿ ਭਲੇ।
ਹਾਥਨਿ ਕੀ ਦਿਸ਼ਿ ਦ੍ਰਿਸ਼ਟਿ ਚਲਾਈ।
ਬੂਝਜੋ 'ਅੰਗੁਰੀ ਮਹਿਂ ਕਜਾ ਪਾਈ?' ॥੧੨॥
ਨੰਮ੍ਰਿ ਹੋਇ ਕਰਿ ਕੌਲ ਕਹੰਤਾ।
'ਬੈਠਜੋ ਮੈਂ ਅਬਿ ਸ਼੍ਰਾਧ ਕਰੰਤਾ।
ਸੁਨਜੋਂ ਸ਼੍ਰਵਨ ਰਾਵਰਿ ਆਗਵਨੂ।
ਉਠਜੋ ਭਵਨ ਸੰਭਾਰ ਨ ਕਵਨੂ[੩] ॥੧੩॥
ਸ਼ੀਘ੍ਰ ਕਰਤਿ ਮਿਲਿਬੇ ਹਿਤ ਆਏ।
ਕੁਸ਼ਾ ਪਵਿੱਤ੍ਰੇ ਅੰਗੁਰਨਿ ਪਾਏ।

---
[੧]ਇਹ ਚਹੁਵਾਂ ਦੇ ਨਾਮ ਹਨ।
[੨]ਕਾਹਲੀ ਕਰਕੇ ਆਯਾ।
[੩]ਕੋਈ ਸੰਭਾਲ ਨਹੀਂ ਰਹੀ।

ਨਹੀਂ ਨਿਕਾਰੇ ਕਰ ਮਹਿਂ ਰਹੇ।
ਤੂਰਨ ਹੀ ਦਰਸ਼ਨ ਮਨ ਚਹੇ' ॥੧੪॥
ਸੁਨਿ ਸ਼੍ਰੀ ਗੁਰ ਗੋਬਿੰਦ ਸਿੰਘ ਕਹ੍ਯੋ।
'ਇਹ ਤੁਮ ਕਹਾਂ ਕਰਨ ਕੋ ਚਹ੍ਯੋ।
ਸਤਿਗੁਰ ਰਾਮਦਾਸ ਜਿਸ ਬੰਸ।
ਲੀਨਸਿ ਜਨਮ ਮਾਨਸਰ ਹੰਸ ॥੧੫॥
ਸੰਕ੍ਯਾ[1] ਪਿਤਰ ਛੁਧਿਤਿ ਹੀ ਰਹੇ।
ਜਿਨਹੁ ਬਾਸ ਬੈਕੁੰਠਹਿ ਲਹੇ।
ਐਸੇ ਤ੍ਰਿਪਤ ਭਏ ਇਕ ਵਾਰੀ।
ਬਹੁਰ ਨ ਚਹੈਂ ਅੰਨ ਅਰੁ ਬਾਰੀ' ॥੧੬॥
ਸੁਨੀ ਤਰਕ ਨਿਜ ਕ੍ਰਿਤਿ ਮਹਿਂ ਜਬੈ।
ਉੱਤਰ ਕੌਲ ਬਖਾਨ੍ਯੋ ਤਬੈ।
'ਅਹੈ ਵਾਸਤਵ ਆਪ ਸੁਨਾਈ।
ਤਊ ਸੁਨਹੁ ਜਿਮ ਹਮ ਲਖਿ ਪਾਈ ॥੧੭॥
ਸ਼੍ਰੀ ਬਾਬਾ ਨਾਨਕ ਅਵਤਾਰਾ।
ਨਰਨਿ ਉਧਾਰੇ ਜਿਨਹੁਂ ਨ ਪਾਰਾ।
ਅੰਤ ਸਮੈਂ ਸਪਤਮਿ ਦਿਨ ਮਾਂਹੀ।
ਚਹ੍ਯੋ ਗਮਨ ਪਰਲੋਕ ਤਹਾਂ ਹੀ ॥੧੮॥
ਸਿਰੀ ਚੰਦ ਕੀ ਜਨਨੀ ਆਈ।
ਨੰਮ੍ਰਿ ਬਿਨੈ ਜੁਤਿ ਗਿਰਾ ਅਲਾਈ।
-ਪ੍ਰਾਤ ਅਸ਼ਟਮੀ ਥਿਤ ਸੁਨਿਯੰਤ।
ਤੁਮ ਪਿਤ ਕੋ ਸਰਾਧ ਕਰਿਯੰਤਿ ॥੧੯॥
ਜੇ ਪਰਲੋਕ ਪਧਾਰਹੁ ਆਜ।
ਤੌ ਨ ਹੋਇ ਹੈ ਸ਼੍ਰਾਧ ਸਮਾਜ।
ਭਲੀ ਬਾਤ ਰਹਿਯਹਿ ਭੁਨਸਾਰਾ।
ਪਿਤ ਕੋ ਸ਼੍ਰਾਧ ਕਰਹੁ ਸਭਿ ਕਾਰਾ ॥੨੦॥
ਪੁਨ ਨੌਮੀ ਕੈ ਦਸਮੀ ਦਿਨ ਮਹਿਂ।
ਕਰਹੁ ਆਪ ਜਿਮ ਬਾਂਛਹੁ ਮਨ ਮਹਿਂ-।
ਚੋਣੀ[2] ਬਾਤ ਨੀਕ ਮਨ ਭਾਈ।
ਸੌਜ ਸਮਾਵਨ ਕੀ ਉਠਿਵਾਈ ॥੨੧॥

---
[1]ਭਾਵ ਇਹ ਸ਼ੰਕਾ ਅਜੇ ਤਕ ਹੈ ਤੁਹਾਨੂੰ ਕਿ।
[2]ਭਾਵ ਮਾਤਾ ਸੁਲੱਖਣੀ ਜੀ ਦੀ।

ਰਹੇ ਸਪਤਮੀ ਦਿਵਸ ਬਿਤਾਯੋ।
ਅਸ਼ਟਮਿ ਥਿਤੀ ਸ਼੍ਰਾਧ ਕਿਰਵਾਯੋ*।
ਭੋਜਨ ਊਚ ਨੀਚ ਕੋ ਦਿਯੋ।
ਮਹਾਂ ਜੱਗ ਸ਼੍ਰੀ ਨਾਨਕ ਕਿਯੋ ॥੨੨॥
ਪੁਨ ਨੌਮੀ ਕੇ ਦਿਨ ਭੀ ਰਹੇ।
ਦਸਮੀ ਕੋ ਪ੍ਰਲੋਕ ਪ੍ਰਭੁ ਲਹੇ।
ਜੋ ਬਾਬੇ ਨਾਨਕ ਕ੍ਰਿਤ ਕੀਨੀ।
ਹਮ ਤੁਮ ਕੋ ਚਹਿਯਤਿ ਸੋ ਚੀਨੀ ॥੨੩॥
ਤਿਮ ਹੀ ਕਰਿਬੋ ਬਨਹਿ ਬਿਚਾਰੋ।
ਤਿਸ ਮਹਿਂ ਤਰਕ ਨ ਤਨਕ ਉਚਾਰੋ।'
ਸੁਨਿ ਸ਼੍ਰੀ ਗੋਬਿੰਦ ਸਿੰਘ ਪ੍ਰਮਾਨਾ[1]।
ਮਾਨ ਲੀਨ ਮਨ ਪੁਨਹਿਂ ਬਖਾਨਾ ॥੨੪॥
'ਗੁਰ ਕੋ ਬੰਸ ਬਡੋ ਜਗ ਮਾਂਹੀ।
ਚਹੀਅਹਿ ਰਖਨ ਮ੍ਰਿਜਾਦਾ ਤਾਂਹੀ।
ਤੁਮ ਕੋ ਹੇਰਿ ਅਪਰ ਨਰ ਕਰੈਂ।
ਯਾਂ ਤੇ ਬਡੇ ਮ੍ਰਿਜਾਦਾ ਧਰੈਂ' ॥੨੫॥
ਇੱਤਯਾਦਿਕ ਕਰਿ ਬਾਕ ਬਿਲਾਸਾ।
ਡੇਰਾ ਉਤਰਾਯੋ ਪ੍ਰਭੁ ਪਾਸਾ।
ਬਹੁਰ ਅਨੰਦਪੁਰੇ ਕੋ ਜੰਗ।

---

*ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸੰਗ ਹਿੰਦਾਲੀਆਂ ਦਾ ਮਨਘੜਤ ਹੈ, ਪੁਰਾਤਨ ਜਨਮ ਸਾਖੀ ਵਿਚ ਨਹੀਂ ਹੈ। ਬਾਬੇ ਕਾਲੂ ਜੀ ਨੂੰ ਸ਼੍ਰਾਧ ਕਰਦਿਆਂ ਗੁਰੂ ਨਾਨਕ ਜੀ ਨੇ ਹੋੜਿਆ ਸੀ, ਫਿਰ ਆਪ ਕਦੋਂ ਸ਼੍ਰਾਧ ਕਰਵਾਉਂਦੇ ਸਨ। ਪਿਤ੍ਰਾਂ ਨਮਿੱਤ ਕੀਰਤਨ ਅਰਦਾਸ ਪਾਠ ਭੋਗ ਤਾਂ ਗੁਰੂ ਘਰ ਵਿਚ ਵਿਹਤ ਹੈ ਪਰ ਕੁਸ਼ਾ ਪਹਿਨਕੇ ਬ੍ਰਹਮਣਾਂ ਦੇ ਮਗਰ ਲੱਗਕੇ ਕਾਂ ਕੁੱਤੇ ਖਿਲਾਉਣੇ ਗੁਰਬਾਣੀ ਵਿਚ ਮਨ੍ਹੇ ਹਨ।

ਯਥਾ:- 'ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥ ' [ਮਾਝ ਵਾ. ਮ. ੧
ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ '

ਪੁਨਾ:- 'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ ॥
ਪਿਤਰ ਬੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥'
[ਗਉ: ਕਬੀਰ ਜੀ

ਫਿਰ ਕੌਲ ਜੀ ਦਾ ਕੀਹ ਹੌਸਲਾ ਸੀ ਕਿ ਇਸ ਤਰ੍ਹਾਂ ਕਹਿੰਦਾ, ਤੇ ਅੱਗੋਂ ਸ਼੍ਰੀ ਗੁਰੂ ਜੀ ਆਪ ਜਰ ਲੈਂਦੇ। ਜ਼ਰਾ ਅੱਗੇ ਚਲਕੇ ਦੇਖੋ ਕੌਲ ਨੂੰ ਕੈਸਾ ਉੱਚੀਆਂ ਕਲਾਂ ਦਾ ਉੱਤਰ ਦੇਂਦੇ ਹਨ।
ਸਾਖੀਆਂ ਵਾਲੀ ਪੋਥੀ ਵਿਚ ਇਹ ਸਾਖੀ ਨਹੀਂ ਹੈ।

[1](ਸ਼੍ਰੀ ਗੁਰੂ ਨਾਨਕ ਦੇਵ ਜੀ ਦਾ) ਪ੍ਰਮਾਣ।

ਕਿਤਿਕ ਸੁਨਾਵਨ ਕਰੇ ਪ੍ਰਸੰਗ ॥੨੬॥
ਸੇਵਾ ਸਭਿ ਸੋਢੀਨਿ ਕਰਾਈ।
ਤ੍ਰਿਣ ਦਾਨਾ ਦੇ ਕਰਿ ਸਮੁਦਾਈ।
ਭਲੀ ਪ੍ਰਕਾਰ ਅਹਾਰ ਕਰਾਏ।
ਬੈਠੇ ਬਹੁਰ ਪ੍ਰਸੰਗ ਚਲਾਏ ॥੨੭॥
'ਤੁਮ ਕੋ ਮਿਲਯੋ ਕਪੂਰਾ ਕੈ ਨਹਿਂ।
ਸੇਵਾ ਕਰੀ ਕਿ ਨਹਿਂ ਸ਼ਰਧਾ ਲਹਿ।'
ਸੁਨਿ ਸ਼੍ਰੀ ਗੁਰ ਤਤਕਾਲ ਉਚਾਰੀ।
'ਹਮਹੁ ਕਪੂਰੇ ਜੜ੍ਹਾਂ ਉਖਾਰੀ ॥੨੮॥
ਰਹਨ ਨ ਪਾਇ ਬਿਨਾਸੀ ਹੋਇ।
ਬਾਕ ਨ ਮਾਨਯੋਂ ਮਹਿਮਾ ਜੋਇ।'
ਸੁਨਤਿ ਕੌਲ ਕੇ ਛੋਭ ਬਿਸਾਲਾ।
ਨਿਜ ਸਿਖ ਲਖਿ ਬੋਲਯੋ ਤਤਕਾਲਾ ॥੨੯॥
'ਜਰਾਂ ਕਪੂਰੇ ਕੀ ਦ੍ਰਿਢ ਭਾਰੀ।
ਹਮ ਨੈ ਰਾਖੀ ਪੇਟ ਮਝਾਰੀ।
ਮੋਹਿ ਪੇਟ ਕੋ ਪਾੜਹਿ ਜੋਇ।
ਤਿਸ ਕੀ ਜੜ੍ਹਾ ਉਖਾਰੇ ਸੋਇ' ॥੩੦॥
ਸੁਨਤਿ ਸ਼ੀਘ੍ਰ ਹੀ ਕੌਲ ਮਤੇ ਕੋ।
ਸ਼੍ਰੀ ਗੁਰ ਉੱਤਰ ਦਯੋ ਪਤੇ ਕੋ।
'ਪਾੜਹਿ ਜਬਿ ਹੂੰ ਪੇਟ ਤੁਹਾਰੋ।
ਤਬਿ ਤੁਮ ਹੀ ਤਿਹ ਜਰਾਂ ਉਖਾਰੋ ॥੩੧॥
ਜਿਸ ਰੱਛਾ ਹਿਤ ਜਤਨ ਬਨਾਵਹੁ।
ਤਿਸ ਕੋ ਨਾਸ਼ ਕਰਤਿ ਉਤਲਾਵਹੁ[1]।'
ਸੁਨਤਿ ਕੌਲ ਸ੍ਰਾਪਹਿ ਬਿਸਮਾਯੋ।
-ਭਯੋ ਮੋਹਿ ਭੀ ਭਲੋ ਬਚਾਯੋ[2]- ॥੩੨॥
ਨਹਿਂ ਸਨਮੁਖ ਪੁਨ ਕਛੁ ਉਚਾਰਾ।
ਭੀਮ ਸ੍ਰਾਪ ਤੇ ਡਰ ਉਰ ਧਾਰਾ।
ਸੋਚਤਿ ਗਯੋ ਆਪਨੇ ਭਵਨੁ।
-ਬਾਕ ਨ ਮਿਟਹਿ ਬਨਹਿ ਬਿਧਿ ਕਵਨੁ ॥੩੩॥
ਮੋਹਿ ਪੇਟ ਕੋ ਸੋ ਕਿਮ ਫਾਰਹਿ-।

---
[1]ਛੇਤੀ ਨਾਸ਼ ਕਰੋਗੇ।
[2]ਭਲਾ ਕਪੂਰੇ ਨੂੰ ਬਚਾਇਆ, (ਸਗੋਂ) ਮੈਨੂੰ ਵੀ (ਸ੍ਰਾਪ) ਹੋ ਗਿਆ।

ਇੱਤਜਾਦਿਕ ਬਹੁ ਗਟੀ ਬਿਚਾਰਹਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੩੪॥
ਬਹੁਰ ਕੌਲ ਪੋਸ਼ਿਸ਼ ਕਰਿ ਤਜਾਰੀ।
ਸੂਖਮ ਸੇਤ ਬਸਤ੍ਰ ਮੁਲ ਭਾਰੀ।
ਲੇ ਕਰਿ ਚਲਿ ਆਯੋ ਚਿਤ ਚਿੰਤਾ।
ਬੈਠਜੋ ਨਿਕਟਿ ਹੋਇ ਭਗਵੰਤਾ* ॥੩੫॥
ਅਰਪਨ ਕਰੇ ਬਸਤ੍ਰ ਬਚ ਭਾਖੋ[1]।
'ਅਬਿ ਨੀਲਾਂਬਰ ਕੋ ਨਹਿਂ ਰਾਖੋ।
ਬਿਸਦ ਪਹਿਰ ਕਰਿ ਭਲੇ ਸੁਹਾਵੋ।
ਪੂਰਬਲੀ ਰੀਤਿਨਿ ਬਿਸਰਾਵੋ' ॥੩੬॥
ਸ੍ਰੀ ਮੁਖ ਬੋਲੇ 'ਕਹਜੋ ਤੁਹਾਰੋ।
ਹਮ ਨਹਿਂ ਪਲਟਤਿ[2]+ ਰਿਦੇ ਬਿਚਾਰੋ।'
ਲੇ ਕਰਿ ਪਹਿਰੇ ਸਰਬ ਸਰੀਰ।
ਕਰੇ ਉਤਾਰਨਿ ਨੀਲੇ ਚੀਰ ॥੩੭ ॥ {ਵਿਸ਼ੇਸ਼ ਟੂਕ}
ਬੈਠੇ ਬਹੁਰ ਤਿਸੀ ਅਸਥਾਨ।
ਕੇਤਿਕ ਸਿੰਘਨਿ ਲਗਜੋ ਦਿਵਾਨ।
ਕੌਲ ਪੁੱਤ੍ਰ ਪੌਤ੍ਰੇ ਜੁਤਿ ਸਬੈ।
ਪੁਰਿ ਜਨ ਗਨ ਅਵਿਲੋਕਹਿਂ ਤਬੈ ॥੩੮॥
ਜ੍ਵਲਤਿ ਅੰਗੀਠਾ ਅਗਨਿ ਅਗਾਰੀ।
ਨੀਲਾਂਬਰ ਲੇ ਹਾਥ ਮਝਾਰੀ।
ਲੀਰ ਪਾੜ ਕਰਿ ਤਿਸ ਤੇ ਸਤਿਗੁਰ।
ਸ੍ਰੀ ਮੁਖ ਤੇ ਤੁਕ ਏਵ ਉਚਰਿ ਕਰਿ ॥੩੯॥

ਛੰਦ: 'ਨੀਲ ਬਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲ ਗਇਆ।'
ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿਂ
ਅਗਨਿ ਬਿਖੈ ਪਟ ਡਾਰਿ ਦਯਾ।
ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ

---

*ਇਹ ਚੌਪਈ ਬਹੁਤੇ ਨੁਸਖਿਆਂ ਵਿਚ ਨਹੀਂ ਹੈ।
[1]ਭਾਖਯੋ=ਕੌਲ ਨੇ ਬਚਨ ਕਹਿਆ।
[2]ਨਹੀਂ ਹਟਾਂਵਦੇ।
+ਪਾ:-ਮੇਟਤਿ।

ਪਾਵਕ ਪਾਵਤਿ ਛਾਰ ਕਇਆ।
ਚੀਰਤਿ ਚੀਰ ਕਰਤਿ ਲਘੁ ਲਘੁ ਕੋ
ਅਚਰਜ ਸਭਿ ਕੇ ਰਿਦੇ ਭਇਆ ॥੪੦॥
ਸੁਨਤਿ ਬਚਨ ਅਰੁ ਕ੍ਰਿਆ ਬਿਲੋਕਤਿ
ਉਰ ਸੰਸੈ ਜੁਤਿ ਕੌਲ ਭਇਆ।
ਬਿੱਪ੍ਰੈ ਤੁਕ ਕੋ ਪਠਿ ਪਠਿ ਸ਼੍ਰੀ ਮੁਖ
ਪਾਰਿ ਪਾਰਿ ਪਟ ਜਾਰ ਦਇਆ।
ਸਗਲੋ ਫੂਕ ਚੁਕੇ ਨੀਲਾਂਬਰ
ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧਿ ਕਰਿ ਸੋਊ
ਪੰਥ ਬੇਖ ਹਿਤ ਸਭਿ ਨ ਛਇਆ[1] ॥੪੧॥

ਚੌਪਈ: ਕਹਤਿ ਕੌਲ 'ਮਮ ਉਰ ਸੰਦੇਹੂ।
ਬਿੱਪ੍ਰੈ ਪਠੀ ਆਪ ਤੁਕ ਏਹੂ।
ਸ਼੍ਰੀ ਨਾਨਕ ਕੋ ਬਾਕ ਅਮੇਟ।
ਕੋਈ ਨ ਮੋਰਹਿ ਮਹਾਂ ਸਹੇਟ[2+] ॥੪੨॥
ਬਿੱਪ੍ਰੈ ਪਠੇ ਚਾਰਹੂੰ ਬਰਣ[3]।
ਸ਼੍ਰੀ ਹਰਿ ਰਾਇ ਸੁਨੇ ਜਬਿ ਕਰਣ।
ਰਾਮਰਾਇ ਕੋ ਤਜਾਗਜੋ ਐਸੇ।
ਨਿਜ ਮੁਖ ਲਗਨ ਨ ਦੀਨਸਿ ਕੈਸੇ ॥੪੩॥
ਨਹਿੰ ਬੈਠਾਇਸਿ ਗੁਰਤਾ ਗਾਦੀ।
ਸ਼੍ਰੀ ਹਰਿਕ੍ਰਿਸ਼ਨ ਭਏ ਅਹਿਲਾਦੀ।
ਤੁਮ ਨੇ ਸਗਰੀ ਤੁਕ ਉਲਟਾਈ।
ਇਮ ਅਨੁਚਿਤ ਹਮ ਸਹਿ ਨ ਸਕਾਈ' ॥੪੪॥
ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ।
'ਰਾਮਰਾਇ ਕਹਿਬੋ ਜਗ ਜਾਨਾ।
ਕਰਨ ਤੁਰਕੜੇ ਹੇਤੁ ਖੁਸ਼ਾਮਦ।
ਹਰਖਾਵਨ ਜਿਸ ਤੇ ਬਹੁ ਆਮਦ ॥੪੫॥
ਸਤਿਗੁਰ ਕੀ ਤੁਕ ਤਿਨ ਉਲਟਾਈ।

---

[1]ਸਾਰਾ (ਕਪੜਾ) ਨਾਸ਼ ਨਾਂ ਕੀਤਾ।
[2]ਔਖੀ ਗੱਲ, ਅਮੁੜ ਗੱਲ।
[+]ਪਾ:-ਸਮੇਟ, ਅਮੇਟ।
[3]ਚਾਰ ਅੱਖਰ।

ਭਈ ਸਜ਼ਾਇ ਨ ਗੁਰਤਾ ਪਾਈ।
ਹਮ ਤੌਂ ਇਸ ਤੁਕ ਹਿਤ ਉਲਟਾਵਨ।
ਸਕਲ ਸਮਿੱਗ੍ਰੀ ਕੀਨਿ ਲੁਟਾਵਨ ॥੪੬॥
ਚਾਰਹੁਂ ਪੂਤ ਦਿਏ ਇਸ ਕਾਜੂ।
ਕੌਨ ਗਿਨੈ ਸਭਿ ਸਦਨ ਸਮਾਜੂ।
ਨਾਸ਼ ਕਰਜੋ ਸਰਬੰਸ ਸਮੇਤੇ।
ਅਬਿ ਭੀ ਨਹਿਂ ਉਲਟਾਵਨਿ ਦੇਤੇ ॥੪੭॥
ਸ੍ਰੀ ਬਾਬਾ ਨਾਨਕ ਬਚ ਭਾਖਾ।
ਭਯੋ ਬਿਦਤ ਜਗ ਮਹਿਂ ਸਭਿ ਲਾਖਾ[1]।
ਮੁਗ਼ਲ ਪਠਾਨ ਰਾਜ ਕਲਿ ਕਾਲਾ।
ਸਭਿ ਅਵਨੀ ਮਹਿਂ ਤੇਜ ਬਿਸਾਲਾ ॥੪੮॥
ਕਹਜੋ ਬਾਕ ਤਿਨ ਕੋ ਅਬਿ ਫੇਰਾ।
ਜਿਸ ਤੇ ਤੁਰਕਨਿ ਮੂਲ ਉਖੇਰਾ।
ਰਾਖੀ ਹਿੰਦੁਨ ਕੀ ਬਡਿਆਈ।
ਭਯੋ ਧਰਮ ਥਿਰ ਕਜੋਂਹੁਂ ਨ ਜਾਈ ॥੪੯॥
ਪੰਥ ਖਾਲਸਾ ਉਤਪਤਿ ਹੋਵਾ।
ਤੁਰਕ ਪ੍ਰਤਾਪ ਉਲਟ ਬਚ ਖੋਵਾ[2]।
ਇਹ ਤੁਮ ਕਹਹੁ ਭਲੀ ਕੈ ਬੁਰੀ।'
ਸੁਨਤਿ ਕੌਲ ਤਬਿ ਤੂਸ਼ਨ ਧਰੀ ॥੫੦॥
ਪਰ ਪੂਰਬ[3] ਸਭਿ ਰਿਦੈ ਬਿਚਾਰਜੋ।
-ਇਨਹੁ ਜਥਾਰਥ ਬਾਕ ਉਚਾਰਜੋ।
ਪਰ ਉਪਕਾਰ ਹੇਤੁ ਕ੍ਰਿਤ ਐਸੇ।
ਕੌਨ ਸਹੈ ਸੰਕਟ ਇਮ ਕੈਸੇ ॥੫੧॥
ਸਭਿ ਸੁਤ ਹਤਨਿ ਸਮਾਜ ਲੁਟਾਵਨ।
ਕੌਨ ਕਰੈ ਏਤੋ ਦੁਖ ਪਾਵਨ।
ਇਹ ਬਰ ਬੀਰ ਧੀਰ ਬਡ ਧਾਰੀ।
ਦੇ ਸਰਬੰਸ ਪ੍ਰੀਤ ਨਹਿਂ ਹਾਰੀ ॥੫੨॥
ਤੁਰਕ ਤੋਮ[4] ਕੀ ਜਰਾਂ ਉਖਾਰੀ।

---
[1]ਸਭਨਾਂ ਨੇ ਜਾਣਿਆ ਹੈ।
[2]ਤੁਰਕਾਂ ਦੇ ਪ੍ਰਤਾਪ ਨੂੰ ਖੋ ਦੇਣ ਲਈ ਬਚਨ ਉਲਟਾਇਆ ਹੈ।
[3]ਪੂਰਬ ਅਪਰ=ਅਗਲਾ ਪਿਛਲਾ (ਹਾਲ)।
[4]ਸਮੂਹ।

ਜਿਨ ਪਤਿਸ਼ਾਹਤਿ ਜਗਤ ਸੰਭਾਰੀ।
ਇਨ ਕੀ ਕ੍ਰਿੱਤ ਸੁ ਇਨਹੂੰ ਬਨੈ।
ਧੰਨ ਹੋਨਿ ਜਗ ਮਹਿਂ ਇਨ ਭਨੈ*[੧]- ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਕੌਲ ਸੋਢੀ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

ਵਿਸ਼ੇਸ਼ ਟੂਕ:- ਪਿੱਛੇ ਰੁਤ ੬ ਅੰਸੂ ੫੪ ਅੰਕ ੩੭ ਵਿਚ ਨੀਲੇ ਕਪੜੇ ਗੁਰੂ ਜੀ ਉਤਾਰ ਚੁੱਕੇ ਹਨ, ਦੂਜੀ ਵੇਰਾਂ ਫੇਰ ਨੀਲੇ ਪਹਿਰ ਲੈਣ ਦਾ ਜ਼ਿਕਰ ਨਹੀਂ ਆਇਆ। ਹੁਣ ਨੀਲੇ ਉਤਾਰਨ ਦੀ ਦੁਬਾਰਾ ਕਥਾ ਆਈ ਹੈ, ਦੋਹਾਂ ਦਾ ਠੀਕ ਹੋਣਾ ਸੰਸੇ ਵਾਲੀ ਗੱਲ ਹੈ। ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰ ਬਿਲਾਸ ਵਿਚ ਨੀਲੇ ਉਤਾਰਨ ਵਾਲੀ ਸਾਖੀ ਕਿਸੇ ਇਕ ਥਾਂ ਦੀ ਬੀ ਨਹੀਂ ਹੈ।

ਵਿਸ਼ੇਸ਼ ਖੋਜ ਕੀਤੀ ਤਾਂ 'ਸਾਖੀਆਂ ਵਾਲੀ ਪੋਥੀ' ਵਿਚ ਨੀਲੇ ਉਤਾਰਨ ਦੀ ਸਾਖੀ ਨਹੀਂ ਆਈ, ਓਹ ਅਰੰਭ ਹੀ ਦੀਨੇ ਕੂਚ ਤੋਂ ਹੁੰਦੀ ਹੈ ਤੇ 'ਸੋਢੀ ਕੌਲ ਪਾਸ ਜਾਕੇ ਨੀਲੇ ਉਤਾਰਨ' ਵਾਲੀ ਸਾਖੀ ਬੀ ਨਹੀਂ ਹੈ। ਸ਼ੁਖੂ ਬੁੱਧੂ (ਯਾ ਘੱਦੂ) ਦੀ ਸਾਖੀ (ਜੋ ਅੱਗੇ ਚੱਲਕੇ ਅੰਸੂ ੧੮ ਵਿਚ ਆਵੇਗੀ) ਵਿਚ (ਸਾਖੀ ਪੋਥੀ ਵਿਚ ਜ਼ਿਕਰ ਆਯਾ ਹੈ ਕਿ ਉਹਨਾਂ ਨੇ ਬੇਨਤੀ ਕੀਤੀ ਕਿ ਸਾਨੂੰ ਮਾਛੀਵਾੜੇ ਵਾਲਾ ਸਾਂਗ ਦਿਖਾਓ, ਤਾਂ ਫੇਰ ਨੀਲੇ ਪਹਿਰੇ ਜਿਸ ਤੋਂ ਪਤਾ ਲੱਗਾ ਕਿ ਨੀਲੇ ਉਤਾਰ ਚੁੱਕੇ ਹੋਏ ਸਨ। ਤਦੋਂ ਬਾਜਕ ਗ੍ਰਾਮ ਡੇਰਾ ਸੀ, ਸੋਢੀਆਂ ਨੇ ਟਹਿਲ ਕੀਤੀ, ਰਾਤ ਰਹੇ ਰੋਹੀ ਵਿਚ। ਫੇਰ ਜੱਸੀ ਆਕੇ ਘੋੜੇ ਸਣੇ ਤਲਾ ਵਿਚ ਵੜ ਗਏ, ਘੋੜਾ ਵੀ ਚਿੱਟਾ ਹੋ ਗਿਆ, ਗੁਰੂ ਕੇ ਨੀਲੇ ਬਸਤ੍ਰ ਬੀ ਚਿੱਟੇ ਹੋ ਗਏ ਪਰ ਘੋੜੇ ਦਾ ਸਿਰ ਮੁਸ਼ਕੀ ਰਿਹਾ ਤੇ ਆਪਣੀ ਦਸਤਾਰ ਸੁਰਮਈ ਰਹੀ। ਇਸ ਤੋਂ ਸਮਝ ਪਈ ਕਿ ਦੂਜੀ ਵੇਰ ਜੋ ਨੀਲੇ ਪਹਿਰੇ ਸਨ ਸੁੱਖੂ ਆਦਿਕਾਂ ਨੂੰ ਦੱਸਣ ਲਈ ਪਹਿਰੇ ਸਨ। ਸਾਖੀ ਪੋਥੀ ਦੱਸਦੀ ਹੈ, ਕਿ ਬਾਜਕ ਯਾ ਅਗਲੀ ਰੋਹੀ ਵਿਚ ਸੋਢੀਆਂ ਨੇ ਟਹਿਲ ਕੀਤੀ ਪਰ ਨੀਲੇ ਉਤਾਰਨ ਦੀ ਕਿਸੇ ਸੋਢੀ ਵਲੋਂ ਯਾਚਨਾ ਦਾ ਜ਼ਿਕਰ ਨਹੀਂ ਕੀਤਾ। ਸਗੋਂ ਅਗਲੇ ਦਿਨ ਸਰ ਵਿਚ ਵੜੇ ਤੇ ਕਪੜੇ ਚਿੱਟੇ ਹੋ ਗਏ, ਸਪਸ਼ਟ ਹੈ ਕਿ ਉਸ ਵਕਤ ਦੂਜੀ ਵੇਰ ਵਾਲੇ ਨੀਲੇ ਪਹਿਨੇ ਹੋਏ ਸਨ। ਸਰ ਤੋਂ ਬਾਹਰ ਆਕੇ, ਸਾਖੀ ਪੋਥੀ ਦੱਸਦੀ ਹੈ, ਕਿ ਆਪੇ ਆਪ ਨੇ

---

*ਰਾਮਰਾਇ ਜੀ ਗੁਰੂ ਨਹੀਂ ਸਨ ਤੇ ਉਹਨਾਂ ਨੇ ਤੁਕ ਉਲਟਾਈ ਸੀ, ਫਿਰ ਤੁਕ ਖੁਸ਼ਾਮਦ ਦੇ ਪਿੱਛੇ ਉਲਟਾਈ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਦਸਮੇਂ ਗੁਰੂ ਨਾਨਕ ਹਨ। ਫਿਰ ਆਪ ਨੇ ਤੁਕ ਉਲਟਾਈ ਨਹੀਂ, ਪਹਿਲੇ ਜਾਮੇ ਦੱਸਿਆ ਕਿ ਹੁਣ ਤੁਰਕਾਂ ਦਾ ਰਾਜ ਹੋਇਆ ਹੈ=ਤੁਰਕ ਪਠਾਣੀ ਅਮਲ ਕੀਆ। ਤੇ ਹੁਣ ਦੱਸਦੇ ਹਨ ਕਿ ਤੁਰਕ ਪਠਾਣੀ ਅਮਲ ਗਿਆ, ਕਿ ਓਹ ਰਾਜ ਹੁਣ ਸਮਾਪਤ ਹੈ। ਸੋ ਦਾਤੇ ਨੇ ਦੋਹਾਂ ਤੁਕਾਂ ਵਿਚ ਇਕ ਘਟਨਾ ਦਾ ਆਦਿ ਅੰਤ ਦੱਸਿਆ ਹੈ। ਫਿਰ ਤੁਕ ਪੜ੍ਹੀ ਮਾਤ੍ਰ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਹੀਂ ਬਦਲੀ। ਇਹ ਅਹਿੱਲ ਹੁਕਮ ਪੱਕਾ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਅੱਖਰ ਲਗ ਮਾਤ੍ਰਾ ਘੱਟ ਵੱਧ ਨਾ ਕਰ ਸਕੇ। ਫੇਰ ਆਪ ਗੁਰੂ ਨਾਨਕ ਹੋਕੇ ਇਕ ਹੋਣੀ ਦਾ ਆਦਿ ਅੰਤ ਦੱਸਕੇ ਕਹਿੰਦੇ ਹਨ ਕਿ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਹਨ, ਤੇ ਇਸ ਇਤਿਹਾਸਕ ਖੋਜ ਦੀ ਬੀ ਲੋੜ ਹੈ ਕਿ ਨੀਲੇ ਕਪੜੇ ਏਥੇ ਉਤਾਰੇ ਹਨ ਕਿ ਪਰਮ ਸਿੰਘ ਧਰਮ ਸਿੰਘ ਦੇ ਘਰ ਉਤਾਰ ਆਏ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਪ੍ਰਸੰਗ ਨਹੀਂ ਹੈ।

[੧]ਇਨ੍ਹਾਂ ਦਾ ਹੋਣਾ ਜਗਤ ਵਿਚ ਧੰਨ ਹੈ (ਇਉਂ ਕੌਲ ਨੇ) ਕਿਹਾ।

ਪੁਸ਼ਾਕਾ ਬਦਲ ਲਿਆ। ਗੋਯਾ ਇਸ ਪੋਥੀ ਮੂਜਬ ਪਹਿਲੇ ਨੀਲੇ ਦੇਰ ਦੇ ਲਹਿ ਚੁੱਕੇ ਹੋਏ ਸਨ।

ਇਸ ਤੋਂ ਸੰਭਾਵਨਾ ਇਹ ਹੁੰਦੀ ਹੈ, ਕਿ ਬਸਤ੍ਰ ਹੁਣ ਚਿੱਟੇ ਸਨ। ਗੁ: ਪ੍ਰ: ਸੂ: ਵਿਚ ਸੁੱਖੂ ਬੁੱਧੂ ਦੀ ਸਾਖੀ ਕੌਲ ਵਾਲੀ ਸਾਖੀ ਤੋਂ ਦੂਰ ਮਗਰੋਂ ਆਉਂਦੀ ਹੈ ਤੇ ਓਥੇ ਮੁੜ ਨੀਲੇ ਪਹਿਰਨ ਦਾ ਜ਼ਿਕਰ ਨਹੀਂ ਆਉਂਦਾ (ਦੇਖੋ ਪੰਨਾ ੬੦੭੦)। ਕਵੀ ਸੰਤੋਖ ਸਿੰਘ ਜੀ ਨੇ ਦੋ ਵੇਰੀ ਨੀਲੇ ਕਪੜੇ ਲਹਿ ਚੁੱਕੇ ਦੱਸੇ ਹਨ ਬਿਨਾਂ ਇਹ ਗੱਲ ਦੱਸੇ ਕਿ ਮੁੜ ਕਿਸ ਦੇ ਕਹੇ ਨੀਲੇ ਪਹਿਨੇ। ਪਰ ਜੱਸੀ ਆਕੇ ਇਸ਼ਨਾਨ ਬਾਦ ਕਵਿ ਜੀ ਦੱਸਦੇ ਹਨ ਕਿ ਰੰਗਦਾਰ ਪੋਸ਼ਿਸ਼ ਚਿੱਟੀ ਹੋ ਗਈ ਤੇ ਦਸਤਾਰ ਸੁਰਮਈ ਰਹੀ। ਇਸ ਕਰਕੇ ਨੀਲੇ ਕਪੜੇ ਦੀਨੇ ਲੱਥੇ ਕਿ ਸੋਢੀ ਕੌਲ ਕੋਲ ਆਕੇ ਲੱਥੇ ਇਹ ਗੱਲ ਨਿਰਨੇ ਇਸ ਤੋਂ ਬੀ ਨਾ ਹੋਈ। ਹਾਂ ਦੁਹਾਂ ਮੌਕਿਆਂ ਤੋਂ ਮਗਰੋਂ ਜਾਕੇ ਦੁਬਾਰਾ ਪਹਿਨਣ ਤੋਂ ਸਰ ਵਿਚ ਚਿੱਟੇ ਹੋ ਜਾਣ ਦੀ ਇਕ ਹੋਰ ਕਥਾ ਮਿਲ ਗਈ।

ਤ੍ਵਾ: ਖਾ: ਨੇ ਦੀਨੇ ਦੇ ਪ੍ਰਸੰਗ ਵਿਚ ਲਿਖਿਆ ਹੈ ਕਿ ਭਾਈ ਧਰਮ ਸਿੰਘ ਪਰਮ ਸਿੰਘ ਦੇ ਨੀਲੇ ਉਤਾਰ ਚਿੱਟੇ ਪਹਿਨਣੇ ਦੀ ਬੇਨਤੀ ਕਰਨੇ ਪਰ ਗੁਰੂ ਜੀ ਨੇ ਜਵਾਬ ਦਿੱਤਾ 'ਇਨ੍ਹਾਂ ਦੇ ਉਤਾਰਨ ਦਾ ਸਮਾਂ ਬੀ ਹੁਣ ਆਉਣ ਵਾਲਾ ਹੈ।' ਫੇਰ ਢਿੱਲਵਾਂ ਦੀ ਕਥਾ ਵਿਚ ਸੋਢੀ ਕੌਲ ਦੇ ਕਹਿਣ ਪਰ ਨੀਲੇ ਉਤਾਰੇ, ਸਾੜੇ ਤੇ ਚਿੱਟੇ ਪਹਿਨਣ ਦਾ ਜ਼ਿਕਰ ਕੀਤਾ ਹੈ। ਵਿਸੇਸ਼ ਵਾਰਤਾ ਇਹ ਬੀ ਲਿਖੀ ਹੈ ਕਿ ਜਦ ਨੀਲੇ ਬਾਣੇ ਦੀ 'ਇਕ ਲੀਰ ਰਹਿ ਗਈ ਤਾਂ ਭਾਈ ਮਾਨ ਸਿੰਘ ਨੇ ਉਹ ਲੀਰ ਗੁਰੂ ਸਾਹਿਬਾਂ ਪਾਸੋਂ ਮੰਗਕੇ ਆਪਣੇ ਸੀਸ ਤੇ ਬੰਨ੍ਹ ਲਈ।' ਇਸ ਪਰ ਕਲਗ਼ੀਧਰ ਜੀ ਨੇ ਵਰ ਦਿੱਤਾ ਕਿ ਤੇਰੀ ਨੀਲੇ ਬਸਤ੍ਰਾਂ ਵਾਲੀ ਸੰਪ੍ਰਦਾ ਟੁਰੇਗੀ। 'ਸੋ ਨਿਹੰਗ ਸਿੰਘ ਉਥੋਂ ਹੀ ਆਪਣੇ ਪੰਥ ਦਾ ਪ੍ਰਵਿਰਤ ਹੋਣਾ ਦੱਸਦੇ ਹਨ।' ਇਸ ਪ੍ਰਸੰਗ ਤੋਂ ਮਗਰੋਂ ਜੱਸੀ ਦੇ ਪ੍ਰਸੰਗ ਵਿਚ ਸੁੱਖੂ ਬੁੱਧੂ ਵਲੋਂ ਯਾਚਨਾ ਹੋਣ ਤੇ ਮੁੜ ਨੀਲੇ ਪਹਿਨਣੇ ਤੇ ਸ੍ਵੇਤਸਰ ਵਿਚ ਜਾਕੇ ਚਿੱਟੇ ਹੋ ਜਾਣੇ ਦੀ ਕਥਾ ਬੀ ਤ੍ਵਾ: ਖਾ: ਵਿਚ ਆਈ ਹੈ, ਪਰ ਇਹ ਵੇਰਵਾ ਓਥੇ ਨਹੀਂ ਦੱਸਿਆ ਕਿ ਨੀਲੇ ਕਪੜੇ ਮੁੜ ਸੁਆਏ, ਮੁੜ ਰੰਗਾਏ ਤੇ ਪਹਿਨੇ, ਕਿਉਂਕਿ ਮਾਛੀਵਾੜੇ ਵਾਲੇ ਨੀਲੇ ਕਪੜੇ ਤਾਂ ਤ੍ਵਾ: ਖਾ: ਦੇ ਲੇਖਕ ਜੀ ਪਿਛੇ ਦੱਸ ਆਏ ਹਨ ਕਿ ਸੋਢੀ ਕੌਲ ਦੇ ਕਹੇ ਢਿੱਲਵਾਂ ਵਿਚ ਉਤਾਰ ਕੇ ਸਾੜ ਦਿੱਤੇ ਸਨ ਤੇ ਉਸ ਦੀ ਯਾਦਗਾਰ ਦਾ ਇਕ ਟੁਕੜਾ ਮਾਤ੍ਰ ਸ੍ਰੀ ਮਾਨ ਸਿੰਘ ਜੀ ਪਿਆਰੇ ਜੋਗ ਤਦੋਂ ਹੀ ਬਖਸ਼ਿਆ ਗਿਆ ਸੀ।

## ੬. [ਗ੍ਰਾਮ ਕੋਠਾ, ਮਲੂਕਾ। ਇਕ ਦਿਵਾਨੇ ਦਾ ਨਿਸਤਾਰਾ]

੫<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੭

ਦੋਹਰਾ: ਕੇਤਿਕ ਵਸਤੂ ਸੰਗ ਗੁਰ[1], ਕੌਲ ਧਾਮ ਧਰਿਵਾਇ।
ਕਰਯੋ ਕੂਚ ਡੇਰਾ ਤਬੈ, ਚਢੇ ਸਿੰਘ ਸਮੁਦਾਇ ॥੧॥
ਚੌਪਈ: ਸਹਿਜ ਸੁਭਾਇਕ ਬਿਚਰਤਿ ਚਲੇ।
ਕਹੂੰ ਅਖੇਰ ਖੇਲ ਤੇ ਭਲੇ।
ਕਰਤਿ ਕੁਵਾਇਦ ਸ਼ਸਤ੍ਰਨਿ ਕੇਰੀ।
ਸਨੇ ਸਨੇ ਗਮਨੈ ਕਿਸ ਬੇਰੀ ॥੨॥
[*]ਕਿਤਿਕ ਕੋਸ ਚਲਿ ਗ੍ਰਾਮਿਕਿ[2] ਆਯੋ।
ਪਿਖਿ ਬੈਰਾੜ ਸੰਗ ਫੁਰਮਾਯੋ।
'ਕਹਾ ਗ੍ਰਾਂਮ ਕੋ ਨਾਮ ਬਖਾਨੋ?
ਤੁਮ ਇਤ ਰਹਹੁ ਭੇਦ ਸਭਿ ਜਾਨੋ' ॥੩॥
ਤਬਿ ਬੈਰਾੜ ਕਹਯੋ 'ਕੀ ਗ੍ਰਾਮੂੰ[3]।
ਚਾਰਿ ਕ ਝੁੰਗੀ ਕੇ ਬਸਿ ਧਾਮੂੰ।
ਕਹਾਂ ਨਾਮ ਇਸ ਕੋ ਕੁਛ ਹੋਇ।
ਕੋ ਸੁਨਿ ਕਹਾਂ ਬਖਾਨੈ ਕੋਇ[4]' ॥੪॥
ਸ਼੍ਰੀ ਮੁਖ ਕਹਯੋ 'ਨ ਕਹੁ ਇਸ ਰੀਤਿ।
ਕਿਤਿਕ ਸਮਾ ਜਬਿ ਹੋਇ ਬਿਤੀਤ।
ਬਸਹਿ ਗ੍ਰਾਮ ਦੀਰਘ ਇਸ ਥਾਨ।
ਉਪਜਹਿਂ ਸਿੰਘ ਸੁ ਬੀਰ ਮਹਾਨ' ॥੫॥
ਆਗੈ ਥਲ ਉਤੰਗ ਇਕ ਆਯੋ।
ਤਹਾਂ ਅਰੂਢਿ ਤੁਰੰਗ ਟਿਕਾਯੋ।
ਤੀਛਨ ਤੀਰ ਨਿਖੰਗ ਨਿਕਾਰੇ।
ਸੰਧਿ ਕੁਦੰਡ[5] ਲੱਛ ਪਿਖਿ ਮਾਰੇ ॥੬॥
ਕੇਤਿਕ ਬਾਨ ਚਲਾਵਨਿ ਕਰੇ।
ਆਇ ਗ੍ਰਾਮ ਢਿਗ ਸਤਿਗੁਰ ਥਿਰੇ।
ਏਕ ਰਾਤਿ ਬਸਿ ਚਢੇ ਅਖੇਰ।

---

[1]ਗੁਰੂ ਜੀ ਨੇ ਅਪਣੇ ਨਾਲ ਦੀਆਂ ਕਿੰਨੀਆਂ ਵਸਤਾਂ।
[*]ਇਹ ਪ੍ਰਸੰਗ ਸਾਖੀ ਪੋਥੀ ਵਿਚ ਹੈ।
[2]ਇਕ ਪਿੰਡ।
[3]ਪਿੰਡ ਕੀਹ ਹੈ।
[4]ਭਾਵ ਕੀ ਕੋਈ ਸੁਣੇ ਤੇ ਕੀ ਕੋਈ ਆਖੇ।
[5]ਧਨੁਖ ਵਿਚ ਸੰਨ੍ਹਕੇ।

ਇਤ ਉਤ ਬਿਚਰੇ ਹਤਿ ਮ੍ਰਿਗ ਘੇਰਿ ॥੭॥
*ਕੋਠਾ ਅਪਰ ਮਲੂਕਾ ਗ੍ਰਾਮੂ।
ਬਿਚ ਦੋਨਹੁੰ ਕੇ ਕੀਨਿ ਮੁਕਾਮੂ।
ਸੁੰਦਰ ਤੰਬੂ ਦਿਯੋ ਲਗਾਇ।
ਉਤਰੇ ਸਿੰਘ ਚਹੂੰ ਦਿਸ਼ਿ ਆਇ।
ਖਾਨ ਪਾਨ ਕਰਿ ਨਿਸ ਬਿਸਰਾਮੇ।
ਜਾਗ੍ਰਤਿ ਭਏ ਰਹੀ ਜਬਿ ਜਾਮੇ ॥੮॥
ਸੌਚ ਸ਼ਨਾਨ ਠਾਨਿ ਕਰਿ ਥਿਰੇ।
ਨਿਜ ਸਰੂਪ ਮਹਿਂ ਥਿਰਤਾ ਧਰੇ।
ਅੰਮ੍ਰਿਤ ਵੇਲਾ ਚਾਰ ਘਰੀ ਜਬਿ।
ਏਕ ਦਿਵਾਨਾ ਆਵਤਿ ਭਾ ਤਬਿ ॥੯॥
ਸਿਰ ਮੁਖ ਸਗਰੋ ਮੂੰਡਨ ਕਰਜੋ।
ਤੰਬੂ ਨਿਕਟ ਆਨਿ ਕਰਿ ਖਰਜੋ।
ਹੇਤੁ ਸੁਚੇਤੀ ਸਿੰਘ ਸ਼ਸਤ੍ਰ ਗਹਿ।
ਖਰੋ ਹੁਤੋ ਤਿਹ ਸੰਗ ਬਾਕ ਕਹਿ ॥੧੦॥
'ਗੁਰ ਕੇ ਨਿਕਟ ਅਬੈ ਮੈਂ ਜਾਊਂ।
ਰਿਦੇ ਲਾਲਸਾ ਦਰਸ਼ਨ ਪਾਊਂ।'
ਕਹਜੋ ਸਿੰਘ ਨੇ 'ਅਬਿ ਨਹਿਂ ਸਮੋ।
ਦਿਵਸ ਚਢੇ ਪਿਖਿ ਕੀਜੈ ਨਮੋ' ॥੧੧॥
ਕਹੈ ਦਿਵਾਨਾ 'ਮੈਂ ਅਬਿ ਜੈ ਹੌਂ।
ਤੇਰੇ ਕਹੇ ਨਹੀਂ ਠਹਿਰੈ ਹੌਂ।
ਸਭਿ ਕੇ ਸਾਂਝੇ ਸਤਿਗੁਰ ਅਹੈਂ।
ਤੂੰ ਮੁਝ ਕੁਤੋ ਹਟਾਯੋ ਚਹੈਂ?' ॥੧੨॥
ਬਹੁਰ ਸਿੰਘ ਨੇ ਬਰਜਨ ਕਰਜੋ।
'ਅਪਨੇ ਰੰਗ ਬਿਖੈ ਗੁਰ ਥਿਰਜੋ।
ਕਜੋਂ+ ਮੂਰਖ ਮਤਿ ਕਰਿ ਹਠ ਗਹੈਂ?
ਹਟਿ ਅਬਿ ਜਾਹੁ ਭਲਾ ਜੇ ਚਹੈਂ ॥੧੩॥
ਕਰੈਂ ਢੀਠਤਾ ਖੈ ਹੈਂ ਮਾਰ।
ਕਹਜੋ ਨ ਸਮਝੈਂ ਮੰਦ ਗਵਾਰ!'
ਸੁਨਤਿ ਦਿਵਾਨੇ ਕ੍ਰੋਧ ਵਧਾਯੋ।

---

*ਇਹ ਪ੍ਰਸੰਗ ਵੀ ਸਾਖੀ ਪੋਥੀ ਵਿਚ ਹੈ।
+ਪਾ:-ਕਹਜੋ।

ਮੂਸਲ ਮਾਰਨ ਹੇਤੁ ਉਠਾਯੋ ॥੧੪॥
'ਮੋ ਕਹੁ ਕੌਨ ਹਟਾਵਨ ਹਾਰੋ।
ਬਰਜਹਿ, ਮੂਸਲ ਖੈ ਹੈ ਭਾਰੋ।'
ਇਮ ਕਹਿ ਤੰਬੂ ਦਿਸ਼ਿ ਚਲਿ ਪਰਜੋ।
ਕਹੈ ਸਿੰਘ 'ਤੂੰ ਹਟਿ ਰਹੁ ਖਰਜੋ' ॥੧੫॥
ਆਗੈ ਹੋਇ ਸੁ ਲਗਜੋ ਹਟਾਵਨ।
ਤਬਿ ਤਿਨ ਮੂਸਲ ਕੀਨਿ ਉਠਾਵਨ।
ਮਾਰਨ ਲਾਗਜੋ ਸਿੰਘ ਨਿਹਾਰਾ।
ਖੈਂਚਿ ਕ੍ਰਿਪਾਨ ਤੁਰਤ ਹੀ ਝਾਰਾ ॥੧੬॥
ਘਾਵ ਸਕੰਧ ਲਗਜੋ ਬਹੁ ਚੀਰਾ।
ਗਿਰਜੋ ਬਿਸੁਧ ਹ੍ਵੈ ਤੁਰਤ ਸਰੀਰਾ।
ਪਰਜੋ ਰਹਜੋ ਤੂਸ਼ਨ ਮੁਖ ਭਯੋ।
ਚਾਰ ਘਰੀ ਜਬਿ ਦਿਨ ਚਢਿ ਗਯੋ ॥੧੭॥
ਬੋਲਜੋ ਬਾਕ ਜਬੈ ਸੁਧ ਪਾਈ।
'ਅਬਿ ਮੇਰੀ ਮ੍ਰਿਤੁ ਹ੍ਵੈ ਨਿਯਰਾਈ।
ਗੁਰ ਦਰਸ਼ਨ ਕੋ ਦੇਹੁ ਕਰਾਈ।
ਨਾਂਹਿ ਤ ਰਹੈ ਚਾਹ ਅਧਿਕਾਈ' ॥੧੮॥
ਸੁਨਿ ਕਰਿ ਸਿੰਘ ਗਯੋ ਗੁਰ ਪਾਸ।
ਹਾਥ ਜੋਰਿ ਕੀਨਸਿ ਅਰਦਾਸ।
'ਸਿੰਘ ਸੰਗ ਇਕ ਲਰਜੋ ਦਿਵਾਨਾ।
ਰਿਸ ਕੇ ਬਸਿ ਹੁਇ ਹਨੀ ਕ੍ਰਿਪਾਨਾ ॥੧੯॥
ਚਾਹਤਿ ਦਰਸ਼ਨ ਰਾਵਰ ਕੇਰਾ।'
'ਲੇ ਆਵਹੁ' ਗੁਰ ਕਹਿਂ ਤਿਸ ਬੇਰਾ।
ਸੁਨਿ ਪ੍ਰਭੁ ਤੇ ਅੰਤਰ ਲੇ ਗਏ।
ਸਿਰ ਨਿਵਾਇ ਕਰਿ ਦਰਸ਼ਨ ਲਏ ॥੨੦॥
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹਜੋ।
'ਅਹੋ ਦਿਵਾਨਾ ਜੀਵਨ ਚਹਜੋ?
ਤੌ ਬਚਾਇ ਦੇਵੈਂ ਤੁਵ ਪ੍ਰਾਨਾ।
ਜੇ ਜੀਵਨ ਕੀ ਚਾਹ ਮਹਾਨਾ' ॥੨੧॥
ਦਰਸ਼ਨ ਕਰਿ ਉਰ ਨਿਰਮਲ ਬਨਜੋ।
ਤਬਿ ਕਰ ਜੋਰਿ ਦਿਵਾਨੇ ਭਨਜੋ।
'ਰਾਵਰ ਕੇ ਹਜ਼ੂਰ ਅਬਿ ਅਹੌਂ।

ਚਿਤ ਪਰਲੋਕ ਪਯਾਨਾ ਚਹੌਂ' ॥੨੨॥
ਇਮ ਬੋਲਤਿ ਹੀ ਤਜ੍ਯਾਗੇ ਪ੍ਰਾਨਾ।
ਪਾਈ ਗਤਿ ਭਾ ਧੰਨ ਦਿਵਾਨਾ।
ਬਾਹਰ ਤਬਿ ਉਠਾਇ ਲੇ ਆਏ।
ਨਰ ਜੰਗਲ ਕੇ ਸੁਨਿ ਬਿਸਮਾਏ ॥੨੩॥
ਕੇਤਿਕ ਨਿੰਦਹਿਂ ਮਤਿ ਹਤਿ ਹੋਏ[1]।
'ਇਹ ਕਜ਼ਾ ਕੀਨਿ ਕਰਮ ਦੁਰ[2] ਜੋਏ।
ਹਤਜੋ ਦਿਵਾਨਾ, ਗੁਰ ਭਲ ਭਯੋ[3]।
ਕਰਹਿ ਨ ਕ੍ਰਿਤ ਕੋ[4] ਜਿਮ ਅਬਿ ਕਯੋ' ॥੨੪॥
ਕੇਤਿਕ ਕਹੈਂ 'ਦਿਵਾਨਾ ਅਰਜੋ।
ਲਰਜੋ ਸਿੰਘ ਸੋਂ, ਮਾਰਨ ਕਰਜੋ।'
ਕੇਚਿਤ ਕਹੈਂ 'ਗੁਰੂ ਕੇ ਦੇਊ।
ਸਿੰਘ ਦਿਵਾਨਾ ਲਰਿ ਮਰਿ ਸੋਊ[5*]' ॥੨੫॥
[*]ਕਰਜੋ ਕੂਚ ਤਬਿ ਸ੍ਰੀ ਪ੍ਰਭੁ ਡੇਰਾ।
ਗਮਨੇ ਹੋਇ ਚੌਂਤਰੇ ਨੇਰਾ।
ਤਿਸ ਕੇ ਢਿਗ ਢਿਗ ਹੁਇ ਚਲਿ ਗਏ।
ਜੈਤੋ[+] ਆਨਿ ਉਤਰਤੇ ਭਏ ॥੨੬॥
ਕਰਜੋ ਮੁਕਾਮ ਤਾਲ ਇਕ ਹੇਰੇ।
ਤਿਸ ਕੀ ਮਹਿਮਾ ਕਹੀ ਬਡੇਰੇ।
ਨਿਸਾ ਭਈ ਕਰਿ ਖਾਨ ਰੁ ਪਾਨ।
ਸੁਪਤਿ ਜਥਾ ਸੁਖ ਗੁਰ ਭਗਵਾਨ ॥੨੭॥
ਭਈ ਪ੍ਰਭਾਤਿ ਕੂਚ ਕਰਿ ਡੇਰਾ।
ਗਮਨੇ ਕਿਤਿਕ ਕੋਸ ਥਲ ਹੇਰਾ।

---

[1]ਜਿਨ੍ਹਾਂ ਦੀ ਬੁੱਧੀ ਨਾਸ਼ ਹੋਈ ਹੋਈ ਸੀ।
[2]ਖੋਟਾ।
[3]ਇਹ ਚੰਗਾ ਗੁਰੂ ਹੋਇਆ।
[4]ਕੋਈ ਬੀ (ਸਿੱਖ) ਐਹੋ ਜੇਹੀ ਕਾਰ ਨਹੀਂ ਕਰਦਾ।
[5]ਸਿੰਘ ਤੇ ਦਿਵਾਨਾ ਜੋ ਲੜਿਆ ਤੇ ਮਰਿਆ ਹੈ ਦੋਵੇਂ ਹੀ ਗੁਰੂ ਕੇ ਹਨ।
[*]ਪਹਿਰੇ ਤੇ ਖੜੇ ਦਾ ਜਦ ਕੋਈ ਕਿਹਾ ਨਾ ਮੰਨੇ ਤਾਂ ਇਸ ਵੇਲੇ ਬੀ ਸਾਰੀ ਸਭ੍ਯ ਦੁਨੀਆਂ ਪਹਿਰੇ ਵਾਲੇ ਨੂੰ ਨਿਰਦੋਸ਼ ਕਹੇਗੀ, ਜਦ ਕਿ ਓਹ ਪਹਿਲੋਂ ਰੁਕਿਆ ਨਹੀਂ ਤੇ ਫੇਰ ਮੂਸਲ ਮਾਰਨ ਲਈ ਦਿਵਾਨੇ ਨੇ ਉਠਾਇਆ ਜਿਸ ਤੋਂ ਪਹਿਰੇਦਾਰ ਨੇ ਉਸਨੂੰ ਜ਼ਰੂਰ ਦੋਸ਼ੀ ਸਮਝਣਾ ਹੈ। ਸਿੰਘ ਦੀ ਡਿਊਟੀ (ਫਰਜ਼) ਤੇ ਸ੍ਵੈ ਰੱਖਯਾ ਦੁਇ ਗੱਲਾਂ ਉਸਦੇ ਪੱਖ ਦੀਆਂ ਹਨ।
[*]ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।
[+]ਰਿਆਸਤ ਨਾਭੇ ਵਿਚ ਹੈ।

ਸੁਨਿਯਰ[++] ਗ੍ਰਾਮ ਬਿਲੋਕਿ ਸਥਾਨ।
ਉਤਰੇ ਹਯ ਤੇ ਤਹਿਂ ਗੁਨ ਖਾਨ ॥੨੮॥
ਭਯੋ ਮੁਕਾਮ ਤੁਰੰਗ ਲਗਾਇ।
ਕਰਿ ਬਿਸਰਾਮ ਬੈਠਿ ਸੁਖ ਪਾਇ।
ਡੋਗਰ ਸੰਮਾ ਨਾਮ ਬਸੰਤਾ[1]।
ਮਹਿਖੀ ਭਲੀ ਸਮੂਹ ਰਖੰਤਾ ॥੨੯॥
ਗੁਰ ਆਗਵਨ ਸੁਨਜੋ ਹਰਖਾਯੋ।
ਸਭਿ ਮਹਿਖਨਿ ਕੋ ਦੂਧ ਚੁਆਯੋ।
ਘਟ ਭਰਵਾਇ ਲਏ ਨਿਜ ਸਾਥ।
ਆਯਹੁ ਜਹਿਂ ਬੈਠੇ ਗੁਰ ਨਾਥ ॥੩੦॥
ਕਰਿ ਅਭਿਬੰਦਨ ਅਰਪਜੋ ਆਗੇ।
ਬੈਠਜੋ ਗੁਰ ਪਗ ਕਰਿ ਅਨੁਰਾਗੇ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਹੇਰਾ।
ਕਹਜੋ 'ਵਧਹਿ ਪਯ ਬਡਹੁਂ ਬਡੇਰਾ[2]' ॥੩੧॥
ਇਤਨੇ ਮਹਿਂ ਜੋ ਜਾਟ ਕਪੂਰਾ।
ਖਿਲਤਿ ਅਖੇਰ ਆਇ ਚਲਿ ਦੂਰਾ।
ਸੁਨੀ 'ਇਹਾਂ ਗੁਰ ਉਤਰੇ ਆਇ।'
ਗਮਨਜੋਂ ਸੁਭਟ ਸਹਿਤ ਤਿਸ ਥਾਇਂ ॥੩੨॥
ਉਤਰਿ ਤੁਰੰਗ ਤੇ ਪਾਇਨ ਪਰਜੋ।
ਭਯੋ ਅਧੀਨ ਅਗਾਰੀ ਥਿਰਜੋ।
ਦੇਖਿ ਕ੍ਰਿਪਾਲ ਤਾਂਹਿ ਸਨ ਕਹੈਂ।
'ਕਹੁ ਕਪੂਰ ਸਿੰਘ! ਰਾਜੀ ਅਹੈਂ[¶]?' ॥੩੩॥
ਦੀਨ ਮਨਾ ਕਰ ਜੋਰਤਿ ਬੋਲਾ।
'ਮੈਂ ਰਾਜ਼ੀ ਨਹਿਂ ਬਹੁ ਮਨ ਹੌਲਾ[3]।
ਰਾਵਰਿ ਬਾਕ ਨ ਗਏ ਕਮਾਏ।

---

[++]ਪਿੰਡ ਦਾ ਨਾਮ।
[1]ਸੰਮਾ ਨਾਮ ਵਾਲਾ ਡੋਗਰ ਰਹਿੰਦਾ ਸੀ।
[2]ਦੁੱਧ ਬਹੁਤ ਵਧੇਗਾ।
[¶]ਕਪੂਰਾ ਅੰਮ੍ਰਿਤ ਛਕਕੇ ਸਿੰਘ ਸਜਿਆ ਹੈ। ਪਿੱਛੇ ਕਵੀ ਜੀ ਕਪੂਰੇ ਵਲੋਂ ਇਕ ਘੋੜਾ ਗੁਰੂ ਜੀ ਪਾਸ ਪਹੁੰਚਾਉਣ ਦਾ ਜ਼ਿਕਰ ਕਰ ਆਏ ਹਨ, ਜਿਸ ਦਾ ਨਾਮ ਦਲ ਸ਼ਿੰਗਾਰ ਗੁਰੂ ਜੀ ਨੇ ਧਰਿਆ ਸੀ, ਦੇਖੋ ਇਸੇ ਐਨ ਦੇ ਅੰਸੂ ੪ ਦਾ ਆਰੰਭ।
[3]ਮਨ ਵਿਚ ਬਹੁਤ ਡਰ ਹੈ
[ਫਾ:, ਹੌਲ=ਡਰ]।

ਦੋਨਹੁੰ ਦਿਸ਼ਿ ਸੰਕਟ ਬਨਿ ਆਏ ॥੩੪॥
ਉਤ ਤੁਰਕਨਿ ਤੇ ਚਿਤ ਬਹੁ ਡਰਜੋ।
ਇਤ ਰਾਵਰ ਕੋ ਕਾਜ ਨ ਸਰਜੋ।
ਮਿਲੇ ਬਿਨਾਂ ਅਰ ਖੁਸ਼ੀ ਨ ਦੀਨਿ[1]।
ਚਢਿ ਆਏ ਤੁਮ ਰਿਸ ਉਰ ਕੀਨਿ ॥੩੫॥
ਯਾਂ ਤੇ ਚਿੰਤਾ ਕਸ਼ਟ ਮਹਾਨਾ।
ਕਿਮ ਰਾਜ਼ੀ ਮੈਂ ਕਰੌਂ ਬਖਾਨਾ?
ਤੁਰਕਨਿ ਸੰਗ ਨ ਬਿਗਰਜੋ ਜਾਈ।
ਸਭਿ ਅਵਨੀ ਜਿਨ ਅੱਗ੍ਰ ਝੁਕਾਈ' ॥੩੬॥
ਸ੍ਰੀ ਗੁਰ ਜਾਨਜੋਂ ਦੀਨ ਬਿਸਾਲਾ।
ਬਖਸ਼ਜੋ ਖਰ ਖੰਡਾ ਅਰੁ ਢਾਲਾ।
ਲੇ ਕਰਿ ਪ੍ਰਭੁ ਤੇ ਕੁਛ ਹਰਖਾਯੋ[*]।
ਹਾਥ ਜੋਰਿ ਕਰਿ ਸੀਸ ਨਿਵਾਯੋ ॥੩੭॥
ਜਾਨੋ ਦੂਰ ਤੁਰਤ ਹਯ ਚਢਜੋ[2]।
ਲਰਿਬੇ ਕਹੁ ਉਤਸਾਹ ਨ ਬਢਜੋ।
ਸ੍ਰੀ ਗੁਰ ਭਾਖਜੋ 'ਅਹੋ ਕਪੂਰਾ!
ਤੁਰਕਨ ਹੀ ਕੋ ਰਹਜੋ ਕਤੂਰਾ ॥੩੮॥
ਚਿਤ ਗੀਦੀ ਕਾਇਰ ਬਹੁ ਕੂਰਾ।
ਕਰਨਿ ਜੰਗ ਕੋ ਭਯੋ ਨ ਸੂਰਾ।
ਗੁਰ ਤੇ ਬੇਮੁਖ ਨਹਿੰ ਸੁਖ ਮੂਰਾ[3]।
[4]ਮਰੇ ਹੂਰ ਬਰ, ਜੈ ਜਸ ਰੂਰਾ ॥੩੯॥
ਹੋਵੈਂ ਦੁਖੀ ਬਿਸੂਰ ਬਿਸੂਰਾ।
ਕਿਮ ਪ੍ਰਾਪਤਿ ਹ੍ਵੈ ਭਾਗ ਨ ਪੂਰਾ[3]।
ਧੀਰਜ ਤੇ ਜਿਸ ਕੋ ਉਰ ਊਰਾ।
ਕਿਮ ਸ਼ੱਤ੍ਰੁਨਿ ਕਰਿ ਹੈਂ ਚਕਚੂਰਾ[5]' ॥੪੦॥
ਸਿੰਘਨਿ ਸਨ ਗੁਰ ਭਾਖਤਿ ਬਾਤਿ।

---

[1]ਆਪ ਮਿਲੇ ਤੋਂ ਬਿਨਾਂ (ਆਏ ਹੋ) ਤੇ ਖੁਸ਼ੀ ਨਹੀਂ ਦਿੱਤੀ।
[*]ਇਹ ਦੋਏ ਚੀਜ਼ਾਂ ਫਰੀਦਕੋਟ ਦੇ ਰਾਜ ਮਹਿਲ ਵਿਚ ਅਦਬ ਨਾਲ ਰੱਖੀਆਂ ਹੋਈਆਂ ਹਨ, ਦੇਖੋ ਤਵਾ: ਖਾ:।
[2]ਦੂਰ ਜਾਣਾ ਸੀ ਇਸ ਕਰਕੇ ਘੋੜੇ ਚੜ੍ਹ ਗਿਆ।
[3]ਮੂਲੋਂ ਹੀ।
[4]ਮਾਰਿਆਂ ਸੁਹਣੀਆਂ ਹੂਰਾਂ ਦਾ ਵਰਨਾਂ ਤੇ ਜੈ ਹੋ ਜਾਣ ਨਾਲ (ਜਗਤ ਵਿਚ) ਸੁਹਣਾ ਜਸ ਕਿਵੇਂ ਪ੍ਰਾਪਤ ਹੋਵੇ, ਤੇਰੇ ਪੂਰੇ ਭਾਗ ਨਹੀਂ (ਤੂੰ) ਝੂਰ ਝੂਰ ਕੇ ਦੁਖੀ ਹੋਵੇਂਗਾ।
[5]ਵੈਰੀਆਂ ਦਾ ਚਕਨਾਚੂਰ ਤੂੰ ਕੀਕੂੰ ਕਰੇਂ।

ਸੁਨਜੋ ਕਛੂ ਬਚ ਸੁਨਜੋਂ ਨ ਜਾਤ[1]।
ਇਤਨੇ ਮਹਿਂ ਸੁਧਿ ਇਕ ਸਿਖ ਲ੍ਯਾਯੋ।
'ਪ੍ਰਭੁ ਜੀ! ਗਨ ਲਸ਼ਕਰ ਚਢਿ ਆਯੋ ॥੪੧॥
ਪੁਰਿ ਸਿਰੰਦ ਤੇ ਖਾਨ ਵਜੀਦਾ।
ਚਢਿ ਚਲਿ ਪਰਜੋ ਸੁ ਲਖਹੁ ਰਸੀਦਾ[2]।
ਕਾਲ ਕਿ ਪਰਸੌਂ ਲਗਿ ਚਲਿ ਆਵੈ।
ਰਾਵਰ ਕੋ ਪਕਰਨਿ ਲਲਚਾਵੈ' ॥੪੨॥
ਸੁਨਿ ਸ਼੍ਰੀ ਪ੍ਰਭੁ ਅਸਵਾਰ ਚਢਾਯੋ।
'ਜਾਹੁ ਕਪੂਰੇ ਦੇਹੁ ਸੁਨਾਯੋ।
ਸੰਗ ਮੁਰੱਖੇ[3] ਦੇਹੁ ਸਊਰ।
ਲਖਹਿਂ ਦੇਸ਼ ਨੇਰੈ ਕੈ ਦੂਰ[4] ॥੪੩॥
ਤੁਰਕਨਿ ਸਨ ਪੁਨ ਰਨ ਘਮਸਾਨਾ।
ਹਮਰੋ ਪਰਹਿ, ਕਰਹਿਂ ਬਿਨ ਪ੍ਰਾਨਾ।'
ਸੁਨਿ ਸਊਰ ਹਯ ਗਯੋ ਧਵਾਈ।
ਮਿਲਜੋ ਜਾਇ ਕਰਿ ਢਿਗ ਕਿਸ ਥਾਂਈ ॥੪੪॥
ਗੁਰ ਕੀ ਕਹਿਵਤਿ ਸਕਲ ਸੁਨਾਈ।
'ਦੇਹੁ ਮੁਰੱਖੇ ਹ੍ਵੈ ਅਗਵਾਈ।'
ਖਰੇ ਹੋਇ ਅਵਲੋਕਜੋ ਖਾਨਾ[5]।
ਤਬਹਿ ਕਪੂਰੇ ਬਾਕ ਬਖਾਨਾ ॥੪੫॥
'ਜਾਹਿ ਗੁਰੂ ਸੰਗ ਰਹੋ ਅਗਾਰੀ।
ਲੇ ਗਮਨਹੁ ਸੰਗ ਜਹਾਂ ਸੁ[+] ਬਾਰੀ।
ਤੁਰਕਨਿ ਸੰਗ ਜਿ ਹੁਇ ਭਟ ਭੇਰਾ।
ਲਰਹੁ ਨ[6], ਟਰਹੁ ਆਪ ਤਿਸ ਬੇਰਾ ॥੪੬॥
ਇਤ ਉਤ ਹ੍ਵੈ ਕਰਿ ਆਪ ਬਚਾਵਹੁ।
ਬਸ ਲਾਗਤਿ ਗੁਰ ਭੀ ਨ ਲਰਾਵਹੁ।
ਜਹਾਂ ਤਾਲ ਦੀਰਘ ਖਿਦਰਾਣਾ।

---

[1]ਜਾਂਦੇ ਹੋਏ (ਕਪੂਰੇ ਨੇ) ਕੁਛ ਵਾਕ ਸੁਣੇ ਕੁਛ ਨਾ ਸੁਣੇ।
[2]ਪਹੁੰਚਿਆ ਜਾਣੋਂ।
[3]ਅੱਗੇ ਟੁਰਕੇ ਰਸਤਾ ਦੱਸਣ ਵਾਲੇ [ਪੰ:, ਮੁਰੱਖੇ=ਮੁਹਰੇ ਰੱਖੇ]।
[4]ਜੋ ਨੇੜੇ ਤੇ ਦੂਰ ਦੇ ਅਸਥਾਨ ਜਾਣਦੇ ਹੋਣ।
[5]ਭਾਵ 'ਖਾਨਾ' ਨਾਮ ਦਾ ਇਕ ਆਪਣਾ ਦਾਸ। (ਅ) ਭਾਵ ਇਕ ਪਠਾਣ ਜੋ ਉਸ ਦਾ ਦਾਸ ਸੀ।
[+]ਪਾ:-ਨ।
[6]ਲੜਨਾ ਨਹੀਂ।

ਗੁਰ ਕੇ ਸੰਗ ਤਹਾਂ ਲਗਿ ਜਾਣਾ ॥੪੭॥
ਜਿਤ ਹਮ ਹੋਇਂ ਮਿਲਹੁ ਤਹਿਂ ਆਇ।
ਕੈ ਮਿਲ ਜਾਹੁ ਤੁਰਕ ਦਲ ਮਾਇ[1*]।'
ਸਮੁਝਿ ਬਾਰਤਾ ਸਭਿ[2] ਤਬਿ ਖਾਨਾ।
ਲੈ ਕੇਤਿਕ ਅਸਵਾਰ ਪਿਯਾਨਾ[+] ॥੪੮॥
ਆਇ ਮਿਲਯੋ ਸਤਿਗੁਰ ਕੇ ਸਾਥ।
ਬੰਦਨ ਕੀਨਿ ਜੋਰਿ ਜੁਗ ਹਾਥ।
ਜੰਗਲ ਦੇਸ਼ ਬਾਰਤਾ ਸਾਰੀ।
ਬੂਝੀ ਗੁਰ, ਖਾਨੇ ਸੁ ਉਚਾਰੀ ॥੪੯॥
'ਪ੍ਰਭੁ ਜੀ! ਏਕ ਤਾਲ ਖਿਦਰਾਣਾ।
ਅਲਪ ਨੀਰ ਤਿਤ ਕੋ ਹਮ ਜਾਣਾ।
ਅਪਰ ਥਾਨ ਤਿਸ ਨਿਕਟ ਨ ਪਾਨੀ।
ਤਹਿਂ ਲੇ ਚਲੌਂ ਹੋਇ ਅਗਵਾਨੀ ॥੫੦॥
ਲਰਹੁ ਤਹਾਂ ਕੁਛ ਤੁਰਕ ਸੰਘਾਰਹੁ।
ਪੁਨ ਜੰਗਲ ਮਹਿਂ ਅੱਗ੍ਰ ਪਧਾਰਹੁ।
ਬਸ ਲਸ਼ਕਰ ਕੋ ਚਲੈ ਨ ਕੋਊ।
ਜਲ ਬਿਨ ਹਟੈ ਮੂਢ ਮਤਿ ਹੋਊ' ॥੫੧॥
ਇਮ ਕਹਿ ਸੁਨਿ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਉਠਿ ਪ੍ਰਭਾਤਿ ਕਰਿ ਸੌਚ ਸ਼ਨਾਨਾ।
ਪਾਇ ਜ਼ੀਨ ਹਯ, ਬਨਿ ਸਵਧਾਨਾ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

---

[1]ਵਿੱਚ।
[*]ਪਾ:-ਆਇ।
[2]ਸਾਰੀ ਕਹੀ ਗੱਲ।
[+]ਕਪੂਰੇ ਦਾ ਕਿਲਾ ਨਾ ਦੇਣਾ ਤੇ ਗੁਰੂ ਵਾਕ ਕਿ ਤੁਰਕਾਂ ਹੱਥੋਂ ਤੇਰੀ ਮੌਤ ਹੈ, ਇਹ ਗੱਲ ਤਾਂ ਯਥਾਵਤ ਹੋ ਗਈ। ਬਾਕੀ ਗੁਰੂ ਜੀ ਨਾਲ ਕਪੂਰਾ ਸਿੱਖੀ ਭਾਵਨਾ ਵਿਚ ਸਾਬਤ ਹੈ ਤੇ ਗੁਰੂ ਜੀ ਦਾ ਬੀ ਇਤਬਾਰ ਹੈ, ਜੋ ਇਸ ਤੋਂ ਜ਼ਾਹਰ ਹੈ। ਕਪੂਰਾ ਦੋਏ ਪੱਖ ਬਚਾਉਣ ਦੇ ਜਤਨ ਵਿਚ ਹੈ।

## ੭. [ਖਿਦਰਾਣੇ ਵੱਲ ਨੂੰ ਟੁਰਨਾ। ਜੁਗਰਾਜ ਜੱਟ]

੬<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੮

ਦੋਹਰਾ: ++ਚਢਿ ਤਹਿਂ ਤੇ ਸ਼੍ਰੀ ਸਤਿਗੁਰੂ,
ਲੇ ਖਾਨੇ[੧] ਕੋ ਸੰਗ।
ਰਮਯਾਣਾ[੨] ਜੋ ਗ੍ਰਾਮ ਹੈ,
ਤਿਤ ਕੋ ਤੋਰਿ ਤੁਰੰਗ ॥੧॥
ਚੌਪਈ: ਕੇਤਿਕ ਚਲਿ ਜਬਿ ਆਗੇ ਗਏ।
ਬਹੁ ਉਦਿਆਨ ਬਿਲੋਕਤਿ ਭਏ।
ਨਿਕਟ ਗ੍ਰਾਮ ਕੇ ਜਾਇ ਪਹੂਚੇ।
ਖਰੇ ਕਰੀਰ ਪੀਲੁ ਤਰੁ ਮੂਚੇ[੩][¶] ॥੨॥
ਤਹਿਂ ਇਕ ਰਾਹਕ ਤੋਰਤਿ ਡੇਲੇ।
ਪਾਵਤਿ ਝੋਰੀ ਮੈਂ ਬਹੁ ਲੇ ਲੇ।
ਸ਼੍ਰੀ ਸਤਿਗੁਰ ਸੋ ਜਾਇ ਨਿਹਾਰਾ।
ਨਿਕਟ ਗਏ ਇਮ ਬਾਕ ਉਚਾਰਾ ॥੩॥
'ਕਜਾ ਤੂੰ ਕਰੈਂ ਤਰੁਨਿ ਮਹਿਂ[੪] ਫਿਰੈਂ?
ਕਜਾ ਝੋਲੀ ਮਹਿਂ ਪਾਵਨ ਕਰੈਂ?'
ਰਾਹਕ ਬੋਲਯੋ 'ਫਲ ਇਨ ਤੋਰਿ।
ਲੈ ਜੈਹੌਂ ਇਨ ਖੈਬੇ ਲੋਰਿ' ॥੪॥
'ਹਮਹਿ ਦਿਖਾਵਹੁ' ਸ਼੍ਰੀ ਪ੍ਰਭੁ ਭਾਖਾ।
ਦਈ ਮੁਸ਼ਟ ਭਰਿ, ਇਕ ਮੁਖ ਚਾਖਾ[੫]।
'ਇਹ ਤੌ ਕਟਕ[੬] ਡਾਰ ਦਿਹੁ ਚੀਨਿ।'
ਚੌਥੇ ਭਾਗ ਗੇਰ ਤਿਨ ਦੀਨਿ ॥੫॥
ਪੁਨ ਗੁਰ ਭਨਯੋਂ 'ਗੇਰ ਦੇਹੁ ਸਾਰੇ।'
ਸੁਨਿ ਰਾਹਕ ਆਧੇ ਪੁਨ ਡਾਰੇ।
ਭਨੈਂ ਪ੍ਰਭੂ 'ਧਰ ਡਾਰਹੁ ਸਭੈ।'
ਸੁਨਿ ਰਾਹਕ ਕੁਛ ਗੇਰੇ ਤਬੈ ॥੬॥

---

++ਇਹ ਸਾਖੀ ਬੀ ਸਾਖੀਆਂ ਵਾਲੀ ਪੋਥੀ ਵਿਚੋਂ ਹੈ।
[੧]ਖਾਨਾ ਨਾਮ ਦਾ ਰਾਹ ਦਸਣੇ ਵਾਲਾ।
[੨]ਇਥੇ ਗੁਰਦੁਵਾਰਾ ਹੈ। ਇਹ ਪਿੰਡ ਫਰੀਦਕੋਟ ਰਜਾਸਤ ਵਿਚ ਹੈ।
[੩]ਭਾਵ ਵੱਡੇ-ਵੱਡੇ ਪੀਲੂ ਦੇ ਬੂਟੇ।
[¶]ਪਾ:-ਊਚੇ।
[੪]ਰੁੱਖਾਂ ਵਿਚ।
[੫]ਗੁਰੂ ਜੀ ਬੋਲੇ।
[੬]ਕੌੜੇ ਹਨ।

ਝੋਰੀ ਮਹਿਂ ਰਾਖੇ ਜਬਿ ਹੇਰੇ।
ਪੁਨ ਗੁਰ ਕਹ੍ਯੋ 'ਕ੍ਯੋਂ ਨ ਸਭਿ ਗੇਰੇ?'
ਰਾਹਕ ਕਹੈ 'ਕੁਟੰਬ ਜੁ ਮੇਰਾ।
ਕਜਾ ਖੈਹੈ ਹੁਇ ਛੁਧਤਿ ਘਨੇਰਾ ॥੭॥
ਕਰਹਿਂ ਪਕਾਵਨ ਲੇ ਸਭਿ ਖੈਹੈਂ।
ਇਮ ਗੁਜ਼ਰਾਨੀ ਸਮਾ ਬਿਤੈ ਹੈਂ।'
ਸਭਿਨਿ ਸੁਨਾਇ ਗੁਰੂ ਤਬਿ ਭਾਖਾ।
'ਚੌਥੇ ਭਾਗ ਦੁਰਭਿਛ ਕੋ[1] ਰਾਖਾ ॥੮॥
ਹਮ ਚਾਹਤਿ ਇਸ ਦੇਸ਼ ਮਝਾਰੀ।
ਕਬਿ ਦੁਰਭਿੱਛ ਨ ਪਰਹਿ ਅਗਾਰੀ ।
ਬਰਿਆਈ ਇਸ ਰਾਹਕ ਰਾਖ੍ਯੋ।
ਮਾਨ੍ਯੋ ਬਾਕ ਨ ਜੋ ਹਮ ਭਾਖ੍ਯੋ ॥੯॥
ਜੇ ਕਰਿ ਡੇਲੇ ਗੇਰਤਿ ਸਾਰੇ।
ਹੋਤਿ ਅਨਾਜ ਅਨੇਕ ਪ੍ਰਕਾਰੇ।
ਰਹਤਿ ਭਲੋ ਸੁਰਭਿੱਛ[2] ਹਮੇਸ਼ੂ।
ਇਤ ਤੇ ਅੰਨ ਖਾਹਿਂ ਬਹੁ ਦੇਸ਼ੂ ॥੧੦॥
ਅਬਿ ਭੀ ਤੀਨਹੁਂ ਭਾਗ ਸੁਕਾਲ।
ਛਿਤ ਮਹਿਂ ਉਪਜੇ ਅੰਨ ਬਿਸਾਲ[*]।'
ਬਾਕ ਬਿਲਾਸ ਕਰਤਿ ਇਮ ਗਏ।
ਜਾਇ ਗ੍ਰਾਮ ਢਿਗ ਉਤਰਤਿ ਭਏ ॥੧੧॥
ਮਾਝੇ ਮਹਿਂ ਗੁਰ ਕੀ ਸੁਧਿ ਸੁਨੀ।
ਜਥਾ ਜੰਗ ਭੇ, ਸੈਨਾ ਹਨੀ।
ਜਥਾ ਅਨੰਦਪੁਰਿ ਛੋਰਿ ਸਿਧਾਰੇ।
'ਸਾਹਿਬਜ਼ਾਦੇ ਚਾਰਹੁਂ ਮਾਰੇ ॥੧੨॥
ਜੰਗਲ ਦੇਸ਼ ਪ੍ਰਵੇਸ਼ੇ ਜਾਇ।
ਲਾਖਹੁਂ ਤੁਰਕਨਿ ਕੇ ਦਲ ਆਇ।'
ਸੁਨਿ ਸੁਨਿ ਬਡ ਅਫਸੋਸ ਕਰੰਤੇ।
ਅਪਨ ਆਪ ਕੋ ਧਿਕ ਉਚਰੰਤੇ ॥੧੩॥
'ਦੇਸ਼ ਹਮਾਰੋ ਬੇਮੁਖ ਹ੍ਵੈ ਕੈ।

[1]ਕਾਲ ਦਾ ਚੌਥਾ ਹਿੱਸਾ।
[2]ਸੁਕਾਲ।
[*]ਇਸ ਤਰ੍ਹਾਂ ਦੇ ਸਹਿਜ ਭਾ ਕਹੇ ਵਾਕ ਕੈਸੇ ਸੱਤ ਹੋਏ ਹਨ! ਮਾਲਵਾ ਹੁਣ ਕਿਤਨਾ ਅੰਨ ਪੈਦਾ ਕਰਦਾ ਹੈ।

ਦੁਨੀ ਚੰਦ ਕੇ ਸੰਗ ਮਿਲੈ ਕੈ।
ਭਾਗੇ ਸਤਿਗੁਰ ਕੋ ਤਜਿ ਆਏ।
ਸ੍ਰੀ ਗੁਰ ਕੋ ਕਾਰਜ ਬਿਗਰਾਏ' ॥੧੪॥
ਭਲੇ ਭਲੇ ਸਿਖ ਸਭਿਨਿ ਧਿਕਾਰੈਂ।
'ਦੇਸ਼ ਬਿਮੁਖ ਦਾ ਦੋਜ਼ਕ ਡਾਰੈਂ।'
ਸੁਨਿ ਗ਼ੈਰਤ ਸਭਿ ਕੇ ਮਨ ਆਈ।
ਜਾਨੀ ਅਪਨੀ ਅਧਿਕ ਖੁਟਾਈ ॥੧੫॥
ਅਪਰ ਦੇਸ਼ ਅਸ ਕੋਇ ਨ ਹੋਵਾ।
ਸਿਦਕ ਜਥਾ ਮਾਝੇ ਬਹੁ ਖੋਵਾ।
ਚਿਤਵਤਿ ਚਿਤ ਚਿੰਤਾ ਬਹੁ ਗ੍ਰਾਮੂ।
-ਕਿਮ ਗੁਰ ਕੋ ਸੁਧਰੈ ਸਭਿ ਕਾਮੂ- ॥੧੬॥
ਪੰਚਾਇਤ ਬਹੁ ਗ੍ਰਾਮਨਿ ਕੇਰੀ।
ਆਪਸ ਮਹਿਂ ਸਕੇਲਿ ਤਿਸ ਬੇਰੀ।
ਪਠਿ ਪਠਿ ਮਾਨਵ ਇਕ ਥਲ ਆਏ।
ਮੇਲ ਭਯੋ ਸਭਿ ਕੋ ਇਕ ਥਾਏ ॥੧੭॥
ਲਵਪੁਰਿ ਕੋ ਗਿਰਦਾ[1] ਸਭਿ ਮਿਲੇ।
ਗਿਨਤੀ ਕੇ ਮਾਨਵ ਮੁਖਿ ਭਲੇ।
ਕਰਤਿ ਸੋਚ ਚਿੰਤਾ ਮਹਿਂ ਗ਼ਰਕ।
ਬੇਮੁਖਤਾ ਕੋ ਫਲ ਹੁਇ ਨਰਕ ॥੧੮॥
ਆਪਸ ਮਹਿਂ ਬਿਚਾਰ ਠਹਿਰਾਈ।
-ਸੌ ਦੋ ਸੈ ਨਰ ਗੁਰ ਢਿਗ ਜਾਈ।
ਪ੍ਰਭੁ ਕੋ ਮਿਲਿ ਐਸੇ ਸਮੁਝਾਵੈਂ।
ਹਾਥਿ ਜੋਰਿ ਕਰਿ ਸੀਸ ਨਿਵਾਵੈਂ[+] ॥੧੯॥
ਪੂਰਬਲੇ ਗੁਰੂਅਨਿ ਕੀ ਰੀਤਿ।
ਜੇ ਤੁਮ ਧਾਰਹੁ ਥਿਰ ਕਰਿ ਚੀਤਿ।
ਤੌ ਸਿੱਖੀ ਨਿਰਬਹੈਂ[2] ਤੁਮਾਰੀ।
ਦਯਾ ਧਰਹੁ ਗਤਿ ਕਰਹੁ ਹਮਾਰੀ ॥੨੦॥
ਜੇ ਤੁਰਕਨਿ ਕੇ ਸੰਗ ਬਖੇਰਾ।
ਦਿਨ ਪ੍ਰਤਿ ਕਰਹੁ ਜੰਗ ਬਡ ਝੇਰਾ।

---

[1]ਆਲੇ-ਦੁਆਲੇ ਦੇ।
[+]ਪਾ:-ਰਾਜ ਤੇਜ ਤੁਰਕਾਨ ਜਨਾਵੇ।
[2]ਨਿਬਾਹਾਂਗੇ।

ਨਹਿਂ ਸਿੱਖੀ ਕੋ ਹੁਇ ਨਿਰਬਾਹੂ।
ਬਸੈਂ ਪ੍ਰਜਾ ਹੁਇ ਦੇਸ਼ਨ ਮਾਂਹੂ[1] ॥੨੧॥
ਲਰਜੋ ਨ ਜਾਇ ਸ਼ਾਹੁ ਕੇ ਸੰਗ।
ਲਾਖਹੁੰ ਲਸ਼ਕਰ ਠਾਨਤਿ ਜੰਗ।
ਜੇ ਤੁਮ ਕਹੋ -ਸਾਥ ਤੁਰਕਾਨੇ।
ਹਮਰੇ ਝਗਰੇ ਪਰੇ ਮਹਾਨੇ- ॥੨੨॥
ਤੌ ਹਮ ਦਿੱਲੀ ਪਹੁੰਚਹਿਂ ਸਾਰੇ।
ਕਰਹਿਂ ਸੁਨਾਵਨ ਸਰਬ ਪ੍ਰਕਾਰੇ।
ਭਲੀ ਭਾਂਤਿ ਹਮ ਲੇਹਿਂ ਨਿਬੇਰਾ।
ਨਹੀਂ ਰਹਨ ਦੇਵੈਂ ਕੋ ਝੇਰਾ ॥੨੩॥
ਹਮਰੇ ਰਾਹੀਂ ਸਭਿ ਕਿਛ ਹੋਇ।
ਬਾਦ ਬਿਰੋਧ ਦੇਹਿਂਗੇ ਖੋਇ।
ਆਪ ਸੁਖੀ ਰਹੀਅਹਿ ਸਭਿ ਰੀਤਿ।
ਨਿਰਬਾਹਹੁ ਸਿੱਖਨ ਕੀ ਪ੍ਰੀਤਿ[*] ॥੨੪॥
ਹਮ ਸਿਖ ਹੁਇੰ ਤੁਮ ਗੁਰੂ ਬਨੀਜੈ।
ਰਸ[2] ਤੁਰਕਨ ਕੇ ਸੰਗ ਰਖੀਜੈ।
ਨਤੁ ਹਮ ਸਿੱਖ ਨ ਤੁਮ ਗੁਰ ਹਏ।
ਬਿਗਰਹਿ ਬਾਤ ਲਖਹੁ ਦਿਸ਼ਿ ਦੋਏ- ॥੨੫॥
ਗ੍ਰਾਮਨਿ ਕੀ ਪੰਚਾਇਤ ਸਾਰੀ।
ਇਸ ਪ੍ਰਕਾਰ ਕੀ ਮਸਲਤਿ ਧਾਰੀ।
ਪ੍ਰੇਮੀ ਸਿੱਖ ਹੋਇ ਤਬਿ ਤਜਾਰ।
ਗੁਰ ਸਨ ਮਿਲਿਬੇ ਇੱਛਾ ਧਾਰਿ ॥੨੬॥
ਗ੍ਰਾਮ ਗ੍ਰਾਮ ਤੇ ਇਕ ਨਰ ਔਰ।
ਚਲਨ ਹੇਤੁ ਮਿਲਿ ਕਰਿ ਤਿਸ ਠੌਰ।
ਭਏ ਸਨੱਧ ਬੱਧ ਤਬਿ ਸਾਰੇ।
ਸ੍ਰੀ ਸਤਿਗੁਰ ਕੀ ਓਰ ਪਧਾਰੇ ॥੨੭॥
ਗ੍ਰਾਮ ਹਰੀ ਕੇ ਪੱਤਨ ਆਏ।

---

[1]ਅਸੀਂ ਦੇਸ਼ਾਂ ਵਿਚ ਪਰਜਾ ਹੋ ਕੇ ਵੱਸਦੇ ਹਾਂ।

[*]ਇਨ੍ਹਾਂ ਸਿੱਖਾਂ ਨੂੰ ਭੈੜੇ ਨਹੀਂ ਕਹਿਣਾ ਚਾਹੀਏ; ਰਾਜ ਤੇਜ ਤੁਰਕਾਂ ਦਾ ਭਾਰੀ ਹੈ ਤੇ ਇਨ੍ਹਾਂ ਦੇ ਮਨ ਭੈ ਵਿਚ ਹਨ ਤੇ ਨਿਰਹੱਲ ਬੀਰਤਾ ਵਿਚ ਓਥੇ ਨਹੀਂ ਅਜੇ ਅੱਪੜੇ ਜਿੱਥੇ ਗੁਰੂ ਜੀ ਲਿਜਾਯਾ ਚਾਹੁੰਦੇ ਹਨ।

ਪਜਾਰ ਦੀ ਸੇਵਾ ਵਿਚ ਜੇ ਇਹ ਪ੍ਰੇਮੀ ਨਾ ਹੁੰਦੇ ਤਾਂ ਮੁਕਤਸਰ ਦੇ ਟਿਕਾਣੇ ਬੇਮੁਖਾਈ ਦੇ ਮਗਰੋਂ ਲੜ ਕੇ ਨਾ ਮਰਦੇ।

[2]ਮੇਲ।

ਸਲਿਤਾ ਦੋਨਹੁੰ ਤਰਿ[1] ਹਰਖਾਏ।
ਗੁਰ ਕੀ ਸੁਧਿ ਸੁਨਿ ਕਰਿ ਸਭਿ ਤਬੈ।
'ਦੀਨੇ ਗ੍ਰਾਮ ਤਜਾਗ ਕਰਿ ਅਬੈ ॥੨੮॥
ਖਿਦਰਾਣੇ ਸਰ ਕੀ ਦਿਸ਼ਿ ਆਏ।'
ਸੁਨਤਿ ਸਿੰਘ ਹਰਖਤਿ ਇਤ ਧਾਏ।
[+]ਰਮਯਾਣੇ ਤੇ ਕਰਿ ਗੁਰ ਕੂਚ।
ਕੇਤਿਕ ਆਗੇ ਉਲੰਗਿ ਪਹੂਚਿ ॥੨੯॥
ਜਾਟ ਵਿੜੰਗ[2] ਜੁਗਰਾਜ[3] ਨਾਮ ਤਿਹ।
ਖਰੋ ਹੁਤੋ ਗੁਰ ਪੰਥ ਜਾਤਿ ਜਿਹੰ।
ਤਿਸ ਬਿਲੋਕਿ ਸਿਖ[4] ਬਾਕ ਉਚਾਰਾ।
'ਸੁਨਹੁ ਚੌਧਰੀ! ਸ਼੍ਰਵਨ ਮਝਾਰਾ ॥੩੦॥
ਗਨ ਮੁਸਲਨ[5] ਕੋ ਲਸ਼ਕਰ ਆਵੈ।
ਜੇ ਤੁਝ ਬੂਝਤਿ ਅੱਗ੍ਰ ਸਿਧਾਵੈ।
-ਗਏ ਅਗਾਰੀ ਗੁਰ ਇਤਿ ਦਿਸ਼ਿ ਕੋ-?
ਤੌ ਨ ਬਤਾਵਨ ਕਰੀਅਹਿ ਕਿਸ ਕੋ' ॥੩੧॥
ਸੁਨਤਿ ਜਾਟ ਬੋਲਯੋ ਮੁਖ ਤਬੈ।
'ਮੋ ਕਹੁ ਬੂਝਹਿਂ ਮੁਸਲੇ ਜਬੈ।
ਨਹੀਂ ਬਤਾਵਨਿ ਕੋ ਕਿਮ ਕਰਿਹੌਂ।
-ਮੈਂ ਕਜਾ ਜਾਨੌਂ- ਤਿਨਹਿ ਉਚਰਿਹੌਂ' ॥੩੨॥
ਇਮ ਕਹਿ ਸਿਖ ਗੁਰ ਸੰਗ ਸਿਧਾਰੇ।
ਚਲੇ ਗਏ ਉਦਿਆਨ ਅਗਾਰੇ।
ਬਹੁਤ ਦੂਰ ਪਹੁੰਚੇ ਜਬਿ ਜਾਈ।
ਪੀਛੇ ਮਿਲਯੋ ਏਕ ਸਿੰਘ ਆਈ ॥੩੩॥
ਤਿਨ ਸਗਰੀ ਸੁਧਿ ਆਨਿ ਸੁਨਾਈ।
'ਦੇਖਹੁ ਕਹਾਂ ਸੈਨ ਰਿਪੁ ਆਈ।
ਜਾਟ ਖਰੋ ਜੁਗਰਾਜ ਬਤਾਵਿਤ।
-ਆਗੇ ਸਤਿਗੁਰ ਇਤ ਕੌ ਜਾਵਤਿ ॥੩੪॥

---

[1]ਹਰੀਕੇ ਪੱਤਣ ਤੇ ਬਜਾਸ ਤੇ ਸਤਲੁਜ ਮਿਲਦੇ ਹਨ, ਦੋਵੇਂ ਤਰ ਕੇ ਪਾਰ ਲੰਘਕੇ।
[+]ਸਾਖੀਆਂ ਵਾਲੀ ਪੋਥੀ ਦੀ ਇਹ ਸਾਖੀ ਹੈ।
[2]ਗੋਤ।
[3]ਨਾਮ ਹੈ।
[4](ਸ਼੍ਰੀ ਗੁਰ ਜੀ ਦੇ ਨਾਲ ਦੇ ਇਕ) ਸਿੰਘ ਨੇ।
[5]ਮੁਸਲਮਾਨ।

ਤਿਨ ਸੰਗੀ ਸਿਖ ਮੋਹਿ ਹਟਾਯੋ[1]।
ਇਤ ਗੁਰ ਗਏ, ਨ ਦੇਹੁ ਬਤਾਯੋ[2]।
ਮੁਸਲਨ ਕੋ ਲਸ਼ਕਰ ਇਤ ਆਵੈ।
ਭੌਂਕ ਚੌਂਕ ਆਪੇ ਚਲਿ ਜਾਵੈ- ॥੩੫॥
ਇਮ ਤਿਸ ਨੇ ਸਭਿ ਬਾਤ ਬਤਾਈ।'
ਸੁਨਿ ਸ਼੍ਰੀ ਪ੍ਰਭੁ ਕਹਿਂ 'ਤਿਹ ਨ ਪਚਾਈ[3]।
ਕੁਲ ਜੁਤਿ ਅਫਰ ਅਫਰ ਮਰਿ ਜੈ ਹੈ।
ਇਸ ਕਾਰਨ ਤੇ ਮ੍ਰਿਤੁ ਕੋ ਪੈ ਹੈ' ॥੩੬॥
ਗੁਰ ਬਚ ਤੇ ਸੋ ਆਫਰ ਮਰਯੋ।
ਅਬਿ ਲੌ ਤਿਹ ਕੁਲ ਸੁਨਿਬੋ ਕਰਯੋ[4]।
ਜਬਿ ਤਿਨ ਕੀ ਮ੍ਰਿਤੁ ਹੁਇ ਨਿਯਰਾਈ।
ਅਫਰੈ ਤੀਨ ਦਿਵਸ ਮਰਿ ਜਾਈ ॥੩੭॥
ਅਫਰੇ ਜਰਹਿਂ ਚਿਖਾ ਕੇ ਬੀਚ।
ਲੀਨੋ ਸ੍ਰਾਪ ਬਾਦ ਹੀ ਨੀਚ।
ਚਲੇ ਜਾਤਿ ਸਤਿਗੁਰੂ ਅਗਾਰੀ।
ਪੀਲੁਨਿ ਤਰੁ ਕਰੀਰ ਜਹਿਂ ਭਾਰੀ ॥੩੮॥
*ਏਕ ਗ੍ਰਾਮ ਆਯੋ ਪੁਨ ਔਰ।
ਰੂਪਾ ਖੱਤ੍ਰੀ ਬਸਿ ਤਿਸ ਠਉਰ।
ਮਿਲਯੋ ਏਕ ਗੁੜ ਰੋੜੀ ਲੈ ਕੇ।
ਬੰਦਨ ਕਰੀ ਥਿਰਯੋ ਅਗਵੈ ਕੈ ॥੩੯॥
ਗੁਰ ਬਿਲੋਕਿ ਬੋਲੇ ਤਿਸ ਬੇਰਾ।
'ਕਹੁ ਰੂਪਾ ਕਰੀਅਹਿ ਇਤ ਡੇਰਾ?
ਲਰਹਿਂ ਤੁਰਕ ਸੋਂ ਇਸ ਥਲ ਥਿਰੈਂ?
ਆਵਤਿ ਰਿਪੁਨਿ ਪ੍ਰਾਨ ਕੋ ਹਰੈਂ?' ॥੪੦॥
ਸੁਨਿ ਬੋਲਯੋ 'ਨਹਿਂ ਪੁਜਿ ਹੈ ਡੇਰਾ[5]।
ਤੁਮਰੋ ਤੁਰਕਨਿ ਸੰਗ ਬਖੇਰਾ।
ਲਸ਼ਕਰ ਆਇ ਪਕਰ ਕਰਿ ਲੇਹਿ।

---

[1]ਭਾਵ ਸ੍ਰੀ ਗੁਰੂ ਜੀ ਦੇ ਨਾਲ ਦੇ ਸਿੰਘਾਂ ਨੇ ਮੈਨੂੰ ਮਨ੍ਹੇ ਕੀਤਾ ਸੀ (ਇਹ ਜੁਗਰਾਜ ਕਹਿੰਦਾ ਹੈ)।
[2]ਦੱਸਣਾ ਨਹੀਂ।
[3]ਤਿਸ ਨੂੰ ਗੱਲ ਨਹੀਂ ਪਚੀ।
[4]ਉਸ ਕੁਲ ਦੀ (ਗੱਲ) ਸੁਣੀ ਹੈ।
*ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।
[5]ਆਪ ਦਾ ਡੇਰਾ ਕਰਨਾ (ਸਾਥੋਂ) ਨਹੀਂ ਪੁੱਜਦਾ।

ਸੰਤਤਿ ਸਹਤ ਸਜ਼ਾਇ ਸੁ ਦੇਹਿ ॥੪੧॥
ਗ੍ਰਾਮ ਉਜਾਰਹਿ ਲੂਟਹਿ ਸਾਰਾ।
ਤੁਮ ਉਤਰੇ ਤੇ ਇਤਿਕ ਬਿਗਾਰਾ।'
ਸੁਨਿ ਗੁਰ ਕਹਯੋ 'ਨਹੀਂ ਤੂੰ ਰਹੈਂ।
ਸੰਤਤਿ ਤੋਹਿ ਬਿਨਾਸ਼ੀ ਲਹੈ ॥੪੨॥
ਉਜਰਹਿ ਗ੍ਰਾਮ ਬਸਹਿ ਬਹੁ ਬਾਰੀ।'
ਦਿਯੋ ਸ੍ਰਾਪ ਇਮ ਦਾਰੁਨ ਭਾਰੀ।
ਤਬਿ ਕੋ ਗ੍ਰਾਮ ਬਸ੍ਯੋ ਬਹੁ ਬਾਰੀ।
ਉਜਰਹਿ ਬਾਰ ਬਾਰ ਸੁਖ ਟਾਰੀ ॥੪੩॥
ਸੰਤਤਿ ਸਹਿਤ ਸੁ ਖੱਤ੍ਰੀ ਮਰ੍ਯੋ।
ਮੂਲ ਟਾਸ[1] ਸਗਰੋ ਪਰਹਰ੍ਯੋ।
ਤੀਸ ਬਰਸ ਕੋ ਉਜਰ੍ਯੋ ਪਰ੍ਯੋ।
ਸੋ ਅਬਿ ਬਸ੍ਯੋ ਸ਼੍ਰਵਨ ਹਮ ਕਰ੍ਯੋ ॥੪੪॥
ਸ੍ਰਾਪ ਕਿ ਬਰ ਸਤਿਗੁਰ ਜਬਿ ਕਰੈਂ।
ਤਤਛਿਨ ਹੋਤਿ ਨਿਮਖ ਨਹਿਂ ਟਰੈਂ।
ਚਲੇ ਜਾਤਿ ਆਗੇ ਉਦਿਆਨ।
ਜਹਾਂ ਨ ਗ੍ਰਾਮ ਪਿਖ੍ਯੋ ਕਿਸ ਥਾਨ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਸ੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

---
[1]ਮੁੱਢ ਤੇ ਟਾਹਣੇ।

## ੮. [ਦਾਨ ਸਿੰਘ ਦੇ ਪੁੱਤ੍ਰ ਨੂੰ ਬਖਸ਼ਣਾ। ਮਾਝੇ ਦੇ ਸਿੰਘਾਂ ਦਾ ਬਿਦਾਵਾ]

੭<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੯

ਦੋਹਰਾ: ਚਲੇ ਜਾਇਂ ਆਗੈ ਗੁਰੂ,
ਸਿੰਘ ਰੁ ਖਾਨਾ ਸੰਗ[1]।
ਕਿਤਿਕ ਸਾਥ ਬੈਰਾੜ ਹੈਂ,
ਸਹਿਜ ਚਲਾਹਿਂ ਤੁਰੰਗ ॥੧॥

ਚੌਪਈ: ਦਾਨ ਸਿੰਘ ਇਕ ਸਿਖ ਬੈਰਾੜ।
ਸੰਗ ਗੁਰੂ ਕੇ ਜਾਹਿਂ ਉਜਾੜ।
ਤਿਸ ਕੋ ਸੁਤ ਸਤਿਗੁਰੂ ਪਿਛਾਰੇ।
-ਮੰਦ ਚਲਾਵਹਿਂ ਤੁਰੰਗ- ਨਿਹਾਰੇ[2] ॥੨॥
ਕਹਜੋ 'ਸ਼ਿਤਾਬੀ ਤੁਰੰਗ ਚਲਾਵਹੁ।
ਆਏ ਤੁਰਕ ਨਿਕਟ ਲਖਿ ਪਾਵਹੁ।'
ਪ੍ਰਭੁ ਨੇ ਮੰਦਹਿ ਮੰਦ ਚਲਾਯੋ।
ਪੁਨ ਡਰ ਧਰਿ ਤਿਨ ਬਾਕ ਅਲਾਯੋ ॥੩॥
'ਸ਼ੱਤ੍ਰਨਿ ਸੈਨ ਸਮੀਪੀ ਹੋਈ।
ਅਨਗਨ ਮਿਲਹਿਂ ਕਰਹਿਂ ਅਬਿ ਢੋਈ।'
ਕਈ ਬਾਰ ਕਹਿ ਰਹਜੋ ਉਚੇਰੇ।
ਨਹੀਂ ਸ਼ੀਘ੍ਰ ਤੇ ਗੁਰ ਹਯ ਪ੍ਰੇਰੇ ॥੪॥
ਤਿਸ ਕੇ ਹਾਥ ਕੋਰੜਾ ਹੁਤੋ।
ਨਿਕਟ ਹੋਇ ਗੁਰ ਕੇ ਹਯ ਹਤੋ[3]।
ਕਹੈ 'ਤੁਰਕ ਦਲ ਆਇ ਪਿਛਾਰੀ।
ਕਜੋਂ ਨ ਬੇਗ ਕਰਿ ਚਲਹੁ ਅਗਾਰੀ? ॥੫॥
ਸੰਗਤਿਆ ਤੁਰੰਗ ਟਿਰੜੀਏ ਪਾਵਹੁ[4*]।
ਰਿਪੁ ਢਿਗ ਆਏ, ਕਜੋਂ ਨ ਲਖਾਵਹੁ।'
ਹਯ ਕੇ ਹਨੇ ਗੁਰੂ ਰਿਸ ਧਾਰੀ।

---

[1]ਸਿੰਘ ਤੇ ਉਹ ਖਾਨਾ (ਜੋ ਕਪੂਰੇ ਵਲੋਂ ਆਯਾ ਸੀ) ਨਾਲ ਹੈ।
[2]ਹੌਲੀ ਚਲਾਉਂਦੇ ਹਨ ਘੋੜਾ (ਇਹ ਗੱਲ) ਤੱਕ ਰਿਹਾ ਸੀ।
[3]ਗੁਰੂ ਕੇ ਘੋੜੇ ਨੂੰ ਮਾਰਿਆ।
[4]ਹੇ ਸ਼ਕਤੀ ਵਾਲੇ! ਘੋੜੇ ਨੂੰ (ਤ੍ਰਿਖੀ) ਚਾਲੇ ਪਾਓ।
[ਪੰਜਾ:, ਟਿਰੜੀਏ=ਰੇੜ੍ਹੇ ਪਾਉਣਾ=ਤੇਜ਼ ਚਲਾਉਣਾ]।
*ਪਾ:-ਸੰਗਤ ਕਜਾ ਤੁਰੰਗ ਰਿੜੀਏ ਪਾਵਹੁ। ਪਰ ਸਾਖੀਆਂ ਦੀ ਪੋਥੀ ਦਾ ਪਾਠ ਹੈ 'ਸਕਤਿਆ ਘੋੜੇ ਨੂੰ ਟਿਰੜੀਏ ਪਾਓ, ਮਗਰ ਤੁਰਕ ਆਉਂਦਾ ਹੈ'। ਗ੍ਰਾਮੀਨ ਲੋਕ 'ਸਕਤਿਆ' ਦੀ ਥਾਂ 'ਸਗਤਿਆ' ਬੀ ਬੋਲ ਲੈਂਦੇ ਹਨ।
'ਸਗਤਿਆ' ਦੇ 'ਸਸੇ' ਦੇ ਟਿੱਪੀ ਲਿਖਾਰੀ ਦੀ ਉਕਾਈ ਨਾਲ ਪਈ ਜਾਪਦੀ ਹੈ।

'ਸੰਤਤਿ ਮਾਰੀ ਜਾਇ ਤੁਮਾਰੀ ॥੬॥
ਜਾਨ ਭ੍ਰਾਤ[1] ਕੇ ਚਾਬਕ ਮਾਰਾ।
ਚਲ੍ਯੋ ਜਾਤਿ ਜੋ ਹਮ ਅਨੁਸਾਰਾ।'
ਦਾਨ ਸਿੰਘ ਰਿਸ ਕੀ ਸੁਨਿ ਬਾਨੀ।
ਹਾਥ ਜੋਰਿ ਕਰਿ ਬਿਨੈ ਬਖਾਨੀ ॥੭॥
'ਇਹ ਮਮ ਸੁਤ ਅਪਰਾਧ ਕਮਾਵਾ।
ਬਖਸ਼ਨ ਹੀ ਤੁਮ ਕੋ ਬਨਿ ਆਵਾ।
ਬਯ ਪਹਿਲੀ ਮੂਰਖ ਕ੍ਰਿਤ ਕੀਨਾ।
ਨਹੀਂ ਪ੍ਰਤਾਪ ਆਪ ਕੋ ਚੀਨਾ ॥੮॥
ਸੰਗਤਿ ਨਹਿਂ ਗੁਰ ਸਿੱਖਨਿ ਕੇਰੀ।
ਜਿਸ ਤੇ ਮਹਿਮਾ ਲਖਹਿ ਬਡੇਰੀ।'
ਸੁਨਤਿ ਬਿਨੈ ਕਰੁਨਾ ਹੁਇ ਆਈ।
'ਦਾਨ ਸਿੰਘ! ਕਰਿ ਚਿੰਤ ਨ ਕਾਈ ॥੯॥
ਪਿਤਾ ਪੁੱਤ੍ਰ ਕੀ ਲਗਹਿ ਨ ਗਾਰੀ।
ਰਿਦੇ ਸਨੇਹ ਹੋਤਿ ਹੈ ਭਾਰੀ।
ਰਿਸ ਕੇ ਬਸਿ ਦੁਰਸੀਸ ਬਖਾਨੇ।
ਚਹੈ ਨ ਚਿਤ ਮੈਂ ਸੁਤ ਕੀ ਹਾਨੇ[*] ॥੧੦॥
ਤੁਮ ਸਿਖ ਸੁਤ ਕੇ ਸਮ ਹੋ ਮੇਰੇ।
ਹਮ ਬਾਂਛਤਿ ਸੁਖ ਲਹੈਂ[2] ਘਨੇਰੇ।'
ਸੁਨਿ ਕੈ ਦਾਨ ਸਿੰਘ ਕਰ ਜੋਰੇ।
'ਬਾਕ ਆਪ ਕੇ ਮੁਰਹਿਂ ਨ ਮੋਰੇ ॥੧੧॥
ਮੋਰੇ ਉਰ ਮਹਿਂ ਭਰਮ ਬਡੇਰਾ।
ਕਿਮ ਥਿਰ[3] ਹੋਹਿ? ਸਦਾ ਮੈਂ ਚੇਰਾ।'
ਕ੍ਰਿਪਾ ਨਿਧਾਨ ਪੁਨਹਿਂ ਸਮੁਝਾਯੋ।

---

[1]ਸਵਾਰੀ ਦਾ ਘੋੜਾ [ਖ਼ਾਲਸਈ ਬੋਲਾ]।
(ਅ) ਨਾਮ ਘੋੜੇ ਦਾ।
[*]ਬਹੁਤ ਕੁਝ ਕਹਿਣ ਦੀ ਸੁਰ ਤੇ ਹੁੰਦਾ ਹੈ। ਪ੍ਰਤੱਗਜਾ ਪੂਰਬਕ ਕਹੇ ਵਾਕ ਸੱਤ ਹੁੰਦੇ ਹਨ। ਹਾਸ ਬਿਲਾਸ, ਪਿਆਰ ਵਾਲੀ ਝਿੜਕ ਦੇ ਵਾਕ ਘੀਏ ਦੇ ਉਹਨਾਂ ਫੁੱਲਾਂ ਵਾਂਗ ਹੁੰਦੇ ਹਨ ਜਿਨ੍ਹਾਂ ਨੂੰ ਫੁਲ ਨਹੀਂ ਪੈਂਦਾ। ਲਿਖਿਆ ਜਦ ਪੜ੍ਹੀਦਾ ਹੈ ਤਾਂ ਸਾਰਾ ਕੁਛ ਪ੍ਰਤੱਗਜਾ ਪੂਰਬਕ ਕਿਹਾ ਜਾਪਦਾ ਹੈ। ਪਰ ਜਦ ਮਹਾਂ ਪੁਰਖ ਬੋਲਦੇ ਹਨ ਤਾਂ ਸੁਰ ਤੋਂ ਵਿਤ੍ਰੇਕ ਹੋ ਜਾਂਦਾ ਹੈ ਕਿ ਕੀਕੂੰ ਦਾ ਵਾਕ ਕਹਿ ਰਹੇ ਹਨ। ਜੋ ਦ੍ਰਿਸ਼ਟਾਂਤ ਗੁਰੂ ਜੀ ਨੇ ਅੱਗੇ ਚੱਲਕੇ ਦਿੱਤਾ ਹੈ, ਭਾਵ ਨੂੰ ਸਪਸ਼ਟ ਕਰ ਦੇਂਦਾ ਹੈ। ਪਰ ਸ਼ਰਧਾ ਵਾਲੇ ਸਿੱਖ ਸੁਰ ਨੂੰ ਵਿੱਤ੍ਰੇਕ ਘੱਟ ਕਰਦੇ ਹਨ ਤੇ ਹਰ ਵਾਕ ਤੋਂ ਡਰ ਜਾਂਦੇ ਹਨ।
[2]ਤੁਸੀਂ ਸੁਖ ਲਵੋ।
[3](ਦਿਲ) ਕਿਵੇਂ ਟਿਕਾਣੇ ਲਗੇ।

ਕਰਨ ਅਭਰਮ[੧] ਦ੍ਰਿਸ਼ਾਂਤ ਸੁਨਾਯੋ ॥੧੨॥
ਕਾਨਨ ਮਹਿਂ ਦਾਵਾ ਲਗਿ ਜਾਇ[੨]।
ਸ਼ੇਰ ਸ਼ੇਰਨੀ ਬਤਸ਼ ਜਿਥਾਇ[੩]।
ਮੁਖ ਮਹਿਂ ਤਿਨ ਉਠਾਇ ਕਰਿ ਲਜਾਵੈਂ।
ਪਿਖਨਿਹਾਰ ਜਾਨੈ ਜਨੁ ਖਾਵੈਂ[੪] ॥੧੩॥
ਨਹੀਂ ਚੁਭਾਵੈਂ ਦੰਤ ਜਿ ਤਨ ਮਹਿਂ।
ਸੁਖ ਸੋਂ ਧਰੈਂ ਆਨਿ ਹੀ ਬਨ ਮਹਿਂ।
ਤਿਮ ਤੁਮ ਜਾਨਿ ਭਰਮ ਕੋ ਖੋਵਹੁ।
ਮਨ ਮਹਿ ਸ਼ੰਕਮਾਨ ਨਹਿਂ ਹੋਵਹੁ' ॥੧੪॥
ਦਾਨ ਸਿੰਘ ਸੁਨਿ ਰਿਦੈ ਅਨੰਦਯੋ।
ਹਯ ਤੇ ਉਤਰਿ ਗੁਰੂ ਪਦ ਬੰਦਯੋ।
'ਗੁਰ ਜੀ! ਭਲਾ, ਗੁਰੂ ਜੀ! ਭਲਾ।
ਸੁਖ ਕਰੀਅਹਿ, ਤੁਮ ਜਾਗ੍ਰਤ ਕਲਾ[੫]' ॥੧੫॥
ਇਮ ਬੋਲਤਿ ਸਿੱਖਨ ਕੇ ਸਾਥ।
ਆਗੇ ਚਲੇ ਜਾਤਿ ਮਗ ਨਾਥ।
ਪਰਖਨ ਹਿਤ ਜੰਗਲ ਨਰ ਫੇਰ[੬]।
ਸ੍ਰੀ ਮੁਖ ਤੇ ਬੋਲੇ ਤਿਸ ਬੇਰ ॥੧੬॥
'ਹਮ[+] ਕੋ ਲਗੀ ਅਧਿਕ ਅਬਿ ਪਜਾਸਾ।
ਖੋਜਹੁ ਨੀਰ ਹੋਇ ਜਿਸ ਪਾਸਾ।'
ਸੁਨਿ ਗੁਰ ਤੇ ਲਾਗੇ ਸਭਿ ਖੋਜਨ।
ਬੂਝਨ ਕਰੇ ਸੰਗ ਗਨ ਜੋ ਜਨ ॥੧੭॥
ਛਾਗਲ ਹੁਤੀ ਸੁ ਖਾਨੇ ਤੀਰ[੭]।
ਬੂਝਯੋ ਸਿੱਖਨ 'ਤੁਝ ਢਿਗ ਨੀਰ।'
ਤਬਿ ਨਰ[੮] ਕਹਯੋ 'ਨਿਕਟ ਨਹਿਂ ਮੇਰੇ।'

---

[੧]ਭਰਮ ਤੋਂ ਬਿਨਾਂ ਕਰਨ ਲਈ।
[੨]ਬਨਾਂ ਵਿਚ ਜਦੋਂ ਡੌਂ ਦੀ ਅੱਗ ਲੱਗ ਜਾਵੇ।
[੩]ਬੱਚੇ ਜਿਸ ਥਾਂ ਤੇ ਹੋਣ ਉਥੋਂ.........।
[੪]ਦੇਖਣ ਵਾਲੇ ਸਮਝਦੇ ਹਨ ਮਾਨੋਂ (ਬੱਚਿਆਂ ਨੂੰ) ਖਾਂਦੇ ਹਨ।
[੫]ਤੁਸੀਂ ਜਿਉਂਦੀ ਕਲਾ ਦੇ ਕਲਾਵਾਨ ਹੋ।
[੬]ਜੰਗਲ ਦੇ ਆਦਮੀਆਂ ਨੂੰ ਪਰਖਣ ਵਾਸਤੇ [ਇਸ ਪਰਖਣ ਵਿਚ ਖਾਨਾ ਬੀ ਪਰਖਿਆ ਗਿਆ ਤੇ ਜੰਗਲ ਵਾਸੀ ਨਾਲ ਦੇ ਸਿੱਖ ਬੀ]।
[+]ਪਾ:-ਹਯ।
[੭](ਉਹ ਖਾਨਾ ਜੋ ਕਪੂਰੇ ਨੇ ਮੁਰੱਖਾ ਦਿੱਤਾ ਸੀ) ਉਸ ਪਾਸ ਮਸ਼ਕ ਸੀ।
[੮]ਉਸ ਨਰ ਭਾਵ ਖਾਨੇ ਨੇ।

ਪੁਨ ਚਿਤਵਯੋ -ਲਿਹੁਂ ਮੋਲ ਘਨੇਰੇ[1]- ॥੧੮॥
ਜਬਿ ਨਹਿਂ ਕਿਸ ਢਿਗ ਪਾਨੀ ਪਾਯੋ।
'ਗੁਰ ਹਿਤ ਚਹੀਅਹਿ' ਸਭਿਨਿ ਸੁਨਾਯੋ।
ਤਬੈ ਬਤਾਯਹੁ 'ਹੈ ਮਮ ਤੀਰ।
ਲੇ ਕਰਿ ਮੇਲ ਦੇਯ ਹੌਂ ਨੀਰ ॥੧੯॥
ਦੇਹੁ ਰਜਤਪਣ ਲੇਹੁ ਕਟੋਰਾ।
ਅਤਿ ਸੀਤਲ ਜਿਮ ਸੁਧਰਯੋ ਸ਼ੋਰਾ[2]।'
ਗੁਰ ਸੇਵਕ ਦੇ ਕਰਿ ਭਰਿ ਲੀਨਾ[3]।
ਕਹਿ ਪ੍ਰਸੰਗ[4] ਗੁਰ ਕੇ ਕਰ ਦੀਨਾ ॥੨੦॥
ਹੇਰਿ ਨੀਰ ਕਰ ਤੇ ਗੁਰ ਡਾਰਾ।
ਕਿਤਿਕ ਦੇਰ ਤੇ ਬਹੁਰ ਉਚਾਰਾ।
'ਸੋ ਪਾਨੀ ਹਮ ਪਾਨ ਨ ਕੀਨ।
ਬਿਮਲ ਨ ਹੁਤੋ ਗੇਰ ਧਰਿ ਦੀਨ ॥੨੧॥
ਏਕ ਕਟੋਰਾ ਆਨਹੁ ਆਨ।
ਬਿਮਲ ਬਿਲੋਕਹਿਂ ਕਰਹਿਂ ਸੁ ਪਾਨ।'
ਬਹੁਰ ਜਾਇ ਖਾਨੇ ਸੰਗ ਭਾਖਯੋ।
'ਏਕ ਕਟੋਰਾ ਪੁਨ ਗੁਰ ਕਾਂਖਯੋ ॥੨੨॥
ਕਹਤਿ ਭਯੋ 'ਮੈਂ ਦੇਉਂ ਨ ਕੋਈ।
ਅਪਨੇ ਕਾਰਨ ਰਾਖਯੋ ਸੋਈ।'
ਸਿੱਖਨਿ ਭਨਯੋਂ 'ਘਨੋ ਤੁਵ ਪਾਸ।
ਕਯੋਂ ਨ ਦੇਤਿ ਲਾਗੀ ਪ੍ਰਭੁ ਪਯਾਸ' ॥੨੩॥
ਕਹਨਿ ਲਗਯੋ 'ਦਿਹੁ ਇਕ ਦੀਨਾਰ।
ਲੇਹੁ ਕਟੋਰਾ ਭਰਿ ਕਰਿ ਬਾਰਿ।'
ਸਿੱਖਨ ਕਹਯੋ 'ਰਜਤਪਣ ਲੀਜੈ।
ਗੁਰ ਕੇ ਹੇਤੁ ਨੀਰ ਭਰਿ ਦੀਜੈ' ॥੨੪॥
ਕਹੈ ਮੂੜ੍ਹ 'ਮੈ ਦੇਉਂ ਨ ਪਾਨੀ।
ਚਹਹੁ ਜਿ ਮੁਹਰਿ ਦੇਉ ਮਮ ਪਾਨੀ[5]।'
ਸਤਿਗੁਰ ਭਨਯੋਂ 'ਦੇਹੁ ਦੀਨਾਰ।

---

[1]ਫਿਰ ਖਾਨੇ ਨੇ ਸੋਚਿਆ ਕਿ (ਇਸ ਵੇਲੇ) ਬਹੁਤ ਮੁੱਲ ਲਵਾਂ (ਤਾਂ ਪਾਣੀ ਦਿਆਂ)।
[2]ਜਿਵੇਂ ਸ਼ੋਰੇ ਵਿਚ ਠੰਢਾ ਕੀਤਾ ਹੁੰਦਾ ਹੈ।
[3](ਰੁਪਯਾ) ਦੇਕੇ ਕਟੋਰਾ ਭਰ ਲਿਆ ਗੁਰੂ ਜੀ ਦੇ ਸੇਵਕ ਨੇ।
[4](ਰੁਪੱਯੇ) ਦਾ ਪ੍ਰਸੰਗ ਕਹਿਕੇ।
[5]ਜੇ ਪਾਣੀ ਚਾਹੁੰਦੇ ਹੋ ਤਾਂ ਮੇਰੇ ਹੱਥ ਮੁਹਰ ਦਿਓ।

ਏਕ ਕਟੋਰਾ ਭਰਿ ਲਿਹੁ ਬਾਰ' ॥੨੫॥
ਦੇ ਕਰਿ ਤਬਹਿ ਕਟੋਰਾ ਭਰਜੋ।
ਹੇਰਤਿ ਸਤਿਗੁਰ ਬਾਕ ਉਚਰਜੋ।
'ਸਭਿ ਵਸਤੂ ਤੇ ਪਤਰੋ[1] ਪਾਨੀ।
ਸੁਨਿ ਖਾਨੇ! ਤੈਂ ਕਛੂ ਨ ਜਾਨੀ ॥੨੬॥
ਤੂੰ ਪਾਨੀ ਤੇ ਪਤਰੋ ਹੇਰਾ।
ਜਾਨਜੋਂ ਭੇਦ ਆਜ ਹਮ ਤੇਰਾ।'
ਇਮ ਕਹਿ ਆਗੇ ਕਿਤਿਕ ਸਿਧਾਏ।
ਮੱਦ੍ਰ ਦੇਸ਼[2] ਕੇ ਸਿਖ ਤਬਿ ਆਏ ॥੨੭॥
ਹਾਥ ਜੋਰਿ ਗੁਰ ਫਤੇ ਬੁਲਾਈ।
ਪਦ ਅਰਬਿੰਦਨ ਗ੍ਰੀਵ ਨਿਵਾਈ।
ਦੁਹਦਿਸ਼ਿ ਤੇ ਸਿਖ ਹਰਖਤਿ ਭਏ।
'ਭਲੇ ਸਮੇਂ ਮੇਲਾ ਗੁਰ ਕਏ' ॥੨੮॥
ਖਰੇ ਹੋਇ ਬੋਲੇ ਨਿਜ ਅਰਜ਼ੀ।
'ਬਿਨਹੁ[3] ਆਪ ਸੁਨੀਅਹਿ ਬਚ ਗੁਰ ਜੀ!
ਮਾਝਾ ਦੇਸ਼ ਗ੍ਰਾਮ ਮਿਲਿ ਸਾਰੇ।
ਤੁਮ ਦਿਸ਼ਿ ਤੇ ਚਿੰਤਾ ਚਿਤ ਧਾਰੇ ॥੨੯॥
ਕਰਿ ਕਰਿ ਸ਼ੋਕ ਬਹੁਤ ਪਛੁਤਾਏ।
ਇਹ ਸਗਰੇ ਸਿਖ ਤਿਨਹੁੰ ਪਠਾਏ।
ਉਤਰਹੁ ਹਯ ਤੇ ਕੁਛ ਥਿਰ ਹੋਇ।
ਕਹਜੋ ਤਿਨਹੁੰ ਕੋ ਸੁਨੀਐ ਸੋਇ' ॥੩੦॥
ਇਮ ਸੁਨਿ ਕਰਿ ਸ਼੍ਰੀ ਸਤਿਗੁਰ ਥਿਰੇ।
ਉਤਰੇ ਹਯ ਤੇ ਬੈਠਿਬ ਕਰੇ।
ਕੇਤਿਕ ਸਿੰਘ ਅਰੂਢੇ ਰਹੇ*।
ਕੇਚਿਤ ਉਤਰਿ ਪ੍ਰਭੂ ਢਿਗ ਲਹੇ ॥੩੧॥
ਮੱਦ੍ਰ ਦੇਸ਼ ਕੇ ਸਗਰੇ ਥਿਰੇ।
ਬਡ ਦੀਵਾਨ ਲਾਗਬੋ ਕਰੇ।
ਕਮਰਕਸਾ ਸਭਿ ਹੂੰ ਕੋ ਅਹੇ।

---

[1]ਪਤਲਾ।
[2]ਇਥੇ ਮੱਦ੍ਰ ਦਾ ਭਾਵ ਮਾਝਾ ਹੈ, ਅਸਲ ਵਿਚ ਮਾਝਾ ਪਦ ਬਣਿਆਂ ਹੀ ਮੱਦ੍ਰ ਤੋਂ ਹੈ। (ਦੇਖੋ ਇਸੇ ਅੰਸੂ ਦਾ ਅੰਕ-੯ ਤੇ ਏਹੋ ਐਨ ਅੰਸੂ ੧੨ ਅੰਕ ੨੭)।
[3]ਬੇਨਤੀ।
*ਭਾਵ ਇਸ ਲਈ ਚੜੇ ਰਹੇ ਕਿ ਮਗਰ ਤੁਰਕ ਸਨ ਸਾਵਧਾਨੀ ਚਾਹੀਏ।

ਤੋੜੇ ਸੁਲਗਿ ਤੁਫੰਗਨਿ ਰਹੇ+ ॥੩੨॥
ਤੁਰਕਨਿ ਕੀ ਲਗਿ ਰਹੀ ਅਵਾਈ[1]।
'ਸੰਝ ਸਕਾਰੇ ਪਰਹਿ ਲਰਾਈ।'
ਲਰਨ ਹੇਤੁ ਤਜਾਰੀ ਕਰਿ ਰਹੇ।
ਇਕ ਤਰੁ ਊਚੋ ਤਹਿਂ ਥਿਰ ਅਹੇ ॥੩੩॥
'ਸਿੰਘ ਚਢਾਯੋ ਤਿਸ ਦਿਸ਼ ਦੇਖਹਿ।
ਦੂਰ ਲਖਹੁ ਸੁਧ ਦੇਹੁ ਬਿਸ਼ੇਖਹਿ।'
ਮੱਦ੍ਰ ਦੇਸ਼ ਕੇ ਸਿਖ ਸਮੁਦਾਈ।
ਗਾਥਾ ਬਿਨਤੀ ਜੁਗਤਿ ਸੁਨਾਈ ॥੩੪॥
'ਮੱਦ੍ਰ ਦੇਸ਼ ਕੇ ਗ੍ਰਾਮ ਘਨੇਰੇ।
ਸਭਿ ਤੇ ਮਾਨਵ ਮਿਲੇ ਬਡੇਰੇ।
ਪੰਚ ਲੋਕ ਅਰੁ ਪ੍ਰੇਮੀ ਗੁਰ ਕੇ।
ਪਿਤਾ ਪਿਤਾਮਾ ਜੋ ਸਿਖ ਧੁਰ ਕੇ ॥੩੫॥
ਸੁਨਿ ਸੁਨਿ ਰਾਵਰ ਕੀ ਸਭਿ ਗਾਥਾ।
ਮਿਲਿ ਮਿਲਿ ਭਏ ਸ਼ੋਕ ਕੇ ਸਾਥਾ।
ਅਪਨ ਆਪ ਕੋ ਧਿਕ ਧਿਕ ਕਹਜੋ।
ਦੇਸ਼[2] ਗੁਰੂ ਬੇਮੁਖਤਾ ਲਹਜੋ ॥੩੬॥
-ਹੁਤੀ ਕਦੀਮੀ ਸਿੱਖੀ ਜਾਂਹਿ।
ਹਮ ਨਿਰਭਾਗ ਨਿਬਾਹੀ ਨਾਂਹਿ-।
ਇਮ ਬਿਚਾਰ ਕਰਿ ਸਿੱਖ ਬਟੋਰੇ।
ਕਰਿ ਮਸਲਤ ਭੇਜੇ ਤੁਮ ਓਰੇ ॥੩੭॥
ਹਜ਼ਰਤ ਸਾਥ ਵੈਰ ਤਜਿ ਦੀਜੈ।
ਹਮ ਬਿਚ ਪਰਹਿਂ ਮੇਲ ਕਰਿ ਲੀਜੈ।
ਕਾਰਜ ਸਭਿ ਨਿਬੇਰ ਕਰਿ ਲਜਾਵੈਂ।
ਕਹਿ ਮਹਿਮਾ ਤਿਨ ਤੇ ਪੁਜਵਾਵੈਂ ॥੩੮॥
ਤੌ ਸਿੱਖੀ ਨਿਰਬਹੈ ਹਮਾਰੀ।
ਪਰੇ ਰਹੈਂਗੇ ਸ਼ਰਨ ਤੁਮਾਰੀ।
ਜੇ ਤੁਰਕਨਿ ਸੰਗ ਰਖਹੁ ਬਿਖੇਰਾ।
ਸਕਲ ਰੀਤਿ ਕਰਿ ਕਸ਼ਟ ਬਡੇਰਾ ॥੩੯॥

---

+ਪਾ:-ਗਹੇ।
[1]ਸੋਅ ਆ ਰਹੀ ਹੈ।
[2]ਦੇਸ਼ ਨੇ।

ਨਹਿਂ ਹੋਵਹਿ ਸਿੱਖੀ ਨਿਰਬਾਹਾ।
ਲੋਕ ਬਿਸਿਦਕ ਹੋਤਿ ਉਰ ਮਾਂਹਾ।
ਸਕਲ ਦੇਸ਼ ਭੇਜਜੋ ਇਮ ਕਹਿ ਕੈ।
ਰਾਵਰ ਕੇ ਸੰਕਟ ਸਭਿ ਲਹਿ ਕੈ' ॥੪੦॥
ਸ੍ਰੀ ਗੋਬਿੰਦ ਸਿੰਘ ਸੁਨਿ ਰਿਸ ਛਾਈ।
ਉੱਤਰ ਕਹਜੋ ਬੀਚ ਸਮੁਦਾਈ।
'ਸਿੱਖ ਹੋਤਿ ਲੈਬੇ ਉਪਦੇਸ਼ੂ।
ਦੇਹੁ ਹਮੈ ਬਿੱਪ੍ਰੀਤ ਵਿਸ਼ੇਸ਼ੂ[1] ॥੪੧॥
ਹਮ ਕੋ ਚਾਹ ਨਹੀਂ ਤੁਮ ਕੇਰੀ।
ਪੂਰਬ ਭਾਜ ਗਏ ਬਿਨ ਹੇਰੀ।
ਗਏ ਸੁ ਗਏ ਰਹੋ ਸਭਿ ਭਾਗੇ[2]।
ਅਬਿ ਕੋ[3] ਤੁਮੈਂ ਬੁਲਾਵਨ ਲਾਗੇ? ॥੪੨॥
ਹਮਰੇ ਝਗਰੇ ਚਹਹੁ ਨਿਬੇਰਾ।
ਕਹਾਂ ਗਏ ਤੁਮ ਪੂਰਬ ਵੇਰਾ।
ਸ੍ਰੀ ਗੁਰ ਅਰਜਨ ਕੋ ਭਾ ਕਾਰਨ।
ਨਹਿਂ ਗਮਨੇ[4] ਨਹਿਂ ਕਰਜੋ ਉਚਾਰਨਿ ॥੪੩॥
ਨਿਜ ਨਿਜ ਸਦਨ ਥਿਰੇ ਡਰ ਧਾਰਜੋ।
ਸਕਲ ਪੰਚਾਯਤ ਕੋ ਬਲ ਹਾਰਜੋ।
ਪੁਨ ਨੌਮੇ ਪਤਿਸ਼ਾਹੁ ਭਏ ਹੈਂ।
ਦਿੱਲੀ ਮਹਿਂ ਸਿਰ ਦੇਨ ਗਏ ਹੈਂ ॥੪੪॥
ਤਬਿ ਮਾਝੇ ਆਦਿਕ ਸਭਿ ਦੇਸ਼।
ਭੇ ਤੂਸ਼ਨ ਧਰਿ ਤ੍ਰਾਸ ਵਿਸ਼ੇਸ਼[5]।
ਕਿਨਹੂੰ ਕਹਜੋ ਨ ਸ਼ਾਹੁ ਅਗਾਰੀ।
ਪਰਜੋ ਨ ਕੋਊ ਝਗਰ ਮਝਾਰੀ ॥੪੫॥
ਕਜੋਂ ਨ ਨਿਬੇਰਜੋ ਤਬਿ ਕਿਸ ਜਾਇ।
ਤਬਿ ਜਾਨਤਿ, ਜਬਿ ਲੇਤਿ ਛੁਟਾਇ।

---

[1]ਸਗੋਂ ਉਲਟੇ ਸਾਨੂੰ (ਉਪਦੇਸ਼) ਦਿੰਦੇ ਹੋ
[ਵਿਸ਼ੇਸ਼=ਵਿਸ਼ੇਸ਼ ਕਰਕੇ, ਭਾਵ ਸਗੋਂ]।
[2]ਜੋ ਗਏ ਸੋ ਗਏ ਹੁਣ ਤੁਸੀਂ ਸਾਰੇ ਨੱਠੇ ਰਹੋ। (ਅ) ਜੋ ਗਏ ਹਨ ਉਹ ਤਾਂ ਗਏ ਜੋ ਭਾਗਾਂ ਵਾਲੇ ਸਨ ਉਹ ਰਹਿ ਪਏ ਸਨ।
[3]ਕੌਣ।
[4](ਤਦੋਂ) ਨਾ ਗਏ (ਪਾਤਸ਼ਾਹ ਪਾਸ)।
[5]ਭਾਵ ਬਹੁਤੇ ਡਰਦੇ ਮਾਰੇ ਚੁੱਪ ਕਰ ਰਹੇ ਸਾਓ।

ਕਰਜੋ ਕਾਜ ਤਬਿ ਕੋ, ਮਨ ਜਾਨਤਿ[1]।
ਤਾਂ ਤੇ ਅਬਿ[2] ਕਹਿਬੋ ਹਮ ਮਾਨਤਿ ॥੪੬॥
ਕਿਸਹੂੰ ਤੇ ਕੁਛ ਕਾਜ ਨ ਸਰਜੋ।
-ਹਮ ਸਿਖ ਇਹ- ਨ ਜਨਾਵਨ ਕਰਜੋ[3]।
ਅਬਿ ਉਪਦੇਸ਼ ਕਰਨਿ ਕੋ ਆਏ।
ਕਹਨਿ ਬਾਕ ਕੋ, ਨਹਿਨ ਲਜਾਏ ॥੪੭॥
ਤੁਮ ਕੋ ਸਿਖ ਕਰਿ, ਕਜਾ ਹਮ ਲੈ ਹੈਂ।
ਪਰੇ ਕਾਜ ਜਬਿ ਦਗ਼ਾ ਕਮੈ ਹੈਂ।
ਅਬਿ ਲਿਖਿ ਦਿਹੁ ਤੁਮ -ਹਮ ਸਿਖ ਨਾਂਹੀ-।
ਚਲੇ ਜਾਹੁ ਨਿਜ ਦੇਸ਼ਨਿ ਮਾਂਹੀ' ॥੪੮॥
ਇਮ ਗੁਰ ਤੇ ਸੁਨਿ ਗਿਰਾ ਰੁਖਾਈ।
ਸਭਿਨਿ ਤਰੇ ਕਹੁ ਗ੍ਰੀਵ ਨਿਵਾਈ।
ਗ੍ਰਾਮਨ ਕੇ ਮੁਖਿ ਪੰਚਨ[4] ਮਸਲਤ।
ਕਰੀ ਸਭਿਨਿ ਸੋਂ ਚਿਤ ਮਹਿਂ ਚਿਤਵਤਿ ॥੪੯॥
ਕਿਤਿਕ ਦੇਰ ਮਹਿਂ ਪੁਨ ਗੁਰ ਭਾਖਜੋ।
'ਹਮ ਤੁਰਕਨ ਕੋ ਖੋਵਨ ਕਾਂਖਜੋ।
ਇਹ ਸਿਖ ਆਏ ਮੇਲ ਕਰਾਵਨਿ।
ਤ੍ਰਾਸਤਿ ਰਣ ਤੇ[5] ਬਾਤ ਬਤਾਵਨ ॥੫੦॥
ਕਜੋਂ ਨ ਬਿਦਾਵਾ ਸਿੱਖੀ ਕੇਰਾ।
ਲਿਖਹੁ ਮਝੈਲ! ਕਰਤਿ ਕਜੋਂ ਦੇਰਾ?'
ਦੁਤੀ ਬਾਰ ਜਬਿ ਗੁਰ ਨੇ ਕਹਜੋ।
ਲਿਖਨ ਹੇਤੁ ਸਭਿ ਹੂੰ ਤਬਿ ਚਹਜੋ ॥੫੧॥
ਦੋਹਰਾ: ਸਕਲ ਦੇਸ਼ ਮਿਲਿ ਕਰਿ ਕਹਜੋ,
ਲਰਹਿਂ ਤੁਰਕ ਕੇ ਸੰਗ।
'ਨਹਿਂ ਸਿੱਖੀ ਹਮ ਤੇ ਨਿਬਹਿ',
ਤੌ ਲਿਖਿ ਦੇਹੁ ਨਿਸੰਗ[6]- ॥੫੨॥

---

[1]ਜੇ ਤਦੋਂ ਦਾ (ਤੁਹਾਡਾ ਕੋਈ) ਕੰਮ ਕੀਤਾ ਜਾਣਦੇ (ਅਸੀਂ) ਮਨ (ਵਿਚ)।
[2]ਤਾਂ ਹੁਣ........।
[3]ਅਸੀਂ ਇਸਦੇ ਸਿੱਖ ਹਾਂ, ਇਹ ਗੱਲ ਬੀ ਜਨਾਵਣਾ ਨਹੀਂ ਕੀਤੀ ਸੀ।
[4]ਮੁਖੀ ਪੈਂਚਾਂ ਨੇ।
[5]ਡਰਦੇ ਜੰਗ ਤੋਂ।
[6](ਵਿਚਾਰ ਕਰਦੇ ਹਨ ਕਿ) ਸਾਰੇ ਮਾਝੇ ਦੇਸ਼ ਨੇ ਮਿਲਕੇ (ਸਾਨੂੰ) ਕਿਹਾ ਸੀ (ਕਿ ਜੇ ਗੁਰੂ ਜੀ) ਤੁਰਕ ਨਾਲ ਲੜਨ ਤਾਂ ਬੇਸ਼ਕ ਲਿਖ ਦੇਣਾ ਕਿ ਸਾਥੋਂ ਸਿੱਖੀ ਨਹੀਂ ਨਿਭ ਸਕਦੀ।

ਇਮ ਵਿਚਾਰ ਕਰਿ ਲਿਖਯੋ ਬਿਦਾਵਾ।
ਗੁਰੂ ਲਿਖਾਇ ਜੇਬ ਮਹਿਂ ਪਾਵਾ।
'ਸਭਿ ਮਾਝਾ ਸਿੱਖੀ ਤੇ ਖਾਰਜ।'
ਲਿਖਿ ਦੀਨੋ ਧਰਿ ਤ੍ਰਾਸ ਅਨਾਰਜ[1] ॥੫੩॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖੀ ਬਿਦਾਵਾ ਮਝੈਲ ਲਿਖਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

[1]ਮਾੜਿਆਂ ਨੇ [ਸੰਸ:, ਅਨ+ਆਰਯ]।

## ੯. [ਮਾਝੇ ਦੇ ਸਿੱਖਾਂ ਨੇ ਮੁੜਕੇ ਤੁਰਕਾਂ ਨਾਲ ਯੁੱਧ ਆਰੰਭਣਾ]

੮<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੦

ਦੋਹਰਾ: ਜੇ ਜੇ ਬੇਮੁਖ ਸਿਦਕ ਬਿਨ, ਸਿਮਰਿ ਪੰਚਾਇਤ ਬਾਤ[1]।
ਲਿਖ੍ਯੋ ਬਿਦਾਵਾ ਦੇਰਿ ਬਿਨ, 'ਗੁਰ ਸਿਖ ਨਹੀਂ ਕਦਾਂਤ[2]' ॥੧॥
ਚੌਪਈ: ਜੇ ਜੇ ਸਿਦਕੀ ਗੁਰਸਿਖ ਪਜਾਰੇ।
ਭਯੋ ਕਸ਼ਟ ਤਿਨ ਕੇ ਮਨ ਭਾਰੇ।
-ਬਹੁਤ ਬੁਰਾ ਕਾਰਜ ਇਹ ਭਯੋ।
ਲੋਕ ਪ੍ਰਲੋਕ ਖੋਇ ਸਭਿ ਲਯੋ- ॥੨॥
ਸ੍ਰੀ ਸਤਿਗੁਰ ਭੀ ਭਏ ਉਦਾਸ।
ਜਥਾ ਕੁਪੱਤ੍ਰ ਬਨੇ ਪਿਤ ਪਾਸ।
ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ।
ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ ॥੩॥
ਸਿੱਖ ਮਝੈਲਨਿ ਮਹਿਂ ਜੇ ਭਲੇ।
ਅਤਿ ਚਿੰਤਾਤੁਰ ਸੰਕਟ ਮਿਲੇ।
ਮਨੁਜ ਦੇਸ਼ ਕੋ ਤਜਿ ਨਹਿਂ ਸੱਕਈਂ[3]।
ਬੇਮੁਖ ਗੁਰ ਤੇ ਨਿਜ ਧਿਕ ਤੱਕਈਂ[4] ॥੪॥
ਚਢ੍ਯੋ ਤਰੋਵਰ ਪਰ ਜੋ ਹੇਰਤਿ।
ਇਤਨੇ ਮਹਿਂ ਸੁਨਾਇ ਸੋ ਟੇਰਤਿ।
'ਪ੍ਰਭੂ ਜੀ! ਕਜਾ ਦੇਖਤਿ ਹੋ ਖਰੇ?
ਲਸ਼ਕਰ ਰਿਪੁਨਿ ਆਇਬੋ ਕਰੇ ॥੫॥
ਉਡੀ ਧੂਰਿ ਸੂਰਜ ਕੋ ਛਾਦਤਿ।
ਸੁਨੀ ਧੁਨੀ ਕੁਛ ਦੁੰਦਭਿ ਬਾਜਤਿ।
ਕਈ ਹਜ਼ਾਰ ਆਇ ਅਸਵਾਰਾ।
ਕਲਮਲਾਟ[5] ਸੁਨੀਅਤਿ ਹੈ ਭਾਰਾ ॥੬॥
ਕਰਹੁ ਤੁਫੰਗਨ ਭਰਿ ਕਰਿ ਤਜਾਰੀ।
ਠੋਕਹੁ ਗਜਨ ਦੁਗੋਰੀ ਡਾਰੀ।
ਰਹੀ ਨ ਦੂਰ ਆਇ ਭਾ ਨੇਰ।
ਘਰੀ ਨ ਲਾਗਹਿ ਹ੍ਵੈ ਭਟ ਭੇਰ' ॥੭॥

---

[1]ਪੰਚਾਇਤ ਦੀ ਗੱਲ ਚੇਤੇ ਕਰਕੇ।
[2]ਕਦੇ ਬੀ।
[3]ਆਪਣੇ ਦੇਸ਼ ਦੇ ਆਦਮੀਆਂ ਨੂੰ ਛੱਡ ਨਹੀਂ ਸਕਦੇ।
[4]ਭਾਵ ਆਪਣੇ ਆਪ ਨੂੰ ਗੁਰੂ ਜੀ ਤੋਂ ਬੇਮੁਖ ਵੇਖਕੇ ਧ੍ਰਿਕਾਰ ਯੋਗ ਸਮਝਦੇ ਹਨ।
[5]ਰੌਲਾ।

ਇਮ ਬੋਲਤਿ ਹੀ ਉਤਰਯੋ ਤਰੇ।
ਸਤਿਗੁਰ ਤਬੈ ਤੁਰੰਗਮ ਚਰੇ।
ਧਨੁਖ ਸੰਭਾਰਿ ਖੈਂਚਿ ਟੰਕਾਰਾ।
ਤੀਛਨ ਭੀਛਨ ਤੀਰ ਨਿਕਾਰਾ ॥੮॥
ਸਭਿ ਬੈਰਾੜਨ ਤਬਿ ਕਰ ਜੋਰੇ।
'ਪ੍ਰਭੁ ਜੀ ਗਮਨਹੁਂ ਕੁਛ ਇਤ ਓਰੇ।
ਆਗੇ ਆਇ ਤਾਲ ਖਿਦਰਾਣਾ।
ਸੋ ਲਰਿਬੇ ਕੋ ਖਰਾ* ਟਿਕਾਣਾ ॥੯॥
ਨਾਂਹਿ ਤ ਕੁਛ ਤਹਿਂ ਤੇ ਚਲਿ ਆਗੇ।
ਜਹਿਂ ਤੁਰਕਨ ਜਲ ਹਾਥ ਨ ਲਾਗੇ।
ਬਿਨ ਮਾਰੇ ਆਪੇ ਮਰਿ ਜਾਇਂ।
ਨਾਂਹਿ ਤ ਸੂਕੇ ਬਦਨ ਪਲਾਇਂ ॥੧੦॥
ਠਹਿਰ ਨ ਸਕਹਿਂ ਤੁਰਤ ਫਿਰਿ ਜਾਵਹਿਂ।
ਜਬਿ ਖੋਜੇ ਤੇ ਨੀਰ ਨ ਪਾਵਹਿਂ।'
ਇਮ ਤਿਨ ਕੀ ਮਸਲਤ ਸੁਨਿ ਕਾਨੇ।
ਸਨੇ ਸਨੇ ਆਗੇ ਪ੍ਰਸਥਾਨੇ ॥੧੧॥
ਪੁਨ ਸਿਖ ਕਹੈ 'ਨਿਕਟ ਹੀ ਆਏ[੧]।
[੨]ਖੋਜ ਤੁਰੰਗ ਨਵੀਨੋ ਪਾਏ।
ਧਾਇ ਬਿਲੋਕੈਂ ਜਾਨਹਿਂ ਨੇਰੇ[੬]।'
ਰਿਪੁ ਪ੍ਰਤਿ ਕਹਯੋ ਗੁਰੂ ਤਿਸ ਬੇਰੇ ॥੧੨॥
'ਖਰ ਤੁਰਕਨ ਕੀ[੩] ਆਂਖਨ ਘੱਟਾ।
ਖੋਜ ਕਹੈਂ ਨਹਿਂ ਮੁਖ ਵਿਚ ਡੱਟਾ[੪]।
ਹੁਇ ਮਤਿਵਾਰੇ ਤਰ ਤਰ[੫] ਤੱਕੈਂ।
ਨਿਕਟ ਹੋਇ ਭੀ ਵੇਖ ਨ ਸੱਕੈਂ*' ॥੧੩॥
ਇਮ ਕਹਿ ਖਿਦਰਾਣੇ ਲਗਿ ਗਏ।

---

*ਪਾ:-ਲਖਹੁ।
[੧]ਤੁਰਕ ਨੇੜੇ ਆ ਗਏ ਹਨ।
[੨](ਤੁਰਕਾਂ ਦੇ ਖੋਜੀ ਸਾਡੇ) ਘੋੜਿਆਂ ਦਾ ਸੱਜਰਾ ਖੋਜ ਪਾਕੇ ਨੇੜੇ ਜਾਣਕੇ ਵੇਖਣ ਲਈ ਦੌੜਨਗੇ।
[੩]ਮੂਰਖ ਤੁਰਕਾਂ ਦੀ।
[੪]ਸਾਡਾ ਖੋਜ ਨਹੀਂ ਕਹਿ ਸਕਣਗੇ (ਆਪਣੇ ਸਰਦਾਰਾਂ ਨੂੰ) ਮੂੰਹ ਵਿਚ ਡੱਟਾ ਅੜ ਜਾਏਗਾ।
[੫]ਹੇਠਾਂ ਹੇਠਾਂ।
*ਸਾਖੀ ਪੋਥੀ ਵਿਚ ਇਉਂ ਹੈ:-ਅੱਖੀਂ ਘੱਟਾ, ਮੁਖ ਦਟਾ, ਤਰ ਤਰ ਤਕੇ, ਵੇਖ ਨ ਸੱਕੇ। ਪੰਜਾਬੀ ਮੁਹਾਵਰਾ ਤਦ ਦਾ ਇਉਂ ਤੁਰ ਪਿਆ ਹੈਂ-ਅੱਖੀਂ ਘੱਟਾ, ਮੂੰਹ ਵਿਚ ਡੱਟਾ, ਬਿਰ ਬਿਰ ਤੱਕੇ, ਬੋਲ ਨ ਸੱਕੇ।

ਨੇਰ[1] ਤੁਰਕ ਭੀ ਕਰਤੇ ਭਏ।
ਮੱਦ੍ਰ ਦੇਸ਼ ਕੀ ਸੰਗਤਿ ਜੋਈ।
ਲਿਖਤਿ ਬਿਦਾਵਾ ਗਮਨੀ ਸੋਈ ॥੧੪॥
ਤਿਨ ਮੈਂ ਪੰਚ ਸਿਖ[+] ਮਤਿਵੰਤੇ।
ਸਭਿਨਿ ਧਿਕਾਰ ਹਟੇ ਬਲਵੰਤੇ।
ਕਹਿਨ ਲਗੇ 'ਸਭਿ ਦੇਸ਼ ਡੁਬੋਯੋ।
ਲੋਕ ਪ੍ਰਲੋਕ ਸਗਲ ਹੀ ਖੋਯੋ ॥੧੫॥
ਹਮ ਤੋ ਗੁਰ ਹਿਤ ਦੈ ਹੈਂ ਪ੍ਰਾਨ।
ਬਿਚ ਸੰਗ੍ਰਾਮ ਕਰਹਿਂ ਅਰਿ ਹਾਨ।
ਤੁਰਕ ਹਜ਼ਾਰਹੁਂ ਗੁਰ ਕੇ ਗਿਰਦ।
ਕੋ ਇਸ ਸਮੈਂ ਤਜੈ ਹੁਇ ਮਰਦ[2] ॥੧੬॥
ਏਤੀ ਭੀਰ ਗੁਰੂ ਪਰ ਪਰੀ।
ਹੈ ਸਦ ਹੈਫ[3] ਤਜੈਂ ਇਸ ਘਰੀ।
ਜੀਵਨ ਪਾਇ ਕਰਹਿਂਗੇ ਕਹਾਂ।
ਜੇ ਪ੍ਰਭੁ ਕਾਜ ਨ ਐਹੈਂ ਇਹਾਂ ॥੧੭॥
ਅੰਤ ਸਮਾ ਸਭਿ ਕੇ ਸਿਰ ਖਰਾ।
ਕਾਇਰ ਸੂਰ ਨ ਕਿਸ ਤੇ ਟਰਾ।
ਜੀਵਨ ਮਰਨ ਧੰਨ ਤਿਨ ਕੇਰਾ।
ਜਿਨ ਗੁਰ ਸੇਵ ਕਰੀ ਇਸ ਬੇਰਾ[++] ॥੧੮॥
ਜਿਯਤ ਨਿੰਦ ਮ੍ਰਿਤੁ ਨਰਕ ਸਹੇਰਾ।
ਕਰਮ ਕਮਾਯੋ ਤੁਮ ਇਸ ਬੇਰਾ।'
ਸਿਖ ਪੰਚਨਿ ਤੇ ਸੁਨਿ ਕਰਿ ਕਾਨ।
ਭਯੋ ਸਿਦਕ ਕੇਤਿਕ ਕੈ ਆਨਿ ॥੧੯॥
ਤਿਨ ਕੋ ਛੋਰਿ ਇਤਹਿ[4] ਸੇ ਮਿਲੇ।
'ਤਜਨ ਗੁਰੂ ਕੋ ਅਬਿ ਨਹਿਂ ਭਲੇ।

---

[1]ਨੇੜਾ।
[+]ਪਹਿਲੇ ਸਭ ਤੋਂ ਗ਼ੈਰਤ ਦਾ ਖੂਨ ਭਾਈ ਮਹਾਂ ਸਿੰਘ ਦਾ ਜੋਸ਼ ਵਿਚ ਆਇਆ ਜਾਪਦਾ ਹੈ, ਉਸ ਨੇ ਵੰਗਾਰ ਕੇ ਕਿਹਾ ਕਿ ਗੁਰੂ ਹਿਤ ਸੀਸ ਦੇਣਾ ਹੈ, ਨਿੱਤਰੋ। ਫੇਰ ਪੰਜ ਨਿੱਤਰੇ, ਫੇਰ ਇਕ ਇਕ ਕਰਕੇ ਬਾਕੀ ਦੇ ਨਿੱਤਰੇ। ਇਹ ਗੱਲ ਅੰਸੂ ੧੨ ਅੰਕ ੧੦ ਤੋਂ ੩੭ ਤੱਕ ਵਿਚੋਂ ਪਈ ਸਹੀ ਹੁੰਦੀ ਹੈ, ਜਿੱਥੇ ਗੁਰੂ ਜੀ ਮਹਾਂ ਸਿੰਘ ਤੇ ਅਤਯੰਤ ਪ੍ਰਸੰਨਤਾ ਪ੍ਰਗਟ ਕਰ ਰਹੇ ਹਨ।
[2]ਸੂਰਮਾ ਹੋਕੇ ਕੌਣ ਇਸ ਵੇਲੇ ਛੱਡੇ (ਗੁਰੂ ਜੀ ਨੂੰ ਤੁਰਕਾਂ ਵਿਚ)।
[3]ਅਫਸੋਸ, ਲਾਨਤ [ਫਾ:, ਹੈਫ਼]।
[++]ਪਾ:-ਜਸੁ ਜਗ ਸੁਖ ਪਰਲੋ ਅਛੇਰਾ।
[4]ਇਨ੍ਹਾਂ ਨਾਲ।

ਬਰਖ ਹਜ਼ਾਰਹੁਂ ਨਰਕ ਸਹੇਰਜੋ।
ਰਣ ਤੇ ਡਰ ਗੁਰ ਤੇ ਮੁਖ ਫੇਰਜੋ ॥੨੦॥
ਏਕ ਘਰੀ ਕੋ ਸੰਕਟ ਨੀਕੋ।
ਲਾਖਹੁਂ ਬਰਖ ਸਦਾ ਮੁਖ ਜੀਕੋ।
ਹਮ ਗਾਡੇ ਹੁਇ ਠਾਢੇ ਅਰੈਂ।
ਰਿਪੁ ਸੋਂ ਰਨ ਕਰਿ ਮਾਰਹਿਂ ਮਰੈਂ ॥੨੧॥
ਗੁਰ ਲਗਿ ਤੁਰਕ ਜਾਨ ਨਹਿਂ ਦੈ ਹੈਂ।
ਜਬਿ ਲਗਿ ਤਨ ਮਹਿਂ ਪ੍ਰਾਨ ਰਹੈ ਹੈਂ।
ਨਹਿਂ ਬੱਟਾ ਸਿੱਖੀ ਕਉ ਲਾਵੈਂ।
ਨਹੀਂ ਆਪਨੋ ਧਰਮ ਗਵਾਵੈਂ ॥੨੨॥
ਹਮ ਤੋ ਪ੍ਰਣ ਧਾਰਜੋ ਅਬਿ ਐਸੇ।
ਅਪਰ ਕਰਹੁ ਜਿਨ ਕੇ ਮਨ ਜੈਸੇ।'

ਇੱਤਯਾਦਿਕ ਬਹੁ ਕਹਿ ਕਹਿ ਤਰਕ।
-ਜੀਵਤਿ ਨਿੰਦਾ ਮਰਤੇ ਨਰਕ- ॥੨੩॥

ਹਟੇ ਸਿੰਘ ਸਭਿ ਸੰਖਯਾ ਚਾਲੀ*।
ਰਿਣ ਕਰਿਬੇ ਕਹੁ ਧੀਰ ਬਿਸਾਲੀ।
ਅਪਰ ਭਏ ਕਾਇਰ ਬਲਹਾਰੇ।
ਪਗ ਚੰਚਲ ਕਰਿ ਦੂਰ ਸਿਧਾਰੇ ॥੨੪॥
ਪਜਾਰੇ ਪ੍ਰਾਨ ਕਰੇ ਤਜਿ ਧਰਮੂ।
ਸਤਿਗੁਰ ਤਯਾਗੇ ਕਰਜੋ ਕੁਕਰਮੂ।
ਜਿਤ ਕੋ ਆਏ ਤਿਤਹਿ ਸਿਧਾਰੇ।
ਮਨਹੁਂ ਚਰਨ ਮ੍ਰਿਗ ਕੇ ਸਭਿ ਧਾਰੇ ॥੨੫॥

ਜਬਿ ਸ਼੍ਰੀ ਪ੍ਰਭੁ ਖਿਦਰਾਣੇ ਆਏ।
ਲਰਨ ਸਥਾਨ ਬਿਲੋਕਿ ਅਲਾਏ।

'ਸ਼ੁਸ਼ਕ ਪਰਜੋ ਨੰਮ੍ਰੀ ਥਲ ਅਹੈ।
ਰਣ ਹਮ ਕਰਹਿਂ ਇਹਾ ਥਿਰ ਰਹੈਂ ॥੨੬॥
ਬਦਰੀ ਬ੍ਰਿੰਦ ਸਘਨ ਹੈਂ ਆਛੇ।
ਹਤਹਿਂ ਤੁਰਕ ਗਨ ਕੋ ਚਿਤ ਬਾਛੇਂ।'
ਦਾਨ ਸਿੰਘ ਆਦਿਕ ਬੈਰਾੜ।

---

*ਇਹ ਚਾਲੀ ਅੰਕ ਦਾ ਭੁਲੇਵਾਂ ਚਮਕੌਰ ਸਾਹਿਬ ਦੇ ਚਾਲੀ ਮੁਕਤਿਆਂ ਦਾ ਹੈ। ਇਸ ਵੇਲੇ ਸੰਗਤ ਚੋਖੀ ਸੀ ਤੇ ਇਹ ਬੀ ਖਿਆਲ ਹੈ ਕਿ ਸਨਮੁਖ ਹੋਣ ਵੇਲੇ ਪਹਿਲਾਂ ੧ ਨਿਤਰਿਆ ਫੇਰ ਪੰਜ, ਸਹਿਜੇ ਸਹਿਜੇ ਚਾਲੀ ਤੇ ਅੰਤ ਸਾਰੇ ਹੀ ਨਿਤਰ ਪਏ ਤੇ ਲੜ ਕੇ ਮਰਨੇ ਪਰ ਡਟ ਗਏ ਤੇ ਲੜ ਕੇ ਸਾਰੇ ਹੀ ਸ਼ਹੀਦ ਹੋ ਗਏ।

ਕਹੈਂ 'ਚਹੂੰ ਦਿਸ਼ਿ ਝਾੜ ਉਜਾੜ ॥੨੭॥
ਨਾਹਕ ਰੁਕਹੁ ਬੀਚ ਲਸ਼ਕਰ ਕੇ।
ਘੇਰਾ ਪਾਇ ਲੇਹਿਂ ਬਲ ਕਰਿ ਕੇ।
ਆਗੇ ਚਲਹੁ ਕਿਤਿਕ ਥਲ ਔਰ।
ਖਰੇ ਹੋਇ ਹੈਂ ਆਛੀ ਠੌਰ ॥੨੮॥
ਪ੍ਰਿਸ਼ਟਿ ਆਪਨੀ ਰਖਹਿਂ ਉਜਾਰ।
ਸ਼ਲਖ ਤੁਪਕ ਕੀ ਕਰਿਹੈਂ ਮਾਰ।
ਜੇਤਿਕ ਹਤੇ ਜਾਇਂ ਹਤਿ ਕਰਿ ਕੈ।
ਪਰੇ ਜੋਰ ਤੇ ਜੈ ਹੈਂ ਟਰਿ ਕੈ ॥੨੯॥
ਇਹ ਮਤ ਹਮਰੋ ਮਾਨਹੁ ਗੁਰ ਜੀ।
ਰੁਕਹੁ ਨ ਆਪ ਕਰਤਿ ਸਭਿ ਅਰਜ਼ੀ।'
ਇਮ ਬਹੁ ਬਾਰ ਬਾਰ ਹੁਇ ਦੀਨ।
ਕਹਜੋ ਜੋਰਿ ਕਰ 'ਸੁਨਹੁ ਪ੍ਰਬੀਨ!' ॥੩੦॥
ਤਜਿ ਖਿਦਰਾਣਾ ਕੁਛਕ ਪਯਾਨੇ।
ਖਰੇ ਭਏ ਪ੍ਰਭੁ ਲਰਨ ਟਿਕਾਨੇ[1]।
ਇਤਨੇ ਬਿਖੈ ਸਿੰਘ ਜੇ ਚਾਲੀ।
ਲਰਨ ਹੇਤੁ ਕਰਿ ਧੀਰ ਬਿਸਾਲੀ ॥੩੧॥
ਗੁਰ ਕੀ ਦਿਸ਼ਾ ਉਤਾਇਲ ਆਏ।
ਤੁਪਕ ਤਜਾਰ ਤੋੜੇ ਸੁਲਗਾਏ।
ਸਰ ਖਿਦਰਾਣਾ ਤਿਨਹੁਂ ਨਿਹਾਰਾ।
ਆਇ ਪ੍ਰਵੇਸ਼ੇ ਤਾਂਹਿ ਮਝਾਰਾ ॥੩੨॥
ਮਨਹੁਂ ਦੁਰਗ ਹੈ ਕਰਜੋ ਪਸਿੰਦ।
'ਥਿਰਹੁ ਇਹਾਂ ਰਣ ਕਰਹਿਂ ਬਿਲੰਦ।
ਇਤ ਹੀ ਤੁਰਕਨਿ ਕੋ ਬਿਰਮਾਵੈਂ।
ਗੁਰ ਕੇ ਪਾਛੇ ਨਾਹਨ ਜਾਵੈਂ[2]' ॥੩੩॥
ਆਪਸ ਮਹਿਂ ਮਸਲਤ ਕਰਿ ਥਿਰੇ।
ਲਰਿਬੇ ਕਹੁ ਤਿਆਰ ਹੁਇ ਖਰੇ।
ਕੇਤਿਕ ਸਿੰਘਨਿ ਬਹੁਤ ਜਨਾਵਨਿ।

---

[1]ਇਹ ਕੁਛ ਦੂਰ ਇਕ ਜੰਗਲ ਦੇ ਵਿਚ ਟਿੱਬੀ ਹੈਸੀ ਜੋ ਹੁਣ ਗੁਰਦਵਾਰਾ ਹੈ, ਹੁਣ ਸ਼ਹਿਰ ਤੋਂ ਇਹ ਥਾਂ ਥੋੜੀ ਦੂਰ ਪਰ ਹੈ। ਦੇਖੋ ਅੱਗੇ ਅੰਸੂ ੧੧ ਦਾ ਅੰਕ ੨।
[2]ਭਾਵ, ਅਸੀਂ ਗੁਰੂ ਜੀ ਦੇ ਮਗਰ ਨਾ ਚੱਲੀਏ ਏਥੇ ਹੀ ਤੁਰਕਾਂ ਨੂੰ ਭੁਲੇਵਾਂ ਦੇਕੇ ਰੋਕ ਲਈਏ (ਅ) ਤੁਰਕ ਗੁਰੂ ਜੀ ਪਿਛੇ ਨਾਂ ਜਾਣ।

ਕਰੇ ਚਾਦਰੇ ਝਾਰਨਿ ਪਾਵਨਿ ॥੩੪॥
ਊਚੇ ਬਦਰੀ ਕੇ ਤਰੁ ਜੇਈ।
ਬਸਤ੍ਰਨਿ ਸਾਥ ਅਛਾਦੇ ਤੇਈ।
-ਤੰਬੂ ਲਗੇ ਜਾਨਿ ਰਿਪੁ ਡਰੈਂ।
ਆਇੰ ਨ ਇਕ ਥਿਰ ਹੇਲਾ ਕਰੈਂ ॥੩੫॥
ਰਹੈਂ ਦੂਰ ਹੀ ਹਤੈਂ ਤੁਫੰਗਾਂ।
ਮਾਰਹਿਂ ਤੁਰਕਨਿ ਫੋਰਹਿਂ ਅੰਗਾ-।
ਥਿਰੇ ਅਧਿਕ ਕਰਿ ਕੈ ਉਤਸਾਹੂ।
ਧੰਨ ਜਨਮ ਤਿਨ ਕੋ ਜਗ ਮਾਂਹੂ ॥੩੬॥
-ਗੁਰ ਲਗਿ ਤੁਰਕ ਨ ਪਹੁੰਚਨਿ ਪਾਵੈਂ।
ਹਤੈਂ ਇਹਾਂ ਪਾਛੇ ਉਲਟਾਵੈਂ।
ਘਾਲਹਿਂਗੇ ਘਮਸਾਨ ਘਨੇਰਾ-।
ਕਰਿ ਕਰਿ ਆਡ[1] ਥਿਰੇ ਤਿਸ ਬੇਰਾ ॥੩੭॥
[2]'ਨਹੀਂ ਆਪਨੇ ਪੈਰ ਹਿਲਾਵਹੁ।
ਮਰਹੁ ਸਮੁਖ ਰਣ ਸੁਰਗ ਸਿਧਾਵਹੁ।
ਵਾਲੀ ਸਮਰਥ ਗੁਰੂ ਹਮਾਰੋ।
ਸੰਘਰ ਘੋਰ ਘਨੋ ਕਰਿ ਡਾਰੋ' ॥੩੮॥
ਚੰਡਿ ਚਲਿੱਤ੍ਰ ਪਾਠ ਕੋ ਕਰੈਂ।
ਕੇਚਿਤ ਵਾਰ ਭਗਉਤੀ ਰਰੈਂ।
ਕੋ ਰਾਮਾਇਣ ਮੁਖਹੁਂ ਉਚਾਰੈ।
ਸੁਭਟਨ ਕੋ ਜਸੁ ਜਿਨਹੁਂ ਮਝਾਰੈ* ॥੩੯॥
ਇਮ ਥਿਰ ਭਏ ਤਜਾਰ ਹੁਇ ਕਰਿ ਕੈ।
ਸ਼ੱਤ੍ਰਨਿ ਹਤਨ ਧੀਰ ਉਰ ਧਰਿ ਕੈ।
ਬਿਗਰੀ ਬਾਤ ਸੁਧਾਰਨ ਹੇਤੁ।
ਸਿਮਰਤਿ ਸਤਿਗੁਰ ਭਏ ਸੁਚੇਤ ॥੪੦॥
ਕਲਬਲਾਟ[3] ਤੁਰਕਨਿ ਕੋ ਭਾਰੇ।

---

[1]ਆਸਰੇ।
[2]ਜਥੇਦਾਰ ਬੋਲਦਾ ਹੈ।
*ਕਵੀ ਜੀ ਦਾ ਭਾਵ ਇਹ ਹੈ, ਕੋਈ ਕੋਈ ਛੰਦ ਜਿਨ੍ਹਾਂ ਵਿਚ ਸੂਰਮਿਆਂ ਦਾ ਜ਼ਿਕਰ ਸੀ ਯਾ ਸੂਰਮਗਤੀ ਦੇ ਪ੍ਰਸੰਗ ਸੇ ਪੜ੍ਹੇ, ਤਾਂਕਿ ਬੀਰਤਾ ਜਾਗੇ। ਜੈਸੇ ਕਿਹਾ ਹੈ, 'ਅਵਰ ਬਾਸ਼ਨਾ ਨਾਹਿਂ ਪ੍ਰਭੂ ਧਰਮ ਜੁਧ ਕੈ ਚਾਇ। ' ਜੁੱਧ ਸਮੇਂ ਜੋਧਿਆਂ ਦੇ ਪ੍ਰਸੰਗ ਬੀਰ ਰਸ ਉਦੀਪਨ ਲਈ ਪੜ੍ਹੇ ਜਾਂਦੇ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ।
[3]ਰੌਲਾ।

ਸੁਨਿ ਸੁਨਿ ਗਹਿ ਗਹਿ ਆਯੁਧ ਤਜਾਰੇ।
ਕੋ ਕੋ ਤਜਾਗਨ ਲਗੇ ਤੁਫੰਗ।
ਸੁਨਿ ਰਿਪੁ ਆਇ ਕਰਹਿਂ ਜਮ ਜੰਗ ॥੪੧॥
ਸੁਨੀ ਅਵਾਜ਼ ਪਠਾਨ ਵਜੀਦੇ।
ਕਹਜੋ ਕਿ 'ਗੁਰ ਢਿਗ ਆਨਿ ਰਸੀਦੇ[1]।
ਤੁਪਕ ਅਵਾਜ਼ ਸੁਨਾਈ ਦੇਤਿ।
ਥਿਰਜੋ ਨਿਕਟ ਮੰਡਹਿ ਰਣ ਖੇਤ ॥੪੨॥
ਆਗੇ ਜਿਨ ਲਾਖਹੁਂ ਭਟ ਮਾਰੇ।
ਬਡੋ ਬਹਾਦਰ ਨਾਂਹਿ ਨ ਹਾਰੇ।
ਜ੍ਵਾਲਾਬਮਣੀ ਕਰਿ ਕਰਿ ਤਜਾਰੀ।
ਘਾਲਹੁ ਹੇਲ ਪਰਹੁ ਇਕ ਬਾਰੀ' ॥੪੩॥
ਸਭਿ ਲਸ਼ਕਰ ਕੋ ਦਯੋ ਸੁਨਾਇ।
ਕੀਨੀ ਤਜਾਰ ਤੁਪਕ ਸਮੁਦਾਇ।
ਜਾਟ ਕਪੂਰਾ ਜਿਨ ਕੇ ਸਾਥ।
ਆਇ ਬਤਾਵਤਿ ਗੁਰ ਕੀ ਗਾਥ ॥੪੪॥
ਜਹਿਂ ਜਹਿਂ ਕਰਿ ਡੇਰਾ ਚਢਿ ਆਏ।
ਆਵਤ ਸਗਰੇ ਚਿੰਨ੍ਹ ਦਿਖਾਏ।
ਪਿਖਿ ਪਿਖਿ ਖੋਜ ਆਵਤੇ ਦੌਰੇ।
ਤੁਰੰਗ ਧਵਾਇ ਪਾਵਤੇ ਰੌਰੇ ॥੪੫॥
ਆਇ ਨੇਰ ਪਾਯਹੁ ਖਿਦਰਾਣੇ।
ਦੇਖੇ ਬਸਤ੍ਰ ਸੁ ਤੰਬੂ ਜਾਣੇ।
ਛੁਟਨ ਲਗੀ ਦੁਹੁਂ ਦਿਸ਼ਿ ਤੇ ਗੋਰੀ।
ਪਰਜੋ ਰੌਰ ਬਹੁ ਸ਼ਲਖਨਿ ਛੋਰੀ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭੱਟ ਭੇਰ ਹੋਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

---

[1] ਆ ਪਹੁੰਚੇ ਹਾਂ।

## ੧੦. [ਤੁਰਕਾਂ ਨਾਲ ਖਿਦਰਾਣੇ ਜੰਗ]

੯<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੧

ਦੋਹਰਾ: ਕਰਿ ਹਮਲਾ ਗਨ ਤੁਰਕ ਮਿਲਿ, ਧਾਇ ਪਰੇ ਕਰਿ ਸ਼ੋਰ।
ਛੂਟੀ ਸਿੰਘਨ ਤੇ ਸ਼ਲਖ, ਲਗਿ ਗੋਰੀ ਮੁਖ ਤੋਰਿ ॥੧॥

ਭੁਜੰਗ ਛੰਦ: ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ।
ਸੁਨਯੋ ਸ਼੍ਰੋਨ ਮਹਿਂ ਸ਼੍ਰੀ ਗੁਰੂ ਕੋਪ ਧਾਰਾ।
ਖਰੇ ਹੋਇ ਟਿੱਬੀ ਹੁਤੀ ਏਕ ਤਾਂਹੀ।
ਤਜੇ ਤੀਰ ਤੀਖੇ ਲਗੈਂ ਸੈਨ ਮਾਂਹੀ ॥੨॥
ਬਿਧੇ ਏਕ ਦੋਊ ਤ੍ਰਿਤੀ ਚਾਰ ਪਾਂਚੇ।
ਲਗੇ ਪਾਰ ਸੂਕੋ ਨਹੀਂ ਪ੍ਰਾਨ ਬਾਚੇ।
ਚਲੈਂ ਬੇਗ ਤੇ ਦੀਹ ਉੱਠੈਂ ਸ਼ੁੰਕਾਟੇ[1]।
ਦੜਾ ਦਾੜ ਗੇਰੈਂ ਮਨੋ ਬ੍ਰਿੱਛ ਕਾਟੇ ॥੩॥
ਖਰੀ ਬ੍ਰਿੰਦ ਬੇਰੀ ਥਿਰੇ ਸਿੰਘ ਮਾਂਹੀ।
ਤਜੈਂ ਤੀਰ ਗੋਰੀ, ਲਗੈਂ ਅੰਗ ਤਾਂਹੀ[2]।
ਪਰੇ ਏਕ ਬਾਰੀ ਘਨੋ ਘਾਲਿ ਹੇਲਾ।
ਚਹੈਂ ਬ੍ਰਿੰਦ ਸ਼ੱਤ੍ਰੂ ਕਰੈਂ ਰੇਲ ਪੇਲਾ ॥੪॥
ਜਬੈ ਤਾਲ ਕੇ ਤੀਰ ਪੈ ਆਨਿ ਢੂਕੇ।
'ਲਿਜੈ ਮਾਰ ਥੋਰੇ' ਇਮੰ ਊਚ ਕੂਕੇ।
ਤਬੈ ਸਿੰਘ ਸੂਰਾ[3] ਮਹਾਂ ਰੋਸ ਪੂਰਾ।
ਤਜਯੋ ਥਾਨ ਨੰਮ੍ਰੀ[4] ਗਜਯੋ ਨਾਦ ਭੂਰਾ ॥੫॥
ਲੀਓ ਖੈਂਚਿ ਖੰਡਾ ਪ੍ਰਚੰਡੈ ਘਮੰਡਾ।
ਕਰੇ ਖੰਡ ਖੰਡੰ ਅਖੰਡੰ ਉਮੰਡਾ[5]।
ਮਹਾਂ ਜੁੱਧ ਮੰਡਯੋ ਕਰਯੋ ਲਾਲ ਤੁੰਡੰ।
ਜਿਸੇ ਹੇਰਿ ਬੈਰੀ ਕਿਯੋ ਰੰਗ ਪੰਡੰ ॥੬॥
ਜਥਾ ਪੁੰਜ ਹਾਥੀਨ ਪੈ ਸ਼ੇਰ ਧਾਵੈ।
ਨ੍ਰਿਭੈ ਬੀਰ ਬਾਂਕੇ ਤਥਾ ਘਾਵ ਘਾਵੈ।
ਬਰਯੋ ਸਿੰਘ ਏਕੋ ਗਨੰ ਸ਼ੱਤ੍ਰੂ ਮਾਂਹੀ।
ਕਰਾਚੋਲ ਬਾਹੈ ਮਿਟੈਂ ਪੈਰ ਨਾਂਹੀ ॥੭॥

---

[1]ਸ਼ੂਕ।
[2]ਭਾਵ ਤੁਰਕਾਂ ਦੇ।
[3]ਕੋਈ ਸਿੰਘ ਸੂਰਮਾ।
[4]ਨੀਵਾਂ।
[5]ਅਖੰਡਤ ਉਤਸਾਹ ਨਾਲ ਟੋਟੇ ਟੋਟੇ ਕੀਤੇ।

ਕਿਤੇ ਮਾਰਿ ਗੇਰੇ ਗੁਰੂ ਓਜ ਪਾਏ।
ਤਬੈ ਦੇਖਿ ਕੈ ਬ੍ਰਿੰਦ ਸ਼ੱਤ੍ਰੂ ਰਿਸਾਏ।
ਚਹੂੰ ਕੋਦ ਘੇਰਯੋ ਕ੍ਰਿਪਾਣੰ ਉਘਾਰੇ।
ਛਕਯੋ ਛੋਭ ਛੱਤ੍ਰੀ ਸੁ ਛਾਲੰ ਉਛਾਰੇ[1] ॥੮॥

ਰਸਾਵਲ ਛੰਦ: ਚਹੂੰ ਓਰ ਮਾਰੇ। ਬੜੀ ਸ਼ੀਘ੍ਰ ਧਾਰੇ।
ਪਲੱਥੇ ਖਿਲਾਰੀ[2]। ਕਰੈ ਘਾਵ ਭਾਰੀ ॥੯॥
ਘਨੇ ਘਾਵ ਖੈ ਕੈ। ਸੁ ਸ਼੍ਰੋਣੰ ਬਹੈ ਕੈ।
ਭਯੋ ਲਾਲ ਰੰਗੰ। ਸੁ ਚੀਰੰ ਸੁਰੰਗੰ ॥੧੦॥
ਮੁਖੰ ਮੁੱਛ ਬੰਕੀ। ਬਿਲੋਕੈਂ ਅਤੰਕੀ[3]।
ਘਨੇ ਘਾਵ ਘਾਏ। ਹਯੰ ਤੇ ਗਿਰਾਏ ॥੧੧॥
ਚਲਾਕੀ ਦਿਖਾਵੈ। ਨਹੀਂ ਦਾਵ ਖਾਵੈ।
ਬਹਯੋ ਜਾਹਿ ਲੋਹੂ। ਰਿਦੈ ਸਿੰਘ ਰੋਹੂ[4] ॥੧੨॥
ਤਕਯੋ ਤਾਂਹਿ ਅੰਗਾ। ਸਮੂਹੰ ਤੁਫੰਗਾ।
ਇਕੰ ਬਾਰ ਦਾਗੀ। ਗਨੰ ਆਨਿ ਲਾਗੀ[5] ॥੧੩॥
ਗਿਰਯੋ ਸਿੰਘ ਸੌਹੈਂ[6]। ਕੁਪਯੋ ਬੰਕ ਭੌਹੈਂ।
ਜਬੈ ਬੀਰ ਮਾਰਾ। ਕਰੇ ਜੰਗ ਭਾਰਾ ॥੧੪॥
ਤਬੈ ਸਿੰਘ ਔਰੇ। ਭਨਯੋ ਜੰਗ ਠੌਰੇ।
'[7]ਲਰੈਂ ਠਾਢ ਹ੍ਵੈ ਕੈ। ਪ੍ਰਿਯੰ ਪ੍ਰਾਨ ਕੈ ਕੈ ॥੧੫॥
ਸਮੈ ਸੋ ਨ ਐਸੋ। ਲਰੈਂ ਆਡ ਲੈ ਸੋ[1]।
ਤਜੋ ਜੀਯ ਸੰਕਾ। ਨ ਕੀਜੈ ਅਤੰਕਾ ॥੧੬॥
ਗੁਰੂ ਕੋ ਸੰਭਾਰੋ। ਪ੍ਰਲੋਕੰ ਸੁਧਾਰੋ।'
ਇਮੰ ਆਪ ਮਾਂਹੀ। ਕਹੈਂ ਸਿੰਘ ਤਾਂਹੀ ॥੧੭॥
ਮਲੇ ਪੰਚ ਬੀਰਾ। ਧਰੀ ਭੂਰ ਧੀਰਾ।
ਜਹਾਂ ਸ਼ੱਤ੍ਰੂ ਪੁੰਜਾ। ਪਰਯੋ ਸਿੰਘ ਭੰਜਾ[8] ॥੧੮॥
ਤਹਾਂ ਕੋ ਸਿਧਾਰੇ। ਕ੍ਰਿਪਾਨੰ ਨਿਕਾਰੇ।

---

[1]ਛੱਤ੍ਰੀ (ਸਿੰਘ) ਗੁੱਸੇ ਵਿੱਚ ਮਸਤ ਛਾਲਾਂ ਮਾਰ ਉਛਲ ਉਛਲ ਕੇ ਪੈਂਦਾ ਹੈ।
[2]ਗਤਕਬਾਜ਼ੀ ਦਾ ਖਿਲਾਰੀ, ਤਲਵਾਰ ਵਾਹੁਣ ਦੀ ਵਿੱਦਯਾ ਦਾ ਪ੍ਰਬੀਨ।
[3]ਦੇਖਕੇ ਡਰ ਆਉਂਦਾ ਹੈ।
[4]ਸਿੰਘ ਦੇ ਦਿਲ ਗੁੱਸਾ (ਭਰ ਰਿਹਾ) ਹੈ।
[5]ਬਹੁਤ ਸਾਰੀਆਂ ਆ ਲਗੀਆਂ।
[6]ਸਾਮ੍ਹਣੇ।
[7]ਭਾਵ ਐਸਾ ਸਮਾਂ ਹੁਣ ਨਹੀਂ ਹੈ ਕਿ ਪ੍ਰਾਣ ਪਿਆਰੇ ਕਰਕੇ ਖੜੋ ਖੜੋ ਕੇ ਲੜੀਏ। (ਅ) ਓਟਾਂ ਲੈ ਲੈਕੇ ਲੜੀਏ।
[8]ਸ਼ਹੀਦ ਹੋਇਆ ਪਿਆ ਸੀ (ਪਹਿਲਾ) ਸਿੰਘ।

ਮੱਝਾਰੰ ਪ੍ਰਵੇਸ਼ੇ[1]। ਸੁ ਓਜੰ ਵਿਸੇਸ਼ ॥੧੯॥
[2]ਮਨੋ ਬੇਗ ਸਿੰਘੰ। ਤਥਾ ਸ਼ੋਭ ਸਿੰਘੰ[4]।
ਖਿਚੇ ਪੰਚ ਤੇਗਾ। ਉਘਾਰੀ ਸੁ ਬੇਗਾ ॥੨੦॥
ਮ੍ਰਿਗੰ ਸ਼ੱਤ੍ਰੂ ਭਾਗੇ। ਅਰੇ ਨਾਂਹਿ ਆਗੇ।
ਜਿਸੇ ਘਾਇ ਘਾਲੇ। ਤਿਸੇ ਮਾਰਿ ਡਾਲੇ ॥੨੧॥
ਪਰਜੋ ਰੌਰ ਭਾਰੋ। ਬਕੈਂ 'ਮਾਰ ਮਾਰੋ।'
ਚਹੂੰ ਓਰ ਘੇਰੇ। ਢੁਕੈਂ ਨਾਂਹਿ ਨੇਰੇ ॥੨੨॥
ਵਜੀਦੇ ਨਿਹਾਰੇ। ਸੁ ਖਾਨੰ ਪ੍ਰਚਾਰੇ।
'ਕਹਾਂ ਜਾਹੁ ਭਾਗੇ। ਨਹੀਂ ਲਾਜ ਲਾਗੇ ॥੨੩॥
ਮੁਰੋ ਘੇਰਿ ਮਾਰੋ। ਨਹੀਂ ਤ੍ਰਾਸ ਧਾਰੋ।
ਅਹੈਂ ਸਿੰਘ ਥੋਰੇ। ਨਹੀਂ ਪਾਸ ਘੋਰੇ ॥੨੪॥
ਕਹਾਂ ਓਜ ਕੈ ਹੈਂ। ਮੁਰੋ ਮਾਰਿ ਲੈ ਹੈਂ।'
ਵਜੀਦੇ ਵੰਗਾਰੇ। ਫਿਰੇ ਫੇਰ ਸਾਰੇ ॥੨੫॥
ਗਡਾ ਵੱਡ ਹੋਏ[3]। ਮਿਲੇ ਤੁੰਡ ਦੋਏ।
ਕ੍ਰਿਪਾਨੈਂ ਚਲਾਵੈਂ। ਸੁ ਲੋਹੂ ਚਖਾਵੈਂ[4] ॥੨੬॥
ਰੰਗੇ ਰੰਗ ਲਾਲੰ। ਕਟੈਂ ਮਾਰ ਡਾਲੰ।
ਹਯੰ ਹੇਰਿ ਨੇਰੈ। ਕਟੈਂ ਤੁੰਡ ਗੇਰੈਂ ॥੨੭॥
ਮਹਾਂ ਤੇਜ ਤੱਤੇ। ਰਸੰ ਰੌਦ੍ਰ ਰੱਤੇ।
ਗਿਨੈਂ ਸ਼ੱਤ੍ਰੂਹੂੰ ਨਾ[5]। ਚਢੈ ਚਾਉ ਦੂਨਾ ॥੨੮॥
ਉਛੱਲੈਂ ਛਲੰਗੀ[6]। ਗੁਰੂ ਕੇ ਭੁਜੰਗੀ[7]।
ਦਿਯੋ ਓਜ ਐਸੋ। ਹਜ਼ਾਰਾਨ ਜੈਸੋ ॥੨੯॥
ਮਹਾਂ ਕੋਪ ਠਾਨੈਂ। ਗਜੰ ਕੀਟ ਮਾਨੈਂ[8]।
ਬਡੇ ਓਤਸਾਹੇ। ਰਣੰ ਸ਼ੱਤ੍ਰੂ ਗਾਹੇ ॥੩੦॥

ਸਿਰਖੰਡੀ ਛੰਦ: ਪੰਚਹੁੰ ਬੀਰ ਜੁਝਾਰੇ, ਮਾਰਿ ਅਨੇਕ ਕੋ।
ਕਰਾਚੋਲ ਪਰਹਾਰੇ, ਤੁਰਕ ਗਿਰਾਇ ਕੈ।

---

[1]ਵਿਚ ਜਾ ਧਸੇ।
[2]ਜੈਸੇ ਸ਼ੇਰ ਦਾ ਵੇਗ ਹੁੰਦਾ ਹੈ ਤੈਸੇ ਹੀ (ਗੁਰੂ ਕੇ) ਸਿੰਘਾਂ (ਦੇ ਵੇਗ) ਦੀ ਸ਼ੋਭਾ ਹੈ।
[3]ਗੜਬੜ। ਭਾਵ ਰਲ ਮਿਲ ਗਏ।
[4](ਕ੍ਰਿਪਾਨਾਂ ਨੂੰ) ਲਹੂ ਚਖਾਉਂਦੇ ਹਨ।
[5]ਸ਼ੱਤ੍ਰੂਆਂ ਨੂੰ ਬਿਦਦੇ ਹੀ ਨਹੀਂ।
[6]ਛਾਲਾਂ ਮਾਰਕੇ ਉੱਛਲਦੇ ਹਨ।
[7]ਸੂਰਮੇਂ।
[8]ਹਾਥੀਆਂ ਨੂੰ ਕੀੜੇ ਸਮਝਦੇ ਹਨ।

ਪਰੇ ਤੁਰੰਗਮ ਭਾਰੇ, ਮੁਖ ਅਰੁ ਚਰਨ ਕਟਿ।
ਗੁਲਕਾਂ ਤੀਰ ਸਹਾਰੇ, ਭਿਦੇ ਸ਼ਰੀਰ ਸਭਿ ॥੩੧॥
ਨਿਕਸੇ ਪ੍ਰਾਨ ਸੁ ਡਿੱਗੇ, ਸਨਮੁਖ ਬੈਰੀਆਂ।
ਸਭਿ ਸ਼੍ਰੋਣਤ ਮਨ ਭਿੱਗੇ, ਬਾਗੇ[1] ਲਾਲ ਹ੍ਵੈ।
ਤਜੇ ਨ ਹਾਥਹੁਂ ਖੱਗੇ, ਇੱਛਾ ਹਤਨਿ ਕੀ।
ਘਨੇ ਘਾਵ ਤਨ ਲਗੇ, ਮਰਿ ਕਰਿ ਗਿਰ ਪਰੇ ॥੩੨॥
ਬੱਦ੍ਰੀ ਬ੍ਰਿੰਦ ਮਝਾਰੇ, ਸੂਕੇ ਸਰ ਬਿਖੇ।
ਥਿਰੇ ਸਿੰਘ ਤਹਿਂ ਭਾਰੇ, ਤੁਪਕ ਚਲਾਂਵਦੇ।
ਉਠੇ ਸ਼ਬਦ ਕੜਕਾਰੇ, ਗੁਲਕਾਂ ਸ਼ੂੰਕਤੀ।
ਲਗੈਂ ਤੁਰਕ ਤਨ ਮਾਰੇਂ, ਗਿਰੇਂ ਪਵੰਗਮਹੁਂ[2] ॥੩੩॥

ਦੋਹਰਾ: ਬੱਦ੍ਰੀ ਸੰਘਨੀ ਮਹਿਂ ਘਨੀ,
ਸਿੰਘ ਸੈਨ ਕੋ ਜਾਨਿ।
ਨੇਰ ਨਹੀਂ ਕਾਯਰ ਕਰੈਂ,
ਦੂਰ ਫਿਰੈਂ ਡਰ ਮਾਨਿ ॥੩੪॥

ਭੁਜੰਗ ਛੰਦ: ਵਜੀਦੇ ਪ੍ਰਚਾਰੇ 'ਕਰੋ ਕਜੋਂ ਨ ਹੱਲਾ।
ਬਲੀ! ਰੇਲ ਪੇਲੋ ਬਿਲੰਦੈ ਧਕੱਲਾ।'
ਦਲੰ ਬੀਰ ਦੌਰਜੋ, ਬਲੰ ਬੋਲ ਪਾਏ[3]।
ਪਲੀਤੇ ਧੁਖੈਂ, ਪੁੰਜ ਗੋਰੀ ਚਲਾਏ ॥੩੫॥
ਤਬੈ ਏਕ ਨੌ ਸਿੰਘ[4], ਕੋਪੇ ਬਿਸਾਲੇ।
ਤਜੀ ਆਡ[5] ਕੋ, ਖੈਂਚਿ ਖੱਗੰ ਨਿਕਾਲੇ।
ਢੁਕੇ ਢੋਇ[6] ਗਾਢੇ, ਢਿਗੰ ਢੇਰ ਚਾਲੇ[7]।
ਛਕੇ ਛੋਭ ਮੈਂ, ਛਾਲ ਆਛੇ ਉਛਾਲੇ ॥੩੬॥
ਦਸੋ ਸਿੰਘ ਸੇ, ਸਿੰਘ ਤ੍ਰਾਸੇ ਨ ਸੋਈ[8]।
ਨ੍ਰਿਭੈ ਬੀਰ ਬਾਂਕੇ, ਕਰੀ ਜੰਗ ਢੋਈ[9]।
ਕਰਾਚੋਲ ਚਾਲੇ, ਸੁ ਢਾਲੇ ਉਛਾਲੇ।

---

[1]ਪੁਸ਼ਾਕ।
[2]ਘੋੜਿਆਂ ਤੋਂ।
[3]ਵਜੀਦੇ ਦੇ ਬੋਲ ਨਾਲ ਬਲ ਪਾਕੇ।
[4]ਭਾਵ ੧੦ ਸਿੰਘ।
[5]ਆਸਰਾ।
[6]ਤਕੜੇ ਹੋਕੇ ਨੇੜੇ ਢੁਕੇ।
[7]ਤੇ ਬਹੁਤ ਨੇੜੇ ਚਲੇ ਗਏ।
[8]ਦਸੇ ਸ਼ੇਰਾਂ ਵਰਗੇ ਸਿੰਘ ਸਨ ਸੋ ਨਾ ਡਰੇ।
[9]ਜੰਗ ਦਾ ਸਾਹਮਣਾ ਕੀਤਾ।

ਹਜ਼ਾਰੋਂ ਰਿਪੂ, ਹੋਇ ਕੈ ਆਲਬਾਲੇ ॥੩੭॥

ਨਰਾਜ ਛੰਦ: 'ਗੁਰੂ ਗੁਰੂ' ਉਚਾਰਿ ਕੈ, ਬਿਸਾਲ ਓਜ ਪਾਇ ਕੈ।
ਭਏ ਪ੍ਰਵੇਸ਼ ਫੌਜ ਮਹਿਂ, ਘਨੇਰ ਘਾਵ ਘਾਇ ਕੈ।
ਜਹਾਂ ਪਰੈਂ ਇਕੱਤ੍ਰ ਹ੍ਵੈ, ਬਚਿੱਤ੍ਰ ਜੁੱਧ ਠਾਨਤੇ।
ਸਮੇਤ ਅੱਤ੍ਰ ਸ਼ੱਤ੍ਰ ਕੋ, ਸੁ ਪੱਤ੍ਰ ਜਯੋਂ ਪ੍ਰਹਾਨਤੇ[੧] ॥੩੮॥
ਬਿਲੰਦ ਸੇਲ ਠੇਲਤੇ, ਕਰੰਤਿ ਰੇਲ ਪੇਲ ਕੋ।
ਦੁਹੇਲ ਹੇਲ ਮੇਲ ਤੇ[੨], ਧਕੇਲਤੇ ਨ ਝੇਲ ਕੋ[੩]।
ਪ੍ਰਪੇਲਤੇ ਕਰੰਤਿ ਐਲ, ਭੈਲ ਗੈਲ ਚਾਲਤੇ[੪]।
ਸੁ ਲਾਲ ਚੈਲ ਛੈਲ ਹੋਤਿ, ਖੇਲ ਜਯੋਂ ਉਤਾਲ ਤੇ[੫] ॥੩੯॥
ਘਿਰੰਤ ਬ੍ਰਿੰਦ ਸ਼ੱਤ੍ਰ ਮੈਂ, ਬਚਿਤ੍ਰ ਅੱਤ੍ਰ ਮਾਰਤੇ[੬]।
ਭਰੇ ਸ਼ਰੀਰ ਘਾਵ ਤੇ, ਤਊਨ ਧੀਰ ਹਾਰਤੇ।
ਕਟੰਤਿ ਅੰਗ ਭੰਗ ਹ੍ਵੈ, ਗਿਰੰਤਿ ਖੇਤ ਜੰਗ ਕੇ।
ਨਿਸੰਗ ਸਿੰਘ ਸੂਰਮੇ, ਸੁਰੰਗ ਚੀਰ ਰੰਗਿ ਕੇ ॥੪੦॥
ਬਿਲੋਕਿ ਸਿੰਘ ਤਾਲ ਕੇ, ਮਰੇ ਦਸੋਂ ਸੰਘਾਰਿ ਕੈ[੭]।
ਸਮੀਪ ਸ਼ੱਤ੍ਰ ਆਇ ਗੇ, ਤੁਫੰਗ ਕੋ ਪ੍ਰਹਾਰਿ ਕੈ।
ਕਰਜੋ ਬਿਸਾਲ ਰੌਲ ਕੋ, ਪ੍ਰਵਾਰਤੇ ਸੁ ਜਾਤਿ ਹੈਂ[੮]।
ਤੁਰੰਗ ਕੋ ਧਵਾਇ, ਆਇ ਨੇਰ ਪਾਇ ਘਾਤ ਹੈਂ ॥੪੧॥

ਦੋਹਰਾ: ਸਿੰਘ ਇਕਾਦਸ਼ ਨਿਕਸਿ ਕਰਿ, ਤੋਮਰ ਖੜਗ ਸੰਭਾਰਿ।
ਪਰੇ ਤੁਰਕ ਲਸ਼ਕਰ ਬਿਖੈ, ਧਰਿ ਕਰਿ ਉਰ ਹੰਕਾਰ ॥੪੨॥

ਰਸਾਵਲ ਛੰਦ: ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ।
ਦੁਗੋਰੀ ਕਸੰਤੇ। ਪਲੀਤੇ ਜਮੰਤੇ ॥੪੩॥
ਕਲਾ ਜੋੜਿ ਤੋੜੇ। ਕਲੀ ਸਾਥ[*] ਮੋੜੇ।
ਧਰੇ ਹਾਥ ਤਾਕੇ[੯]। ਝੁਕਾਏ ਕੜਾਕੇ ॥੪੪॥
ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਫੋਰੀ।

---

[੧]ਸ਼ਸਤ੍ਰਾਂ ਨਾਲ ਸ਼ੱਤ੍ਰ ਨੂੰ ਪੱਤ੍ਰ ਵਾਂਙ ਝਾੜਦੇ ਹਨ [ਅੱਤ੍ਰ=ਅਸਤਰ=ਹਥਯਾਰ]।
[੨]ਕਠਨ ਹੱਲੇ ਕਰਦੇ ਹਨ।
[੩]ਧੱਕੇ ਨੂੰ ਝੱਲ ਨਹੀਂ ਸਕਦੇ (ਤੁਰਕ)।
[੪]ਧੱਕਦੇ ਹੋਏ ਰੌਲਾ ਕਰਦੇ ਹਨ ਤੇ (ਭੈਲ=) ਮਿਲਕੇ ਮਗਰ ਚਲੀ ਜਾਂਦੇ ਹਨ।
[੫]ਛੈਲ (ਸੂਰਮਿਆਂ) ਦੇ ਬਸਤ੍ਰ ਲਾਲ ਹੋ ਰਹੇ ਹਨ ਜਿਵੇਂ ਕਾਹਲੀ ਨਾਲ (ਹੋਲੀ) ਖੇਲ ਰਹੇ ਹਨ।
[੬]ਅਚਰਜ ਤ੍ਰੀਕਿਆਂ ਨਾਲ ਸ਼ਸਤ੍ਰਧਾਰੀਆਂ ਨੂੰ ਮਾਰਦੇ ਹਨ [ਅਤ੍ਰੀ=ਸ਼ਸਤ੍ਰਧਾਰੀ। ਅਤ੍ਰ=ਸ਼ਸਤ੍ਰ]।
[੭]ਤਾਲ ਦੇ ਸਿੰਘਾਂ ਨੇ ਦਸ ਸਿੰਘ ਜਦ (ਵੈਰੀ) ਮਾਰਕੇ ਮਰੇ ਦੇਖੇ।
[੮]ਘੇਰੀ ਜਾਂਦੇ ਹਨ।
[*]ਪਾ:-ਸਾਧ।
[੯]ਤੱਕਦੇ ਹਨ।

ਦੜਾਦਾੜ ਗੇਰੇ। ਸੁ ਤਾਲੰ ਚੁਫੇਰੇ ॥੪੫॥
ਕੜਾਕਾੜ ਮਾਚੀ। ਲਹੂ ਧੂੜਿ ਰਾਚੀ।
ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥੪੬॥
ਮਹਾਂ ਬੀਰ ਗਜਾਰਾਂ। ਤੜਾਗੰ[1] ਕਿਨਾਰਾ।
ਜਿਤੇ ਸ਼ੱਤ੍ਰੂ ਆਏ। ਤਹਾਂ ਘਾਵ ਘਾਏ ॥੪੭॥
ਕ੍ਰਿਪਾਨੈ ਕਟੇ ਜੇ। ਪੁਰੇਜੇ ਪੁਰੇਜੇ[2]।
ਲਰੇ ਬ੍ਰਿੰਦ ਖਾਨਾ। ਬਡੋ ਜੰਗ ਠਾਨਾ ॥੪੮॥

ਦੋਹਰਾ: ਪੁੰਜ ਪੁੰਜ ਕੋ ਮਾਰਿ ਕਰਿ,
ਮਰੇ ਸਿੰਘ ਬਰ ਬੀਰ।
ਬਾਕੀ ਤ੍ਰੌਦਸ ਰਹਿ ਗਏ,
ਸੋ ਨਿਕਸੇ ਧਰਿ ਧੀਰ ॥੪੯॥

ਭੁਜੰਗ ਛੰਦ: ਚਲੇ ਬੀਰ ਸੋਊ, ਬਡੇ ਓਤਸਾਹੇ।
ਧਰੇ ਸ਼ਸਤ੍ਰ ਸਾਰੇ, ਮਹਾਂ ਜੰਗ ਮਾਂਹੇ।
ਕਢੇ ਮਜਾਨ ਤੇਗ਼ੇ, ਗਹੇ ਹਾਥ ਢਾਲੇ।
ਚਲਾਕੀ ਕਰੰਤੇ, ਸੁ ਛਾਲੈਂ ਉਛਾਲੇ ॥੫੦॥
ਝਟਾਪੱਟ ਜੁੱਟੇ, ਲਟਾਪੱਟ[3] ਹੋਏ।
ਸਰਾਪੱਟ ਸੁੱਟੇ, ਕਟਾਕੁੱਟ ਜੋਏ।
ਕਟਾਕੱਟ ਕੱਟੇ, ਚਟਾਪੱਟ ਮਾਰੇ।
ਖਟਾ ਪੱਟ ਖੱਟੇ, ਹੱਟਾਪੱਟ ਹਾਰੇ[4] ॥੫੧॥
ਕਹਾਂ ਲੌ ਕਹੌਂ, ਸਿੰਘ ਸੂਰੇ ਜੁਝਾਰੇ।
ਰਿਪੂ ਸੰਗ ਜੂਝੇ, ਪਹੂੰਚੇ ਅਗਾਰੇ।
ਖਹੇ ਖਾਨ ਖੂਨੀ, ਖੁਰਾਸਾਨ ਖੱਗੰ[5]।
ਮਰੇ ਜੰਗ ਖੇਤੰ, ਬਡੇ ਘਾਵ ਲੱਗੰ ॥੫੨॥
ਤਜੇ ਤਾਲ ਦੂਰੰ, ਬਰੇ ਸੈਨ ਮੱਧੰ।
ਬਡੇ ਖਾਨ ਮਾਰੇ, ਕਰੈਂ ਜੁੱਧ ਕ੍ਰੁੱਧੰ।
ਰਣੰ ਗ੍ਰਿੱਧ ਬ੍ਰਿੰਦੰ, ਭਖੈਂ ਮਾਸ ਬੋਲੈਂ।
ਉਡੈਂ ਕੰਕ ਕਾਕੰ, ਨਭੰ ਬੀਚ ਡੋਲੈਂ ॥੫੩॥

---

[1]ਤਲਾ ਦੇ।
[2]ਟੋਟੇ ਟੋਟੇ।
[3]ਇਕ ਦੂਜੇ ਨੂੰ ਲਿਪਟ ਜਾਣਾ, ਗੁੱਥਮ ਗੁੱਥਾ।
[4]ਖੋਟੇ (ਤੁਰਕ) ਖਟਾ ਪਟ (ਛੇਤੀ) ਹਾਰਕੇ ਪਿੱਛੇ ਹਟ ਗਏ। (ਅ) ਖਟ ਪਟੀ ਵਾਲੇ ਭਾਵ ਫਸਾਦ ਕਰਨ ਵਾਲੇ ਤੁਰਕ........।
[5]ਖੂਨੀ ਖਾਨ ਖੁਰਾਸਾਨ ਦੇ ਖੰਡੇ ਲੈ (ਸਿੰਘਾਂ ਨਾਲ) ਖਹੇ।

ਡਕੀ ਡਾਕਣੀ, ਭੂਤ ਪ੍ਰੇਤੰ ਬਕੰਤੇ।
ਨਚੀ ਜੋਗਣੀ, ਸੀਸ ਬਾਲੰ ਖਿਲੰਤੇ[1]।
ਕਿਤੀ ਦੂਰ ਲੌਂ, ਜੰਗ ਖੇਤੰ ਬਿਥਾਰੇ।
ਗੁਥੀ ਲੁੱਥ ਜੁਥੰ[2], ਪਗੰ ਪੋਥ ਡਾਰੇ[3] ॥੫੪॥
ਸੁਰੰ ਦੇਖਿ ਸਿੰਘਾਨਿ, ਕੋ ਜੁੱਧ ਸੁੱਧੰ।
ਕਹੈਂ 'ਧੰਨ ਧੰਨੰ, ਫਿਰੈਂ ਗੈਨ ਮੱਧੰ।
ਮਰੇ ਬੀਰ ਚਾਲੀ, ਮਹਾਂ ਓਜ ਕੈ ਕੈ।
ਗੁਰੂ ਧਯਾਨ ਧਾਰੇ, ਤਜੇ ਪ੍ਰਾਨ ਘੈ ਕੈ ॥੫੫॥
ਦੋਹਰਾ: ਤੁਰਕ ਹਜ਼ਾਰੋਂ ਲੜਿ ਮਰੇ, ਬਹੁਤੇ ਹਤੇ ਤੁਰੰਗ[+]।
ਭਯੋ ਜੰਗ ਪੂਰਨ ਤਬੈ, ਸ਼੍ਰੋਤਾ ਸੁਨਹੁਂ ਪ੍ਰਸੰਗ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੂਰਬ ਐਨੇ 'ਮੁਕਤਸਰ ਜੰਗ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

---

[1]ਖਿੰਡਾਏ ਹੋਏ।
[2]ਸਮੂਹ ਲੋਥਾਂ ਗੁੱਛੇ ਹੋ ਗਈਆਂ।
[3]ਪੈਰਾਂ ਦੇ ਨਾਲ ਢੇਰ (ਦੇ ਢੇਰ ਦਲੇ) ਪਏ ਹਨ।
[+]ਪਾ:-ਤੁਰਕ ਅਢਾਈ ਸੈ ਮਰੇ ਤ੍ਰੈ ਸੈ ਹਤੇ ਤੁਰੰਗ।

## ੧੧. [ਮਾਈ ਭਾਗੋ। ਤੁਰਕਾਂ ਦਾ ਪਿੱਛੇ ਮੁੜਨਾ]

੧੦<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੨

ਦੋਹਰਾ: ਇਕ ਮਾਈ ਭਾਗੋ ਹੁਤੀ, ਚਾਲੀ ਸਿੰਘ* ਮਝਾਰ।
ਤੁਰਕ ਹਤੇ ਖਰ ਸਾਂਗ ਤੇ, ਗੇਰੜੋ ਧਰਾ ਮਝਾਰ ॥੧॥
ਚੌਪਈ: ਸਤਿਗੁਰ ਸਵਾ ਕੋਸ ਰਹਿ ਖਰੇ।
ਅਬਿ ਲਗਿ ਟਿੱਬੀ ਚਿੰਨ੍ਹ ਉਚਰੇ[੧]।
ਧਰੜੋ ਪਨਚ ਪਰ ਤੀਖਨ ਬਾਨਾ।
ਮੁਸ਼ਟ ਗਹੇ ਧਨੁ[੨] ਕੋ ਪੁਨ ਤਾਨਾ ॥੨॥
ਸ਼ਬਦ ਭਯਾਨਕ ਹੋਵਤਿ ਛੋਰਾ।
ਆਵਤਿ ਭਯੋ ਸ਼ੱਤ੍ਰ ਦਲ ਓਰਾ।
ਭੂਮ ਭੂਰ ਭੁੰਕਾਟ ਭਇਆਲਾ[੩]।
ਸੁਨਿ ਕਰਿ ਬਿਸਮੇ ਤੁਰਕ ਬਿਸਾਲਾ ॥੩॥
'ਇਹ ਕਜਾ ਭਯੋ ਨ ਜਾਨੜੋ ਜਾਈ?
ਨਹੀਂ ਸਿੰਘ ਅਬਿ ਕੋ ਅਗੁਵਾਈ।
ਗੁਰ ਸਮੇਤ ਸਭਿ ਲੀਨੇ ਮਾਰਿ।
ਪਰੇ ਧਰਾ ਪੈ ਪਾਇੰ ਪਸਾਰ ॥੪॥
ਖੋਜਹਿਂ ਗੁਰ ਕੀ ਲੋਥ ਬਿਚਾਰੈਂ[੪]।
ਪਹੁੰਚਹਿ ਹਜ਼ਰਤਿ ਨਿਕਟ ਨਿਹਾਰੈ।
ਹੋਇ ਪ੍ਰਸੰਨ ਮੋਹਿ ਪਰ ਘਨੋ।
ਜਿਸ ਕੋ ਨਿਤ ਚਹਿ ਗਹਿਨ ਕਿ ਹਨੋ[੫]' ॥੫॥
ਨਿਜ ਲੋਕਨ ਸਭਿ ਭਨਤਿ ਸੁਨਾਈ।
'ਗੁਰ ਭੀ ਲਰਤੋ ਭਯੋ ਲਖਾਈ[੬]।
ਜੇ ਕਰਿ ਖੋਜ ਲੋਥ ਕਰਿ ਲੈ ਹੌਂ।
ਹਜ਼ਰਤ ਕੀ ਪ੍ਰਸੰਨਤਾ ਪੈਹੌਂ' ॥੬॥
ਇਮ ਕਹਿ ਸਾਥ ਕਪੂਰੇ ਭਾਖੜੋ।
'ਜਲ ਬਤਾਇ ਦਿਹੁ ਸੁਭਟਨਿ ਕਾਂਖੜੋ।

---

*ਪਿਛਲੇ ਅੰਸੂ ਦੇ ਅੰਕ ੫੫ ਵਿਚ ਚਾਲੀ ਮਰ ਗਏ ਦੱਸ ਰਹੇ ਹਨ ਤਾਂ ਭਾਗੋ ਇਕਤਾਲੀਵੀਂ ਹੋਈ। ਇਸ ਤੋਂ ਬੀ ਸੂੰਹ ਮਿਲ ਗਈ ਕਿ ਲੜਨ ਵਾਲੇ ਚਾਲੀਆਂ ਤੋਂ ਵਧੀਕ ਸਨ।

[੧]ਹੁਣ ਤਾਈਂ ਉਹ ਟਿੱਬੀ ਨਿਸ਼ਾਨੀ ਦੱਸ ਰਹੀ ਹੈ।

[੨]ਧਨੁਖ ਦੀ ਮੁੱਠ ਫੜਕੇ।

[੩]ਪ੍ਰਿਥਵੀ ਤੇ ਬਹੁਤਾ ਭਜਾਨਕ ਭੂੰ ਭੂੰ ਕਰਦਾ ਸ਼ਬਦ ਹੋਯਾ।

[੪]ਸੋਚ ਵਿਚਾਰ ਦੇ ਨਾਲ।

[੫]ਫੜਨਾ ਯਾ ਮਾਰਨਾ।

[੬]ਦਿਖਾਈ ਦਿੰਦਾ ਸੀ।

ਜਬਿ ਕੇ ਚਢੇ ਨ ਕਿਨਹੂੰ ਲੀਨੋ।
ਏਤੋ ਦਿਵਸ ਬਿਤਯੋ ਨਹਿਂ ਪੀਨੋ' ॥੭॥
ਜੋਰਤਿ ਹਾਥ ਕਪੂਰਾ ਕਹੈ।
'ਖ਼ਾਂ ਜੀ! ਇਸ ਥਲ ਕਿਤ ਜਲ ਅਹੈ।
ਇਨ ਪੈਰਨ ਤੇ ਜਾਉ ਜਿ ਆਗੇ।
ਤੀਸ ਕੋਸ ਪਰ ਜਲ ਕਰ ਲਾਗੇ ॥੮॥
ਜੇ ਨਵਾਬ ਜੀ! ਹਟਹੁ ਪਿਛਾਰੀ।
ਤਉ ਦਸ ਕੋਸ ਪਾਇ ਹਹੁ ਬਾਰੀ।'
ਸੁਨਤਿ ਵਜੀਦ ਖ਼ਾਨ ਬਿਸਮਾਯੋ।
ਚਿੰਤਾ ਬਸਿ ਹ੍ਵੈ ਬਹੁਰ ਅਲਾਯੋ ॥੯॥
'ਕਹਹੁ ਚੌਧਰੀ! ਕਉਨ ਇਲਾਜਾ?
ਬਿਨ ਜਲ ਕੇ ਬਡ ਹੋਤਿ ਕੁਕਾਜਾ।
ਤ੍ਰਿਖਾ ਦੀਹ ਤੇ ਮਰਹਿਂ ਤਿਸਾਏ।
ਹਟਹਿਂ ਤਊ ਜਲ ਦੂਰ ਸਥਾਏ ॥੧੦॥
ਆਗੇ ਨਹੀਂ ਸਮੀਪ ਬਤਾਵਤਿ।
ਬਾਂਏ ਦਾਂਏ ਹਾਥ ਨ ਆਵਤ।'
ਤਬਹਿ ਕਪੂਰੇ ਮਸਲਤ ਕਹੀ।
'ਜਲ ਕੋ ਜਤਨ ਔਰ ਅਬਿ ਨਹੀਂ ॥੧੧॥
ਹਯ ਬਡ ਚਾਲ ਕਿ ਪੋਈਏ ਪਾਵਹੁ[1]।
ਪਹੁੰਚਹੁ ਜਲ ਥਲ ਪ੍ਰਾਨ ਬਚਾਵਹੁ।
ਨਤੁ ਭਟ ਤੁਰੰਗ ਕਿਤਿਕ ਚਿਰ ਲਾਗੈ[2]।
ਮਗ ਮਹਿਂ ਗਮਨਤਿ ਪ੍ਰਾਨਨਿ ਤਜਾਗੈਂ ॥੧੨॥
ਸੂਕੇ ਓਠ ਬਦਨ ਕੁਮਲਾਵੈਂ।
ਭਲੇ ਨਰਨ ਕੇ ਅਬਿ ਦਿਸ ਆਵੈਂ[3]।'
[4]'ਸੁਨਹੁ ਕਪੂਰਾ! ਕਾਰਜ ਦੋਊ।
ਕਰਨੇ ਹੁਤੇ ਅਬਹਿ ਹਮ ਸੋਊ ॥੧੩॥
ਭੇ ਮ੍ਰਿਤੁ ਜਥੇਦਾਰ ਸਰਦਾਰ।
ਤਿਨ ਕੀ ਲੋਥਨ ਖੋਜਿ ਨਿਕਾਰ।

---

[1]ਘੋੜੇ ਬਹੁਤੀ ਤੇਜ਼ ਚਾਲੇ ਯਾ ਪੋਈਏ ਪਾਕੇ।
[2]ਜੇ ਨਹੀਂ ਭਜਾਓਗੇ ਤਾਂ ਸੂਰਮ ਤੇ ਘੋੜਿਆਂ ਨੂੰ ਕਿਤਨਾ ਚਿਰ ਲਗੇਗਾ।
[3]ਭਲੀ ਤਰ੍ਹਾਂ ਆਦਮੀਆਂ ਦੇ ਹੋਠ ਸੁੱਕੇ ਤੇ ਮੂੰਹ ਕੁਮਲਾਏ (ਹੁਣ) ਦਿੱਸਦੇ ਹਨ।
[4]ਨਬਾਬ ਨੇ ਕਿਹਾ।

ਧਰਾ ਖਨਾਇ ਤਿਨਹੁੰ ਦਫਨਾਵਨ।
ਸਕਲ ਜਿ ਮਰੇ, ਨ ਹੋਹਿਂ ਉਠਾਵਨ ॥੧੪॥
ਕਹਾਂ ਬਾਤ ਦਫਨਾਵਨਿ ਕੇਰੀ।
ਇਕ ਦੁਇ ਦਿਨ ਕੀ ਸਭਿ ਕ੍ਰਿਤ[1] ਹੇਰੀ।
ਦੁਤੀਏ ਗੁਰੂ ਲੋਥ ਕੋ ਖੋਜਨ।
ਏ ਤੁਮ ਜਾਨਹੁ ਬਡੋ ਪ੍ਰਯੋਜਨ ॥੧੫॥
ਕਰਿਬੋ ਹੁਤੋ ਕਹਾਂ ਅਬਿ ਕਰੈਂ।
ਬਿਨਾ ਨੀਰ ਤੇ ਕਯੋਂਹੁੰ ਨ ਸਰੈ।'
ਤਬਹਿ ਕਪੂਰੇ ਮਸਲਤ ਦੀਨੀ।
'ਇਹ ਕਜਾ ਬਾਤ ਰਿਦੇ ਤੁਮ ਚੀਨੀ ॥੧੬॥
ਜਿਨ ਕੋ ਕਬਰਨ ਮਹਿਂ ਦਫਨਾਹਹੁ।
ਤਿਨ ਕੇ ਸੰਗ ਮਿਲਯੋ ਕਿਮ ਚਾਹਹੁ[2]।
ਗਮਨਹਿ ਸ਼ੀਘ੍ਰ ਜਾਮ ਮਹਿਂ ਜੈ ਹੈਂ[3]।
ਪਹੁੰਚਿ ਨੀਰ ਕੋ ਪ੍ਰਾਪਤ ਹ੍ਵੈ ਹੈਂ ॥੧੭॥
ਸਭਿ ਦਿਨ ਮਹਿਂ ਦਫਨਾਇ ਨ ਜਾਇਂ।
ਦੂਰ ਦੂਰ ਪਰ ਪ੍ਰਾਨ ਗਵਾਇ।
ਨਹਿਂ ਇਕ ਥਲ ਉਠਾਇ ਕਰਿ ਲੈ ਹੈਂ।
ਇਹ ਤੌਂ ਕਾਜ ਨਹੀਂ ਬਨਿ ਐ ਹੈ ॥੧੮॥
ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ।
ਅਭਿਲਾਖਤਿ ਨਿਤ ਰਣ ਕੀ ਲੀਲਾ।
ਸੋ ਭੀ ਨਿਸ਼ਚੈ ਨਾਹਨ ਭਯੋ।
ਕੈ ਰਣ ਹਤਯੋ, ਕਿ ਨਿਕਸੈ ਗਯੋ ॥੧੯॥
ਤਿਨ ਕੀ ਲੋਥ ਨ ਕਿਨਹੂੰ ਪਾਏ।
ਦੂਰ ਦੂਰ ਲਗਿ ਇਤ ਉਤ ਧਾਏ।
ਅਪਨੇ ਪ੍ਰਾਨ ਬਚਾਵਨ ਕਰੀਅਹਿ।
ਹਟਹੁ ਪਿਛਾਰੀ ਮਗ ਚਲਿ ਪਰੀਯਹਿ ॥੨੦॥
ਜੇਤਿਕ ਸ਼ਸਤ੍ਰ ਉਤਾਰੇ ਜਾਹਿਂ।
ਕਹੁ ਆਇਸੁ ਲੇ ਲਸ਼ਕਰ ਤਾਂਹਿਂ[4]।

---

[1]ਭਾਵ ਦਫਨਾਵਨ ਦਾ ਕੰਮ।
[2]ਭਾਵ ਜੀਉਂਦਿਆਂ ਨੂੰ ਕਿਉਂ ਮਾਰਨਾ ਚਾਹੁੰਦੇ ਹੋ।
[3]ਜੇ ਛੇਤੀ ਟੁਰੇ ਜਾਣ ਤਾਂ ਪਹਿਰ ਵਿਚ ਪੁੱਜਣਗੇ।
[4]ਲਸ਼ਕਰ ਨੂੰ ਆਗਜਾ ਦਿਓ ਜੋ ਉਨ੍ਹਾਂ (ਸ਼ਸਤ੍ਰਾਂ) ਨੂੰ ਲੈ ਲੈਣ।

ਗਾਡੇ ਬੀਚ[1] ਕਹਾਂ ਹੁਇ ਜਾਇ।
ਪਰੇ ਧਰਾ ਪਰ ਹੀ ਸਮੁਦਾਇ ॥੨੧॥
ਫਤੇ ਮਹਾਨ ਲੀਨ ਜਸੁਵਾਰੀ[2]।
ਭਲੋ ਹਟਨ ਹੀ ਲਖਹੁ ਪਿਛਾਰੀ।
ਮਰੇ ਸੁ ਮਰੇ ਭਿਸਤ ਕੋ ਗਏ।
ਨਿਮਕ ਹਲਾਲ ਪ੍ਰਾਨ ਰਨ ਦਏ ॥੨੨॥
ਜੇ ਨਬਾਬ ਜੀ! ਇਮ ਨ ਕਰੈਹੈਂ।
ਬਿਨ ਮਾਰੇ ਸਭਿ ਹਮ ਮਰਿ ਜੈ ਹੈਂ[*]।'
ਸੁਨਤਿ ਵਜ਼ੀਦ ਖ਼ਾਨ ਮਨ ਮਾਨੀ।
'ਸਾਚ ਕਪੂਰੇ ਬਾਤ ਬਖਾਨੀ ॥੨੩॥
ਅਹੈ ਚੌਧਰੀ ਦਾਨਸ਼ੰਵਦਾ।
ਹਮਰੇ ਹਿਤ ਕੀ ਨੀਤਿ ਭਨੰਦਾ[3]।'
ਇਮ ਕਹਿ ਬਾਗ ਤੁਰੰਗਮ ਫੇਰੀ।
ਚਲ੍ਯੋ ਸ਼ੀਘ੍ਰ ਕਰਿ ਸਭਿ ਕੋ ਪ੍ਰੇਰੀ ॥੨੪॥
ਮ੍ਰਿਤੁ ਤੌ ਤਜੇ ਹੁਤੇ ਤਿਸ ਠੌਰਾ[4]।
ਘਾਯਲ ਕਹੁ ਭੀ ਛੋਰਤਿ ਦੌਰਾ।
ਬਿਨ ਜਲ ਤੇ ਤਰਫਤਿ ਬਹੁ ਮਰੇ।
ਬਿਨ ਸਮਰਥ ਰਣ ਥਲ ਜੇ ਪਰੇ[5] ॥੨੫॥
ਹਰਖਤਿ ਰਿਦੇ ਬਿਚਾਰਤਿ ਜਾਤਾ।
-ਅਬਿ ਕੇ ਸ੍ਰੀ ਗੁਰ ਕੀਨਸਿ ਘਾਤਾ।
ਜਿਨ ਲਾਖਹੁਂ ਲਸ਼ਕਰ ਚਢਵਾਏ[6]।
ਹਤਿ ਜਹਾਨ ਮਹਿਂ ਸ਼ੋਕ ਉਪਾਏ ॥੨੬॥
ਚਿਰੰਕਾਲ ਲਗਿ ਰਾਖਿ ਲਰਾਈ।
ਮਾਰਨ ਮਰਨ ਕੀਨਿ ਸਮੁਦਾਈ।
ਪੂਰਬ ਲਰ੍ਯੋ ਪਹਾਰਨ ਮਹਿਂ ਜਬਿ।

---

[1]ਧਰਤੀ ਵਿਚ ਗੱਡਿਆਂ।
[2]ਜਸ ਵਾਲੀ।
[*]ਜਾਪਦਾ ਐਉਂ ਹੈ ਕਿ ਇਹ ਦਲ ਬੀ ਇਸ ਆਸ ਵਿਚ ਸੀ ਕਿ ਖਿਦਰਾਣੇ ਦੇ ਛੰਭ ਵਿਚ ਜਲ ਮਿਲੇਗਾ। ਜੰਗ ਮਗਰੋਂ ਤਾਲ ਸੁੱਕਾ ਵੇਖਕੇ ਨਵਾਬ ਘਬਰਾਯਾ ਹੋਇਆ ਹੈ ਤੇ ਕਪੂਰੇ ਨੂੰ ਦਾਉ ਲੱਭਾ ਹੈ ਨਬਾਬ ਨੂੰ ਹੋਰ ਘਬਰਾ ਕੇ ਵਾਪਸ ਮੋੜਨ ਦਾ, ਜੋ ਹੋਰ ਪਿੱਛਾ ਸਤਿਗੁਰ ਜੀ ਦਾ ਨਾ ਕਰੇ ਤੇ ਗੁਰੂ ਜੀ ਸਲਾਮਤ ਅੱਗੇ ਨਿਕਲ ਜਾਣ।
[3]ਕਹਿੰਦਾ ਹੈ।
[4]ਮੁਰਦੇ ਤਾਂ ਓਥੇ ਵੱਡੇ ਹੀ ਸਨ।
[5](ਤੁਰਨ ਦੀ) ਤਾਕਤ ਤੋਂ ਬਿਨਾਂ ਹੋਏ ਜੋ ਰਣ ਥਲ ਵਿਚ ਪਏ ਹੋਏ ਸਨ।
[6](ਬਾਦਸ਼ਾਹ ਦੇ) ਲੱਖਾਂ ਲਸ਼ਕਰ ਚਢਾਏ ਹੋਏ।

ਘਾਤ ਹੋਨਿ ਤੇ ਲਰਤਿ ਬਚ੍ਯੋ ਤਬਿ ॥੨੭॥
ਅਰੁ ਅਰਿ ਰਹ੍ਯੋ ਜੰਗ ਮੁਖ ਤੋਰ[1]।
ਗਯੋ ਸਭਿਨਿ ਤੇ ਕਰਿ ਕਰਿ ਜੋਰ।
ਸੁਨਹੁ ਕਪੂਰਾ ਆਨੰਦਪੁਰਿ ਮੈਂ।
ਰਚ੍ਯੋ ਜੰਗ ਕਰਿ ਆਨੰਦ ਉਰ ਮੈਂ ॥੨੮॥
ਬਾਈ ਧਾਰ ਰਹੇ ਝਖ ਮਾਰਿ।
ਸਕਲ ਹਰਾਏ ਜੰਗ ਮਝਾਰ।
ਆਦਿ ਕੇਸਰੀ ਚੰਦ ਗਿਰੇਸ਼।
ਮਾਰੇ ਬਲ ਕਰਿ ਜੁੱਧ ਵਿਸੇਸ਼ ॥੨੯॥
ਸੋ ਇਸ ਸਮੇਂ ਮਾਰ ਕਰਿ ਲੀਨਿ।
ਫਤੇ ਖੁਦਾਇ ਹਮਹਿ ਕੋ ਦੀਨਿ।
ਭੀਮ ਚੰਦ ਤੇ ਆਦਿ ਪਹਾਰੀ।
ਜਿਸ ਤੇ ਬਡੇ ਤ੍ਰਾਸ ਕੋ ਧਾਰੀ ॥੩੦॥
ਕਰੀ ਪੁਕਾਰ ਸ਼ਾਹੁ ਕੇ ਆਗੇ।
ਤੀਨ ਲਾਖ ਦਲ ਲੇ ਕਰਿ ਭਾਗੇ।
ਹਜ਼ਰਤ ਸੁਨਤਿ ਕੋਪ ਕੋ ਦਾਰਾ।
ਜਿਤ ਕਿਤ ਤੇ ਪਠਿ ਲਸ਼ਕਰ ਭਾਰਾ ॥੩੧॥
ਜ਼ਬਰਦਸਤ ਹਮ ਸਹਤਿ ਚਢਾਏ।
ਕਈ ਲਾਖ ਸੈਨਾ ਉਮਡਾਏ।
ਆਨੰਦਪੁਰਿ ਕੋ ਚਹੁੰਦਿਸ਼ਿ ਘੇਰਾ।
ਨਿਕਸਿ ਵਹਿਰ ਕਰਿ ਜੰਗ ਬਡੇਰਾ ॥੩੨॥
ਨਹੀਂ ਸ਼ਿਕਸਤ ਕਿਤਹੁੰ ਤੇ ਖਾਈ।
ਬਾਨ ਪ੍ਰਹਾਰੇ ਕੋਸ ਅਢਾਈ।
ਅਸ ਗੁਰ ਬਡੋ ਬਹਾਦਰ ਚੀਨਿ।
ਸੋ ਅਬਿ ਮਾਰਿ ਫਤੇ ਹਮ ਲੀਨਿ ॥੩੩॥
ਨਿਕਸ੍ਯੋ ਪੁਨ ਅਨੰਦਪੁਰਿ ਛੋਰਾ।
ਆਵਨ ਲਾਗਿ ਸੁ ਜੰਗਲ ਓਰਾ।
ਸਗਰੋ ਲਸ਼ਕਰ ਪਰ੍ਯੋ ਪਿਛਾਰੀ।
ਤੁਰਕਾਨਾ ਹਤਿ ਪੰਥ ਮਝਾਰੀ ॥੩੪॥
ਰੋਪਰ ਲਗਿ ਬਚਾਇ ਸਭਿ ਲ੍ਯਾਏ[2]।

---

[1]ਅਤੇ ਅੜਿਆ ਰਿਹਾ ਜੰਗ ਵਿਚ। ਸਿਰਤੋੜ। (ਅ) ਅਤੇ ਅੜਿਆ ਰਿਹਾ, ਜੰਗ ਦਾ ਮੂੰਹ ਮੋੜ ਦਿੱਤੋਸੁ।
[2]ਸਾਰੇ (ਪਰਵਾਰ ਨੂੰ) ਬਚਾ ਲਿਆਏ।

ਆਗੇ ਕਿਤਿਕ ਕੋਸ ਉਲੰਘਾਏ।
ਤਹਿਂ ਦਸ ਲਾਖ ਸੁਭਟ ਪਿਖਿ ਲਯੋ।
ਆਗੇ ਪਾਛੇ ਥਲ ਰੁਕਿ ਗਯੋ ॥੩੫॥
ਨਿਕਟ ਬਿਲੋਕਿ ਦੁਰਗ ਚਮਕੌਰ।
ਭਯੋ ਮਵਾਸੀ ਦ੍ਰਿੜ੍ਹ ਤਿਸ ਠੌਰ।
ਸੋ ਗੁਰ ਅਬਹਿ ਮਾਰ ਕਰਿ ਲੀਨਿ।
ਫਤੇ ਖੁਦਾਇ ਹਮਹੁਂ ਕੋ ਦੀਨਿ ॥੩੬॥
ਪੁਨ ਚਮਕੌਰ ਘਨੋ ਰਣ ਘਾਲਾ।
ਮਾਰੇ ਤੀਖਨ ਤੀਰ ਕਰਾਲਾ।
ਸੁਨਹੁ ਚੌਧਰੀ! ਲੋਥਨ ਢੇਰ।
ਮਾਰਿ ਕਰੇ ਗਢ ਕੇ ਚਹੁਂ ਫੇਰ ॥੩੭॥
ਛੁਧਾਵੰਤਿ ਚਾਲੀ ਨਰ ਸੰਗ।
ਕਈ ਲਾਖ ਸੋਂ ਕੀਨਸਿ ਜੰਗ।
ਲਸ਼ਕਰ ਕੇ ਨਰ ਮੂਠੀ ਖਾਕ।
ਭਰਿ ਇਕ ਮਾਰਹਿਂ ਗਢ ਕੋ ਤਾਕਿ[1] ॥੩੮॥
ਤੌ ਪੂਰਣ ਕਰਿ ਦੇਤਿ ਦਬਾਇ।
ਕਿਸ ਮਹਿਂ ਸ਼ਕਤਿ ਜਿ ਰਹਿ ਅਟਕਾਇ।
ਨਿਕਟ ਨ ਕੋਈ ਪਹੁਂਚਨ ਦੀਨਿ।
ਅਤਿਸ਼ੈ ਡਰ ਸਭਿ ਕੇ ਮਨ ਕੀਨਿ ॥੩੯॥
ਖ੍ਵਾਜ ਮਰਦ ਸੇ ਡਰਿ ਡਰਿ ਦਬਕੇ।
ਰਹੇ ਦੂਰ ਉਰ ਤ੍ਰਾਸਤਿ ਸਭਿ ਕੇ।
ਅਤਿਸ਼ੈ ਸੰਘਨ ਘੇਰਾ[2] ਪਾਯੋ।
ਨਿਕਸਿ ਗਯੋ ਨਹਿਂ ਕਿਨ ਦਰਸਾਯੋ ॥੪੦॥
ਉਚ ਕੋ ਪੀਰ ਬੇਖ ਤਨ ਧਾਰਾ।
ਸਨੇ ਸਨੇ ਮਗ ਬੀਚ ਪਧਾਰਾ।
ਅਨਿਕ ਜਤਨ ਤੇ ਪਾਇ ਨ ਜੋਊ[3]।
ਰਣ ਕਰਿ ਮਾਰਿ ਲੀਨਿ ਹਮ ਸੋਊ ॥੪੧॥
ਜਿਸ ਕੋ ਹਜ਼ਰਤ ਨਿਸ ਦਿਨ ਕਾਂਖਜੋ।
ਗਹਿ ਲੀਜੈ ਕੈ ਮਾਰਨ ਭਾਖਜੋ।

---
[1]ਤੱਕ ਕੇ।
[2]ਸੰਘਣਾ ਘੇਰਾ (ਤੁਰਕਾਂ ਨੇ)।
[3]ਜੋ ਨਹੀਂ ਸੀ ਹੱਥ ਆਏ।

ਚਿੰਤਾ ਬਸਿ ਹੁਇ ਲਿਖਿ ਬਹੁ ਬਾਰੀ*।
ਫਤੇ ਖੁਦਾਇ ਦੀਨਿ ਲਿਯ ਮਾਰੀ' ॥੪੨॥
ਇੱਤਜਾਦਿਕ ਹਰਖਤਿ ਬਹੁ ਬਾਤ।
ਕਰਤਿ ਕਪੂਰੇ ਸੋਂ ਮਗ ਜਾਤਿ+।
ਜਲ ਸਥਾਨ ਪਿਖਿ ਘਾਲਜੋ ਡੇਰਾ।
ਬਿਨ ਜਾਨੇ ਜੜ ਮੁਦਤਿ ਬਡੇਰਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਸਰ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋਂ ਅੰਸ ॥੧੧॥

---

*ਇਥੋਂ ਤੇ ਹੋਰ ਐਸੀਆਂ ਪਿੱਛੇ ਆਈਆਂ ਥਾਵਾਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਮੁੱਢ ਤੋਂ ਸਾਰਾ ਫਸਾਦ ਔਰੰਗਜ਼ੇਬ ਦਾ ਸੀ। ਕਦੇ ਰਾਜੇ ਤੇ ਤੁਰਕ, ਪਰ ਪੁਤਲੀ ਨਚਾਵਨਹਾਰ ਉਹੋ ਸੀ।

+ਚੌਧਰੀ ਕਪੂਰੇ ਨੇ ਨਵਾਬ ਦੇ ਇਸ ਨਿਸ਼ਚੇ ਨੂੰ ਕਿ ਗੁਰੂ ਜੀ ਇਥੇ ਮਾਰੇ ਗਏ ਹਨ, ਹਿਲਾਉਣ ਦਾ ਜਤਨ ਨਹੀਂ ਕੀਤਾ, ਕਿਉਂਕਿ ਉਸ ਦਾ ਪ੍ਰਯੋਜਨ ਉਸ ਨੂੰ ਪਿਛੇ ਮੋੜ ਲਿਜਾਣ ਦਾ ਪੂਰਾ ਹੋ ਰਿਹਾ ਸੀ।

## ੧੨. [ਗੁਰੂ ਜੀ ਦੀਆਂ ਬਖ਼ਸ਼ਿਸ਼ਾਂ। ਮਹਾਂ ਸਿੰਘ ਨੂੰ ਵਰ]

੧੧<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੩

ਦੋਹਰਾ: ++ਤੁਰਕ ਸ਼ੀਘ੍ਰਤਾ ਕਰਿ ਮੁਰੇ,
ਮੁਖ ਕਰਿ ਪੂਰਬ ਓਰ।
ਟਿੱਬੀ ਤੇ ਸਤਿਗੁਰ ਤੁਰਤ,
ਪਹੁੰਚਤਿ ਭੇ ਰਣ ਠੌਰ ॥੧॥
ਚੌਪਈ: ਕਰਤਿ ਸ਼ੀਘ੍ਰਤਾ ਸਰ ਪਰ ਆਏ।
ਉਤਰੇ ਤਜਿ ਤੁਰੰਗ ਸਹਿਸਾਏ।
ਜੇ ਜੇ ਮਰੇ ਦੇਖਿ ਤਿਨ ਮੁਖ ਕੋ।
ਬਖ਼ਸ਼ਨ ਲਗੇ ਲੋਕ ਜੁਗ ਸੁਖ ਕੋ[1] ॥੨॥
'ਬੀਸ ਹਜ਼ਾਰੀ' 'ਤੀਸ ਹਜ਼ਾਰੀ।'
'ਇਸ ਕੀ ਹੁਇ ਲਾਖਨ ਸਰਦਾਰੀ।'
'ਇਤਨੇ ਕਦਮ ਅੱਗ੍ਰ ਚਲਿ ਏਹ।
ਤਿਤੀ ਅਧਿਕਤਾ ਸੁਖ ਕੀ ਲੇਹਿ' ॥੩॥
'ਹੋਇ ਪ੍ਰਿਥੀਪਤਿ ਭੋਗਹਿ ਰਾਜੂ।
ਬਿਲਸਹਿ ਐਸ਼੍ਵਰਜ ਪੁੰਜ ਸਮਾਜੂ।'
'ਜਸ ਜਸ ਕਰਿ ਪੁਰਸ਼ਾਰਥ ਮਰੇ।
ਤਸ ਤਸ ਬਡ ਪ੍ਰਤਾਪ ਕੋ ਧਰੇ ॥੪॥
ਪੁਨ ਪ੍ਰਲੋਕ ਸੁਖ ਬਿਲਸਹਿਂ ਜਾਈ।
ਮਮ ਹਿਤ ਪ੍ਰਾਨ ਦੀਏ ਇਨ ਆਈ।'
ਕਰਹਿਂ ਪ੍ਰੇਮ ਬੈਠਹਿਂ ਤਿਨ ਤੀਰ।
ਕਹੈਂ ਪ੍ਰਸੰਸਾ 'ਇਹ ਮਮ ਬੀਰ[2]' ॥੫॥
ਗਹਿ ਕਰ ਮਹਿਂ ਜਾਮੇ ਕੋ ਪਾਲਾ[3]*।
ਪੌਂਛਹਿਂ ਮੁਖ ਧਰਿ ਪ੍ਰੀਤ ਬਿਸਾਲਾ।
ਜਥਾ ਪੁੱਤ੍ਰ ਕੋ ਪਿਤਾ ਨਿਹਾਰਹਿ।
ਪੌਂਛਤਿ ਅੰਗਨ ਗੁਨਨਿ[4] ਉਚਾਰਹਿਂ ॥੬॥
ਅੱਸ਼੍ਰੁਪਾਤ ਲੋਚਨ ਤੇ ਡਾਰਹਿਂ।

---
++ਇਹ ਮੁਕਤਸਰ ਯੁੱਧ ਦੀ ਸਾਖੀ ਬੀ ਸਾਖੀਆਂ ਵਾਲੀ ਪੋਥੀ ਦੀ ਹੈ, ਪਰ ਉਥੇ ਬਹੁਤ ਸੰਖੇਪ ਹੈ।
[1]ਦੋਹਾਂ ਲੋਕਾਂ ਦੇ ਸੁਖ।
[2]ਇਹ ਮੇਰਾ ਸੂਰਮਾ ਹੈ।
[3]ਆਪਣੇ ਜਾਮੇ ਦਾ ਪੱਲਾ ਹੱਥ ਵਿਚ ਫੜਕੇ।
*ਧੰਨ ਸਤਿਗੁਰ ਜੀ ਹੈਨ, ਸਦਕੇ ਇਸ ਪਿਆਰ ਦੇ।
[4]ਗੁਣਾਂ ਨੂੰ।

ਪੁਨ ਦੂਸਰ ਕੇ ਪਾਸ ਪਧਾਰਹਿਂ।
ਬਰ ਕੋ ਦੇਤਿ ਗਰਦ ਕੋ ਝਾਰਹਿਂ।
ਇਤਿ ਉਤ ਬਿਚਰਤਿ ਸਿੰਘ ਨਿਹਾਰਹਿਂ ॥੭॥
ਚੱਤ੍ਵਾਰਿੰਸ[1] ਬਿਖੈ ਇਕ ਜੀਵਤਿ।
ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤਿ।
ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ।
ਬੈਠਿ ਗਏ ਤਹਿਂ ਅੰਤਰਜਾਮੀ ॥੮॥
ਮੰਦ ਮੰਦ ਬਹਿ ਜਿਸ ਕੋ ਸ੍ਵਾਸਾ।
ਲਰ੍ਯੋ ਬਹੁਤ ਰਿਪੁ ਕਰੇ ਬਿਨਾਸ਼ਾ।
ਪੁੰਜ ਘਾਵ ਤਨ ਮਹਿਂ ਲਗ ਰਹੇ।
-ਦੇਹਿਂ ਦਰਸ ਗੁਰ- ਚਿਤ ਮਹਿਂ ਚਹੇ ॥੯॥
ਬੈਠਿ ਨਾਥ ਕਰ ਕਮਲ ਸਪਰਸ਼ਾ।
ਦੀਨਸਿ ਅੱਪ੍ਰਮੇਯ ਉਰ ਹਰਸ਼ਾ[2]।
'ਮਹਾਂ ਸਿੰਘ! ਅਬਿ ਨੈਨ ਉਘਾਰਹੁ।
ਚਹਤਿ ਦਰਸ ਚਿਤ, ਨਿਕਟ ਨਿਹਾਰਹੁ ॥੧੦॥
ਤੁਝ ਪਰ ਹਮ ਪ੍ਰਸੰਨ ਬਹੁ ਅਹੈਂ।
ਸੋ ਅਬਿ ਦੇਹਿਂ ਚਹੈਂ ਜਿਸ ਲਹੈਂ[3]।'
ਘਨ ਸੁਰ ਸਮਸਰ ਗਿਰਾ ਗਹੀਰ[4]।
ਸੁਨਿ ਕਰਿ ਦਰਸ਼ਨ ਹੇਰਿ ਸੁ ਤੀਰ ॥੧੧॥
ਮੁੰਦ੍ਰਿਤਿ ਲੋਚਨ ਤੁਰਤ ਉਘਾਰੇ।
ਅੰਤ ਸਮੈਂ ਪਿਖਿ ਕਰਿ ਨਿਜ ਪਜਾਰੇ।
ਅਤੁਲਤ[5] ਮੋਦ ਰਿਦੇ ਹੁਇ ਆਯੋ।
ਜਨੁ ਬਡ ਰੋਗੀ ਅੰਮ੍ਰਿਤ ਪਾਯੋ ॥੧੨॥
ਪੁਨ ਗੁਰ ਭਨ੍ਯੋਂ 'ਮਾਂਗ ਸਿੰਘ ਮੇਰੇ!
ਜਿਸ ਪ੍ਰਕਾਰ ਕੀ ਬਾਂਛਾ ਤੇਰੇ।
ਵਸਤੁ ਅਦੇਯ ਨਹੀਂ ਅਸ ਕੋਈ।
ਤੁਵ ਜਾਚੇ ਤੇ ਦੇਂਯ ਨ ਜੋਈ ॥੧੩॥
ਜਗ ਸਭਿ ਰਾਜ ਸਹਿਤ ਸੁਖ ਜੇਤੇ।

---

[1]ਚਾਲੀਹਾਂ ਵਿਚ।
[2]ਬਹੁਤਾ ਦਿਲ ਦਾ ਖੁਸ਼ਾ। [ਸੰਸ:, ਅਪ੍ਰਮੇਯ=ਅਤੁਲਵਾਂ]।
[3]ਜੋ ਲੈਣਾ ਚਾਹੇਂ।
[4]ਬੱਦਲ ਦੇ ਸੁਰ ਵਾਂਙੂ ਗੰਭੀਰ ਬਾਣੀ।
[5]ਬਹੁਤਾ।

ਜਾਚਨ ਕਰੇ ਦੇਉਂ ਅਬਿ ਤੇਤੇ।
ਮੁਕਤਿ ਚਤੁਰਧਾ[1] ਅਹੈਂ ਪ੍ਰਲੋਕ।
ਜਾਚਿ ਲੇਹੁ ਪਜਾਰੇ ! ਬਿਨ ਸ਼ੋਕ ॥੧੪॥
ਇਸ ਤੇ ਅਪਰ ਵਸਤੁ ਕੁਛ ਨਾਂਹੀ।
ਜੋ ਨਹਿਂ ਦੇਇ ਸਕਹੁਂ ਤੁਝ ਪਾਹੀ।'
ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ।
'ਪ੍ਰਭੁ ਜੀ! ਅਬਿ ਨ ਰਹੀ ਅਭਿਲਾਖਾ ॥੧੫॥
ਅੰਤ ਸਮੈਂ ਪਿਖਿ ਦਰਸ ਤੁਹਾਰਾ।
ਉਪਜਯੋ ਰਿਦੇ ਅਨੰਦ ਉਦਾਰਾ।
ਸਕਲ ਬਾਸ਼ਨਾ ਪੂਰਨ ਕਰੀ।
ਰਾਵਰ ਕੀ ਮੂਰਤਿ ਉਰ ਧਰੀ' ॥੧੬॥
ਸ਼੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹਯੋ।
'ਤੁਮਰੋ ਕਰਮ ਸੁ ਉੱਤਮ ਲਹਯੋ।
ਕਰਹੁ ਜਾਚਨਾ ਅਬਹਿ ਜ਼ਰੂਰਿ।
ਜਿਸ ਬਿਧਿ ਕੀ ਬਾਂਛਾ ਉਰ ਭੂਰ ॥੧੭॥
ਜੀਵਨ ਅਪਨੋ ਜੇ ਅਭਿਲਾਖਹਿਂ।
ਕਰਹਿਂ ਜਿਵਾਵਨ ਪ੍ਰਾਨਹਿਂ ਰਾਖਹਿਂ।
ਜਾਨਿ ਲਿਹੋ ਅਸ ਖੁਸ਼ੀ ਹਮਾਰੀ।
ਹਿਤ ਦੇਵਨ ਕੇ ਚੌਂਪ ਉਦਾਰੀ ॥੧੮॥
ਬਚਨ ਨ ਫੇਰਹੁ, ਮਾਨਹੁਂ ਕਹਯੋ।
ਜਾਚਿ ਲੇਹੁ ਜੈਸੇ ਚਿਤ ਚਹਯੋ।
ਦੇ ਕਰਿ ਹਮ ਅਨੰਦ ਕੋ ਮਾਨਹਿਂ।
ਯਾਂ ਤੇ ਬਾਰਹਿ ਬਾਰ ਬਖਾਨਹਿਂ ॥੧੯॥
ਬਖਸ਼ਿਸ਼ ਬਖਸ਼ਹਿਂ ਤੁਮਹਿਂ ਨ ਜਾਵਦ*।
ਨਹਿਂ ਆਨੰਦ ਹਮਰੇ ਹੁਇ ਤਾਵਦ।'
ਮਹਾਂ ਸਿੰਘ ਸੁਨਿ ਰਿਦੇ ਬਿਚਾਰੀ।
-ਪ੍ਰਭੁ ਕੈ ਉਪਜੀ ਖੁਸ਼ੀ ਉਦਾਰੀ ॥੨੦॥
ਲਿਖਿ ਕਰਿ ਗਏ ਬਿਦਾਵਾ ਜੋਇ।
ਇਸ ਛਿਨ ਨਹੀਂ ਕੋਪ ਮਨ ਸੋਇ।
ਸਗਰੇ ਦੇਸ਼ ਕੁਕਰਮ ਕਮਾਵਾ।

---

[1]ਚਾਰ ਤਰ੍ਹਾਂ ਦੀ ਮੁਕਤ।
*ਸਦਕੇ ਇਸ ਬਿਰਦ ਦੇ, ਧੰਨ ਗੁਰੂ !

ਸਤਿਗੁਰ ਤਜਾਗੇ ਤ੍ਰਾਸ ਉਪਾਵਾ ॥੨੧॥
ਜਿਸ ਕੇ ਵਾਕ ਤਨਕ ਹੀ ਕਹੇ।
ਨਰਕ ਕਿ ਸੁਰਗ ਤੁਰਤ ਹੀ ਲਹੇ।
ਸੂਕੇ ਭਰੇ ਭਰੇ ਸ਼ੁਸ਼ਕਾਵੈਂ।
ਕਬਹੂੰ ਕਹਜੋ ਨਿਫਲ ਨਹਿਂ ਜਾਵੈ ॥੨੨॥
ਅਸ ਸਮਰਥ ਤਜਿ ਕਰਿ ਗੋਸਾਈਂ।
ਰਣਿ ਲਰਿਬੇ ਤੇ ਉਰ ਭਰਮਾਈ।
ਹੋਇਂ ਭਵਿੱਖਤ ਮਹਿ ਨਰ ਜੇਤੇ।
ਇਸ ਕ੍ਰਿਤ ਕੋ ਦੁਖ ਪੈਂਹੇ ਤੇਤੇ ॥੨੩॥
ਬੁਰਾ ਦੇਸ਼ ਸਗਰੇ ਕਾ ਭਯੋ।
ਕਰਿ ਮੂਰਖ ਮਤਿ ਜੋ ਲਿਖਿ ਦਯੋ।
ਪਰਉਪਕਾਰ ਮਹਾਤਮ ਮਹਾਂ।
ਸੁਨਜੋ ਸੰਤ ਜਨ ਤੇ ਜਹਿਂ ਕਹਾਂ ॥੨੪॥
[1]ਇਕ ਪਰ ਕਰੇ ਅਧਿਕ ਕੱਲਜਾਨ।
ਬਨਹਿ ਦੇਸ਼ ਪਰ ਫਲਹਿ ਮਹਾਨ[1]।
ਲਾਖਹੁਂ ਸਿੱਖ ਗੁਰੂ ਕੋ ਹੋਇਂ।
ਭੋਗਹਿਂ ਰਾਜ ਧਰਾ ਪਰ ਸੋਇ ॥੨੫॥
ਸਭਿ ਪਰ ਮੁਰ ਹੋਵੈ ਉਪਕਾਰਾ।
ਇਸ ਸੋਂ ਅਧਿਕ ਨ ਅਪਰ ਬਿਚਾਰਾ।
ਸੋ ਕਾਗਦ ਅਬਿ ਪਾਰਨ ਕਰੈਂ।
ਸਭਿ ਸਿੱਖਨਿ ਕੋ ਗੁਰੂ ਸੰਭਰੈਂ ॥੨੬॥
ਇਹ ਜਾਚੌਂ ਮੈਂ- ਭਲੇ ਬਿਚਾਰਾ।
ਮਹਾਂ ਸਿੰਘ ਗੁਰ ਸੰਗ ਉਚਾਰਾ।
'ਮੱਦ੍ਰ ਦੇਸ਼ ਕੀ[2] ਸੰਗਤਿ ਹੁੱਟੀ।
ਪ੍ਰਭੁ ਜੀ ਰਾਵਰ ਕੇ ਸੰਗ ਟੁੱਟੀ ॥੨੭॥
ਬਰ ਦੈਬੇ ਜੇ ਮੁਝ ਇਛ ਧਾਰੀ।
ਤੌਂ ਕਰਿ ਕਰੁਨਾ ਮੇਲਹੁ ਸਾਰੀ।
ਸੋ ਸਿਖ ਹੋਹਿਂ ਗੁਰੂ ਤੁਮ ਰਹੋ।
ਸ਼੍ਰੀ ਮੁਖ ਤੇ ਅਬਿ ਇਹੁ ਬਰ ਕਹੋ' ॥੨੮॥

---

[1]ਭਾਵ ਇਕ ਪੁਰਖ ਉਪਰ ਉਪਕਾਰ ਕਰਨ ਤੇ ਬੜੀ ਕਲਜਾਨ ਹੁੰਦੀ ਹੈ ਪ੍ਰੰਤੂ ਇਹ ਉਪਕਾਰ ਤਾਂ ਦੇਸ਼ ਪਰ ਬਣੇਗਾ ਸੋ ਬਹੁਤਾ ਫਲੇਗਾ।
[2]ਮਾਝੇ ਦੀ।

ਪ੍ਰਭੁ ਬੋਲੇ 'ਟੂਟੀ ਸੁ ਨਿਖੁੱਟੀ[1]।
ਕਯੋਂ ਮੇਲਹੁ ਤਿਹ ਜੋ ਡਰਿ ਹੁੱਟੀ[2]।
ਅਪਨੇ ਹਿਤ ਜਾਚਹੁ ਕੁਛ ਔਰੀ।
ਦਿਉਂ ਤਤਕਾਲ ਖੁਸ਼ੀ ਲਖਿ ਮੋਰੀ' ॥੨੯॥
ਮਹਾਂ ਸਿੰਘ ਕਰ ਜੋਰਿ ਉਚਾਰੇ।
'ਪਾਤਿਸ਼ਾਹੁ ਸੁਤ ਸੇਵਕ ਸਾਰੇ।
ਭੂਲਹਿਂ ਬਹੁ ਅਪਰਾਧ ਕਮਾਵੈਂ।
ਤਊ ਪਿਤਾ ਮਨ ਕੋਪ ਨ ਲਯਾਵੈਂ ॥੩੦॥
ਅਪਨੋ ਜਾਨਿ ਬਖਸ਼ ਤਿਸ ਦੇਤਿ।
ਦੇ ਸਿੱਖਯਾ ਪੁਨ ਕਰੈਂ ਸੁਚੇਤ।
ਜੋ ਮੁਝ ਕੌ ਦੈਬੌ ਬਰ ਚਹੋ।
-ਟੂਟੀ ਮੇਲ ਲੇਹੁਂ ਬਚ ਕਹੋ ॥੩੧॥
ਇਸ ਬਿਨ ਇੱਛਾ ਮੋਹਿ ਨ ਔਰ।
ਦੇਹੁ ਆਪ ਸੋਢੀ ਸਿਰਮੌਰ!'
ਸਾਹਿਬ ਸੁਨੇ ਅਜਾਇਬ ਬੈਨ।
ਭਰੇ ਅਨੰਦ ਪ੍ਰਫੁੱਲਿਤ ਨੈਨ ॥੩੨॥
'ਵਾਹੁ ਖਾਲਸਾ! ਸਿਖ ਮਮ ਧੰਨ।
ਪਰਉਪਕਾਰਿ ਮਹਾਂ ਮਨ ਮੰਨ।
ਤੇਰੇ ਕਹੇ ਮੇਲ ਹਮ ਲਏ।
ਰਾਜ ਭਾਗ ਤਿਸ ਦੇਸ਼ਹਿਂ ਦਏ ॥੩੩॥
'ਪ੍ਰਭੁ ਜੀ ਕਾਗਦ ਲੇਹੁ ਨਿਕਾਰਾ।
ਹਮਰੋ ਲਿਖਯੋ ਜੇਬ ਜੋ ਡਾਰਾ।
ਮਮ ਦਿਖਾਇ ਸੋ ਦੀਜੈ ਫਾਰਿ।
ਸਫਲ ਹੋਇ ਮੇਰੋ ਉਪਕਾਰ' ॥੩੪॥
ਸੁਨਿ ਸਤਿਗੁਰ ਤਤਕਾਲ ਨਿਕਾਸਾ।
ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ।
'ਲਿਹੁ ਬਿਲੋਕਿ ਪਾੜਹਿਂ ਦਿਖਰਾਇ।'
ਇਮ ਕਹਿ ਚੀਰਯੋ ਬੀਚ ਬਨਾਇ ॥੩੫॥
ਹੇਰਤਿ ਹਰਖਮਾਨ ਉਰ ਹੋਵਾ।
'ਕਾਗਦ ਫਟਯੋ ਦਰਸ ਗੁਰ ਜੋਵਾ।

---
[1]ਜੋ ਸਿੱਖੀ ਟੁੱਟੀ ਸੋ ਨਿਖੁੱਟ ਗਈ।
[2]ਡਰ ਕਰਕੇ ਹਟ ਗਈ।

ਆਇਸੁ ਦੇਹੁ ਪ੍ਰਲੋਕ ਸਿਧਾਵੌਂ।
ਦਰਸ਼ਨ ਕਰਤਿ ਅਧਿਕ ਫਲ ਪਾਵੌਂ' ॥੩੬॥
'ਜਾਹੁ ਮਹਾਂ ਸਿੰਘ! ਜਹਿਂ ਮਮ ਲੋਕ।
ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।
ਦੇ ਕਰਿ ਪ੍ਰਾਨ ਕੀਨ ਉਪਕਾਰ।
ਤਿਸ ਕੋ ਫਲ ਤੁਹਿ ਭਯੋ ਅਪਾਰ' ॥੩੭॥
ਸਤਿਗੁਰ ਬਚਨ ਹੋਤਿ ਭਾ ਜਬੈ।
ਮਹਾਂ ਸਿੰਘ ਤਨ ਤਜਾਗਯੋ ਤਬੈ।
ਪ੍ਰਭੁ ਪਿਖਿ ਇਤ ਉਤ ਝਾੜ ਉਜਾੜ।
ਬੋਲੇ ਸ਼੍ਰੀ ਮੁਖ 'ਸੁਨਹੁਂ ਬਿਰਾੜ! ॥੩੮॥
ਚਾਲੀ ਸਿੰਘਨਿ ਲੋਥ ਉਠਾਵੋ।
ਈਂਧਨ ਗਨ ਬਟੋਰ ਕਰਿ ਲਜਾਵੋ।
ਇਕ ਥਲ ਦੀਰਘ ਚਿਤਾ ਬਨਾਵਹੁ।
ਸਸਕਾਰਹੁ ਸਭਿ ਬਿਲਮ ਨ ਲਾਵਹੁ' ॥੩੯॥
ਜੇ ਸੰਗੀ, ਸੁਨਿ ਕੈ ਤਤਕਾਲਾ।
ਸੂਕੇ ਕਾਸ਼ਟ ਸੰਚਿ ਬਿਸਾਲਾ।
ਬੀਨ ਬੀਨ ਸਿੰਘਨ ਕਹੁ ਆਨਾ।
ਪਰਜੋ ਸਮੂਹ ਮਰਜੋ ਤੁਰਕਾਨਾ ॥੪੦॥
ਲਰੇ ਮਰੇ ਮਿਲਿ ਤਿਨ ਮਹੁਂ ਪਰੇ।
ਜਹਿਂ ਸੰਗ੍ਰਾਮ ਖੇਤ ਬਡ ਕਰੇ।
ਬਹੁ ਸਿੰਘਨ ਤਤਕਾਲ ਉਠਾਏ।
ਬਡੀ ਚਿਤਾ ਕੇ ਬੀਚ ਟਿਕਾਏ ॥੪੧॥
ਊਪਰ ਸਮਧਾ ਧਰਿ ਸਮੁਦਾਈ।
ਕਰਿ ਅਗਨੀ ਪਰਜ੍ਵਲਤਿ ਲਗਾਈ।
ਆਪ ਖਰੇ ਸਤਿਗੁਰ ਤਹਿਂ ਭਏ।
ਭਸਮ ਦੇਹ ਸਗਰੇ ਕਰਿ ਦਏ ॥੪੨॥
ਮਹਿਮਾ ਅਧਿਕ ਸਰੋਵਰ ਕੇਰੀ।
ਸ਼੍ਰੀ ਮੁਖ ਤੇ ਬਰਨੀ ਬਹੁਤੇਰੀ।
'ਜਹਿਂ ਰਿਖਿ ਏਕ ਸਾਧ ਤਪੁ ਮਰੈ[1]।
-ਪੁੰਨ ਸਥਾਨ ਤਾਂਹਿ ਜਗ ਰਰੈ- ॥੪੩॥
ਇਸ ਥਾਨ ਸਿੰਘ ਸਿਦਕ ਬਹੁ ਬਡੇ।

[1]ਤਪ ਸਾਧ ਕੇ ਮਰੇ।

ਲਰਿ ਤੁਰਕਨਿ ਮਨ ਤਨ ਸਭਿ ਛਡੇ।
ਮਕ੍ਰ ਸੰਕਰਖਣ ਅਰਕੀ ਹੋਇ[1]।
ਆਨ ਸ਼ਨਾਨਹਿ ਜੇ ਨਰ ਕੋਇ ॥੪੪॥
ਮਨੋਕਾਮਨਾ ਪ੍ਰਾਪਤਿ ਸੋਊ।
ਪਾਪ ਕਰੇ ਗਨ ਬਯ ਸਭਿ ਖੋਊ।
ਬੰਦਹਿ ਗੰਜ ਸ਼ਹੀਦਨ ਕੇਰਾ[2]।
ਧਨ ਦੇਵਹਿ, ਨਿਤ ਵਧਹਿ ਵਧੇਰਾ ॥੪੫॥
ਅਬਿ ਤੇ ਨਾਮ ਮੁਕਤਿਸਰ ਹੋਇ।
ਖਿਦਰਾਣਾ ਇਸ ਕਹੈ ਨ ਕੋਇ।
ਇਸ ਥਲ ਮੁਕਤਿ ਭਏ ਸਿਖ ਚਾਲੀ।
ਜੋ ਨਿਸ਼ਪਾਪ ਘਾਲ ਬਹੁ ਘਾਲੀ ॥੪੬॥
ਯਾਂ ਤੇ ਨਾਮ ਮੁਕਤਿਸਰ ਹੋਵਾ।
ਜੋ ਮੱਜਹਿਂ ਤਿਨ ਹੀ ਅਘ ਖੋਵਾ।'
ਅਸ ਮਹਿੰਮਾ ਸ਼੍ਰੀ ਮੁਖ ਤੇ ਕਹੀ।
ਸੋ ਅਬਿ ਪ੍ਰਗਟ ਜਗਤ ਮੈਂ ਸਹੀ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਿਸਰ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

---

[1]ਮਕਰ (ਰਾਸ਼ੀ ਵਿਚ) ਸੂਰਜ ਹੋਵੇ (ਅਰਥਾਤ) ਮਾਘ ਦੀ ਸੰਗ੍ਰਾਂਦ ਜਿਸ ਦਿਨ ਹੋਵੇ, [ਮਕਰ=ਮਕਰ, ਰਾਸ਼ੀ। ਅਰਕੀ=ਸੂਰਜ। ਸੰਕਰਖਣ ਤੋਂ ਮੁਰਾਦ ਸੰਕ੍ਰਖ਼ਣ=ਸੰਕ੍ਰਾਂਤ ਦੀ ਹੈ]। (ਅ) (ਜਦੋਂ) ਮਕਰ (ਰਾਸ਼ੀ ਵਿਚ) ਸੂਰਜ ਪਰਵੇਸ਼ ਕਰੇ। [ਸੰਕਰਖਣ=ਭਲੀ ਪ੍ਰਕਾਰ ਖਿੱਚੇ ਜਾਣਾ ਭਾਵ ਪਰਵੇਸ਼ ਕਰਨਾ]।

[2]ਸ਼ਹੀਦਗੰਜ ਨੂੰ ਜੋ ਨਮਸਕਾਰ ਕਰੇਗਾ।

## ੧੩. [ਮਾਈ ਭਾਗੋ। ਚਿਰਜੀਵੀ ਨੂੰ ਤਾਰਨਾ]

੧੨<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੪

ਦੋਹਰਾ: ਦਾਹ ਕਰੇ ਸਿਖ ਖਰੇ ਗੁਰ, ਏਕ ਸਿੰਘ ਤਬਿ ਆਇ।
ਹਾਥ ਜੋਰਿ ਬੋਲਤਿ ਭਯੋ 'ਨਾਰਿ* ਪਰੀ ਇਕ ਥਾਇਂ ॥੧॥

ਚੌਪਈ: ਲਖਿਯਤਿ ਲਰੀ ਸੰਗ ਤੁਰਕਾਨੇ।
ਕੇਤਿਕ ਘਾਉ ਲਗੇ ਤਨ ਜਾਨੇ।
ਰਹੀ ਜੀਵਤੀ ਬਿਹਬਲ ਨਾਂਹੀ।
ਸ੍ਰੀ ਪ੍ਰਭੁ ਆਪ ਦੇਖੀਅਹਿ ਤਾਂਹੀ' ॥੨॥
ਸੁਨਿ ਗੁਰ ਮੰਦ ਮੰਦ ਮੁਸਕਾਏ।
ਗਮਨੇ ਤਹਿਂ ਸਿਖ ਕਰਿ ਅਗਵਾਏ।
ਝਾਰਨ ਬੀਚ ਪਰੀ ਪਟ ਫੱਟੇ।
ਕੇਤਿਕ ਸ਼ਸਤ੍ਰ ਲਗੇ ਪਲ ਕੱਟੇ[1] ॥੩॥
ਜਾਇ ਖਰੇ ਸਤਿਗੁਰੂ ਨਿਹਾਰੀ।
ਸ੍ਰੀ ਮੁਖ ਤੇ ਮੁਸਕਾਇ ਉਚਾਰੀ।
'ਪੁੱਤਾਂ ਕਾਰਣ ਆਈਅਹਿ ਪੀਰੀ[2]।
ਸੁੱਥਣ ਲਾਹਿ ਲਈ ਬੇਪੀਰੀ*' ॥੪॥
ਇਮ ਕਹਿ ਕਰੁਨਾ ਦ੍ਰਿਸ਼ਟਿ ਨਿਹਾਰੀ।
ਤਨ ਘਾਵਨ ਕੀ ਪੀਰ ਬਿਦਾਰੀ?
'ਉਠਿ ਤੂੰ ਚਲੀਅਹਿ ਸੰਗ ਹਮਾਰੇ।

---

*ਇਹ ਮਾਈ ਭਾਗੋ ਸੀ ਜਿਸ ਦਾ ਕੁਝ ਹਾਲ ਕਵੀ ਜੀ ਅੱਗੇ ਇਸੇ ਐਨ ਦੇ ਅੰਸੂ ੨੨ ਵਿਖੇ ਲਿਖਦੇ ਹਨ ਤੇ ਨਾਮ ਵੀ ਉਥੇ ਦੱਸ ਦਿੱਤਾ ਨੇ ਤੇ ਪਿੱਛੇ ਅੰਸੂ ੧੧ ਦੇ ਅੰਕ ੧ ਵਿਚ ਵੀ ਦੱਸ ਆਏ ਹਨ। ਇਹ ਸਾਖੀ ਸਾਖੀ ਪੋਥੀ ਦੀ ਹੈ।

[1]ਮਾਸ ਕੱਟਿਆ ਹੈ।

[2]ਪੀਰਾਂ (ਗੁਰਾਂ) ਪਾਸ ਪੁੱਤਾਂ ਲਈ ਆਈ ਸੀ।

*ਭਾਵ, ਪੁੱਤ ਹੋਵੇ ਮੇਰੇ ਘਰ, ਇਸ ਗੱਲ ਦੀ ਅਸੀਸ ਲੈਣ ਲਈ ਗੁਰਾਂ ਪਾਸ ਆਈ ਸੈਂ ਪਰ ਤੂੰ ਇਸ ਪੀੜਾ ਤੋਂ ਬੇਪੀੜ ਹੋਕੇ (ਸੁੱਥਣ ਲਾਹਕੇ) ਭਾਵ ਜ਼ਨਾਨਾ ਵੇਸ ਛੱਡਕੇ ਮਰਦਾਨਾ ਵੇਸ ਕਰ ਲਿਆ (ਲੜਾਈ ਕਰਨ ਲਈ)। ਪਰੰਤੂ ਜਾਪਦਾ ਹੈ ਕਿ ਸ਼ੁਧ ਪਾਠ ਐਉਂ ਸੀ:-'ਸੈਹਥਿ ਲਾਇ ਲਈ ਬੇਪੀਰੀ। ' ਅਰਥਾਤ ਪੀੜਾਂ ਤੋਂ ਬੇਪੀੜ ਹੋਕੇ ਤੈਂ ਬਰਛਾ ਧਾਰਨ ਕਰ ਲਿਆ। ਇਸ ਜੰਗ ਵਿਚ ਮਾਈ ਨੇ ਤੁਰਕ ਬਹੁਤੇ ਮਾਰੇ ਸੇ, ਸੋ ਬਰਛਾ ਹੁਣ ਤਕ ਹਜ਼ੂਰ ਸਾਹਿਬ ਪਿਆ ਹੈ। ਅੰਕ ੮ ਵਿਚ ਮਾਈ ਆਪਣੇ ਹੱਥ ਵਿਚ ਸਾਂਗ ਦਾ ਆਪ ਪਤਾ ਦੇ ਰਹੀ ਹੈ, ਸਾਂਗ ਇਕ ਤਰ੍ਹਾਂ ਦੀ ਬਰਛੀ ਦਾ ਹੀ ਨਾਮ ਹੈ। ਗਜਾਨੀ ਬੇਪੀਰੀ ਦਾ ਅਰਥ 'ਬੇਪੀਰੇ ਦੁਸ਼ਮਨਾਂ ਨੂੰ ਮਾਰਨ ਲਈ ਸੁੱਥਣ ਲਾਹਕੇ ਕਛ ਧਾਰਨ ਕਰ ਲਈ' ਬੀ ਕਰਦੇ ਹਨ। ਅਸਲ ਗੱਲ ਇਹ ਸੀ ਕਿ ਮਾਈ ਭਾਗੋ ਇਸ ਵੇਲੇ ਮਰਦਾਵੇਂ ਵੇਸ ਵਿਚ ਲੜ ਰਹੀ ਸੀ। ਵੇਸ ਉਤਾਰਕੇ ਨਗਨ ਰਹਿਣ ਦੀ ਹਾਲਤ ਅਗੇ ਆਵੇਗੀ, ਜਦੋਂ ਉਹ ਗਜਾਤ ਗੇਯ ਹੋਕੇ ਆਤਮ ਉਨਮੱਤਤਾ ਵਿਚ ਚਲੀ ਗਈ, ਪਰ ਮਿਰਯਾਦਾ ਪੁਰਸ਼ੋਤਮ ਸਤਿਗੁਰੂ ਨੇ ਉਸ ਨੂੰ ਫਿਰ ਬਸਤ੍ਰ ਪਹਿਰਵਾਏ। ਦੇਖੋ ਅਗੇ ਅੰਸੂ ੨੨ ਅੰਕ ੩੬ ਤੋਂ ੪੧। ਇਹ ਪ੍ਰਸੰਗ ਗੁਰਬਿਲਾਸ, ਮਹਿੰਮਾ ਪ੍ਰਕਾਸ਼ ਤੇ ਗੁਰ ਸ਼ੋਭਾ ਵਿਖੇ ਨਹੀਂ ਹੈ। ਸਾਖੀ: ਪੋਥੀ ਵਿਚ ਪਾਠ ਮਿਲਦਾ ਹੈ 'ਸੁਥਣ ਲਾਹ ਲਈ ਫਕੀਰੀ' ਜਿਸ ਦਾ ਅਰਥ ਹੈ ਕਿ ਆਈ ਤਾਂ ਪੁਤ ਲੈਣ ਸੀ, ਪਰ ਮਰਦਾਨਾ ਵੇਸ ਫਕੀਰੀ ਦਾ ਧਾਰਨ ਕਰ ਲਿਆ।

ਚਹੈਂ ਮਨਰੋਥ ਪੁਰਵੈਂ ਸਾਰੇ' ॥੫॥
ਸੁਨਿ ਕਰਿ ਉਠੀ ਬੰਦਨਾ ਠਾਨੀ।
ਅਧਿਕ ਅਨੰਦਤਿ ਗਿਰਾ ਬਖਾਨੀ।
'ਜਬਿ ਮਾਝੇ ਤੇ ਸਿਖ ਗਨ ਚਲੇ।
ਰਾਵਰ ਕੇ ਦਰਸ਼ਨ ਹਿਤ ਮਿਲੇ ॥੬॥
ਤਬਿ ਮੈਂ ਸੁਤ ਕੀ ਧਰਿ ਉਰ ਆਸਾ।
ਪਹੁੰਚੀ ਆਇ ਤੁਮਾਰੇ ਪਾਸਾ।
ਇਹਾਂ ਲਰਨ ਕੋ ਕਾਰਨ ਹੇਰਾ।
ਗੁਰ ਹਿਤ ਉਮਕਯੋ ਹੀਯ ਘਨੇਰਾ ॥੭॥
ਮਿਲਿ ਸਿੰਘਨ ਕੇ ਸੰਗ ਇਥਾਈਂ।
ਤੁਰਕਨ ਸਾਥ ਮਚਾਇ ਲਰਾਈ।
ਹੁਤੀ ਸਾਂਗ ਗਰਵੀ ਕਰ ਮੇਰੇ।
ਦੁਸ਼ਮਨ ਆਨਿ ਢੁਕਯੋ ਜਬਿ ਨੇਰੇ ॥੮॥
ਬਲ ਤੇ ਹਤੀ ਪਰੋਵਨ ਕੀਨਾ।
ਐਂਚਿ ਤੁਰੰਗ ਤੇ ਡਾਰਿ ਸੁ ਦੀਨਾ।
ਅਪਰ ਆਨਿ ਕੈ[1] ਖੈਂਚਿ ਕ੍ਰਿਪਾਨ।
ਇਕ ਦੁਇ ਵਾਰ ਕਰੇ ਬਲ ਠਾਨਿ ॥੯॥
ਰਾਵਰਿ ਦੇ ਕਰਿ ਹਾਥ ਬਚਾਈ।
ਅਬਿ ਬਾਂਛਾ ਮੁਝ ਰਹੀ ਨ ਕਾਈ।
ਸਤਿਗੁਰ ਸੰਗ ਰਹੌਂ ਨਿਤ ਅਬੈ।
ਜਗਤ ਕਾਨ ਕੀ ਲਜ ਤਜਿ ਸਬੈ' ॥੧੦॥
ਬਿਕਸੇ ਸਤਿਗੁਰ ਬਾਕ ਉਚਾਰਾ।
'ਭਲੋ ਮਨੋਰਥ ਤੈਂ ਉਰ ਧਾਰਾ।
ਜਨਮ ਮਰਨ ਤੇ ਅਬਿ ਛੁਟਿ ਜੈਹੈਂ।
ਲੋਕ ਲਾਜ ਕੋ ਤਜਾਗਨ ਕੈਹੈਂ' ॥੧੧॥
ਇਸ ਪ੍ਰਕਾਰ ਕਰਿ ਕੈ ਕ੍ਰਿਤ ਸਾਰੀ।
ਮਹਾਂ ਸਿੰਘ ਕੀ ਬਾਤ ਚਿਤਾਰੀ[2]।
-ਕੀਨੋ ਮਹਾਂ ਸਿੰਘ ਉਪਕਾਰਾ।
ਅਪਰ ਨ ਲੀਨਸਿ[3] ਰਹੇ ਉਚਾਰਾ ॥੧੨॥

---

[1]ਹੋਰ ਨੇ ਆਨਕੇ (ਮੇਰੇ ਪਰ)।
[2]ਗੁਰੂ ਜੀ ਨੇ।
[3]ਹੋਰ (ਕੁਛ) ਨਾ ਲਿਆ।

ਮੇਲ ਲਈ ਟੂਟੀ ਸਭਿ ਸੰਗਤਿ।
ਭਏ ਪ੍ਰਵੇਸ਼ ਗੁਰੂ ਕੀ ਪੰਗਤ-।
ਸੰਗੀ ਸਭਿਨਿ ਸੁਨਾਇ ਬਖਾਨਾ।
'ਭਲੋ ਕਾਜ ਕੀਨਸਿ ਹਿਤ ਠਾਨਾ ॥੧੩॥
ਗੁਰ ਸਿੱਖੀ ਕੀ ਬਡ ਬੁਨਿਆਦ।
ਬਿਗਰੀ ਗਈ ਹੁਤੀ ਸੋ ਬਾਦ।
ਬਹੁਰ ਮਿਲਿਨ ਕੋ ਵਖਤ ਨ ਕੋਈ।
ਪ੍ਰਾਨ ਦੇਨਿ ਲੌਂ ਕਬਿ ਕ੍ਰਿਤ ਹੋਈ[1] ॥੧੪॥
ਪੁਨ ਐਸੋ ਹੋਵਨਿ ਉਪਕਾਰੀ।
ਤਜਿ ਨਿਜ ਹਿਤ ਇਹ ਬਾਤ ਸੁਧਾਰੀ।
ਗੁਰ ਸਿੱਖੀ ਰੱਖੀ ਤਿਸ ਦੇਸ਼ੂ।
ਹੁਤੇ ਕਦੀਮੀ ਸਿੱਖ ਅਸ਼ੇਸ਼ੂ ॥੧੫॥
ਸ਼੍ਰੀ ਗੁਰੁ ਨਾਨਕ ਆਦਿਕ ਔਰ।
ਬਿਚਰੇ ਬਸੇ ਅਧਿਕ ਤਿਸ ਠੌਰ[2]।
ਸਹੇ ਨਹੀਂ ਕਸਵੱਟੀ ਅਬਿ ਕੀ।
ਖਾਰਜ ਸਿੱਖੀ ਕੀਨਸਿ ਤਬਿ ਕੀ ॥੧੬॥
ਮਹਾਂ ਸਿੰਘ ਬਨਿ ਮਹਾਂ ਸਿੰਘ ਅਬਿ[3]।
ਬਰ ਲੈ ਦੇਸ਼ ਉਧਾਰ ਦਯੋ ਸਬਿ।'
ਇਮ ਸ਼੍ਰੀ ਪ੍ਰਭੁ ਬਹੁ ਬਾਰ ਉਚਾਰੀ।
ਟੂਟੀ ਮੇਲਨ ਬਾਤ ਚਿਤਾਰੀ ॥੧੭॥
ਭੂਤ ਭਵਿੱਖ ਵਿਚਾਰ ਪ੍ਰਸੰਗ।
ਭਏ ਅਨੰਦ ਪ੍ਰਭੂ ਸਰਬੰਗ।
ਖਾਨਾ[4] ਗਯੋ ਕਪੂਰੇ ਪਾਸ।
ਗੁਰ ਕੀ ਗਤਿ ਨਹਿਂ ਕਰੀ ਪ੍ਰਕਾਸ਼ ॥੧੮॥
ਤੂਸ਼ਨ ਹੀ ਲਸ਼ਕਰ ਮਹਿਂ ਰਹੈ।
ਬਿਦਤਹਿ ਗੁਰੂ ਆਪ ਹੀ ਲਹੈ[5]।
ਥਲ ਜਲ ਹੀਨ ਜਾਨਿ ਗੁਨ ਖਾਨੀ।
ਚਲਿਬੇ ਹੇਤੁ ਚਹਯੋ ਅਗੁਵਾਨੀ ॥੧੯॥

---

[1]ਪ੍ਰਾਨ ਤਜਾਗਣ ਤਕ ਦੀ ਕਾਰ ਕਦ ਹੋਣੀ ਸੀ।
[2]ਭਾਵ ਮਾਝੇ ਵਿਚ।
[3]ਵੱਡਾ ਸੂਰਮਾ ਬਣਕੇ।
[4]ਚੌਧਰੀ ਕਪੂਰੇ ਦਾ ਆਦਮੀ ਜੋ ਗੁਰੂ ਜੀ ਦੇ ਨਾਲ 'ਮੁਰੱਖਾ' ਹੋਕੇ ਆਯਾ ਸੀ।
[5]ਜਦ ਗੁਰੂ ਜੀ ਪ੍ਰਗਟ (ਤੁਰਕ ਲਸ਼ਕਰ) ਹੋਣਗੇ ਆਪ ਹੀ ਜਾਣ ਲਏਗਾ।

ਰਾਖੇ ਚਾਕਰ ਜੇ ਬੈਰਾੜ।
'ਚਲਹੁ ਅੱਗ੍ਰ ਤੁਮ ਪਿਖੀ ਉਜਾੜ।
ਨਿਰਮਲ ਜਲ ਕੋ ਥਲ ਜਿਤ ਪਾਵਹੁ।
ਚਲਹੁ ਸ਼ੀਘ੍ਰ ਤਹਿਂ ਸਿਵਰ ਟਿਕਾਵਹੁ' ॥੨੦॥
*ਇਮ ਕਹਿ ਤੋਰਿ ਤੁਰੰਗਮ ਚਲੇ।
ਇਕ ਸਰਾਇ ਹੇਰੀ ਥਲ ਭਲੇ।
ਤਹੀਂ ਸਰੋਵਰ ਸੁੰਦਰ ਹੇਰਾ।
ਤਿਸ ਕੇ ਤੀਰ ਕਰਯੋ ਗੁਰ ਡੇਰਾ ॥੨੧॥
ਜਹਿਂ ਕਹਿਂ ਉਤਰਿ ਤੁਰੰਗ ਲਗਾਏ।
ਤ੍ਰਿਣ ਕਾਸ਼ਟ ਇਕਠੇ ਕਰਿਵਾਏ।
ਬਿਚਰਤਿ ਭਏ ਸਿੰਘ ਜਹਿਂ ਕਹਾਂ।
ਏਕ ਸਾਧ ਕੋ ਆਸ਼੍ਰਮ ਤਹਾਂ ॥੨੨॥
ਬੂਝਨਿ ਲਗਯੋ ਸੇਵਕਨਿ ਸੋਈ।
'ਪਰਲੇ ਤੀਰ ਤਾਲ ਕੇ ਹੋਈ।
ਉਤਰਯੋ ਕੌਨ ਬੋਲ ਸੁਨੀਅੰਤੇ?
ਕਿਤ ਤੇ ਆਇ ਕਹਾਂ ਗਮਨੰਤੇ?' ॥੨੩॥
ਤਿਸ ਕੇ ਦਾਸਨ ਦਯੋ ਬਤਾਈ।
'ਗੁਰੂ ਮਰੇਲਾ ਉਤਰਯੋ ਆਈ[1]।
ਤੁਰਕਨਿ ਸੰਗ ਜੰਗ ਕਰਿ ਭਾਰੇ।
ਕੇਤੀ ਬਾਰ ਹਜ਼ਾਰਹੁਂ ਗਾਰੇ' ॥੨੪॥
ਸੁਨਤਿ ਸਾਧ ਬੂਝਨ ਲਗਿ ਫੇਰੀ।
'ਆਰਬਲਾ ਕੇਤੀ ਗੁਰ ਕੇਰੀ?
ਕੇਤਿਕ ਸਿਖ ਸੇਵਕ ਹੈਂ ਸੰਗ?
ਉਤਰਯੋ ਆਨ ਕਰਤਿ ਹੀ ਜੰਗ' ॥੨੫॥
ਤਹਾਂ ਸਿੰਘ ਸੋ ਬਿਚਰਤਿ ਗਏ।
ਬੂਝੀ ਬਾਤ ਬਤਾਵਤ ਭਏ।
'ਬਰਸ ਤੀਸ ਤੇ ਊਪਰ ਚਰੇ।
ਚਾਲੀ ਸੰਮਤ ਕੇ ਲਖਿ ਤਰੇ[2]' ॥੨੬॥

---

*ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

[1](ਤੁਰਕਾਂ ਦੇ) ਮਾਰਨ ਵਾਲਾ ਗੁਰੂ। ਮੁਸਲਮਾਨਾਂ ਨੇ ਨਫਰਤ ਨਾਲ ਦਸਮੇ ਸਤਿਗੁਰੂ ਜੀ ਦਾ ਇਹ ਨਾਮ ਧਰਿਆ ਸੀ। ਭਾਈ ਅੱਡਨ ਜੀ ਦੀਆਂ ਸਾਖੀਆਂ ਵਿਚ ਬੀ ਇਹ ਪਦ ਮੁਸਲਮਾਨਾਂ ਵਲੋਂ ਗੁਰੂ ਜੀ ਦੀ ਸ਼ਾਨ ਵਿਚ ਵਰਤੀਂਦਾ ਆਯਾ ਹੈ।

[2]ਹੇਠਾਂ।

ਸੁਨਤਿ ਸਾਧ ਤਰਕਤਿ ਕਹਿ ਬੈਨਾ।
'ਤਿਸ ਗੁਰ ਤੇ ਹਮ ਨੇ ਕਯਾ ਲੈਨਾ।
ਸਧੀ ਸਾਧਨਾ ਹੋਇ ਨ ਕੋਈ।
ਸ਼ਾਂਤਿ ਸਮੇਤ ਨਹੀਂ ਚਿਤ ਹੋਈ' ॥੨੭॥
ਤਿਸ ਕੋ ਕਹ੍ਯੋ ਸਿੰਘ ਸੁਨਿ ਆਏ।
ਤਰਕ ਰਿਦੇ ਕਰਕਤਿ ਖੁਨਸਾਏ[1]।
ਮਿਲੇ ਆਨਿ ਜਬਿ ਸਤਿਗੁਰ ਪਾਸ।
ਕਹੀ ਸਾਧ ਕੀ ਕਰੀ ਪ੍ਰਕਾਸ਼ ॥੨੮॥
ਸੁਨਿ ਗੁਰ ਕਹ੍ਯੋ 'ਸਾਧ ਬਹੁ ਦਿਨ ਕੋ।
ਆਰਬਲਾ ਗੁਮਾਨ ਬਹੁ ਮਨ ਕੋ।'
ਕਿਤਿਕ ਚੇਲਕਾ ਤਿਸ ਕੇ ਆਇ[2]।
-ਦਰਸ਼ਨ ਕਰਹਿਂ- ਥਿਰੇ ਤਿਸ ਥਾਂਇ ॥੨੯॥
ਤਬਿ ਸਿੱਖਨਿ ਬੂਝ੍ਯੋ ਪ੍ਰਭੁ ਸਾਥ।
'ਬੈਸ ਸਾਧ ਕੀ ਕੇਤਿਕ ਨਾਥ!
ਜਿਸ ਕੋ ਕਰਿ ਗੁਮਾਨ ਬਹੁ ਰਹ੍ਯੋ।
ਤਰਕਤਿ ਰਾਵਰ ਕੋ ਬਚ ਕਹ੍ਯੋ' ॥੩੦॥
ਗੁਰ ਕਹਿਂ 'ਪੰਚ ਹਜ਼ਾਰਨ ਬਰਸ।
ਖਟ ਵੀਹਾਂ ਊਪਰ ਭੇ ਸਰਸ[3]।
ਸ੍ਵਾਸ ਟਿਕਾਇ ਸਮਾਧਿ ਲਗਾਵੈ।
ਬੈਸੇ ਸੰਮਤ ਕਿਤਿਕ ਬਿਤਾਵੈ ॥੩੧॥
ਕਬਿ ਕਬਿ ਤਜਨ ਸਮਾਧੀ ਕਰੈ।
ਬੋਲ ਬਿਲੋਕਹਿ ਇਤ ਉਤ ਫਿਰੈ[4]।'
ਸੁਨਤਿ ਚੇਲਕਾ ਬਹੁ ਬਿਸਮਾਏ।
ਅਪਨੇ ਗੁਰੂ ਸਾਧ ਢਿਗ ਆਏ[5] ॥੩੨॥
'ਹੇ ਮਹੰਤ ਜੀ! ਸਿਖ ਸੁਨਿ ਗਏ।
ਤੁਮਰੀ ਕਹੀ ਬਤਾਵਤਿ ਭਏ।
ਬਿਕਸਿ ਬਦਨ ਤੇ ਗੁਰੂ ਬਖਾਨੀ।
-ਆਰਬਲਾ ਕੋ ਸਾਧ ਗੁਮਾਨੀ- ॥੩੩॥

---

[1]ਤਰਕ ਰਿਦੇ ਵਿਚ ਕੜਕਦੀ ਹੈ ਤੇ ਖੁਣਸਦੇ ਹਨ।
[2]ਆਏ (ਗੁਰੂ ਜੀ ਪਾਸ)।
[3]ਪੰਜ ਹਜ਼ਾਰ ਤੇ ਛੇ ਵੀਹਾਂ ਉਪਰ ਵੱਧ ਹਨ ਭਾਵ ੫੧੨੦ ਸਾਲ।
[4]ਬੋਲਦਾ ਹੈ ਦੇਖਦਾ ਹੈ ਤੇ ਫਿਰਦਾ ਟੁਰਦਾ ਹੈ ਇਧਰ ਉਧਰ।
[5]ਆਪਣੇ ਗੁਰੂ ਭਾਵ ਸਾਧ ਪਾਸ ਆਏ।

ਸਿੰਘਨਿ ਬੂਝੀ ਬੈਸ ਤੁਮਾਰੀ।
ਸੋ ਸਗਰੀ ਤਤਕਾਲ ਉਚਾਰੀ।
-ਪੰਜ ਹਜ਼ਾਰ ਛਿਬੀਹਾ ਔਰ[1]-।
ਹਮ ਨੇ ਸੁਨੀ ਹੁਤੇ ਤਿਸ ਠੌਰ' ॥੩੪॥
ਕਹਤਿ ਸਾਧ ਆਚਰਜ ਸਮੇਤੀ।
'ਇਤਿਕ ਬੈਸ ਮਹਿਂ, ਸੋਝੀ ਏਤੀ।
ਸਕਲ ਕਲਾ ਸਮਰਥ ਗੁਰ ਪੂਰਾ।
ਕਰਨ ਉਚਿਤ ਤਿਨ ਦਰਸ਼ਨ ਰੂਰਾ' ॥੩੫॥
ਉਠਯੋ ਤੁਰਤ ਲੇ ਹਾਥ ਸਟੋਰੀ[2]।
ਸਨੇ ਸਨੇ ਗਮਨਯੋਂ ਪ੍ਰਭੁ ਓਰੀ।
ਆਗੈ ਗੁਰ ਕੋ ਲਗਯੋ ਦਿਵਾਨ।
ਕਰਤਿ ਸਿੰਘ ਰਹੁਰਾਸ ਬਖਾਨ ॥੩੬॥
ਨਿਕਟ ਪਹੁੰਚਿ ਕਰਿ ਠਾਂਢੋ ਰਹਯੋ।
ਸ਼੍ਰੀ ਪ੍ਰਭੁ ਤਿਸ ਬਿਲੋਕਿ ਕਰਿ ਕਹਯੋ।
'ਸਾਧੋ ! ਬੈਠਿ ਜਾਹੁ ਕਯੋਂ ਖਰਯੋ।'
ਸੁਨਤਿ ਪ੍ਰਨਾਮ ਗੁਰੂ ਕੋ ਕਰਯੋ ॥੩੭॥
ਬੈਠਿ ਗਯੋ ਸਿੰਘਨਿ ਮਹਿਂ ਮਿਲਿ ਕਰਿ।
ਸੁਨਤਿ ਰਹਯੋ ਰਹਿਰਾਸ ਪ੍ਰੇਮ ਧਰਿ।
ਜਬਿ ਅਰਦਾਸ ਭੋਗ ਪਰਿ ਗਯੋ।
ਸਾਧ ਜੋਰਿ ਕਰ ਉਚਰਤਿ ਭਯੋ ॥੩੮॥
'ਚਰਨ ਕਮਲ ਸੋਂ ਮੋਹਿ ਲਗਾਵਹੁ।
ਸਿੱਖ ਕਰਹੁ ਨਿਜ ਰੂਪ ਬੁਝਾਵਹੁ।
ਤੁਮਰੇ ਦਰਸ਼ਨ ਪਰ ਬਲਿਹਾਰੀ।
ਸਕਲ ਕਲਾ ਸਮਰਥ ਗੁਨ ਭਾਰੀ' ॥੩੯॥
ਬਿਕਸਿ ਬਦਨ ਤੇ ਸ਼੍ਰੀ ਪ੍ਰਭੁ ਕਹੈਂ।
'ਤੂੰ ਤੋ ਆਗੇ ਹੀ ਸਿਖ ਅਹੈਂ।
ਕੈਵਲ[3] ਕੇ ਸਾਧਨ ਬਹੁ ਸਾਧੇ।
ਅਧਿਕ ਸਮਾਧਿ ਅਗਾਧ ਅਰਾਧੇ[4] ॥੪੦॥

---

[1]ਛੇ ਵੀਹਾਂ ਹੋਰ।
[2]ਸੋਟੀ।
[3]ਮੁਕਤੀ। ਯੋਗ ਦਰਸ਼ਨ ਵਿਚ ਵਰਣਨ ਹੋਈ ਮੁਕਤੀ।
[4]ਬਹੁਤ ਸਮਾਧੀਆਂ ਵਿਚ ਅਗਾਧ ਨੂੰ ਅਰਾਧਿਆ ਹੈ।

ਕਰਹੁ ਅਕਾਲ ਪੁਰਖ ਕੋ ਬੰਦਨ।
ਬੰਦਨ ਹੋਵੈਂ ਬੰਧੁ ਨਿਕੰਦਨ[1]।'
ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਹੇਰੀ।
ਰਿਦੈ ਪ੍ਰਕਾਸ਼ ਭਯੋ ਤਿਸ ਬੇਰੀ ॥੪੧॥
ਬਾਰਿ ਬਾਰਿ ਬਾਰਜ ਪਦ[2] ਬੰਦਤਿ।
ਲਖਿ ਗੁਰ ਮਹਿਮਾ ਰਿਦੇ ਅਨੰਦਤਿ।
ਬਹੁਰ ਸਾਧ ਕਹਿ ਸ਼ਰਧਾ ਸੇਤੀ।
'ਏਤਿਕ ਬੈਸ ਰੁ ਸੋਝੀ ਏਤੀ?' ॥੪੨॥
ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ।
'ਤੁਮਹੁਂ ਗੋਦੜਾ ਰਖ੍ਯੋ ਪੁਰਾਨਾ।
[3]ਪੋਸ਼ਿਸ਼ ਨਈ[*] ਜਿਨਹੁਂ ਕਰ ਪਾਵੈ।
ਲੇ ਸੋ ਪਹਿਰਹਿਂ ਅੰਗ ਸੁਹਾਵੈਂ' ॥੪੩॥
ਬੰਦਨ ਕਰਤਿ ਸਾਧ ਥਿਰ ਭਯੋ।
ਤਬਿ ਸਿੰਘਨਿ ਗਨ ਬੂਝਨਿ ਕਯੋ।
'ਤੁਮਰੀ ਬਯ ਮਹਿਂ ਸਮੇ ਘਨੇਰੇ।
ਕਹੋ ਪ੍ਰਸੰਗ ਜਥਾ ਕੇ ਹੇਰੇ' ॥੪੪॥
ਇਕ ਬ੍ਰਿਤੰਤ ਤਬਿ ਸਾਧ ਸੁਨਾਯੋ।
'ਸੁਨਹੁ ਸਮਾ ਜੈਸੇ ਦਰਸਾਯੋ।
ਬਾਸੁਰ ਏਕ ਸਮਾਧਿ ਉਘਾਰੀ।
ਨਹੀਂ ਬਿਲੋਕਤਿ ਭਾ ਨਰ ਨਾਰੀ ॥੪੫॥
ਇਕ ਦੁਇ ਮਜਲ ਗਯੋ ਮੈਂ ਜਬਿਹੂੰ।
ਕੋ ਇਕ ਮਨੁਜ ਨਿਹਾਰ੍ਯੋ ਤਬਿ ਹੂੰ।
ਤਿਨ ਸੋਂ ਬੂਝਨਿ ਕੀਨਿ ਬ੍ਰਿਤੰਤ।
-ਕਹਾਂ ਭਯੋ ਨਰੁ ਨਹੀਂ ਦਿਖੰਤਿ? - ॥੪੬॥
-ਭਾ ਦੁਰਭਿੱਛ ਗਏ ਮਰਿ ਘਨੇ।
ਕੋ ਕੋ ਰਹੇ ਕਿਸੂ ਥਲ ਬਨੇ।
ਦ੍ਵਾਦਸ਼ ਸੰਮਤ ਪਰ੍ਯੋ ਬਿਸਾਲ।

---

[1]ਨਮਸਕਾਰ ਨਾਲ (ਜਨਮ ਮਰਨ) ਦੇ ਬੰਧਨ ਨਾਸ਼ ਹੋਣਗੇ। (ਅ) ਬੰਨ੍ਹਣ ਵਾਲੇ ਬੰਧਨ ਨਿਕੰਦ ਹੋਣਗੇ। (ੲ) ਬੰਧਨ ਟੁੱਟ ਜਾਣਗੇ (ਤੇ ਫਿਰ) ਬੰਦ (ਕੈਦ) ਨਹੀਂ ਹੋਵੇਗੀ।
[2]ਚਰਨ ਕਵਲ।
[3]ਜਿਨ੍ਹਾਂ ਦੇ ਨਵੀਂ ਪੁਸ਼ਾਕ ਹੱਥ ਪਏ ਓਹ ਲੈਕੇ ਪਹਿਰਦੇ ਹਨ (ਅੰਗ=) ਸ਼ਰੀਰ ਸ਼ੋਭਦੇ ਹਨ। ਭਾਵ ਤੂੰ ਪੁਰਾਣੀ ਦੇਹ ਸਾਂਭੀ ਹੋਈ ਹੈ। ਜਿਨ੍ਹਾਂ ਨੂੰ ਨਵੇਂ ਸੁਹਣੇ ਸਰੀਰ ਮਿਲਨ ਓਹ ਪੁਰਾਣਿਆਂ ਨੂੰ ਕੀ ਕਰਨ।
[*]ਪਾ:-ਨਹੀਂ।

ਅਬਿ ਬਰਖਾ ਤੇ ਭਯੋ ਸੁਕਾਲ ॥੪੭॥
ਸਨੇ ਸਨੇ ਨਰ ਪੁਨ ਜਗ ਭਏ-।
ਐਸੇ ਸਮੇ ਬੀਤ ਬਹੁ ਗਏ।
ਕਈ ਬਾਰ ਲਰਿ ਲਰਿ ਬਹੁ ਮਰੇ।
ਕਈ ਬਾਰ ਉਜਰੇ ਬਸ ਪਰੇ ॥੪੮॥
ਕਬਿ ਕੈਸੇ ਕਬਿ ਕੈਸੇ ਸਮੇਂ।
ਜਗ ਮੈਂ ਕਰੇ ਬਿਲੋਕਨ ਹਮੇ।'
ਸੁਨਿ ਗੁਰ ਖੁਸ਼ੀ ਸਾਧ ਪਰ ਕਰੀ।
ਗਰਬਾਦਿਕ ਦੁਬਿਧਾ ਉਰ ਹਰੀ ॥੪੯॥
ਮਸਤਕ ਟੇਕਿ ਆਸ਼੍ਰਮ ਮਹਿਂ ਗਯੋ।
ਖਾਨ ਪਾਨ ਸਤਿਗੁਰ ਤਬਿ ਕਯੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਾਧ ਮਿਲਨ' ਪ੍ਰਸੰਗ ਬਰਨਨੰ ਨਾਮ ਤ੍ਰੌਦਸਮੋ ਅੰਸੂ ॥੧੩॥

## ੧੪. [ਖੇਸ ਦਾ ਭੇਸ। ਡੋਗਰਾਂ ਨੂੰ ਬਖਸ਼ਿਸ਼। ਬਾਜ਼ੀਦਪੁਰ]

੧੩<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੫

ਦੋਹਰਾ: *ਡਾਰਿ ਹਯਨਿ ਪਰ ਜ਼ੀਨ ਤਬਿ,
ਭਏ ਸਤਿਗੁਰੂ ਤਯਾਰ।
ਚੜੇ ਸਿੰਘ ਬੈਰਾੜ ਗਨ,
ਚਲੇ ਉਜਾਰ ਉਜਾਰ ॥੧॥

ਚੌਪਈ: -ਨੌਥੇਹੇ ਜਬਿ ਸ਼੍ਰੀ ਪ੍ਰਭੁ ਗਏ।
ਤਹਿਂ ਕੇ ਨਰ ਗਨ ਆਵਤਿ ਭਏ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ।
'ਆਪ ਚਮੂੰ ਹਜ਼ਰਤ ਕੀ ਮਾਰੀ ॥੨॥
ਇਸ ਥਲ ਕੀਜੈ ਨਹੀਂ ਮੁਕਾਮੂ।
ਉਤਰੋ ਜਾਇ ਆਗਲੇ ਗ੍ਰਾਮੂ।
ਬਿਨਤੀ ਸਹਿਤ ਆਪ ਕੋ ਕਹੈਂ।
ਹਜ਼ਰਤ ਤੇ ਤ੍ਰਾਸਤਿ ਨਿਤ ਰਹੈਂ' ॥੩॥
ਤਿਨ ਪਰ ਕ੍ਰਿਪਾ ਕਰਤਿ ਚਲਿ ਪਰੇ।
ਜਾਇ ਮਜਲ ਸਿਰ[1] ਡੇਰਾ ਕਰੇ।
ਫੱਤੇ ਸੰਮੂ ਗ੍ਰਾਮ ਅਗਾਰੇ।
ਖਰੇ ਤੁਰੰਗ ਕਰਿ ਜ਼ੀਨ ਉਤਾਰੇ ॥੪॥
ਸਹਿਜ ਸੁਭਾਇਕ ਠਾਂਢੇ ਬਿਚਰਤਿ।
ਸਿਵਰ ਲਗੇ ਕੋ ਹੇਰਤਿ ਉਤ ਇਤ।
ਤਿਸ ਛਿਨ ਪੁੰਜ ਹਰੀ ਕੇ[2] ਆਏ।
ਲੁੰਙੀ ਖੇਸ ਭੇਟ ਹਿਤ ਲਯਾਏ ॥੫॥
ਕਰ ਪਰ ਧਰਿ ਕਰਿ ਅੱਗ੍ਰ ਦਿਖਾਈ।
ਕੀਨ ਬੰਦਨਾ ਗ੍ਰੀਵ ਨਿਵਾਈ।
'ਏਹ ਪ੍ਰਭੁ ਜੀ! ਸਭਿ ਗ੍ਰਾਮ ਹਮਾਰੇ+।
ਧੰਨ ਭਾਗ ਭੇ ਦਰਸ ਨਿਹਾਰੇ' ॥੬॥
ਪਿਖਿ ਲੁੰਙੀ ਸਤਿਗੁਰੂ ਉਠਾਈ।
ਕਟ ਤਟ[3] ਕੇ ਲਪੇਟ ਚਹੁੰ ਘਾਈ।

---

*ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।
[1]ਮਜ਼ਲ ਤੇ ਪੁੱਜਕੇ।
[2]ਭਾਵ ਹਰੀ ਕੇ ਗੋਤ ਦੇ ਬਹੁਤੇ ਲੋਕੀ।
+ਪਾ:-ਤੁਮਾਰੇ।
[3]ਲੱਕ ਨਾਲ।

ਬਹੁਰ ਖੇਸ ਕੋ ਖੋਲਿ ਬਿਸਾਲੇ।
ਦ੍ਵੈ ਸਿਕੰਧ ਦ੍ਵੈ ਛੋਰਨਿ ਡਾਲੇ ॥੭॥
ਬੇਸ ਬਨਾਇ ਬੇਸ਼ ਤਿਸ ਦੇਸ਼[੧]।
ਖਰੇ ਭਏ ਗੁਰ ਫਬੇ ਬਿਸ਼ੇਸ਼।
ਮਾਨ ਸਿੰਘ ਸ਼੍ਰੀ ਪ੍ਰਭੁ ਸਨ ਭਨਜੋਂ।
'ਇਹ ਤਨਖਾਹ ਉਚਿਤ ਕ੍ਰਿਤ ਜਨਜੋਂ' ॥੮॥
ਮੁਸਕਾਵਿਤ ਮੁਖ ਸ਼੍ਰੀ ਪ੍ਰਭੁ ਭਨੈਂ।
'ਨਿਤਹਿ ਸੁਚੇਤ ਖਾਲਸਾ ਬਨੈ।'
ਪੁਨ ਗੁਰ ਕਹਜੋ 'ਦੇਸ਼ ਤਸ ਭੇਸ।
ਲੁੰਙੀ ਤੇੜ ਸੁ ਮੋਢੇ ਖੇਸ' ॥੯॥
ਹੇਰਿ ਹਰੀ ਕੇ ਰਾਹਕ ਦਿਸ਼ ਕੋ।
ਕੀਨਿ ਉਚਾਰਨ ਆਇਸੁ ਅਸ ਕੋ।
'ਨਿਸ ਮਹਿਂ ਦਿਸ਼ਿ ਰਹਹੁ ਹਮਾਰੇ।
ਜਾਗ੍ਰਤ ਬਿਚਰਹੁ ਹੋਤਿ ਸਕਾਰੇ ॥੧੦॥
ਸਾਵਧਾਨ ਬਨਿ ਸ਼ਸਤ੍ਰਨਿ ਧਾਰੀ।
ਪਹਿਰਾ ਦੀਜੈ ਜਾਮਨਿ ਸਾਰੀ।'
ਮੱਤ* ਹਰੀ ਕੇ ਸੁਨਤਿ ਵਖਾਨੈਂ[੨]।
'ਇਹਾਂ ਨ ਹਮ ਕਿਸ ਤੇ ਡਰ ਮਾਨੈਂ ॥੧੧॥
ਤੁਮ ਭੀ ਨਹਿਂ ਕੀਜੋ ਚਿਤ ਸ਼ੰਕਾ।
ਸੁਪਤਹੁ ਨਿਸ ਮਹਿਂ ਹੀਨ ਅਤੰਕਾ।'
ਪੁਨ ਗੁਰ ਬੋਲੇ 'ਕਾਰ ਜ਼ਰੂਰ[੩]।
ਪਹਿਰਾ ਦੈਬੋ ਬਨਹਿਂ ਹਜ਼ੂਰ' ॥੧੨॥
ਮੂਢਨਿ ਬਹੁਰ ਨ ਮਾਨਜੋਂ ਬੈਨ।
'ਹਮਰੇ ਗ੍ਰਾਮ ਤ੍ਰਾਸ ਕਿਸ ਹੈ ਨ।
ਸੁਪਤਿ ਜਥਾ ਸੁਖ ਰਾਤਿ ਬਿਤਾਵਹੁ।
ਨਾਹਿਨ ਕੋ ਸ਼ੰਕਾ ਮਨ ਲਜਾਵਹੁ' ॥੧੩॥
ਸੁਨਿ ਸਤਿਗੁਰ ਤਿਨ ਬਾਤ ਬੁਝਾਈ।
'ਹਮਰੇ ਸੰਗ ਸਿੰਘ ਸਮੁਦਾਈ।

---

[੧]ਤਿਸ ਦੇਸ਼ ਦਾ ਸੁਹਣਾ ਵੇਸ ਬਣਾਕੇ।
*ਪਾ:-ਮਹਿਤ।
[੨]ਮਸਤੇ ਹੋਏ ਹਰੀ ਕਿਆਂ ਨੇ ਸੁਣਕੇ ਕਿਹਾ। (ਅ) ਮਤਿ ਹਰੀਕੇ=ਹਰੀ ਮਤ ਵਾਲਿਆਂ ਭਾਵ ਮੂਰਖਾਂ ਨੇ ਕਿਹਾ।
[੩]ਜ਼ਰੂਰੀ ਕੰਮ ਹੈ।

ਹੋਵੈਂ ਸੁੱਖਾ ਛਕਿ ਮਸਤਾਨੇ+।
ਨਹੀਂ ਨਿਸਾ ਮਹਿਂ ਜਾਗ੍ਰਨ ਠਾਨੇਂ ॥੧੪॥
ਜੇ ਚਾਕਰ ਬੈਰਾੜ ਘਨੇਰੇ।
ਰਾਠ ਧਾੜਵੀ ਸਮ ਹਮ ਹੇਰੇ।
ਪ੍ਰੇਮ ਨ ਮਨ ਮਹਿਂ, ਭੈ ਨਹਿਂ ਮਾਨੈ।
ਅਪਨੀ ਇੱਛਾ ਕਾਰਜ ਠਾਨੈਂ' ॥੧੫॥
ਸੁਨਤਿ ਹਰੀ ਕੇ ਗੁਰ ਕੀ ਬਾਤ।
ਮਾਨੀ 'ਪਹਿਰਾ ਦੇਂ ਹਮ ਰਾਤਿ।'
ਮਸਤਕ ਟੇਕਿ ਗਏ ਨਿਜ ਡੇਰੇ।
ਡੋਗਰ[1] ਦਾਸ ਹੁਤੇ ਤਿਨ ਕੇਰੇ ॥੧੬॥
ਤਿਨ ਕੇ ਸਾਥ ਸੁ ਗਿਰਾ ਉਚਾਰੀ।
'ਗੁਰ ਢਿਗ ਪਹੁਂਚਹੁ ਨਿਜ ਨਿਜ ਵਾਰੀ।
ਪਹਿਰਾ ਦੀਜੈ ਜਾਗ੍ਰਤ ਰਹੀਅਹਿ।
ਸਗਰੀ ਨਿਸ ਨਹਿਂ ਨਿੰਦ੍ਰਾ ਲਹੀਅਹਿ' ॥੧੭॥
ਸਤਿਗੁਰ ਕਰਿ ਕੈ ਖਾਨ ਰੁ ਪਾਨ।
ਸਗਲ ਸਿੰਘ ਸੁਪਤੇ ਸੁਖ ਠਾਨਿ।
ਡੋਗਰ ਆਇ ਗੁਰੂ ਢਿਗ ਠਹਿਰੇ।
ਚਹੁਂਦਿਸ਼ਿ ਖਰੇ ਭਏ ਹਿਤ ਪਹਿਰੇ ॥੧੮॥
ਪਹਿਰ ਜਾਮਨੀ ਬੀਤੀ ਜਬੈ।
ਸ਼੍ਰੀ ਮੁਖ ਤੇ ਊਚੇ ਕਹਿ ਤਬੈ।
'ਖਰੋ ਹਰੀ ਕਾ ਜਾਗ੍ਰਤ ਕੋਈ?
ਪਹਿਰਾ ਦੇਨਿ ਆਇ ਕਿ ਨ ਕੋਈ?' ॥੧੯॥
ਕਹਤਿ ਭਏ 'ਹਮ ਡੋਗਰ ਆਏ।
ਹਿਤ ਪਹਿਰੇ ਕੇ ਤਿਨਹੁਂ ਪਠਾਏ।
ਸਭਿ ਜਾਗ੍ਰਤਿ ਹੈਂ ਬਨਿ ਸਵਧਾਨ।

---

+ਇਹ ਕਦੇ ਨਹੀਂ ਹੋ ਸਕਦਾ ਕਿ ਐਸੇ ਕਰੜੇ ਸਮੇਂ ਜਦੋਂ ਕਿ ਅਜੇ ਬੀ ਤੁਰਕ ਦਲ ਦੇ ਅਚਾਨਕ ਆ ਪੈਣ ਦਾ ਅੰਦੇਸ਼ਾ ਹੈ ਸਿੰਘ ਮਸਤਾਨੇ ਹੋ ਜਾਂਦੇ ਹੋਣ, ਨਾਂ ਹੀ ਬੈਰਾੜ-ਚਾਹੋ ਚਾਕਰ ਸਨ-ਪਹਿਰਿਓਂ ਘੁੱਸ ਸਕਦੇ ਸਨ। ਏਹ ਦੋ ਕਾਰਨ ਗੁਰੂ ਜੀ ਦੇ ਕਹੇ ਹੋਏ ਨਹੀਂ ਹੋ ਸਕਦੇ। ਥਕੇ ਹੋਣ ਕਰਕੇ ਖਾਲਸੇ ਦੇ ਆਰਾਮ ਦੀ ਲੋੜ ਚਾਹੋ ਕਾਰਨ ਹੋਵੇ। ਅਸਲ ਬਾਤ ਇਹ ਹੈ ਕਿ ਉਸ ਦੇਸ਼ ਦੇ ਵਾਸੀ ਦੇਸ਼ ਦੇ ਜਾਣੂ ਤੇ ਭੇਤੀ ਹੋਏ ਉਨ੍ਹਾਂ ਦਾ ਪਹਿਰਾ ਵਧੇਰੇ ਸੁਖਦਾਈ ਹੈ। ਤੀਜੇ ਇਸ ਬਹਾਨੇ ਗੁਰੂ ਜੀ ਮੇਹਰ ਕਰੀ ਚਾਹੁੰਦੇ ਸਨ। ਦੇਖੋ ਏਸੇ ਅੰਸੂ ਦਾ ਅੰਕ ੨੧ ਤੇ ੩੦।

[1]ਇਕ ਜਾਤ ਜੋ ਅਕਸਰ ਗੁੱਜਰਾਂ ਦਾ ਕੰਮ ਕਰਦੇ ਹਨ। ਪਿੱਛਾ ਰਜਪੂਤੀ ਹੈ, ਤੇ ਅਕਸਰ ਮੁਸਲਮਾਨ ਹਨ। ਡੋਗਰਾ ਜਾਤ ਇਨ੍ਹਾਂ ਤੋਂ ਵੱਖਰੀ ਹੈ, ਏਹ ਪਹਾੜੀ ਰਾਜਪੂਤ ਹਨ ਤੇ ਹਿੰਦੂ ਹਨ।

ਸੁਪਤਹੁ ਆਪ ਗੁਰੂ ਭਗਵਾਨ!' ॥੨੦॥
ਬਖਸ਼ਿਸ਼ ਕਰਜੋ ਚਹਤ ਹੈਂ ਕੋਈ।
ਭਾਗ ਬਿਨਾ ਕਿਮ ਪ੍ਰਾਪਤਿ ਹੋਈ।
ਆਧੀ ਰਾਤਿ ਬਿਤੀ ਜਬਿ ਜਾਨੀ।
ਊਚੀ ਧੁਨਿ ਤੇ ਪ੍ਰਭੂ ਬਖਾਨੀ ॥੨੧॥
'ਆਇ ਕਿ ਨਹੀਂ ਹਰੀ ਕਾ ਕੋਈ?
ਹਿਤ ਸੋਝੀ ਲੈਬੇ ਇਤ ਸੋਈ[1]।'
'ਹਮ ਡੋਗਰ ਠਾਢੇ ਤਿਨ ਦਾਸ।
ਪਹਿਰਾ ਦੇਤਿ ਜਾਗਤੇ ਪਾਸ ॥੨੨॥
ਸੋ ਨਿਸ ਬਿਖੈ ਹੋਤਿ ਮਦ ਪਾਨੀ।
ਸੁਪਤੇ ਸਦਨ ਬਿਖੈ ਸੁਖ ਠਾਨੀ।
ਦਾਸ ਤਿਨਹੁਂ ਕੇ ਤਥਾ ਤੁਮਾਰੇ।
ਹਮ ਸਵਧਾਨ ਖਰੇ ਅਬਿ ਸਾਰੇ' ॥੨੩॥
ਪੁਨ ਤੂਸ਼ਨਿ ਹੁਇ ਰਾਤਿ ਬਿਤਾਈ।
ਜਾਮ ਰਹੀ ਜਬਿ ਕਹਜੋ ਗੁਸਾਈਂ।
'ਆਇ ਕਿ ਨਹੀਂ ਹਰੀ ਕਾ ਅਬੈ।
ਲੈਬੇ ਹਿਤ ਪਹਿਰੇ ਸੁਧਿ ਸਬੈ' ॥੨੪॥
ਪੁਨ ਡੋਗਰ ਬੋਲੇ 'ਹਮ ਅਹੈਂ।
ਪਹਿਰਾ ਦੇਂ, ਸਵਧਾਨੀ ਰਹੈਂ।
ਇਸ ਛਿਨ ਕੌਨ ਹਰੀ ਕਾ ਆਵੈ।
ਪੀ ਪੀ ਮਦ ਘਰ ਮਹਿਂ ਸੁਪਤਾਵੈਂ ॥੨੫॥
ਹਮ ਹਜੂਰ ਰਾਵਰ ਕੇ ਖਰੇ।
ਆਗਜਾ ਦੇਹੁ ਤਥਾ ਅਬਿ ਕਰੇਂ।
ਸੇਵਾ ਕਰਿ ਹੈਂ ਸਰਬ ਪ੍ਰਕਾਰੀ।
ਹਮ ਡੋਗਰ ਸਗਰੇ ਅਨੁਸਾਰੀ' ॥੨੬॥
ਸੁਨਿ ਕਰਿ ਬਿਨੈ ਸਮੇਤ ਕ੍ਰਿਪਾਲਾ।
ਦੀਨਸਿ ਬਰ ਤਿਨ ਕੋ ਤਤਕਾਲਾ।
'ਬਸਦੇ ਰਹਹੁ ਤੀਰ ਇਸ ਨਈ[2]।
ਨਈ ਚੌਧ੍ਰਤਾ ਤੁਮ ਕੋ ਦਈ ॥੨੭॥
ਨੈਂ ਕੇ ਤੀਰ ਤੀਰ ਜੋ ਦੇਸ਼।

---

[1]ਇਥੇ (ਪਹਿਰੇ ਦੀ) ਸੋਝੀ ਲੈਣ ਲਈ ਕੋਈ ਹਰੀ ਕਾ ਆਇਆ ਹੈ ਕਿ ਨਹੀਂ।
[2]ਇਸ ਨੈਂ ਦੇ ਕੰਢੇ। [ਇਹ ਡੋਗਰ ਸਤਲੁਜ ਦੇ ਕੰਢੇ ਕੰਢੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਵਸਦੇ ਹਨ]।

ਹੋਇ ਤੁਹਾਰੋ ਦੇਸ਼ ਅਸ਼ੇਸ਼।'
ਸੁਨਿ ਕ੍ਰਿਪਾਲ ਤੇ ਬਖਸ਼ਿਸ਼ ਬਾਨੀ।
ਨਿਕਟ ਆਇ ਸਭਿ ਬੰਦਨ ਠਾਨੀ ॥੨੮॥
'ਰਾਵਰਿ ਕੇ ਬਚ ਸਦਾ ਸਥਿਰ ਹੈਂ।
ਦੇਖਿ ਦੀਨ ਕੋ ਬਖਸ਼ਨ ਕਰਿ ਹੈ।'
ਤਬਿ ਤੇ ਦਿਨ ਪ੍ਰਤਿ ਡੋਗਰ ਦੇਸ਼।
ਸਨੇ ਸਨੇ ਹੁਇ ਗਯੋ ਅਸ਼ੇਸ਼* ॥੨੯॥
ਮੂਢ ਹਰੀ ਕੇ ਸਕਹਿ ਨ ਲੇਯ।
ਗੁਰ ਚਿਤ ਚਹਤਿ ਰਹੇ ਕੁਛ ਦੇਯ।
ਸੌਚ ਸ਼ਨਾਨ ਠਾਨਿ ਕਰਿ ਫੇਰ।
ਚਢਿ ਪ੍ਰਭੁ ਚਾਲੇ ਹੋਤਿ ਸਬੇਰ ॥੩੦॥
ਕੇਤਿਕ ਕੋਸ ਉਲੰਘ ਕਰਿ ਗਏ।
ਬਿਚ ਉਦਿਆਨ ਉਤਰਤੇ ਭਏ।
ਬੱਦ੍ਰੀ ਬਡੋ ਤਰੋਵਰ ਖਰਜੋ।
ਤਿਸ ਕੇ ਤਰੇ ਸਿਵਰ ਗੁਰ ਕਰਜੋ ॥੩੧॥
ਏਕ ਰਾਤਿ ਤਹਿਂ ਬਸੇ ਬਿਤਾਈ।
ਪ੍ਰਭੁ ਪੁਨ ਚਢੇ ਪ੍ਰਾਤਿ ਹੁਇ ਆਈ।
ਕੇਤਿਕ ਕੋਸ ਕੀਨਿ ਪ੍ਰਸਥਾਨਾ।
ਜਾਇ ਪਹੂੰਚੇ ਤਬਿ ਇਕ ਥਾਨਾ ॥੩੨॥
ਗ੍ਰਾਮ ਵਜੀਦ ਪੁਰੇ+ ਤਿਸ ਕਾਲਾ।
ਸੈਨ ਸਮੇਤ ਸਿਵਰ ਕੋ ਘਾਲਾ।
ਉਤਰੇ, ਬੰਧ ਤੁਰੰਗਮ ਦਏ।
ਸਿੰਘ ਗੁਰੂ ਢਿਗ ਆਵਤਿ ਭਏ ॥੩੩॥
'ਪਾਤਸ਼ਾਹ! ਇਤ ਆਵਨ ਕਰੇ।
ਪਹੁੰਚੇ ਇਹਾਂ ਕੁਸੂਰਹਿ ਤਰੇ।
ਬਜਹਿਂ* ਨੌਬਤਾਂ ਇਸ ਪੁਰਿ ਬਾਈ[੧+]।

---

*ਤਵਾ: ਖਾ: ਵਿਚ ਲਿਖਿਆ ਹੈ ਉਨ੍ਹਾਂ ਨੇ ਘੋੜਾ ਫੇਰਕੇ ਦੋ ਪਿੰਡਾਂ ਦੀ ਜ਼ਮੀਨ ਵਲ ਲਈ। ਦੋ ਟਾਹਲੀਆਂ ਤਦ ਦੀਆਂ ਖੜੀਆਂ ਹਨ ਜਿਨ੍ਹਾਂ ਨੂੰ ਫੱਤੂ ਸੰਮੂ ਦੀਆਂ ਟਾਹਲੀਆਂ ਕਹਿੰਦੇ ਹਨ, ਏਹ ਡੋਗਰਾਂ ਨੇ ਮੋੜ੍ਹੀਆਂ ਗੱਡੀਆਂ ਸਨ।

+ਬਾਜ਼ੀਦਪੁਰ, ਫੀਰੋਜ਼ਪੁਰ ਛਾਵਨੀ ਤੋਂ ਚਾਰ ਮੀਲ ਪੂਰਬੋਤਰ ਦਿਸ਼ਾ ਵਲ, ਲੁਧਿਆਣੇ ਵਾਲੀ ਜਰਨੈਲੀ ਸੜਕ ਤੇ ਹੈ।

*ਪਾ:-ਜਬਹਿ। ਪਰ ਸਾਖੀ ਪੋਥੀ ਵਿਚ 'ਬਜਹਿ' ਪਾਠ ਹੈ।

ਬਸੈ ਪਠਾਨ ਚਮੂੰ ਸਮੁਦਾਈ' ॥੩੪॥
ਸ਼੍ਰੀ ਮੁਖ ਤੇ ਫੁਰਮਾਵਨ ਕਰਯੋ।
'ਤੁਰਕਨ ਤੇਜ ਭਵਿੱਖਤ ਹਰਯੋ[2]।
ਕਾਨੇ ਕਾਛੇ[++] ਗ੍ਰਾਮ ਬਡੇਰੇ।
ਤਹਿਂ ਉਪਜਹਿਂਗੇ ਸਿੰਘ ਘਨੇਰੇ ॥੩੫॥
ਬਹੁਤ ਨੌਬਤਾਂ ਬਜੈਂ ਹਮਾਰੀ।
ਕੇਤਿਕ ਦਿਨ ਮਹਿਂ ਤਿਨਹੁਂ ਮਝਾਰੀ।'
ਇਮ ਬਤਰਾਵਤਿ ਤਿਸ ਥਲ ਖਰੇ।
ਤੀਤਰ ਇਕ ਅਵਾਜ ਤਬਿ ਕਰੇ ॥੩੬॥
ਸੁਨਿ ਕ੍ਰਿਪਾਲ ਭਾਖਯੋ ਤਿਹ ਸਮੈ।
'ਜਾਂ ਬੋਲਯੋ ਤਾਂ ਲੱਧਾ ਹਮੈ।'
ਹਯ ਪਰ ਤਬਿ ਆਰੋਹਨਿ ਹੋਏ।
ਕੀਨਿ ਪਯਾਨੋ ਸ਼ੀਘ੍ਰ ਸੁ ਜੋਏ ॥੩੭॥
ਛੋਡਯੋ ਤਿਸ ਕੇ ਬਾਜ ਪਿਛਾਰੇ।
ਕਰੀ ਨ ਝਪਟ ਨ ਤਿਸ ਕੋ ਮਾਰੇ।
ਪੁਨ ਕਹਿ ਕਰਿ ਕੂਕਰ ਛੁਟਵਾਏ।
ਪਿਖਿ ਤੀਤਰ ਕੋ ਪੀਛੇ ਧਾਏ ॥੩੮॥
ਝਾਰਨ ਬਿਖੈ ਜਾਇ ਕਰਿ ਬਰਯੋ।
ਬਹੁਰ ਨਿਕਾਰਯੋ ਉਡਿਬੋ ਕਰਯੋ।
ਪੀਛੇ ਕੇਤਿਕ ਸਿੰਘ ਨ ਸਾਥ।
ਚਲੇ ਜਾਹਿਂ ਤੂਰਨ ਜਗਨਾਥ ॥੩੯॥
ਕਰਤਿ ਬੇਗ ਤੇ ਜਾਇ ਉਡਾਰੀ।
ਥਕਤਿ ਛਪਹਿ ਪਿਖਿ ਝਾਰਨ ਝਾਰੀ[3]।
ਬਹੁਤ ਬਿਲੋਕਹਿਂ ਖੋਜਨ ਕਰੈਂ।
ਨਿਕਸਤਿ ਹੀ ਉਡ ਕਰਿ ਚਲਿ ਪਰੈ ॥੪੦॥

---

[1]ਇਸ ਨਗਰ ਭਾਵ ਕਸੂਰ ਵਿਚ ਬਾਈ ਨੌਬਤਾਂ ਵਜਦੀਆਂ ਹਨ, ਭਾਵ ਬਾਈ ਸਰਦਾਰ (ਪਠਾਣਾਂ ਦੇ) ਰਹਿੰਦੇ ਹਨ। ਸਾਖੀਆਂ ਦੀ ਪੋਥੀ ਵਿਚ ਐਉਂ ਲਿਖਿਆ ਹੈ:-ਅਗੇ ਡੇਰਾ ਵਜੀਦ ਪੁਰ ਹੋਇਆ। ਸਿਖਾਂ ਕਹਿਆ ਜੀ ਪਾਤਸ਼ਾਹ ਕਸੂਰ ਦੇ ਹੇਠ ਆਏ ਉਤਰੇ ਹਾਂ। ਪਾਤਸ਼ਾਹ ਬਾਈ ਨੌਬਤਾਂ ਇਨ੍ਹਾਂ ਕੀਆਂ ਵਜਦੀਆਂ ਹਨਿ ਕਸੂਰ ॥ ਗੁਰੂ ਜੀ ਬਚਨ ਕੀਤਾ, ਹਮਾਰੇ ਕਾਨ੍ਹੇ ਕਾਛੇ ਵਜਣਗੀਆਂ ਨੌਬਤਾਂ।

[+]ਪਾ:-ਥਾਈ।

[2]ਅੱਗੇ ਨੂੰ ਦੂਰ ਕਰ ਦਿੱਤਾ ਹੈ।

[++]ਕਾਨ੍ਹੇ ਇਕ ਸ਼ਹੀਦਗੰਜ ਸਿੰਘਾਂ ਦਾ ਹੈ ਜੋ ਇਕ ਡੇਰੇ ਵਿਚ ਹੈ। ਇਹ ਪਿੰਡ ਲਾਹੌਰ ਤੇ ਕਸੂਰ ਜਾਣ ਵਾਲੀ ਪੱਕੀ ਸੜਕ ਪਰ ਹੈ।

[3]ਥੱਕ ਜਾਂਦਾ ਹੈ ਤਾਂ ਬਹੁਤ ਝਾੜੀਆਂ ਭਾਵ ਸੰਘਣੀਆਂ ਝਾੜਾਂ ਵੇਖਕੇ ਛਪ ਜਾਂਦਾ ਹੈ।

ਦਬਕਹਿ ਬਹੁਰ ਥਾਂਇ ਕੋ ਪਾਇ।
ਝਾਰੀ ਝਾਰਨਿ ਝਾਰਹਿਂ ਜਾਇ[1]।
ਕਈ ਕੋਸ ਇਸ ਬਿਧਿ ਚਲਿ ਗਏ।
ਥਕਤਿ ਤੁਰੰਗਮ ਭੀ ਤਬਿ ਭਏ ॥੪੧॥
ਪਕਰਜੋ ਜਾਇ[2] ਜਤਨ ਬਹੁ ਕਰਿ ਕੈ।
ਕਹਿ ਕਰਿ ਪਰ ਉਖਰਾਇ ਸੁਧਰਿ ਕੈ[3]।
ਪੁਨ ਛੁਰਵਾਯਹੁ ਤੀਤਰ ਆਗਾ।
ਬਾਜ ਜਿਯਤ ਕੋ ਭੱਖਨਿ ਲਾਗਾ ॥੪੨॥
ਤੋਰਿ ਤੋਰਿ ਆਮਿਖ ਤਿਸ ਕੇਰਾ।
ਖਾਇ ਜਾਤਿ ਦੇ ਕਸ਼ਟ ਬਡੇਰਾ।
ਅਪਨਿ ਹਜ਼ੂਰ ਖੁਲਾਵਹਿਂ ਖਰੇ।
ਪਲ[4] ਬੋਟੀ ਕਾਟਤਿ ਭਖਿ ਕਰੇ ॥੪੩॥
ਦਾਨ ਸਿੰਘ ਬੋਲਜੋ ਪਿਖਿ ਠਾਢੇ।
'ਆਪ ਪ੍ਰਭੂ ਤੁਮ ਹੋ ਬਡ ਡਾਢੇ।
ਕੋਇ ਨ ਕੁਛ ਕਹਿ ਸਾਕਹਿ ਕੈਸੇ।
ਅਬਿ ਡਾਢੀ ਕ੍ਰਿਤ ਕੀਨਸਿ ਜੈਸੇ ॥੪੪॥
ਇਤਨੀ ਕੀਨਿ ਦੌਰਿ ਇਸ ਬੇਰਾ।
ਕਹਾਂ ਸ਼ੇਰ ਕੋ ਹੇਰਿ ਅਖੇਰਾ।
ਇਕ ਤੀਤਰ ਕੇ ਧਾਇ ਪਿਛਾਰੇ।
ਦਿਏ ਹੁਸਾਇ ਤੁਰੰਗਮ ਸਾਰੇ ॥੪੫॥
ਜੇ ਸ਼ਿਕਾਰ ਕੀ ਚਾਹ ਕਰੰਤੇ।
ਤੀਤਰ ਸਹੇ ਅਨੇਕ ਹਨੰਤੇ।'
ਸ੍ਰੀ ਮੁਖ ਤੇ ਕਹਿ ਤਿਹ ਸਮੁਝਾਯੋ।
'ਦਾਨ ਸਿੰਘ! ਸੁਨੀਅਹਿ ਜਿਮ ਘਾਯੋ[5] ॥੪੬॥
ਨਹੀਂ ਚਾਹੁ ਕੁਛ ਕਰਨਿ ਸ਼ਿਕਾਰਾ।
ਇਸ ਲਗਿ ਕਾਰਜ ਹੁਤੋ ਹਮਾਰਾ।'
ਆਸ਼ੈ ਜਬਿ ਗੰਭੀਰ ਸੁਨਿ ਪਰੇ।
ਦਾਨ ਸਿੰਘ ਪੁਨ ਬੂਝਨ ਕਰੇ ॥੪੭॥

---

[1]ਸਮੂਹ ਝਾੜੀਆਂ ਨੂੰ ਝਾੜਦੇ ਜਾਂਦੇ ਹਨ।
[2]ਜਾ ਫੜਿਆ।
[3]ਚੰਗੀ ਤਰ੍ਹਾਂ ਖੰਭ ਉਖਾੜੇ।
[4]ਮਾਸ।
[5]ਭਾਵ, ਜਿਸ ਕਾਰਨ ਕਰਕੇ ਇਹ ਇਉਂ ਮਰਵਾਇਆ ਹੈ।

'ਪਾਤਿਸ਼ਾਹੁ ! ਦਿਹੁ ਸਕਲ ਸੁਨਾਏ।
ਕਿਸ ਕਾਰਨ ਤੇ ਏਤਿਕ ਧਾਏ?'
ਸ਼੍ਰੀ ਮੁਖ ਕਹਯੋ 'ਸੁਨਹੁ ਇਸ ਕਾਜ।
ਤੀਤਰ ਜਾਟ ਬਾਣੀਆਂ ਬਾਜ ॥੪੮॥
ਪੂਰਬ ਜਨਮ ਹੁਤੇ ਨਰ* ਏਹੀ।
ਜਾਟ ਕਰਜ਼ ਲੇ ਬਨੀਏ ਤੇ[1] ਹੀ।
ਅਪਰ ਗ੍ਰਾਮ ਮਹਿਂ ਬਸਯੋ ਸੁ ਜਾਇ।
ਬਨੀਏ ਗਹਯੋ ਲਗਯੋ ਕਬਿ ਦਾਇ ॥੪੯॥
-ਦਰਬ ਦਿਏ ਬਿਨ ਤਜੌਂ ਨ ਤੋਹੀ।
ਦਗ਼ਾ ਗਯੋ ਕਰਿ ਕੈ ਸੰਗ ਮੋਹੀ-।
ਜਾਟ ਕਹੈ -ਅਬਿ ਕੈ ਦਿਹੁ ਛੋਰਿ।
ਦੋਵੌਂ ਲਗਿ ਬਿਰਾਟਕਾ ਤੋਰ- ॥੫੦॥
ਸੁਨਿ ਬਨੀਆ ਕਹਿ -ਜ਼ਾਮਨ ਦੀਜੈ।
ਛੁਟਿ ਕਰਿ ਜਾਹੁ ਸਦਨ ਮਗ ਲੀਜੈ-।
ਕਹੈ ਜਾਟ -ਕੋ ਜਾਮਨ ਮੇਰੋ?
ਗੁਰ ਬਿਨ ਇਹ ਠਾਂ ਆਨ ਨ ਹੇਰੋਂ- ॥੫੧॥
ਸੁਨਿ ਬਨੀਆ ਕਹਿ -ਧਰਮ ਰਖੀਜੈ।
ਗੁਰ ਕੋ ਹੀ ਜਾਮਨ ਕਰਿ ਦੀਜੈ-।
ਮੁਝ ਕੋ ਦੇ ਜਾਮਨ ਛੁਟਿ ਗਯੋ।
ਨਹਿਂ ਧਨ ਦਿਯੋ, ਮ੍ਰਿਤਕ ਪੁਨ ਭਯੋ ॥੫੨॥
ਅਹੈ ਬਾਜ ਕੋ ਪੂਰਬ ਗਜਾਤਾ।
ਹਮਰੋ ਹਾਥ ਸਪਰਸੇ ਗਾਤਾ।
ਨਹਿਂ ਤੀਤਰ ਕੋ ਇਸ ਨੇ ਮਾਰਾ।
ਲੈ ਹੌਂ ਜਾਮਨ ਤੇ ਨਿਰਧਾਰਾ ॥੫੩॥
ਹਮ ਨੇ ਅਪਨਿ ਜਾਮਨੀ ਲਾਹੀ।
ਜਿਯਤਿ ਦਿਯੋ ਗਹਿ ਵਢਿ ਵਢਿ ਖਾਹੀ+।'
ਸੁਨਿ ਕਰਿ ਦਾਨ ਸਿੰਘ ਕਰ ਜੋਰੇ।
ਪਰਯੋ ਚਰਨ ਪਰ ਪ੍ਰਭੁ ਨਿਹੋਰੇ ॥੫੪॥

---

*ਪਾ:-ਅਬ।
[1]ਤੋਂ।
+ਇਸ ਸਾਖੀ ਦਾ ਵੇਰਵਾ ਅਸਲ ਵਾਕਿਆ ਤੋਂ ਕੁਛ ਵਿਲੱਖਣ ਹੋਵੇ ਯਾ ਠੀਕ ਇਸੇ ਤਰ੍ਹਾਂ ਪਰ ਭਾਵ ਇਸ ਦਾ ਇਹ ਹੈ ਕਿ ਸਿੱਖ ਕਦੇ ਕੌਲ ਕਰਕੇ ਫੇਰ ਨਾ ਮੁੱਕਰੇ। ਦੂਸਰੇ ਦੇ ਭਰੋਸਾ ਕਰ ਲੈਣ ਨੂੰ ਛਲ ਨਾਲ ਨਾ ਗੁਵਾਵੇ।

'ਸਨਮੁਖ ਬੋਲਜੋ ਹੇ ਗੁਰ! ਭੂਲਾ।
ਬਖਸ਼ੋ ਮੋਹਿ ਦਾਸ ਅਨਕੂਲਾ।'
'ਦਾਨ ਸਿੰਘ ਕਜੋਂ ਚਿੰਤ ਅਧੀਨ।
ਉੱਤਰ ਹੀ ਤੈਂ ਬੂਝਨ ਕੀਨ' ॥੫੫॥
ਦਾਨ ਸਿੰਘ ਪੁਨ ਮਸਤਕ ਟੇਕਾ।
ਤੁਮਰੀ ਖੁਸ਼ੀ ਚਹੈਂ ਇਹ ਏਕਾ++।
ਚਢਿ ਤਹਿਂ ਤੇ ਪਹੁੰਚੇ ਨਿਜ ਡੇਰੇ¶।
ਖਾਨ ਪਾਨ ਕੀਨਸਿ ਤਿਸ ਬੇਰੇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਤੀਤਰ' ਪ੍ਰਸੰਗ ਬਰਨਨੰ ਨਾਮ ਚੌਦਸਮੋ ਅੰਸੂ ॥੧੪॥

---

++ਪਾ:-ਟੇਕਾ।

¶ਇਹ ਬਜ਼ੀਦਪੁਰ ਵਾਲਾ ਪ੍ਰਸੰਗ ਬੀ ਸਾਖੀਆਂ ਵਾਲੀ ਪੋਥੀ ਵਿਚੋਂ ਹੈ।

## ੧੫. [ਘੋਗੜ ਉਧਾਰ। ਹੁਕਮ ਨਾਥ]

੧੪<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੬

ਦੋਹਰਾ: ਨਿਸ ਬਿਤਾਇ ਕਰਿ ਸਤਿਗੁਰੂ, ਕੀਨੋ ਸੌਚ ਸ਼ਨਾਨ।
ਜ਼ੀਨ ਹਯਨਿ ਪਰ ਪਾਇ ਕਰਿ, ਚਢੇ ਕਿਯੋ ਪ੍ਰਸਥਾਨ ॥੧॥

ਚੌਪਈ: ਸਤਿਗੁਰ ਘੋਰੇ ਕੀ ਤ੍ਰੈ ਮੇਖ[1]।
ਲਗੀ ਰਹੀ ਤਿਸ ਥਾਨ ਅਸ਼ੇਖ।
ਜੰਡ ਹਰੇ ਸੋ ਹੋਵਤਿ ਭਏ।
ਅਬਿ ਲੌ ਖਰੇ ਪਿਖੇ ਜੋ ਗਏ[*] ॥੨॥
ਸਿਖ ਸੰਗਤਿ ਤਹਿਂ ਬੰਦਨ ਕਰੈ।
ਤਿਨ ਕੋ ਦਰਸ਼ਨ ਭੀ ਅਘ ਹਰੈ।
ਇਮ ਸ਼੍ਰੀ ਪ੍ਰਭੁ ਬਿਚਰਤਿ ਫਿਰਿ ਆਏ।
ਪਹੁੰਚਿ ਮੁਕਤਿਸਰ ਸਿਵਰ ਲਗਾਏ ॥੩॥
-ਹੋਇ ਭਵਿੱਖਤ ਮਹਿਂ ਇਹ ਮਹਾਂ।
ਸਿੱਖ ਸ਼ਨਾਨਹਿਂ ਫਲ ਕੋ ਲਹਾ-।
ਖਾਨ ਪਾਨ ਕਰਿ ਨਿਸਾ ਬਿਤਾਈ।
ਸੌਚ ਸ਼ਨਾਨੇ ਕੀਨਿ ਚਢਾਈ ॥੪॥
[+]ਗ੍ਰਾਮ ਰੁਪਾਣੇ ਚਲਿ ਕਰਿ ਆਏ।
ਉਤਰੇ ਤਹਾਂ ਤੁਰੰਗ ਲਗਾਏ।
ਸੁੱਖਾ ਅਰੁ ਅਫੀਮ ਛਕਿ ਕਰਿ ਕੈ।
ਬਿਚਰਤਿ ਇਤ ਉਤ ਧਨੁ ਸਰ ਧਰਿ ਕੈ ॥੫॥
ਬਲ ਉਤੰਗ ਇਕ ਘੋਗੜ[2] ਹੇਰਾ।
ਤੀਰ ਮਾਰਿ ਤਿਸ ਕੋ ਹਤਿ ਗੇਰਾ।
ਜੋਰਾ ਸਿੰਘ ਖਰੋ ਤਬਿ ਪਾਸੀ।
'ਪ੍ਰਭੁ ਜੀ ਘੋਗੜ ਕੀਨਿ ਬਿਨਾਸ਼ੀ ॥੬॥
ਇਹ ਕਜੋਂ ਹਤਜੋ ਕਾਮ ਨਹਿਂ ਐਹੈ।
ਇਮ ਹੀ ਪਰਜੋ ਰਹੈ, ਕੋ ਖੈਹੈ[3]?
ਇਸ ਕੇ ਮਾਰਨ ਕੋ ਕਜਾ ਕਾਰਨ?
ਪਾਤਸ਼ਾਹੁ ਪ੍ਰਭੁ! ਕਹਹੁ ਉਚਾਰਨ' ॥੭॥

---

[1]ਤ੍ਰੈ ਕਿੱਲੀਆਂ।
[*]ਇਹ ਬ੍ਰਿਛ ਅਜੇ ਤਕ ਮੌਜੂਦ ਹਨ। ਇਸ ਗੁਰਦ੍ਵਾਰੇ ਦਾ ਨਾਮ 'ਗੁਰੂਸਰ' ਪ੍ਰਸਿੱਧ ਹੈ।
[+]ਇਹ ਬੀ ਸਾਖੀ ਪੋਥੀ ਦਾ ਪ੍ਰਸੰਗ ਹੈ।
[2]ਗਿੱਧ ਵਰਗਾ ਇਕ ਪੰਛੀ ਜੋ ਪਿੰਡਾਂ ਦੇ ਗਿਰਦੇ ਵਸਦਾ ਤੇ ਮਲ ਖਾਂਦਾ ਹੈ।
[3]ਕੌਣ ਖਾਵੇਗਾ?

ਸ਼੍ਰੀ ਮੁਖ ਤੇ ਕਹਿ ਕੇ ਸਮੁਝਾਯੋ।
'ਸੌ ਤਨੁ ਘੋਗੜ ਕੋ ਇਨ ਪਾਯੋ।
ਪ੍ਰਥਮ ਨ੍ਰਿਪਤਿ ਥੋ ਜੁਕਤ ਜਮੱਯਤ[1]।
ਸਿੱਖ ਗ਼ਰੀਬ ਏਕ ਇਸ ਰੱਯਤਿ ॥੮॥
ਬਸਤੇ ਕੇਤਿਕ ਸਮਾ ਬਿਤਾਏ।
ਇਕ ਦਿਨ ਸਿਖ ਕੇ ਮਨ ਇਮ ਆਏ।
ਗੁਰ ਹਿਤ ਚਾਹਜੋ ਕਰਨਿ ਅਹਾਰਾ।
ਸਕਲ ਭਾਂਤਿ ਸੋ ਕੀਯਸਿ ਤਜਾਰਾ ॥੯॥
ਸਿੱਖਨਿ ਕੋ ਨਿਉਂਦਾ ਤਿਨ ਦੀਯੋ।
ਨ੍ਰਿਪ ਭੀ ਸਿੱਖ ਥੋ ਧਾਮਾ ਲੀਯੋ[2]।
ਸਭਿ ਕੋ ਮੇਲ ਭਯੋ ਤਬਿ ਆਇ।
ਕਰਿ ਅਰਦਾਸਹਿਂ ਭੋਜਨ ਖਾਇ ॥੧੦॥
ਸਿਖ ਕੀ ਸੁਤਾ ਅਵਸਥਾ ਤਰੁਨੀ।
ਸੋ ਰਾਜਾ ਪਿਖਿ ਕੈ ਮਨ ਹਰਨੀ।
ਅਪਨੇ ਸਦਨ ਗਯੋ ਨਿਸ ਪਰੀ।
ਨ੍ਰਿਪ ਨਰ ਪਠੇ ਹਕਾਰਨਿ ਕਰੀ ॥੧੧॥
ਸਿਖ ਨੇ ਲਖੀ ਨਰੇਸ਼ ਖੁਟਾਈ।
ਪਰਮ ਦੁਖੀ ਭਾ ਬਸ ਨ ਬਸਾਈ।
ਦੇਖਿ ਪਿਤਾ ਕੋ ਪੁੱਤ੍ਰੀ ਕਹੈ।
-ਕਜੋਂ ਨਾਹਕ ਏਤੋ ਦੁਖ ਲਹੈਂ ॥੧੨॥
ਮੋਹਿ ਸਾਥ ਨ੍ਰਿਪ ਨਿਕਟ ਚਲੀਜੈ।
ਗੁਰੂ ਕਰੈ ਸੁਖ[3], ਚਿੰਤ ਨ ਕੀਜੈ-।
ਲੈ ਕਰਿ ਪਿਤਾ ਗਈ ਢਿਗ ਰਾਜੇ।
ਕਹੈ ਕਿ ਐਬੇ ਸਮੋ ਨ ਆਜੇ ॥੧੩॥
ਦਿਵਸ ਆਗਲੇ ਮੈਂ ਚਲਿ ਆਵੌਂ।
ਬਿਨਾ ਬੁਲਾਏ, ਨਹਿਂ ਠਹਿਰਾਵੋਂ[4]।
ਅਪਨੋ ਨਰ ਨਹਿਂ ਕਰੋ ਪਠਾਵਨ।

---

[1]ਫੌਜ ਦੇ ਸਮੇਤ।
[2]ਰਾਜਾ ਬੀ ਸਿੱਖ ਸੀ ਉਸ ਨੇ ਬੀ ਨਿਉਂਦਾ ਲਿਆ।
[3]ਗੁਰ ਸੁਖ ਕਰੇਗਾ।
[4]ਬਿਨਾਂ ਬੁਲਾਏ ਆਵਾਂਗੀ, ਅਟਕਾਂਗੀ ਨਹੀਂ, ਸ਼ਲੇਖ ਵਿਚ ਦੂਜਾ ਅਰਥ ਇਹ ਹੈ ਕਿ ਕਲ ਮੈਂ ਬਿਨਾਂ ਬੁਲਾਏ ਆਵਾਂਗੀ ਪਰ (ਤੇਰੇ ਪਾਸ) ਠਹਿਰਾਂਗੀ ਨਹੀਂ। ਮੁਰਾਦ ਇਹ ਸੀ ਕਿ ਮੈਂ ਸਰੀਰ ਛੱਡ ਦੇਣਾ ਹੈ, ਰੂਹ ਵਿਚ ਮੈਂ ਆਵਾਂਗੀ ਪਰ ਠਹਿਰਾਂਗੀ ਨਹੀਂ।

ਰਚੋਂ ਅਧਰਮ ਅਧਿਕ ਦੁਖ ਪਾਵਨ[1]- ॥੧੪॥
ਸੁਨਿ ਰਾਜਾ ਕਹਿ -ਛਲ ਨਹਿਂ ਕਰੀਅਹਿ।
ਤ੍ਰਿਆ ਚਰਿੱਤ੍ਰ ਨ ਕਛੂ ਬਿਚਰੀਅਹਿ।
ਹੋਹਿਂ ਕੂਰ ਕਰਿਬੇ ਬਚ ਤੋਹੀ।
ਤੌ ਸਜ਼ਾਇ ਹ੍ਵੈ ਆਇਸੁ ਮੋਹੀ[2]- ॥੧੫॥
ਕਹਿਨ ਲਗੀ -ਮੈਂ ਰਹੌਂ ਨ ਕਾਲੀ[3]।
ਤੌ ਸਜਾਇ ਕਿਮ ਹੋਇ ਬਿਸਾਲੀ[*]-।
ਇਮ ਕਹਿ ਪਿਤਾ ਸੰਗਿ ਹਟਿ ਆਈ।
ਨਿਸ ਮਹਿਂ ਬਿਖ ਲੇ ਕਰਿ ਤਿਸ ਖਾਈ ॥੧੬॥
ਮਰਨ ਸਮੈਂ ਦੀਨੋ ਇਮ ਸ੍ਰਾਪ।
    -ਇਹ ਮਹੀਪ ਪਾਪੀ ਸੰਤਾਪ।
    ਰਾਜ ਕਰਨ ਕੇ ਲਾਯਕ ਨਾਂਹੀ।
    ਘੋਗੜ ਤਨ ਪਾਵਹੁ ਬਨ ਮਾਂਹੀ ॥੧੭॥
    ਰਹਹੁ ਇਕਾਂਕੀ ਸੰਗ ਨ ਕੋਈ।
    ਕਰਨ ਪਾਪ ਪੈ ਹੋ ਫਲ ਸੋਈ-।
ਇਮ ਕਹਿ ਪ੍ਰਾਨ ਤਜੇ ਤਤਕਾਲਾ।
ਕੇਤਿਕ ਦਿਨ ਮਹਿਂ ਭਾ ਨ੍ਰਿਪ ਕਾਲਾ ॥੧੮॥
ਇਕ ਸੌ ਦੇਹਿ ਜਨਮ ਅਸ ਧਾਰੇ।
ਘੋਗੜ ਹੋਤਿ ਰਹਯੋ ਨਿਰਧਾਰੇ।
ਨਿਜ ਸਿਖ ਲਖਿ ਕੈ ਅਬਹਿ ਉਧਾਰਯੋ।'
ਜਬਿ ਪ੍ਰਸੰਗ ਪ੍ਰਭੁ ਸਰਬ ਉਚਾਰਯੋ ॥੧੯॥
    ਜੋਰਾ ਸਿੰਘ ਆਦਿਕ ਢਿਗ ਜੇਤੇ।
    ਬਿਸਮੈ 'ਧੰਨ ਧੰਨ' ਕਹਿ ਤੇਤੇ।
    ਨਿਸ ਮਹਿਂ ਖਾਨ ਪਾਨ ਸਭਿ ਕਰਯੋ।
    ਸੁਪਤੇ ਬਹੁਰ ਦਿਵਸ ਪੁਨ ਚਰਯੋ ॥੨੦॥
ਜ਼ੀਨ ਤੁਰੰਗਨ ਪਰ ਤਬਿ ਡਾਰੇ।
ਹੁਇ ਅਰੂਢਿ ਪ੍ਰਭੁ ਪੰਥ ਪਧਾਰੇ।

---

[1]ਝੂਠਾ ਧਰਮ ਕਰਾਂਗੀ ਤਾਂ ਬੜਾ ਦੁੱਖ ਪਾਵਾਂਗੀ।
[2]ਇਹ ਮੇਰਾ ਹੁਕਮ ਹੈ।
[3]ਕੱਲ ਨੂੰ।
[*]ਇਸ ਵਿਚ ਬੀ ਸ਼ਲੇਖ ਹੈ, ਮੈਂ ਕਲ ਆਉਣੋਂ ਨਹੀਂ ਰਹਾਂਗੀ ਭਾਵ ਆਵਾਂਗੀ ਫਿਰ ਮੈਨੂੰ ਬਹੁਤ ਸਜ਼ਾ ਕਿਉਂ ਹੋਵੇਗੀ! ਇਹ ਅਰਥ ਰਾਜੇ ਨੇ ਸਮਝਿਆ। ਬੀਬੀ ਦੇ ਦਿਲ ਵਿਚ ਇਹ ਅਰਥ ਸੀ ਕਿ ਮੈਂ ਕਲ (ਦੁਨੀਆਂ ਪਰ) ਨਾ ਰਹਾਂਗੀ ਭਾਵ ਮਰ ਜਾਵਾਂਗੀ ਤਾਂ ਸਜ਼ਾ ਕਿਸ ਨੂੰ ਦਿਓਗੇ।

ਸੈਨਾ ਸੰਗ ਬਿਰਾੜਨ ਕੇਰੀ।
ਚਾਕਰ ਰਾਖੇ ਗੁਰੂ ਅਗੇਰੀ ॥੨੧॥
ਸੁਨਿ ਸੁਨਿ ਸੁਧਿ ਕੋ ਸਿੰਘ ਜੁਝਾਰੇ।
ਆਇ ਮਿਲਹਿਂ ਗੁਰ ਦਰਸ ਨਿਹਾਰੇ।
ਅਧਿਕ ਭੀਰ ਦਿਨ ਪ੍ਰਤਿ ਹੁਇ ਸਾਥ।
ਬਿਚਰਤਿ ਆਰੋਹੇ ਨਿਤ ਨਾਥ ॥੨੨॥
'ਕੇਤਿਕ ਕੋਸ ਉਲੰਘਤਿ ਗਏ।
ਡੇਰਾ ਪਹੁੰਚਿ ਖੇਹੜੀ ਕਏ।
ਹਯ ਬੰਧਾਵਨਿ ਸਗਰੇ ਕੀਨੇ।
ਤ੍ਰਿਣ ਈਂਧਨ ਇਕਠੇ ਕਰਿ ਲੀਨੇ ॥੨੩॥
ਏਕ ਨਾਥ ਬਡ ਅਜ਼ਮਤਵੰਤਾ।
ਕਰਿ ਆਸ਼ਰਮ ਕੋ ਤਹਾਂ ਬਸੰਤਾ।
ਆਗੇ ਇਕ ਦਿਨ ਗੁਰ ਸੋਂ ਮਿਲਿ ਕਰਿ।
ਬੋਲਯੋ ਹੁਤੋ ਮਾਨ ਕੋ ਮਨ ਧਰਿ ॥੨੪॥
'ਜਗ ਮੈਂ ਗੁਰੂ ਕਹਾਵਤਿ ਫਿਰੈ।
ਕਰਾਮਾਤ ਭੀ ਕੁਛ ਤਨੁ ਧਰੈ।
ਜੇ ਅਜ਼ਮਤ ਕੁਛ ਦੇਹੁ ਦਿਖਾਇ।
ਦੇਖੇ ਬਿਨਾ ਨ ਮਨ ਪਤਿਯਾਇ' ॥੨੫॥
ਸੁਨਿ ਗੁਰ ਕਹਯੋ ਹੁਤੋ[1] ਤਿਸ ਤਾਂਈ।
'ਡੇਰਾ ਕਰਹਿਂ ਜਬਹਿ ਤੁਵ ਥਾਈ।
ਤਬਹਿ ਦਿਖਾਵਹਿਂ ਦਿਢ ਹੁਇ ਰਹੀਏ।
ਅਬਿ ਦੇਖਨ ਕੋ ਨਹਿਂ ਕੁਛ ਕਹੀਏ' ॥੨੬॥
ਦੇਖਿ ਨਾਥ ਕੋ ਗਾਥ ਚਿਤਾਰੀ।
-ਇਹ ਤੋ ਕਰਾਮਾਤ ਚਹਿ ਭਾਰੀ-।
ਬੈਠਯੋ ਹੁਤੋ ਆਪਨੇ ਥਾਨਾ।
ਤਰਕਸ਼ ਤੇ ਲੇ ਕਰਿ ਗੁਰ ਬਾਨਾ ॥੨੭॥
ਛਿਤ ਸੋਂ ਛ੍ਵਾਇ ਸੀਸ ਸੰਗ ਲਾਯੋ[2]।
ਬਹੁਰ ਨਾਥ ਸੋਂ ਬਾਕ ਅਲਾਯੋ।
'ਹੁਕਮ ਨਾਥ[3]! ਕਹੁ ਅਪਨੀ ਗਾਥਾ।

---

[1]ਕਹਿਆ ਹੋਇਆ ਸੀ।
[2]ਜੋਗੀ ਦੇ ਸਿਰ ਨਾਲ।
[3]ਨਾਮ ਹੈ ਨਾਥ ਦਾ।

ਰਾਜੀ ਅਹੈਂ ਅਨੰਦ ਕੇ ਸਾਥਾ' ॥੨੮॥
ਸੁਨਤਿ ਨਾਥ ਬੋਲ੍ਯੋ ਤਿਹ ਸਮੋ।
'ਗੁਰ ਗੋਬਿੰਦ ਸਿੰਘ ਲਹੁ ਮਮ ਨਮੋ।
ਮੈਂ ਰਾਜ਼ੀ ਕਰਿ ਦੀਨਸਿ ਦੀਨ[੧]।
ਸਭਿ ਕਾਰਜ ਤੇ[੨] ਖਾਰਜ ਕੀਨ' ॥੨੯॥
ਗੁਰੂ ਕਹ੍ਯੋ 'ਦੇਖਹਿਂ ਅਬਿ ਠੌਰ।
ਚਲੀਅਹਿ ਦਿੱਲੀ ਨਗਰ ਲਾਹੌਰ[੩]।
ਕਿਤਿਕ ਸਮੈਂ ਮੈਂ ਚਲਿ ਪੁਨ ਆਵੈ।
ਜੇ ਤੇਰੇ ਚਿਤ ਮਹਿਂ ਇਮ ਭਾਵੈ' ॥੩੦॥
ਨਾਥ ਕਹੈ 'ਨਿਸ਼ਫਲ ਅਭਿਲਾਖਾ।
ਜੈਬੇ ਉਚਿਤ ਨ ਮੋ ਕਹੁ ਰਾਖਾ।
ਖੈਂਚਿ ਨਿਕਾਰਾ ਸਾਰ ਉਦਾਰਾ[੪]।
ਕਰਿ ਫੋਕਟ[੫] ਮੋ ਕਹੁ ਅਬਿ ਡਾਰਾ' ॥੩੧॥
ਸਤਿਗੁਰ ਭਨ੍ਯੋਂ 'ਕਾਮਨਾ ਤੇਰੀ।
ਅਜ਼ਮਤ ਜਾਚਤਿ ਫਲੀ ਘਨੇਰੀ[੬*]।
ਅਪਨੋ ਦੋਸ਼ ਜਾਨਿ ਟਿਕ ਰਹੋ।
ਜਿਮ ਬਾਂਛਤਿ ਚਿਤ ਫਲ ਤਿਮ ਲਹੋ' ॥੩੨॥
ਤੂਸ਼ਨ ਰਹ੍ਯੋ ਜਾਨਿ ਬਚ ਸਾਚੇ।
ਮਾਨ ਰਾਚਿ[੭] ਅਜ਼ਮਤ ਕਹੁ ਜਾਚੇ।
ਇਕ ਮਠ ਸੁੰਦਰ ਹੈ ਤਿਸ ਠੌਰ।
ਵਿਚ ਕਾਸਬ ਭੱਟੀ ਕੀ ਗੋਰ[੮] ॥੩੩॥
ਤਿਸ ਕੋ ਪਿਖਿ ਕਰਿ ਗੁਰੂ ਸਰਾਹੀ।
ਭਲੀ ਥਾਇਂ ਸੁੰਦਰ ਇਸ ਮਾਂਹੀ।

---

[੧]ਮੈਂ (ਕਰਾਮਾਤ ਕਰ) ਰਾਜ਼ੀ ਸੀ (ਕਰਾਮਾਤ ਖੋਹ ਕੇ ਆਪ ਨੇ) ਦੀਨ ਕਰ ਦਿੱਤਾ।
[੨](ਕਰਾਮਾਤ ਲਗਾਉਣ ਰੂਪੀ) ਸਾਰੇ ਕੰਮਾਂ ਤੋਂ।
[੩]ਚਲੋ ਹੁਣ ਦਿੱਲੀ ਲਾਹੌਰ ਆਦਿ ਨਗਰ ਦੇਖੀਏ।
[੪]ਕਰਾਮਾਤ ਰੂਪੀ ਵੱਡਾ ਸਾਰ।
[੫]ਫੋਗ।
[੬]ਸੋ ਫਲਣ ਲੱਗੀ ਹੈ।
[*]ਭਾਵ ਕਰਾਮਾਤ ਇਹ ਦਿਖਾਈ ਕਿ ਉਸ ਵਿਚ ਜੋ ਸਿੱਧੀ ਸੀ ਸੋ ਖਿੱਚ ਲਈ। ਕੈਸਾ ਚੋਜੀ ਜਵਾਬ ਹੈ। ਕਰਾਮਾਤ ਦਿਖਾ ਬੀ ਦਿੱਤੀ ਤੇ ਉਸ ਦੀ ਕਰਾਮਾਤ ਦੂਰ ਬੀ ਕਰ ਦਿੱਤੀ। ਚੇਟਕੀ ਫਕੀਰਾਂ ਵਿਚ ਕਰਾਮਾਤ ਤਮਾਸ਼ਿਆਂ ਵਾਂਙੂ ਹੀ ਹੁੰਦੀ ਹੈ।
[੭]ਹੰਕਾਰ ਵਿਚ ਰਚਕੇ।
[੮]ਕਾਸਬ ਨਾਮੇ ਭੱਟੀ ਦੀ ਕਬਰ ਹੈ (ਉਸ ਮਠ) ਵਿਚ।

ਮਾਨ ਸਿੰਘ ਆਦਿਕ ਬਚ ਸੁਨੇ।
ਪ੍ਰਭੁ ਕੇ ਸੰਗ ਬਿਬੇਕੀ ਬਨੇ[1] ॥੩੪॥
'ਥਾਨ ਤੁਰਕ ਕੋ ਆਪ ਸਰਾਹਾ।
ਯਾਂ ਤੇ ਉਚਿਤ ਦੇਹੁ ਤਨਖਾਹਾ।
-ਗੌਰ ਮੜ੍ਹੀ ਮਠ ਭੂਲ ਨ ਮਾਨੈ-।
ਇਸ ਬਿਧਿ ਰਾਵਰ ਰਹਿਤ ਬਖਾਨੈਂ' ॥੩੫॥
ਸੁਨਤਿ ਬਿਬੇਕ ਖਾਲਸੇ ਕੇਰਾ।
ਬਖ਼ਸ਼ਾਵਤਿ ਭੇ ਗੁਰ ਤਿਸ ਬੇਰਾ।
ਬਿੰਸਤ ਪੰਚ ਰਜਤਪਣ ਲਾਏ।
ਦਾਨ ਸਿੰਘ ਕਰ ਜੋਰਿ ਅਲਾਏ ॥੩੬॥
'ਇਹ ਕਜ਼ਾ ਬਿਧਿ ਰਾਵਰ ਨੇ ਕਰੀ?
ਬਿੱਪ੍ਰੀਤੀ ਹਮ ਕੋ ਦਿਖਿ ਪਰੀ।'
ਤਿਸ ਕੋ ਸ਼੍ਰੀ ਪ੍ਰਭੁ ਕੀਨਿ ਬਤਾਵਨ।
'ਕਰਹਿਂ ਖਾਲਸੇ ਕੋ ਸਿਖਰਾਵਨ[*] ॥੩੭॥
ਲੇਨਿ ਦੇਨਿ ਹੋਵਹਿ ਤਨਖਾਹ।
ਪਰੈ ਖਾਲਸੇ ਮਹਿਂ ਇਹ ਰਾਹ।'
ਤਬਿ ਸਤਿਗੁਰ ਤਰਕਸ਼ ਗਰ ਲਾਹਾ।
ਧਨੁਖ ਸਹਿਤ ਦਾਸਨ ਕਰ ਮਾਹਾ[2] ॥੩੮॥
ਏਕ ਮੂਲ[3] ਪਰ ਜੰਡ ਸੁ ਤੀਨ।
ਨਿਕਟ ਖਰੇ ਡੇਰਾ ਜਹਿਂ ਕੀਨ।
ਆਯੁਧ ਤਿਨ ਕੇ ਸੰਗ ਝੁਲਾਏ[4]।

---

[1]ਵਿਚਾਰ ਕਰਨ ਵਾਲੇ। ਭਾਵ ਸਿੱਖ ਮ੍ਰਿਯਾਦਾ ਦੀ ਵਿਚਾਰ ਕਰਨ ਵਾਲੇ ਬਣੇ।

[*]ਇਸ ਤੋਂ ਅਤੇ ਪਿਛਲੀ ਖੇਸ ਵਾਲੀ ਸਾਖੀ ਤੋਂ ਸੱਖਣੇ ਭਾਉ ਜਗਤ ਤੋਂ ਖਾਲੀ ਨਿਰੇ ਦਮਗਜਈ ਸਿੱਖਾਂ ਨੇ ਕਈ ਵੇਰ ਅਯੋਗ ਲਾਭ ਉਠਾਏ ਹਨ।

ਸਤਿਗੁਰਾਂ ਦੀ ਸ਼ਾਨ ਵਿੱਚ ਬੇਅਦਬੀ ਦੇ ਵਾਕ ਕਹੇ ਹਨ ਤੇ ਚੰਗੇ ਚੰਗੇ ਪ੍ਰੇਮੀ ਤੇ ਉੱਚ ਜੀਵਨ ਵਾਲੇ ਸਿੱਖਾਂ ਦੇ ਅਕਾਰਣ ਅਪਮਾਨ ਕੀਤੇ ਹਨ। 'ਜਾਗਤ ਜੋਤ ਜਪੈ' ਵਾਲੇ ਸ੍ਵੈਯੇ ਵਿੱਚ ਜੋ ਸਿੰਘਾਂ ਦੇ ਲੱਛਣ ਕਹੇ ਹਨ ਉਨ੍ਹਾਂ ਨੂੰ ਅਧਿਕਾਰ ਹੈ ਜਾਇਜ਼ ਸੋਧ ਕਰਨ ਦਾ, ਦੁਰਾਚਾਰੀ ਤੇ ਕਰਨੀਹੀਨ ਭੇਖੀ ਸਿੱਖਾਂ ਨੂੰ ਐਸਾ ਅਧਿਕਾਰ ਕੋਈ ਨਹੀਂ ਹੈ। ਮਾਨ ਸਿੰਘ ਵਰਗੇ ਉੱਚੇ ਸੁੱਚੇ ਜੀਵਨ ਦਾ ਆਦਰਸ਼ ਅੱਖਾਂ ਅੱਗੇ ਚਾਹੀਏ। ਦੇਖੋ ਇਸ ਸਾਖੀ ਦੇ ਮਗਰੋਂ ਬੀ ਸਤਿਗੁਰੂ ਪੂਜ ਸਨ ਤੇ ਮਾਨ ਸਿੰਘ ਉਨ੍ਹਾਂ ਦੇ ਚਰਨਾਂ ਦਾ ਪੂਜਨ ਵਾਲਾ ਦਾਸ ਤੇ ਭਗਤ ਸੀ, ਨਾ ਸਤਿਗੁਰੂ ਭੁਲਣਹਾਰ ਸਨ ਤੇ ਨਾਂਹੀ ਕੋਈ ਸਿੱਖ ਸਤਿਗੁਰੂ ਜੀ ਦੀ ਭੁੱਲ ਦਾ ਸੋਧਕ ਸੀ, ਕੇਵਲ ਇਕ ਚੋਜ ਸੀ ਜਿਸ ਦਾ ਭਾਵ 'ਕਰਹਿਂ ਖਾਲਸੇ ਕੋ ਸਿਖਰਾਵਨ...... ' ਇਨ੍ਹਾਂ ਤਿੰਨਾਂ ਤੁਕਾਂ ਤੋਂ ਸਪਸ਼ਟ ਪ੍ਰਤੀਤ ਹੋ ਰਿਹਾ ਹੈ।

[2]ਹੱਥ ਵਿੱਚ ਦਿੱਤਾ।

[3]ਮੁੱਢ ਇਕ ਸੀ।

[4]ਲਟਕਾਏ।

ਅਬਿ ਲੌ ਖਰੇ[1] ਦੇਖਿ ਸਿਖ ਆਏ[+] ॥੩੯॥
ਧਰਹਿ ਕਾਮਨਾ ਕਰਹਿ ਜਿ ਨਮੋ।
ਪੂਰਤਿ ਹੈ ਸੋ ਤਰੁ ਇਹ ਸਮੋ।
ਹੁਤੀ ਨਾਥ ਕੈ ਧੇਨੁ ਘਨੇਰੀ[2]।
ਚੋਇ ਦੁਗਧ ਸੋ ਲੇਵੈ ਬੇਰੀ[3] ॥੪੦॥
ਬਛਰੇ ਸੰਗ ਛੋਰਿ ਦੇ ਸੋਈ।
ਅਜ਼ਮਤ ਤੇ ਨ ਚੁੰਘਾਵੈ ਕੋਈ।
ਮਾਟੀ ਬਾਸਨ ਦੇਤਿ ਚੜਾਇ।
ਰੀਝਤਿ ਖਿਚਰੀ ਖੂਬ ਬਨਾਇ ॥੪੧॥
ਫੋਰੇ ਤੇ ਠੀਕਰ ਹੁਇੰ ਤੇਤੇ।
ਨਾਥ ਨਾਥ ਹੁਇੰ ਮਾਨੁਖ ਜੇਤੇ[4]।
ਕਰਾਮਾਤ ਇਹ ਸਕਲ ਗਵਾਈ।
ਤਿਸ ਦਿਨ ਗੋ ਚੁੰਘਾਇ ਸਭਿ ਆਈ ॥੪੨॥
ਰੀਧੇ ਬਾਸਨ ਭਗਨ ਨ ਤੈਸੇ।
ਦਿਨ ਪ੍ਰਤਿ ਕਰਤਿ ਅਚਵਨੋ ਜੈਸੇ।
ਏਕ ਨਿਸਾ ਗੁਰ ਢਿਗ ਥਿਤ ਭਯੋ।
ਅਗਲੇ ਦਿਨ ਸੁ ਆਨ ਥਲ ਗਯੋ ॥੪੩॥
ਧੇਨੁ ਬਤਸ਼ ਲੇ ਸਾਥ ਸਿਧਾਰਾ।
ਅਪਰ ਸਮਾਜ ਤਜਯੋ ਤਹਿਂ ਸਾਰਾ।
ਬਾਸਨ, ਬਸਨ[5], ਸਕਟ ਅਰੁ ਘੋਰਾ।
ਸਹਿਤ ਖਰਾਸ ਗਮਨਤੇ ਛੋਰਾ[6] ॥੪੪॥
ਰਤੀਏ ਗ੍ਰਾਮ ਜਾਇ ਕਰਿ ਬਾਸਾ।
ਨਹਿਂ ਬਖਸ਼ਾਇ ਮਿਲਯੋ ਪ੍ਰਭੁ ਪਾਸਾ।
ਕੀਨਿ ਮੁਕਾਮ ਗੁਰੂ ਭਗਵਾਨ।
ਰੋੜਾ ਇਕ ਬਨੀਓ ਤਿਸ ਥਾਨ ॥੪੫॥
ਦੇਤਿ ਰਸਤ ਕੀਨੀ ਬਹੁ ਸੇਉ।

---

[1]ਖੜੇ (ਬ੍ਰਿਛ)।
[+]ਗੁਰਦਵਾਰਾ ਹੈ, ਜੰਡ ਖੜੇ ਹਨ ਤ੍ਰੈਏ, ਪਿੰਡ ਥੇਹੜੀ ਹੈ ਤੇ ਜ਼ਿਲਾ ਫੀਰੋਜ਼ਪੁਰ ਹੈ।
[2]ਬਹੁਤੀਆਂ ਗਾਈਆਂ।
[3]ਵੇਲੇ ਸਿਰ।
[4](ਉਹ) ਨਾਥ ਤੇ ਹੋਰ ਮਨੁੱਖ ਜਿਤਨੇ ਹੁੰਦੇ ਸਨ ਉਨੇ ਠਿੱਕਰ ਹੋ ਜਾਂਦੇ ਸਨ (ਹਾਂਡੀ ਦੇ)।
[5]ਬਸਤ੍ਰ।
[6](ਆਟੇ ਪੀਹਣ ਵਾਲਾ) ਖਰਾਸ ਵਗਦਾ ਹੀ ਛੋੜ ਗਿਆ। (ਅ) ਜਾਣ ਵੇਲੇ ਛੱਡ ਗਿਆ।

ਖੁਸ਼ੀ ਕਰੀ ਤਿਸ ਪਰ ਗੁਰਦੇਉ।
ਬੂਝਤਿ ਭਯੋ ਨਾਥ ਕੀ ਗਾਥਾ।
'ਕਹਾਂ ਕਰੀ ਰਾਵਰ ਕੇ ਸਾਥਾ? ॥੪੬॥
ਇਸ ਥਲ ਤੇ ਉਠਿ ਕਰਿ ਕਿਤ ਗਯੋ?
ਵਸਤੂ ਬ੍ਰਿੰਦ ਸੁ ਤਜਾਗਤਿ ਭਯੋ।'
ਸੁਨਿ ਕੈ ਸ਼੍ਰੀ ਪ੍ਰਭੁ ਭੇਵ ਬਤਾਯੋ।
'ਨਿਜ ਅਜ਼ਮਤ ਧਰਿ ਉਰ ਗਰਬਾਯੋ ॥੪੭॥
ਤੀਰ ਸੰਗ ਹਮ ਐਂਚਿ ਨਿਕਾਰੀ।
ਉਠਿ ਕਰਿ ਗਯੋ ਲਾਜ ਕਰਿ ਭਾਰੀ।
ਮਿਲਜੋ ਨ ਪੁਨ ਐਕੇ ਬਖਸ਼ਾਯੋ।
ਹੰਕਾਰਤਿ ਨਿਜ ਓਜ ਗਵਾਯੋ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਜੋਗੀ' ਪ੍ਰਸੰਗ ਬਰਨਨੰ ਨਾਮ ਪੰਚ ਦਸਮੋ ਅੰਸੂ ॥੧੫॥

## ੧੬. [ਕਾਂ, ਸਰਪ ਉਧਾਰ। ਬੈਰਾੜਾਂ ਨੇ ਤਨਖਾਹਾਂ ਮੰਗਣੀਆਂ]

੧੫<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੭

ਦੋਹਰਾ: ਬਾਸੁਰ ਕਿਤਿਕ ਮੁਕਾਮ ਕਰਿ, ਪੁਨ ਸ਼੍ਰੀ ਪ੍ਰਭੁ ਹ੍ਵੈ ਤਯਾਰ।
ਜ਼ੀਨ ਤੁਰੰਗਨ ਪਰ ਪਰੇ, ਹੋਤਿ ਭਏ ਅਸਵਾਰ ॥੧॥

ਚੌਪਈ: ਬਿਧਿ ਅਨੇਕ ਪ੍ਰਭੁ ਕਰਤਿ ਅਖੇਰੇ।
ਖੇਲਤਿ ਬਿਚਰਤਿ ਜਾਤਿ ਅਗੇਰੇ।
ਖਸ਼ਟ ਕੋਸ ਪ੍ਰਭੁ ਪਹੁੰਚੇ ਜਾਈ।
ਸੰਗ ਸੈਨ ਸਿੰਘਨਿ ਸਮੁਦਾਈ ॥੨॥
ਤਿਸ ਥਲ ਭੂੰਦੜ ਰਹੈ ਦਿਵਾਨਾ।
ਗੁਰ ਆਗਵਨ ਸੁਨੇ ਹਰਖਾਨਾ।
ਤੂਰਨ ਹੀ ਚਲਿ ਕਰਿ ਸੋ ਆਯੋ।
ਚਰਨ ਕਮਲ ਪਰ ਸੀਸ ਨਿਵਾਯੋ ॥੩॥
ਪੰਚ ਰੁਪੱਯੇ ਥਾਨ ਮਹੀਨ[1]।
ਅੱਗ੍ਰ ਉਪਾਯਨ ਧਰਿ ਕਰਿ ਦੀਨ।
ਉਤਰੇ ਸ਼੍ਰੀ ਪ੍ਰਭੁ ਕੀਨਸਿ ਡੇਰਾ।
ਥਿਰੇ ਸਿੰਘ ਬਾਂਛਤਿ ਥਲ ਹੇਰਾ ॥੪॥
ਬ੍ਰਿੰਦ ਕਲਸ ਪਯ[2] ਕੇ ਭਰਿ ਆਨੇ।
ਭੂੰਦੜ ਸੰਗ ਲਜਾਇ ਮਿਸ਼ਟਾਨੇ।
ਜੇਤਿਕ ਸਿੰਘ ਸਭਿਨਿ ਕੋ ਧਯਾਏ।
ਬਾਰਿ ਬਾਰਿ ਕਹਿ ਕਰਿ ਤ੍ਰਿਪਤਾਏ ॥੫॥
ਅਧਿਕ ਅਧੀਨ ਭਯੋ ਗੁਰ ਆਗੇ।
ਬਾਰਬਾਰ ਪਗ ਪੰਕਜ ਲਾਗੇ।
ਕਹਿਬੋ ਸੁਨਿਬੋ ਬਾਤ ਅਨੇਕੂ।
ਕਰਤਿ ਭਏ ਸ਼੍ਰੀ ਜਲਧਿ ਬਿਬੇਕੂ ॥੬॥
ਗੁਰ ਬੋਲੇ 'ਭੂੰਦੜ! ਹਮ ਚਰੈਂ।
ਅਪਰ ਸਥਾਨ ਬਿਲੋਕਨਿ ਕਰੈਂ।'
ਕਹੈ ਜੋਰਿ ਕਰ 'ਸੇਵ ਬਤਾਓ।
ਦਾਸ ਜਾਨ ਕਰਿ ਮੁਖ ਫੁਰਮਾਓ ॥੭॥
ਦਰਸ਼ਨ ਦਯੋ ਭਾਗ ਧੰਨ ਮੇਰੇ।
ਭਯੋ ਨਿਹਾਲ ਅਨੰਦ ਘਨੇਰੇ।

---

[1]ਬਰੀਕ ਕਪੜੇ ਦਾ ਥਾਨ।
[2]ਦੁੱਧ ਦੇ ਘੜੇ।

ਅਪਨੋ ਜਾਨਿ ਕੀਨਿ ਆਗਮਨੂ।
ਸੰਤ ਉਬਾਰਿ ਦੁਸ਼ਟ ਦਲ ਦਮਨੂ' ॥੮॥
ਖੁਸ਼ੀ ਕਰੀ ਪ੍ਰਭੁ ਭਏ ਅਰੂਢਿ।
ਗਮਨੇ ਮਾਰਗ ਕੋ ਗੁਨ ਗੂਢ।
ਪਹੁੰਚੇ ਨਿਕਟ ਥੇਹੜੀ[1*] ਜਾਣੀ।
ਤਹਿਂ ਤੇ ਚਲਿ ਕਰਿ ਕਾਲ ਝਿਰਾਣੀ ॥੯॥
ਤਹਾਂ ਮਹੀਰੁਹੁ[2] ਖਰੋ ਫਲਾਹੀ।
ਕਾਰੋ ਕਾਕ ਬਸੈ ਤਿਸ ਮਾਂਹੀ।
ਅਵਲੋਕਤਿ ਭਾਖਜੋ ਤਿਸ ਬੇਰ।
'ਧਰਮ ਸਿੰਘ ਤਰੁ ਕੀ ਦਿਸ਼ਿ ਹੇਰਿ ॥੧੦॥
ਨਿਡਜ ਬਨਾਯਹੁ ਬਾਯਸ ਰਹੈ[3]।
ਤੀਨ ਬਤਸ਼ ਇਸ ਕੇ ਬਿਚ ਅਹੈਂ।
ਚੋਂਚ ਪਸਾਰ ਆਇ ਤੁਝ ਓਰੀ।
ਤਿਸ ਕੀ ਗ੍ਰੀਵਾ ਦੇਹੁ ਮਰੋਰੀ ॥੧੧॥
ਅਪਰ ਦੁਹਨ ਕੋ ਕੁਛ ਨ ਕਹੀਜੈ।
ਚਢਿ ਫੁਲਾਹ ਪਰ ਜਾਹੁ ਗਹੀਜੈ।'
ਸੁਨਿ ਗੁਰ ਹੁਕਮ ਗਏ ਜੁਗ ਭ੍ਰਾਤਾ।
ਬਾਇਸ ਬਤਸ਼ ਬਿਲੋਕ ਸ ਤਾਤਾ[4] ॥੧੨॥
ਧਰਮ ਸਿੰਘ ਤਰੁ ਕੇ ਤਰ ਖਰਜੋ।
ਪਰਮ ਸਿੰਘ ਊਪਰ ਤਬਿ ਚਰਜੋ।
ਤੀਨ ਹੁਤੇ ਇਕ ਚੌਂਚ ਪਸਾਰੀ।
ਪਰਖਿ ਲਯੋ ਗਹਿ ਹਾਥ ਮਝਾਰੀ ॥੧੩॥
ਗ੍ਰੀਵਾ ਤੋਰਿ ਤੁਰਤ ਹੀ ਮਾਰਾ।
ਸਭਿਹਿ ਨਿਹਾਰਤਿ ਬਿਸਮਿ ਉਚਾਰਾ।
'ਪਾਤਿਸ਼ਾਹ! ਇਹ ਕਜੋਂ ਮਰਵਾਯੋ?
ਮਰਜੋ ਅਕਾਰਥ ਕਾਜ ਨ ਆਯੋ' ॥੧੪॥
ਸ੍ਰੀ ਮੁਖ ਤੇ ਬਿਰਤੰਤ ਉਚਾਰਾ।
'ਪ੍ਰਥਮ ਲਾਂਗਰੀ ਹੁਤੋ ਹਮਾਰਾ।

---

[1]ਨਾਮ ਪਿੰਡ।
[*]ਪਾ:-ਬੋਹੜੀ। ਸਾਕੀ ਚੌਥੀ ਵਿਚ ਪਾਠ ਥੇਹੜੀ ਹੀ ਹੈ।
[2]ਬ੍ਰਿੱਛ।
[3]ਆਲ੍ਹਣਾ ਬਣਾਕੇ ਕਾਂ ਰਹਿੰਦਾ ਹੈ।
[4]ਕਾਂ ਦੇ ਬੱਚੇ ਤੇ ਉਹਨਾਂ ਦਾ ਪਿਉ।

ਦੇਗ਼ ਗੁਰੂ ਕੀ ਸੇਵਾ ਕਰੈ।
ਸਿੱਖਨਿ ਪਰ ਲੇ ਝਹੀਆਂ[1] ਪਰੈ ॥੧੫॥
ਦੇਤਿ ਅਹਾਰ ਲਰਤਿ ਹੀ ਰਹੈ।
ਨਹਿੰ ਕਿਸ ਹੂੰ ਤੇ ਮਨ ਮੁਦ ਲਹੈ।
ਇਕ ਸਿਖ ਲਰਜੋ ਬਾਤ ਤਿਨ ਕਹਜੋ।
'ਕਰਲ ਕਰਲ ਕਰਤਾ ਨਿਤ ਰਹਜੋ ॥੧੬॥
ਕਾਂ ਕਾਂ ਬਾਇਸ ਕੀ ਸਮ ਬੋਲ।
ਦੇਗ਼ ਬਿਖੈ ਬਹੁ ਪਾਵਤਿ ਰੋਲ[2]।'
ਸਿਖ ਤੇ ਭਯੋ ਸ੍ਰਾਪ ਇਮ ਜਬੈ।
ਕੇਤਿਕ ਦਿਨ ਮਹਿਂ ਮ੍ਰਿੱਤੁ ਬਾ ਤਬੈ ॥੧੭॥
ਕਾਕ ਜੋਨਿ ਮਹਿਂ ਜਨਮਜੋਂ ਆਇ।
ਸਿੱਖਨ ਕੋ ਦੇਖੇ ਉਮਕਾਇ[3]।
ਸੇਵ ਕਰਨ ਕੋ ਫਲ ਅਬਿ ਲਯੋ।
ਕਾਕ ਜੋਨਿ ਤੇ ਛੂਟਤਿ ਭਯੋ ॥੧੮॥
ਅਪਨੋ ਜਾਨਿ ਜੂਨ ਤੇ ਛੋਰਾ।
ਕਰਜੋ ਮੁਕਤਿ ਗਾ ਸੁਰਪੁਰਿ ਓਰਾ।'
ਸੁਨਿ ਸਿੰਘਨਿ ਸ਼੍ਰੀ ਮੁਖ ਤੇ ਗਾਥਾ।
ਬਿਸਮਾਨੇ ਟੇਕਤਿ ਪ੍ਰਭੁ ਮਾਥਾ ॥੧੯॥
ਪੂਰਬ ਦਿਸ਼ਾ ਗ੍ਰਾਮ ਕੀ ਗਏ।
ਤਾਲ ਬਿਸਾਲ ਬਿਲੋਕਤਿ ਭਏ।
ਤਹਿਂ ਇਕ ਸਰਪ[+] ਆਵਤੋ ਧਾਏ।
ਕਰਤਿ ਸ਼ੀਘ੍ਰ ਫਣ ਉਚ ਉਠਾਏ ॥੨੦॥
ਸਤਿਗੁਰ ਬਾਨ ਖੈਂਚਿ ਕਰਿ ਮਾਰਾ।
ਗਿਰਜੋ ਧਰਾਪਰ ਪ੍ਰਾਨ ਬਿਦਾਰਾ।
ਸ਼੍ਰੀ ਮੁਖ ਤੇ ਸਭਿਹੂੰਨਿ ਸੁਨਾਯੋ।
'ਇਹੁ ਮਸੰਦ ਦੀਰਘ ਗਰਬਾਯੋ ॥੨੧॥
ਸਤਿਸੰਗਤਿ ਮਹਿਂ ਨਿਵਜੋ ਨ ਸੀਸ।
ਇਕ ਮਨ ਜਪਯੋ ਨਾਂਹਿ ਜਗਦੀਸ਼।

---

[1]ਕਚੀਚੀਆਂ।
[2]ਰੌਲਾ।
[3]ਉਮਗਦਾ ਹੈ।
[+]ਇਹ ਸਰਪ ਤੇ ਕਾਂ ਉਧਾਰ ਦੀ ਸਾਖੀ ਬੀ ਸਾਖੀ ਪੋਥੀ ਦੀ ਹੈ।

ਗੁਰ ਕੀ ਕਾਰ ਦਰਬ ਬਹੁ ਆਨੇ।
ਸੰਚਿ ਸੰਚਿ ਕਰਿ ਕੀਨਿ ਮਹਾਨੇ ॥੨੨॥
ਸਿਮਰਤ ਧਨਿ ਕੋ ਤਜਿ ਕਰਿ ਪ੍ਰਾਨ।
ਭਯੋ ਸਰਪ ਧਾਰਤਿ ਅਭਿਮਾਨ।
ਹਮ ਕੋ ਹੇਰਿ ਸਮੁਖ ਚਲਿ ਆਵੈ।
ਇਹ ਭੀ ਸਰਪ ਜੂਨ ਛੁਟਕਾਵੈ' ॥੨੩॥
*ਜਾਇ ਗੁਰੂ ਸਰ ਡੇਰਾ ਕੀਨ।
ਹਯਨ ਲਗਾਇ ਉਤਾਰੇ ਜ਼ੀਨ।
ਤਹਿਂ ਸੋਢੀ ਮਿਲਿਬੇ ਕਹੁ ਆਏ।
ਬੰਦਨ ਕਰਿ ਦਰਸ਼ਨ ਹਰਖਾਏ ॥੨੪॥
ਚਾਵਲ ਚੂਨ ਘ੍ਰਿਤਾਦਿਕ ਲਜਾਏ।
ਤ੍ਰਿਨ ਦਾਣਾ ਸਭਿ ਦਯੋ ਪੁਚਾਏ।
ਇੱਤਯਾਦਿਕ ਸੇਵਾ ਸਭਿ ਕਰੀ।
ਖਾਨ ਪਾਨ ਕੀਨਸਿ ਨਿਸ ਪਰੀ ॥੨੫॥
ਸੁਪਤਿ ਜਥਾ ਸੁਖ ਗੁਰ ਭਗਵਾਨ।
ਉਠੇ ਪ੍ਰਾਤ ਕਰਿ ਸੌਚ ਸ਼ਨਾਨ।
ਕਰਯੋ ਕੂਚ ਹਯ ਜ਼ੀਨ ਪਵਾਏ।
ਭਏ ਅਰੂਢਨ ਮਗ ਪਗ ਪਾਏ ॥੨੬॥
*ਕਰਤਿ ਅਖੇਰ ਕ੍ਰਿਪਾਲ ਪਯਾਣੇ।
ਡੇਰਾ ਕਰਯੋ ਗ੍ਰਾਮ ਛਤਿਆਣੇ[1]।
ਨਿਸ ਬਿਤਾਇ ਤਹਿਂ, ਭੇ ਅਸਵਾਰਾ।
ਟਿੱਬਾ ਏਕ ਉਤੰਗ ਨਿਹਾਰਾ ॥੨੭॥
ਬ੍ਰਹਮੀ+ ਇਕ ਫਕੀਰ ਤਹਿਂ ਰਹੇ।
ਤਿਸ ਕੇ ਨਾਮ ਸਥਲ ਸੋ ਕਹੈਂ।
ਚਾਕਰ ਜੇ ਬਿਰਾੜ ਗੁਰ ਰਾਖੇ।
ਮਿਲਿ ਆਪਸ ਮਹਿਂ ਮੂਰਖ ਭਾਖੇ ॥੨੮॥
'ਗੁਰ ਤੇ ਕਯੋਂ ਨ ਚਾਕਰੀ ਲੇਤੇ।
ਬਨੇ ਕਠੋਰ ਬਿਨਾ ਨਹਿਂ ਦੇਤੇ।

---

*ਇਹ ਬੀ ਸਾਖੀ ਪੋਥੀ ਦੇ ਪ੍ਰਸੰਗ ਹਨ।
*ਇਹ ਬੀ ਸਾਖੀ ਪੋਥੀ ਦੇ ਪ੍ਰਸੰਗ ਹਨ।
[1]ਮੁਕਤਸਰ ਤੋਂ ਬਾਰਾਂ ਤੇਰਾਂ ਮੀਲ ਪਰੇ ਹੈ।
+ਬ੍ਰਹਮੀ, ਬਹਮੀ ਪਦ, ਇਬ੍ਰਾਹੀਮ ਦਾ ਸੰਖੇਪ ਹਨ।

ਪੂਰਬ ਕਈ ਬਾਰ ਤੁਮ ਜਾਚੀ।
ਦੈਂ ਹੈ ਦੈਂ ਹੈ ਗਿਰਾ ਉਬਾਚੀ' ॥੨੯॥
ਕੇਚਿਤ ਕਹੈਂ ਨ ਧਨ ਗੁਰ ਪਾਸਾ।
ਕਿਮ ਲੈਬੇ ਕੀ ਕਰਿ ਹਹੁ ਆਸਾ।
ਠਹਿਰੇਂਗੇ ਜਬਿ ਕਿਸ ਇਸਥਾਨਾ।
ਸੰਗਤਿ ਆਵਹਿ ਮੇਲ ਮਹਾਨਾ ॥੩੦॥
ਅਰਪਹਿ ਦਰਬ ਦੇਹਿੰਗੇ ਸੋਈ।
ਇਹਾਂ ਉਜਾਰ ਕਹਾਂ ਤੇ ਹੋਈ[੧]।
ਸੁਨਿ ਕੈ ਕੇਚਿਤ ਬਾਕ ਬਖਾਨੈਂ।
'ਹਮ ਤੌਂ ਔਰ ਕਛੂ ਨਹਿਂ ਜਾਨੈਂ ॥੩੧॥
ਅਬਿ ਤੌਂ ਇਹਾਂ ਖਰੇ ਕਰਿ ਲੇਹਿਂ।
ਲੀਏ ਬਿਨਾ ਨ ਚਲਿਬੇ ਦੇਹਿਂ।
ਗੁਰੂ ਕਰਾਮਾਤੀ ਜਗ ਜਾਨੈ।
ਯਾਂ ਤੇ ਲਘੁ ਦੀਰਘ ਸਭਿ ਮਾਨੈਂ ॥੩੨॥
ਜਬਿ ਅਟਕਾਇ ਲੇਇੰਗੇ ਇਹਾਂ।
ਤਬਿ ਹਮ ਕੋ ਧਨ ਦੈ ਹੈਂ ਮਹਾਂ।
ਨਤੁ ਹ੍ਵੈ ਅਪਰ ਬਾਰਤਾ ਖੋਟੀ।
ਹਮਰੀ ਹੱਦ ਇਹਾਂ ਲਗਿ ਤੋਟੀ[੨] ॥੩੩॥
ਸਭਿ ਬਿਧਿ ਤੇ ਹੈ ਜ਼ੋਰ ਹਮਾਰਾ।
ਚਹੈਂ ਕਰੈਂ ਔਰ ਨ ਰਖਵਾਰਾ[੩]।
ਸਾਬੋ ਕੀ ਹਦ ਅਹੈ ਅਗਾਰੀ।
ਅਬਹਿ ਪ੍ਰਵੇਸ਼ਹਿਂ ਤਿਸਹਿ ਮਝਾਰੀ ॥੩੪॥
ਡੱਲਾ ਮਿਲੈ ਆਨਿ ਬਲ ਭਾਰੀ।
ਸੁਭਟ ਸੈਂਕਰੇ ਬਾਕ ਮਝਾਰੀ[੪]।
ਕਰਹੁ ਜ਼ੋਰ ਸੋ ਚਲਨ ਨ ਦੈਹੈ[੫]।
ਬਹੁਰ ਚਾਕਰੀਂ[੬] ਮੁਸ਼ਕਲ ਪੈਹੈਂ ॥੩੫॥
ਭਲੀ ਬਾਤ ਗੁਰ ਲਿਹੁ ਅਟਕਾਈ।

---

[੧](ਧਨ) ਕਿੱਥੋਂ ਆਊ।
[੨]ਇਥੋਂ ਤਕ ਮੁੱਕ ਜਾਣੀ ਹੈ।
[੩]ਹੋਰ ਇਨ੍ਹਾਂ ਦਾ ਕੋਈ ਰਾਖਾ ਨਹੀਂ।
[੪](ਉਸ ਦੇ) ਹੁਕਮ ਹੇਠਾਂ ਹਨ।
[੫]ਉਹ (ਸਾਡਾ) ਜ਼ੋਰ ਨਹੀਂ ਚੱਲਣ ਦੇਵੇਗਾ।
[੬]ਭਾਵ ਤਨਖਾਹ।

ਇਕ ਇਕ ਦਿਨ ਕੋ ਧਨ ਲਿਹੁ ਪਾਈ।
ਪੁਨਹਿ ਸਮਾ ਜਬਿ ਘਨੋ ਬਿਤਾਵਹਿ।
ਗੁਰ ਤੇ ਦਰਬ ਚਾਕਰੀ ਪਾਵਹਿਂ' ॥੩੬॥
ਇਹ ਮਸਲਤ ਮਿਲਿ ਮੂਢ ਪਕਾਈ।
ਗੁਰ ਮਹਿਮਾ ਨ ਲਖੈਂ ਅਧਿਕਾਈ।
ਦਾਨ ਸਿੰਘ ਇਕ ਬਾਰ ਹਟਾਏ।
'ਇਮ ਨਹਿਂ ਲੇਹੁ ਬੁਰਾ ਹੁਇ ਜਾਏ ॥੩੭॥
ਹਾਥਨਿ ਜੋਰਿ ਜਾਚਨਾ ਕਰੀਏ।
-ਖਰਚ ਦੇਹੁ ਘਰ ਪਠਹਿਂ ਬਿਚਰੀਏ।
ਜਿਸ ਤੇ ਖਾਨ ਪਾਨ ਸਭਿ ਹੋਇ।
ਅਪਰ ਆਮਦਨ ਰਹੀ ਨ ਕੋਇ- ॥੩੮॥
ਦੈ ਹੈਂ ਸਤਿਗੁਰ ਨਾਂਹਿਨ ਰਾਖੈਂ।
[1]ਸਮ ਸੋਂ ਲੇ, ਬੁਰਾ ਨਹਿਂ ਭਾਖੈ[1]।'
ਦਾਨ ਸਿੰਘ ਤੇ ਸੁਨਿ ਬੈਰਾੜ।
ਨਹਿਂ ਮਾਨੇ ਚਹਿਂ ਕਰਨ ਬਿਗਾੜ ॥੩੯॥
'ਅਪਨੀ ਹੱਦ ਬਿਖੈ ਹਮ ਲੈ ਹੈਂ।
ਆਗੇ ਗਏ ਨਹੀਂ ਕਿਮ ਦੈ ਹੈਂ।
ਇਹਾਂ ਜੋਰ ਹਮਰੋ ਅਬਿ ਚਲੈ।
ਜਾਚਹਿਂ ਦਰਬ ਸਰਬ ਹੀ ਮਿਲੈ' ॥੪੦॥
ਕਰਿ ਮਸਲਤ ਇਕਠੇ ਹੁਏ ਫੇਰ।
ਤਜਿ ਤੁਰੰਗ ਗੇ ਗੁਰੂ ਅਗੇਰ।
ਖਰੇ ਭਏ ਆਗੇ ਸਮੁਦਾਈ।
'ਦੇਹੁ ਚਾਕਰੀ ਸਭਿ ਹਮ ਤਾਂਈ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

---
[1]ਸ਼ਾਂਤੀ ਨਾਲ ਲਵੋ ਤੇ ਮਾੜੀ ਗੱਲ ਕਈ ਨਾਂ ਕਹੋ।

## ੧੭. [ਵੈਰਾੜਾਂ ਨੂੰ ਤਨਖਾਹਾਂ ਦਿੱਤੀਆਂ। ਦਾਨ ਸਿੰਘ ਨੂੰ ਅੰਮ੍ਰਿਤ ਛਕਾਯਾ]

੧੬<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੮

ਦੋਹਰਾ: ਬਿਗਰੇ ਬ੍ਰਿੰਦ ਬਿਰਾੜ ਜੜ੍ਹ,
ਗੁਰ ਹਯ ਕੀ ਗਹਿ ਬਾਗ।
ਖਰੇ ਭਏ ਬੋਲੇ ਬਿਮੁਖ,
ਜਿਨ ਕੇ ਸ਼ੁਭ ਨਹਿਂ ਭਾਗ ॥੧॥

ਚੌਪਈ: 'ਦੇਹੁ ਚਾਕਰੀ ਪ੍ਰਭੁ ਹਮਾਰੀ!
ਪੁਨਹਿ ਗਮਨ ਕੋ ਕਰੋ ਅਗਾਰੀ।
ਕਰੀ ਨੌਕਰੀ ਕਿਤਿਕ ਮਹੀਨੇ।
ਨਹੀਂ ਰਜਤਪਣ ਰਾਵਰ ਦੀਨੇ ॥੨॥
ਦਰਬ ਪਠੈ ਚਹਿਂ ਨਿਜ ਘਰ ਮਾਂਹੀ।
ਸਕਲ ਕੁਟੰਬ ਅੰਨ ਲੇ ਖਾਹੀ।
ਇਤਹੁਂ* ਪ੍ਰਤੀਖਤਿ ਹੈ ਪਰਵਾਰਾ[1]।
ਹਮ ਖਾਟਹਿਂ ਸੋ ਕਰਹਿਂ ਅਹਾਰਾ' ॥੩॥
ਸੁਨਿ ਗੁਰ ਕਹ੍ਯੋ 'ਨ ਸ਼ੀਘ੍ਰ ਕਰੀਜੈ।
ਦਿਨ ਦਿਨ ਕੋ ਧਨ ਗਿਨਿ ਗਿਨਿ ਲੀਜੈ।
ਸਦਨ ਪਠਾਵਹੁ ਦੇਰਿ ਨ ਕੋਈ।
ਡੇਰਾ ਜਹਿਂ ਮੁਕਾਮ ਹਮ ਹੋਈ' ॥੪॥
ਆਗਾ ਰੋਕਿ ਖਰੇ ਹੁਇ ਰਹੇ।
ਪੁਨ ਬੈਰਾੜ ਬ੍ਰਿੰਦ ਮਿਲਿ ਕਹੇ।
'ਪੂਰਬ ਜਾਚਾ ਕਰਿ ਕਰਿ ਲਹੋ[2]।
-ਦੈ ਹੈਂ ਦੈ ਹੈਂ- ਦਿਨ ਪ੍ਰਤਿ ਕਹੋ ॥੫॥
ਹਟਹਿਂ ਨ ਆਜ ਲੀਏ ਬਿਨ ਜਾਨੋ।
ਇਸ ਮਹਿਂ ਹੇਤੁ ਔਰ ਇਕ ਮਾਨੋ।
ਇਸੀ ਥਾਨ ਲਗਿ ਹੱਦ ਹਮਾਰੀ।
ਜਿਸ ਤੇ ਜਾਚਤਿ ਹੈਂ ਹਠ ਧਾਰੀ ॥੬॥
ਹੈ ਸਾਬੋ ਕੀ ਸੀਮ[3] ਅਗੇਰੇ।
ਇਹਾਂ ਦੇਹੁ ਧਨ ਗਮਨਹੁ ਫੇਰੇ।
ਹਮ ਤੇ ਅਬਹਿ ਨ ਹੋਤਿ ਸਮਾਈ।

---

*ਪਾ:-ਇਨਹ।
[1]ਇਸ ਪਾਸੇ (ਭਾਵ ਸਾਡੇ ਵੰਨੇ) ਉਡੀਕ ਲਾਈ ਹੋਈ ਹੈ ਪਰਵਾਰਾਂ ਨੇ।
[2]ਪਹਿਲੋਂ (ਕਈ ਵਾਰ) ਮੰਗ ਮੰਗ ਕੇ ਵੇਖ ਲਿਆ ਹੈ।
[3]ਹੱਦ।

ਦਿਏ ਬਿਨਾ ਨ ਚਲਹੁ ਅਗਵਾਈ ॥੭॥
ਹਮ ਨਹਿਂ ਜਾਨ ਦੇਹਿਂਗੇ ਜਾਨੋ।
ਦੈਨੋ ਦਰਬ ਇਸੀ ਥਲ ਠਾਨੋ।'
[1]ਬੇਮੁਖ ਬਨਨਿ ਬੈਨ ਬੈਰਾੜ।
ਬੋਲੇ ਬਾਕ ਬਿਸਾਲ ਬਿਗਾੜ[1] ॥੮॥
ਤਬਿ ਸ਼੍ਰੀ ਮੁਖ ਤੇ ਤਿਨਹਿ ਬਖਾਨਾ।
'ਸੁਨਹੁ ਬਿਰਾੜੋ ਦੇ ਕਰਿ ਕਾਨਾ।
ਕੈ ਗੁਰ ਸਿੱਖੀ ਤੁਮਹੁ ਰਖੀਜੈ।
ਕਿਧੌਂ ਚਾਕਰੀ ਹਮ ਤੇ ਲੀਜੈ ॥੯॥
ਕਰਿ ਨਿਰਨੈ ਸਗਰੇ ਮਿਲਿ ਕਹੋ।
ਸਿੱਖੀ ਲਹੋ ਕਿ ਧਨ ਕੋ ਲਹੋ?'
ਸੁਨਿ ਬੈਰਾੜ ਸਲਾਹ ਕਰੰਤੇ।
ਦਰਬ ਲੋਭ ਕੋ ਰਿਦੇ ਧਰੰਤੇ ॥੧੦॥
ਕਹੈਂ 'ਨਹੀਂ ਗੁਰ ਸਿੱਖੀ ਧਰੈਂ।
ਦਰਬ ਚਾਕਰੀ ਲੈਬੋ ਕਰੈਂ।
ਲਿਏ ਬਿਨਾ ਹਮ ਜਾਨਿ ਨ ਦੈ ਹੈਂ।
ਜਾਨ ਦੇਹਿਂ ਤੌ ਪੁਨ ਕਿਤ ਪੈ ਹੈਂ ॥੧੧॥
ਦਰਬ ਛੋਰਿ ਸਿੱਖੀ ਕਿਮ ਧਾਰੇਂ।
ਕਰਤਿ ਚਾਕਰੀ ਬਿਚਰੇ ਸਾਰੇ[2]।
ਅਪਰ ਹੱਦ ਮਹਿਂ ਹਾਥ ਨ ਆਵੈ।
ਅਪਨਿ ਸੀਮ ਯਾਂ ਤੇ ਅਟਕਾਵੈਂ' ॥੧੨॥
ਸੁਨਿ ਸ਼੍ਰੀ ਪ੍ਰਭੁ ਨਿਜ ਧਨੁਖ ਸੰਭਾਰਾ।
ਸਰ ਬਗਰਾਇ ਗਗਨ ਕੋ ਮਾਰਾ।
ਤੁਰਤ ਘਟਾ ਘਨ ਕੀ ਹੁਇ ਆਈ।
ਬਹੀ ਬਾਉ ਊਚੇ ਗਰਜਾਈ ॥੧੩॥
ਕਰਕਾ ਬਰਖੇ ਜਾਲ ਬਿਸਾਲਾ।
ਅੰਗਨ ਲਾਗੇ ਚੋਟ ਕਰਾਲਾ।
ਬਹੁਰ ਪਰੈ ਬਰਖਾ ਬਹੁ ਬਾਰੀ।
ਪਿਖਿ ਬਿਰਾੜ ਭਾਜੇ ਇਕ ਵਾਰੀ ॥੧੪॥
ਸਘਨ ਬਿਟਪ ਕੇ ਤਰੇ ਖਰੇ ਹੈਂ।

---

[1]ਬੇਮੁਖ ਬਣਨ ਵਾਲੇ ਬੈਨ ਤੇ ਬਹੁਤੇ ਬਿਗਾੜ ਕਰਨ ਵਾਲੇ ਵਾਕ ਬੇਰਾੜ ਬੋਲੇ।
[2]ਵਿਚਰਦੇ ਰਹੇ ਹਾਂ।

ਲੇ ਲੇ ਕਰਿ ਨਿਜ ਓਟ ਥਿਰੇ ਹੈਂ।
ਸਿੰਘਨ ਲੇ ਕੰਬਰ ਬਰ ਤਾਨੇ[1]।
ਸਤਿਗੁਰ ਕੇ ਸਿਰ ਪਰ ਠਹਿਰਾਨੇ ॥੧੫॥
ਸ਼੍ਰੀ ਪ੍ਰਭੁ ਖਪਰਾ ਹਾਥ ਨਿਕਾਰਾ।
ਨਿਜ ਤੁਰੰਗ ਕੇ ਸਿਰ ਪਰ ਧਾਰਾ।
ਕਰਕਾ ਲਗਯੋ ਨ ਹਯ ਪਰ ਕੋਈ।
ਖਰੇ ਰਹੇ ਤਿਸ ਥਲ ਥਿਰ ਹੋਈ ॥੧੬॥
ਕੋਸ ਕੋਸ ਚਹੁਂ ਗਿਰਦੇ ਮਹਾਂ।
ਕਰਕਾ ਜੁਤਿ ਬਰਖਯੋ ਜਲ ਤਹਾਂ।
ਤਿਸ ਥਲ ਹੀ ਡੇਰਾ ਕਰਿ ਦਯੋ।
ਸਭਿ ਵਹੀਰ ਪਾਛਲ ਕੋ ਅਯੋ ॥੧੭॥
ਤਿਸ ਵਹੀਰ ਮਹਿਂ ਇਕ ਸਿਖ ਆਯੋ।
ਖੱਚਰ ਏਕ ਦਰਬ ਕੀ ਲਯਾਯੋ।
ਪਗ ਪੰਕਜ ਪਰ ਬੰਦਨ ਕਰਿ ਕੈ।
ਜੇਤਿਕ ਧਨ ਸੋ ਆਗੇ ਧਰਿ ਕੈ ॥੧੮॥
'ਮਹਾਰਾਜ! ਇਹੁ ਲੇਹੁ ਖਜਾਨਾ।
ਦਿਯੋ ਕੁਬੇਰ ਪੁਚਾਵਨ ਠਾਨਾ।'
ਸ਼੍ਰੀ ਗੁਰ ਕਹਯੋ 'ਗੋਨ ਮੁਖ ਖੋਲਹੁ।
ਸਭਿ ਬੈਰਾੜਨਿ ਕੋ ਅਬਿ ਬੋਲਹੁ' ॥੧੯॥
ਅਪਨੇ ਨਿਕਟ ਲਗਾਯਹੁ ਢੇਰ।
ਆਧੀ ਮੁਹਰ ਰਜਤਪਣ ਹੇਰਿ[2]।
ਇਤਨੇ ਮਹਿਂ ਬੁਲਾਇ ਕਰਿ ਲਯਾਏ।
ਕਰਿ ਪੰਕਤ ਬੈਰਾੜ ਬਿਠਾਏ ॥੨੦॥
'ਲੇਹੁ ਚਾਕਰੀ ਲੇਖਾ ਕਰਿ ਕਰਿ।
ਨਿਜ ਤੇ ਗੁਰ ਸਿੱਖੀ ਕੋ ਹਰਿ ਹਰਿ[3]।
ਆਨੇ ਅਸ਼ਟ ਦਏ ਅਸਵਾਰ[4]।
ਲਿਏ ਪਦਾਂਤੀ ਅਰਧ ਬਿਚਾਰ ॥੨੧॥
ਗਿਨ ਗਿਨ ਦੇਤਿ ਭਏ ਸਭਿਹੂਨਿ।

---

[1]ਸ੍ਰੇਸ਼ਟ ਕੰਬਲ ਤਾਣੇ।
[2]ਅੱਧੀਆਂ ਮੋਹਰਾਂ ਸਨ ਤੇ ਅੱਧੇ ਰੁਪੱਯੇ।
[3]ਦੂਰ ਕਰ ਕਰ ਕੇ।
[4]ਅੱਠ ਆਨੇ ਅਸਵਾਰ ਨੂੰ ਦਿੱਤੇ।

ਪੈਦਲ ਇਕ ਸਊਰ ਕੋ ਦੂਨ।
ਤੁਰੰਗ ਪੰਚ ਸੈ ਗਨਤੀ ਆਏ।
ਨੌ ਸੈ ਪੈਦਲ ਧਨ ਕੇ ਪਾਏ ॥੨੨॥
ਜਬਿ ਸਭਿਹੂੰਨਿ ਚਾਕਰੀ ਲੀਨਿ।
ਦਰਬ ਹੇਰਿ ਕਰਿ ਆਨੰਦ ਪੀਨ।
ਸ਼੍ਰੀ ਮੁਖ ਤੇ ਬੋਲੇ ਹਿਤ ਨਾਲੀ।
'ਆਵਹੁ ਦਾਨ ਸਿੰਘ* ਅਸੁਪਾਲੀ[1] ॥੨੩॥
ਦਰਬ ਚਾਕਰੀ ਕੋ ਬਰਤੰਤੇ।
ਤੁਵ ਸੰਗੀ ਸਭਿ ਲੇਨਿ ਕਰੰਤੇ।
ਤੂੰ ਭੀ ਲਿਹੁ ਲੇਖਾ ਨਿਜ ਕਰਿ ਕੇ।
ਅੱਗ੍ਰ ਨੌਕਰੀ ਕਰਿ ਮੁਦ ਧਰਿ ਕੇ' ॥੨੪॥
ਸੁਨਿ ਕੈ ਦਾਨ ਸਿੰਘ ਕਰ ਜੋਰੇ।
'ਦੂਧ ਪੂਤ ਧਨ ਸਭਿ ਘਰ ਮੋਰੇ।
ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ।
ਅਪਨੋ ਜਾਨਿ ਬਖਸ਼ ਕਰਿ ਲੀਜੈ' ॥੨੫॥
ਪੁਨ ਗੁਰ ਭਨਯੋ 'ਮਿਲਨ ਸੰਗ ਭਾਈ[2]।
ਤਿਨ ਹੀ ਸਮ ਤੁਝ ਕੋ ਬਨਿਆਈ।
ਹਾਨ ਲਾਭ ਤਿਨ ਕੋ ਸਮ ਜਾਨਹੁਂ।
ਭ੍ਰਾਤਨਿ ਤੇ ਬਿਛੁਰਨ ਨਹਿਂ ਠਾਨਹੁਂ ॥੨੬॥
ਜਿਮ ਸਭਿ ਕਰੈਂ ਜੋਗ ਤਿਮ ਕਰਿਬੋ।
ਪ੍ਰਿਥਕ ਹੋਨਿ ਕੀ ਕਯੋਂ ਤ੍ਰਿਟਿ[3] ਧਰਿਬੋ?'
ਦਾਨ ਸਿੰਘ ਕਹਿ 'ਕ੍ਰਿਪਾ ਕਰੀਜੈ।
ਇਨ ਕੇ ਸਾਥ ਨ ਮੋਹਿ ਮਿਲੀਜੈ ॥੨੭॥
ਅਪਰ ਸਰਬ ਕੁਛ ਹੈ ਘਰ ਮੇਰੇ।
ਅਬਿ ਸਿੱਖੀ ਦੀਜਹਿ ਲਖਿ ਚੇਰੇ।'
ਸੁਨਿ ਪ੍ਰਸੰਨ ਹ੍ਵੈ ਕਰਿ ਗੁਰ ਭਾਖਯੋ।
'ਸਿੱਖੀ ਕੋ ਬੀਰਜ ਤੈਂ ਰਾਖਯੋ ॥੨੮॥

---

*ਇਸ ਨੂੰ ਸਾਖੀ ਵਾਲੇ ਤੇ ਕਵੀ ਜੀ ਦੁਇ ਦਾਨ ਸਿੰਘ ਲਿਖ ਰਹੇ ਹਨ, ਪਰ ਇਹ ਅਜੇ ਸਿੰਘ ਨਹੀਂ ਹੈ, ਅਥਵਾ ਸਤਿਗੁਰੂ ਜੀ ਨੇ ਹੁਣ ਇਸ ਨੂੰ ਸਿੰਘ ਸਜਾਉਣਾ ਹੈ ਇਸ ਕਰਕੇ ਹਿਤ ਨਾਲ ਸਿੰਘ ਨਾਉਂ ਕਰਕੇ ਪਹਿਲਾਂ ਹੀ ਬੁਲਾ ਰਹੇ ਹਨ।

[1]ਘੋੜੇ ਪਾਲਣ ਵਾਲਾ।

[2]ਭਰਾਵਾਂ ਨਾਲ ਰਲਣਾ।

[3]ਇੱਛਾ।

ਇਸੀ ਬੀਜ ਤੇ ਸਗਰੇ ਦੇਸ਼।
ਦਿਨ ਦਿਨ ਪ੍ਰਤਿ ਵਧਿ ਜਾਇ ਵਿਸ਼ੇਸ਼।
ਭਲੋ ਦੇਸ ਜੰਗਲ ਕੋ ਕਰਜੋ।
ਬਡ ਉਪਕਾਰ ਕਰਨ ਹਿਤ ਧਰਜੋ ॥੨੯॥
ਜਿਮ ਸਭਿ ਮਾਝੇ ਕੀ ਵਡਿਆਈ।
ਮਹਾਂ ਸਿੰਘ ਨੇ ਰਾਖਿ ਦਿਖਾਈ।
ਦੇਸ਼ ਮਾਲਵੇ ਕੀ ਅਬਿ ਰਾਖੀ।
ਉਪਜਹਿਂ ਸਿੱਖੀ ਕੇ ਅਭਿਲਾਖੀ[+] ॥੩੦॥
ਅਬਿ ਤੂੰ ਜਗਤ ਜੂਠ[1] ਤਜਿ ਦੇਹੁ।
ਬਨਹੁੰ ਸਿੱਖ ਪਾਹੁਲ ਕਹੁ ਲੇਹੁ।'
ਕਹੈ[2] ਸੁ 'ਉਦਰ ਅਫਰ ਮਮ ਜਾਵਹਿ।
ਤਜਹੁੰ ਕਸ਼ਟ ਹੁਇ ਕੌਨ ਬਚਾਵਹਿ' ॥੩੧॥
ਸ਼੍ਰੀ ਮੁਖ ਕਹਜੋ 'ਕਸ਼ਟ ਤੁਵ ਟਾਰੇ।
ਸਿਰ ਪਰ ਕਰੀਅਹਿ ਕੇਸਨਿ ਧਾਰੇ।
ਸਿੱਖ ਸੰਪੂਰਨ ਹੀ ਅਬਿ ਬਨੋ।
ਦੁਰਮਤਿ ਜਗ ਕੀ ਦੀਰਘ ਹਨੋ' ॥੩੨॥
ਸੁਨਿ ਬੋਲਜੋ 'ਕਜੋਂ ਕੇਸ ਰਖਾਵਹੁ।
ਬਿਨਾ ਕੇਸ ਤੇ ਸਿਖ ਲਖਿ ਪਾਵਹੁ।'
'ਦਾਨ ਸਿੰਘ ਸੁਨਿ ਕਾਰਨ ਯਾਂ ਕੋ।
ਹੇਰਹਿਂ ਪਰਜੋ ਨਰਕ ਸਿਖ ਜਾਂ ਕੋ[3] ॥੩੩॥
ਕੇਸਨ ਤੇ ਹਮ ਲੇਹਿਂ ਪਛਾਨ।
ਚਹੈਂ ਬਚਾਵਨ ਕਸ਼ਟ ਮਹਾਂਨ।

---

[+]ਜੋ ਲੋਕ ਮਾਝੇ ਦੇ ਸਿੱਖਾਂ ਦੇ ਡੋਲ ਜਾਣ ਤੇ ਤਰਕ ਕਰਦੇ ਹਨ, ਦੇਖ ਲੈਣ ਕਿ ਮਾਲਵੇ ਨੇ ਬੀ ਉਹੀ ਡੋਲਨਾ ਖਾਧੀ ਹੈ। ਜਿਵੇਂ ਮਹਾਂ ਸਿੰਘ ਨੇ ਮਾਝੇ ਦੀ ਪੈਜ ਰੱਖ ਲਈ ਤਿਵੇਂ ਦਾਨੇ ਨੇ ਮਾਲਵੇ ਦੀ ਰੱਖੀ। ਐਸੇ ਵਾਕਿਆਤ ਪੰਥ ਵਿਚ ਪਾਟਕ ਤੇ ਜ਼ਾਤੀ ਬੋਲ ਵਿਗਾੜ ਦਾ ਕਾਰਨ ਨਹੀਂ ਬਣਨੇ ਚਾਹੀਏ। ਮਾਝਾ ਮਾਲਵਾ ਸਭ ਵੀਰ ਹਨ ਤੇ ਸਤਿਗੁਰੂ ਦੇ ਹਨ। ਮਾਝੇ ਮਾਲਵੇ ਦਾ ਪਾਟਕ ਸਿੱਖ ਰਾਜ ਸਮੇਂ ਸਿੱਖ ਤਾਕਤ ਨੂੰ ਪਾੜ ਦੇਣ ਵਾਸਤੇ ਸੁਾਰਥੀਆਂ ਨੇ ਚਲਾਇਆ ਸੀ। ਫੇਰ ਸਿੱਖ ਰਾਜ ਨੂੰ ਡੋਬਣ ਵਾਲੇ ਸੁਾਰਥੀਆਂ ਨੇ ਸਿੱਖ ਫੌਜ, ਸਿੱਖ ਸਰਦਾਰਾਂ ਤੇ ਟਿੱਕਾ ਨੌ ਨਿਹਾਲ ਸਿੰਘ ਦਾ ਪਾਟਕ ਮਹਾਰਾਜਾ ਖੜਗ ਸਿੰਘ ਨਾਲ ਝੂਠ ਤੁਫਾਨ ਬਣਾ ਬਣਾਕੇ ਪੁਵਾਯਾ ਸੀ। ਇਸੀ ਤਰ੍ਹਾਂ ਪੇਂਡੂ ਸ਼ਹਿਰੀ ਸਿੱਖ ਦੋ ਹਨ ਯਾ ਜੱਟ ਸਿੱਖ ਹੋਰ ਹਨ ਤੇ ਦੂਜੇ ਜਾਤਾਂ ਤੋਂ ਸਜੇ ਹੋਰ ਹਨ, ਸਭ ਸੁਾਰਥੀ ਪਾਟਕ ਪਾਕੇ ਕੌਮ ਨੂੰ ਤਬਾਹ ਕਰ ਰਹੇ ਹਨ। ਹੁਣ ਪੰਥਕ ਜਥੇਬੰਦੀ ਤੋੜਨ ਲਈ ਮਤਾਂ ਦੀ ਸ਼ਕਲ ਵਿਚ ਪਾਟਕ ਪਾਏ ਜਾ ਰਹੇ ਹਨ। ਖਾਲਸਾ ਜੀ ਨੂੰ ਹੋਸ਼ ਕਰਨੀ ਚਾਹੀਏ।
[1]ਤੰਬਾਕੂ।
[2]ਦਾਨੇ ਨੇ ਕਿਹਾ।
[3]ਜਦ ਕੋਈ ਸਿੱਖ ਨਰਕ ਪਿਆ ਦੇਖਾਂਗੇ।

ਕੇਸਨ ਤੇ ਗਹਿ ਤੁਰਤ ਨਿਕਾਰਹਿਂ।
ਅਪਨੀ ਲਾਗੀ ਛਾਪ ਬਿਚਾਰਹਿਂ*' ॥੩੪॥
ਸੁਨਿ ਕੈ ਦਾਨ ਸਿੰਘ ਤਿਸ ਕਾਲਾ।
ਜਿਸ ਕੇ ਮੁਖ ਪਰ ਸ਼ਮਸ਼ ਬਿਸਾਲਾ।
ਦੋਨਹੁਂ ਹਾਥਨ ਗਹਿ ਕਰਿ ਸੋਈ।
ਬੋਲਜੋ ਪ੍ਰਭੁ ਸੋਂ ਸਨਮੁਖ ਹੋਈ ॥੩੫॥
'ਇਸ ਤੇ ਆਪ ਚਿਨਾਰੀ ਧਰੀਅਹਿ।
ਗਹਿ ਕੈ ਸ਼ਮਸ਼ ਨਿਕਾਸਨ ਕਰੀਅਹਿ।'
ਸੁਨਿ ਕੈ ਸਤਿਗੁਰ ਹਾਥ ਰੁਮਾਲ।
ਕਰਿ ਮੁਖ ਆਗੇ ਹਸੇ ਬਿਸਾਲ ॥੩੬॥
[1]'ਬਾਕ ਆਪ ਕੋ ਮੈਂ ਨ ਹਟਾਵੌਂ।
ਸਿਰ ਪਰ ਰਖਿ ਕੈ ਕੇਸ ਵਧਾਵੌਂ।
ਜਗਤਜੂਠ ਤਜਿ ਪਾਹਲੁ ਲੈ ਹੌਂ।
ਗੁਰਸਿੱਖੀ ਕੇ ਪੰਥ ਚਲੈ ਹੌਂ' ॥੩੭॥
ਇਮ ਕਹਿ ਭਯੋ ਪ੍ਰਭੂ ਅਨੁਸਾਰੀ।
ਅੰਮ੍ਰਿਤ ਲੇ ਗੁਰ ਫਤੇ ਉਚਾਰੀ।
ਪੁਨ ਬੈਰਾੜ ਦਰਬ ਕੋ ਪਾਏ।
ਮਿਲਿ ਆਪਸ ਮਹਿਂ ਉਠਿ ਹਰਖਾਏ ॥੩੮॥
'ਧਰਯੋ ਗੁਰੂ ਢਿਗ ਦਰਬ ਘਨੇਰਾ।
ਏਕ ਫਰੇਬ ਕਰਹੁ ਇਸ ਬੇਰਾ।
ਜਿਸ ਤੇ ਪ੍ਰਾਪਤ ਹ੍ਵੈ ਧਨ ਆਨ।'
ਗਏ ਗੁਰੂ ਢਿਗ ਮਸਲਤ ਠਾਨਿ ॥੩੯॥
'ਕਰਨਿ ਚਾਕਰੀ ਜਬਿ ਹਮ ਆਏ।
ਇਕ ਆਯਹੁ ਇਕ ਘਰੋਂ ਟਿਕਾਏ।
ਦ੍ਵੈ ਨੇ ਦ੍ਵੈ ਤੀਨਹੁਂ ਨੇ ਤੀਨ[2]।
ਤਜਿ ਤਜਿ ਸਦਨ ਆਇਬੋ ਕੀਨ ॥੪੦॥
ਯਾਂ ਤੇ ਦੁਹਰੋ ਦਿਹੁ ਦਰਮਾਹਾਂ[3]।
ਜੋ ਹਮ ਜੈ ਕੈ ਦੇਂ ਘਰ ਮਾਹਾਂ।

---

*ਚੋਜ ਭਰੇ ਲਾਡ ਦੇ ਵਾਕ ਹਨ, ਕਵਿਤਾ ਦੇ ਕਟਾਖਜ ਇਸ ਵੇਲੇ ਬੀ ਸ੍ਰੀ ਮੁਖ ਤੋਂ ਫੁੱਲ ਵਾਂਙ ਝੜਦੇ ਹਨ।
[1]ਦਾਨਾ ਬੋਲਿਆ।
[2]ਦੋਹਾਂ ਨੇ ਦੋ ਪਿੱਛੇ ਛੱਡੇ ਤੇ ਤਿੰਨਾਂ ਨੇ ਤਿੰਨ।
[3]ਮਾਹਵਾਰੀ ਤਨਖਾਹ।

ਨਤੁ ਸਭਿ ਤੇ ਧਨ ਆਧੋ ਲੈ ਹੈਂ।
ਕਹਾਂ ਨਿਕਟ ਰਖਿ ਹਮ ਤਬਿ ਖੈ ਹੈਂ ॥੪੧॥
ਗੁਰ ਸਿੱਖੀ ਤੇ ਭੇ ਸਭਿ ਊਨੀ।
ਅਬਿ ਤੇ ਦੇਹੁ ਚਾਕਰੀ ਦੂਨੀ।
ਲੇ ਕਰਿ ਧਨ ਕੁਟੰਬ ਕੋ ਧਾਰਹਿਂ।
ਕਰਹਿਂ ਨੌਕਰੀ ਸੰਗ ਸਿਧਾਰਹਿਂ' ॥੪੨॥
ਸੁਨਿ ਕ੍ਰਿਪਾਲ ਤਿਨ ਕੀ ਬੁਧਿ ਹੀਨ।
ਦਰਮਾਹਾਂ ਦੂਨਾਂ ਤਬਿ ਦੀਨ।
ਸ਼ੇਸ਼ ਰਜਤਪਣ ਅਰੁ ਦੀਨਾਰ।
ਬਚੇ ਸੁ ਗਾਡੇ ਧਰਾ ਮਝਾਰ ॥੪੩॥
ਨਾਮ ਗੁਪਤਸਰ ਥਲ ਕੋ ਰਾਖਜੋ।
-ਦਰਬ ਗੁਪਤ ਆਨਜੋਂ- ਅਭਿਲਾਖਜੋ।
ਨਿਜ ਨਿਜ ਡੇਰਨਿ ਜਾਇ ਬਿਰਾੜ।
ਕਰਹਿਂ ਪਰਸਪਰ ਬਾਤ ਉਘਾੜ ॥੪੪॥
'ਬਰਛੀ ਕੀ ਸੁ ਅਨੀ ਪਰ ਦਰਬੰ[1]।
ਏਕ ਬਾਰ ਲਿਯ ਗੁਰ ਤੇ ਸਰਬੰ।
ਦੂਨੋ ਲਿਯੋ ਸਭਿਨਿ ਦਰਮਾਹਾਂ।
ਬਿਲਮ ਨ ਲਗੀ ਏਕ ਛਿਨ ਮਾਂਹਾ' ॥੪੫॥
ਇਕ ਸਿਖ ਤਿਨ ਤੇ ਸੁਨਿ ਕਰਿ ਗਯੋ।
ਪ੍ਰਭੁ ਸਮੀਪ ਕਹਤਿ ਸੋ ਭਯੋ।
'ਪਾਤਸ਼ਾਹੁ ਬਿਗੜੇ ਬੈਰਾੜ।
ਬਸਿਬੇਹਾਰ ਉਜਾੜ ਸੁ ਝਾੜ[2*] ॥੪੬॥
-ਬਰਛੀ ਅਣੀ ਸਾਥ ਧਨ ਲੀਨ।
ਗੁਰ ਤੇ ਬਿਲਮ ਨ ਲਗਿਬੇ ਦੀਨ-।
ਕਹਿ ਕਹਿ ਆਪਸ ਮਹਿਂ ਬਹੁ ਹਸੈਂ।
ਤੁਮਰੋ ਪ੍ਰੇਮ ਨ ਮਹਿਮਾ ਬਸੈ' ॥੪੭॥
ਸੁਨਿ ਕਰਿ ਸ਼੍ਰੀ ਮੁਖ ਤੇ ਕਹਿ ਤਬੈ।
ਹਮਰੋ ਹੋਇ ਖਾਲਸਾ ਜਬੈ।
ਚੋਟ ਨੋਕ ਕੀ ਕਰਿ ਉਤ ਲੈ ਹੈ ।

---

[1]ਭਾਵ ਆਪਣੇ ਬਲ ਨਾਲ ਧਨ ਮਜਬੂਰ ਕਰਕੇ ਲਿਆ ਹੈ।
[2]ਉਜਾੜ ਦੇ ਝਾੜਾਂ ਵਿਚ।
[*]ਪਾ:-ਮਝਾੜ।

ਦਰਬ ਸਹੰਸ੍ਰ ਗੁਣਾ ਸਭਿ ਦੈਹੈਂ ॥੪੮॥
ਖੋਯੋ ਰਾਜ ਨ ਹੋਹਿ ਜਮੱਯਤ[1]।
ਬਸਹਿੰ ਖਾਲਸੇ ਕੀ ਹੁਇ ਰੱਯਤ।
ਅਪਨੋ ਕਾਰਜ ਆਪ ਬਿਗਾਰਾ।
ਮੂਢ ਅਜਾਨ ਹਰਖ ਪੁਨ ਧਾਰਾ[+] ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬੈਰਾੜਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

---

[1]ਫੌਜਾਂ, ਇਕੱਠ।

[+]ਤਵਾ: ਖਾ: ਵਿਚ ਲਿਖਿਆ ਹੈ ਕਿ ਬੈਰਾੜ ਇਥੋਂ ਚਲੇ ਗਏ ਤੇ ਦਾਨਾ ਸਿੰਘ ੨੦ ਸਾਥੀਆਂ ਸਣੇ ਸੇਵਾ ਵਿਚ ਰਿਹਾ। ਭਾਵ ਇਹ ਕਿ ਮਾਲਵੇ ਵਿਚ ਸਿੱਖ ਰਾਜੇ ਰਾਜ ਕਰਨਗੇ।

## ੧੮. [ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ]

੧੭<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੧੯

ਦੋਹਰਾ: ਬਹਿਮੀ++ ਹੁਤੋ ਫਕੀਰ ਤਹਿਂ, ਮੁਸਲਮਾਨ ਕਾ ਥਾਨ।
ਗੋਰ ਬਣਾਈ ਦੀਰਘਾ, ਮਿਣ ਨੌਂ ਹਾਥ ਪ੍ਰਮਾਣ ॥੧॥
ਚੌਪਈ: ਪ੍ਰਥਮ ਜੀਵਤੇ ਸੋ ਬਨਿਵਾਈ।
ਲਾਇ ਰੇਖਤਾ[1] ਦਿਢ ਕਰਵਾਈ।
ਮੋਰੀ ਅਲਪ ਰਖੀ ਤਿਸ ਮਾਂਹੀ।
ਮਰਣ ਲਗੇ ਪ੍ਰਵਿਸ਼ਨ ਵਿਚ ਤਾਂਹੀ ॥੨॥
ਸੋ ਸਤਿਗੁਰ ਕੇ ਢਿਗ ਚਲਿ ਆਯੋ।
ਪਗ ਪੰਕਜ ਪਰ ਸੀਸ ਨਿਵਾਯੋ।
ਮਣ ਇਕ ਘ੍ਰਿਤ ਸੋ ਮਣ[2] ਮਿਸ਼ਟਾਨ।
ਮਣ ਮੈਦਾ ਦੀਨਸਿ ਤਿਸ ਆਨਿ ॥੩॥
ਅਪਰ ਚੂਨ, ਚਾਵਰ, ਅਰੁ ਦਾਨਾ।
ਦਯੋ ਬਿਨੈ ਜੁਤਿ ਖਾਨ ਰੁ ਪਾਨਾ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਪਰਜੋ ਆਨ ਮੈਂ ਸ਼ਰਣਿ ਤੁਮਾਰੀ ॥੪॥
ਦਾਸ ਆਪਨੋ ਮੋਹਿ ਬਨਾਵਹੁ।
ਕਰਹੁ ਸਿੰਘ ਪਾਹੁਲ ਛਕਵਾਵਹੁ।
ਜਗਤ ਬਿਖੈ ਹੈਂ ਪੰਥ ਘਨੇਰੇ।
ਭਲੀ ਪ੍ਰਕਾਰ ਸਰਬ[3] ਮੈਂ ਹੇਰੇ ॥੫॥
ਪ੍ਰਥਮ ਮੂੰਡਿ ਸਿਰ, ਭੀਖ ਮੰਗਾਵੈਂ।
ਭਲੋ ਭੇਸ ਤੇ ਬੁਰੋ ਬਨਾਵੈਂ।
ਰਾਵਰਿ ਪੰਥ ਸਮਾਨ ਨ ਆਨ।
ਮੈਂ ਪਰਖੀ ਸਭਿ ਰੀਤਿ ਪਛਾਨ[4] ॥੬॥
ਉੱਜਲ ਬੇਸ ਸੁ ਉੱਜਲ ਮਤਾ।
ਸਿਮਰਨ ਸੱਤਿਨਾਮ ਚਿਤ ਰਤਾ।

---

++ਇਬਰਾਹੀਮ ਸ਼ਾਹ ਨਾਮ ਸੀ ਤੇ ਲੋਕੀਂ ਬਹਮੀ ਸ਼ਾਹ, ਬ੍ਰਹਮੀ ਸ਼ਾਹ ਬੋਲਦੇ ਸਨ। ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

[1]ਚੂਨੇਗਚ [ਫਾ:, ਰੇਖਤਹ=ਸੱਚੇ ਵਿਚ ਢਾਲਕੇ ਬਣਾਈ ਸ਼ੈ। ਪੰਜਾ:, ਚੂਨਾ ਜਿਸ ਵਿਚ ਕਲੀ ਤੇ ਹੋਰ ਮਸਾਲਾ ਪਿਆ ਹੋਵੇ। ਚੂਨੇ ਗਚ]।

[2]ਇਕ ਮਣ।

[3]ਸਾਰੇ (ਪੰਥ)।

[4]ਸਭ ਤਰ੍ਹਾਂ ਪਛਾਣਕੇ ਭਾਵ ਚੰਗੀ ਤਰ੍ਹਾਂ ਪਰਖੀ ਹੈ।

ਯਾਂ ਤੇ ਹੈ ਮੇਰੀ ਅਭਿਲਾਖਾ।
ਬਨੌਂ ਸਿੰਘ ਮੈਂ ਯਾਂ ਤੇ ਭਾਖਾ' ॥੭॥
ਸੁਨਿ ਸ਼੍ਰੀ ਪ੍ਰਭੁ ਪ੍ਰਸੰਨਤਾ ਧਾਰੀ।
'ਪੂਰਬ ਭਲੀ ਰੀਤਿ ਤੈਂ ਡਾਰੀ।
ਮੁਸਲਮਾਨ ਹੁਇ ਭਾਵਨ ਧਰੈ।
ਮਿਲਨਿ ਪੰਥ ਮਹਿਂ ਜੇ ਹਿਤ ਕਰੈ ॥੮॥
ਤੌ ਇਹ ਉਚਿਤ ਖਾਲਸੇ ਬੀਚ।
ਪਾਹਲੁ ਲਹੈ ਊਚ ਕੈ ਨੀਚ।'
ਮਾਨ ਸਿੰਘ ਸੋਂ ਹੁਕਮ ਬਖਾਨਾ।
'ਖਰੋ ਹੋਹੁ ਕਰਿ ਸਿੱਖ ਸੁਜਾਨਾ' ॥੯॥
ਲੇ ਆਗਜਾ ਅੰਮ੍ਰਿਤ ਬਨਵਾਯੋ।
ਖਰੇ ਹੋਇ ਤਤਕਾਲ ਛਕਾਯੋ।
ਸ਼੍ਰੀਮੁਖ ਤੇ ਤਬਿ ਨਾਮ ਉਚਰਜੋ।
ਸ਼ੁਭ 'ਅਜਮੇਰ ਸਿੰਘ' ਤਿਹ ਧਰਜੋ ॥੧੦॥
ਵਾਹਿਗੁਰੂ ਜੀ ਕੀ ਕਹਿ ਫਤੇ।
ਭਾ ਕੱਲਜਾਣ ਉਚਿਤ ਮੁਦ ਚਿਤੇ।
ਸਿਮਰਨ ਕਰਨਿ ਲਗਜੋ ਗੁਰ ਕੇਰਾ।
ਗੁਰਬਾਣੀ ਪਠਿ ਸੰਝ ਸਵੇਰਾ ॥੧੧॥
ਤਹਿਂ ਡੇਰਾ ਕਰਿ ਨਿਸਾ ਬਿਤਾਈ।
ਪ੍ਰਾਤਿ ਭਏ ਤਯਾਰੀ ਕਰਿਵਾਈ*।
ਹਯ ਅਰੂਢਿ ਕਰਿ ਚਲੇ ਕ੍ਰਿਪਾਲਾ।
ਸੰਗ ਸੁਭਟ ਗਨ ਆਯੁਧ ਨਾਲਾ ॥੧੨॥
ਕੇਤਿਕ ਕੋਸ ਉਲੰਘ ਕਰਿ ਗਏ।
ਸਾਹਿਬ ਚੰਦ ਗ੍ਰਾਮ ਪਹੁੰਚਏ।
ਸਮਾ ਭਯੋ ਸੁੱਖੇ ਕਹੁ ਆਨਿ।
ਤਹਿਂ ਰਗੜਾਇ ਕਰਤਿ ਭੇ ਪਾਨ ॥੧੩॥
ਸੌਚ ਸੁਚੇਤਾ ਕਰਿ ਪੁਨ ਚਰੇ।
ਕੇਤਿਕ ਗਮਨ ਅੱਗ੍ਰ ਕੋ ਕਰੇ।
+ਗ੍ਰਾਮ ਕੋਟ ਭਾਈ ਕੋ ਜਹਾਂ।
ਡੇਰਾ ਜਾਇ ਕਰਤਿ ਭੇ ਤਹਾਂ ॥੧੪॥

---

*ਇਸ ਥਾਂ ਡੇਰਾ ਇਕ ਦਿਨ ਤੋਂ ਵਧੀਕ ਰਿਹਾ ਹੈ।
+ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਬਸੈਂ ਬਾਣੀਏ ਗੁਰ ਸਿਖ ਦੋਇ।
ਗੁਰ ਆਗਵਨ ਸੁਨਤਿ ਭੇ ਸੋਇ।
ਪ੍ਰਥਮ ਜਾਇ ਪਗ ਬੰਦਨ ਠਾਨੀ।
ਕੁਸ਼ਲ ਪ੍ਰਸ਼ਨ ਸਤਿਗੁਰੂ ਬਖਾਨੀ ॥੧੫॥
ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ।
'ਸੇਵਾ ਕਰਜੋ ਚਹੈਂ ਹਮ ਥਾਰੀ[1++]।
ਕ੍ਰਿਪਾ ਕਰਹੁ ਅਬਿ ਆਗਜਾ ਦੀਜੈ।
ਸੰਗ ਲਾਂਗਰੀ ਮਮ ਕਰਿ ਦੀਜੈ ॥੧੬॥
ਸਕਲ ਦੇਗ਼ ਹਿਤ ਚਹੈਂ ਸੁ ਲਜਾਵੈਂ।
ਕਰਿ ਅਹਾਰ ਪ੍ਰਭੁ ਕੌ ਤ੍ਰਿਪਤਾਵੈਂ।'
ਖੁਸ਼ੀ ਕਰੀ ਅਸ ਹੁਕਮ ਬਖਾਨਾ।
'ਅੰਮ੍ਰਿਤ ਛਕਹੁ ਹੋਹਿ ਕੱਲਜਾਨਾ ॥੧੭॥
ਮਿਲਹੁ ਖਾਲਸੇ ਸੋਂ ਬਨਿ ਰੂਪ।
ਅੰਤ ਸਮੈਂ ਪਦ ਲੇਹੁ ਅਨੂਪ[*]।'
ਸ਼੍ਰੀ ਗੁਰ ਤੇ ਸੁਨਿ ਕਰਿ ਤਿਨ ਮਾਨਾਂ।
ਕਰਿ ਕੜਾਹ ਤੂਰਨ ਤਬਿ ਆਨਾ ॥੧੮॥
ਗਰ ਸ਼ਮਸ਼ੇਰ ਪਾਇ ਕਰਿ ਖਰੇ।
ਵਾਹਿਗੁਰੂ ਸੁ ਮੰਤ੍ਰ ਸੁਖ ਰਰੇ[+]।
ਖਰੇ ਬਿਲੋਕੇ ਗੁਰੂ ਬਖਾਨੇਂ।
'ਉਠਿ ਗੁਰਬਖਸ਼ ਸਿੰਘ ਲਿਹੁ ਮਾਨੇ[2]' ॥੧੯॥
ਸੁਨਿ ਕਰਿ ਹੁਕਮ ਨੀਰ ਅਨਵਾਯੋ।
ਲੇ ਮਿਸ਼ਟਾਨ ਪਤਾਸਨ ਪਾਯੋ।
ਪਢੇ ਸਵੈਯੇ ਸਿੰਘਨ ਪੰਚ[3]।
ਪੂਰਬ ਜਪ, ਅਨੰਦ ਪੁਨ ਬੰਚ ॥੨੦॥
ਝੋਰੜ ਸੰਗਜਾ ਭਾਖੈਂ ਸਬੈ।
ਜੋ ਗੁਰਬਖਸ਼ ਸਿੰਘ ਉਠਿ ਤਬੈ।
ਕਰਿ ਅਰਦਾਸ ਹੁਕਮ ਕੋ ਲੈ ਕੈ।

---

[1]ਆਪ ਜੀ ਦੀ।
[++]ਪਾ:-ਸਾਰੀ।
[*]ਅੰਮ੍ਰਿਤ ਕਲਜਾਨ ਅਰਥ ਛਕਾਇਆ ਜਾਣਾ ਇਸ ਥਾਂ ਤੋਂ ਸਪਸ਼ਟ ਸਿੱਧ ਹੈ।
[+]ਇਥੋਂ ਸਪਸ਼ਟ ਹੋ ਗਿਆ ਕਿ ਅੰਮ੍ਰਿਤ ਗੁਰ ਦੀਖਿਆ ਸੰਸਕਾਰ ਹੈ।
[2]ਭਾਵ ਗੁਰਬਖਸ਼ ਸਿੰਘ ਝੋਰੜ ਨੂੰ ਹੁਕਮ ਹੋਇਆ ਕਿ ਤੂੰ ਅੰਮ੍ਰਿਤ ਛਕਾ, ਦੇਖੋ ਅੰਕ ੨੧।
[3]ਪੰਜਾਂ ਸਿੰਘਾਂ ਨੇ।

ਦ੍ਵੈ ਕੋ ਅੰਮ੍ਰਿਤ ਦਿਯੋ ਛਕੈ ਕੈ ॥੨੧॥
ਪ੍ਰਥਮ ਨਾਮ 'ਰੰਗੀ' ਤਿਸ ਕੇਰਾ।
'ਰੰਗੀ ਸਿੰਘ' ਧਰਯੋ ਤਿਸ ਬੇਰਾ।
'ਘੁੰਮੀ ਸਿੰਘ' ਦੂਸਰੇ ਨਾਮੂ।
ਧਰਤਿ ਭਏ ਸ਼੍ਰੀ ਮੁਖ ਸੁਖ ਧਾਮੂ ॥੨੨॥
ਇਮ ਨਿਹਾਲ ਹੁਇ ਮਸਤਕ ਟੇਕਾ।
ਖੁਸ਼ੀ ਕਰੀ ਤਬਿ ਜਲਧਿ ਬਿਬੇਕਾ।
ਸਭਿ ਡੇਰੇ ਕੀ ਸੇਵਾ ਕੀਨਿ।
ਹਯਨਿ ਚਰਨ ਹਿਤ[1] ਤ੍ਰਿਣ ਗਨ ਦੀਨ ॥੨੩॥
ਖਾਨ ਪਾਨ ਕਰਿ ਸਭਿ ਤ੍ਰਿਪਤਾਏ।
ਸੁਖ ਤੇ ਪੌਢਿ ਰਾਤਿ ਸੁਪਤਾਏ।
ਸੌਚ ਸ਼ਨਾਨ ਹੋਇ ਸਵਧਾਨਾ।
ਭਏ ਅਰੂਢਿ ਅਨਾਇ ਕਿਕਾਨਾ ॥੨੪॥
ਕਰਨ ਅਖੇਰ ਕ੍ਰਿਪਾਲ ਪਧਾਰੇ।
ਸਨੇ ਸਨੇ ਉੱਦਜਾਨ ਸਿਧਾਰੇ।
ਮਨ ਭਾਵਤਿ ਬਿਚਰੇ ਤਿਸ ਬੇਰਾ।
ਕਰਯੋ ਗ੍ਰਾਮ ਸੁਨੀਅਰ[++] ਮਹਿਂ ਡੇਰਾ ॥੨੫॥
ਤਹਿਂ ਬਿਤਾਇ ਨਿਸ ਗਮਨਤਿ ਭਏ।
ਗ੍ਰਾਮ ਰੋਹਲੇ ਉਤਰਨ ਕਏ।
ਤਹਿਂ ਤੇ ਚਢਿ ਪੁਨ ਪੰਥ ਪਯਾਨੇ।
ਗ੍ਰਾਮ ਬਬੀਹੇ ਨਿਕਟ ਸਥਾਨੇ ॥੨੬॥
ਕਰਯੋ ਸਿਵਰ ਉਤਰੇ ਗੁਨ ਧਾਮੂ।
ਨੌਂ ਬਾਸੁਰ ਤਹਿਂ ਕੀਨ ਮੁਕਾਮੂ।
ਤਹਿਂ ਤੇ ਚਢਿ ਬਾਜਕ ਕੋ ਗਏ।
ਸਮੈਂ ਦੇਖਿ ਸੁਖਾ ਛੱਕ ਲਏ ॥੨੭॥
ਗ੍ਰਾਮ ਨਰਨ ਸੁਨਿ ਗੁਰ ਆਗਵਨੂ।
ਪੈ[2] ਬਟੋਰ ਕਰਿ ਸਗਰੇ ਭਵਨੂ।
ਭਰਿ ਭਰਿ ਘਟ ਗਨ ਬਾਹਰ ਲਜਾਏ।
ਕਰਿ ਦਰਸ਼ਨ ਸਭਿ ਸੀਸ ਨਿਵਾਏ ॥੨੮॥

---

[1]ਚਰਨ ਲਈ।
[++]ਪਾ:-ਝੁਨੀਯਰ। ਸਾਖੀ ਪੋਥੀ ਵਿਚ ਪਾਠ ਸੁਨੀਅਰ ਹੀ ਹੈ।
[2]ਦੁੱਧ।

ਪਾਇ ਪਾਇ ਮਿਸ਼ਟਾਨ ਪਿਲਾਵਾ।
ਤ੍ਰਿਪਤਿ ਹੋਇ ਪੀਵਤਿ ਮਨ ਭਾਵਾ।
ਏਕ ਸਿੰਘ ਨੇ ਪਾਨ ਨ ਕੀਨਿ।
ਦੇ ਬਹੁ ਰਹਯੋ ਨਹੀਂ ਕਰ ਲੀਨ ॥੨੯॥
ਬੂਝਯੋ ਸ਼੍ਰੀ ਪ੍ਰਭੁ 'ਕਯੋਂ ਨਹਿਂ ਪੀਨਾ?'
ਕਹੈ ਸਿੰਘ 'ਖੈਬੋ ਪਲ[1] ਕੀਨਾ।
ਧੇਨੁ ਦੁਗਧ ਕੋ ਪੀਵਤਿ ਦੋਸ਼।
ਯਾਂ ਤੇ ਮੈਂ ਨ ਪਿਯੋਂ ਕਰਿ ਹੋਸ਼ ॥੩੦॥
ਜੇ ਮਹਿਖੀ ਕੋ ਹੋਇ ਨਿਰਾਲਾ।
ਤੌ ਮੈਂ ਕਰਿ ਹੌਂ ਪਾਨ ਸੁਖਾਲਾ[*]।'
ਸੁਨਿ ਇਸ ਤੇ ਸਿਖ ਏਕ ਉਚਾਰੇ।
'ਮੈਂ ਲਜਾਵਹੁਂ ਪੈ ਮਹਿਖ ਨਿਰਾਰੇ' ॥੩੧॥
ਗੁਰ ਭਾਖਯੋ 'ਪੀਵਨ ਬਹੁ ਕਰਹੁ।
ਤ੍ਰਿਪਤਹੁ ਭਲੇ ਉਦਰ ਕੋ ਭਰਹੁ।'
ਇਮ ਸ਼੍ਰੀ ਪ੍ਰਭੁ ਕੀਨਸਿ ਤਹਿਂ ਡੇਰੇ।
ਪੈ ਪਿਆਇ ਤ੍ਰਿਪਤਾਇ ਘਨੇਰੇ ॥੩੨॥
        ਪੂਰਬ ਜਬਹਿ ਦਿਵਾਨਾ ਮਾਰਯੋ।
        ਕਿਸ ਨੇ ਸਭਿ ਮਹਿਂ ਜਾਇ ਉਚਾਰਯੋ।
'ਪੰਥ ਤੁਮਾਰੇ ਕੋ ਤਹਿਂ ਗਯੋ।
ਸਿੰਘ ਕ੍ਰਿਪਾਨਝਾਰਿ ਹਤਿ ਦਯੋ' ॥੩੩॥
[+]ਘੁੱਦਾ ਸੁੱਖੂ ਹੁਤੇ ਮਹੰਤ।
ਰਿਸ ਕਰਿ ਮਿਲਿ ਸਭਿ ਕੀਨਿ ਮਤੰਤ।
'ਲਿਹੁ ਪਲਟਾ ਗੁਰ ਤੇ ਚਲਿ ਅਬੈ।'
ਲਏ ਬਟੋਰ ਟੋਰ ਕਰਿ ਸਬੈ ॥੩੪॥
ਇਕਠੇ ਹੁਇ ਪੰਚਾਸ ਦਿਵਾਨੇ।
ਲੈਨਿ ਬੈਰ ਕੋ ਪੰਥ ਪਯਾਨੇ।
ਮਗ ਮਹਿਂ ਕਰਿ ਬਿਚਾਰ ਡਰ ਧਾਰਾ।
'ਸ਼੍ਰੀ ਗੁਰ ਧੀਰ ਬੀਰ ਬਲਿ ਭਾਰਾ ॥੩੫॥

---

[1]ਮਾਸ।

[*]ਹਰ ਚੰਗੀ ਗੱਲ ਵਹਿਮ ਬਣ ਜਾਇਆ ਕਰਦੀ ਹੈ। ਕੋਈ ਪੁਰਾਤਨ ਵੇਦਾਂ ਦਾ ਤਜਰਬਾ ਹੈ ਕਿ ਮਾਸ ਮੱਛੀ ਦੇ ਨਾਲ ਉਸੇ ਵੇਲੇ ਦੁੱਧ ਨਹੀਂ ਪੀਂਦੇ। ਪਰ ਇਹ ਗਾਂ ਮਹਿਂ ਦੇ ਦੁੱਧ ਦਾ ਵੇਰਵਾ ਉਸ ਅਸੂਲ ਤੇ ਕੋਈ ਲੋਕੋਕਤੀ ਜਾਪਦੀ ਹੈ। ਮੱਛੀ ਨਾਲ ਉੱਸੇ ਵੇਲੇ ਦੁੱਧ ਨਾ ਪੀਣਾ ਸੈਮਿਟਿਕ ਕੌਮਾਂ ਵਿੱਚ ਬੀ ਪਰਵਿਰਤ ਸੀ ਤੇ ਹੈ।

[+]ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਤਿਸ ਆਗੇ ਕਜਾ ਸ਼ਕਤਿ ਹਮਾਰੀ।
ਅੱਗ੍ਰ ਨਿਵੈਂ ਜਿਸ ਖਲਕਤ ਸਾਰੀ।'
ਇਮ ਉਰ ਅਰਧ ਸਮੁਝਿ ਮੁੜਿ ਗਏ।
ਰਹੇ ਪਚੀ ਸੋ ਗਮਨਤਿ ਭਏ ॥੩੬॥
ਕਿਤਿਕ ਦੂਰ ਚਲਿਬੋ ਤਬਿ ਕਰੇ।
ਤ੍ਰੌਦਸ ਡਰ ਕੋ ਧਰਿ ਹਟਿ ਪਰੇ[1]।
ਜੁਗ ਮਹੰਤ ਕਰਿ ਧੀਰ ਪਯਾਨੇ।
ਦਸ ਪੁਨ ਹਟੇ ਗੁਰੂ ਡਰ ਮਾਨੇ[2] ॥੩੭॥
ਸੁੱਖੂ ਅਰ ਬੁੱਧੂ ਦ੍ਵੈ ਰਹੇ।
ਸਭਿ ਸੰਗਨਿ ਕੀ ਗਤਿ ਕੋ ਲਹੇ[3]।
ਢੱਡ ਸਾਰੰਗੀ ਦੋਨਹੁਂ ਕਰ ਤੇ।
ਧਰੀ ਕਹੂੰ ਸ਼ੰਕਾ ਉਰ ਧਰਿਤੇ ॥੩੮॥
-ਲੈਨੋ ਬੈਰ ਰਹਯੋ ਕਿਤ ਦੂਰ।
ਦਰਸ਼ਨ ਕਰੀਅਹਿ ਚਲੋ ਹਦੂਰ-।
ਇਮ ਬਿਚਾਰਿ ਗੇ ਮਸਤਕ ਟੇਕਾ।
ਪਿਖਿ ਤਿਨ ਬੋਲੇ ਜਲਧਿ ਬਿਬੇਕਾ ॥੩੯॥
'ਹਾਥਨ ਤੇ ਧਰਿ ਕਹਾਂ ਦੁਰਾਈ।
ਲੇ ਆਵਹੁ ਤਿਨ ਕੋ[4] ਅਬਿ ਜਾਈ।
-ਅੰਤਰਜਾਮੀ ਸਭਿ ਗੁਰ ਜਾਨੀ-।
ਇਮ ਲਖਿ ਉਠਿ ਦੋਨਹੁਂ ਪੁਨ ਆਨੀ ॥੪੦॥
ਢੱਡ ਸਾਰੰਗੀ ਜਬਿ ਲੇ ਆਏ।
ਦੋਨਹੁਂ ਖਰੇ ਭਏ ਅਗਵਾਏ।
ਪ੍ਰਭੁ ਬੋਲੇ 'ਤੁਮ ਗਾਇ ਸੁਨਾਵਹੁ।
ਜਥਾ ਹਮੇਸ਼ ਅਪਰ ਥਲ ਗਾਵਹੁ' ॥੪੧॥
ਸੁਨਿ ਕਰਿ ਹੁਕਮ ਦਿਵਾਨੇ ਦੋਊ।
ਕਰੀ ਸਾਰੰਗੀ ਸੁਰ ਮਿਲਿ ਸੋਊ।
ਜੰਗਲ ਦੇਸ਼ ਸੱਦ[5] ਹੁਇ ਜੈਸੇ।
ਊਚੇ ਸੁਰ ਗਾਵਨ ਲਗਿ ਤੈਸੇ ॥੪੨॥

---
[1]ਮੁੜ ਪਏ।
[2]ਫੇਰ ਦਸ ਬੀ ਹਟ ਆਏ ਗੁਰੂ ਜੀ ਦਾ ਡਰ ਮੰਨਕੇ।
[3]ਨਾਲਦਿਆਂ ਦੀ ਦਸ਼ਾ ਦੇਖਦੇ ਹੋਏ।
[4]ਭਾਵ ਢੱਡ ਸਾਰੰਗੀ।
[5]ਲੰਮੀ ਹੇਕ ਦੇ ਟੱਪੇ ਯਾ ਛੋਟੇ ਗੀਤ ਨੂੰ ਸੱਦ ਕਹਿੰਦੇ ਹਨ।

ਕੱਚਾ ਕੋਠਾ ਵਿਚ ਵਸਦਾ ਜਾਨੀ ॥
ਸਦਾ ਨ ਮਾਪੇ ਨਿਤ ਨਹੀਂ ਜੁਆਨੀ ॥
ਚਲਣਾ ਆਗੇ ਹੋਇ ਗੁਮਾਨੀ* ॥

ਚੌਪਈ: ਸੁਨਿ ਸ਼੍ਰੀ ਮੁਖ ਤੇ ਬਹੁਰ ਉਚਾਰੇ।
ਤਿਸੀ ਰੀਤਿ ਕਹੁ ਫੇਰ ਪੁਕਾਰੇ।
ਢੱਡ ਸਾਰੰਗੀ ਮੇਲ ਬਜਾਓ।
ਊਚੇ ਸੁਰ ਸੋਂ ਗਾਇ ਸੁਨਾਓ' ॥੪੩॥
ਮਾਨਜੋਂ ਹੁਕਮ ਫੇਰ ਤਿਨ ਗਾਯੋ।
ਊਚੇ ਸੁਰ ਸੋਂ ਭਲੇ ਸੁਨਾਯੋ।
ਭਏ ਖੁਸ਼ੀ ਪ੍ਰਭੁ ਫੇਰ ਗਵਾਯੋ।
ਤੀਨ ਬਾਰ ਤਿਮ ਹੀ ਕਹਿਵਾਯੋ ॥੪੪॥
ਬਸੇ ਰਾਤਿ ਕਰਿ ਖਾਨ ਰੁ ਪਾਨਾ।
ਭਈ ਪ੍ਰਾਤਿ ਗੁਰ ਚਹਸਿ ਪਯਾਨਾ।
ਤਬਿ ਸੁੱਖੂ ਬੁੱਧੂ ਹੁਇ ਖਰੇ।
ਇਮ ਅਰਦਾਸ ਜੋਰਿ ਕਰ ਕਰੇ ॥੪੫॥
'ਹਮ ਪਰ ਪ੍ਰਭੁ ਕੀਜੈ ਅਸਵਾਰੀ।
ਜਿਮ ਕੀਨੀ ਮਗ ਚਲਤ ਅਗਾਰੀ[1]।
ਇਹੀ ਭਾਵਨਾ ਪੂਰਨ ਕਰੀਅਹਿ।
ਅਪਨੇ ਜਾਨਿ ਦਯਾ ਉਰ ਧਰੀਅਹਿ' ॥੪੬॥
ਸੁਨਿ ਗੁਰ ਪਲੰਘ ਅਪਨਿ ਉਠਵਾਯੋ।
ਸੁਖੂ ਬੁੱਧੂ ਸੀਸ ਲਗਾਯੋ।
ਦੁਇ ਸਿਖ ਅਪਰ ਲਗੇ ਹੈ ਸੰਗ।
ਗਮਨੇ ਗੁਰੂ ਉਠਾਇ ਉਤੰਗ ॥੪੭॥
ਸੁੱਖੂ ਕੇ ਸਿਰ ਜਥਾ ਨਗਾਰਾ।
ਸਮ ਡੰਕੇ ਹਾਥਨ ਗਹਿ ਮਾਰਾ।
ਮੁਖ ਤੇ ਧੌਂ ਧੌਂ ਕਰਤਿ ਸਿਧਾਰੇ[2]।
ਚਲੇ ਜਾਤਿ ਮਾਰਗ ਅਗਵਾਰੇ ॥੪੮॥
ਕਰ ਤੇ ਗੁਰੂ ਬਜਾਵਨ ਠਾਨੈ।

---

*ਤਵਾਰੀਖ ਖਾਲਸਾ ਵਿਚ ਪਾਠ ਹੈ:-ਚਲਣਾ ਅੱਗੇ ਕਿਉਂ ਭਇਓਂ ਗੁਮਾਨੀ? ਹੋਹੁ ਸਿਆਣਾ ਨਹੀਂ ਪਗੂ ਸਿਦਾਨੀ। ਸਾਖੀ ਪੋਥੀ ਵਿਚ ਸੱਦ ਦਾ ਇਹ ਤੀਸਰਾ ਚਰਨ ਹੈ ਨਹੀਂ।

[1]ਭਾਵ ਜਿਵੇਂ ਪਿੱਛੇ (ਮਾਛੀਵਾੜੇ ਤੇ) ਪਲੰਘ ਪਰ ਚੜ੍ਹਕੇ (ਨੀਲੇ ਪਹਿਨਕੇ) ਸਫਰ ਕੀਤਾ ਸੀ।

[2]ਭਾਵ ਗੁਰੂ ਜੀ ਸੁੱਖੂ ਦੇ ਸਿਰ ਤੇ ਨਗਾਰੇ ਵਾਂਗੂ ਤਾਲ ਨਾਲ (ਸਹਿਜੇ ਸਹਿਜੇ) ਹੱਥ ਮਾਰਦੇ ਹਨ ਤੇ ਉਹ ਨਗਾਰੇ ਵਾਂਗੂ ਧੌਂ ਧੌਂ ਬੋਲਦਾ ਹੈ।

ਧੌਂ ਧੌਂ ਸੁਖੁ ਮੁਖਹੁੰ ਬਖਾਨੈ।
ਇਸੀ ਪ੍ਰਕਾਰ ਕੋਸ ਇਕ ਗਏ।
ਤਹਿਂ ਸਤਿਗੁਰੂ ਉਤਰਤੇ ਭਏ ॥੪੯॥
ਕਰੀ ਭਾਵਨਾ ਪੂਰਨ ਤਾਂਹੀ।
ਡੇਰਾ ਕਰਯੋ ਨੀਕ ਥਲ ਮਾਂਹੀ।
ਥਿਰੇ ਪਲੰਘ ਪਰ ਜਲਧਿ ਬਿਬੇਕਾ।
ਸੁੱਖੂ ਆਨਿ ਮਾਥ ਪਗ ਟੇਕਾ ॥੫੦॥
ਦੇਤਿ ਪ੍ਰਦਛਨਾ ਧਾਵਤਿ ਡੋਲਤਿ।
ਊਂਘਾ ਊਂਘਾ ਮੁਖ ਤੇ ਬੋਲਤਿ[੧]।
ਹਾਰ ਪਰਯੋ ਜਬਿ ਦੌਰਤਿ ਦੌਰਤਿ।
ਆਗੇ ਗਿਰਯੋ ਗੁਰੂ ਕੇ ਬੌਰਤਿ[੨] ॥੫੧॥
ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਠਾਨਾ।
ਕਹਯੋ 'ਕਰਾਵਹੁ ਇਸੇ ਸ਼ਨਾਨਾ।'
ਆਨਿ ਨੀਰ ਕੋ ਪਕਰਿ ਉਠਾਯੋ।
ਸਰਬ ਦੇਹ ਤੇ ਭਲੇ ਨੁਹਾਯੋ ॥੫੨॥
ਸੁਧਿ ਆਈ ਬੋਲਯੋ ਤਿਸ ਬੇਰਾ।
'ਮੱਜਨ ਕਯੋਂ ਕਰਵਾਇਸਿ ਮੇਰਾ?
ਉਪਜਯੋ ਉਰ ਮੈਂ ਬਡ ਬੈਰਾਗਾ[੩]।
ਅਬਿ ਘਟ ਗਯੋ ਭਯੋ ਲਘੁ ਭਾਗਾ[੪] ॥੫੩॥
ਉਚਿਤ ਨਹੀਂ ਥੋ ਕਰਨ ਸ਼ਨਾਨਾ।'
ਸੁਨਿ ਧੀਰਜ ਸਤਿਗੁਰੂ ਬਖਾਨਾ।
ਦਯੋ ਰਜਤਪਣ ਇਕ ਚੌਕੂਨ[੫]।
'ਰਹੁ ਪੂਜਤਿ ਪੁਨ ਹੋਇ ਦੁਗੂਨ[੬]' ॥੫੪॥
ਸੋ ਦੇ ਕਰਿ ਪ੍ਰਭੁ ਰੁਖਸਦ ਕੀਨਾ।
ਡੇਰੇ ਗਯੋ ਰੰਗ ਗੁਰ ਭੀਨਾ।

---

[੧]'ਊਂਘਾ' 'ਊਂਘਾ' ਇਸ ਤਰ੍ਹਾਂ ਦੀ ਆਵਾਜ਼ ਬੋਲਦਾ ਹੈ। ਸਾਖੀ ਪੋਥੀ ਵਿਚ ਪਾਠ ਐਉਂ ਹੈ:-ਸੁੱਖੂ ਮੱਥਾ ਟੇਕਕੇ ਪਰਕੰਮਿਆਂ ਦੇਣ ਲਗਾ। ਨਾਲੇ ਕਰਦਾ ਫਿਰੇ ਊਘਾਂ ਊਘਾਂ ਭੱਨਾਂ ਫਿਰੇ, ਫੇਰ ਹਾਰਕੇ ਡਿੱਗ ਪਇਆ। (ਅ) ਊਂਘ ਵਿਚ ਜਿਵੇਂ ਬੋਲੀਦਾ ਹੈ ਤਿਵੇਂ।

[੨]ਬੌਰਾ ਹੋਕੇ।

[੩](ਇਸ਼ਨਾਨ ਤੋਂ ਪਹਿਲਾਂ) ਦਿਲ ਵਿਚ ਵੱਡਾ ਵੈਰਾਗ ਪੈਦਾ ਹੋਇਆ ਸੀ।

[੪]ਹੁਣ ਉਹ ਘਟ ਗਿਆ ਹੈ, ਤੇ ਥੋੜਾ ਜਿਹਾ ਹਿੱਸਾ (ਉਸ ਦਾ) ਹੋ ਗਿਆ ਭਾਵ ਰਹਿ ਗਿਆ ਹੈ। (ਅ) ਭਯੋ ਲਘੁ ਭਾਗਾ=ਤੁੱਛ ਪੁੰਨਾਂ ਵਾਲਾ ਹੋਇਆ ਹਾਂ।

[੫]ਚਾਰ ਕੋਨਿਆਂ ਵਾਲਾ।

[੬]ਫੇਰ ਦੁਗਣਾ (ਵੈਰਾਗ) ਹੋ ਜਾਏਗਾ। (ਅ) ਦੁਗਣਾ (ਧਨ) ਹੋ ਜਾਵੇਗਾ।

ਅਬਿ ਲਗਿ ਸੋ ਚਹੁਕੂਨ ਰੁਪੱਯਾ।
ਬੰਦਨ ਕਰਹਿਂ ਕਾਮਨਾ ਪੱਯਾ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੀਵਾਨੇ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋਂ ਅੰਸੂ ॥੧੮॥

## ੧੯. [ਸ੍ਵੇਤ ਸਰ। ਤਲਵੰਡੀ ਡੱਲੇ ਪਾਸ]

੧੮<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੦

ਦੋਹਰਾ: *ਡੇਰਾ ਜੱਸੀ ਗ੍ਰਾਮ ਭਾ, ਤਹਿਂ ਇਕ ਤਾਲ ਬਿਸਾਲ।
ਸ਼ਸਤ੍ਰ ਬਸਤ੍ਰ ਕੇ ਸਹਿਤ ਗੁਰ, ਭੇ ਪ੍ਰਵੇਸ਼ ਤਿਸ ਕਾਲ ॥੧॥

ਚੌਪਈ: ਤਟ ਉਰਾਰ ਤੇ ਭਏ ਪ੍ਰਵੇਸ਼ੂ।
ਉਲੰਘੇ ਤਤਛਿਨ ਤਾਲ ਅਸ਼ੇਸ਼ੂ।
ਰੰਗਦਾਰ ਪੋਸ਼ਿਸ਼ ਸਰਬੰਗ।
ਮੁਸ਼ਕੀ ਚੰਚਲ ਤਰੇ ਤੁਰੰਗ ॥੨॥
ਪਰਲੇ ਤੀਰ ਜਾਇ ਥਿਰ ਭਏ।
ਹਯ ਪੋਸ਼ਿਸ਼ ਉੱਜਲ[1] ਹ੍ਵੈ ਗਏ।
ਲੋਕ ਹਜ਼ਾਰਹੁਂ ਪਿਖਿ ਬਿਸਮਾਏ।
ਢਿਗ ਸਗਰੇ ਹੁਇ ਬਾਕ ਅਲਾਏ ॥੩॥
'ਕੌਤਕ ਕਹਾਂ ਆਪ ਦਰਸਾਯਹੁ।
ਬਸਤ੍ਰ ਤੁਰੰਗ ਸੁਪੇਦ ਬਨਾਯਹੁ।
ਸਿਰ ਦਸਤਾਰ ਰਹੀ ਸੁਰਮਈ।'
ਸੁਨਿ ਸ਼੍ਰੀ ਪ੍ਰਭੁ ਸਭਿ ਸਨ ਕਹਿ ਦਈ ॥੪॥
'ਬਿਚਰਤਿ ਰਾਮ ਚੰਦ ਇਤ ਆਏ।
ਇਹਾਂ ਸ਼ਨਾਨ ਕੀਨਿ ਹਰਖਾਏ।
ਤਬਿ ਕੋ ਇਹ ਤੀਰਥ ਬਹੁ ਪਾਵਨ।
ਪੁਰਬੀ ਸਮਾ, ਕੀਯੋ ਹਮ ਪਾਵਨ[2] ॥੫॥
ਯਾਂ ਤੇ ਬਿਸਦ ਬਸਤ੍ਰ ਹਯ ਭਯੋ[3]।
ਪੁਰਬੀ ਤੇ ਫਲ ਪਾਵਨ ਕਯੋ।
ਬੱਗਾ ਸਰ ਤੀਰਥ ਕੋ ਨਾਮੁ[+]।

---

*ਇਹ ਸਾਖੀ ਪੋਥੀ ਦੀ ਸਾਖੀ ਹੈ।

[1]ਚਿੱਟੇ।

[2]ਸਮਾਂ ਪੁਰਬੀ ਦਾ ਸੀ ਪਵਿੱਤ੍ਰ ਅਸਾਂ ਨੇ ਕੀਤਾ ਹੈ।

[3]ਇਸ ਕਰਕੇ ਕਪੜੇ ਤੇ ਘੋੜਾ ਚਿੱਟੇ ਹੋ ਗਏ ਹਨ।

[+]ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਹ ਸ੍ਵੇਤਸਰ ਤੀਰਥ ਹੈ ਰਾਮ ਦੇ ਪੁੱਤਾਂ ਦਾ ਪਾਪ ਇਥੇ ਤਰਕੇ ਹਟਿਆ ਸੀ। ਤੀਰਥ ਲੋਪ ਸੀ ਅਸਾਂ ਅੱਜ ਨਹਾਕੇ ਤੇ ਇਹ ਕੌਤਕ ਦੱਸਕੇ ਪ੍ਰਗਟ ਕੀਤਾ ਹੈ। ਇਹ ਤਾਂ ਠੀਕ ਹੈ ਕਿ ਉਥੇ ਸਤਿਸੰਗ ਕੀਰਤਨ ਥਾਪ ਦਿੱਤਾ ਤੇ ਹੁਣ ਤਕ ਗੁਰਦਵਾਰਾ ਹੈ, ਸਰ ਬੀ ਹੈ, ਬਠਿੰਡੇ ਦੇ ਇਲਾਕੇ ਵਿਚ ਹੈ। ਪਰ ਕੌਤਕ ਗੁਰੂ ਜੀ ਦਾ ਆਪਣਾ ਹੈ, ਪੂਰਬੀ ਵਾਲੀ ਗੱਲ ਬਾਤ ਲੋਕਾਂ ਮਗਰੋਂ ਚਲਾਈ ਹੈ। ਕਵੀ ਜੀ ਦੇ ਲਿਖੇ ਮੂਜਬ ਨੀਲੇ ਬਸਤ੍ਰ ਬੀ ਪਿੱਛੇ ਉਤਾਰ ਆਏ ਹਨ, ਪਰ ਸਾਖੀ ਪੋਥੀ ਵਿਚ ਦੀਵਾਨਿਆਂ ਵਾਲੀ ਸਾਖੀ ਵਿਚ ਨੀਲੇ ਕਪੜੇ ਫਿਰ ਪਹਿਨੇ ਲਿਖੇ ਹਨ, ਯਥਾ:-'ਅੱਗ ਕੋਸ਼ਕ ਤੋਂ ਗੁਰੂ ਜੀ ਘੋੜੇ ਉਤੇ ਅਸਵਾਰੀ ਕੀਤੀ। ਓਸਕਾ ਬਾਉ ਕਰਕੇ ਚੜ ਸੇ ਪਲੰਘ ਉਪਰ। ਸੁੱਖੂ ਨੇ ਆਖਿਆ ਸੀ ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ ਸੋ ਦਿਖਾਓ। ਮੰਜੇ ਉਤੇ ਚੜ੍ਹੇ ਨੀਲੀ ਪੋਸ਼ਾਕ ਪਹਿਰੀ, ਓਸ ਨੂੰ ਰਾਜੀ ਕੀਤਾ।

ਪਾਵਨ ਅਧਿਕ ਸਪਰਸੇ ਰਾਮੂ' ॥੬॥
ਸੁਨਿ ਕੈ ਸਿਖ ਤਬਿ ਸਰਬ ਨਹਾਏ।
ਸ਼੍ਰੀ ਗੁਰ ਤਿਨ ਸੋਂ ਬਹੁਰ ਜਨਾਏ।
'ਪੁਰਬੀ ਸਮਾ ਗਯੋ ਟਰਿ ਅਬੈ।
ਨਹੀਂ ਮਹਾਤਮ ਪ੍ਰਾਪਤਿ ਸਬੈ' ॥੭॥
ਚਲਿ ਕਰਿ ਪੁਨ ਡੇਰੇ ਮਹਿਂ ਆਏ।
ਖਰੇ ਹੋਇ ਕਹਿ ਸਭਿਨਿ ਸੁਨਾਏ।
'ਜੱਸੀ ਆਇ ਚਲੇ ਗੁੜ ਖਾਇ ਚਲੇ।
ਜੱਸੀ ਆਇ ਚਲੇ ਗੁੜ ਖਾਇ ਚਲੇ' ॥੮॥
ਦੁਇ ਤ੍ਰੈ ਬਾਰੀ ਕਹ੍ਯੋ ਸੁਨਾਈ।
ਤੂਸ਼ਨਿ ਰਹੇ ਸਕਲ ਬਿਸਮਾਈ।
ਬੀਤ ਗਈ ਜਬਿ ਘਟਿਕਾ ਚਾਰੀ।
ਉਤਰਿ ਥਿਰੀ ਸੈਨਾ ਤਬਿ ਸਾਰੀ ॥੯॥
ਏਕ ਲੁਬਾਣਾ ਤਹਿਂ ਚਲਿ ਆਯੋ।
ਬੈਲਨ ਬ੍ਰਿੰਦ ਸੰਗ ਮੈਂ ਲਜਾਯੋ।
ਕਰਤਿ ਫਿਰਤਿ ਗੁੜ ਕੋ ਵਾਪਾਰਾ।
'ਉਤਰੇ ਗੁਰੂ' ਸੁਨਤਿ ਮੁਦ ਦਾਰਾ ॥੧੦॥
ਪੱਕਾ ਤੀਸ ਮਣਾ ਗੁੜ ਲਜਾਇ।
ਸ਼੍ਰੀ ਗੁਰ ਆਗੈ ਭੇਟ ਚੜ੍ਹਾਇ।
ਕਰਿ ਬੰਦਨ ਕੋ ਦਰਸ਼ਨ ਪਾਯੋ।
ਰਿਦੇ ਅਨੰਦ ਜਨਮ ਸਫਲਾਯੋ ॥੧੧॥
ਖੁਸ਼ੀ ਕਰੀ ਗੁਰ ਪੂਰੀ ਆਸਾ।
ਅੰਤ ਸਮੈਂ ਕੋ ਦੇ ਭਰਵਾਸਾ।
ਨਿਕਟ ਗੁਰੂ ਕੇ ਕੀਨਸਿ ਡੇਰਾ।
ਏਕ ਨਿਸਾ ਕੋ ਕੀਨਿ ਬਸੇਰਾ ॥੧੨॥
ਤਿਸ ਦਿਨ ਰਸਤ ਨਹੀਂ ਬਰਤਾਈ।
ਜਿਤਿਕ ਅਚੈਂ ਗੁੜ ਦਿਯ ਸਭਿ ਤਾਂਈ।
ਨਹੀਂ ਦੇਗ਼ ਭੀ ਤਿਸ ਦਿਨ ਹੋਈ।
ਗੁੜ ਕੋ ਖਾਇ ਰਹੇ ਸਭਿ ਕੋਈ ॥੧੩॥
ਸਕਲ ਤੁਰੰਗਨਿ ਦਈ ਨਿਹਾਰੀ।
ਦੇਗ਼ ਕਰੀ ਅਗਲੇ ਦਿਨ ਭਾਰੀ।
ਬਹੁਰ ਗ੍ਰਾਮ ਕੇ ਨਰ ਗਨ ਆਏ।

ਜਥਾ ਸ਼ਕਤਿ ਭੇਟਨ ਕੋ ਲਜਾਏ ॥੧੪॥
ਕੇਤਿਕ ਦਿਨ ਮੁਕਾਮ ਕਰਿ ਥਿਰੇ।
ਬਹੁਰ ਕੂਚ ਤਹਿਂ ਤੇ ਪ੍ਰਭੁ ਕਰੇ।
ਪੱਕੇ ਗ੍ਰਾਮ* ਕੀਯੋ ਪੁਨ ਡੇਰਾ।
ਏਕ ਨਿਸਾ ਤਹਿਂ ਬਸੇ ਬਸੇਰਾ ॥੧੫॥
ਗੁਰ ਤੁਰੰਗ ਜਹਿਂ ਲਾਵਨ ਕੀਨਿ।
ਮੇਖ[੧] ਤਹਾਂ ਗਾਡੀ ਧਰ ਤੀਨ।
ਤੀਨਹੁਂ ਜੰਡ ਹਰੇ ਹੁਇ ਗਏ।
ਅਬਿ ਲੌਂ ਖਰੇ ਨਰਨ ਦਰਸਏ ॥੧੬॥
ਪੁਨ ਤਹਿਂ ਤੇ ਕਰਿ ਕੂਚ ਪਯਾਨੇ।
ਸੁਨਿ ਸੁਨਿ ਨਰ ਦਰਸ਼ਨ ਕੋ ਠਾਨੇ।
ਰਹਜੋ ਨਿਕਟ ਤਿਲਵੰਡੀ ਗ੍ਰਾਮੂ।
ਜਹਾਂ ਬਸੇ ਡੱਲਾ* ਕਰਿ ਧਾਮੂ ॥੧੭॥
ਸਾਬੋ ਕੇ ਰਾਹਕ ਗਨ ਜੇਤੇ।
ਤਿਸ ਕੇ ਅਨੁਸਾਰੀ ਰਹਿਂ ਤੇਤੇ।
ਤਿਨ ਸੁਨਿ ਕਰਿ ਸਤਿਗੁਰ ਆਗਵਨੂ।
ਆਏ ਨਿਕਟ ਦੁਸ਼ਟ ਦਲ ਦਵਨੂ[੨] ॥੧੮॥
ਭਵਨ ਭਵਨ ਪ੍ਰਤਿ[੩] ਮਾਨਵ ਪਠਿ ਕੈ।
ਰਾਹਕ ਸਕਲ ਹਕਾਰਿ ਇਕਠਿ ਕੈ।
ਸ਼ਸਤ੍ਰ ਧਾਰਿ ਤਤਛਿਨ ਚਲਿ ਆਏ।
ਸੁਭਟ ਚਤਰ ਸ਼ਤ ਕੋ ਸਮੁਦਾਏ[੪] ॥੧੯॥
ਗਮਨਜੋਂ ਮਿਲਿ ਸਭਿ ਸੰਗ ਅਗਾਰੀ।
ਆਦਰ ਹੇਤੁ ਭਾਉ ਕਰਿ ਭਾਰੀ।
ਆਵਤਿ ਚਢੇ ਰੂਪ ਸੁਖਕੰਦਾ।
ਦੇਖਤਿ ਸਭਿ ਕੇ ਅਧਿਕ ਅਨੰਦਾ ॥੨੦॥
ਦੇ ਕਰਿ ਭੇਟ ਚਰਨ ਅਰਬਿੰਦੰ।
ਸਿਰ ਧਰਿ ਬੰਦੇ ਦ੍ਵੈ ਕਰ ਬੰਦੰ।

---

*ਇਹ ਸਾਖੀ ਸਾਖੀ ਪੋਥੀ ਵਿਚੋਂ ਹੈ।
[੧]ਕਿੱਲੇ।
*ਇਹ ਸਾਖੀ ਵੀ ਸਾਖੀ ਪੋਥੀ ਵਿਚੋਂ ਹੈ ਪਰ ਇਥੋਂ ਨਾਲੋਂ ਸੰਖੇਪ ਹੈ।
[੨]ਭਾਵ ਸ਼੍ਰੀ ਗੁਰੂ ਜੀ ਨੇੜੇ ਆ ਗਏ ਹਨ।
[੩]ਘਰ ਘਰ ਵਿਚੋਂ।
[੪]ਚਾਰ ਸੌ ਦਾ ਇਕੱਠ।

ਸਭਿ ਰਾਹਕ ਹੁਇ ਹੁਇ ਕਰਿ ਨੇਰੇ।
ਚਰਨ ਸਪਰਸ਼ਤਿ ਭਾਗ ਬਡੇਰੇ ॥੨੧॥
ਸਨੇ ਸਨੇ ਹਟਿਗੇ ਕਰਿ ਨਮੋ।
ਕੁਸ਼ਲ ਪ੍ਰਸ਼ਨ ਗੁਰ ਕਿਯ ਤਿਹ ਸਮੋਂ।
'ਜੁਤਿ ਬਾਂਧਵ ਗਨ ਤਵ ਪਰਵਾਰਾ।
ਅਹੈ ਅਰੋਗ ਕੌਮ ਬਡ ਭਾਰਾ?' ॥੨੨॥
'ਸ੍ਰੀ ਪ੍ਰਭੁ ! ਕ੍ਰਿਪਾ ਆਪ ਕੀ ਪਾਏ।
ਸਭਿ ਬਿਧਿ ਕੁਸ਼ਲ ਗ੍ਰਾਮ ਸਮੁਦਾਏ।
ਦਰਸ਼ਨ ਸ਼੍ਰੇਯ ਮੂਲ ਅਬਿ ਪਾਵਾ।
ਸੁਨਿ ਆਗਵਨ ਅਨੰਦ ਵਧਾਵਾ' ॥੨੩॥
ਕਿਤਿਕ ਦੂਰ ਤਲਵੰਡੀ ਰਹੀ।
ਉਤਰਿ ਪਰੇ ਪਿਖਿ ਸੁਨਿ ਥਲ ਤਹੀ[1]।
'ਸਕਲ ਬਹੀਰ ਜਬੈ ਚਲਿ ਆਵੈ।
ਸੰਧਯਾ ਭਈ ਗ੍ਰਾਮ ਢਿਗ ਜਾਵੈਂ' ॥੨੪॥
ਫ਼ਰਸ਼ ਬਿਸਾਲ ਕਰੇ ਤਿਸ ਥਾਨਾ।
ਬੈਠਿ ਗਏ ਪੁਨ ਕ੍ਰਿਪਾ ਨਿਧਾਨਾ।
ਬ੍ਰਿੰਦ ਬਿਰਾਦਰ ਲੇ ਕਰਿ ਸੋਈ।
ਬੈਠਯੋ ਡੱਲਾ ਪ੍ਰਭੁ ਢਿਗ ਹੋਈ ॥੨੫॥
ਕਰ ਕੋ ਜੋਰਿ ਪ੍ਰਸੰਗ ਚਲਾਵਾ।
'ਤੁਰਕ ਦੁਸ਼ਟ ਬਹੁ ਕਪਟ ਕਮਾਵਾ।
ਆਪ ਲਰੇ ਕੀਨਸਿ ਘਮਸਾਨਾ।
ਭਯੋ ਬਿਨਾਸ਼ੀ ਗਨ ਤੁਰਕਾਨਾ ॥੨੬॥
ਕਹਾਂ ਮੁਲਖ ਕੋ ਮਾਲਿਕ ਸ਼ਾਹੂ।
ਕਹਾਂ ਆਪ ਢਿਗ ਭਟ, ਉਤਸਾਹੂ।
ਕਾਰਜ ਪਰੇ ਜੰਗ ਕੇ ਭਾਰੀ।
ਸਾਹਿਬਜ਼ਾਦੇ ਮ੍ਰਿਤੁ ਭੇ ਚਾਰੀ ॥੨੭॥
ਭੀਰ ਕਠਨ ਰਾਵਰ ਪਰ ਆਈ।
ਘੇਰਯੋ ਆਨੰਦਪੁਰਿ ਚਹੁੰ ਘਾਈ।
ਸਮੈਂ ਕਸ਼ਟ ਕੇ ਅਸ ਜਬਿ ਆਏ।
ਹਮ ਕੋ ਸਿਮਰਯੋ ਨਹੀਂ ਕਦਾਏ ॥੨੮॥
ਦੋ ਸੈ ਕਿਧੌਂ ਤੀਨ ਸੈ ਬੀਰਾ।

[1](ਗੱਲਾਂ ਬਾਤਾਂ) ਕਹਿ (ਕਹਾ ਕੇ) ਦਰਸ਼ਨ (ਦੇਕੇ) ਉਥੇ ਹੀ ਉਤਰ ਪਏ।

ਲੇ ਕਰਿ ਮੈਂ ਪਹੁੰਚਤਿ ਪ੍ਰਭੁ ਤੀਰਾ।
ਕਰਿ ਪ੍ਰਾਕ੍ਰਮ ਕੇ ਜੁੱਧ ਬਿਸਾਲੇ।
ਸਭਿ ਬਿਧਿ ਤੁਮ ਕੋ ਰਖਤਿ ਸੁਖਾਲੇ' ॥੨੯॥
ਸੁਨਿ ਕਰਿ ਡੱਲੇ ਤੇ ਸ਼ੁਭਿ ਬੈਨੰ।
ਸ਼੍ਰੀ ਮੁਖ ਭਾਖਜੋ ਪੰਕਜ ਨੈਨੰ।
'ਭਈ ਸੁ ਭਈ ਬੀਤ ਅਬਿ ਗਇਊ।
ਹਾਥ ਨ ਆਵੈ ਜਤਨ ਜਿ ਕਇਊ ॥੩੦॥
ਜੰਗ ਬਿਖੈ ਮਾਰਨ ਕੈ ਮਰਨੋ।
ਪਸ਼ਚਾਤਾਪ ਕਹਾਂ ਤਿਸ ਕਰਨੋ।'
ਪੁਨ ਡੱਲਾ ਬੋਲਜੋ ਸੁਨਿ ਐਸੇ।
'ਅਹੈ ਜਥਾਵਤ ਉਚਰਹੁ ਜੈਸੇ ॥੩੧॥
ਤਊ ਦਾਸ ਹਮ ਰਾਵਰ ਕੇਰੇ।
ਘਾਲਤਿ ਰਣ ਘਮਸਾਨ ਘਨੇਰੇ।
ਕਰਿਤ ਕਾਜ ਰਾਵਰ ਕੇ ਤਬਿਹੂੰ।
ਲੇ ਕਰਿ ਮੈਂ ਪਹੁੰਚਤਿ ਭਟ ਸਭਿਹੂੰ ॥੩੨॥
ਲਿਖਤ ਹੁਕਮਨਾਮਾ ਜੇ ਪਠਿ ਹੋ[1]।
ਬਿਨਾਂ ਬਿਲੰਬ ਮਿਲਤਿ ਮੈ ਤਟ ਹੋ[2]।
ਸਭਿ ਬਿਧਿ ਕਰਿ ਸਹਾਇ ਲੇ ਆਵਤਿ।
ਇਤੇ ਬਿਘਨ ਕਜੋਂ ਹ੍ਵੈਬੇ ਪਾਵਤਿ' ॥੩੩॥
ਸੁਨਿ ਸ਼੍ਰੀ ਪ੍ਰਭੁ ਪੁਨ ਤਿਹ ਸਮੁਝਾਯੋ।
'ਸਮਾ ਬਿਤਜੋ ਕਬਿ ਹਾਥ ਨ ਆਯੋ।
ਨਹੀਂ ਉਪਾਇ ਬਨਹਿਂ ਅਬਿ ਤਾਹੂੰ।
ਹੋਨਹਾਰ ਸਿਰ ਪਰ ਸਭਿ ਕਾਹੂੰ' ॥੩੪॥
ਇਤੋ ਕਹਜੋ ਪਰ ਤਊ ਨ ਮੌਨੰ[3]।
ਤਜੈਂ ਪ੍ਰਸੰਗ, ਸੁਨਾਵੈ ਤੌਨੰ[4]।
ਅਪਨੋ ਆਪਾ ਕਰਹਿ ਜਨਾਵਨ।
ਲਰੇ ਮਰੇ ਬਿਨ ਬਡਤਾ ਪਾਵਨ[5] ॥੩੫॥
ਸਭਾ ਹਜ਼ਾਰਹੁੰ ਸੁਭਟਨਿ ਕੇਰੀ।

---

[1]ਜੇ (ਆਪ) ਭੇਜ ਦਿੰਦੇ।
[2]ਭਾਵ ਬੜੀ ਛੇਤੀ ਮੈਂ ਆਪ ਪਾਸ ਪੁੱਜਦਾ।
[3]ਨਾ ਚੁੱਪ ਹੋਇਆ।
[4](ਸ੍ਰੀ ਗੁਰੂ ਜੀ) ਪ੍ਰਸੰਗ ਛੱਡਦੇ ਹਨ। (ਪਰ ਡੱਲਾ) ਉਹਨਾਂ ਨੂੰ ਸੁਣਾਂਵਦਾ ਹੈ।
[5]ਲੜੇ ਮਰੇ ਬਿਨਾਂ ਹੀ ਵਡਿਆਈ ਪਾਵਣਾ (ਚਾਹੁੰਦਾ ਹੈ)।

ਬੈਠੇ ਸਨਧ ਬੱਧ ਤਿਸ ਬੇਰੀ।
ਲਵਪੁਰਿ ਕੇ ਕਾਰੀਗਰ ਆਏ।
ਬਹੁ ਮੋਲੀ ਬਰ ਤੁਪਕਨ ਲਜਾਏ ॥੩੬॥
ਆਨਿ ਹਜ਼ੂਰ ਪ੍ਰਭੂ ਕੇ ਧਰੀ।
ਕਰ ਪੰਕਜ ਮਹਿਂ ਗਹਿਬੇ ਕਰੀ।
ਅੰਤਰ ਵਹਿਰ ਹੇਰਿ ਬਿਧਿ ਨਾਨਾ।
ਦਸਤਰਵਾਂ ਕਰਿ ਤਾਕਿ ਨਿਸਾਨਾ ॥੩੭॥
ਸਭਾ ਬਿਖੈ ਡੱਲੇ ਕਹੁ ਪਰਖਨ।
ਸਭਿਨਿ ਸੁਨਾਇ ਕਹ੍ਯੋ ਰਿਪੁ ਧਰਖਨ[1]।
'ਭੋ ਡੱਲਾ! ਦੀਜੈ ਨਰ ਦੋਇ।
ਹਤਹਿਂ ਤੁਰੰਗ ਪਰਖ ਪੁਨ ਹੋਇ ॥੩੮॥
ਕਿਤਿਕ ਤੋੜ ਕਰਿ ਘਾਵਨ ਘਾਲਹਿ[2]।
ਮਰਹਿ ਕਿ ਨਹੀਂ ਸੁਭਟ ਤਤਕਾਲਹਿ।'
ਸੁਨਿ ਗੁਰ ਬਾਕ ਸਕਲ ਬਿਸਮਾਏ।
-ਇਹ ਕਜਾ ਕਹ੍ਯੋ 'ਨਰਨ ਕੋ ਘਾਏ[3]'- ॥੩੯॥
ਜੇ ਡੱਲੇ ਸੰਘ ਭ੍ਰਾਤ ਬਟੋਰੇ।
ਚਲ੍ਯੋ ਚਹਤਿ ਨਿਜ ਧਾਮਨ ਓਰੇ।
ਭਏ ਭੀਰੁ[4], ਧੀਰਜ ਤਜਿ ਬੀਰਾ।
ਬੈਠ੍ਯੋ ਜਾਇ ਨਹੀਂ ਗੁਰੁ ਤੀਰਾ ॥੪੦॥
ਸੁਨਤਿ ਹੁਤੇ ਜਿਮ ਗੁਰ ਕੀ ਚਾਲਾ।
ਦਿਨ ਪ੍ਰਤਿ ਸੁੱਖਾ ਛਕਹਿਂ ਬਿਸਾਲਾ।
ਮਨ ਭਾਵਤਿ ਬੋਲਹਿਂ ਮੁਖ ਆਈ।
-ਅਹੈ ਸਿਰੜ- ਕਹਿਂ ਬਿਮੁਖ ਬਨਾਈ[5] ॥੪੧॥
-ਤੁਪਕ ਪਰਖਿਬੇ ਨਰ ਹਤਿ ਚਹੈਂ।
ਕਹਹੁ ਕੌਨ ਕਿਮ ਇਨ ਢਿਗ ਰਹੈ-।
ਤਬਿ ਡੱਲੇ ਕੀ ਆਂਖ ਬਚਾਇ।
ਆਧੇ ਰਾਹਕ ਗਏ ਸਿਧਾਇ ॥੪੨॥

---

[1]ਵੈਰੀਆਂ ਨੂੰ ਦਬਾਉਣ ਵਾਲੇ ਭਾਵ ਸ੍ਰੀ ਗੁਰੂ ਜੀ ਨੇ।
[2]ਕਿਥੋਂ ਤੋੜੀ ਮਾਰ ਕਰਦੀ ਹੈ।
[3]ਨਰਾਂ ਨੂੰ ਮਾਰੀਏ।
[4]ਕਾਇਰ ਹੋ ਗਏ।
[5]ਬੇਮੁਖ ਬਣਾਕੇ ਕਹਿੰਦੇ ਹਨ (ਕਿ ਗੁਰੂ ਜੀ ਨੂੰ) ਸਿਰੜ ਹੈ [ਸਿਰੜ=ਜ਼ਿਦ, ਹੱਠ]।

-ਨਹਿਂ ਕਹਿ ਦੇਹਿਂ, ਅੱਗ੍ਰ ਤੂੰ ਆਇ[1]।
ਖਰੇ ਹੋਇ ਗੁਲਕਾਂ ਤਨ ਖਾਇ-।
ਅਸ ਭੈ ਧਰਿ ਧਰਿ ਘਰੌਂ ਸਿਧਾਰੇ।
ਅਰਧ ਰਹੇ ਸੋ ਭੀ ਡਰ ਧਾਰੇ ॥੪੩॥
ਸੁਨਿ ਡੱਲਾ ਬਿਸਮਜੋ ਧਰਿ ਮੌਨ।
ਬੈਠਜੋ ਨੀਵ ਗ੍ਰੀਵ, ਮੁਖ ਔਨ[2]।
ਕੈਧੌਂ ਕਹਤਿ ਹੁਤੋ ਬਹੁ ਬਾਤੀ।
ਕੈ ਤੂਸ਼ਨਿ ਭਾ ਨਿਜ ਮਤਿ ਹਾਤੀ ॥੪੪॥
ਸ੍ਰੀ ਪ੍ਰਭੁ ਤੁਪਕ ਹਾਥ ਧਰਿ ਰਹੇ।
ਕਬਹੁਂ ਪਲੀਤਾ ਖੋਲਤਿ ਲਹੇ।
ਗਜ ਨਿਕਾਲ ਡਾਲਤਿ ਵਿਚ ਕਬੈ।
ਕੋਠੀ[3] ਕਿਤਿਕ ਬਨੀ ਲਖਿ ਤਬੈ ॥੪੫॥
ਇਮ ਦੇਖਤਿ ਭੇ ਕੇਤਿਕ ਸਮੈਂ।
ਢਿਗ ਬੈਠੇ ਸਭਿ ਕੇ ਮੁਖ ਨਿਮੇ।
ਪੁਨ ਬੋਲੇ 'ਡੱਲੇ ! ਨਰ ਦੋਇ।
ਹਮ ਕੋ ਦੇਹੁ[4] ਖਰੇ ਹੁਇਂ ਜੋਇ[5] ॥੪੬॥
ਮਾਰਿ ਤੁਫੰਗਨਿ ਪਰਖਨਿ ਠਾਨੈਂ।
ਕੇਤਿਕ ਘਾਵ ਕਰਹਿ ਸਭਿ ਜਾਨੈਂ[6]।'
ਸੁਨਿ ਕਰਿ ਡੱਲੇ ਤੂਸ਼ਨਿ ਠਾਨੀ।
ਊਚ ਗ੍ਰੀਵ ਕਰਿ ਕੁਛ ਨ ਬਖਾਨੀ ॥੪੭॥
ਸੁਨਿ ਬੰਧਪ ਉਠਿ ਉਠਿ ਬਹੁ ਗਏ।
ਧੀਰ ਸਹਿਤ ਨਹਿਂ ਥਿਰਤਾ ਲਏ।
ਚਾਕਰ ਨਹੀਂ ਜਿ ਡਰ ਢਿਗ ਰਹੇ।
ਹੁਤੇ ਭ੍ਰਾਤ ਗਮਨੇ ਚਿਤ ਚਹੇ ॥੪੮॥
-ਸਭਾ ਬਿਖੈ ਮੁਝ ਕੋ ਨ ਪਚਾਰੇ।
ਜਾਹੁ ਖਰੋ ਹੁਇ ਗੁਰੂ ਅਗਾਰੇ-।
ਇਮ ਚਿਤ ਜਾਨਿ ਤ੍ਰਾਸ ਧਰਿ ਗਏ।

---

[1]ਮਤਾਂ ਡੱਲਾ ਕਹਿ ਦੇਵੇ ਕਿ ਤੂੰ ਅੱਗੇ ਆ।
[2]ਮੂੰਹ ਧਰਤੀ ਵਲ।
[3]ਪਿਛਲੇ ਸਮੇਂ ਦੀ ਬੰਦੂਕ ਦਾ ਉਹ ਥਾਉਂ ਜਿੱਥੇ ਬਰੂਦ ਭਰਦੇ ਸਨ।
[4]ਦੋ ਆਦਮੀ ਸਾਨੂੰ ਦੇਹ।
[5]ਜਿਹੜੇ।
[6]ਕਿੰਨੀ ਕੁ ਮਾਰ ਕਰਦੀ ਹੈ (ਤੁਪਕ), ਸਾਰੇ ਜਾਣ ਲੈਣ।

ਨਹੀਂ ਸਭਾ ਮਹਿਂ ਸੋ ਥਿਰ ਭਏ ॥੪੯॥
ਸਤਿਗੁਰ ਖਜਾਲ ਤਿਨਹੁਂ ਤੇ ਟਾਲਿ।
ਪਰਚੇ ਪਿਖਿਨਿ ਤੁਪਕ ਦ੍ਵੈਨਾਲਿ[1]।
ਪੁਨ ਬਰੂਦ ਗੋਰੀ ਜੁਗ ਡਾਰੀ।
ਗਜ ਸੋਂ ਠੋਕਿ ਭਲੇ ਕਿਯ ਤਜਾਰੀ ॥੫੦॥
ਤ੍ਰਿਤੀ ਬਚਨ ਕੋ ਬਹੁਰ ਬਖਾਨਾ।
ਰਹਜੋ ਨ ਕੋ ਰਾਹਕ ਤਿਸ ਥਾਨਾ।
ਤਬਿ ਤੋਰਾ ਸੁਲਗਾਇ ਮੰਗਾਯੋ।
ਇਕ ਸਿਖ ਸੰਗ ਹੁਕਮ ਫੁਰਮਾਯੋ ॥੫੧॥
'ਦ੍ਵੈ ਰੰਗਰੇਟੇ ਸਿਖ ਤਿਸ ਥਾਂਏ।
ਥਿਰੇ ਦੂਰ ਦੇਖਹੁ ਦ੍ਰਿਗ ਲਾਏ।
ਨਾਮ ਦੁਹਨ ਮਹਿਂ ਨਹਿਂ ਕਿਹ ਲੀਜੈ।
-ਗੁਰੂ ਹਕਾਰਤਿ- ਇਮ ਕਹਿ ਦੀਜੈ ॥੫੨॥
-ਹਤਹਿਂ ਤੁਪਕ- ਇਹ ਦੇਹੁ ਬਤਾਈ।
-ਪਰਖਨ ਹੇਤੁ ਘਾਵ ਕੋ ਘਾਈ-।'
ਸੁਨਿ ਸਿਖ ਗਯੋ ਸੁ ਜਾਇ ਅਲਾਵੈ।
'ਹਿਤ ਹਤਿਬੇ ਇਕ, ਗੁਰੂ ਬੁਲਾਵੈਂ' ॥੫੩॥
ਨਹਿਂ ਦੋਨਹੁਂ ਤਬਿ ਪਾਗ ਸੰਭਾਰੀ।
ਕੁਛ ਸਿਰ ਪਰ ਕੁਛ ਕਰ ਮਹਿਂ ਧਾਰੀ।
ਝਗਰਤ ਆਵਹਿਂ ਦੋਨਹੁਂ ਚਲੇ।
ਸਭਾ ਸਹਤਿ ਗੁਰ ਆਗੇ ਖਲੇ ॥੫੪॥
'ਤੁਮ ਮਹਿਂ ਤੇ ਹਮ ਏਕ ਹਕਾਰਾ।
ਕਿਮ ਦੋਊ ਥਿਰ ਝਗਰਾ ਡਾਰਾ।'
ਕਹੈਂ ਜੋਰਿ ਕਰ 'ਗਯੋ ਹਕਾਰਨ।
ਨਹਿਂ ਇਕ ਕੋ ਕਿਯ ਨਾਮ ਉਚਾਰਨਿ ॥੫੫॥
ਮੈਂ ਚਾਹੌਂ ਥਿਰ ਅੱਗ੍ਰ ਤੁਫੰਗਾ।
ਇਹ ਚਾਹਤਿ ਝਗਰਤਿ ਮੁਝ ਸੰਗਾ।
ਮੋ ਪਰ ਹਤਿ[2] ਪਰਖਹੁ ਪ੍ਰਭੁ ਅਬੈ।'
ਸੁਨਿ ਪ੍ਰਸੰਨ ਹੋਏ ਗੁਰ ਤਬੈ ॥੫੬॥
'ਦੇਖਹੁ ਡੱਲਾ ਇਨ ਸਮ ਬੀਰ।

[1]ਦੋ ਨਾਲੀ ਬੰਦੂਕ ਨੂੰ।
[2]ਨਿਸ਼ਾਨਾ ਫੁੰਡ ਕੇ।

ਜੰਗ ਕਰਨ ਹਿਤ ਹਮਰੇ ਤੀਰ।
ਸੁਭਟ ਤੀਨ ਸੈ ਤੁਝ ਸੰਗ ਜੋਊ।
ਦੇਖਿ ਭਲੀ ਬਿਧਿ ਹੈ ਕਿਤ ਕੋਊ ॥੫੭॥
ਹਮ ਹਿਤ ਤਨ ਕੋ ਲੋਭ ਨ ਇਨ ਕੇ।
ਜੇ ਕਾਯਰ ਨਹਿਂ ਧੀਰਜ ਤਿਨ ਕੇ।
ਕਹਾਂ ਲਗੇ ਹਮ ਮਾਰਨ ਤਿਨ ਕੋ।
ਬਾਕ ਸੁਨਤਿ ਹਤਿ ਧੀਰਜ ਮਨ ਕੋ ॥੫੮॥
ਜਬਿ ਰਣ ਪਰਹਿ ਤੁਫੰਗ ਅਗਾਰੀ।
ਮਾਰਣ ਮਰਣ ਹੋਇ ਤਿਸ ਬਾਰੀ।
ਤਬਿ ਤੇਰੇ ਭਟ ਠਹਿਰ ਨ ਸੱਕੈਂ।
ਅਪਰ ਬਿਗਾਰ ਭਾਜਿਬੋ ਤੱਕੈਂ ॥੫੯॥
ਯਾਂ ਤੇ ਮਹਾਂਬੀਰ ਹਮ ਸੰਗਾ*।
ਲਾਖਹੁਂ ਤੁਰਕ ਹਤੇ ਵਿਚ ਜੰਗਾ।'
ਡੱਲੇ ਕੋ ਹੰਕਾਰ ਉਤਾਰਾ।
'ਸੱਤਿ ਸੱਤਿ' ਕਰ ਜੋਰਿ ਉਚਾਰਾ ॥੬੦॥
ਅਦਭੁਤ ਖਯਾਲ ਦੇਖਿ ਬਿਸਮਾਏ।
ਸਕਲ ਸਭਾ ਸੁਨਿ ਸੁਨ ਮੁਦ ਪਾਏ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੋ' ਪ੍ਰਸੰਗ ਬਰਨਨੰ ਨਾਮ ਉਨੀਸਮੋਂ ਅੰਸੂ ॥੧੯॥

---

*ਔਰੰਗਜ਼ੇਬ ਦੇ ਪ੍ਰਸੰਗ ਵਿਚ ਸ਼ਾਹਜਹਾਂ ਦਾ ਵਾਕ ਦੱਸ ਆਏ ਹਾਂ ਕਿ ਉਸ ਦਾ ਤਜਰਬਾ ਹਿੰਦੁਸਤਾਨ ਦਾ ਇਹ ਸੀ ਕਿ ਹਿੰਦੂ ਕੀ ਮੁਸਲਮਾਨ ਸਭ ਬੇਈਮਾਨ ਹਨ, ਪੈਸੇ ਪਿੱਛੇ ਦੀਨ ਤਕ ਵੇਚ ਦਿੰਦੇ ਹਨ, ਦੇਖੋ ਰਾਸ ੯ ਅੰਸੂ ੨੩ ਅੰਕ ੪੦ ਦੀ ਟੂਕ। ਸਤਿਗੁਰੂ ਜੀ ਨੂੰ ਸਾਰੇ ਤਜਰਬੇ ਤੇ ਅਗੰਮ ਦੇ ਪਤੇ ਸਨ, ਆਪ ਦੇਸ਼ ਹਿਤ ਅਸੂਲ ਪਰ ਜਾਨ ਦੇਣ ਵਾਲੇ ਬੰਦੇ ਪੈਦਾ ਕਰ ਰਹੇ ਸਨ, ਇਸ ਕਰਕੇ ਥਾਂ-ਥਾਂ ਪਰਖਣਾ ਹੁੰਦੀ ਸੀ। ਐਸੇ ਬੰਦੇ ਆਪ ਨੇ ਹਜ਼ਾਰਾਂ ਪੈਦਾ ਕਰ ਲਏ ਸਨ ਤਾਂ ਹੀ ਕਈ ਮਹੀਨੇ ਅਨਗਿਣਤ ਸੈਨਾ ਦੇ ਘੇਰੇ ਵਿਚ ਲੜਦੇ ਮਰਦੇ-ਮਾਰਦੇ ਤੇ ਸ਼ੱਤ੍ਰੂ ਨੂੰ ਆਤੁਰ ਕਰ ਦੇਂਦੇ ਰਹੇ ਸਨ। ਡੱਲੇ ਨੂੰ ਆਪ ਨੇ ਉਹੋ ਸਬਕ ਸਿਖਾਇਆ ਹੈ ਕਿ ਜਾਨ ਤਲੀ ਤੇ ਧਰਕੇ ਅਸੂਲ ਪ੍ਰਸਤੀ ਕਰਨ ਵਾਲੇ ਹੁਕਮ ਤੇ ਨੌਛਾਵਰ ਹੋਣ ਵਾਲੇ ਬੰਦੇ ਪੈਦਾ ਕਰ, ਇਨ੍ਹਾਂ ਖੁਸ਼ਾਲੀ ਵੇਲੇ ਦੇ ਮਿੱਤਰਾਂ ਤੇ ਭਰੋਸਾ ਨਾ ਧਾਰ।

## ੨੦. [ਡੱਲੇ ਪਾਸ ਬਾਹਰ ਡੇਰਾ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ]

੧੯<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੧

ਦੋਹਰਾ: ਸਭਿ ਬਹੀਰ ਆਯਹੁ ਮਿਲਯੋ, ਉਤਰਨਿ ਸਮਾ ਪਛਾਨ।
ਸ਼੍ਰੀ ਗੁਰ ਗੋਬਿੰਦ ਸਿੰਘ ਜੀ, ਚਢਿ ਕਰਿ ਚਲੇ ਕਿਕਾਨ ॥੧॥
ਚੌਪਈ: ਪਹੁੰਚੇ ਜਬਿ ਤਲਵੰਡੀ ਜਾਇ।
ਤਬਿ ਡੱਲਾ ਕਰ ਜੋਰਿ ਅਲਾਇ।
'ਕਰਹੁ ਦੁਰਗ ਕੇ ਅੰਤਰ ਡੇਰਾ।
ਸਭਿ ਬਿਧਿ ਤੇ ਸੁਖ ਹੋਇ ਘਨੇਰਾ' ॥੨॥
ਸਤਿਗੁਰ ਕਹੈਂ 'ਵਹਿਰ ਹੀ ਆਛੇ।
ਅਬਹਿ ਬੀਚ ਬਰਿਬੋ ਕਿਮ ਬਾਂਛੇਂ?
ਰਣ ਕਰਿਬੇ ਕੀ ਨਾਹਿਨ ਆਸਾ।
ਲਿਖਿ ਚਾਹਯੋ ਤੁਰਕੇਸ਼ ਬਿਨਾਸ਼ਾ[1] ॥੩॥
ਬਹੁਰ ਬਸਨਿ ਕੇ ਸਦਨ ਜ਼ਨਾਨੇ[2]।
ਅਸਮੰਜਸ ਇੱਤਜਾਦਿਕ ਜਾਨੇ।'
ਸੁਨਿ ਡੱਲੇ ਪੁਨ ਬਿਨੈ ਬਖਾਨੀ।
'ਇਕ ਘਰ ਮਹਿਂ ਸਭਿ ਹੋਹਿਂ ਜ਼ਨਾਨੀ ॥੪॥
ਅਪਰ ਸਥਾਨ ਕਰਹਿਂ ਸਭਿ ਖਾਲੀ।
ਉਤਰਹੁ ਅੰਤਰ ਸਰਬ ਸੰਭਾਲੀ।
ਨਾਂਹਿ ਤ ਜੇ ਜ਼ਨਾਨੀਆਂ ਸਾਰੀ।
ਬਸਹਿਂ ਜਾਇ ਕਰਿ ਨਗਰ ਮਝਾਰੀ ॥੫॥
ਸਕਲ ਮਕਾਨ ਆਪ ਕੇ ਜਾਨੋ।
ਬਸਹੁ ਅਨੇਕ ਸੁਖਨ ਕੋ ਠਾਨੋ।'
ਪੁਨਹਿ ਭਨਯੋ 'ਹਮ ਬਾਹਰ ਭਲੇ।
ਡੇਰਾ ਕਰਹਿਂ ਨਿਕਟ ਹੀ ਕਿਲੇ ॥੬॥
ਤੇਰੋ ਭਾਉ ਭਲੇ ਲਖਿ ਪਾਯੋ।
ਜਿਮ ਅੰਤਰ ਤਿਮ ਬਾਹਰ ਭਾਯੋ।'
ਇਮ ਕਹਿ ਸਤਿਗੁਰ ਕੀਨਸਿ ਡੇਰਾ।
ਹ੍ਵੈ ਕਰਿ ਅਧਿਕ ਦੁਰਗ ਕੇ ਨੇਰਾ ॥੭॥
ਕੰਧ ਨਿਕਟ ਹਯ ਬ੍ਰਿੰਦ ਲਗਾਏ।
ਤੰਬੂ ਤਾਨ ਦੀਨਿ ਤਿਸ ਥਾਂਏ।

---

[1] ਤੁਰਕੇਸ਼ ਦਾ ਨਾਸ਼ ਲਿਖਕੇ ਕਰਨਾ ਚਾਹੁੰਦੇ ਹਾਂ।
[2] ਫੇਰ ਕਿਲ੍ਹੇ ਵਿਚ ਜ਼ਨਾਨੇ ਵਸਣੇ ਦੇ ਘਰ ਹਨ।

ਕੁਛ ਕੁ ਫਰਕ ਤੇ ਸਿੰਘ[1] ਥਿਰੇ ਹੈਂ।
ਦੂਰ ਦੂਰ ਲੌ ਉਤਰਿ ਪਰੇ ਹੈਂ ॥੮॥
ਤਿਨ ਤੇ ਪਰੇ ਪਰੇ ਬੈਰਾਰ[2]।
ਉਤਰੇ ਪੈਦਲ ਅਰੁ ਅਸਵਾਰ।
ਆਛੀ ਰੀਤਿ ਲਗਾਇਸਿ ਡੇਰੇ।
ਗੁਰ ਕੇ ਚਹੁੰਦਿਸ਼ਿ ਰੱਛ ਬਡੇਰੇ ॥੯॥
ਕਹਿ ਬਹੁ ਬਾਰ ਦੇਗ਼ ਕਰਿ ਅੰਤਰ[3]।
ਤੂਰਨ ਹੀ ਬਰਤਾਇ ਨਿਰੰਤਰ।
ਸਭਿ ਬੈਰਾੜ ਰੋਜ ਕੋ ਪਾਵਹਿਂ।
ਅਪਨੋ ਭੋਜਨ ਆਪ ਬਨਾਵਹਿਂ ॥੧੦॥
ਸਿੰਘ ਸੰਗ ਸਭਿ ਦੇਗ਼ ਅਹਾਰਾ।
ਅਚਵਨ ਕਰਹਿਂ ਅਨੇਕ ਪ੍ਰਕਾਰਾ।
ਜਾਇ ਦੁਰਗ ਕੇ ਅੰਤਰ ਖਾਇਂ।
ਪ੍ਰਭੁ ਕੋ ਥਾਲ ਵਹਿਰ ਹੀ ਲਜਾਇਂ ॥੧੧॥
ਸੁਪਤਿ ਜਥਾ ਮੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤ ਅਰੁਨਾਈ[4]।
ਬੈਠੇ ਸਤਿਗੁਰ ਲਾਇ ਦਿਵਾਨ।
ਕਰਹਿਂ ਰਬਾਬੀ ਕਿਰਤਨ ਗਾਨ ॥੧੨॥
ਨਿਕਟ ਨਿਕਟ ਕੇ ਗ੍ਰਾਮ ਅਨੇਕ।
ਆਇ ਸੁ ਦਰਸਹਿ ਜਲਧਿ ਬਿਬੇਕ।
ਬਹੁਰ ਸੁੰਦਰੀ ਸਾਹਿਬ ਦੇਵੀ।
ਪ੍ਰਭੁ ਕੇ ਮਹਿਲ ਪਾਇ ਸੁਧ ਏਵੀ ॥੧੩॥
ਕਿਤ ਕਿਤ ਸਿੱਖਨ ਕੇ ਘਰ ਰਹ ਕੇ।
ਸਾਹਬਜ਼ਾਦੇ ਮ੍ਰਿਤੁ ਭੇ ਲਹਿ ਕੇ।
ਸੁਨਿ ਸੁਨਿ ਸੁਧ ਕੋ ਪਾਇ ਦੁਖਾਰੀ[5]।
ਕਰਿ ਕਰਿ ਸ਼ੋਕ ਬਹਯੋ ਦ੍ਰਿਗ ਬਾਰੀ ॥੧੪॥
ਟਿਕੇ ਆਨਿ ਤਿਲਵੰਡੀ ਜਬੈ।

---

[1]ਇਥੇ ਸਿੰਘਾਂ ਤੋਂ ਮੁਰਾਦ ਭਾਉ ਵਾਲੀ ਸੈਨਾਂ ਤੋਂ ਹੈ।
[2]ਉਨ੍ਹਾਂ ਤੋਂ ਪਰ੍ਹੇ ਪਏ ਹਨ ਬੈਰਾੜ (ਜੋ ਦਾਨਾ ਸਿੰਘ ਦੇ ਨਾਲ ਆਏ ਸਨ)।
[3](ਭਾਵ ਸਤਿਗੁਰ ਜੀ ਉਤਰੇ ਤਾਂ ਬਾਹਰ ਹੀ ਪਰ ਡੱਲੇ ਨੇ) ਬਹੁਤ ਵਾਰ ਕਹਿਕੇ ਲੰਗਰ (ਪ੍ਰੇਮੀ ਸਿੰਘਾਂ ਦਾ) ਅੰਦਰ ਹੀ ਕਰਵਾਇਆ।
[4]ਸੂਰਜ ਦੀ ਲਾਲੀ ਵੇਲੇ।
[5]ਸੁਣ ਸੁਣਕੇ ਤੇ ਖਬਰਾਂ ਪਾਕੇ (ਬੜੀਆਂ) ਦੁਖੀ ਹੋਈਆਂ।

ਦੋਨਹੁਂ ਆਨਿ ਦਰਸ ਕਿਯ ਤਬੈ।
ਪੁੱਤ੍ਰਨਿ ਪੀਰ ਪਾਇ ਕਰਿ ਰੋਈ।
ਗਦ ਗਦ ਗਿਰਾ ਬਿਕੁਲ ਬਹੁ ਹੋਈ ॥੧੫॥
ਸੁੰਦਰੀ ਸੁਤ ਸੁੰਦਰ ਸਰਬੰਗਾ।
ਸਿਮਰਿ ਸਿਮਰਿ ਗੁਨ ਗਨ ਤੇ ਚੰਗਾ।
ਰੁਦਤਿ ਅਧਿਕ ਪਤਿ ਚਰਨਨ ਪਾਸੀ।
ਸ਼ੋਕ ਸਹਿਤ ਬਹੁ ਗਿਰਾ ਪ੍ਰਕਾਸ਼ੀ ॥੧੬॥
'ਸਕਲ ਸਮਾਜ ਸਦਨ ਕੇ ਸਾਥਾ।
ਪੁੱਤ੍ਰਨਿ ਹਤਨ ਕਸ਼ਟ, ਹੇ ਨਾਥਾ!'
ਬੰਦਨ ਪ੍ਰਪੁਲਤ ਅੱਸ਼੍ਰ ਬਹਿ ਬਾਰੀ[1]।
ਬਹੁ ਬਿਖਾਦ ਤੇ ਬਜਾਕੁਲ ਭਾਰੀ ॥੧੭॥
ਇਕ ਪੁੱਤ੍ਰਾ ਸੁੰਦਰ ਗੁਨ ਪੂਰਨ।
ਭਯੋ ਸੁ ਹਤਿ ਕਰਿ ਸ਼ੱਤ੍ਰਨਿ ਚੂਰਨ।
ਕਿਮ ਧੀਰਜ ਪਾਵਹਿ ਦੁਖਿਯਾਰੀ।
ਦੀਨ ਮਨਾ ਬਹੁ ਰੁਦਤਿ ਲਚਾਰੀ ॥੧੮॥
ਸ੍ਰੀ ਸਾਹਿਬ ਦੇਵੀ ਤਿਸ ਰੀਤਿ।
ਰੁਦਤਿ ਨਿਕਟ ਦੁਖ ਬਜਾਕੁਲ ਚੀਤ।
ਸ੍ਰੀ ਗੁਰ ਧੀਰਜ ਦੀਨਿ ਹਟਾਈ।
'ਕਯੋਂ ਨਾਹਕ ਦੁਖ ਸ਼ੋਕ ਉਪਾਈ ॥੧੯॥
ਤੋਹਿ ਪੁੱਤ੍ਰ ਬਡ ਬੀਰ ਬਹਾਦੁਰ।
ਗਯੋ ਸ੍ਵਰਗ ਦੇਵਨ ਤੇ ਸਾਦਰ।
ਜਗ ਮਹਿਂ ਜਸੁ ਅਖੰਡ ਕੋ ਪਾਵਾ।
ਜਨਮ ਲਾਭ ਕੋ ਕਰਮ ਕਮਾਵਾ ॥੨੦॥
ਅਸ ਬੀਰਨ ਕੀ ਜਨਨੀ ਜੋਇ।
ਸ਼ੋਕ ਕਰਨ ਕੇ ਉਚਿਤ ਨ ਸੋਇ।
ਤੂੰ ਗੁਰ ਕੇ ਘਰ ਸਜਾਨ ਨ ਠਾਨਤਿ।
ਜਗਤ ਬਿਨਾਸ਼ੀ ਕਯੋਂ ਨਹਿਂ ਜਾਨਤਿ ॥੨੧॥
ਨਿਤ ਹੀ ਜੋ ਪ੍ਰਣਾਮ ਕੋ ਪਾਇ[2]।
ਸੋ ਕਿਮ ਥਿਰਹਿ ਪਿਖਤਿ ਬਿਨਸਾਇ।
ਪ੍ਰਥਮ ਜਨਮ ਬਾਲਕ ਲਘੁ ਜੋਇ।

---

[1]ਅੱਥਰੂਆਂ (ਰਸਤੇ) ਪਾਣੀ ਵਹਿ ਰਿਹਾ ਹੈ ਤੇ ਚਿਹਰਾ ਤਰ ਬਤਰ ਹੋ ਰਿਹਾ ਹੈ। [ਸੰਸ:, ਪਰਿਪਲੁਤ]।
[2]ਬਦਲਦਾ ਰਹਿੰਦਾ ਹੈ।

ਦਿਨ ਦਿਨ ਪ੍ਰਤਿ ਦੀਰਘ ਤਨ ਹੋਇ ॥੨੨॥
ਤਰੁਨ ਅਵਸਥਾ ਲਗੌ ਬਿਸਾਲਾ।
ਹੋਤਿ ਪ੍ਰਣਾਮ[1] ਸਰਬਥਾ ਕਾਲਾ।
ਪੁਨਹਿ ਸੁਪੈਦ ਕੇਸ ਹੁਇ ਜਾਇਂ।
ਛੀਜਹਿ ਦੇਹਿ ਜੁਵਾ[2] ਬਿਨਸਾਇ[*] ॥੨੩॥
ਜੀਰਣ ਬਨਹਿ ਬਿਨਾਸ਼ੀ ਹੋਇ।
ਸਭਿ ਕੇ ਰਿਦੇ ਬਿਦਤ, ਦ੍ਰਿਗ ਜੋਇ[3]।
ਬਾਲਕ ਤਰੁਨ ਬ੍ਰਿੱਧ ਕੇ ਕਾਲ[4]।
ਅਟਕਤਿ ਨਹੀਂ ਭਖਤਿ ਨਿਤ ਕਾਲ ॥੨੪॥
ਇਸ ਮਹਿਂ ਪ੍ਰੀਤਿ ਕਰਹਿ ਜੋ ਜੇਤੀ।
ਬਿਨਸਨ ਬਿਖੈ ਬ੍ਰਿਥਾ ਵਧਿ ਤੇਤੀ।
ਅਸ ਤਨੁ ਪਾਇ ਸਕਾਰਥ ਲਾਵੈ[+]।
ਜਨਮ ਮਰਨ ਮਹਿਂ ਸੋ ਨਹਿਂ ਆਵੈ ॥੨੫॥
ਜਹਾਂ ਅਨੰਦ ਬਿਲੰਦ ਅਨਾਸ਼ਾ।
ਤਹਾਂ ਆਤਮਜ ਤੇਰੋ ਬਾਸਾ[5]।
ਉਚਿਤ ਨ ਸ਼ੋਕ ਕਰਨ ਤਿਸ ਹੇਤੁ।
ਗਜਾਨ ਗਤੀ ਚਿਤ ਮਹਿਂ ਲਿਹੁ ਚੇਤ' ॥੨੬॥
ਇੱਤਜਾਦਿਕ ਕਹਿ ਰੁਦਤਿ ਹਟਾਈ।
ਤਊ ਨ ਪੁੱਤ੍ਰ ਪ੍ਰੀਤਿ ਮਨ ਜਾਈ।
ਇਤਨੇ ਮਹਿਂ ਡੱਲਾ ਚਲਿ ਆਯੋ।
ਹਾਥ ਜੋਰਿ ਕਰਿ ਬਾਕ ਅਲਾਯੋ ॥੨੭॥
'ਦਿਹੁ ਆਇਸ ਅਬਿ ਇਨ੍ਹੈ, ਗੁਸਾਈਂ!
ਬਸਹਿਂ ਦੁਰਗ ਕੇ ਅੰਤਰ ਜਾਈ।
ਸਦਨ ਪ੍ਰਿਥਕ ਇਨ ਹਿਤ ਕਿਯ ਖਾਲੀ।
ਕਰਹਿਂ ਬਾਸ ਕੋ ਤਹਾਂ ਸੁਖਾਲੀ' ॥੨੮॥
ਸੁਨਿ ਗੁਰ ਕਹਜੋ 'ਬੂਝਿ ਲਿਹੁ ਇਨ ਕੋ।

---

[1]ਬਦਲਦਾ ਰਹਿੰਦਾ ਹੈ।
[2]ਜਵਾਨੀ।
[*]ਪਾ:-ਛੀਣਹਿ ਤੇ ਪਰਣਮਤੋ ਜਾਇ।
[3]ਨੇਤ੍ਰੀਂ ਦੇਖਦੇ ਹਨ।
[4]ਦੇ ਸਮੇਂ ਵਿਚ।
[+]ਇਹ ਹੁਕਮ, ਇਹ ਸਿੱਖਜਾ ਹਰੇਕ ਦੇ ਧਾਰਨੇ ਯੋਗ ਹੈ ਕਿ ਮਨੁੱਖ ਤਨ ਪਾਕੇ ਸਕਾਰਥਾ ਕਰੇ।
[5]ਓਥੇ ਤੇਰੇ ਪੁਤ੍ਰ ਦਾ ਵਾਸਾ ਹੈ।

ਬਸਹਿਂ ਤਹਾਂ ਜਹਿਂ ਭਾਵਤਿ ਮਨ ਕੋ।'
ਤਬਿ ਡੱਲਾ ਦੋਨਹੁਂ ਢਿਗ ਗਯੋ।
ਹਾਥ ਜੋਰਿ ਕਰਿ ਬੋਲਤਿ ਭਯੋ ॥੨੯॥
'ਚਲਹੁ ਮਾਤ ਜੀ! ਦੁਰਗ ਕਿ ਅੰਤਰ।
ਥਿਰਹੁ ਭਲੇ ਸੁਖ ਲਹਹੁ ਨਿਰੰਤਰ।
ਮੋਰ ਕੁਟੰਬ ਸਕਲ ਕਰ ਜੋਰਹਿ।
ਸਭਿ ਬਿਧਿ ਸੇਵਹਿ ਚਰਨ ਨਿਹੋਰਹਿ ॥੩੦॥
ਜਨਮ ਸਫਲ ਹਮ ਸਭਿ ਕੋ ਕਰੀਅਹਿ।
ਅੰਤਰ ਉਤਰਹੁ ਭਲੇ ਬਿਚਰੀਅਹਿ।'
ਦੋਨਹੁਂ ਸੁਨਿ ਭਾਖਯੋ ਪਿਖਿ ਖਲੋ[1]।
'ਪ੍ਰਭੁ ਕੇ ਪਗਨ ਬਿਖੈ ਹੀ ਭਲੋ ॥੩੧॥
ਚਰਨ ਸਰੋਜਨ ਬਿਛਰ ਨ ਚਾਹਤਿ।
ਬਹੁ ਦਿਨ ਤੇ ਹਮ ਪਿਖਿਨਿ ਉਮਾਹਤਿ।'
ਕਿਤਿਕ ਫਰਕ ਕਰਿ ਸਿਵਰ ਉਤਾਰਾ।
ਤੰਬੂ ਤਨਯੋ ਕਨਾਤ ਮਝਾਰਾ ॥੩੨॥
ਸੁਤ ਸ਼ੋਕਾਰਤਿ ਸੁੰਦਰੀ ਸੁੰਦਰ[2]।
ਸਾਹਿਬ ਦੇਵੀ ਜੁਤਿ ਥਿਰ ਅੰਦਰ।
ਡੱਲਾ ਕਰਿ ਅਹਾਰ ਬਿਧਿ ਨਾਨਾ।
ਥਾਰ ਪੁਚਾਵਹਿ ਪ੍ਰੀਤ ਮਹਾਨਾ ॥੩੩॥
ਪੰਚ ਦਿਵਸ ਇਸ ਭਾਂਤਿ ਬਿਤਾਏ।
ਅੰਤਰ ਦੇਗ਼ ਬਨੈ ਸਭਿ ਖਾਏ।
ਦਿਵਸ ਖਸ਼ਟਮੇ ਪ੍ਰਭੁ ਫੁਰਮਾਯੋ।
ਦੇਗ਼ ਥਾਨ ਲਿਹੁ ਵਹਿਰ ਬਨਾਯੋ' ॥੩੪॥
ਪੁਨ ਡੱਲੇ ਕੋ ਕਿਯ ਸਮੁਝਾਵਨ।
'ਲੰਗਰ ਬਨਹਿ ਨਿਕਟ ਹਮ ਖਾਵਨ।
ਘਨੋ ਭਾਉ ਹਮ ਨੇ ਤੁਵ ਦੇਖਾ।
ਸਭਿ ਬਿਧਿ ਕੀਨੀ ਸੇਵ ਵਿਸ਼ੇਖਾ' ॥੩੫॥
ਸੁਨਿ ਡੱਲੇ ਕਰ ਜੋਰਿ ਉਚਾਰਾ।
'ਮੋਹਿ ਕੁਟੰਬ ਸਮਾਜਹਿ ਸਾਰਾ।
ਦੁਰਗ, ਧੇਨੁ, ਹਯ, ਮਹਿਖਿ, ਉਦਾਰਾ।

---

[1]ਖੜੋਤਾ ਦੇਖਕੇ।
[2](ਮਾਤਾ) ਸੁੰਦਰੀ ਜੀ ਸੁੰਦਰ ਪੁੱਤਰਾਂ ਦੇ (ਵਿਯੋਗ) ਸ਼ੋਕ ਨਾਲ ਦੁਖੀ ਹਨ।

ਘਰਿ ਬਾਹਰਿ ਸਭਿ ਅਹੈ ਤੁਮਾਰਾ ॥੩੬॥
ਜਥਾ ਸ਼ਕਤਿ ਮੈਂ ਦੇਗ਼ ਬਨੈ ਹੌਂ।
ਲਿਹੁ ਸ਼ਰਧਾ ਪਿਖਿ ਜਬਿ ਲਗ ਦੈਹੌਂ।
ਘਰ ਮਹਿਂ ਅੰਨ ਆਪ ਕੋ ਸਾਰਾ।
ਕਰਿਹੋ ਸਿੰਘਨਿ ਸਹਿਤ ਅਹਾਰਾ' ॥੩੭॥
ਪੁਨ ਗੁਰ ਭਾਖਯੋ 'ਖੁਸ਼ੀ ਹਮਾਰੀ।
ਬਨਹਿ ਦੇਗ਼ ਬਾਹਰ ਅਬਿ ਸਾਰੀ।
ਤੇਰੋ ਭਾਉ ਇਸੀ ਬਿਧਿ ਅਹੈ।
ਪ੍ਰੇਮ ਸਮੇਤ ਸਾਚ ਹੀ ਕਹੈਂ*' ॥੩੮॥
ਲਾਗੀ ਬਨਨ ਦੇਗ ਬਡ ਬਾਹਿਰ।
ਅਚਹਿਂ ਸਿੰਘ ਅਰੁ ਛੁਧਤਿ ਸੁ ਜ਼ਾਹਰ।
ਸਭਿ ਬੈਰਾੜ ਚਾਕਰੀ ਪਾਵੈਂ।
ਨਿਜ ਨਿਜ ਭੋਜਨ ਕਰਹਿਂ ਸੁ ਖਾਵੈਂ ॥੩੯॥
ਕੇਤਿਕ ਦਿਨ ਇਸ ਰੀਤਿ ਬਿਤਾਏ।
ਪੁਨ ਡੱਲਾ ਕਰ ਜੋਰਿ ਅਲਾਏ।
'ਸਿੰਘਨ ਸਹਤ ਸਕਲ ਬੈਰਾੜ।
ਕਰੌਂ ਆਪ ਹਿਤ ਤਜਾਰ ਅਹਾਰ ॥੪੦॥
ਅੰਤਰ ਪਾਵਨ ਪਾਵਨ ਕਰੋ[1]।
ਪਾਵਨ ਸਦਨ ਸਰਬ ਹੀ ਧਰੋ[2]।'
ਇਮ ਕਹਿ ਕਰਿ ਬਹੁ ਭਾਂਤਨਿ ਤਜਾਰਾ।
ਕਰਵਾਇਸ ਬਰ ਸ੍ਵਾਦ ਅਹਾਰਾ ॥੪੧॥
ਮਧੁਰ ਸ਼ਨਿਗਧ ਪ੍ਰੇਮ ਤੇ ਕਰਜੋ।
ਬ੍ਰਿੰਦ ਨਰਨ ਮਿਲਿ ਤਜਾਰ ਸੁ ਧਰਜੋ।
ਬਿਨੈ ਬਖਾਨਿ ਗਯੋ ਲੈ ਅੰਤਰ।
ਪੰਗਤਿ ਗਨ ਬੈਠਾਇ ਨਿਰੰਤਰ ॥੪੨॥
ਸਤਿਗੁਰ ਹਿਤ ਚੌਂਕੀ ਡਸਵਾਈ।
ਸ੍ਵੇਤ ਸੁਜਨਿ[3] ਤੇ ਊਪਰ ਛਾਈ।
ਸਭਿ ਕੇ ਬੀਚ ਥਿਰੇ ਗੋਸਾਈਂ।

---

*ਕਿਸੇ ਤੇ ਭਾਰੂ ਨਾ ਹੋਣਾ, ਚਾਹੇ ਕਿਤਨੇ ਪ੍ਰੇਮ ਵਾਲਾ ਹੋਵੇ, ਉਸ ਦੇ ਖਰਚ ਖੇਚਲ ਦਾ ਲਿਹਾਜ਼ ਕਰਨਾ, ਇਹ ਸੱਚੇ ਗੁਰੂ ਦੇ ਵਿਚਾਰਸ਼ੀਲ ਕਟਾਖਜ ਹਨ, ਦੁਨੀਆਂ ਦੇ ਪੂਜ ਲੋਕਾਂ ਨੂੰ ਸਿੱਖਜਾ ਲੈਣੀ ਚਾਹੀਏ।

[1]ਚਰਨ ਪਾਵਣੇ ਕਰੋ।

[2]ਪਵਿੱਤ੍ਰ ਕਰੋ ਸਾਰਾ ਹੀ ਘਰ।

[3]ਸੋਜ਼ਨੀ।

ਜੁਗ ਮਾਤਨ ਘਰ ਬਿਖੈ ਬਿਠਾਈ ॥੪੩॥
ਸਹਿਤ ਬਿਰਾੜ ਸਿੰਘ ਬੈਠਾਏ।
ਸਭਿ ਕੇ ਹਿਤ ਅਹਾਰ ਗਨ ਲਜਾਏ।
ਭਲੀ ਰੀਤਿ ਤੇ ਪਰੁਸਨ ਲਾਗੇ।
ਤਾਲ ਬਿਸਾਲ ਕ੍ਰਿਪਾਲ ਸੁ ਆਗੇ ॥੪੪॥
ਤਿਮ ਅੰਤਰ ਜੁਗ ਥਾਲ ਪੁਚਾਏ।
ਦਾਸੀ ਬ੍ਰਿੰਦਨ ਲੇ ਕਰਿ ਖਾਏ।
ਜਥਾ ਜੋਗ ਸਭਿ ਕੋ ਤ੍ਰਿਪਤਾਯੋ।
ਖਰੇ ਹੋਇ ਕਰਿ ਚੁਰਾ ਪਠਾਯੋ[1] ॥੪੫॥
ਇਕ ਤੁਰੰਗ ਬਹੁ ਮੋਲ ਦੁਸ਼ਾਲਾ।
ਭੇਟ ਰਜਤਪਣ ਸ਼ਤ ਤਿਸ ਕਾਲਾ।
ਦੇ ਕਰਿ ਪ੍ਰਭੁ ਕੋ ਗ੍ਰੀਵ ਨਿਵਾਈ।
ਖੁਸ਼ੀ ਲੀਨਿ ਆਨੰਦ ਮਨ ਪਾਈ ॥੪੬॥
ਦ੍ਵੈ ਮਾਤਾ ਕੋ ਤੇਵਰ ਦੋਇ।
ਬਨੇ ਬਹੁਤ ਧਨ ਲਾਗੇ ਜੋਇ।
ਦੀਏ ਪਚਾਸ ਰਜਤਪਣ ਤਬੈ।
ਭਏ ਪ੍ਰਸੰਨ ਅਚਵ ਕਰਿ ਸਬੈ ॥੪੭॥
ਉਠਿ ਸਤਿਗੁਰ ਪਹੁੰਚੇ ਨਿਜ ਡੇਰੇ।
ਸਿੰਘ ਬਿਰਾੜ ਸਕਲ ਤਿਸ ਬੇਰੇ।
ਡਲੇ ਕਹੁ ਬਹੁ ਭਾਂਤਿ ਸਰਾਹਾ।
ਸੇਵ ਗੁਰੂ ਕੀ ਕਰਨ ਉਮਾਹਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੋ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

---

[1] ਪੜ੍ਹਾਇਆ।

## ੨੧. [ਚੱਬੇ ਦੀ ਮਾਈ ਨੂੰ ਪੁੱਤ੍ਰਾਂ ਦੇ ਵਰ। ਦਲਪਤ। ਦਯਾਲ ਦਾਸ। ਭਾਈ ਭਗਤੂ ਵੰਸ਼]

੨੦<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੨

ਦੋਹਰਾ: ਇਸੀ ਰੀਤਿ ਪ੍ਰਭੁ ਜੀ ਬਸੇ,
ਲਰਨਿ ਹੰਗਾਮਾ ਛੋਰਿ[1]।
ਕਮਰਕਸਾ ਖੋਲਜੇ ਥਿਰੇ,
ਸੁਖ ਕੋ ਲਹਿ ਸਭਿ ਓਰ ॥੧॥

ਚੌਪਈ: ਨਾਮ ਦਮਦਮਾ ਤਿਸ ਕੋ ਧਰਜੋ।
ਭਏ ਨਚਿੰਤ ਰਿਪੁਨਿ ਬਲ ਹਰਜੋ।
ਪਸਰੀ ਸੁਧਿ ਸਭਿ ਦੇਸ਼ ਵਿਦੇਸ਼।
ਆਵਨ ਸੰਗਤਿ ਲਗੀ ਹਮੇਸ਼ ॥੨॥
ਅਰਪਿ ਅਕੋਰਨ ਦਰਸ਼ਨ ਕਰੈਂ।
ਮਨੋ ਕਾਮਨਾ ਤੂਰਨ ਪੂਰੈ।
ਲਗੈ ਦਿਵਾਨ ਸ਼ਬਦ ਕੋ ਗਾਵਹਿਂ।
ਪ੍ਰੇਮੀ ਸਿੰਘ ਹਜ਼ਾਰਹੁੰ ਆਵਹਿਂ ॥੩॥
ਸ਼੍ਰੀ ਪ੍ਰਭੁ ਚੜ੍ਹਿ ਅਖੇਰ ਕੋ ਚਾਲੇ।
ਸੰਗੀ ਸਿੰਘ ਅਰੂਢਤਿ ਜਾਲੇ।
ਜਬਿ ਡੇਰੇ ਤੇ ਨਿਕਸਨਿ ਲਾਗੇ।
ਕਹਜੋ ਸੱਦ ਇਕ ਇਸਤ੍ਰੀ ਆਗੇ ॥੪॥

'ਬਿਨੈ ਕਰੇਂਦੀ ਵੋ ਸਤਿਗੁਰ ਗੋਬਿੰਦ ਸਿੰਘ ਅੱਗੇ।
ਸੋਹਣੀ ਦਾਹੜੀ ਬੀਬੀ ਪੱਗੇ।
ਗੋਤ ਵੜਾਇਚ* ਪਿੰਡ ਹੈ ਚੱਬੇ।
ਖਾਲੀ ਚਲੀ ਜੇ ਇਕ ਫਲ ਲੱਗੇ।'

ਸੁਨਿ ਸਾਹਿਬ ਤਿਸ ਕੀ ਦਿਸ਼ਿ ਹੇਰਿ।
ਮੁਸਕਾਨੇ ਭਾਖਜੋ 'ਕਹੁ ਫੇਰ।'
ਇਸਤ੍ਰੀ ਸੁਨਿ ਕਰਿ ਬਹੁਰ ਉਚਾਰਾ।
ਪੂਰਬ ਗਾਵਜੋ ਜਿਸੀ ਪ੍ਰਕਾਰਾ ॥੫॥
ਬੂਝੀ ਪ੍ਰਭੁ 'ਕਹਾਂ ਤੇ ਆਈ?
ਕੌਨ ਦੇਸ਼ ਕਿਸ ਗ੍ਰਾਮ ਬਸਾਈ?'
'ਗੁਰੂ ਗਰੀਬ ਨਿਵਾਜ! ਸੁਨੀਜੈ।
ਚੱਬਾ ਮਾਝੇ ਦੇਸ਼ ਜਨੀਜੈ ॥੬॥
ਸ਼੍ਰੀ ਅੰਮ੍ਰਿਤਸਰ ਦੱਖਣ ਪਾਸੇ।

---

[1]ਜੰਗ ਦਾ ਲੜਨਾ ਛੱਡਕੇ।
*ਪਾ:-ਵਚਾਇਣ।

ਤੀਨ ਕੋਸ ਪਰ ਗ੍ਰਾਮ ਸੁ ਬਾਸੇ*।
ਤਹਿਂ ਤੇ ਮੈਂ ਆਈ ਧਰਿ ਆਸਾ।
ਜਾਚਨ ਪੁੱਤ੍ਰ ਆਪਕੇ ਪਾਸਾ ॥੭॥
ਬੈਠੇ ਸਭਾ ਨ ਮਾਂਗਜੋ ਗਯੋ।
ਸੱਦ ਬਿਖੈ ਤੁਮ ਸਨ ਕਹਿ ਦਯੋ।
ਦੂਰ ਪੰਥ ਤੇ ਮੈਂ ਚਲਿ ਆਈ।
ਪੁਰਹੁ ਕਾਮਨਾ ਸ਼ਰਨ ਤਕਾਈ' ॥੮॥
ਸੁਨਿ ਪ੍ਰਭੁ ਹੁਕਮ ਦਾਸ ਕੋ ਕਹਜੋ।
'ਮਸੁ ਅਰੁ ਕਲਮ ਆਨਿ ਅਬਿ ਚਹਜੋ।
ਲਜਾਯੋ ਤੁਰਤ ਗੁਰੂ ਲਿਖਿ ਦੀਨ।
ਸਿਖ ਨੇ ਦੈਬੇ ਹਿਤ ਕਰ ਲੀਨ ॥੯॥
ਗੁਰ ਬੋਲੇ 'ਇਕ ਸੁਤ ਤੁਹਿ ਦਯੋ।'
ਕਾਗਤ ਪਿਖਤਿ ਸਿੱਖ ਲਖਿ ਲਯੋ।
ਮਹਾਰਾਜ ਏ ਸਾਤਾ ਭਯੋ।
ਮੁਖ ਤੇ ਕਹੋ ਏਕ ਸੁਤ ਦਯੋ' ॥੧੦॥
ਸੁਨਿ ਪ੍ਰਭੁ ਕਹਜੋ 'ਸਪਤ ਹੀ ਹੋਹਿਂ।
ਆਇ ਦੂਰ ਤੇ ਜਾਚਜੋ ਮੋਹਿ।'
ਲੇ ਕਾਗਤ ਇਸਤ੍ਰੀ ਹਰਖਾਈ।
ਕਰਿ ਬੰਦਨ ਕੋ, ਸਦਨ ਸਿਧਾਈ ॥੧੧॥
ਸਮਾ ਪਾਇ ਸੁਤ ਸਾਤ ਉਪਾਇ+।
ਗੁਰ ਮਹਿਮਾ ਕੋ ਬਹੁ ਬਿਦਤਾਇ।
++ਪੁਨ ਉਦਿਆਨ ਸ਼ਿਕਾਰ ਸਿਧਾਰੇ।
ਇਤ ਉਤ ਬਿਚਰਤ ਮ੍ਰਿਗਨਿ ਨਿਹਾਰੇ ॥੧੨॥
ਨਹੀਂ ਅਖੇਰ ਕਹੂੰ ਤੇ ਪਾਵਾ।
ਤਬਿ ਸਿੰਘਨ ਸਨ ਪ੍ਰਭੂ ਅਲਾਵਾ।
'ਕਿਹ ਸਿਖ ਨੇ ਕੰਘਾ ਨਹਿਂ ਕਰਜੋ?
ਜਿਸ ਤੇ ਨਹਿਂ ਸ਼ਿਕਾਰ ਕਰ ਪਰਜੋ' ॥੧੩॥
ਸੁਨਜੋ ਸਭਿਨਿ ਇਕ ਨੇ ਕਹਿ ਦੀਨਾ।

---

*ਇਹ ਗਿਰਾਂਵ ਤਰਨਤਾਰਨ ਵਾਲੀ ਪੱਕੀ ਸੜਕ ਪਰ ਹੈ, ਹੁਣ ਨੇੜੇ ਰੇਲ ਦਾ ਸਟੇਸ਼ਨ ਬਣ ਗਿਆ ਹੈ, ਜਿਸ ਦਾ ਨਾਮ ਸੰਗਰਾਣਾ ਸਾਹਿਬ ਹੈ, ਕਿਉਂਕਿ ਸਟੇਸ਼ਨ ਦੇ ਨਾਲ ਹੀ ਇਸ ਨਾਮ ਦਾ ਗੁਰਦਵਾਰਾ ਹੈ।
+ਇਸੇ ਤਰ੍ਹਾਂ ਦਾ ਪ੍ਰਸੰਗ ਜੋ ਛੇਵੇਂ ਸਾਹਿਬਾਂ ਸਮੇਂ ਹੋਇਆ ਸੀ ਉਸ ਲਈ ਦੇਖੋ ਰਾਸ ੬ ਅੰਸੂ ੫੪।
++ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

'ਮੈਂ ਕੰਘਾ ਕੇਸਨ ਨਹਿਂ ਕੀਨਾ।'
ਹੁਕਮ ਕਰਯੋ 'ਅਬਿ ਭੀ ਕਰਿ ਲੀਜੈ।
ਤੂਰਨ ਬਨਹੁ ਸੁਚੇਤ ਮਿਲੀਜੈ' ॥੧੪॥
ਤਤਛਿਨ ਤਿਨ ਸੁਨਿ ਕੈ ਕਰਿ ਲੀਨ[੧]।
ਸੰਗ ਮਿਲਾਇ ਪਯਾਨੌਂ ਕੀਨ।
ਪੁਨ ਉੱਦਜਾਨ ਬਿਖੈ ਜਬਿ ਫਿਰੇ।
ਪਿਖਿ ਸ਼ਿਕਾਰ ਕੋ ਮਾਰਨ ਕਰੇ ॥੧੫॥
ਹਟੇ ਪ੍ਰਭੂ ਸਭਿ ਕੋ ਸਮੁਝਾਯੋ।
'ਸਿੰਘਨ ਕੋ ਐਸੇ ਬਨਿ ਆਯੋ।
ਹੋਇ ਸੁਚੇਤ ਸਕਲ ਪਰਕਾਰੇ।
ਚਢਨ ਸਮੈਂ ਅਰਦਾਸ ਉਚਾਰੇ ॥੧੬॥
ਕਾਰਜ ਸਰਬ ਸਿੱਧ ਹੁਇ ਜਾਤੇ।
ਨਹਿਂ ਦੋਨਹੁਂ ਬਿਨ ਕਹੂੰ ਪ੍ਰਯਾਤੇ[੨¶]।'
ਸੁਨਿ ਕੈ ਸੀਖ ਸਭਿਨਿ ਹੂੰ ਮਾਨੀ।
ਜਥਾ ਆਪ ਸ਼੍ਰੀ ਬਦਨ ਬਖਾਨੀ ॥੧੭॥
ਆਇ ਬਿਰਾਜੇ ਸਤਿਗੁਰ ਡੇਰੇ।
ਨਿਸਾ ਬਿਤਾਇ ਸਥਿਰੇ ਸਵੇਰੇ।
ਬੈਠਯੋ ਨਿਕਟ ਖਾਲਸਾ ਆਇ।
ਦਰਸਹਿ ਸੰਗਤਿ ਫਲ ਕੋ ਪਾਇ ॥੧੮॥
[*]ਦਧਿ ਸੋਂ ਦੀਰਘ ਘਟ ਕੋ ਭਰਯੋ।
ਲੇ ਇਕ[੩] ਆਨਿ ਦਰਸ ਕੋ ਕਰਯੋ।
ਬੂਝਨ ਕੀਨ 'ਬਸਹਿਂ ਕਿਸ ਗ੍ਰਾਮੂ?
ਤੋਹਿ ਪਿਤਾ ਅਰੁ ਤੁਵ ਕਯਾ ਨਾਮੂ?' ॥੧੯॥
ਸ਼੍ਰੀ ਗੁਰ ਤੇ ਸੁਨਿ ਸਕਲ ਬਤਾਈ।
'ਮੌੜ ਗ੍ਰਾਮ ਮਹਿਂ ਬਸੌਂ ਗੁਸਾਈਂ!
ਪਿਤਾ ਭੀਮ ਤੇ ਮੈਂ ਸੁਤ ਭਯੋ।
ਦਲਪਤਿ ਮੋਹਿ ਨਾਮ ਧਰਿ ਦਯੋ' ॥੨੦॥

---

[੧](ਕੰਘਾ) ਕਰ ਲਿਆ।
[੨]ਭਾਵ ਸੁਚੇਤ ਹੋਏ ਬਿਨਾਂ ਤੇ ਅਰਦਾਸਾਂ ਸੋਧੇ ਬਿਨਾਂ ਕਿਤੇ ਨਾ ਜਾਇਆ ਕਰਨ।
[¶]ਦਾਤਾ ਜੀ ਸ਼ਰੀਰਕ ਸਫਾਈ ਤੇ ਸਾਵਧਾਨਤਾ ਦੇ ਨਾਲ ਨਾਲ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਸ਼ੁਭ ਮੱਤਿ ਸਿਖਾਲਦੇ ਹਨ।
[*]ਸਾਖੀ ਪੋਥੀ ਦੀ ਸਾਖੀ ਹੈ।
[੩]ਭਾਵ ਇਕ ਸਿੱਖ ਨੇ ਲਿਆਕੇ।

ਭੇ ਪ੍ਰਸੰਨ ਕਦ[1] ਹੇਰਿ ਬਿਸਾਲਾ।
ਕ੍ਰਿਪਾ ਕਰਤਿ ਬੋਲੇ ਤਿਸ ਕਾਲਾ।
'ਜੇ ਕਰਿ ਭੀਮ[2] ਆਤਮਜ ਭਯੋ।
ਤਬਹਿ ਦਲਨ ਕੀ ਪਤਿ ਪਦ ਲਯੋ[3]' ॥੨੧॥
ਖੁਸ਼ੀ ਹੋਇ ਗੁਰ ਪਾਗ ਬੰਧਾਈ।
'ਜੇ ਸਿੱਖੀ ਕੋ ਰਖਹਿਂ ਜਿਠਾਈ[4]।
ਤੌ ਐਸ਼੍ਵਰਜ ਭੀ ਵਧਹਿ ਮਹਾਨਾ।
ਮਾਨਤਿ ਰਹਹੁ ਗੁਰੂ ਕੀ ਆਨਾ' ॥੨੨॥
ਕਿਤਿਕ ਸਮੈਂ ਬੈਠਨ ਤਬਿ ਕਰਜੋ।
ਬੰਦਨ ਠਾਨਿ ਸਦਨ ਚਲਿ ਪਰਜੋ।
ਦਿਨ ਦ੍ਵੈ ਚਾਰਿਕ ਬੰਧੀ ਸਿਰ ਪਰ।
ਡੋਮਨ ਕੇ ਗਾਵਨ[5] ਕੋ ਸੁਨਿ ਕਰਿ ॥੨੩॥
ਸੋ ਦਸਤਾਰ ਤਿਨਹੁਂ ਕੋ ਦੀਨਿ।
ਮੂਰਖ ਕਛੂ ਬਿਚਾਰ ਨ ਕੀਨ।
ਨਹਿਂ ਗੁਰ ਮਹਿਮਾ ਮਨ ਮਹਿਂ ਆਇ।
ਖਾਲੀ ਰਹਜੋ ਖੁਸ਼ੀ ਕੋ ਪਾਇ ॥੨੪॥
*ਭਾਈ ਭਗਤੂ ਕਾ ਇਕ ਪੋਤਾ।
ਦਜਾਲਦਾਸ ਜਿਸ ਨਾਮ ਉਦੋਤਾ।
ਭੁੱਚੋ ਗ੍ਰਾਮ ਬਿਖੈ ਤੇ ਗਯੋ।
ਗੁਰ ਦਰਸ਼ਨ ਕਰਿ ਨੰਮ੍ਰੀ ਭਯੋ ॥੨੫॥
ਕੁਛਕ ਰਜਤਪਣ ਭੇਟ ਚੜ੍ਹਾਈ।
ਬੈਠਜੋ ਸ਼੍ਰੀ ਪ੍ਰਭੁ ਦ੍ਰਿਸ਼ਟਿ ਚਲਾਈ।
ਸ਼੍ਰੀ ਮੁਖ ਤੇ ਫੁਰਮਾਨ ਬਖਾਨਾ।
'-ਦਜਾਲ ਸਿੰਘ- ਅਬਿ ਕਰਹੁ ਪ੍ਰਮਾਨਾ[6] ॥੨੬॥
ਖੰਡੇ ਕੀ ਪਾਹੁਲ ਸ਼ੁਭ ਧਾਰਹੁ।
ਬਨਹੁ ਖਾਲਸਾ ਭਰਮ ਨਿਵਾਰਹੁ।
ਕੇਸ਼ ਕਾਛ ਕੀ ਰਹਤਿ ਰਖੀਜੈ।

---

[1]ਡੀਲ। ਕੱਦ।
[2]ਇਸ ਵਿਚ ਕਟਾਖਯ ਪੁਰਾਤਨ ਬਲਵਾਨ 'ਭੀਮ' ਵਲ ਹੈ।
[3]ਦਲ ਦਾ ਪਤੀ ਹੋਣਾ ਪਦਵੀ ਪਾਈ ਹੈ।
[4]ਸਿੱਖੀ ਦੀ ਵਡਿਆਈ ਰੱਖੇਂਗਾ।
[5]ਡੂੰਮਾਂ ਦਾ ਗਾਉਣਾ।
[6]'ਦਜਾਲ ਸਿੰਘ ਹੁਣ ਇਹ (ਨਾਮ) ਮੰਨਣਾ ਕਰੋ।

ਮੀਣ ਮਸੰਦ ਮੇਲ ਨਹਿਂ ਕੀਜੈ ॥੨੭॥
ਸ਼ਸਤ੍ਰਨਿ ਕੋ ਨਿਸ ਦਿਨ ਤਨ ਧਰੀਅਹਿ।
ਫਤੇ ਗੁਰੂ ਜੀ ਕੀ ਸੁ ਉਚਰੀਅਹਿ।'
ਸੁਨਿ ਕੈ ਕਮ ਦਿਲ ਹੋਇ ਉਚਾਰੀ।
'ਸਿੱਖੀ ਹਮਹੁਂ ਕਦੀਮੀ ਧਾਰੀ ॥੨੮॥
ਪਿਤਾ ਪਿਤਾਮਾ ਗੁਰ ਘਰ ਕੇਰੇ।
ਜਹਿਂ ਕਹਿਂ ਬਿਦਤੇ ਜਗਤ ਬਡੇਰੇ।
ਅਬਿ ਮੈਂ ਨਈ ਰੀਤਿ ਕਜਾ ਧਾਰੌਂ।
ਨਿਜ ਬਡਿਅਨਿ ਕੋ ਪੰਥ ਸੰਭਾਰੌਂ ॥੨੯॥
ਸਭਿ ਗੁਰ ਖੁਸ਼ੀ ਕਰਤ ਹੀ ਰਹੈ।
ਦਾਸ ਕਦੀਮੀ ਅਪਨੇ ਲਹੇ।
ਭਈ ਆਰਬਲ ਅਬੈ ਬਡੇਰੀ।
ਪਹੁਲ ਲੇਨਿ ਨ ਉਚਿਤਾ ਮੇਰੀ' ॥੩੦॥
ਸ਼੍ਰੀ ਮੁਖ ਤੇ ਕਹਿ ਪੁਨ ਸਮੁਝਾਯੋ।
'ਹਮ ਨੇ ਉੱਤਮ ਪੰਥ ਚਲਾਯੋ।
ਲੋਕ ਪ੍ਰਲੋਕ ਬਿਖੈ ਸੁਖਦਾਇਕ।
ਰਾਜ ਤੇਜ ਜੁਤਿ ਹ੍ਵੈ ਰਿਪੁ ਘਾਯਕ ॥੩੧॥
ਤਿਸ ਜਹਾਜ ਪਰ ਚਢਹਿ ਜੁ ਆਇ।
ਕੀਟੀ ਤੇ ਗਯੰਦ ਬਨਿ ਜਾਇ।
ਜੇ ਸਯਾਲ ਸਮ ਸਭਿ ਤੇ ਡਰੈ।
ਬਨੈ ਸਿੰਘ[1] ਸਿੰਘ ਨਾਮ ਸੁ ਧਰੈ ॥੩੨॥
ਯਾਂ ਤੇ ਤੂੰ ਭੀ ਧਾਰਨ ਕਰੀਅਹਿ।
ਰੀਤਿ ਮਸੰਦੀ ਨਾਂਹਿਨ ਧਰੀਅਹਿ।'
ਸੁਨਿ ਪੁਨ ਬਚਨ ਹਟਾਵਨ ਕੀਨਾ।
ਗੁਰੂ ਬਾਕ ਪਰ ਨਹਿਨ ਪਤੀਨਾ ॥੩੩॥
'ਅਬਿ ਤੌਂ ਕ੍ਰਿਪਾ ਕਰਹੁ ਰਹਿਂ ਐਸੇ।
ਪਿਤਾ ਪਿਤਾਮਾ ਹਮਰੇ ਜੈਸੇ।'
ਸੁਨਿ ਕਰਿ ਗੁਰੂ ਸ੍ਰਾਪ ਤਬਿ ਦੀਨਾ।
ਬਾਰਿ ਬਾਰਿ ਬਚ ਬਾਰਨਿ ਕੀਨਾ[2] ॥੩੪॥
'ਹਮ ਤੇ ਨਹਿਂ ਪਾਹੁਲ ਤੈਂ ਲਈ।

---

[1]ਸ਼ੇਰ।
[2]ਹਟਾਵਣਾ ਕੀਤਾ।

ਅਪਰ ਬ੍ਰੁੱਧਿ ਹਠਿ ਤੇ ਦਿਢ ਕਈ।
[੧]ਮਿਲਹਿਂ ਚੂਹੜੇ ਜਬਹਿ ਹਮਾਰੇ।
ਤਿਨ ਤੇ ਕਰਿਹੈਂ ਅੰਗੀਕਾਰੇ[੩]’ ॥੩੫॥
ਸੁਨਿ ਕਰਿ ਦਜਾਲ ਦਾਸ ਭਾ ਮੌਨ।
ਕੇਤਿਕ ਚਿਰ ਮਹਿਂ ਗਮਨਜੋ ਭੌਨ।
ਪਸਚਾਤਾਪ ਕਰਤਿ ਚਲਿ ਗਯੋ।
-ਗੁਰ ਕੇ ਸੰਗ ਬਿਰਸ ਬਹੁ ਭਯੋ- ॥੩੬॥
ਤਬਿ ਤੇ ਸ਼੍ਰੀ ਪ੍ਰਭੁ ਰੁਖ਼ ਨ ਮਿਲਾਯੋ।
ਨਹਿਂ ਸਾਦਰ ਕਬਿ ਨਿਕਟ ਬਿਠਾਯੋ।
‘ਭਗਤੂ ਕਾ ਮਸੰਦ’ ਧਰਿ ਨਾਮੂ[*]।
ਨਾਂਹਿਨ ਗਮਨੇ ਇਸ ਕੇ ਧਾਮੂ ॥੩੭॥
ਭਗਤੂ ਸੁਤ ਗੌਰਾ ਇਕ ਭਯੋ।
ਤਿਸ ਤੇ ਦਜਾਲਦਾਸ ਉਪਜਯੋ[+]।
ਭਗਤੂ ਸੁਤ ਦੂਸਰ ਭਾ ਜੀਵਣ।
ਸ਼੍ਰੀ ਹਰਿਰਾਇ ਨਿਕਟ ਦਿਯ ਜੀਵਣ[੨] ॥੩੮॥
ਬਿੱਪ੍ਰ ਪੁੱਤ੍ਰ ਕੋ ਤਬੈ ਜਿਵਾਯੋ।
ਤਿਸ ਕੋ ਬੰਸ ਅਧਿਕ ਬਿਰਧਾਯੋ।
ਗ੍ਰਾਮ ਚੱਕ ਤਿਸ[*] ਮਹਿਂ ਕਰਿ ਬਾਸਾ।
ਸੋ ਚਲਿ ਕਰਿ ਆਏ ਗੁਰ ਪਾਸਾ ॥੩੯॥
ਖੰਡੇ ਕੀ ਪਾਹੁਲ ਤਿਨ ਲੀਨੀ।
ਖੁਸ਼ੀ ਗੁਰੂ ਕੀ ਜਿਸ ਬਿਧਿ ਚੀਨੀ।
ਰਾਮ ਸਿੰਘ ਇਕ ਨਾਮ ਧਰਾਯੋ।

---

[੧]ਭਾਵ ਨੀਵੀਆਂ ਜਾਤਾਂ ਦੇ ਜਦੋਂ ਸਿੰਘ ਸਜੇ ਹੋਏ ਮਿਲਣਗੇ ਉਨ੍ਹਾਂ ਤੋਂ ਅੰਮ੍ਰਿਤ ਛਕੋਗੇ।

[*]ਗੁਰੂ ਜੀ ਚਾਹੁੰਦੇ ਸਨ ਕਿ ਮਸੰਦਹਾਰ ਜੀਵਨ ਦਜਾਲਦਾਸ ਦਾ ਨਾ ਰਹੇ ਤੇ ਸਿੰਘ ਸਜੇ। ਪੂਜਾ ਦੇ ਧਾਨ ਨੂੰ ਕੱਠਾ ਕਰਨਾ, ਅਮੀਰ ਬਣਨਾ, ਇਹੋ ਮਨੋਰਥ ਪੂਜਜ ਬਣਨ ਦਾ ਧਾਰਨਾ ਮਸੰਦੀ ਹੈ। ਕਿਰਤ ਕਰਕੇ ਖਾਣਾ, ਸੇਵਾ ਕਰਨੀ, ਸਿੰਘ ਦਾ ਧਰਮ ਹੈ। ਪੂਜਾ ਦੇ ਪਦਾਰਥ ਨੂੰ ਭਲੇ ਅਰਥ ਲਾਉਣਾ, ਨਿਰਬਾਹ ਮਾਤ੍ਰ ਅੰਗੀਕਾਰ ਕਰਨਾ, ਬਾਣੀ ਨਾਮ ਦਾ ਪ੍ਰੇਮੀ ਹੋਣਾ ਇਹ ਬੀ ਸਿੱਖੀ ਜੀਵਨ ਹੈ। ਓਹਨਾਂ ਦਾ ਜੋ ਸਾਰਾ ਸਮਾਂ ਪੰਥ ਸੇਵਾ ਗੁਰਧਾਮਾਂ ਦੀ ਸੇਵਾ ਪਰ ਲਾਉਣ ਯਾ ਕਿਸੇ ਅਸੂਲ ਯਾ ਖਿਆਲ ਤੋਂ ਬਿਹੰਗਮੀ ਜੀਵਨ ਧਾਰ ਲੈਣ।

[+]ਭਾਵ ਭਗਤੂ ਦਾ ਪੁੱਤ੍ਰ ਭਾਈ ਗੌਰਾ ਤੇ ਗੌਰੇ ਦਾ ਪੁੱਤ੍ਰ ਦਿਆਲ ਦਾਸ ਇਸ ਦੇ ਪੁੱਤ੍ਰ ਨੇ ਅੰਮ੍ਰਿਤ ਛਕਕੇ ਗੁਰਬਖਸ਼ ਸਿੰਘ ਨਾਮ ਰਖਾਇਆ, ਇਸ ਦੇ ਪੁੱਤ੍ਰ ਦੇਸੂ ਸਿੰਘ ਨੇ ਕੈਂਥਲ ਦਾ ਰਾਜ ਕਾਇਮ ਕੀਤਾ। ਇਸ ਦੇ ਬੇਟਾ ਰਾਜਾ ਲਾਲ ਸਿੰਘ ਸੀ ਤੇ ਉਸ ਦਾ ਪੁੱਤ੍ਰ ਕੈਂਥਲ ਪਤੀ ਉਦਯ ਸਿੰਘ ਜੀ ਸਨ ਜਿਨ੍ਹਾਂ ਦੇ ਦਰਬਾਰ ਦੇ ਕਵੀ ਕਵਿਰਾਜ ਸੰਤੋਖ ਸਿੰਘ ਨੇ ਇਹ ਗੁਰ ਪ੍ਰਤਾਪ ਸੂਰਜ ਗ੍ਰੰਥ ਰਚਿਆ। ਵਿਸ਼ੇਸ਼ ਹਾਲਾਤ ਲਈ ਤੱਕੋ ਇਸੇ ਗ੍ਰੰਥ ਦੀ ਪ੍ਰਸਤਾਵਨਾ।

[੨]ਪ੍ਰਾਣ ਦਿੱਤੇ।

[*]ਪਾ:-ਚਕਿਤਸੇ। ਸਾਖੀ ਪੋ: ਦਾ ਪਾ: ‘ਚੱਕ’ ਹੈ। ਠੀਕ ਨਾਮ ‘ਭਾਈ ਕੇ ਚੱਕ’ ਹੈ, ਦੇਖੋ ਅੰ: ੩੨ ਅੰਕ ੬।

ਦੂਸਰ ਫਤੇ ਸਿੰਘ ਮਨ ਭਾਯੋ ॥੪੦॥
ਇਕ ਮਾਤਾ ਤੇ ਦੋਨਹੁਂ ਭਾਈ।
ਦੋ ਬਿਮਾਤ ਤੇ ਦੇਉਂ ਬਤਾਈ[1]।
ਬਖਤੂ ਸਿੰਘ ਅਰੁ ਤਖਤੂ ਸਿੰਘ।
ਸੁਤ[+] ਜੀਵਣ ਚਾਰੋਂ ਜਨੁ ਸਿੰਘ ॥੪੧॥
ਨਿਕਟ ਗ੍ਰਾਮ ਮਹਿਂ ਇਨਕੋ ਬਾਸਾ।
ਆਵਤਿ ਜਾਤਿ ਰਹੈਂ ਗੁਰ ਪਾਸਾ।
ਕਿਤਿਕ ਮਾਸ ਸਤਿਗੁਰੂ ਬਿਤਾਏ।
ਚਹੁਂਦਿਸ਼ਿ ਤੇ ਸਿਖ ਦਰਸ਼ਨ ਆਏ ॥੪੨॥
ਨਰ ਨਾਰਨਿ ਕੀ ਭੀਰ ਹਮੇਸ਼।
ਹਿਤ ਦਰਸ਼ਨ ਕੇ ਮਿਲਹਿਂ ਵਿਸ਼ੇਸ਼।
ਨਾਨਾ ਬਿਧਿ ਕੀ ਆਨਿ ਅਕੋਰ।
ਕਰਹਿਂ ਸਮਰਪਨ ਜੁਗ ਕਰਿ ਜੋਰਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੂ ਸੁਤ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥੨੧॥

---

[1]ਮਤ੍ਰੇਈ ਤੋਂ ਦਸਦਾ ਹਾਂ ਕਿ ਦੋ ਹੋਰ ਸਨ:-

[+]ਇਥੇ ਭੁਲੇਖਾ ਹੈ। ਏਹ ਚਾਰੇ ਜੀਵਣ ਦੇ ਪ੍ਰੋਤੇ ਹਨ, ਪੁੱਤ੍ਰ ਨਹੀਂ। ਪੁਤ੍ਰ ਸੰਤ ਦਾਸ ਹੈ, ਕਵੀ ਜੀ ਜੀਵਣ ਦਾ ਇਕੋ ਪੁਤ੍ਰ ਆਪ ਦੱਸ ਆਏ ਹਨ ਜੋ ਚਲਾਣੇ ਮਗਰੋਂ ਜੰਮਿਆ ਸੀ। ਦੇਖੋ ਰਾਸ ੧੦ ਅੰਸੂ ੧੮ ਅੰਕ ੧੮।

## ੨੨. [ਗੋਦੜੀਆ ਸਿੰਘ। ਭਾਗੋ। ਡੱਲਾ ਤੇ ਵਜ਼ੀਰ ਖ਼ਾਂ ਦਾ ਪਰਵਾਨਾ]

੨੧<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੩

ਦੋਹਰਾ: ਇਕ ਦਿਨ ਸ਼੍ਰੀ ਮੁਖ ਤੇ ਕਹ੍ਯੋ, 'ਰਾਮ ਸਿੰਘ ਤਵ ਗ੍ਰਾਮ।
ਉਤਰੈਂ ਇਕ ਦ੍ਵੈ ਨਿਸਾ ਤਹਿਂ, ਦੇਖਹਿਂ ਕਸ ਅਭਿਰਾਮ[1]' ॥੧॥

ਚੌਪਈ: ਸੁਨਿ ਬੋਲ੍ਯੋ ਕਰਿ ਜੋਰਿ ਸੁ ਤਬੈ।
'ਸਿਕਤਾ ਘਨੋ ਦੇਸ਼ ਇਤਿ ਸਬੈ।
ਤੀਖਣ ਤੇਜ ਤਪਨ ਕੋ ਪਾਇ।
ਜਹਿਂ ਕਹਿਂ ਤੇ ਦੀਰਘ ਤਪਤਾਇ ॥੨॥
ਬਹੁਰ ਸਮੀਰ ਅਧੀਰਜ ਵਾਰੀ[2]।
ਕਰਹਿ ਉਡਾਵਨ ਗਗਨ ਮਝਾਰੀ।
ਬਹੈ ਬੇਗ ਤੇ ਬਹੁ ਦੁਖਦਾਈ।
ਐਸੇ ਦੇਸ਼ ਗ੍ਰਾਮ ਇਸ ਥਾਈ[3]' ॥੩॥
ਸ਼੍ਰੀ ਪ੍ਰਭੁ ਕਹ੍ਯੋ 'ਕਰੀਜਹਿ ਤਜਾਰੀ।
ਚਲਹਿਂ, ਬਿਲਕੋਹਿਂਗੇ ਇਕ ਬਾਰੀ।'
ਸੁਨਿ ਕੈ ਹੁਕਮ ਰਾਮ ਸਿੰਘ ਗਯੋ।
ਗਰਾਮ ਬਿਖੈ ਸਭਿ ਸੋਂ ਕਹਿ ਦਯੋ ॥੪॥
ਗ੍ਰੀਖਮ ਰਿਤੁ ਮਹਿਂ ਸਰਦ ਸਥਾਨਾ।
ਲਗ੍ਯੋ ਬਨਾਵਨ ਜਾਨਿ ਮਹਾਨਾ।
ਕਰਿ ਝਾਰਨ ਚਹੁੰ ਓਰਨ ਓਟਾ।
ਰਾਖ੍ਯੋ ਬੈਠਨ ਹਿਤ ਥਲ ਛੋਟਾ ॥੫॥
ਸਿਕਤਾ ਮੋਟਾ ਬੀਚ ਬਿਛਾਵਾ।
ਬਾਰ ਬਾਰ ਜਲ ਤੇ ਛਿਰਕਾਵਾ।
ਕੋਰੇ ਕੁੰਭ ਨੀਰ ਭਰਿ ਕਰਿ ਕੇ।
ਬਹੁ ਸੀਤਲ ਦੀਨੇ ਵਿਚ ਧਰਿ ਕੇ ॥੬॥
ਇੱਤਜਾਦਿਕ ਸਭਿ ਕਰਿ ਕੈ ਤਜਾਰੀ।
ਨੀਕੇ ਸਤਿਗੁਰ ਹੇਤੁ ਸੁਧਾਰੀ।
++ਇਕ ਸਿਖ ਗੋਦੜੀਆ ਜਿਸ ਨਾਮੂ।
ਜਿਸ ਕੇ ਚਰਿਤ ਮਹਾਂ ਅਭਿਰਾਮੂ ॥੭॥
ਅਲਪ ਬੈਸ ਮਹਿਂ ਆਵਤਿ ਭਯੋ।

---

[1]ਕਿਹੋ ਜਿਹਾ ਸੁਹਣਾ ਹੈ।
[2]ਭਾਵ ਹਨੇਰੀ।
[3]ਇਸ ਥਾਂ ਤਾਂ ਇਹੋ ਜਿਹੇ ਦੇਸ਼ ਦੇ ਪਿੰਡ ਹਨ।
++ਹੁਣ ਗੋਦੜੀਏ ਦਾ ਕੁਛ ਹਾਲ ਪਿਛਲਾ ਦੱਸਣ ਲੱਗੇ ਹਨ ਜੋ ਸਾਖੀ ਪੋਥੀ ਵਿਚ ਨਹੀਂ ਹੈ।

ਭਗਤੂ ਪੁੱਤ੍ਰਨਿ ਢਿਗ ਰਹਿ ਗਯੋ।
ਗੌਰੇ ਕਹਿ ਕਰਿ ਕਾਰ ਲਗਾਯੋ।
ਕੂਪ ਨੀਰ ਕੋ ਚਰਸ[1] ਵਹਾਯੋ ॥੮॥
ਅਪਰ ਸੇਵ ਜੋ ਕਹੈ ਕਮਾਵੈ।
ਕਰਹਿ ਸੰਝ ਲਗਿ ਜਹਾਂ ਲਗਾਵੈ।
ਇਕ ਦਿਨ ਘਾਸ ਬਾਢਿਬੇ ਲਾਯੋ।
ਦਹਿ ਸਿਰ ਤੋਲ ਬਾਜਰਾ ਲ੍ਯਾਯੋ[2] ॥੯॥
ਚਰਬਤ ਸੇਰ ਏਕ ਦਿਨ ਮਾਂਹੀ[3]।
ਘਾਸ ਬਢਹਿ ਨਿਤ ਮਿਟਹਿ ਸੁ ਨਾਂਹੀ।
ਦਸ ਦਯੋਸਨ ਲਗਿ ਢੇਰ ਲਗਾਏ।
ਨਹਿਂ ਆਵਤਿ ਭਾ ਬਿਨਾ ਬੁਲਾਏ ॥੧੦॥
ਨਿਕਟ ਤਾਲ ਜਲ ਪੀਵਨ ਕਰੈ।
ਰਿਦੇ ਸਦਾ ਸਿਮਰਨ ਹਰਿ ਧਰੈ।
ਜਾਇ ਬਿਲੋਕ੍ਯੋ ਹਰਖਤਿ ਭਏ।
ਲਾਦੇ ਸਕਟ ਆਨਿਬੋ ਕਏ ॥੧੧॥
ਪੁਨਹਿ ਲ੍ਯਾਇ ਘਰ ਪੀਸਨ ਲਾਯੋ।
ਪੀਸਤ ਰਹੈ ਨ ਮਨ ਡੋਲਾਯੋ।
ਜਪੁਜੀ ਬਾਰ ਇਕੀਸ ਉਚਾਰੈ।
ਕਰ ਪਗ ਸੋਂ ਨਿਤ ਕਾਰ ਸੰਭਾਰੈ ॥੧੨॥
ਪੁਨ ਦਾਸੀ ਤਿਸ ਕੇ ਸੰਗ ਲਾਈ।
ਪੀਸਹਿ ਆਪ ਸੁ ਬਰਜਿ ਹਟਾਈ[4]।
ਭਗਤੂ ਸੁਤ ਜੀਵਣ ਇਕ ਬਾਰੀ।
ਇਕ ਰਾਹਕ ਕੋ ਝਿਰਕਤਿ ਭਾਰੀ ॥੧੩॥
ਗੋਦੜੀਆ ਕਰਿ ਕ੍ਰਿਪਾ ਨਿਵਾਰੈ।
'ਕ੍ਯੋਂ ਨਾਹਕ ਇਸ ਕੌ ਬਹੁ ਮਾਰੈਂ।'
ਸੁਨਿ ਜੀਵਣ ਬੋਲ੍ਯੋ ਰਿਸ ਹੋਈ।
'ਰਾਜ ਸਾਜ ਕੀ ਸੁਧ ਕ੍ਯਾ ਤੋਹੀ' ॥੧੪॥
ਉਠਿ ਕਰਿ ਡਾਢੀ* ਲਾਤ ਪ੍ਰਹਾਰੀ।

---

[1]ਚਰਸਾ।
[2](ਘਰੋਂ) ਦਸ ਸੇਰ ਬਾਜਰਾ ਤੋਲਕੇ ਲਿਆਇਆ।
[3]ਦਿਨ ਵਿਚ ਇਕ ਸੇਰ ਚਬਾਉਂਦਾ ਸੀ।
[4]ਭਾਵ ਦਾਸੀ ਨੂੰ ਨਾਂ ਪੀਹਣ ਦਿੱਤਾ ਆਪੇ ਹੀ ਪੀਹਵੇ।
*ਪਾ:-ਠਾਢੀ=ਖੜੇ ਹੋਕੇ।

'ਕਰੋਂ ਨਹਿਂ ਪੀਸਨ ਕੀ ਕਰਿ ਕਾਰੀ।'
ਕਹਿ ਗੋਦੜੀਆ 'ਕ੍ਰਿਪਾ ਨ ਧਾਰੇ।
ਰਿਦੇ ਰਾਜ ਅਹੰਕਾਰ ਅਫਾਰੇ' ॥੧੫॥
ਇਮ ਕਹਿ ਲਗਯੋ ਕਾਰ ਕੋ ਆਈ।
ਅਫਰਯੋ ਜੀਵਣ ਬਹੁ ਦੁਖ ਪਾਈ।
ਜਬਿ ਉਪਚਾਰ ਕਰਨ ਕੋ ਆਏ।
'ਸ੍ਰਾਪ ਦਾਸ ਦੀਨਸਿ' ਬਤਲਾਏ ॥੧੬॥
'ਹਮ ਤੇ ਭੀ ਵਧ ਸੇਵਕ ਹੋਯੋ।
ਜਿਸ ਕੇ ਬਾਕਨ ਤੇ ਸੁਖ ਖੋਯੋ।'
ਬਿਨੈ ਬਖਾਨਤਿ ਗੌਰਾ ਲਜਾਯੋ।
ਜੀਵਣ ਕੇ ਜਬਿ ਹਾਥ ਛੁਹਾਯੋ ॥੧੭॥
ਗਯੋ ਅਫਾਰਾ ਸੁਖ ਕੋ ਪਾਏ।
ਮਿਲਿ ਸਗਰੇ ਤਿਸਕੇ ਪ੍ਰਤਿ ਗਾਏ।
'ਹਮਰੀ ਸੇਵਾ ਕਰਿ ਤੈਂ ਪਾਈ।
ਵਧਯੋ ਅਧਿਕ ਪੁਨ ਭਾ ਦੁਖਦਾਈ ॥੧੮॥
ਜਹਿਂ ਇੱਛਾ ਬਿਚਰਹੁ ਤਹਿਂ ਆਪ।
ਸ਼ਕਤਿ ਨ ਰਾਖਨ ਕੀ, ਕਹਿਂ ਸ੍ਰਾਪ[1]।'
ਸੁਨਿ ਸ੍ਵੈਛਾ ਹੀ ਗਮਨ ਕਰੰਤਾ।
ਹਿਤ ਸੇਵਾ ਜੋ ਕਿਤ ਉਚਰੰਤਾ[2] ॥੧੯॥
ਭੋਜਨ ਖਾਇ ਕਰਤਿ ਰਹਿ ਕਾਰਾ।
ਸੱਤਿਨਾਮ ਨਿਸ ਦਿਨ ਉਰ ਧਾਰਾ।
ਅਪਰ ਜਹਾਂ ਕਹਿਂ ਬਾਕ ਉਚਾਰਾ।
ਤਾਤਕਾਲ ਸਫਲਯੋ ਬਹੁ ਬਾਰਾ ॥੨੦॥
ਨਿਜ ਘਰ ਬਸਯੋ ਪ੍ਰਥਮ ਹੀ ਬਹਾਹਾ।
ਤ੍ਰੈ ਸੁਤ ਜਨਮੇ ਨਿਜ ਘਰ ਮਾਂਹਾਂ।
ਇਕ ਦਿਨ ਗਯੋ ਗ੍ਰਾਮ ਕਿਸ ਔਰ।
ਇਕ ਰਾਹਕ ਖੇਤਨ ਕੋ ਠੌਰ ॥੨੧॥
ਕ੍ਰਿਖਿ ਬਾਢਣ ਕੋ ਦਯੋ ਲਗਾਈ।
ਸਭਿ ਬਾਸੁਰ ਲੌਂ ਕਾਰ ਕਮਾਈ।
ਖਾਨ ਪਾਨ ਕੀ ਖਬਰ ਨ ਲੀਨੀ।

---
[1]ਤੇਰੇ ਰੱਖਣ ਦੀ (ਸਾਡੇ ਪਾਸ) ਤਾਕਤ ਨਹੀਂ (ਕਿਉਂ ਜੋ ਤੂੰ) ਸ੍ਰਾਪ ਕਹਿ ਦੇਂਦਾ ਹੈਂ।
[2]ਸੇਵਾ ਲਈ ਜੋ ਕੋਈ ਕਿੱਧਰੇ ਕਹਿੰਦਾ ਹੈ............।

ਸੰਧਜਾ ਪਰੀ ਜਾਟ ਮਨ ਚੀਨੀ ॥੨੨॥
ਕਹਜੋ 'ਚਲਹੁ ਅਬਿ ਖਿਚਰੀ ਦੈ ਹੈਂ।
ਭਲੀ ਭਾਂਤਿ ਤੋ ਕਹੁ ਤ੍ਰਿਪਤੈ ਹੈਂ।'
ਗੋਦੜੀਆ ਬੋਲਜੋ ਰਿਸ ਹੋਹੀ।
'ਬਾਢਣ ਦੇਹੁ ਭਲੀ ਬਿਧਿ ਮੋਹੀ' ॥੨੩॥
ਤਬਿ ਤੇ ਭਯੋ ਜਾਟ ਦੁਖਿਆਰਾ।
ਹਾਇ ਹਾਇ ਕਰਿ ਊਚ ਪੁਕਾਰਾ।
ਲੋਕਨ ਕਹਜੋ 'ਮਹਾਂ ਅਜ਼ਮਤੀ।
ਤਿਸ ਤੇ ਕਾਰ ਕਰਾਵਤਿ ਅਤੀ[1] ॥੨੪॥
ਅਜਹੁੰ ਭਿ ਤਿਸ ਕੋ ਦਧੀ ਖੁਲਾਵਹੁ।
ਹਾਥ ਜੋਰਿ ਬਿਨਤੀ ਬਖਸ਼ਾਵਹੁ।'
ਜਾਟ ਮਾਤ ਦਧਿ ਮਿਰਚਾਂ ਪਾਇ।
ਧਰਿ ਆਗੇ ਸਭਿ ਦਈ ਖੁਵਾਇ ॥੨੫॥
ਬਹੁ ਚਰਪਰੀ ਖਾਇ ਕਰਿ ਗਾਈ[2]।
'ਸਰਪ ਖਾਇ ਤਤਛਿਨ ਤੁਝ ਮਾਈ।'
ਰਾਤਿ ਬਿਖੈ ਦੋਨਹੁੰ ਮਰਿ ਗਏ।
ਪ੍ਰਾਤ ਉਠਜੋ ਕਿਤਹੂੰ ਗਮਨਏ ॥੨੬॥
ਕੇਤਿਕ ਦਜੋਸਨਿ ਫਿਰਿ ਬਹੁ ਥਾਇੰ।
ਘਰ ਪਹੁੰਚਜੋ ਪੁਨ ਸਹਜ ਸੁਭਾਇ।
ਜੋ ਕਹਿ ਦੇਤਿ ਸੁ ਕਾਰ ਕਮਾਵੈ।
ਜਪੁਜੀ ਪਢੈ ਗੁਰੂ ਗੁਰ ਧਜਾਵੈ ॥੨੭॥
    ਇਕ ਦਿਨ ਖੇਤ ਬਿਖੈ ਚਲਿ ਆਯੋ।
    ਸਰਸੋਂ ਹੁਤੀ ਉਖਾਰਨਿ ਲਾਯੋ।
ਮਿਲਜੋ ਸਾਧ ਬੂਝਜੋ 'ਕਜਾ ਕਰੈਂ?
ਕਿਸ ਪਰਚੇ ਮਹਿਂ ਚਿਤ ਕਉ ਧਰੈਂ ॥੨੮॥
ਬੋਲਜੋ 'ਜਰਾਂ ਉਖਾਰੋਂ ਆਛੇ।
ਪੁਨ ਲਗਿਬੇ ਕਹੁ ਨਾਹਿਨ ਬਾਂਛੇ।'
ਉੱਤਰ ਦਯੋ ਸਾਧ ਕੋ ਜਬੈ।
ਗਮਨ ਜਥੋਚਿਤ ਕੀਨਸਿ ਤਬੈ ॥੨੯॥
ਤ੍ਰੈ ਨੰਦਨ ਪੂਰਬ ਜਨਮਏ।

---

[1]ਬਹੁਤੀ।
[2]ਕਹਿਆ।

ਪਾਇ ਬਚਨ ਤਬਿ ਸਭਿ ਮਰਿ ਗਏ।
ਹਰਖ ਨ ਸ਼ੋਕ ਲੇਸ਼ ਜਿਸ ਮਨ ਮੈਂ।
ਹੇਮ ਧੂਲ[1] ਇਕ ਸਮ ਘਰ ਬਨ ਮੈਂ ॥੩੦॥
ਗੁਰ ਆਗਵਨ ਸੁਨਜੋ ਹਰਖਾਯੋ।
ਸਹਿਜ ਸੁਭਾਇਕ ਬਿਚਰਤਿ ਆਯੋ।
ਦਰਸ਼ਨ ਕਰਤਿ ਬਿਲੰਦ ਅਨੰਦਜੋ।
ਪਦ ਅਰਬਿੰਦ ਪੁਨਹਿ ਪੁਨ ਬੰਦਜੋ ॥੩੧॥
ਸਤਿਗੁਰ ਬੂਝਨ ਕਰਜੋ ਬ੍ਰਿਤੰਤ।
ਲੋਕਨ ਕਹਜੋ 'ਬਡੋ ਇਹ ਸੰਤ।'
ਸਕਲ ਪ੍ਰਸੰਗ ਪ੍ਰਭੂ ਕੇ ਸੰਗ।
ਕਰਜੋ ਬਤਾਵਨ ਜਿਮ ਚਿਤ ਰੰਗ ॥੩੨॥
ਰਹਤਿ ਭਯੋ ਸਿੰਘਨ ਦਲ ਮਾਂਹੀ।
ਲੇਤਿ ਅਹਾਰ ਦੇਗ਼ ਤੇ ਖਾਹੀ।
ਸੱਤਿਨਾਮ ਸਿਮਰਨ ਗੁਰ ਦਰਸ਼ਨ।
ਕਰਤਿ ਨਿਤਾਪ੍ਰਤਿ ਦੋਸ਼ਨਿ ਧਰਖਨ[2] ॥੩੩॥
ਸਭਾ ਬਿਖੈ ਸਤਿਗੁਰ ਇਕ ਬੇਰਾ।
ਕਹਜੋ 'ਬਿਸ਼ੇਸ਼ ਦੇਸ਼ ਇਸ ਹੇਰਾ[3]।
*ਗੋਦੜੀਏ ਸਮ ਔਰ ਨ ਤਜਾਗੀ।
ਗੂਢ ਪ੍ਰਮੇਸ਼ੁਰ ਸੋਂ ਲਿਵਲਾਗੀ ॥੩੪॥
ਦੇਸ਼ ਪਵਿੱਤ੍ਰ ਕਰਨਿ ਸਮਰੱਥ।
ਚਹੈ ਸੁ ਕਰੈ ਸਕਲ ਇਸ ਹੱਥ।'
ਸ਼੍ਰੀ ਮੁਖ ਤੇ ਇਮ ਸੁਜਸੁ ਬਖਾਨਾ।
ਸੰਤ ਮਹਾਨ ਸਭਿਨਿ ਹੂੰ ਜਾਨਾ ॥੩੫॥
ਮਿਲੀ ਮੁਕਤਿਸਰ ਭਾਗੋ ਮਾਈ।
ਵਧੀ ਪ੍ਰੀਤਿ ਗੁਰ ਮਹਿਂ ਅਧਿਕਾਈ।
ਰਹਿਬੇ ਲਗੀ ਦਿਗੰਬਰ ਸੋਈ।
ਲਾਜ ਕਾਨ ਲੋਕਨ ਕੀ ਖੋਈ ॥੩੬॥
ਕਥਾ ਬੇਦ ਮਹਿਂ ਜਿਸ ਕੀ ਅਹੈ।

---

[1]ਸੋਨਾ ਮਿੱਟੀ।
[2]ਦੋਸ਼ਾਂ ਦੇ ਨਾਸ਼ ਕਰਤਾ-ਸ਼੍ਰੀ ਗੁਰੂ ਜੀ-ਦਾ।
[3]ਇਸ ਦੇਸ਼ ਨੂੰ ਬਹੁਤਾ ਦੇਖਿਆ ਹੈ।
*ਇਹ ਸਾਖੀ ਪੋਥੀ ਵਿਚੋਂ ਹੈ।

ਨਾਮ ਗਾਰਗੀ ਨਗਨ ਸੁ ਰਹੈ।
ਪਰਮਹੰਸਨੀ ਬਡ ਅਵਧੂਤਾ।
ਤਿਮ ਭਾਗੋ ਗੁਰ ਢਿਗ ਅਵਧੂਤਾ ॥੩੭॥
ਗਰਵੀ ਸਾਂਗ ਹਾਥ ਮਹਿਂ ਧਰੈ।
ਸਦਾ ਅਨੰਦ ਏਕ ਰਸ ਥਿਰੈ।
ਕੇਤਿਕ ਮਾਸ ਨਗਨ ਜਬਿ ਰਹੀ।
ਇਕ ਦਿਨ ਦੇਖਿ ਨਿਕਟ ਗੁਰ ਕਹੀ ॥੩੮॥
'ਸੁਨਿ ਮਾਈ ਭਾਗੋ ਸਚਿਆਰੀ।
ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮਹੰਸ ਆਵਸਥਾ ਪਾਈ।
ਤੁਝ ਕੋ ਦੋਸ਼ ਨ ਲਗੈ ਕਦਾਈ ॥੩੯॥
ਰਹਨਿ ਦਿਗੰਬਰ ਤੁਝ ਬਨਿ ਆਈ।
ਇਕ ਰਸ ਬ੍ਰਿੱਤਿ ਭਈ ਲਿਵ ਲਾਈ।
ਤਨ ਹੰਤਾ ਸਭਿ ਰਿਦੇ ਬਿਨਾਸ਼ੀ।
ਪਾਯੋ ਪਰਮ ਰੂਪ ਅਬਿਨਾਸ਼ੀ ॥੪੦॥
ਤਊ ਸੰਗ ਤੂੰ ਰਹਤਿ ਹਮਾਰੇ।
ਪਹਿਰਿ ਕਾਛ, ਲਘੁ ਸਿਰ ਦਸਤਾਰੇ[1]।
ਊਪਰ ਚੀਰ ਚਾਦਰਾ ਲੀਜੈ।
ਦੇਹ ਅਛਾਦਹੁ ਸਮਾ ਬਿਤੀਜੈ' ॥੪੧॥
ਸੁਨਿ ਗੁਰ ਹੁਕਮ ਮਾਨ ਤਿਨ ਲੀਨਾ।
ਬਸਤ੍ਰ ਸ਼ਰੀਰ ਅਛਾਦਨ ਕੀਨਾ।
ਕਰ ਮਹਿਂ ਸਾਂਗ ਸਦਾ ਗਹਿ ਰਾਖੇ।
ਰਹੈ ਸੰਗ ਗੁਰ ਕੇ ਅਭਿਲਾਖੇ ॥੪੨॥
ਇਕ ਦਿਨ ਲਗਯੋ ਦਿਵਾਨ ਸੁਹਾਈ।
ਬੈਠਯੋ ਡੱਲਾ ਨਿਕਟ ਗੁਸਾਈਂ।
ਸੂਬਾ ਜੋ ਸਿਰ੍ਹੰਦ ਮਹਿਂ ਰਹੈ।
ਨਾਮ ਵਜ਼ੀਦ ਖਾਨ ਜਿਸ ਕਹੈਂ ॥੪੩॥
ਗੁਰ ਕੀ ਸੁਧਿ ਤਿਲਵੰਡੀ ਸੁਨੀ।
ਬਿਸਮਾਨਯੋ ਜੜ੍ਹ ਮੁੰਡੀ ਧੁਨੀ।
ਬਡੇ ਬਡੇ ਰਚਿ ਜੰਗ ਅਖਾਰੇ।
ਜੀਵਤਿ ਰਹਯੋ ਨ ਲਰਿ ਕਿਨ ਮਾਰੇ ॥੪੪॥

---

[1]ਛੋਟੀ ਦਸਤਾਰ।

ਹਤਿ ਦੀਨਸਿ ਲਾਖਹੁੰ ਤੁਰਕਾਨਾ।
ਗ੍ਰਾਮ ਨਗਰ ਭਾ ਸ਼ੋਕ ਮਹਾਨਾ।
ਲਿਖਿ ਭੇਜਯੋ ਡੱਲੇ ਕੋ ਤਬੈ।
'ਗੁਰ ਕੋ ਪਕਰਿ ਦੇਹੁ ਇਤ ਅਬੈ ॥੪੫॥
ਹਜ਼ਰਤ ਦੇਹਿ ਤੋਹਿ ਬਡਿਆਈ।
ਗਹੋ ਅਚਾਨਕ ਦੇਹੁ ਪਠਾਈ।
ਨਾਂਹਿ ਤ ਚਮੂੰ ਆਨਿ ਕਰਿ ਭਾਰੀ।
ਤੋਹਿ ਸਹਤ ਲੇ ਹੈ ਗੁਰ ਮਾਰੀ' ॥੪੬॥
ਸੋ ਕਾਗਦ ਆਯੋ ਪਢਿ ਲੀਨਿ।
ਉੱਤਰ ਕੋ ਲਿਖਾਇ ਤਬਿ ਦੀਨਿ।
'ਸੰਗ ਗੁਰੂ ਕੇ ਪ੍ਰਾਨ ਹਮਾਰੇ।
ਕਿਮ ਦੈਹੈਂ ਤੁਝ ਮਰੇ ਨ ਮਾਰੇ[1] ॥੪੭॥
ਜੇ ਕਰਿ ਚਮੂੰ ਘਨੀ ਪੁਨ ਆਵੈ।
ਮਾਰਿ ਕਿਤਿਕ ਹਮ ਤਜਿ ਪੁਰਿ ਜਾਵੈਂ।
ਜਾਇ ਪ੍ਰਵੇਸ਼ਹਿਂ ਜੰਗਲ ਮਾਂਹੀ।
ਜਹਾਂ ਨੀਰ ਹੁਇ ਪ੍ਰਾਪਤਿ ਨਾਂਹੀ ॥੪੮॥
ਗੁਰ ਕੇ ਸੰਗ ਰਹੈਂਗੇ ਸਦਾ।
ਤੇਰੋ ਹੁਕਮ ਕਰਹਿਂਗੇ ਅਦਾ[2]।'
ਇਮ ਲਿਖਿ ਪਠਯੋ ਸੁਨਤਿ ਦੁਖ ਪਾਯੋ।
ਮਹਾਂ ਮੂਢ ਕੋ ਬਸ ਨ ਬਸਾਯੋ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਗੋਦੜੀਆ, ਭਾਗੋ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

---

[1]ਮਰੇ ਮਾਰੇ ਬਿਨਾ।
[2]ਅਦਾ, ਭਾਵ ਦੂਰ।

## ੨੩. [ਰਾਮ ਸਿੰਘ ਦੇ ਘਰ ਭਾਈ ਕੇ ਚੱਕ। ਦਜਾਲ ਦਾਸ]

੨੨<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੪

ਦੋਹਰਾ: *ਇਕ ਦਿਨ ਡੱਲੇ ਸੋਂ ਕਹ੍ਯੋ, 'ਹਮਰੀ ਚਾਹਿ ਮਹਾਨ।
ਦੁਰਗ ਬਠਿੰਡੇ ਕੋ ਪਿਖਹਿਂ, ਬਡੋ ਲਰਨ ਕੋ ਥਾਨ ॥੧॥
ਚੌਪਈ: ਕੇਤਿਕ ਦਿਨ ਇਤ ਉਤ ਬਿਚਰੈ ਹੈਂ।
ਸਹਿਜ ਸੁਭਾਇਕ ਪੁਨ ਚਲਿ ਐਹੈਂ।'
ਤਬਿ ਡੱਲਾ ਬੋਲ੍ਯੋ ਕਰ ਜੋਰਿ।
'ਪ੍ਰਭੁ ਜੀ ਤੁਰਕ ਨ ਹੈਂ ਇਤ ਓਰ ॥੨॥
ਦੇਸ਼ ਮਵਾਸੀ ਜਲ ਬਿਨ ਸਦਾ।
ਦੁਰਗ ਬਠਿੰਡਾ ਊਜਰ ਤਦਾ।
ਪੂਰਬ ਬਸ੍ਯੋ ਭਯੋ ਚਿਰ ਕਾਲਾ।
ਕੀਨਸਿ ਬਿਨੈਪਾਲ ਮਹਿਪਾਲਾ[1] ॥੩॥
ਬਿਚਰਹੁ ਜਥਾ ਆਪ ਕੀ ਮਰਜ਼ੀ।
ਤੁਰਕ ਨ ਆਇ ਸਕੈਂ ਰਨ ਗਰਜ਼ੀ[2]।
ਬਹੁਰ ਕ੍ਰਿਪਾ ਕਰਿ ਇਤ ਹੀ ਆਵਹੁ।
ਬਸਿਬੇ ਅਪਰ ਨ ਚਿਤ ਲਲਚਾਵਹੁ' ॥੪॥
ਦੇ ਧੀਰਜ ਕੋ ਚਢੇ ਗੁਸਾਈਂ।
ਸਿੰਘਨ ਚਮੂੰ ਸੰਗ ਸਮੁਦਾਈ।
ਖੇਲਤਿ ਕਿਤਿਕ ਅਖੇਰ ਚਲੰਤੇ।
ਇਤ ਉਤ ਬਿਚਰਤਿ ਸ਼੍ਰੀ ਭਗਵੰਤੇ ॥੫॥
ਚੱਕ ਗ੍ਰਾਮ ਭਾਈ ਕੋ ਜਹਾਂ।
ਰਾਮ ਸਿੰਘ ਤਜਾਰੀ ਕਿਯ ਮਹਾਂ।
ਤਹਾਂ ਜਾਇ ਪਹੁੰਚੇ ਤਤਕਾਲਾ।
ਕਰਹਿਂ ਨਿਹਾਲ ਸੇਵਕਨਿ ਜਾਲਾ ॥੬॥
ਪਿਖਿ ਆਗਵਨ ਪਹੂਚਿ ਅਗਾਰੀ।
ਗ੍ਰਾਮ ਨਰਨ ਪਦ ਬੰਦਨ ਧਾਰੀ।
ਲੇ ਕਰਿ ਸੰਗ ਅੱਗ੍ਰ ਹ੍ਵੈ ਚਾਲਾ।
ਰਾਮ ਸਿੰਘ ਕਰਿ ਭਾਉ ਬਿਸਾਲਾ ॥੭॥
ਥਲ ਚਲਦਲ[3] ਤਰੁਵਰ ਕੇ ਤਰੇ।

---

*ਥੋੜੇ ਫਰਕ ਤੋ ਛੁੱਟ ਇਹ ਬੀ ਸਾਖੀ ਪੋਥੀ ਦੀ ਹੀ ਸਾਖੀ ਹੈ।
[1]ਬਿਨੈਪਾਲ (ਨਾਮ) ਰਾਜਾ ਨੇ ਬਨਾਵਣਾ ਕੀਤਾ ਸੀ।
[2]ਜੰਗ ਦੀ ਇੱਛਾ ਕਰਕੇ।
[3]ਪਿਪਲ ਬ੍ਰਿੱਛ।

ਰਚੀ ਧੋਹ ਸੀਤਲਤਾ ਕਰੇ[1]।
ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ।
ਤਜਿ ਤੁਰੰਗ ਕੋ ਅੰਤਰ ਬਾਰੇ ॥੮॥
ਸਿਕਤਾ ਮੋਟ ਸਕਲ ਥਲ ਡਾਲਾ।
ਜਲ ਸੀਤਲ ਛਿਰਕਾਉ ਬਿਸਾਲਾ।
ਕੋਰੇ ਘਰੇ ਭਰੇ ਗਨ ਧਰੇ।
ਰੁਚਿਰ ਪ੍ਰਯੰਕ ਡਸਾਵਨ ਕਰੇ ॥੯॥
ਆਸਤਰਨ ਸਿਤ ਸਹਤ ਨਿਹਾਰਾ[2]।
ਬੈਠਿ ਗੁਰੂ ਇਮ ਬਾਕ ਉਚਾਰਾ।
'ਸੁਨਿ ਬੇ[3] ਰਾਮ ਸਿੰਘ! ਕਹਿ ਜੋਈ[4]।
-ਤਪਤ ਬਿਸਾਲ ਗ੍ਰਾਮ ਹਮ ਹੋਈ- ॥੧੦॥
ਕਰਜੋ ਬਿਲੋਕਨਿ ਸੁੰਦਰ ਥਾਨ।
ਸ਼੍ਰੀ ਜਮਨਾ ਕੇ ਕੂਲ ਸਮਾਨ।
ਬਾਉ ਪਾਂਵਟੇ ਕੇ ਸਮ ਆਈ।
ਗ੍ਰੀਖਮ ਕੀ ਸਭਿ ਤਪਤ ਮਿਟਾਈ' ॥੧੧॥
ਇਮ ਸਰਾਹਿ ਕਰਿ ਗੁਰ ਭਗਵਾਨੂ।
ਭਏ ਸਥਿਰ ਸੁਠ ਦੇਖਿ ਸਥਾਨੂ।
ਦੇਗ਼ ਕਰਾਵਤਿ ਭਯੋ ਬਿਸਾਲਾ।
ਥਾਲ ਪਰੋਸਿ ਲਜਾਇ ਤਤਕਾਲਾ ॥੧੨॥
ਮਨ ਭਾਵਤ ਸ਼੍ਰੀ ਪ੍ਰਭੁ ਜੀ ਖਾਇ।
ਅਪਰ ਦੇਗ਼ ਸਭਿ ਕੋ ਬਰਤਾਇ।
ਸੁੰਦਰੀ ਸਾਹਿਬ ਦੇਵੀ ਦੋਇ।
ਸਦਨ ਉਤਾਰਿ ਸੇਵ ਕਰਿ ਸੋਇ ॥੧੩॥
ਗੁਰ ਕੋ ਥਾਲ ਰਾਮ ਸਿੰਘ ਲਯੋ।
ਸੀਤ ਪ੍ਰਸ਼ਾਦਿ ਅਚਵਤੋ ਭਯੋ।
ਜੁਗ ਮਾਤਨ ਕੇ ਦੋਨਹੁਂ ਥਾਲ।
ਲੇ ਭਯਾਣੀਯੋ[5] ਨੇ ਤਿਸ ਕਾਲ ॥੧੪॥

---

[1]ਧੋਹ ਲਵਾਈ ਜਿਸ ਨੂੰ ਠੰਢਿਆਂ ਕਰਦੇ ਰਹਿੰਦੇ ਹਨ। [ਧੋਹ=ਥੁਹਣੀਆਂ ਤੇ ਬ੍ਰਿੱਛਾਂ ਦੇ ਟਾਹਣ ਪਾਕੇ ਘਾਸ ਫੂਸ ਨਾਲ ਬਣਾਇਆ ਝੌਂਪੜਾ]।
[2]ਚਿੱਟੇ ਆਸਤਰਨ ਸਹਿਤ (ਪਲੰਘ) ਦੇਖਿਆ।
[3]ਹੇ।
[4]ਜੋ ਤੂੰ ਕਹਿੰਦਾ ਸੀ।
[5]ਭਾਈਆਂ ਦੀਆਂ ਇਸਤ੍ਰੀਆਂ ਨੇ।

ਸੀਤ ਪ੍ਰਸਾਦ ਸੁੰਦਰੀ ਕੇਰਾ।
ਸੋ ਅਚਵਨ ਕੀਨਸਿ ਤਿਸ ਬੇਰਾ।
ਸਾਹਿਬ ਦੇਵੀ ਕੋ ਲੇ ਥਾਰ।
ਦਿਯੋ ਕੂਕਰਨਿ ਆਗੇ ਡਾਰਿ ॥੧੫॥
ਸੁਨਿ ਕੈ ਕੋਪ ਕਪਜੋ ਮਨ ਮਾਂਹੀ।
ਕਹਿ ਭੇਜਜੋ ਸਤਿਗੁਰ ਕੇ ਪਾਹੀ।
-ਹਮ ਨੇ ਕਹਜੋ ਨਹੀਂ- ਤੁਮ ਲੇਹੁ।
-ਲੇ ਕਰਿ ਆਪ ਕਰੀ ਬਿਧਿ ਏਹੁ- ॥੧੬॥
ਰਾਮ ਸਿੰਘ ਸੰਗ ਪ੍ਰਭੁ ਉਚਾਰਾ।
'ਇਹ ਕਜਾ ਕੀਨਿ ਤੁਮਾਰੀ ਦਾਰਾ? -।
ਹਾਥ ਬੰਦਿ ਬੋਲਜੋ ਤਿਸ ਕਾਲਾ।
'ਇਸ ਕੋ ਭਯੋ ਨ ਗੋਤ ਕੁਨਾਲਾ ॥੧੭॥
ਗੁਰੂ ਅੰਗ ਸੰਗ ਨਹਿੰ ਤਨ ਲਾਗਾ।
ਇਮ ਬਿਚਾਰ ਕਰਿ ਥਾਰ ਸੁ ਤਜਾਗਾ।'
*ਦਜਾਲਦਾਸ ਸੁਨਿ ਪ੍ਰਭੁ ਆਗਵਨੂ।
ਪੂਰਬ ਮਾਨਜੋਂ ਬਾਕ ਨ ਜਵਨੂ[1] ॥੧੮॥
ਭੁੱਚੋ[2] ਤੇ ਸੋ ਚਲਿ ਕਰਿ ਆਯਹੁ।
ਚਰਨ ਸਰੋਜਨ ਸੀਸ ਨਿਵਾਯਹੁ।
ਤਿਸ ਕੋ ਪਿਖਿ ਬੋਲੇ ਨ ਗੁਸਾਈਂ।
ਰਾਮ ਸਿੰਘ ਕਰ ਬੰਦਿ ਅਲਾਈ ॥੧੯॥
'ਇਸ ਹੀ ਬਾੜੀ[3] ਕੋ ਪ੍ਰਭੁ ! ਏਹੋ।
ਅਪਨੋ ਜਾਨਹੁ ਕ੍ਰਿਪਾ ਕਰੇਹੋ।'
ਤਊ ਨ ਰੁਖ਼ ਕਰਿ, ਕਛੁ ਨ ਬਖਾਨਜੋਂ।
ਤਬਿ ਦੋਨਹੁਂ ਨੇ ਆਸ਼ੈ ਜਾਨਜੋ ॥੨੦॥
ਸਮੁਝਾਯੋ ਤਹਿਂ[4] ਕਰਿ ਕੈ ਨਜਾਰੋ।
'ਦੁਰਗ ਬਠਿੰਡੇ ਪ੍ਰਭੂ ਪਧਾਰੋ[5]।
ਭੁੱਚੇ ਗ੍ਰਾਮ ਨਿਕਟ ਕੋ ਜਾਇੰ।

---

*ਸਾਖੀ ਪੋਥੀ ਦੀ ਸਾਖੀ ਹੈ।
[1]ਜਿਸ ਨੇ।
[2]ਨਾਮ ਪਿੰਡ ਦਾ।
[3]ਭਾਵ ਭਗਤੂ ਦੀ ਕੁਲ ਦਾ।
[4]ਭਾਵ, ਦਿਆਲ ਦਾਸ ਨੂੰ।
[5]ਜਾਣਗੇ ਗੁਰੂ ਜੀ।

ਤੂੰ ਚਲਿ ਕਰਿ ਤਯਾਰੀ ਕਰਿਵਾਇ ॥੨੧॥
ਦੇਗ ਬਿਸਾਲ ਕਰਾਹੁ ਕਰੀਜੈ।
ਤਬਿ ਕਰਿ ਅਰਜ਼ੀ ਗੁਰੂ ਰਿਝੀਜੈ।'
ਸੁਨਿ ਕਰਿ ਦਯਾਲਦਾਸ ਗਮਨਯੋ।
ਭੋਜਨ ਪੁੰਜ ਤਯਾਰ ਕਰਿਵਯੋ ॥੨੨॥
ਸੰਧਯਾ ਭਈ ਰਾਮ ਸਿੰਘ ਪ੍ਰਾਹੀ।
'ਚਲਹੁ ਪ੍ਰਭੂ ਉਤਰਹੁ ਘਰ ਮਾਹੀ।'
ਕਹਯੋ 'ਇਹਾਂ ਹੀ ਬਸਹਿਂ ਸੁਖਾਰੇ।
ਆਛੋ ਥਾਨ ਪਸਿੰਦ ਹਮਾਰੇ' ॥੨੩॥
'ਕਰਹੁ ਗੁਰੂ ਪਗ ਪੰਕਜ ਪਾਵਨ।
ਸਦਨ ਹਮਾਰੇ ਹ੍ਵੈ ਹੈਂ ਪਾਵਨ।'
ਬਿਨੈ ਬਖਾਨਤਿ ਲੇ ਕਰਿ ਚਾਲਾ।
ਇਕ ਬਿਮਾਤ ਇਸ ਕੀ[1] ਤਿਸ ਕਾਲਾ ॥੨੪॥
ਸੂਖਮ ਖੇਸ ਸੁਪੈਦ ਅਛੇਰਾ।
ਭੁਜ ਪਰ ਧਰਿ ਛਪਾਇ ਮਗ ਹੇਰਾ[2]।
-ਰਾਮ ਸਿੰਘ ਕੇ ਸਦਨ ਨ ਜਾਵੌਂ।
ਇਤ ਆਵਹਿਂ ਗੁਰ ਅੱਗ੍ਰ ਚਢਾਵੌਂ ॥੨੫॥
ਇਮ ਉਰ ਧਰਿ ਕਰਿ ਥਿਰੀ ਅਗਾਰੀ।
ਸਤਿਗੁਰੂ ਜਾਨੀ ਤਿਹਿ ਬਿਧਿ ਸਾਰੀ।
ਮੁਰੇ ਜਾਨਿ ਤਿਸ ਕੀ ਦਿਸ਼ਿ ਜਬੈ।
ਰਾਮ ਸਿੰਘ ਬੋਲਯੋ ਬਚ ਤਬੈ ॥੨੬॥
'ਇਤ ਆਵਹੁ, ਇਤ ਆਵਹੁ ਸ੍ਵਾਮੀ!'
'ਚਲ ਤੂੰ' ਭਾਖਯੋ ਅੰਤਰਜਾਮੀ।
'ਹਮ ਭੀ ਆਏ, ਹੈ ਕੁਛ ਕਾਮੂ।'
ਹੋਰਤਿ[3] ਗਏ ਪੌਰ ਤ੍ਰਿਯ ਧਾਮੂ ॥੨੭॥
-ਲਖਯੋ ਪ੍ਰੇਮ ਮਮ- ਤਿਹ ਤ੍ਰਿਯ ਜਾਨੀ[4]।
ਧਾਇ ਚਰਨ ਪੰਕਜ ਲਪਟਾਨੀ।
ਖੇਸ ਭੇਟ ਦੇ ਕਰਿ ਹਰਖਾਈ।

---

[1]ਭਾਵ ਰਾਮ ਸਿੰਘ ਦੀ ਮਤ੍ਰੇਈ ਮਾਤਾ।
[2]ਬਾਂਹ ਤੇ (ਖੇਸ) ਰੱਖਕੇ ਛਪਾ ਲਿਆ (ਤੇ ਸ਼੍ਰੀ ਗੁਰੂ ਜੀ ਦੇ) ਰਾਹ ਨੂੰ ਦੇਖਦੀ ਹੈ।
[3]ਰੋਕਦਿਆਂ ਰੋਕਦਿਆਂ।
[4]ਉਸ ਬੀਬੀ ਨੇ ਜਾਣ ਲਿਆ ਕਿ (ਗੁਰੂ ਜੀ ਨੇ) ਮੇਰਾ ਪ੍ਰੇਮ ਲਖ ਲਿਆ ਹੈ।

-ਧੰਨ ਧੰਨ ਗੁਰ- ਉਰ ਲਖਿ ਪਾਈ ॥੨੮॥
ਰਾਮ ਸਿੰਘ ਕੀ ਦਿਸ਼ਿ ਪੁਨ ਆਏ।
ਅੱਗ੍ਰ ਹੋਇ ਨਿਜ ਘਰ ਪ੍ਰਵਿਸ਼ਾਏ।
ਘਰ ਪਰ ਕਾਚੋ ਹੁਤੋ ਚੁਬਾਰਾ।
ਤਿਸ ਮਹਿਂ ਚਾਹਜੋ -ਕਰਹਿਂ ਉਤਾਰਾ- ॥੨੯॥
ਰਾਮ ਸਿੰਘ ਕੇ ਘਰ ਬਿਚ ਜਾਨਾ[੧]।
ਕਾਸ਼ਟ ਕੀਨਿ ਤਹਿਂ ਧਰੀ ਸੁਪਾਨਾ।
ਬਖਤੂ ਸਿੰਘ ਕੇ ਘਰ ਮਹਿਂ ਜੋਇ।
ਚਢਨਿ ਸੁਪਾਨ ਮ੍ਰਿਤਕਾ ਸੋਇ ॥੩੦॥
-ਮਮ ਸ਼ਰੀਕ ਕੇ ਸਦਨ ਨ ਜਾਏਂ-।
ਕਾਸ਼ਟ ਪੌਰੀ ਗੁਰੂ ਚਢਾਏ।
ਊਪਰ ਚਢਿ ਅਵਿਲੋਕੀ ਜਬੈ।
ਸ਼੍ਰੀ ਮੁਖ ਤੇ ਫੁਰਮਾਯੋ ਤਬੈ ॥੩੧॥
'ਇਹ ਕਜਾ ਰਾਮ ਸਿੰਘ ਤੈਂ ਕੀਨਾ?
ਕਠਨ ਥਾਨ ਕੋ ਮਾਰਗ ਦੀਨਾ।
ਕਰਤਿ ਸ਼ਰੀਕਾ ਇਤਹਿ ਚਢਾਏ।
ਐਸੇ ਨਹਿਂ ਤੁਝ ਕੋ ਬਨਿ ਆਏ!' ॥੩੨॥
ਬਸੇ ਰਾਤਿ ਕੋ ਤਿਸਹਿ ਚੁਬਾਰੇ।
ਕੀਨਸਿ ਸੌਚ ਸ਼ਨਾਨ ਸਕਾਰੇ।
ਉਤਰੇ ਮ੍ਰਿਤਕਾ ਕੀ ਸੌਪਾਨ।
ਬਖਤੂ ਸਿੰਘ ਤਖਤੂ ਸਿੰਘ ਜਾਨਿ ॥੩੩॥
ਪਲੰਘ ਡਸਾਇ ਗੁਰੂ ਬੈਠਾਏ।
ਟੇਕਜੋ ਮਾਥ ਅਕੋਰ ਚਢਾਏ।
ਇਕ ਬਾਲਿਕ ਤਿਨ ਕੋ ਤਬਿ ਆਯੋ।
ਸ਼੍ਰੀ ਪ੍ਰਭੁ ਅੰਕ ਬਿਖੈ ਬੈਠਾਯੋ[੨] ॥੩੪॥
ਰਾਮ ਸਿੰਘ ਅਵਿਲੋਕਤਿ ਝਿਰਕਾ।
'ਅਦਬ ਨਹੀਂ ਤੁਮ ਰਾਖਜੋ ਗੁਰ ਕਾ।
ਬਸਤ੍ਰ ਆਦਿ ਛੁਵਬੇ ਜਿਨ ਨਾਂਹੀ।
ਕਰਹੁ ਅਵੱਗਜਾ ਅੰਕ ਬਿਠਾਹੀ[੩]' ॥੩੫॥

---
[੧]ਰਾਮ ਸਿੰਘ ਦੇ ਘਰ ਵਿਚੋਂ (ਉਪਰ ਚੁਬਾਰੇ ਵਿਚ) ਜਾਣ ਲਈ।
[੨]ਸ੍ਰੀ ਗੁਰੂ ਜੀ ਨੇ (ਆਪਣੀ) ਗੋਦ ਵਿਖੇ ਬਿਠਾਲਿਆ।
[੩]ਗੋਦੀ ਵਿਚ ਬੈਠਕੇ।

ਕਹਜੋ ਪ੍ਰਭੁ 'ਨਹੀਂ ਝਿਰਕਨ ਬਾਂਛੋ।
ਇਹ ਭੀ ਪੁਰਖ ਹੋਇ ਹੈ ਆਛੋ*।'
ਏਕ ਤੁਰੰਗਮ ਕੋ ਸ਼ਿੰਗਾਰ।
ਲਿਏ ਰਜਤਪਣ ਸੌ ਕਰ ਧਾਰਿ ॥੩੬॥
ਰਾਮ ਸਿੰਘ ਇਹ ਤਬੈ ਉਪਾਇਨ।
ਦਈ ਪ੍ਰਭੁ ਕੋ ਧਰਿ ਸਿਰ ਪਾਇਨ[1]।
ਖੁਸ਼ੀ ਕਰੀ ਮਨ ਬਾਂਛਤਿ ਦੀਨਿ।
ਕਹਿ ਕਰਿ ਹਯ ਮੰਗਵਾਵਨ ਕੀਨਿ ॥੩੭॥
ਭਏ ਅਰੂਢਨ ਪੰਥ ਪਧਾਰੇ।
ਗਮਨੇ ਕੇਚਿਤ ਕੋਸ ਅਗਾਰੇ।
ਭੁੱਚੋ ਗ੍ਰਾਮ ਤੀਰ ਚਲਿ ਗਏ।
ਤਹਾਂ ਤੜਾਗ[2] ਬਿਲੋਕਤਿ ਭਏ ॥੩੮॥
ਤਿਸ ਮਹਿ ਪਾਨੀ ਕੁਛਕ ਮਲੀਨ।
ਤ੍ਰਿਖਾ ਤੁਰੰਗਮ ਕੀ ਪ੍ਰਭੁ ਚੀਨ।
ਬੀਚ ਪ੍ਰਵੇਸ਼ੇ ਪਾਨ ਕਰਾਵਨ।
ਹਯ ਕੀ ਗ੍ਰੀਵਾ ਕੀਨਿ ਨਿਵਾਵਨ ॥੩੯॥
ਪਾਨੀ ਪਾਨ ਨ ਕੀਨ ਪਛਾਨਾ[3]।
ਸ਼੍ਰੀ ਮੁਖ ਤੇ ਤਿਸ ਸਮੈਂ ਬਖਾਨਾ।
'ਹੈਂ ਮਸੰਦ ਕੀ ਇਤ ਬਦਬੋਇ।
ਯਾਂ ਤੇ ਅਸੁ[4] ਜਲ ਛਕਜੋ ਨ ਸੋਇ' ॥੪੦॥
ਗ੍ਰਾਮ ਬਿਖੈ ਸਿਖ ਤਬੈ ਪਠਾਯੋ।
ਦਜਾਲ ਦਾਸ ਘਰ ਕੋ ਦਰਸਾਯੋ।
ਬੈਠਜੋ ਹੁਤੋ ਆਨਿ ਤਿਸ ਕਹਜੋ।
ਸੁਨਿ ਕੈ ਸਭਿ ਹੂੰ ਨਿਸ਼ਚੈ ਲਹਜੋ ॥੪੧॥
ਦਜਾਲ ਦਾਸ ਸੁਨਿ ਕੈ ਆਗਵਨੂ।
ਤੂਰਨ ਗਮਨਜੋਂ ਤਜਾਗਤਿ ਭਵਨੂ।
ਮਿਲਜੋ ਜਾਇ ਪਗ ਬੰਦਨ ਠਾਨੀ।

---

*ਬੱਚਿਆਂ ਨਾਲ ਪਿਆਰ ਗੁਰੂ ਘਰ ਵਿਚ ਮੁੱਢ ਤੋਂ ਚਲਿਆ ਆਇਆ ਹੈ।

[1]ਚਰਨਾਂ ਤੇ ਸਿਰ ਰੱਖਕੇ।

[2]ਤਲਾਬ।

[3]ਭਾਵ ਘੋੜੇ ਨੇ ਪਾਣੀ ਨਾ ਪੀਤਾ ਤੇ ਸਤਿਗੁਰਾਂ ਨੇ ਕਾਰਨ ਜਾਣ ਲਿਆ। (ਅ) ਘੋੜੇ ਨੇ ਪਾਣੀ ਨਾ ਪੀਤਾ (ਸਗੋਂ) ਪਛਾਣਿਆ ਬੀ ਨਾ।

[4]ਘੋੜੇ ਨੇ।

ਹਾਥ ਜੋਰਿ ਕਰਿ ਅਰਜ਼ ਬਖਾਨੀ[1+] ॥੪੨॥
'ਸ੍ਰੀ ਸਤਿਗੁਰ ਕੀਜਹਿ ਇਤ ਡੇਰਾ।
ਜਾਨਹੁ ਭਲੇ ਕਦੀਮੀ ਚੇਰਾ।'
ਸੁਨਿ ਕੈ ਸ੍ਰੀ ਮੁਖ ਤੇ ਫੁਰਮਾਇ।
'ਉਤਰੈਂ ਭਾਗੂ ਗ੍ਰਾਮ ਸੁ ਜਾਇ' ॥੪੩॥
ਲਖ੍ਯੋ ਬ੍ਰਿੱਧ ਬਹੁ ਬਿਨੈ ਬਖਾਨੀ।
'ਤਜਾਰ ਕਰੀ ਮੈਂ ਦੇਗ ਮਹਾਂਨੀ।
ਭੋਜਨ ਅਚਹੁ ਕਰਹੁ ਬਰਤਾਵਨ।
ਪਾਵਨਿ ਪਾਵਨਿ ਕਰਿ ਘਰ ਪਾਵਨ[2] ॥੪੪॥
ਪੁਨ ਗੁਰ ਭਨ੍ਯੋਂ 'ਨ ਉਤਰਨ ਬਨੈ।
ਗਮਨੈਂ ਪੰਥ ਘਾਮ ਹ੍ਵੈ ਘਨੈ[3]।'
ਇਮ ਕਹਿ ਅੱਗ੍ਰ ਪਯਾਨੋ ਕੀਨ।
ਦਜਾਲ ਦਾਸ ਤੇ ਲੀਨਿ ਨ[4] ਦੀਨ ॥੪੫॥
ਰਾਮ ਸਿੰਘ ਤਿਹ ਸੰਗ ਉਬਾਚਾ।
'ਅਬਿ ਉਪਚਾਰ ਕਰਹੁ ਇਮ ਚਾਚਾ।
ਸਕਲ ਅਹਾਰ ਤਿਹਾਵਲ ਜੋਇ।
ਊਪਰ ਸਕਟ ਲਾਦ ਲਿਹੁ ਸੋਇ ॥੪੬॥
ਗਮਨਹੁ ਸੰਗ ਪ੍ਰਸੰਨਤਾ ਧਰੈਂ।
ਲੇਹਿਂ ਦੇਗ਼ ਬੰਟਨਿ ਕੋ ਕਰੈਂ।
ਗੁਰੂ ਬਿਰੁਖ ਤੁਮ ਸੋਂ ਲਖਿ ਮਹਾਂ।
ਬਖਸ਼ੈਂ ਹੈਂ ਚਲੀਅਹਿ ਜਹਿਂ ਕਹਾਂ' ॥੪੭॥
ਇਮ ਸੁਨਿ ਕੈ ਤਿਨ ਸਕਟ ਲਦਾਯੋ।
ਕਰਿ ਕੈ ਤਜਾਰ ਸੰਗ ਚਲਿਵਾਯੋ।
ਆਗੈ ਗਮਨ ਕੀਨਿ ਸੁਖ ਧਾਮੂ।
ਡੇਰਾ ਕੀਯਸਿ ਸਭਾ ਗ੍ਰਾਮੂ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਠਿੰਡੇ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

---

[1]ਬੁੱਢੇ ਨੇ ਗੱਲ ਸਮਝ ਲਈ (ਫਿਰ ਬੀ) ਬਹੁਤ ਬੇਨਤੀ ਕੀਤੀ। (ਅ) (ਦਜਾਲ ਦਾਸ ਨੇ) ਬਹੁਤ ਬੇਨਤੀ ਕੀਤੀ (ਮੈਂ) ਬੁੱਢੇ ਵੱਲ ਤੱਕੋ।
[+]ਸਾਖੀ ਪੋਥੀ ਵਿਚ ਲਿਖਿਆ ਹੈ ਕਿ ਇਥੇ ਦਜਾਲ ਦਾਸ ਨੇ ਬਿਨੈ ਕੀਤੀ ਕਿ 'ਅੰਮ੍ਰਿਤ ਛਕਾਓ'।
[2]ਚਰਨ ਪਾਕੇ ਘਰ ਪਵਿੱਤ੍ਰ ਕਰੋ।
[3](ਹੁਣ) ਰਾਹ ਚਲਦੇ ਹਾਂ (ਫੇਰ) ਬਹੁਤੀ ਧੁੱਪ ਹੋ ਜਾਵੇਗੀ।
[4]ਨਾ (ਪ੍ਰਸ਼ਾਦ) ਲਿਆ ਨਾ (ਅੰਮ੍ਰਤ) ਦਿੱਤਾ (ਭਾਵ ਛਕਾਇਆ)।

## ੨੪. [ਬਠਿੰਡਿਓਂ ਕਾਣਾ ਦੇਉ ਕੱਢਣਾ]

੨੩<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੫

ਦੋਹਰਾ: ਨਿਸ ਬਿਤਾਇ ਸ਼੍ਰੀ ਸਤਿਗੁਰੂ, ਕਰਿ ਕੈ ਸੌਚ ਸ਼ਨਾਨ।
ਗਏ ਬਠਿੰਡੇ ਦੁਰਗ ਕੋ, ਦੇਖ੍ਯੋ ਜਾਇ ਮਹਾਨ ॥੧॥
ਚੌਪਈ: ਗੁਰ ਬਹੀਰ ਮੈਂ ਮਿਲਿ ਚਲਿ ਆਯੋ।
ਗੋਦੜੀਆ ਜਿਹ ਨਾਮ ਕਹਾਯੋ।
ਦਯਾਲਦਾਸ ਭਰਿ ਸਕਟ ਅਹਾਰਾ।
ਫਿਰੈ ਲਿਯੋ[1], ਨਹਿਂ ਅੰਗੀਕਾਰਾ ॥੨॥
ਡੇਰਾ ਕੀਯਸਿ ਗੁਰ ਭਗਵਾਨ।
ਉਤਰੇ ਸਰਬ ਚੁਗਿਰਦੇ ਆਨਿ।
ਨਿਸਾ ਪਰੀ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥੩॥
ਪਹਿਰਾ ਦੇਤ ਸਿੰਘ ਹੈਂ ਖਰੇ।
ਬਾਰੀ ਨਿਜ ਨਿਜ ਜਾਗ੍ਰਨਿ ਕਰੇ।
ਅਰਧ ਰਾਤਿ ਮਹਿਂ ਕੰਨਜਾ ਆਈ।
ਦੀਨ ਪ੍ਰਦਛਨਾ ਗ੍ਰੀਵ ਨਿਵਾਈ ॥੪॥
ਬਹੁ ਪ੍ਰਕਾਰ ਕੀ ਬਿਨੈ ਬਖਾਨੀ।
'ਤੁਮ ਆਏ ਮਮ ਬ੍ਰਿਥਾ ਪਛਾਨੀ।
ਜੰਗਲ ਦੇਸ਼ ਜਿਤਿਕ ਛਿਤ ਜੋਇ।
ਧਰਿ ਸਰੂਪ ਮੈਂ ਆਈ ਸੋਇ ॥੫॥
ਦੈਵ ਜੋਗ ਕਰਿ ਤੁਮ ਆਗਵਨੁ।
ਸਗਰੋ ਦੇਸ਼ ਕਰਹੁ ਅਬਿ ਰਵਨੁ[2]।
ਇਕ ਤੌਂ ਕਾਣੋ ਦੇਵ ਭਯਾਨਾ।
ਬਸਹਿ ਦੁਰਗ ਮਹਿਂ ਦੁਸ਼ਟ ਮਹਾਨਾ ॥੬॥
ਸੈ ਅਨਾਜ ਕੀ[3*] ਬਧਨ ਨ ਦੇਤਿ।
ਛੀਨ ਨਰਨ ਤੇ ਖਾਇ ਸੁ ਲੇਤਿ।
ਇਸ ਕੌਂ ਕਰੋ ਨਿਕਾਸਨਿ ਜਬੈ।
ਦਿਨ ਪ੍ਰਤਿ ਦੇਸ਼ ਬਸਹਿਗੋ ਸਬੈ ॥੭॥
ਪੁਨ ਉਪਜਹਿਂਗੇ ਅੰਨ ਮਹਾਨੇ।

---

[1]ਲਈ ਫਿਰਦਾ ਹੈ (ਮਗਰ ਮਗਰ)।
[2]ਸੁਹਣਾ।
[3]ਅਨਾਜ ਦੀ ਪੈਦਾਇਸ਼।
[*]ਪਾ:-ਸੋ ਅਨਾਜ ਕੋ।

ਤੁਮ ਆਗਵਨ ਪ੍ਰਤਾਪ ਪਛਾਨੇ।'
ਸੁਨਿ ਸਤਿਗੁਰ ਕੰਨਜਾ ਤੇ ਸਬੈ।
ਧੀਰਜ ਦੀਨਸਿ ਕਹਿ ਮ੍ਰਿਦੁ ਤਬੈ ॥੮॥
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ।
ਬੈਠੇ ਸਤਿਗੁਰ ਲਾਇ ਦਿਵਾਨ।
ਇਕ ਪੰਡਿਤ ਗੁਰ ਸੰਗ ਮਹਾਨ ॥੯॥
ਸੋ ਭੀ ਥਿਰਯੋ ਆਨਿ ਕਰਿ ਪਾਸ।
ਸ੍ਰੀ ਪ੍ਰਭੁ ਕਰਯੋ ਪ੍ਰਸੰਗ ਪ੍ਰਕਾਸ਼।
'ਬਡੋ ਦੁਰਗ ਇਹ ਰਚਿਬੋ ਕਰਯੋ।
ਬਡੋ ਦੇਵ ਵਿਚ ਬਾਸਾ ਧਰਯੋ ॥੧੦॥
ਦੇਸ਼ ਉਜਾਰਨਿ ਮਹਿਂ ਜਿਹ ਆਸ਼ੈ।
ਕਹਹੁ ਬਿੱਪ੍ਰ ਕਿਮ ਤਿਸੈ ਨਿਕਾਸੈਂ।'
ਸੁਨਿ ਪੰਡਿਤ ਇਮ ਬਾਕ ਬਖਾਨਯੋ।
'ਮਹਾਂ ਪੁਰਖ ਤੁਮ ਸਭਿ ਕਿਛ ਜਾਨਯੋਂ ॥੧੧॥
ਬੂਝਯੋ ਮੋਹਿ ਕਹੌਂ ਪ੍ਰਭੁ ਪਾਸੀ।
ਰਚਯੋ ਦੁਰਗ ਇਹ ਮਹਾਂ ਮਵਾਸੀ।
ਬਿਨੈਪਾਲ ਮਹਿਪਾਲ ਬਡੇਰਾ।
ਰਚਯੋ ਦੁਰਗ ਧਨ ਦੇ ਬਹੁਤੇਰਾ ॥੧੨॥
ਭਯੋ ਮਹੀਪ ਗੋਰੀਆ ਜਬੈ।
ਇਸ ਮੈ ਭਾ ਪ੍ਰਵੇਸ਼ ਸੋ ਤਬੈ।
ਊਪਰ ਤੇ ਬਿਦਾਰ ਤਿਨ ਦੀਨਾ[1]।
ਹੁਤੋ ਬਿਸਾਲ ਅਲਪ ਇਹ ਕੀਨਾ ॥੧੩॥
ਹਾਥੀ ਕੋ ਬਲਿ[2] ਦਿਹੁ ਇਸ ਥਾਨ।
ਤੌ ਇਸ ਕੇ ਬਿਚ ਕਰਹੁ ਪਯਾਨ।
ਦੇਵ ਆਦਿ ਜੋ ਅਪਰ ਸਨਾਤਿ[3]।
ਸਭਿ ਚਲਿ ਜਾਹਿਂ, ਨ ਰਹੈ ਕਦਾਂਤਿ ॥੧੪॥
[4]ਬਿਨਾ ਦੀਏ ਬਲਿ, ਭੀ ਚਲਿ ਜਾਵਹੁ।

---

[1]ਉਪਰੋਂ ਢਾਹ ਦਿੱਤਾ।
[2]ਬਲੀ।
[3]ਭੂਤ ਪ੍ਰੇਤ।
[4]ਤੁਸੀਂ ਬਲੀ ਦਿੱਤੇ ਬਿਨਾਂ ਬੀ ਜਾ ਸਕਦੇ ਹੋ, ਸਮਰੱਥ ਹੋ, ਜਿਵੇਂ ਚਾਹੋ ਕਰ ਸਕਦੇ ਹੋ (ਪਰ) ਤਦ ਬੀ (ਜੇ ਬਲੀ ਦਿਓਗੇ ਤਾਂ) ਸਾਰੇ ਖੁਸ਼ੀ ਨਾਲ ਚਲੇ ਜਾਣਗੇ (ਅਤੇ) ਬਲੀ ਲੈਕੇ ਉਹ ਸ਼ੁਭ ਬੋਲਦੇ ਜਾਣਗੇ।

ਹੋ ਸਮਰਥ ਜਿਮ ਚਹਹੁ ਬਨਾਵਹੁ।
ਤਊ ਹਰਖ ਕਰਿ ਸਕਲ ਪਯਾਨੈਂ।
ਬਲਿ ਕੋ ਲੇਤਿ ਸੁ ਭਲੋ ਬਖਾਨੈਂ[1]' ॥੧੫॥
ਸ਼੍ਰੀ ਗੁਰ ਕਹ੍ਯੋ 'ਕਹਾਂ ਅਬਿ ਹਾਥੀ।
ਪ੍ਰਾਪਤਿ ਨਹਿਂ ਉਪਾਇ ਕੇ ਸਾਥੀ।
ਹਾਥ ਆਇ, ਸੋ ਕਹਾਂ ਮੰਗਾਵੈਂ।
ਦੇਂ ਬਲਿ, ਥਲ ਬਾਸੀ ਹਰਖਾਵੈਂ' ॥੧੬॥
ਸੁਨਿ ਪੰਡਿਤ ਕਹਿ 'ਨਹਿਂ ਜਿ ਮਤੰਗਾ।
ਮਹਿਖ ਮੰਗਾਉ ਅੰਗ ਸਮ ਰੰਗਾ[2]।'
ਤਬਿ ਸਿੱਖਨਿ ਸਨ ਗੁਰੂ ਬਖਾਨਾ।
'ਗ੍ਰਾਮ ਬੰਗੇਹਰਿ ਨਿਕਟਿ ਸਥਾਨਾ ॥੧੭॥
ਚਲਿ ਤੁਮ ਜਾਹੁ ਮਹਿਖ ਕੋ ਲਜਾਵਹੁ।
ਤਹਿਂ ਕੇ ਮਾਲਕ ਸਕਲ ਸੁਨਾਵਹੁ।'
ਪੰਚ ਸਿੰਘ ਗਮਨੇ ਤਿਸ ਕਾਲਾ।
ਰਾਹਕ ਖਰੇ ਪਿਖੇ ਤਹਿਂ ਜਾਲਾ ॥੧੮॥
ਸਭਿਨਿ ਸੰਗ ਤਿਹ ਨਿਕਟ ਅਲਾਯੋ।
'ਸ਼੍ਰੀ ਗੁਰ ਤੁਮ ਤੇ ਮਹਿਖ ਮੰਗਾਯੋ।
ਬਲਿ ਕੋ ਦੇਹਿਂ, ਨਿਕਾਸਹਿਂ ਦੇਉ।
ਸਭਿ ਕੋ ਭਲੇ ਹੋਇ ਲਖਿ ਭੇਉ' ॥੧੯॥
ਮਹਾਂ ਬਲੀ ਅਰੁ ਮਾਰਨਹਾਰਾ।
ਜਾਟਨ ਕੋ ਦੁਖਦਾਨ ਉਦਾਰਾ।
ਬੱਦਰੀ ਤਰੁ ਸੋਂ ਖਰੋ ਖਸੰਤਾ[3]।
ਜਿਸ ਦੇਖੇ ਤੇ ਭੈ ਉਪਜੰਤਾ ॥੨੦॥
ਮਤੋ ਮਤਾਇ ਸਭਿਨਿ ਮਨ ਜਾਨਾ।
ਸਿੰਘਨ ਸੰਗ ਹਾਸ ਕੋ ਠਾਨਾ।
-ਜਬਿ ਛੇਰਹਿਂਗੇ ਬਲ ਤੇ ਮਾਰਹਿ[4]।
ਇਤ ਉਤ ਭਾਜਹਿਂ ਸਕਲ ਪਧਾਰਹਿਂ[5] ॥੨੧॥
ਖਰੇ ਤਮਾਸ਼ਾ ਦੇਖਹਿਂ ਇਹਾਂ-।

---

[1]ਬਲੀ ਦੇਕੇ ਥਾਂ ਵਿੱਚ ਵਸਣ ਵਾਲੇ (ਭੂਤਾਂ) ਨੂੰ ਖੁਸ਼ ਕਰੀਏ।
[2]ਜਿਸ ਦੇ ਅੰਗ ਦਾ ਰੰਗ (ਹਾਥੀ) ਵਰਗਾ ਹੋਵੇ।
[3]ਖਹਿੰਦਾ ਸੀ।
[4](ਸੰਢਾ) ਮਾਰੇਗਾ।
[5]ਸਾਰੇ ਭੱਜ ਜਾਣਗੇ।

ਸਿੰਘਨਿ ਸੰਗ ਊਚ ਤਬਿ ਕਹਾ।
'ਉਤ ਹੇਰਹੁ ਬਦਰੀ ਤਰੁ ਤਰੇ।
ਖਰੋ ਮਹਿਖ, ਲਿਹੁ ਆਗੇ ਕਰੇ ॥੨੨॥
ਸ੍ਰੀ ਗੁਰ ਤੇ ਹਮ ਨਾਹਨ ਰਾਖੈਂ।'
ਕਹਿ ਇਮ ਹਾਸ ਕਰਨ ਅਭਿਲਾਖੈ।
ਸੁਨਿ ਕਰਿ ਪੰਚਹੁੰ ਸਿੰਘ ਸਿਧਾਰੇ।
ਬਲੀ ਮਹਿਖ ਜਹਿਂ ਖਰੋਰ ਅਗਾਰੇ ॥੨੩॥
ਕਹਯੋ ਜਾਇ 'ਗੁਰ ਤੋਹਿ ਬੁਲਾਯੋ।
ਚਲਿ ਆਗੇ, ਬਲਿ ਦੇ ਮਨ ਭਾਯੋ।'
ਸੁਨਿ ਗੁਰ ਨਾਮ ਮਹਿਖ ਚਲਿ ਪਰਯੋ।
ਬਲੀ ਨਿਬਲ ਸਮ ਪਗ ਮਗ ਧਰਯੋ[1] ॥੨੪॥
ਸਨੇ ਸਨੇ ਚਲਿ ਜਾਤਿ ਅਗਾਰੀ।
ਤਿਮ ਪੰਚਹੁੰ ਸਿੰਘ ਚਲੇ ਪਿਛਾਰੀ।
ਰਾਹਕ ਹੇਰਤਿ ਹੋਇ ਹਿਰਾਨੇ।
ਕਲਾਵਾਨ ਸਤਿਗੁਰੂ ਪਛਾਨੇ ॥੨੫॥
ਪਸ਼ਚਾਤਾਪ ਕਰਤਿ ਹੀ ਰਹੇ।
-ਹਸਿਬੇ ਹੇਤੁ ਹਮਹੁ ਕਯੋਂ ਕਹੇ-।
ਊਚ ਉਠਾਵਤਿ ਮੁਖ ਕੋ ਗਯੋ।
ਮਹਿਖ ਗੁਰੂ ਕੇ ਸਨਮੁਖ ਭਯੋ ॥੨੬॥
ਉਠਿ ਸ੍ਰੀ ਪ੍ਰਭੁ ਬਿਚ ਦੁਰਗ ਪਧਾਰੇ।
ਅਧਿਕ ਉਤੰਗ ਖਰੋ ਦ੍ਰਿਢ ਭਾਰੇ।
ਸਨੇ ਸਨੇ ਚਢਿ ਸ਼ਿਖਰ ਸਿਧਾਰੇ।
ਪੀਛੇ ਗਮਨੇ ਸੰਗਿ ਜਿ ਸਾਰੇ ॥੨੭॥
ਊਪਰ ਸੰਗ ਮਹਿਖ ਭੀ ਗਯੋ।
ਸਭਿ ਮਹਿਂ ਧੀਰਜ ਧਰਿ ਥਿਰ ਭਯੋ।
ਮੈਲਾਗਰ ਸਿੰਘ ਕੀ ਦਿਸ਼ਿ ਹੇਰਾ।
ਸ੍ਰੀ ਪ੍ਰਭੁ ਹੁਕਮ ਕਰਯੋ ਤਿਸ ਬੇਰਾ ॥੨੮॥
'ਕਰਿ ਝਟਕਾ ਬਲਿ ਦਿਹੁ ਇਸ ਤਾਂਈ।
ਬਹੁਰ ਨਿਕਾਸਹਿਂ ਦੇਵ ਇਥਾਈਂ[2]।'
ਮੈਲਾਗਰ ਸਿੰਘ ਸੁਨਿ ਤਤਕਾਲਾ।

---

[1]ਬਲੀ ਸੰਢਾ ਨਿਰਬਲ (ਸੰਢੇ) ਵਾਂਙ ਤੁਰ ਪਿਆ।
[2]ਇਸ ਥਾਂ ਤੋਂ।

ਖੈਂਚਿ ਨਿਕਾਰਯੋ ਖੜਗ ਕਰਾਲਾ ॥੨੯॥
ਬਲ ਤੇ ਇਸ ਪ੍ਰਕਾਰ ਕੋ ਬਾਹਯੋ।
ਸੀਸ ਅਜਾਤ ਮਹਿਖ ਕੋ ਲਾਹਯੋ[1]।
ਪਰਯੋ ਮੁਨੇਰਨ[2] ਊਪਰ ਭਾਰੀ।
ਦਿਏ ਪ੍ਰਾਣ ਸਤਿਗੁਰੂ ਅਗਾਰੀ ॥੩੦॥
ਮਰਨ ਸੁਧਾਰਯੋ ਅਪਨਿ ਭਲੇਰੇ।
ਸਭਿਹਿਨਿ ਮਹਿਂ ਪ੍ਰਭੁ ਕਹਯੋ ਉਚੇਰੇ।
'ਮਹਿਖ ਮਰੇ ਕੋ ਤਰੇ ਗਿਰਾਵੈ।
ਬਲੀ ਏਕ ਦੁਤਿਯ ਨ ਕਰ ਲਾਵੈ[3]' ॥੩੧॥
ਸੁਨਿ ਤੂਸ਼ਨਿ ਹੋਏ ਸਭਿ ਕੋਈ।
ਸਾਧ ਗੁਦੜੀਆ ਬੋਲਯੋ ਸੋਈ।
'ਹੁਕਮ ਹੋਇ ਤਰ ਇਸੇ ਗਿਰਾਵੌਂ।
ਮੈਂ ਏਕਾਕੀ ਬਲ ਦਿਖਰਾਵੌਂ' ॥੩੨॥
ਸ਼ਾਰਤ ਸਮਝਯੋ ਲਿਯੋ ਉਠਾਇ।
ਊਚ ਮੁਨੇਰੇ ਤੇ ਕੁਛ ਲਜਾਇ।
ਤਰੇ ਬਗਾਇ ਦੂਰ ਕੋ ਗੇਰਾ।
ਬਿਸਮਾਨੇ ਜਬਿ ਸਭਿ ਨੇ ਹੇਰਾ ॥੩੩॥
ਇਤਨੇ ਬਿਖੇ ਦੇਵ ਚਲਿ ਆਯੋ।
ਸ੍ਰੀ ਪ੍ਰਭੁ ਕੋ ਨਿਜ ਦਰਸ ਦਿਖਾਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਬਾਸਾ ਗੋਇੰਦਵਾਲ ਅਗਾਰੀ ॥੩੪॥
ਹਮਰੀ ਜਾਤਿ ਹਜ਼ਾਰਹੁੰ ਥਿਰੇ।
ਮਹਾਂ ਉਜਾਰ ਨਰਨ ਕੀ ਕਰੇ।
ਸ੍ਰੀ ਅੰਗਦ ਕਰਿ ਹੁਕਮ ਪਠਾਏ।
ਸ੍ਰੀ ਗੁਰ ਅਮਰ ਹਮਹੁੰ ਪਰ ਆਏ ॥੩੫॥
ਸੰਗ ਛਰੀ ਕੇ ਜਾਰਤਿ ਹਮੈ[4]।
ਭਾਜੇ ਪ੍ਰੇਤ ਸਰਬ ਤਿਹ ਸਮੈਂ।
ਗਰਭਵਤੀ ਤਬਿ ਮਾਤ ਹਮਾਰੀ।

---

[1]ਬਿਨਾਂ (ਜਾਣ) ਪਤੇ ਤੇ ਭਾਵ ਐਸਾ ਸਾਫ ਸਿਰ ਉਤਾਰਿਆ ਕਿ ਸੰਢੇ ਨੂੰ ਪਤਾ ਬੀ ਨਾ ਲੱਗਾ।
[2]ਬਨੇਰੇ ਤੇ।
[3]ਇਕ ਬਲਵਾਨ (ਸੁੱਟੇ) ਦੂਸਰਾ ਨਾ ਹੱਥ ਲਾਵੇ।
[4]ਸਾੜਨ ਲਗੇ ਸਨ।

ਭਾਜਿ ਪ੍ਰਸੂਤੀ ਖੇਤ ਮਝਾਰੀ ॥੩੬॥
ਫਰਡਾ[1] ਲਗਿ ਜੁਵਾਰ ਕੋ ਮੇਰੇ।
ਫੂਟਜੋ ਨੈਨ ਏਕ ਤਿਸ ਬੇਰੇ।
ਦੁਤਿਯ ਭ੍ਰਾਤ ਜਨਮਜੋ ਤਬਿ ਔਰ।
ਟੁੰਡਾ, ਟੂਟਜੋ ਕਰ ਤਿਸ ਠੌਰ ॥੩੭॥
ਤਬਿ ਤੇ ਹਮ ਬਾਸੇ ਇਸ ਥਾਂਏ।
ਸੰਮਤ ਸੌ ਤੇ ਅਧਿਕ ਬਿਤਾਏ।
ਇਤ ਭੀ ਬਸਨ ਦੇਤਿ ਕਜੋਂ ਨਾਂਹੀ?
ਕੌਨ ਦੇਸ਼ ਮਹਿਂ ਹਮ ਚਲਿ ਜਾਂਹੀ?' ॥੩੮॥
ਸ਼੍ਰੀ ਪ੍ਰਭੁ ਹੁਕਮ ਕੀਨਿ ਤਿਸ ਤਾਂਈ।
'ਅਬਹਿ ਕਦੀਮੀ ਬਸਹੁ ਉਥਾਈ[2]।
ਫਿਟਕੀ ਪੁਰੀ ਸਿਰ੍ਹੰਦ ਉਜਾਰਹੁ।
ਜੜ੍ਹਾਂ ਉਖਾਰਿ ਸਤੁੱਦ੍ਰਵ ਡਾਰਹੁ ॥੩੯॥
ਨਹਿਂ ਤਹਿਂ ਤੇ ਕੋ ਬਸਤਿ ਹਟਾਵੈ।
ਸਦਾ ਬਾਸ ਤੁਮਰੋ ਬਨਿਆਵੈ।
ਨਿਕਸਹੁ ਅਬਿ ਬਿਲੰਬ ਨਹਿਂ ਕੀਜੈ।
ਇਹ ਸਭਿ ਹਮਰੋ ਦੇਸ਼ ਲਖੀਜੈ ॥੪੦॥
ਜੰਗਲ ਨਾਮ ਭਾਖਤੇ ਜੋਇ।
ਆਨੰਦ ਘਨੋ ਮਾਲਵਾ ਹੋਇ।'
ਸੁਨਿ ਬੋਲਜੋ 'ਮੈਂ ਛੁਧਾ ਸਮੇਤ।
ਪਹੁੰਚਜੋ ਜਾਇ ਨਹੀਂ ਇਸ ਹੇਤ ॥੪੧॥
ਹੁਕਮ ਅਘਾਵਨ ਕੋ ਕਹਿ ਦੀਜੈ।
ਪੁਨ ਮੋਕਹੁ ਇਤ ਤੇ ਨਿਕਸੀਜੈ।'
ਸ਼੍ਰੀ ਮੁਖ ਤਿਹ ਕੇ ਸਾਥ ਬਖਾਨਾ।
'ਆਗੈ ਕਹਾਂ ਕਰਤਿ ਤੂ ਖਾਨਾ? ॥੪੨॥
ਆਜ ਨਹੀਂ ਕੈਸੇ ਤੁਮ ਬਨਜੋ।'
ਸੁਨਿ ਕੈ ਦੇਵ ਗੁਰੂ ਸੰਗ ਭਨਜੋ।
'ਮਹਾਰਾਜ ਫਿਰਿ ਕੈ ਇਸ ਦੇਸ਼।
ਬਿਚਰਤਿ ਜਿਤ ਕਿਤ ਖਾਤਿ ਵਿਸ਼ੇਸ਼ ॥੪੩॥
ਅੰਨ ਹਜ਼ਾਰਹੁੰ ਮਣ ਕੋ ਭੋਜਨ।

---

[1] ਖੁੰਘਾ।
[2] ਭਾਵ ਸਦਾ ਲਈ ਅਚੱਲ ਡੇਰਾ ਦੇਂਦੇ ਹਾਂ।

ਦੇਖਤਿ ਫਿਰੌਂ ਅਸ਼ੁਚ ਹੁਇ ਜੋ ਜਨ।
ਸਤਿਗੁਰ ਅਰੁ ਹਰਿ ਨਾਮ ਨ ਕਹੈਂ।
ਤਿਨ ਤੇ ਛੀਨਿ ਖਾਤ ਹਮ ਰਹੈਂ* ॥੪੪॥
ਆਜ ਪ੍ਰਾਤਿ ਹੀ ਮੋਹਿ ਨਿਕਾਰਹੁ।
ਨਹਿਂ ਕਿਤ ਤੇ ਕਰਿ ਲੀਨ ਅਹਾਰੋ।'
ਸ਼੍ਰੀ ਮੁਖ ਕਹਯੋ 'ਅਬਹਿ ਤੂੰ ਜਾਹੁ।
ਹੈ ਮਸੂਰ ਪੁਰਿ ਤੁਮਰੇ ਰਾਹੁ ॥੪੫॥
ਤਹਾਂ ਦੁਪਹਿਰਾ ਕਬਿ ਬਿਸਰਾਮੂ।
ਸੰਧਜਾ ਕਹੁ ਸਿਰੁੰਦ ਕਰਿ ਧਾਮੂ।'
ਸੁਨਤਿ ਹੁਕਮ ਕੋ ਕੀਨਿ ਪਿਯਾਨਾ।
ਕਰਿ ਬੰਦਨ ਨਿਜ ਹਿਤ ਕੋ ਮਾਨਾ ॥੪੬॥
ਸ਼੍ਰੀ ਪ੍ਰਭੁ ਕੀਨਿ ਤਿਸੀ ਥਲ ਡੇਰਾ+।
ਬਿਸਮਤਿ ਲੋਕ ਸੁਨਤਿ ਜਿਨ ਹੇਰਾ।
ਮਹਾਂਰਾਜ ਕੀ ਸਤੁਤਿ ਸੁਨਾਵੈਂ।
'ਇਨ ਕੇ ਕਾਜ ਇਨਹੁ ਬਨਿਆਵੈਂ++' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੇਉ ਨਿਕਾਸਨਿ' ਪ੍ਰਸੰਗ ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

---

*ਸਿਖਤਾਯਾਦ ਰੱਖਣ ਵਾਲੀ ਗੱਲ ਹੈ ਜੋ ਗੁਰੂ ਪਰਮੇਸੁਰ ਦਾ ਨਾਮ ਨਹੀਂ ਲੈਂਦੇ ਉਹਨਾਂ ਦਾ ਅੰਨ ਇਹ ਲੋਕ ਖਾਂਦੇ ਹਨ।

+ਕਿਲੇ ਵਿਚ ਗੁਰਦਵਾਰਾ ਹੈ ਤੇ ਇਕ ਬਾਹਰ ਬੀ ਹੈ।

++ਤਲਵਾਰ ਦੇ ਇਕ ਝਟਕੇ ਨਾਲ ਸੰਢਾ ਝਟਕਾ ਦੇਣਾ, ਇਕ ਆਦਮੀ ਨੇ ਸੰਢਾ ਚੁੱਕ ਕੇ ਸਫੀਲ ਤੋਂ ਸਿੱਟ ਦੇਣਾ, ਏਹ ਬਲ ਪ੍ਰਾਕ੍ਰਮ ਦੇ ਕੌਤਕ ਦੱਸਣੇ ਜੰਗੀ ਜੀਵਨ ਦਾ ਅੰਗ ਹਨ। ਬਲੀ ਦੇਣੀ ਗੁਰੂ ਘਰ ਦਾ ਅਸੂਲ ਨਹੀਂ। ਫਿਰ ਜੋ ਦੇਵਾਂ ਦੇ ਗਣ ਤੀਸਰੇ ਸਾਹਿਬਾਂ ਦੀ ਇਕ ਛੜੀ ਨਾਲ ਡਰਦੇ ਉੱਠ ਭਜਦੇ ਹਨ, ਜੇ ਭੂਤ ਪ੍ਰੇਤ ਇਕ ਬਹਿਲੋ ਸਿੱਖ ਦੇ ਕੈਦ ਪੈਂਦੇ ਹਨ ਤੇ ਦਸਮ ਗੁਰੂ ਜੀ ਉਨ੍ਹਾਂ ਨੂੰ ਛੁਡਾ ਦੇਂਦੇ ਹਨ, ਬਲੀ ਦੇਣ ਦੀ ਹੀ ਅਵੱਸ਼ਕਤਾ ਓਸੇ ਗੁਰੂ ਜੀ ਨੂੰ ਇਸ ਦਸਵੇਂ ਜਾਮੇ ਕਿਉਂ ਪੈ ਸਕਦੀ ਹੈ। ਫਿਰ ਦੇਖੋ ਉਹਨਾਂ ਦਾ ਹੁਕਮ ਕਿਤਨਾ ਕਰਾਰਾ ਹੈ ਕਿ ਕਾਣਾ ਦੇਉ ਮੋੜ ਨਹੀਂ ਸਕਿਆ। ਜੋ ਹੁਕਮ ਅੱਗੇ ਹੁਤ ਨਹੀਂ ਕਰ ਸਕਦਾ ਉਸ ਨੂੰ ਬਲੀ ਦੇਣ ਦੀ ਕੀ ਲੋੜ ਸੀ। ਕਵੀ ਜੀ ਬੀ ਇਸੇ ਅੰਸੂ ਦੇ ਅੰਕ ੧੫ ਵਿਚ ਮੰਨਦੇ ਹਨ ਕਿ ਗੁਰੂ ਜੀ ਮਹਾਂ ਬਲੀ ਹਨ, ਬਲੀ ਦੇਣ ਦੀ ਲੋੜ ਨਹੀਂ ਸਨ ਰਖਦੇ। ਫਿਰ ਤੱਕੋ ਉਹ ਭੁਖਾ ਹੈ, ਖਾਣ ਲਈ ਮੰਗਦਾ ਹੈ ਉਸ ਨੂੰ ਭੁੱਖਾ ਹੀ ਤੋਰਦੇ ਹਨ ਕਿ ਹੁਣੇ ਹੀ ਜਾਹ ਤੇ ਮਨਸੂਰ ਪੁਰ ਸਾਹ ਕਢ ਲਈਂ, ਤਦ ਸੋਚੋ ਸੰਢੇ ਦੀ ਬਲੀ ਕਿਸ ਕੰਮ ਆਈ? ਬਲੀ ਸਫਲ ਤਾਂ ਸੀ ਜੇ ਦੇਵ ਕਹਿੰਦਾ ਕਿ ਮੈਂ ਸੰਢਾ ਖਾ ਕੇ ਰੱਜ ਗਿਆ ਹਾਂ; ਉਸ ਬਲੀ ਤਾਂ ਅਫਲ ਗਈ ਦੇਵ ਵਿਚਾਰਾ ਭੁੱਖਾ ਟੁਰਿਆ। ਸੋ ਬਲੀ ਦਾ ਖਿਆਲ ਗ਼ਲਤ ਜਾਪਦਾ ਹੈ। ਝਟਕੇ ਆਦਿ ਕੌਤਕਾਂ ਨੂੰ ਬਲੀ ਦੇ ਅਰਥ ਵਿਚ ਲੈਣਾ ਕਿਸੇ ਬਲੀਆਂ ਦੇ ਪ੍ਰੇਮੀ ਬ੍ਰਾਹਮਣ ਦੀ ਚਲਾਈ ਵਾਰਤਾ ਹੈ ਜੋ ਪ੍ਰਸਿੱਧ ਹੋ ਗਈ ਤੇ ਸਾਖੀ ਪੋਥੀ ਦੇ ਲੇਖਕ ਤੱਕ ਅੱਪੜੀ, ਇਉਂ ਸਹੀ ਜਾਪਦਾ ਹੈ। ਅਸਲ ਵਿਚ ਗੁਰੂ ਜੀ ਟਿਕਾਣਾ ਭਾਲ ਰਹੇ ਹਨ ਕਿ ਜੇ ਜੰਗ ਦਾ ਸਮਾਂ ਆ ਬਣੇ ਤਾਂ ਕੋਈ ਓਟ ਤੱਕੀਏ ਵਡਿੰਡੇ ਯਾ ਭਟਿੰਡੇ ਦੇ ਕਿਲੇ ਨੂੰ ਬੀ ਇਸ ਮਨੋਰਥ ਲਈ ਡਿੱਠਾ ਭਾਲਿਆ ਹੈ।

## ੨੫. [ਸੱਸੀ ਦਾ ਗੀਤ, ਬਠਿੰਡੇ ਦੀ ਕਥਾ। ਦਜਾਲ ਦਾਸ ਬਖਸ਼ਿਆ]

੨੪<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੬

ਦੋਹਰਾ: ਖਾਨ ਪਾਨ ਕਰਿ ਰਾਤਿ ਕੋ, ਥਿਰਿ ਪ੍ਰਯੰਕ ਪਰ ਸੋਇ।
ਉਤਰੇ ਤਰੇ ਸੁ ਦੁਰਗ ਕੇ, ਹੁਤੇ ਵਪਾਰੀ ਕੋਇ ॥੧॥
ਚੌਪਈ: ਤਿਨ ਸੱਸੀ ਪੁੰਨੂ ਕੋ ਗਾਯੋ।
ਬਾਰ ਬਾਰ ਕਰਿ ਰਾਗ ਬਸਾਯੋ।
ਰਾਤਿ ਬਿਖੈ ਰਸ ਕੋ ਬਹੁ ਕੀਨਿ।
ਥਿਰਿ ਪ੍ਰਯੰਕ ਸੁਨਿ ਗੁਰੂ ਪ੍ਰਬੀਨ ॥੨॥
ਚਿਰੰਕਾਲ ਲਗਿ ਗਾਵਤਿ ਰਹਜੋ।
ਸਭਿਨਿ ਸੁਨਜੋਂ ਆਛੇ ਮਨ ਲਹਜੋ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਪ੍ਰਭੁ ਪ੍ਰਾਤਿ ਹੁਇ ਆਈ ॥੩॥
ਸੌਚ ਸ਼ਨਾਨ ਦਿਵਾਨ ਲਗਾਯੋ।
ਬੂਝਜੋ ਗੁਰੂ 'ਰਾਤਿ ਕਿਨ ਗਾਯੋ?'
ਸਿੰਘਨਿ ਕਹਜੋ 'ਲਾਦ ਕੋ ਲਜਾਏ।
ਉਸ਼ਟਰ ਬ੍ਰਿੰਦ ਸੰਗ, ਤਿਨ ਗਾਏ' ॥੪॥
'ਜਾਇ ਬੁਲਾਵਹੁ ਲਜਾਵਹੁ ਤਾਂਹਿ।'
ਸੁਨਿ ਕਰਿ ਦਾਸ ਗਯੋ ਤਿਨ ਪਾਹਿ।
'ਗੁਰੂ ਹਕਾਰਹਿਂ' ਚਲਿ ਸੋ ਆਯੋ।
ਦਰਸ਼ਨ ਕਰਤੇ ਸੀਸ ਨਿਵਾਯੋ ॥੫॥
ਸ਼੍ਰੀ ਪ੍ਰਭੁ ਭਨਹਿਂ 'ਰਾਤਿ ਜਿਮ ਗਾਵਤਿ।
ਸੱਸੀ ਪੁੰਨੂ ਰਾਗ ਬਸਾਵਤਿ।
ਬੈਠਿ ਇਹਾਂ ਅਬਿ ਗਾਵਨ ਕਰੋ।
ਤਿਸੀ ਪ੍ਰਕਾਰ ਅਧਿਕ ਰਸ ਧਰੋ' ॥੬॥
ਸੁਨਿ ਕਰ ਜੋਰਤਿ ਬੋਲਜੋ ਸੋਇ।
'ਅਬਿ ਤੌਂ ਗਾਯੋ ਜਾਇ ਨ ਕੋਇ।
ਲਾਜ ਆਪ ਤੇ ਮੁਝ ਕੋ ਆਵੈ।
ਸਮੁਖ ਬੋਲਿਬੇ ਨਾਂਹਿਨ ਭਾਵੈ' ॥੭॥
ਤਬਿ ਗੁਰ ਦਈ ਕਨਾਤ ਤਨਾਇ।
ਸਭਿ ਕੇ ਓਟੈ ਤਾਂਹਿ ਬਿਠਾਇ।
ਪ੍ਰਭੁ ਕੋ ਹੁਕਮ ਮਾਨਿ ਕਰਿ ਗਾਯੋ।
ਤਊ ਰਾਤਿ ਸਮ ਰਸ ਨਹਿਂ ਪਾਯੋ ॥੮॥

ਧਨ ਦੇ ਕਰਿ ਤਿਸ ਕਿਯੋ ਨਿਹਾਲ।
ਕਰੀ ਮੌਜ[1] ਸ਼੍ਰੀ ਪ੍ਰਭੁ ਬਿਸਾਲ।
ਸੱਸੀ ਪਰ ਕਿਹ ਤਰਕ ਉਠਾਈ।
ਤਿਸ ਪ੍ਰਤਿ ਉੱਤਰ ਕਰਜੋ ਗੁਸਾਈਂ ॥੯॥
'ਅੰਗੁਰ ਗਡੈ ਨ ਅਵਨੀ ਮਾਂਹੀ।
ਸਸੀਆ ਭਈ ਪ੍ਰਵੇਸ਼ਨ ਤਾਂਹੀ।
ਪ੍ਰੇਮ ਮਹਾਤਮ ਬਡਹੁਂ ਬਡੇਰਾ।
ਪ੍ਰਾਨ ਜਾਨ ਲਗਿ ਜਿਨਹੁਂ ਨਿਬੇਰਾ ॥੧੦॥
ਤਿਨ ਕੇ ਨਾਮ ਸਦਾ ਥਿਰ ਭਏ।
ਲਾਖਹੁਂ ਬਰਖ ਬਖਾਨੇ ਗਏ।
ਗੁਰੂ ਪ੍ਰਮੇਸ਼ੁਰ ਸਨ ਜਿਨ ਪ੍ਰੇਮ।
ਸੇ ਤਤਕਾਲ ਪਾਵਤੇ ਛੇਮ ॥੧੧॥
ਬਿਨਾ ਪ੍ਰੇਮ ਫੋਕਟ ਸਭਿ ਰਤਨ[2]।
ਪ੍ਰੇਮ ਸੁਕਰਮਨਿ ਸਭਿ ਮਹਿਂ ਰਤਨ।
ਪ੍ਰੇਮੀ ਜਪ ਤਪ ਬਿਨ ਮਖ ਜੋਗ[3]।
ਪ੍ਰਾਪਤਿ ਹੋਤਿ ਉਚੇਰੇ ਲੋਗ' ॥੧੨॥
ਇੱਤਯਾਦਿਕ ਮਹਿਮਾ ਮੁਖ ਗਾਈ*।

---

[1]ਬਖਸ਼ਿਸ਼।
[2]ਸਾਰੇ ਸ੍ਰੇਸ਼ਟ ਕਰਮਾਂ ਵਿਚ ਪ੍ਰੇਮ ਰਤਨ ਹੈ।
[3]ਜੱਗ ਜੋਗ ਤੋਂ ਬਿਨਾਂ।
*ਪੰਜਾਬ ਵਿਚ ਸੱਸੀ ਪੁੰਨੂ ਦੀ ਦੋਸਤੀ ਦਾ ਕਿੱਸਾ ਪ੍ਰਸਿੱਧ ਹੈ, ਪਰ ਇਸ ਦੀ ਅਸਲ ਸਿੰਧ ਵਿਚ ਹੈ ਜਿੱਥੇ ਸੱਸੀ ਦਾ ਕੇਚ ਮਕਰਾਨ ਵਾਲੇ ਪੁੰਨੂ ਨਾਲ ਵਿਆਹ ਹੋਇਆ ਸੀ। ਪੁੰਨੂ ਬੜੇ ਸਰਦਾਰੀ ਘਰਾਣੇ ਦਾ ਸੀ ਤੇ ਸੱਸੀ ਇਕ ਮਸੂਲ ਲੈਣ ਵਾਲੇ ਅਹਿਲਕਾਰ, (ਜੋ ਅਸਲ ਵਿਚ ਸਰਦਾਰ ਨਹੀਂ ਸੀ ਪਰ ਉਂਞ ਉਹਦੇਦਾਰ ਸੀ) ਦੀ ਪਾਲਕ ਧੀ ਸੀ। ਇਸ ਕਰਕੇ ਪੁੰਨੂੰ ਦੇ ਭਰਾ ਉਸ ਨੂੰ ਚੋਰੀ ਲੈ ਗਏ ਕਿ ਸਾਡੀ ਕੁਲ ਦੀ ਹਾਨਤ ਹੁੰਦੀ ਹੈ। ਪਰੰਤੂ ਸੱਸੀ ਮਗਰੇ ਗਈ। ਕੇਚ ਮਕਰਾਨ ਦੇ ਰਸਤੇ ਵਿਚ ਹੀ ਸੱਸੀ 'ਪੁੰਨੂ' 'ਪੁੰਨੂ' ਕੂਕਦੀ ਮਰ ਗਈ। ਸੱਸੀ ਦੇ ਇਸ ਪਿਆਰ ਦੀ ਸਚਾਈ ਤੇ ਤੀਖਣਤਾ ਦੇ ਗੁਣ ਨੂੰ ਲੈ ਰਹੇ ਹਨ। ਉਸ ਦੇ ਪਿਆਰ ਵਿਚ ਸੱਚਾਈ ਤੇ ਤੀਖਣਤਾ ਸੀ, ਉਸ ਤੀਖਣਤਾ ਤੇ ਪਿਆਰ ਦੀ ਅੰਸ਼ ਦੀ ਮਹਿਮਾ ਕਹੀ ਹੈ। ਪਿਆਰ ਕਣੀ ਇਕ ਐਸੀ ਸ਼ੈ ਹੈ ਜਿਸ ਦੇ ਆਸਰੇ ਵੱਡੀ ਤੋਂ ਵੱਡੀ ਕੁਰਬਾਨੀ ਹੋ ਸਕਦੀ ਹੈ ਜੋ ਸੱਸੀ ਨੇ ਕਰ ਦਿਖਾਈ। ਸਿੰਘਾਂ ਨੂੰ ਇਹ ਉਪਦੇਸ਼ ਦਿੱਤਾ ਕਿ ਜਿਨ੍ਹਾਂ ਨੇ ਪ੍ਰੇਮ ਵਿਚ ਪ੍ਰਾਣ ਦਿੱਤੇ ਉਹਨਾਂ ਦੇ ਨਾਮ ਥਿਰ ਹੋ ਗਏ, ਪਰ ਗੁਰੂ ਪਰਮੇਸ਼ਰ ਵਿਚ ਜਿਨ੍ਹਾਂ ਦਾ ਪ੍ਰੇਮ ਹੈ ਓਹ ਛੇਮ ਭਾਵ ਮੁਕਤੀ ਪ੍ਰਾਪਤ ਕਰਦੇ ਹਨ। ਪ੍ਰੇਮ ਤੋਂ ਬਿਨਾਂ ਸਾਰੇ ਜਤਨ, ਸਾਧਨ, ਗਿਆਨ ਧਿਆਨ ਫੋਕਟ ਕਰਮ ਹਨ। ਪ੍ਰੇਮੀ ਕੇਵਲ ਪ੍ਰੇਮ ਨਾਲ ਤਰ ਜਾਂਦਾ ਹੈ। ਇਹ ਸਾਰੀ ਗੱਲ ਕਵੀ ਜੀ ਨੇ ਖੁਹਲ ਦਿੱਤੀ ਹੈ। ਸੱਸੀ ਪੁੰਨੂੰ ਦੀ ਪ੍ਰੀਤ ਦੀ ਕਹਾਣੀ ਨੂੰ ਪ੍ਰਮਾਰਥ ਵਿਚ ਹੀ ਸਮਝਣਾ ਪ੍ਰੋਯਜਨ ਹੈ, ਜਿਵੇਂ ਭਾਈ ਗੁਰਦਾਸ ਜੀ ਨੇ 'ਲੇਲਾਂ ਮਜਨੂੰ ਆਸ਼ਕੀ..... ' ਆਦਿਕ ਵਿਚ ਸਾਰਿਆਂ ਦੇ ਨਾਮ ਗਿਣਕੇ ਅੰਤ ਕਿਹਾ ਹੈ 'ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ'। ਸਿੰਧੀ ਬੋਲੀ ਦੇ 'ਸੱਸੀ ਪੁੰਨੂੰ ਦੇ ਕਿੱਸੇ ਦਾ ਅੰਗ੍ਰੇਜ਼ੀ ਅਨੁਵਾਦ ਜੋ 'ਐਫ. ਜੇ. ਜੀ. ' ਨੇ ਕੀਤਾ ਹੈ, ਉਸ ਦੇ ੫੧ ਤੋਂ ੫੪ ਛੰਦ ਤੋਂ ਸੱਸੀ ਪੁੰਨੂੰ ਦਾ ਵਿਆਹ ਹੋਣਾ ਸਪਸ਼ਟ ਸਹੀ ਹੁੰਦਾ ਹੈ, ਇਸ ਹਿਸਾਬ ਸੱਸੀ ਬਿਵਾਹਿਤਾ ਇਸਤ੍ਰੀ ਸੀ, ਪਤੀ ਵਿਯੋਗ ਵਿਚ ਜਾਨ ਦੇਣੀ ਪਤੀ ਭਗਤੀ ਸੀ।

ਕਿਤਿਕ ਸਮੇਂ ਤਹਿਂ ਥਿਰੇ ਗੁਸਾਈਂ।
ਕਹ੍ਯੋ ਬ੍ਰਿਤੰਤ ਬਿਰਾੜਨਿ ਫੇਰ[1]।
'ਬਿਨੈਪਾਲ ਨ੍ਰਿਪ ਚਢ੍ਯੋ ਅਖੇਰ ॥੧੩॥
ਜਬਿ ਉੱਦਜਾਨ ਬਿਖੈ ਚਲਿ ਗਯੋ।
ਕੌਤਕ ਏਕ ਬਿਲੋਕਤਿ ਭਯੋ।
ਅਜਾ ਪ੍ਰਸੂਤਾ ਬ੍ਰਿੱਕ ਸੋਂ ਲਰੈ[2]।
ਅਪਨੋ ਬਤਸ਼[3] ਬਚਾਵਨ ਕਰੈ ॥੧੪॥
ਥਲ ਅਜੀਤ ਬਡ ਲਖ੍ਯੋ ਮਵਾਸੀ[4]।
ਅਪਨੇ ਸਚਿਵਨ ਸਾਥ ਪ੍ਰਕਾਸ਼ੀ।
-ਸ਼ੀਘ੍ਰ ਦੁਰਗ ਕੋ ਪਾਵਨ ਕਰੀਅਹਿ।
ਜਿਤ ਕਿਤ ਤੇ ਨਰ ਪੁੰਜ ਹਕਰੀਅਹਿ- ॥੧੫॥
ਨਰ ਖੋਜੇ ਨਹਿਂ ਪਾਵਤਿ ਘਨੇ।
ਜਾਨਜੋਂ ਸ਼ੀਘ੍ਰ ਦੁਰਗ ਨਹਿਂ ਬਨੇ।
ਭਾਗ ਹਾਕਮੀ ਜਿਤਿਕ ਅਨਾਜੇ[5]।
ਛੋਰਿ ਦੀਨਿ ਰਾਹਕ ਕੌ ਰਾਜੇ ॥੧੬॥
ਤਿਤਿਕ ਮ੍ਰਿੱਤਕਾ ਦੁਰਗ ਪਵਾਈ।
ਮਿਲੇ ਆਨਿ ਮਾਨਵ ਸਮੁਦਾਈ।
ਇਸ ਪ੍ਰਕਾਰ ਤੂਰਨ ਬਨਿਵਾਵਾ।
ਅਧਿਕ ਉਤੰਗ ਮਵਾਸਿ ਚਿਨਾਵਾ ॥੧੭॥
ਸੁਨੀ ਸੁਰੰਗ ਬੀਚ ਇਸ ਕੀਨ।
ਗਢ ਭਟਨੇਰ ਲਗੌ ਚਿਨ ਦੀਨਿ[6]।'
ਇੱਤਜ਼ਾਦਿਕ ਕੁਛ ਅਪਰ ਪ੍ਰਸੰਗ।
ਕਰੇ ਸੁਨਾਵਨਿ ਸਤਿਗੁਰ ਸੰਗ* ॥੧੮॥

---

[1]ਬੈਰਾੜਾਂ ਨੇ ਬ੍ਰਿਤੰਤ ਕਿਹਾ।
[2]ਸੂਈ ਹੋਈ ਬੱਕਰੀ (ਏਥੇ) ਬਘਿਆੜ ਨਾਲ ਲੜ ਰਹੀ ਸੀ।
[3]ਬੱਚਾ।
[4](ਰਾਜੇ ਨੇ ਉਹ) ਥਾਂ ਅਜਿੱਤ ਤੇ ਹੁਣ ਕਿਲੇ ਜੋਗ ਜਾਣਿਆ। (ਮਵਾਸ ਦਾ ਅਰਥ ਕਿਲਾ ਬੀ ਹੈ, ਤੱਕੋ ਅੱਗੇ ਅੰਕ ੧੭)
[5]ਜਿਤਨਾ ਅਨਾਜ ਰਾਜੇ ਦਾ (ਰਾਜਾ ਹੋਣ ਕਰਕੇ) ਹਿੱਸਾ ਸੀ।
[6]ਭਟਨੇਰ ਕਿਲੇ ਤੱਕ ਸੁਰੰਗ ਚਿਣ ਦਿੱਤੀ।
*ਇਹ ਕਿਲੇ ਦੇ ਪੁਰਾਣੇ ਰਵਾਇਤੀ ਹਾਲਾਤ ਹਨ। ਬਠਿੰਡਾ ਰਾਜ ਪਟਿਆਲਾ ਵਿਚ ਹੈ। ਭਟਨੇਰ ਦਾ ਨਗਰ ਤੇ ਭਟਿੰਡਾ ਯਾ ਬਠਿੰਡਾ ਨਗਰ ਭੱਟੀ ਰਾਉ ਦੇ ਬਣਾਏ ਹੋਏ ਹਨ। ਭਟਿੰਡੇ ਦਾ ਕਿਲਾ ਰਾਜਾ ਬਿਨੈਪਾਲ ਦਾ ਬਣਾਇਆ ਹੋਇਆ ਹੈ। ਭਟਨੇਰ ਹੁਣ ਬੀਕਾਨੇਰ ਰਿਆਸਤ ਵਿਚ ਹੈ, ਇਸ ਨੂੰ ਹਨੂਮਾਨ ਗੜ੍ਹ ਬੀ ਬੋਲਦੇ ਹਨ।

ਭਏ ਤਜਾਰ ਅਗਲੀ ਭੁਨਸਾਰਾ।
ਹਯ ਪਰ ਜ਼ੀਨ ਡਾਰਿ ਅਸਵਾਰਾ।
ਉਲੰਘਿ ਪੰਥ ਕੇਤਿਕ ਜਬਿ ਆਏ।
ਡੇਰਾ 'ਸੰਮੀ' ਗ੍ਰਾਮ ਸੁ ਪਾਏ ॥੧੯॥
ਤਹਿਂ ਕੇ ਨਰਨ ਆਇ ਕਰ ਜੋਰੇ।
ਜਥਾ ਸ਼ਕਤਿ ਧਰਿ ਅੱਗ੍ਰ ਅਕੋਰੇ।
ਦਰਸ਼ਨ ਕਰਿ ਪਦ ਬੰਦਤਿ ਸਾਰੇ।
ਦੁਗਧ ਦਧੀ ਲੇ ਧਰਜੋ ਅਗਾਰੇ ॥੨੦॥
ਤ੍ਰਿਣ ਦਾਨਾ ਘੋਰਨਿ ਕੋ ਦੀਨਿ।
ਰਸਤ ਪੁਚਾਈ ਦੇਗ਼ ਸੁ ਕੀਨ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਪ੍ਰਾਤਿ ਭਈ ਚਢਿ ਕੈ ਸੁਖਦਾਈ ॥੨੧॥
ਆਨਿ ਦਮਦਮੇ ਕੀਨਸਿ ਡੇਰਾ।
ਡੱਲਾ ਮਿਲਜੋ ਆਨਿ ਤਿਸ ਬੇਰਾ।
ਬੰਦਨ ਕਰੀ ਚਰਨ ਅਰਬਿੰਦ।
ਬੈਠਿ ਨਿਕਟ ਤਹਿਂ ਨਰ ਮਿਲ ਬ੍ਰਿੰਦ ॥੨੨॥
ਦਜਾਲ ਦਾਸ ਸਕਟਾ ਭਰਿ ਜੋਇ।
ਸੰਗ ਲਿਯੇ ਫਿਰਿ ਲਜਾਯੋ ਸੋਇ।
ਰਾਮ ਸਿੰਘ ਤਬਿ ਅਰਜ਼ ਬਖਾਨੀ।
'ਬਖਸ਼ਹੁ ਪ੍ਰਭੂ ਆਪਨੋ ਜਾਨੀ ॥੨੩॥
ਆਦਿ ਤਿਹਾਵਲ ਅਧਿਕ ਅਹਾਰਾ।
ਲੀਏ ਬਠਿੰਡੇ ਸਕਟ ਪਧਾਰਾ।'
ਦਜਾਲ ਦਾਸ ਤਬਿ ਚਰਨੀ ਪਰਜੋ।
ਹਾਥ ਜੋਰਿ ਕਰਿ ਆਗੈ ਥਿਰਜੋ ॥੨੪॥
ਦੇਖਿ ਕ੍ਰਿਪਾਲ ਕਹਜੋ 'ਥਿਰ ਥਯੋ[1]।
ਭਗਤੂ ਕੁਲ ਮਸੰਦ ਇਹ ਭਯੋ।
ਹਮ ਬਖਸ਼ਜੋ[*] ਦੇਵਹੁ ਬਰਤਾਇ।'
ਭੀ ਅਰਦਾਸ ਗੁਰੂ ਅਗਵਾਇ ॥੨੫॥

---

[1]ਬੈਠ ਜਾਹ।

[*]ਕਵੀ ਜੀ ਆਪਣੇ ਰਚਿਤ ਬਾਲਮੀਕ ਰਾਮਾਯਣ ਦੇ ਅਨੁਵਾਦ ਦੇ ਲੰਕਾ ਕਾਂਡ, ਸਰਗ ੧੩੧ ਵਿਖੇ ਦੱਸਦੇ ਹਨ ਕਿ ਇਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਤੇ ਨਾਮ ਦਯਾਲ ਸਿੰਘ ਹੋਯਾ:-'ਖੰਡੇ ਕੀ ਪਾਹੁਲ ਲੈ ਕਰਕੈ। ਦਯਾਲ ਸਿੰਘ ਨਿਜ ਨਾਮ ਸੁਧਰਿਕੈ' ॥ ੧੨੩ ॥

ਜਬਿ ਦੇਖ੍ਯੋ ਭੋਜਨ ਕੋ ਜਾਇ।
ਪਰੇ ਕਿਰਮ[+] ਜਿਸ ਮਹਿਂ ਸਮੁਦਾਇ।
ਆਨਿ ਗੁਰੂ ਢਿਗ ਅਰਜ਼ ਸੁਨਾਈ।
'ਖੈਬੇ ਲਾਇਕ ਨਹੀਂ ਗੁਸਾਈਂ ॥੨੬॥
ਬਿਤੇ ਦਿਵਸ ਬਹੁ ਕਿਰਮ ਪਰੇ[+] ਹੈਂ।
ਫਿਰ੍ਯੋ ਸੰਗ ਬਿਚ ਸਕਟ ਧਰੇ ਹੈਂ।'
ਸੁਨਿ ਪ੍ਰਭੁ ਕਹ੍ਯੋ 'ਹਮੇ ਦਿਖਰਾਵਊ।
ਪੀਛੇ ਤੇ ਸਭਿ ਮਹਿਂ ਬਰਤਾਵਊ' ॥੨੭॥
ਕੇਤਿਕ ਲ੍ਯਾਯੋ ਗੁਰੂ ਅਗਾਰੀ।
ਲੇ ਨਿਜ ਹਾਥਨਿ ਗੁਲਕਾ ਧਾਰੀ।
ਕਰਤਲ ਪਰ ਬੱਟੀ ਗੁਰ ਕਰੀ।
ਦੇਗ਼ ਭਗਤ ਕੀ ਪੂਰਨ ਪਰੀ[1] ॥੨੮॥
ਪੁਨ ਬਰਤਾਵਨਹਾਰ ਨਿਹਾਰਾ[2]।
ਸੁੱਧ ਅਹਾਰ ਭਯੋ ਇਕ ਬਾਰਾ।
ਸਿੰਘਨ ਮਹਿਂ ਲਾਦ੍ਯੋ ਬਰਤਾਵਨ।
ਬਹੁ ਕਰਾਹਿ ਦੇ ਕਰਿ ਤ੍ਰਿਪਤਾਵਨ ॥੨੯॥
ਭ੍ਯੋ ਰੌਰ ਤਬਿ ਲੂਟ ਮਚਾਈ।
ਪਰ੍ਯੋ ਖਾਲਸਾ ਲੇ ਲੇ ਧਾਈ।
ਆਪੇ ਆਪ ਸਗਰ ਲੇ ਗਏ।
ਸਤਿਗੁਰ ਹੇਰਿ ਹੇਰਿ ਬਿਕਸਏ ॥੩੦॥
ਕਿਤਿਕ ਦੇਰ ਪੀਛੇ ਸਿਖ ਆਏ।
ਹੁਤੇ ਪੰਚ ਦਸ ਨਹਿਂ ਕੁਛ ਖਾਏ।
ਪਿਖਿ ਗੁਰ ਕਹ੍ਯੋ 'ਜਾਹੁ ਇਸ ਕਾਲਾ।
ਦਜ਼ਾਲ ਦਾਸ ਕੋ ਗਹਿ ਲਿਹੁ ਪਾਲਾ' ॥੩੧॥
ਗਏ ਕਹੈਂ 'ਦਿਹੁ ਦੇਗ਼ ਹਮਾਰੀ।'
ਗੌਰੇ ਸੁਤ ਤਬਿ ਛਾਪ ਉਤਾਰੀ।
ਤਿਨ ਕੋ ਦਈ 'ਮੋਲ ਲੇ ਖਾਵਹੁ।
ਦੇਗ਼ ਬਿਖੈ ਕੁਛ ਭੰਗ ਨ ਪਾਵਹੁ' ॥੩੨॥
ਏਕ ਤੁਰੰਗਮ ਏਕ ਦੁਸ਼ਾਲਾ।

---

[+]ਸਾਖੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ।
[1]ਭਾਵ ਛਕ ਲਈ।
[2]ਫਿਰ ਵਰਤਾਵਣ ਵਾਲੇ ਨੇ (ਕੀ) ਡਿੱਠਾ (ਕਿ).....।

ਦਜਾਲ ਦਾਸ ਦੀਨਸਿ[1] ਤਿਸ ਕਾਲਾ।
ਬਖਸ਼ ਮਿਲਾਯੋ ਸੰਗਤਿ ਮਾਂਹੀ।
ਰਹਜੋ ਸੰਗ ਸੇਵਾ ਕਰਿ ਪਾਹੀ ॥੩੩॥
ਕਰਿ ਨਰ ਦਰਸ਼ਨ ਸਦਨ ਸਿਧਾਰੇ।
ਖਾਨ ਪਾਨ ਸੈਨਾ ਕਰਿ ਸਾਰੇ।
ਥਿਰ ਹ੍ਵੈ ਕੇਤਿਕ ਦਿਵਸ ਬਿਤਾਏ।
ਪੁਰਹਿਂ ਕਾਮ ਸਿਖ ਸੰਗਤਿ ਆਏ ॥੩੪॥
++ਇਕ ਦਿਨ ਡੱਲੇ ਕੋ ਲੇ ਸੰਗ।
ਹਿਤ ਅਖੇਰ ਕੇ ਚਢੇ ਤੁਰੰਗ।
ਗਏ ਦੂਰ ਮ੍ਰਿਗ ਦੇਖਜੋ ਜਬੈ।
ਸਰ ਖਰ ਛੋਰਿ ਸੰਘਾਰਜੋ ਤਬੈ ॥੩੫॥
ਮਾਰਤਿ ਸ਼੍ਰੀ ਮੁਖ ਤੇ ਬਹੁ ਹਸੇ।
ਓਸ਼ਟ ਬੀਚ ਦਸਨ ਦੁਤਿ ਲਸੇ।
ਪਿਖਿ ਡੱਲੇ ਕਰ ਜੋਰਿ ਅਲਾਏ।
'ਇਸ ਕੋ ਹਤਿ ਕਰਿ ਕਜੋਂ ਬਿਕਸਾਏ?' ॥੩੬॥
'ਏ ਗੁਰ ਸਿਖ ਗੁਰ ਕੇਰਿ ਖਜ਼ਾਨਾ[2]।
ਰਹਜੋ ਚੁਰਾਵਤਿ ਦਰਬ ਮਹਾਨਾ।
ਅਧਿਕ ਖਰਾਬ ਕਰਜੋ ਅਰੁ ਖਾਯੋ।
ਤਿਸ ਅਘ ਤੇ ਇਹ ਮ੍ਰਿਗ ਤਨ ਪਾਯੋ ॥੩੭॥
ਸੁਨਿ ਡੱਲਾ ਬੈਰਾਰ! ਬਿਚਾਰਾ[3]।
ਲੇ ਪਰ ਅੰਸ[4] ਕਿਸੀ ਪਰਕਾਰਾ।
ਤਿਸ ਕੋ ਆਮਿਖ ਕਾਟਜੋ ਜਾਇ।
ਇਨ ਕੁੱਠੈ[5] ਰੀਂਧੈ ਅਰੁ ਖਾਇ ॥੩੮॥
ਜੇ ਨਰ ਪਰ ਕੀ ਅੰਸ ਚੁਰਾਵੈਂ।
ਕੈ ਬਲ ਤੇ ਛੀਨਹਿਂ ਹਰਖਾਵੈਂ।
ਮ੍ਰਿਗ ਬਕਰੇ ਆਦਿਕ ਤਨ ਧਰੈਂ*।

---

[1]ਭਾਵ, ਭੇਟਾ ਦਿੱਤਾ (ਗੁਰੂ ਜੀ ਨੂੰ)।
++ਸੌ ਸਾਖੀ ਦੀ ਇਹ ੪੫ਵੀਂ ਸਾਖੀ ਹੈ।
[2]ਖਜ਼ਾਨਚੀ ਸੀ।
[3]ਵਿਚਾਰ ਸੁਣ।
[4]ਪਰਾਯਾ ਧਨ।
[5]ਕੁੱਸੇਗਾ, ਤੜਫੇਗਾ। ਸੌ ਸਾਖੀ ਦਾ ਪਾਠ ਹੈ 'ਕੁਸੀਏਗਾ'।
*ਸਾਰੇ ਮ੍ਰਿਗਾਂ ਤੇ ਬੱਕਰਿਆਂ ਤੋਂ ਮੁਰਾਦ ਕਵੀ ਜੀ ਦੀ ਨਹੀਂ ਹੈ।

ਲੇਨਹਾਰ ਤਿਨ ਭੱਖਨ ਕਰੈਂ ॥੩੯॥
ਸ੍ਵਾਮੀ ਅੰਸ ਚੁਰਾਵੈਂ ਜੇਈ।
ਇਸੀ ਦਸ਼ਾ ਦੁਖ ਪਾਵੈਂ ਤੇਈ।
ਹਮ ਤਬਿ ਬਰਜ ਰਹਜੋ, ਨਹਿਂ ਮਾਨਜੋਂ।
ਯਾਂ ਤੇ ਹਸੇ ਬ੍ਰਿਤੰਤ ਸੁ ਜਾਨਜੋਂ' ॥੪੦॥
ਇਮ ਕਹਿ ਦੂਰ ਦਮਦਮਾ ਰਹਜੋ।
ਪਹੁੰਚਨਿ ਸਮਾ ਨ ਮਨ ਮਹਿਂ ਲਹਜੋ।
ਤਰੁ ਕੀਕਰ[1] ਅਵਲੋਕਨਿ ਕਰੇ।
ਤਹਾਂ ਥਿਰੇ ਪ੍ਰਭੁ ਡੇਰਾ ਕਰੇ ॥੪੧॥
ਤਬਿ ਸਿੱਖਨ ਕਰ ਜੋਰਿ ਬਖਾਨਾ।
'ਪ੍ਰਭੁ ਜੀ! ਕਰਜੋ ਨ ਹਮ ਕੁਛ ਖਾਨਾ।
ਦੋਨਹੁੰ ਸਮੇ ਰਹੇ ਅਬਿ ਖਾਲੀ।
ਸਭਿ ਕੋ ਬਜਾਪੀ ਛੁਧਾ ਬਿਸਾਲੀ ॥੪੨॥
ਕਿਮ ਇਹ ਨਿਸਾ ਬਤਾਵਨਿ ਕਰੈਂ।
ਪ੍ਰਾਤਿ ਹੋਤਿ ਪੁਨ ਚਲਿਬੋ ਪਰੈਂ।'
ਸੁਨ ਸ਼੍ਰੀ ਮੁਖ ਤੇ ਹੁਕਮ ਬਖਾਨਾ।
'ਚਢਹੁ ਕੀਕਰਾਂ ਖਰੀ ਮਹਾਨਾ ॥੪੩॥
ਬਲ ਤੇ ਇਨਹੁੰ ਹਿਲਾਵਨਿ ਕਰੀਏ।
ਮਨ ਭਾਵਤਿ ਅਚਵਹੁ ਛੁਧਿ ਹਰੀਏ।'
ਮਾਨਿ ਬਾਕ ਕੋ ਭਏ ਅਰੋਹਨਿ।
ਗਹਿ ਝੂਣੇ ਕੀਨੇ ਦ੍ਰਿਗ ਜੋਹਨ ॥੪੪॥
ਅਨਿਕ ਭਾਂਤਿ ਕੇ ਭਏ ਅਹਾਰਾ।
ਖੁਰਮੇ ਬ੍ਰਿੰਦ ਜਲੇਬ ਉਦਾਰਾ।
ਮੋਦਕ ਆਦਿ ਪਰੇ ਸਮੁਦਾਈ।
ਗਨ ਭੋਜਨ ਬਰਖਾ ਬਰਖਾਈ ॥੪੫॥
ਖਾਇ ਖਾਇ ਕਰਿ ਸਿਖ ਤ੍ਰਿਪਤਾਨੇ।
ਕਿਤਿਕ ਸਿੰਘ ਨਹਿਂ ਕੀਨਸਿ ਖਾਨੇ।
ਬੂਝਜੋ 'ਪ੍ਰਭੁ ਤੁਮ ਕਜੋਂ ਨਹਿਂ ਖਾਯੋ।
ਸਗਰੇ ਦਿਵਸ ਹਾਥ ਨਹਿਂ ਆਯੋ' ॥੪੬॥
ਹਾਥ ਜੋਰਿ ਕਹਿਂ ਸਿੱਖ ਜਿ ਸਜਾਨੇ।
'ਸ਼੍ਰੀ ਪ੍ਰਭੁ! ਆਪ ਨ ਕੀਨਸਿ ਖਾਨੇ।

[1]ਕਿੱਕਰ ਦਾ ਬ੍ਰਿੱਛ।

ਕਿਮ ਹਮ ਖਾਇ ਸਕਹਿਂ ਤੁਮ ਬਿਨਾ।'
ਸੁਨਿ ਪ੍ਰਸੰਨ ਹ੍ਵੈ ਸ਼੍ਰੀ ਮੁਖ ਭਨਾ ॥੪੭॥
'ਇਹ ਸਿਖ ਗੁਰਮੁਖ ਲੇਹੁ ਬਿਚਾਰੇ।
ਪੇਟ ਪਾਲ ਹੈਂ ਅਚਵਨ ਵਾਰੇ[1]।
ਮਨਮੁਖ ਭੀ ਸਿਖ ਕਹੈਂ ਘਨੇਰੇ।
ਸਿੱਖੀ ਪਾਵਨ ਦੂਰ ਬਡੇਰੇ[+]' ॥੪੮॥
ਪੁਨ ਚਢਿ ਕਰਿ ਨਿਜ ਡੇਰਨਿ ਆਏ।
ਇਮ ਕੇਤਿਕ ਦਿਨ ਜਬਹਿ ਬਿਤਾਏ।
ਖਾਨ ਪਾਨ ਕਰਿ ਥਿਰੇ ਗੁਸਾਈਂ।
ਨਿਸਾ ਵਧੀ ਅਧਿਕੈ ਅਧਿਕਾਈ[2] ॥੪੯॥
ਲੋਕ ਪਸੂ ਬਹੁ ਭਏ ਦੁਖਾਰੇ।
ਕਰਹਿਂ ਪ੍ਰਤੀਖਨ ਹ੍ਵੈ ਭੁਨਸਾਰੇ।
ਬੈਠੇ ਸਭਿਨਿ ਬਿਖੈ ਨਰ ਨਾਰੀ।
ਹੋਹਿ ਨ ਪ੍ਰਾਤਿ ਸਭਿਨਿ ਮਤਿ ਹਾਰੀ ॥੫੦॥
-ਕੋ ਕਾਰਨ ਭਾ ਜਾਇ ਨ ਜਾਨਾ।
ਮਾਰਤੰਡ ਚਢਿਯ ਨ ਅਸਮਾਨਾ-।
ਰੁਕੇ ਲੋਕ ਸਗਰੇ ਅਕੁਲਾਈ।
ਸ਼੍ਰੀ ਪਰਮੇਸ਼ੁਰ ਨਾਮ ਧਿਆਏ ॥੫੧॥
[*]ਅਧਿਕ ਰਾਤਿ ਜਬਿ ਬੀਤਨ ਕਰੀ।
ਪ੍ਰਾਤਿ ਸਭਿਨਿ ਕੋ ਚਿੰਤਾ ਪਰੀ।
ਡੱਲੇ ਸੰਗ ਮਿਲੇ ਸਭਿ ਜਾਇ।
'ਅਧਿਕ ਨਿਸਾ ਕੁਛ ਲਖ੍ਯੋ ਨ ਜਾਇ ॥੫੨॥
ਚਲਹੁ ਪ੍ਰਭੂ ਕੋ ਬੂਝਹਿਂ ਏਹ।
ਹੈਂ ਸਰਬੱਗਯ ਬਤਾਇ ਸੁ ਦੇਹਿਂ।'
ਡੱਲੇ ਜੁਤਿ ਮਾਨਵ ਸਮੁਦਾਇ।
ਪਦ ਅਰਬਿੰਦ ਨਿਵੇਂ ਸਭਿ ਆਇ ॥੫੩॥
ਬੈਠੇ ਬਿਸਮਤਿ ਬਾਤ ਬਖਾਨੀ।

---

[1]ਖਾਣ ਵਾਲੇ ਤਾਂ ਪੇਟ ਪਾਲੂ ਹਨ।
[+]ਉਹੀ ਧੁਨਿ ਚਲ ਰਹੀ ਹੈ ਕਿ ਪ੍ਰੇਮ ਹੀ ਸਭ ਸ਼ੈ ਦਾ ਮੂਲ ਹੈ।
[2]ਰਾਤ ਬਹੁਤ ਤੋਂ ਬਹੁਤ ਵੱਡੀ ਹੋਈ ਭਾਵ ਸੂਰਜ ਨਾ ਚੜ੍ਹਿਆ।
[*]ਸੌ ਸਾਖੀ ਦੀ ੪੬ਵੀਂ ਸਾਖੀ ਦਾ ਇਹ ਉਲਥਾ ਹੈ। ਪਤਾ ਨਹੀਂ ਸੌ ਸਾਖੀ ਦੇ ਲੇਖਕ ਨੇ ਕਿਸ ਘਟਨਾ ਨੂੰ ਐਉਂ ਵਰਣਨ ਕੀਤਾ ਹੈ। ਪਰ ਇਹ ਬੀ ਅਸਲੀ ਸਾਖੀਆਂ ਦੀ ਨਹੀਂ ਜਾਪਦੀ। ਆਖੇਪਕਾਰਾਂ ਦਾ ਹਸਤਾਖੇਪ ਜਾਪਦਾ ਹੈ, ਖੋਜ ਦੀ ਲੋੜ ਹੈ।

'ਨਿਸ ਕੀ ਗਤਿ ਕੁਛ ਜਾਇ ਨ ਜਾਨੀ।'
ਗੁਰੂ ਕਹੵੋ 'ਭਾਣਾ ਹਰਿ ਜੋਈ।
ਦੇਵਨ ਬਿਖੈ ਸਪਰਧਾ[1] ਹੋਈ ॥੫੪॥
ਸੂਰਜ ਸੁਰਪਤਿ[2] ਹਟਿ ਹਟਿ[3] ਬੈਠੇ।
ਅਪਰ ਬ੍ਰਿੰਦ ਸੁਰ ਹੋਇ ਇਕੈਠੇ।
ਬਰਜੀ ਬਰਖਾ ਹੁਇ ਜਗ ਨਾਂਹੀ।
ਦਿਨਕਰ[4] ਥਿਰੵੋ ਸੁਰਗ ਕੇ ਮਾਂਹੀ ॥੫੫॥
ਰਾਤਿ ਵਧਣ ਕੋ ਇਹੁ ਲਖਿ ਕਾਰਨ*।'
ਸੁਨਿ ਡੱਲੇ ਕਿਯ ਬਾਕ ਉਚਾਰਨ।
'ਪ੍ਰਭੁ ਜੀ ਕਿਮ ਜੀਵਹਿਂ ਬਿਨ ਬਾਰੀ[5]?'
ਸੁਨਿ ਸਤਿਗੁਰ ਤਬਿ ਤੂਸ਼ਨ ਧਾਰੀ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

---

[1]ਈਰਖਾ।
[2]ਇੰਦ੍ਰ।
[3](ਆਪਣੇ ਆਪਣੇ ਕੰਮਾਂ ਤੋਂ) ਹਟ ਹਟ ਕੇ।
[4]ਸੂਰਜ।
[5]ਜਲ ਤੋਂ ਬਿਨਾਂ ਕਿਵੇਂ ਜੀਵਾਂਗੇ।

## ੨੬. [ਮੀਂਹ ਵਰਸਾਇਆ। ਤਾਪ ਹਟਾਇਆ। ਪਹਿਰੇਦਾਰਾਂ ਖੇਡਾ ਦੇਖਿਆ]

੨੫<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੭

ਦੋਹਰਾ: '[1]ਔੜ ਲਗੀ ਬਰਖਾ ਹਟੀ,
ਬੀਤੇ ਦਿਵਸ ਕਿਤੇਕ।
ਖੇਤੀ ਲਾਗੀ ਸੂਕਿਬੇ,
ਉਬਰਯੋ ਖੇਤ ਨ ਏਕ ॥੧॥
ਚੌਪਈ: ਪ੍ਰਜਾ ਭਈ ਦੀਰਘ ਦੁਖਿਆਰੀ।
ਹੁਇ ਦੁਰਭਿੱਛ ਪਰਕਯੋ ਨਹਿਂ ਬਾਰੀ।
ਹੁਇ ਹੈ ਕਹਾਂ ਹਵਾਲ ਹਮਾਰੋ।
ਬਿਨਾਂ ਅੰਨ ਕਯੋਂ ਜਿਯਨ ਬਿਚਾਰੋ' ॥੨॥
ਰਾਹਕ ਮਹਾਂ ਕਸ਼ਟ ਕੋ ਪਾਏ।
ਮਿਲਿ ਮਿਲਿ ਬੈਠਿ ਬੈਠਿ ਪਛੁਤਾਏ।
ਕੇਤਿਕ ਗ੍ਰਾਮਨਿ ਕੇ ਸਮੁਦਾਈ।
ਚਿਤ ਚਿੰਤਾ ਬਸਿ ਭੇ ਇਕ ਠਾਈ ॥੩॥
'ਅਬਿ ਸਮੀਪ ਸਤਿਗੁਰੂ ਸੁਹਾਏ।
ਜਿਨ ਤੇ ਮਨੋ ਕਾਮਨਾ ਪਾਏ।
ਏਕ ਏਕ ਕੀ ਪੁਰਵਤਿ ਆਸਾ।
ਮਿਲਿ ਕੈ ਦੇਸ਼ ਚਲਹੁ ਗੁਰ ਪਾਸਾ ॥੪॥
ਜਾਚਹੁ ਬਰਖਾ ਗੁਰੂ ਕਰੈ ਹੈਂ।
ਜੀਵ ਦਾਨ ਜਗ ਕੋ ਤਬਿ ਦੈਹੈਂ।'
ਇਮ ਬਿਚਾਰਿ ਸੰਗਤ ਸਮੁਦਾਈ।
ਸਜਾਨੇ ਸਿੱਖ ਕਰੇ ਅਗੁਵਾਈ ॥੫॥
ਆਨਿ ਦਮਦਮੇ ਕੀਨਸਿ ਡੇਰੇ।
ਚਹੁਂਦਿਸ਼ਿ ਕੇ ਨਰ ਮਿਲੇ ਘਨੇਰੇ।
ਧਰੇ ਤ੍ਰਾਸ ਦੁਰਭਿਛ ਕੋ ਭਾਰੇ।
ਆਇ ਗੁਰੂ ਸਭਿਹਿਨਿ ਪਰਵਾਰੇ ॥੬॥
ਕਰਿ ਕਰਿ ਨਮੋ ਚਹੂੰਦਿਸ਼ਿ ਥਿਰੇ।
ਕੇਚਿਤ ਬੈਠੇ ਕੇਚਿਤ ਖਰੇ।
ਖਰੋ ਮੇਵਰੋ ਅਰਜ਼ ਗੁਜਾਰੀ।
'ਕਰਹੁ ਪ੍ਰਭੂ ਜਗ ਕੀ ਰਖਵਾਰੀ ॥੭॥
ਨਹੀਂ ਗਗਨ ਮਹਿਂ ਮੇਘ ਦਿਖੰਤੇ।

---

[1]ਰਾਹਕ ਆਪੋ ਵਿਚ ਵਿਚਾਰਾਂ ਕਰਦੇ ਹਨ।

ਸਭਿ ਦੇਸ਼ਨ ਕੇ ਖੇਤ ਸੁਕੰਤੇ।
ਅਬਿ ਕੇ ਫਸਲ ਜਿ ਅੰਨ ਬਿਨਾਸ਼ਾ।
ਨਹੀਂ ਨਰਨ ਕੀ ਜੀਵਨ ਆਸ਼ਾ ॥੮॥
ਅਪਨੀ ਸੰਗਤਿ ਜਾਨਿ ਬਚਾਵਹੁ।
ਕਰਹੁ ਬਾਕ ਬਰਖਾ ਬਰਖਾਵਹੁ।'
ਸੁਨਿ ਅਰਜ਼ੀ ਪ੍ਰਭੁ ਕ੍ਰੋਧ ਵਧਾਯੋ।
ਡੱਲੇ ਦਿਸ਼ਿ ਅਵਲੋਕਿ ਅਲਾਯੋ ॥੯॥
'ਉਠਿ ਸੁਰਪਤਿ[1] ਕੋ ਹਤਹੁ ਬਿਸਾਲਾ।
ਪਠਹਿ ਮੇਘ ਜਿਸ ਤੇ ਤਤਕਾਲਾ।'
ਗੁਰੂ ਬਚਨ ਪਰ ਧਰਿ ਬਿਸਵਾਸਾ।
ਡੱਲਾ ਉਠਜੋ ਬਿਲੋਕਿ ਅਕਾਸ਼ਾ ॥੧੦॥
ਪਨਹੀ ਸਪਤ[2] ਬਗਾਇ ਸੁ ਮਾਰੀ।
ਮੁਖ ਤੇ ਗਾਰੀ ਅਨਿਕ ਨਿਕਾਰੀ।
'ਮਾਨਿ ਹੁਕਮ ਕੋ ਬਰਖਹੁ ਤੂਰਨ।
ਹਮ ਭੀ ਬਚ ਮਾਨਹਿਂ ਗੁਰ ਪੂਰਨ ॥੧੧॥
ਬੀਚ ਤ੍ਰਿਲੋਕੀ ਹੈ ਅਸ ਕੌਨ।
ਜਿਸ ਕੇ ਮਨ ਮਹਿਂ ਸ਼੍ਰੀ ਗੁਰ ਭੌਨ।
ਆਪ ਕ੍ਰਿਸ਼ਨ ਰਣ ਕਰਿ ਜੈ ਪਾਈ[3]।
ਗੁਰ ਦਾਸਨ ਤੇ ਮਾਰ ਕਰਾਈ[4]* ॥੧੨॥
ਦੇਰ ਨ ਧਰਹੁ ਕਰਹੁ ਅਬਿ ਬਰਖਾ।
ਤੇਜ ਪ੍ਰਭੂ ਕੇ ਸੁਰਪਤਿ ਧਰਖਾ[5]।
ਇਤਨੇ ਕਹੇ ਗਗਨ ਘਨ ਛਾਏ।
ਜਲ ਗੇਰਨਿ ਲਾਗੇ ਸਮੁਦਾਏ ॥੧੩॥
ਸ਼੍ਰੀ ਮੁਖ ਤੇ ਬਹੁ ਹਸੇ ਕ੍ਰਿਪਾਲਾ।
ਕਹਜੋ ਸ਼ਲੋਕ ਸਕਲ ਤਿਸ ਕਾਲਾ।
ਲੋਕ ਹਜ਼ਰਾਹੁਂ ਪਿਖੈਂ ਤਮਾਸ਼ਾ।

---

[1]ਇੰਦ੍ਰ ਨੂੰ।
[2]ਸੱਤ।
[3]ਫਤਹ ਪਾਈ (ਇੰਦ੍ਰ ਤੇ)।
[4]ਗੁਰੂ ਜੀ ਨੇ ਦਾਸਾਂ ਪਾਸੋਂ (ਇੰਦ੍ਰ) ਨੂੰ ਮਾਰ ਪੁਵਾਈ।
*ਇਥੇ ਕਵੀ ਜੀ ਸਪੱਸ਼ਟ ਗੁਰੂ ਜੀ ਦੀ ਅਧਿਕਤਾ ਸ਼੍ਰੀ ਕ੍ਰਿਸ਼ਨ ਜੀ ਤੋਂ ਦਿਖਾ ਰਹੇ ਹਨ, ਉਹਨਾਂ ਨੇ ਆਪ ਰਣ ਕਰਕੇ ਇੰਦ੍ਰ ਜਿੱਤਿਆ, ਸਤਿਗੁਰਾਂ ਨੇ ਦਾਸਾਂ ਤੋਂ ਮਾਰ ਕਰਾਕੇ ਇੰਦ੍ਰ ਤੋਂ ਕੰਮ ਕਰਵਾਇਆ।
[5]ਕੰਬਿਆ।

ਸੁਨਜੋਂ ਸ਼੍ਰੋਨ ਇਮ ਸ਼ਬਦ ਪ੍ਰਕਾਸ਼ਾ ॥੧੪॥

ਸ੍ਰੀ ਮੁਖਵਾਕ:

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥
[ਆਸਾ ਵਾਰ ਮਃ ੧

ਚੌਪਈ: ਇਹ ਸ਼ਲੋਕ ਸਭਿ ਪਠਜੋ ਸੁਨਾਯੋ।
ਸਭਿ ਸੰਗਤਿ ਕੇ ਮਨ ਮਹਿਂ ਭਾਯੋ।
ਬਰਖਾ ਲਾਗੀ ਪਰਨ ਘਨੇਰੀ।
ਗਏ ਸਕਲ ਨਰ ਘਰ ਤਿਸ ਬੇਰੀ* ॥੧੫॥
ਗੁਰ ਸੁਜਸੁ ਕੋ ਜਾਤਿ ਬਖਾਨਹਿਂ।
'ਮੂਢ ਸੁ ਨਰ ਜੋ ਇਨਹੁਂ ਨ ਮਾਨਹਿਂ।'
ਸਕਲ ਦੇਸ਼ ਮਹਿਂ ਭਯੋ ਸੁਕਾਲਾ।
ਹਰੇ ਖੇਤ ਪਿਖਿ ਭਏ ਨਿਹਾਲਾ ॥੧੬॥
ਅੰਨ ਅਨੇਕ ਭਾਂਤਿ ਕੇ ਹੋਇ।
ਜਹਿਂ ਕਹਿਂ ਗੁਰ ਪ੍ਰਤਾਪ ਕੋ ਜੋਇ।
ਨਿਤ ਪ੍ਰਤਿ ਚਢਹਿਂ ਅਖੇਰ ਬਹਾਨੇ।
ਦੂਰ ਦੂਰ ਥਲ ਪਿਖਨਿ ਪਿਆਨੇ ॥੧੭॥
ਗਾਹਜੋ ਦੇਸ਼ ਮਾਲਵਾ ਫਿਰਿ ਕੈ।
ਇਤ ਉਤ ਕੋ ਨਰ ਹੇਰਨਿ ਕਰਿ ਕੈ।
ਇਕ ਦਿਨ ਸਤਿਗੁਰ ਬੈਠਿ ਬਖਾਨਾ।
'ਦਯਾਵਾਨ ਇਹੁ ਦੇਸ਼ ਮਹਾਨਾ ॥੧੮॥
ਸਿੱਖੀ ਭਾਵ ਬਡੇਰ ਬਡੇਰਾ।
ਦੋਸ਼ ਇਹੀ ਕਹਿਂ ਝੂਠ ਘਨੇਰਾ[1]।
ਪੁੱਤ੍ਰੀ ਪੀਛੇ ਪਲਹਿਂ ਸਦਾਈ[2]।

---

*ਹੁਕਮ ਨਾਲ ਮੀਂਹ ਵਸਾ ਦੇਣਾ ਆਤਮ ਸਤਜਾਵਾਨਾਂ ਲਈ ਮੁਸ਼ਕਲ ਨਹੀਂ ਹੈ, ਯੋਗ ਦਰਸ਼ਨ ਯੋਗੀ ਲਈ ਇਹ ਗੱਲਾਂ ਮੰਨਦਾ ਹੈ। ਜੁੜੇ ਮਨਾਂ ਦੇ ਕਰਤਬ ਹੁਣ ਬੀ ਪ੍ਰਸਿੱਧ ਹੋ ਰਹੇ ਹਨ, ਤੇ ਅਵਤਾਰ ਲਈ ਜੋ ਆਤਮ ਸੱਤਜਾ ਦਾ ਘਰ ਹੈ ਐਸੇ ਕੰਮ ਕੀਹ ਬਾਤ ਹਨ।
[1]ਜੋ ਬਹੁਤਾ ਝੂਠ ਬੋਲਦੇ ਹਨ।
[2]ਭਾਵ ਲੜਕੀਆਂ ਵੇਚਦੇ ਹਨ।

ਅੰਨ ਘਨੋ ਹੁਇ ਤੋਟ ਨ ਕਾਈ ॥੧੯॥
ਨਹੀਂ ਅਘਾ ਵਾਹਿੰਗੇ ਮਨ ਕਾਚੇ।
ਪੈਸੇ ਕੀ ਤ੍ਰਿਸ਼ਨਾ ਮਹਿਂ ਰਾਚੇ।
ਬਾਕ ਨ ਮਾਨਹਿਂ ਰਹਿਂ ਮਤਿ ਮਾਰੇ।
ਅਪਨੋ ਭਲੋ ਨ ਜਾਨਿ ਗਵਾਰੇ ॥੨੦॥

ਬਚਨ: ਖਾਨ ਕੋ ਭੇਸ[1]।
ਸਿੱਖੀ ਕੋ ਪ੍ਰਦੇਸ[2]।
ਮਤਲਬ ਪਾਤਸ਼ਾਹੀ[3]।
ਰਾਜ ਬਿਨ ਪਾਹੀ[4] ॥ ੧ ॥

ਚੌਪਈ: [+]ਏਕ ਵਾਰ ਸਭਿ ਦੇਸ਼ ਮਝਾਰੀ।
ਪਰਯੋ ਗਰਜ ਕੇ ਤਾਪ ਸੁ ਭਾਰੀ।
ਸਕਲ ਦੁਖੀ ਤਨ ਥਰਹਰਿ ਕਾਂਪੇ।
ਪੀਤ ਬਦਨ ਦਿਨ ਰਾਤਿ ਸੰਤਾਪੇ ॥੨੧॥
ਖਾਯੋ ਜਾਇ ਨ ਪੀਵੈਂ ਪਾਨੀ।
ਪਰੇ ਰਹੈਂ ਦੁਰਬਲਹਿ ਮਹਾਨੀ।
ਡੱਲੇ ਆਨਿ ਗੁਰੂ ਕੇ ਪਾਸ।
ਕਹੀ ਤਾਪ ਕੀ ਬ੍ਰਿਥਾ ਪ੍ਰਕਾਸ਼ ॥੨੨॥
'ਮਹਾਂਰਾਜ! ਕੁਛ ਜਤਨ ਬਤਾਵਹੁ।
ਅਪਨੇ ਜਾਨਹੁ ਤਾਪ ਮਿਟਾਵਹੁ।
ਤੁਮ ਬਿਨ ਹਮਰੋ ਨਹਿਂ ਰਖਵਾਰਾ।
ਗਹਯੋ ਆਸਰਾ ਬਡੇ ਬਿਚਾਰਾ' ॥੨੩॥
ਸੁਨਤਿ ਬਿਨੈ ਕੋ ਭਏ ਕ੍ਰਿਪਾਲ।
ਗਹਯੋ 'ਉਪਾਇ ਕਰਹੁ ਤਤਕਾਲ।
ਸਿਰ ਪਰ ਰਾਖਹੁ ਸਗਰੇ ਕੇਸ਼।
ਗੁਰਬਾਣੀ ਨਿਤ ਪੜ੍ਹਹੁ ਵਿਸ਼ੇਸ਼ ॥੨੪॥
ਨਿਕਸੈ ਤਾਪ ਦੇਸ਼ ਤੇ ਤਬੈ।
ਗੁਰਮਤਿ ਕਰਨਿ ਲਗਹੁਗੇ ਜਬੈ।'
ਸੁਨਿ ਡੱਲੇ ਸਭਿਹੂੰਨਿ ਸੁਨਾਈ।

---

[1]ਖਾਣ ਲਈ ਭੇਸ ਬਣਾਂਵਦੇ ਹਨ।
[2]ਸਿੱਖੀ ਦੇਸ਼ ਤੋਂ ਪਰੇ ਹਨ।
[3]ਮਤਲਬ ਹੀ ਇਹਨਾਂ ਦਾ ਪਾਤਸ਼ਾਹੀ ਹੈ, ਭਾਵ ਗੌਂ ਦੇ ਯਾਰ ਹਨ।
[4]ਰਾਜ ਪਾਵਣੇ ਤੋਂ ਬਿਨਾਂ ਹਨ।
[+]ਇਹ ਸੌ ਸਾਖੀ ਦੀ ੪੭ਵੀਂ ਸਾਖੀ ਚੱਲੀ ਹੈ।

ਕਰਤਿ ਭਏ ਤਿਮ ਨਰ ਸਮੁਦਾਈ ॥੨੫॥
ਤਜਿ ਨਿਜ ਗ੍ਰਾਮਨਿ ਕੋ ਚਲਿ ਆਏ।
ਰਹੇ ਦਮਦਮੇ ਪਢਨ ਲਗਾਏ।
ਪੁਨ ਗੁਰ ਕਹജੋ 'ਲਹਹੁ ਸੁਖ ਸਾਰੇ।
ਧਰਮਸਾਲ ਰਚਿ ਗ੍ਰਾਮ ਮਝਾਰੇ ॥੨੬॥
ਸਿਖ ਸੰਗਤਿ ਤਿਸ ਬੀਚ ਬਿਠਾਵਹੁ।
ਧਰਹੁ ਭਾਉ ਉਰ ਟਹਿਲ ਕਮਾਵਹੁ।
ਜੋੜ ਕਰਹੁ ਸਤਿ ਸੰਗਤਿ ਕੇਰਾ।
ਗੁਰਬਾਣੀ ਮਨ ਰੁਚੋ[1] ਘਨੇਰਾ ॥੨੭॥
ਹੁਇ ਹੈ ਸੁਖ ਨਹਿਂ ਚੜ੍ਹਿ ਹੈ ਤਾਪ।
ਨਾਸ਼ ਹੋਇੰਗੇ ਸੰਗ ਸੰਤਾਪ।'
ਧਰਿ ਕਰਿ ਤ੍ਰਾਸ ਸਕਲ ਨੇ ਮਾਨੀ।
ਕਹੀ ਗੁਰੂ ਜਿਮ ਸਭਿ ਤਿਮ ਠਾਨੀ ॥੨੮॥
ਦਯਾ ਧਰਮ ਅਰੁ ਪਠਿਬੋ ਬਾਨੀ।
ਸਿੱਖੀ ਪਸਰੀ ਦੇਸ਼ ਮਹਾਨੀ।
ਪੁਨ ਸਿਰ੍ਹੰਦ ਕੇ ਸੂਬੇ ਜਾਨਿ।
ਗੁਰੂ ਟਿਕੇ ਤੇ ਦੁਖੀ ਮਹਾਨ ॥੨੯॥
ਲਿਖਜੋ ਪੱਤ੍ਰ ਨਿਜ ਜੋਰ ਜਨਾਯੋ।
ਡੱਲੇ ਕੇ ਸਮੀਪ ਪਹੁੰਚਾਯੋ।
ਗਯੋ ਦੁਰਗ ਮਹਿਂ ਲੇ ਕਰਿ ਸੋਈ।
ਸਤਿਗੁਰ ਕੋ ਸੁਧ ਤਿਸ ਕੀ ਹੋਈ ॥੩੦॥
ਏਕ ਸਿੱਖ ਕੋ ਤਬੈ ਪਠਾਯੋ[2]।
'ਗੁਪਤਿ ਰਹਹੁ ਸੁਨਿ ਕਹਾਂ ਪਠਾਯੋ।
ਸੁਨਿ ਕੈ ਡੱਲਾ ਤਬਿ ਕਜਾ ਕਹੈ।
ਨਹੀਂ ਡਰੈਂ, ਕੈ ਡਰਪਤਿ ਅਹੈ[3]' ॥੩੧॥
ਅੰਤਰ ਇਤ ਉਤ ਸਿਖ ਬਿਚਰੰਤਾ।
'ਡੱਲਾ ਕਾਗਦ ਤੁਰਤ ਸੁਨੰਤਾ।
'ਕਜੋਂ ਨਿਜ ਬੁਰਾ ਕਰਨਿ ਅਭਿਲਾਖਾ।
ਪਾਤਸ਼ਾਹੁ ਰਿਪੁ ਗੁਰ ਢਿਗ ਰਾਖਾ ॥੩੨॥

---
[1]ਪ੍ਰੀਤ ਕਰੋ।
[2]ਗੁਰੂ ਜੀ ਨੇ ਸਿੱਖ ਨੂੰ ਕਹਿਆ ਗੁਪਤ ਰਹੀਂ ਸੁਣੀਂ (ਵਜ਼ੀਰ ਖਾਂ ਨੇ ਕੀ ਕਹਿ) ਭੇਜਿਆ ਹੈ।
[3]ਯਾ ਡਰਦਾ ਹੈ।

ਅਬਿ ਭੀ ਕਰਜੋ ਜਿ ਚਹਿਂ ਭਲਿਆਈ*।
ਹਮ ਕੋ ਗੁਰੂ ਦਿਹੋ ਪਕਰਾਈ।
ਸੈਨ ਘਨੇਰੀ ਦੇਤਿ ਪਠਾਇ।
ਮਿਲਿ ਕਰਿ ਤਿਸ ਕੋ ਦੇਹੁ ਗਹਾਇ ॥੩੩॥
ਨਤੁ ਤੁਝ ਕੋ ਦੇਂ ਬਡੀ ਸਜਾਈ।
ਬਸਿਬੇ ਦੇਹਿਂ ਨਹੀਂ ਇਸ ਥਾਂਈ।
ਲੂਟਹਿਂ ਗ੍ਰਾਮ ਉਜਾਰਨ ਕਰੈ।
ਆਇ ਅਚਾਨਕ ਸਭਿ ਕੋ ਧਰੈਂ[੧]' ॥੩੪॥
ਸੁਨਿ ਡੱਲੇ ਉੱਤਰ ਲਿਖਵਾਯੋ।
'ਹਮ ਨਹਿਂ ਡਰਹਿਂ ਜਿ ਚਹਤਿ ਡਰਾਯੋ।
ਭੇਜਹਿਂ ਦਲ ਤਿਸ ਕੇ ਸੰਗ ਲਰੈਂ।
ਮਾਰਿ ਲੂਟ ਆਗੈ ਚਲਿ ਪਰੈਂ ॥੩੫॥
ਨਿਰਜਲ ਬਨ ਮਹਿਂ ਬਸ ਨਹਿਂ ਤੇਰੋ।
ਸਿਰ ਕੇ ਸਾਥ ਗੁਰੂ ਹੈ ਮੇਰੋ।
ਕਿਸ ਬਿਧਿ ਗਹੈਂ ਨ ਗਹਿਬੇ ਦੇਹਿਂ।
ਨਿਜ ਪ੍ਰਾਨਨਿ ਕੇ ਸੰਗ ਰਖੇਹਿਂ' ॥੩੬॥
ਇਮ ਉੱਤਰ ਡੱਲੇ ਲਿਖਵਾਯੋ।
ਸਮੁਖ ਵਜੀਦੇ ਤੁਰਤ ਪਠਾਯੋ।
ਸਗਰੀ ਬਾਤ ਦੁਹਨਿ ਦਿਸ਼ਿ ਕੇਰੀ।
ਸਿਖ ਨੇ ਸੁਨੀ ਭਲੇ ਤਿਸ ਬੇਰੀ ॥੩੭॥
ਸੋ ਸਤਿਗੁਰ ਢਿਗ ਆਨਿ ਸੁਨਾਈ।
ਸੁਨਿ ਕਰਿ ਖੁਸ਼ੀ ਭਏ ਸੁਖਦਾਈ।
ਕੇਤਿਕ ਦਿਵਸ ਬਿਤੀਤੇ ਔਰ।
ਸਤਿਗੁਰੂ ਬਾਸੇ ਤਿਸ ਹੀ ਠੌਰ ॥੩੮॥
ਸੰਗਤਿ ਦੂਰ ਦੂਰ ਤੇ ਆਵੈ।
ਪ੍ਰਭੁ ਕੇ ਪਾਇਨ ਸੀਸ ਝੁਕਾਵੈ।
ਅਰਪਹਿ ਅਨਿਕ ਅਕੋਰਨਿ ਲਜਾਇ।
ਮਨਹੁ ਕਾਮਨਾ ਅਪਨੀ ਪਾਇ ॥੩੯॥
*ਨਿਸ ਮਹਿਂ ਦਸ ਸਿੰਘਨਿ ਕੋ ਪਹਿਰਾ।

---

*ਅੱਗੇ ਬੀ ਅੰਸੂ ੨੨ ਦੇ ਅੰਤ ਬੀ ਵਜ਼ੀਦ ਖਾਂ ਡੱਲੇ ਤੋਂ ਮੰਗ ਕਰ ਚੁੱਕਾ ਹੈ।
[੧]ਫੜਾਂਗੇ।
*ਸਾਖੀ ਪੋ: ਦੀ ਸਾਖੀ ਹੈ।

ਪਲੰਘ ਨਿਕਟ ਜਾਗਹਿਂ ਨਿਤ ਠਹਿਰਾ।
[1]ਇਕ ਦਿਨ ਖੇਡਾ ਪਾਵਨ ਕੀਨਿ।
ਗਾਵਨ ਨਾਚਨ ਨਰ ਨਾਰੀਨ[1] ॥੪੦॥
ਸੋ ਸਿਖ ਆਪਸ ਮਹਿਂ ਇਮ ਕਹੈਂ।
'ਨਿੰਦ੍ਰਾ ਬਸੀ ਗੁਰੂ ਅਬਿ ਅਹੈਂ।
ਚਲਹੁ ਬਿਲੋਕਹਿਂ ਤਤਛਿਨ ਆਵੈਂ।
ਤਬਿ ਲੌਂ ਕਹਾਂ ਬਿਗਰ ਕੁਛ ਜਾਵੈ ॥੪੧॥
ਸਤਿਗੁਰ ਜਾਗਨਿ ਤੇ ਪਹਿਲਾਈ।
ਆਇ ਥਿਰੈਂਗੇ ਇਸ ਹੀ ਥਾਂਈ।'
ਇਮ ਕਹਿ ਕਰਿ ਸਿਖ ਪੰਚ ਪਧਾਰੇ।
ਪੰਚ ਨ ਗਏ ਥਿਰੇ ਡਰ ਧਾਰੇ ॥੪੨॥
ਖੇਡਾ ਕਰਜੋ ਬਿਲੋਕਨ ਜਬੈ।
ਡਰਤਿ ਪਰਸਪਰ ਬੋਲੇ ਤਬੈ।
'ਇਹਠਾਂ ਆਇ ਲਿਯੋ ਕਹੁ ਕਹਾਂ।
ਸ਼੍ਰੀ ਪ੍ਰਭੁ ਕੋਪ ਕਰਹਿਂਗੇ ਤਹਾਂ ॥੪੩॥
ਕਜੋਂ ਨਾਹਕ ਅਪਰਾਧੀ ਥੀਜੈ।
ਅਬਿ ਭੀ ਚਲਹੁ ਨ ਬਿਲਮ ਲਗੀਜੈ।'
ਇਮ ਬੋਲਤਿ ਤੂਰਨ ਹਟਿ ਆਏ।
ਤ੍ਰਾਸਤਿ ਖਰੇ ਭਏ ਨਿਜ ਥਾਂਏ ॥੪੪॥
-ਗੁਰ ਸੋਵਤਿ ਭੀ ਜਾਗਤਿ ਸਦਾ।
ਜਿਨ ਤੇ ਛਿਪ ਹੈ ਬਾਤ ਨ ਕਦਾ-।
ਗਏ ਹੁਤੇ ਸੋ ਡਰ ਧਰਿ ਥਿਰੇ।
ਜੇ ਨਹਿਂ ਗਏ ਅਫਸੋਸ ਸੁ ਧਰੇ ॥੪੫॥
-ਇਹ ਪਿਖਿ ਆਇ ਗਏ ਜਿਮ ਅਬੈ।
ਹਮ ਬੀ ਜਾਤਿ ਬਿਲੋਕਤਿ ਤਬੈ।
ਥਿਰੇ ਰਹੇ ਕਜਾ ਤੁਮ ਨੇ ਪਾਯੋ।
ਦਿਖਹਿਂ ਤਮਾਸ਼ਾ[2] ਬਾਦ ਗਵਾਯੋ ॥੪੬॥
ਗੁਰ ਤੌਂ ਸੁਪਤਿ ਰਹੇ ਅਬਿ ਤਾਂਈ-।
ਇਮ ਪੰਚਹੁੰ ਨਿਸ ਝੂਰਿ ਬਿਤਾਈ।

---

[1]ਇਕ ਦਿਨ ਆਦਮੀਆਂ ਤ੍ਰੀਮਤਾਂ ਨੇ ਗਾਵਣ ਨੱਚਣ ਦਾ ਅਖਾੜਾ ਰਚਿਆ [ਪੰ:-, ਖੇਡਾ ਪਾਵਨਾ=ਅਖਾੜਾ ਰਚਨਾ। ਤਮਾਸ਼ਾ ਕਰਨਾ]।
[2]ਤਮਾਸ਼ਾ ਦੇਖਣਾ।

ਭਈ ਪ੍ਰਾਤਿ ਨਿਜ ਡੇਰੇ ਗਏ।
ਸੌਚਿ ਸ਼ਨਾਨ ਗੁਰੂ ਤਨ ਕਏ ॥੪੭॥
ਲਗੇ ਦਿਵਾਨ ਸੁ ਸਕਲ ਬੁਲਾਏ।
ਬੂਝੇ 'ਨਿਸ ਮਹਿਂ ਕਹਾਂ ਸਿਧਾਏ?
ਕਿਮ ਕਿਮ ਆਪਸ ਮਹਿਂ ਤੁਮ ਭਾਖੀ?
ਕਹਹੁ ਸਾਚ, ਹਮ ਸਭਿ ਕੇ ਸਾਖੀ' ॥੪੮॥
ਦੁਹਾਂ ਧਿਰਾਂ[1] ਤਬਿ ਸਾਚ ਬਖਾਨੀ।
ਜਿਮ ਬੀਤੀ, ਜਿਮ ਭਾਖੀ ਬਾਨੀ[2]।
ਸ਼੍ਰੀ ਗੁਰ ਸੁਨਿ ਕਰਿ ਸਭਿਨਿ ਸੁਨਾਏ।
'ਨਿਕਟੇ ਦੂਰ ਦੂਰ ਨਿਕਟਾਏ[3] ॥੪੯॥
ਗਏ ਜੁ, ਤਿਨ ਕੋ ਮਨ ਹਮ ਪਾਹੀਂ[4]।
ਗਏ ਨ, ਤਿਨ ਮਨ ਖੇਡੇ ਮਾਹੀ।'
ਸੁਨਿ ਸਭਿ ਸਾਚ ਸਾਚ ਕਹਿ ਮਾਨੀ।
'ਧੰਨ ਧੰਨ ਸਤਿਗੁਰ ਗੁਨ ਖਾਨੀ[*]' ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

---

[1]ਦੋਹਾਂ ਧਿਰਾਂ ਭਾਵ ਜੋ ਗਏ ਸਨ ਖੇਡਾਂ ਦੇਖਨ ਤੇ ਜੋ ਨਹੀਂ ਸਨ ਗਏ।
[2]ਜਿਵੇਂ ਬਾਣੀ ਕਹੀ ਸੀ।
[3]ਜੋ (ਦੇਹ ਕਰ) ਨੇੜੇ ਸਨ (ਸੋ ਮਨ ਕਰ) ਦੂਰ ਸਨ (ਭਾਵ ਮਨ ਤਮਾਸੇ ਵਿਚ ਸੀ) ਜੋ ਦੂਰ (ਭਾਵ ਤਮਾਸ਼ੇ ਗਏ) ਸੋ ਮਨ ਕਰ ਨੇੜੇ ਸਨ (ਭਾਵ ਮਨ ਤਿਨ੍ਹਾਂ ਦਾ ਸਾਡੇ ਭੈ ਵਿਚ ਸੀ)।
[4]ਪਾਸ ਸੀ।
[*]ਮਨ ਦੀ ਸਮੀਪਤਾ ਦਾ ਅਸੂਲ ਸਮਝਾਇਆ ਹੈ। ਫਰਜ਼ ਤੋਂ ਉੱਕਣ ਦੀ ਵਡਿਆਈ ਨਹੀਂ ਕੀਤੀ। ਉੱਦਮ ਅਵਸਥਾ ਉਹੀ ਹੈ ਜੋ ਤਨ ਕਰਕੇ ਹਾਜ਼ਰ ਰਹਿਣ ਤੇ ਮਨ ਕਰਕੇ ਹਜ਼ੂਰੀ ਵਿਚ ਰਹਿਣ।

## ੨੭. [ਮੀਂਹ ਪਵਾਯਾ ਤੇ ਬੰਦ ਕਰਾਯਾ। ਭਾਈ ਝੂਲਣ ਸਿੰਘ]

੨੬<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੮

ਦੋਹਰਾ: ਸੋ ਬਰਖਾ ਕਰਿ ਘਨ ਗਏ,
ਖੇਤੀ ਲਈ ਪਕਾਇ।
ਕਿਤਿਕ ਮਾਸ ਬੀਤੇ ਬਹੁਰ,
ਬਾਰਿ ਬੂੰਦ ਨਹਿਂ ਪਾਇ ॥੧॥
ਚੌਪਈ: +ਗ੍ਰਾਮ ਨਿਕਟ ਕੇ ਸਰ ਸੁਸਕਾਨੇ।
ਪਸੂ ਮਨੁਖ ਜਹਿਂ ਪਾਨੀ ਪਾਨੇ[1]।
ਸ਼੍ਰੀ ਗੁਰ ਸੁਨਿ ਡੱਲੇ ਕੀ ਬਾਤ।
ਕਹੀ ਤੁਰਕ ਸੋਂ ਲਿਖਿ ਬੱਖਜਾਤ[2] ॥੨॥
'ਜੀਵਣ ਮਰਣ ਗੁਰੂ ਕੇ ਸੰਗ।
ਪਠਹਿਂ ਚਮੂੰ ਤਬਿ ਘਾਲਹਿਂ ਜੰਗ।'
ਇੱਤਜਾਦਿਕ ਜਬਿ ਸਿੰਘ ਸੁਨਾਈ।
ਅਧਿਕ ਪ੍ਰਸੰਨ ਭਏ ਗੋਸਾਈਂ ॥੩॥
ਜਬਿ ਡੱਲਾ ਗੁਰ ਢਿਗ ਚਲਿ ਆਯੋ।
ਬੈਠਿ ਗਯੋ ਪਗ ਸੀਸ ਨਿਵਾਯੋ।
ਭਏ ਪ੍ਰਸੰਨ ਕ੍ਰਿਪਾਲੁ ਬਖਾਨਾ।
'ਤੋ ਸੰਗ ਬੰਧਪ ਚਮੂੰ ਮਹਾਨਾ[3] ॥੪॥
ਰੋਜ ਗੁਰੂ ਸਰਕਾਰ ਜੁ ਬਰਤੇ[4]।
ਸਭਿ ਚਾਕਰ ਜਿਮ ਲੈਬੇ ਕਰਤੇ।
ਤਿਮ ਤੂੰ ਗਿਨਿ ਨਿਜ ਸੰਗ ਜਿਤੇਕ।
ਲੀਜਹਿ ਅਪਨੋ ਰੋਜ ਤਿਤੇਕ ॥੫॥
ਨਿਜ ਬੰਧਪ ਬੈਰਾੜਨਿ ਦੀਜੈ।
ਸਭਿ ਕੋ ਚਿਤ ਆਨਦ ਜੁਤਿ ਕੀਜੈ।
ਇਸ ਤੇ ਬਿਨਾਂ ਆਨ ਅਭਿਲਾਖਾ।
ਸੋ ਭੀ ਦੇਹਿਂ ਕਰਹੁ ਨਿਜ ਭਾਖਾ ॥੬॥
ਸੁਨਿ, ਡੱਲਾ ਬੈਰਾੜ ਉਦਾਰਾ!

---

+ਇਹ ਪ੍ਰਸੰਗ ਸਾਖੀ ਪੋਥੀ ਦਾ ਹੈ ਪਰ ਸੌ ਸਾਖੀ ਦੀ ੪੮ਵੀਂ ਸਾਖੀ ਵਿਚ ਬੀ ਆਯਾ ਹੈ। ਦੋਹਾਂ ਤੋਂ ਲੈਕੇ ਰਲਾਕੇ ਕਵੀ ਜੀ ਲਿਖ ਰਹੇ ਹਨ।

[1]ਪੀਂਦੇ ਸਨ।

[2]ਜੋ (ਡੱਲੇ ਨੇ) ਤੁਰਕ (ਸੂਬੇ) ਨੂੰ ਪ੍ਰਗਟ ਲਿਖਕੇ ਤੇ ਕਹਿਕੇ ਭੇਜੀ ਸੀ ਕਿ:-

[3]ਸਨਬੰਧੀਆਂ ਦੀ ਫੌਜ ਬਹੁਤ ਹੈ।

[4]ਜੋ ਗੁਰੂ ਦੀ ਸਰਕਾਰੋਂ ਰੋਜ਼ਾਨਾ ਵਰਤਦਾ ਹੈ।

ਤੁਝ ਪਰ ਰਿਦਾ ਪ੍ਰਸੰਨ ਹਮਾਰਾ।
ਧਰਹੁ ਕਾਮਨਾ, ਸੋ ਕਹਿ, ਦੇਈਂ[੧++]।
ਹਮ ਤੇ ਕਰਹੁ ਜਾਚਨਾ ਲੇਈ[*]' ॥੭॥
ਸੁਨਿ ਡੱਲੇ ਕਰ ਜੋਰਿ ਉਚਾਰੀ।
'ਪਾਤਸ਼ਾਹੁ ! ਚਹਿਯਤਿ ਅਬਿ ਬਾਰੀ[੨]।
ਪਸ਼ੁ ਪੰਛੀ ਮਾਨਵ ਸਮੁਦਾਯਾ।
ਬਿਨਾ ਨੀਰ ਤੇ ਹੁਇ ਬਿਕੁਲਾਯਾ ॥੮॥
ਜੇ ਪ੍ਰਸੰਨ ਬਰਖਾ ਦਿਹੁ ਅਬੈ।
ਟੋਭੇ ਪੁਰਹਿਂ ਲਹੈਂ ਸੁਖ ਸਬੈ।'
ਸੁਨਿ ਕਰਿ ਐਸੇ ਪ੍ਰਭੁ ਉਚਾਰਾ।
ਮੀਂਹੁ ਕਹਾ ਹਮ ਕਾਂਖ ਮਝਾਰਾ[੩] ॥੯॥
ਜਿਸ ਤੇ ਅਬਿ ਨਿਕਾਸ ਕਰਿ ਦੇਹਿਂ।
ਅਪਰ ਕਾਮਨਾ ਜਾਚਨ ਲੇਹਿ।'
ਇਮ ਕਹਿਂ ਸੁਨਿ ਹੋਏ ਸਭਿ ਮੌਨ।
ਕਿਤਿਕ ਸਮੇਂ ਥਿਰ, ਗਾ ਪੁਨ ਭੌਨ[੪] ॥੧੦॥
ਅਗਲੇ ਦਿਵਸ ਰੋਜ਼ ਬਰਤੰਤਾ।
ਚਾਕਰ ਗਨ ਗਿਨਿ ਗਿਨਿ ਸੁਲਹੰਤਾ।
ਤਬਿ ਡੱਲਾ ਬੰਦਨ ਹਿਤ ਆਯੋ।
ਬੈਠਤਿ ਪਗ ਪਰ ਸੀਸ ਨਿਵਾਯੋ ॥੧੧॥
ਕਰਿ ਕਰਿ ਲੇਖਾ ਸਭਿ ਚਿਤ ਚੇਤੇ।
ਆਵਤਿ ਜਾਤਿ ਲੇਤਿ ਇਕ ਦੇਤੇ।
ਤਿਨ ਦਿਸ਼ਿ ਦੇਖਤਿ ਪ੍ਰਭੂ ਬਖਾਨਾ।
'ਲਿਹੁ ਡੱਲਾ ਨਿਜ ਰੋਜ਼[੫] ਮਹਾਨਾ ॥੧੨॥
ਅਪਰ ਕਾਮਨਾ ਭੀ ਲਿਹੁ ਸੰਗ।
ਜਾਚ ਲੇਹੁ ਅਪਨੋ ਹਿਤ ਅੰਗ[੬] !'

---

[੧]ਉਹ ਕਹੁ (ਅਸੀਂ) ਦੇਵੀਏ।
[++]ਪਾ:-ਦਈਏ।
[*]ਪਾ:-ਲਈਏ।
[੨]ਪਾਣੀ
[੩]ਕੱਛ ਵਿਚ।
[੪]ਫਿਰ ਘਰ ਨੂੰ ਚਲਾ ਗਿਆ।
[੫]ਰੋਜ਼ੀਨਾ।
[੬]ਅਪਨੇ (ਤੇ ਆਪਣੇ) ਅੰਗਾਂ (ਸਾਕਾਂ) ਲਈ। (ਅ) ਹੇ ਪਿਆਰੇ !

ਸੁਨਿ ਡੱਲੇ ਕਰ ਜੋਰਿ ਉਚਾਰੀ।
'ਪਾਤਸ਼ਾਹੁ! ਦਿਹੁ ਬਰਖਾ ਬਾਰੀ ॥੧੩॥
ਪ੍ਰਾਨੀ ਹਰਖਹਿਂ ਜਿਸ ਤੇ ਸਾਰੇ।
ਇਸ ਤੇ ਅਪਰ ਨ ਚਾਹ ਉਦਾਰੇ।
ਖੁਸ਼ੀ ਆਪ ਕੀ ਸਭਿਹਿਨਿ ਊਪਰ।
ਘਨੀ ਦੇਹੁ ਬਰਖਾ ਅਬਿ ਭੂ ਪਰ' ॥੧੪॥
ਮੌਨ ਭਏ ਸੁਨਿ ਕੈ ਗੁਨ ਖਾਨੀ।
-ਸਭਿ ਚਾਹਤਿ, ਸਰ ਰਹ੍ਯੋ ਨ ਪਾਨੀ-।
ਤਬਿ ਉਠਿ ਗਮਨ੍ਯੋਂ ਡੱਲਾ ਘਰ ਕੋ।
ਨਿਤ ਹਰਖਾਇ ਸੇਵ ਕਰਿ ਗੁਰ ਕੋ ॥੧੫॥
ਸੋ ਦਿਨ ਜਾਮਨਿ ਬੀਤੇ ਜਬੈ।
ਦਰਸ ਕਰਨ ਆਯੋ ਪੁਨ ਤਬੈ।
ਬੈਠਿ ਗਯੋ ਗੁਰ ਕੇ ਚਿਤ ਆਯੋ।
ਜਥਾ ਤੁਰਕ ਸੋਂ ਲਿਖ੍ਯੋ ਪਠਾਯੋ[1] ॥੧੬॥
ਹੋਇ ਪ੍ਰਸੰਨ ਦਿਯੋ ਕੁਛ ਚਾਹਤਿ।
ਰੀਝ ਪਚਾਇ ਨ, ਦੇਤਿ ਉਮਾਹਤਿ[2]।
'ਡੱਲੇ ਬਿਰਾੜ! ਜਾਚ ਅਬਿ ਲੇਹੁ।
ਜੋ ਮੁਖ ਕਹੈਂ ਤਥਾ ਕਰਿ ਦੇਹੁਂ' ॥੧੭॥
'ਸ਼੍ਰੀ ਪ੍ਰਭੁ ਪਾਤਸ਼ਾਹੁ ਗੁਰ ਸਾਚੇ!
ਦਿਹੁ ਬਰਖਾ ਪ੍ਰਾਨੀ ਸਭਿ ਜਾਚੇ।'
ਸੁਨਤਿ ਪ੍ਰਸੰਨ ਕ੍ਰਿਪਾਲ ਮਹਾਨਾ।
ਸ਼੍ਰੀ ਮੁਖ ਤੇ ਮੁਸਕਾਇ ਬਖਾਨਾ ॥੧੮॥

ਬਚਨ: 'ਜੱਟ ਦਾ ਬੋਲ।
ਬਾਣੀਏ ਦੀ ਚੁੱਪ।
ਗੁਰੂ ਦਾ ਵਾਕ।
ਬ੍ਰਹਮਣ ਦਾ ਸਾਕ।'

ਚੌਪਈ: ਇਹ ਛੂਛੇ ਨਹਿਂ ਜਾਇਂ ਕਦਾਈਂ।
ਚਹੈਂ ਜੁ ਚਿਤ ਮਹਿਂ ਲੇਂ ਬਰਿਆਈ[3]।
ਜਟ ਪਿੰਨੇ ਤਾਂ ਕੰਧ ਥੀ ਘਿੰਨੇ[1]।

---

[1]ਜਿਵੇਂ ਲਿਖ ਭੇਜਿਆ ਸੀ (ਡੱਲੇ ਨੇ)।
[2](ਗੁਰੂ ਜੀ ਦੇਣ ਦੇ) ਉਮਾਹ ਨੂੰ ਪਚਾ ਜਾਣਾ ਨਹੀਂ ਚਾਹੁੰਦੇ (ਭਾਵ ਗੁੰਮ ਕਰਨਾ ਨਹੀਂ ਚਾਹੁੰਦੇ) ਤੇ ਦੇਣ ਨੂੰ ਉਮਲਦੇ ਹਨ।
[3]ਜੋਰੋ ਜੋਰੀ ਲੈ ਲੈਂਦੇ ਹਨ।

ਅਪਰ ਪਾਸ ਤੇ ਕਸੋਂ ਨਹਿਂ ਲਿੰਨੇ[2] ॥੧੯॥
ਜਾਹੁ ਡਲਾ ਅਬਿ ਬਿਲਮ ਨ ਲਾਉ।
ਟੋਭੇ ਸਭਿ ਹੀ ਸਾਫ ਕਰਾਉ।
ਬਰਖਾ ਦਈ ਅਧਿਕ ਅਧਿਕਾਤੇ।
ਬਾਰ ਬਾਰ ਤੈਂ ਜਾਚੀ ਜਾਂ ਤੇ' ॥੨੦॥
ਡੱਲਾ ਉਠਯੋ ਅਨੰਦਤਿ ਹੋਵਾ।
ਗੁਰੂ ਪ੍ਰਸੰਨ ਅਪਰ ਪਰ ਜੋਵਾ।
ਸੁਨਿ ਸੁਨਿ ਨਰ ਨਾਰੀ ਬਿਸਮਾਏ।
-ਘਨੇ ਆਇਂ ਘਨ, ਗੁਰ ਫੁਰਮਾਏ ॥੨੧॥
ਨਹਿਂ ਬਿਲੋਕੀਅਤ ਅਬਿ ਨਭ ਮਾਂਹੀ।
ਲਗੀ ਔੜ ਘਨ ਪੱਯਤਿ ਨਾਂਹੀ।
ਬਰਖਾ ਹੁਇ ਹੈ- ਹੇਰਨ ਹੇਤੁ।
ਨਰ ਨਾਰੀ ਬਿਸਮੰਤਿ ਸੁਚੇਤ ॥੨੨॥
ਢੋਲ ਬ੍ਰਿੰਦ ਇਕਠੇ ਕਰਿਵਾਏ।
ਤੀਰ ਤਾਲ ਕੇ ਜਾਇ ਬਜਾਏ।
ਸੁਨਿ ਸੁਨਿ ਮਾਨਵ ਅਏ ਪਲਾਈ।
ਤਾਲ ਸੁਧਾਰਹਿਂ ਚੌਂਪ ਉਠਾਈ ॥੨੩॥
ਤਿਹ ਛਿਨ ਚਲੀ ਪੌਣ ਪੁਰਵਾਈ[3]।
ਨਿਕਸੇ ਘਨ ਜਿਮ ਗਜ ਸਮੁਦਾਈ[4]।
ਘੁਮਡੀ ਘਟ ਘਰੀਕ ਮਹਿਂ ਘਨੀ[5]।
ਘੋਰ ਘੋਰ ਘਨ ਚਪਲਾ[6] ਸਨੀ ॥੨੪॥
ਬਡੀ ਬਡੀ ਬੂੰਦੈਂ ਬਹੁ ਪਰੀ।
ਬਰਸਨ ਲਗਯੋ ਅਧਿਕ ਝੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ।
ਊਚੇ ਥਲ ਤੇ ਨੰਮ੍ਰਿ ਢਰੰਤਾ ॥੨੫॥
ਧਾਇ ਧਾਇ ਨਰ ਧਾਮਨ ਬਰੇ।

---

[1]ਜੇ ਜੱਟ ਮੰਗੇ ਤਾਂ ਕੰਧ ਤੋਂ ਭੀ ਲੈ ਲੈਂਦਾ ਹੈ।
[2]ਹੋਰ ਪਾਸੋਂ ਭਲਾ ਕਿਉਂ ਨਾ ਲੈ ਲਵੇਗਾ।
ਭਾਵ ਇਹ ਕਿ ਜੱਟ ਮੰਗੇ ਤਾਂ ਫੇਰ ਮੁੜਦਾ ਨਹੀਂ।
[3]ਪੂਰੇ ਦੀ ਪੌਣ।
[4]ਜਿਵੇਂ ਹਾਥੀਆਂ ਦੇ ਝੁੰਡ।
[5]ਘੜੀ ਕੁ ਵਿਚ ਬਹੁਤੀਆਂ ਘਟਾ ਉਮਡ ਆਈਆਂ।
[6]ਬਿਜਲੀ।

ਬਾਰੀ[1] ਬਹੈ ਬਿਲੋਕਨ ਕਰੇਂ।
'ਧੰਨ ਗੁਰੂ, ਗੁਰ ਧੰਨ' ਬਖਾਨਹਿਂ।
'ਮਹਾਂ ਮੂਢ ਜੋ ਇਨਹੁਂ ਨ ਮਾਨਹਿਂ' ॥੨੬॥
ਤੀਨਹੁਂ ਦਿਨ ਸੁ ਤੀਨ ਹੀ ਜਾਮਨਿ।
ਬਰਖੀ ਘਟਾ ਦਮਕਤੀ ਦਾਮਨਿ।
ਅਸ ਇਕ ਬਾਰ ਪਰਜੋ ਬਹੁ ਬਾਰੀ।
ਬਜਾਕੁਲ ਹੋਇ ਪਰੇ ਨਰ ਨਾਰੀ ॥੨੭॥
ਖਾਨ ਪਾਨ ਭੂਲੀ ਸੁਧਿ ਨਾਨਾ।
ਬਿਦਰਤਿ ਸਦਨ ਸੁਧਾਰਤਿ ਠਾਨਾ[2]।
ਸਭਿ ਮਿਲਿ ਕਰਿ ਡੱਲੇ ਕਹੁ ਪ੍ਰੇਰੈਂ।
'ਬਿਨਤੀ ਕੀਜਹਿ ਗੁਰੂ ਅਗੇਰੈ ॥੨੮॥
-ਹਮਰੇ ਸੁਖ ਹਿਤ ਘਨ ਬਰਖਾਯੋ।
ਅਬਿ ਸਭਿ ਤ੍ਰਿਪਤੈ ਬਾਂਛਤਿ ਪਾਯੋ-।'
ਸੁਨਿ ਡੱਲਾ ਪਹੁਂਚਜੋ ਤਿਹ ਸਮੋ।
ਹਾਥ ਬੰਦਿ ਕਰਿ ਕੀਨਸਿ ਨਮੋ ॥੨੯॥
ਅਰਜ਼ ਗੁਜਾਰੀ: 'ਅਬਿ ਬਸ ਕਰੀਅਹਿ।
ਬਡੋ ਬਾਰਿ ਚਹੂੰ ਓਰ ਨਿਹਰੀਅਹਿ।
ਦਲ ਮਨਿੰਦ ਘਨ ਘਨੇ ਦਿਸਾਵਹਿਂ।
ਇਕ ਆਵਤਿ ਬਰਖਤਿ ਇਕ ਜਾਵਹਿਂ ॥੩੦॥
ਇਹ ਪ੍ਰਸੰਗ ਬਡ ਰਾਵਰ ਕੇਰਾ।
ਚਹੁਂਦਿਸ਼ਿ ਮਹਿਂ ਸਿਮਰਹਿਂ ਚਿਰ ਬੇਰਾ।
ਪੁਰਹ ਕਾਮਨਾ ਜਨ ਭਲ ਭਾਂਤੀ।
ਨਹਿਂ ਕੋ ਦੁਲਭ ਆਪ ਤੇ ਬਾਤੀ ॥੩੧॥
ਬ੍ਰਹਮਾਦਿਕ ਆਗਜਾ ਮਹਿਂ ਸਾਰੇ।
ਕਿਸ ਮਹਿਂ ਸ਼ਕਤਿ ਹੁਕਮ ਕੋ ਟਾਰੇ।'
ਸੁਨਿ ਪ੍ਰਭੁ ਕਹਜੋ: 'ਘਨਹੁਂ ਕੇ ਪਨਹੀ।
ਹਤਹੁ ਉਰਧ ਕੋ ਸਪਤ ਸੁ ਗਨ ਹੀ[3] ॥੩੨॥
ਹਟਿ ਜੈ ਹੈ ਬਰਖਾ ਤਤਕਾਲਾ।
ਅਪਨ ਸਹਿਤ ਕਰਿ ਸਭਿਨਿ ਸੁਖਾਲਾ।'

---
[1]ਜਲ।
[2] ਡਿੱਗੱਦੇ ਹਨ ਘਰ ਤੇ ਉਨ੍ਹਾਂ ਨੂੰ ਸੁਧਰਾਦੇ ਹਨ।
[3]ਗਿਣਕੇ ਸੱਤ ਜੁੱਤੀਆਂ ਉਪਰ ਦੀ ਦਿਸ਼ਾ ਵੱਲ ਮਾਰੋ ਬੱਦਲਾਂ ਨੂੰ।

ਸੁਨਿ ਡੱਲੇ ਉਠਿ ਕੀਨਸਿ ਤੈਸੇ।
ਘਟਾ ਫਟੀ ਘਨ ਗਮਨੇ ਗੈ ਸੇ[੧] ॥੩੩॥
ਗੁਰੂ ਬਾਕ ਕੀ ਸ਼ਕਤਿ ਬਿਲੋਕਿ।
ਬਿਗਸੇ[*] ਸ਼ਰਧਾਲੂ ਸਭਿ ਲੋਕ।
ਗੁਰ ਕੀ ਕੀਰਤਿ ਘਰਿ ਘਰ ਭਰੀ।
ਰਾਇਬੇਲ ਚੰਬੇਲੀ ਖਿਰੀ ॥੩੪॥
[+]ਇਕ ਝੂਲਣ ਸਿੰਘ ਨਾਮ ਫਿਰੰਤਾ।
ਹਾਥ ਦੁਤਾਰਾ ਰੁਚਿਰ ਬਜੰਤਾ।
ਮਾਤ ਸੁੰਦਰੀ ਕੀ ਸੁਨਿ ਦਾਸੀ।
ਸੁਨਿ ਕੈ ਕਹ੍ਯੋ ਬਾਕ ਤਿਸ ਪਾਸੀ ॥੩੫॥
'ਇਹ ਠਾਂ ਕਹਾਂ ਬਜਾਵਨ ਕਰੈਂ।
ਚਹੈਂ ਬਜਾਇ ਜਿ ਆਵਹੁ ਉਰੈ।'
ਸੁਨਿ ਝੂਲਣ ਸਿੰਘ ਬੂਝਤਿ ਅਹੈ।
'ਮਾਤਾ ਕਹੈਂ ਕਿਧੌਂ ਤੂੰ ਕਹੈਂ?' ॥੩੬॥
[੨]'ਮਾਤਾ ਕਹੈ ਨ, ਹੌਂ ਹੀ ਕਹੌਂ।
ਰਿਸ ਨ ਹੋਨ ਦਿਹੁਂ[੩], ਇਮ ਚਿਤ ਚਹੌਂ।'
ਸੁਨਿ ਝੂਲਣ ਸਿੰਘ ਤਹਾਂ ਪਧਾਰਾ।
ਸੁਰ ਕੋ ਕਰਤਿ ਬਜਾਇ ਦੁਤਾਰਾ ॥੩੭॥
ਸੁੰਦਰੀ ਸੋਂ ਦਾਸੀ ਕਹਿ ਦਈ।
'ਸਿੰਘ ਦੁਤਾਰਾ ਵਾਇਨ ਠਈ[੪]।'
ਬੂਝ੍ਯੋ ਮਾਤ 'ਸ਼ਬਦ ਕੋ ਗਾਵੈ[੫]?'
ਕਹ੍ਯੋ 'ਨ ਗਾਵੈ, ਇਮਹੁਂ ਬਜਾਵੈ[੬]' ॥੩੮॥
ਕੇਤਿਕ ਚਿਰ ਤਹਿਂ ਬੈਠਿ ਬਜਾਯੋ।
ਉਠਿ ਝੂਲਣ ਸਿੰਘ ਬਹੁਰ ਸਿਧਾਯੋ।
ਗੁਰੂ ਅਖੇਰ ਗਏ ਤਿਸ ਕਾਲਾ।

---

[੧]ਹਾਥੀਆਂ ਵਰਗੇ ਬੱਦਲ ਚਲੇ ਗਏ। (ਅ) ਅਕਾਸ਼ ਵਿਚੋਂ ਚਲੇ ਗਏ।
[*]ਪਾ:-ਬਿਸਮੇ।
[+]ਸਾਖੀ ਪੋਥੀ ਦਾ ਪ੍ਰਸੰਗ ਹੈ।
[੨]ਦਾਸੀ ਬੋਲੀ।
[੩](ਮਾਤਾ ਜੀ ਨੂੰ) ਗੁੱਸੇ ਨਾਂ ਹੋਣ ਦਿਆਂਗੀ।
[੪]ਵਜਾਵਣਾਂ ਕਰਦਾ ਹੈ।
[੫]ਕਿਹੜਾ ਸ਼ਬਦ ਗਾਏਗਾ?
[੬]ਐਵੇਂ ਵਜਾਉਂਦਾ ਹੀ ਹੈ।

ਆਏ ਸੰਧਜਾ ਪਰੀ ਕ੍ਰਿਪਾਲਾ ॥੩੯॥
ਝੂਲਣ ਸਿੰਘ ਮਨ ਬਿਖੈ ਬਿਚਾਰੀ।
ਗ਼ੈਰਤ ਅਧਿਕ ਰਿਦੇ ਮਹਿਂ ਧਾਰੀ[++]।
-ਮੁਝ ਤੇ ਮਨਮਤਿ ਭੀ ਅਧਿਕਾਈ।
ਜੇ ਹੁਇ ਮਮ ਭਗਨੀ ਕੈ ਮਾਈ ॥੪੦॥
ਤਹਾਂ ਕਹਾਂ ਮੈਂ ਏਵ ਬਜਾਵੌਂ।
ਤਬਿ ਤੌਂ ਲਾਜ ਧਰੋਂ ਹਟਿ ਜਾਵੌਂ-।
ਬਹੁ ਦੁਖ ਪਾਇ ਅਧਿਕ ਪਛੁਤਾਯੋ।
ਕਯੋਂ ਗੁਰ ਮਹਿਲਾਂ ਨਿਕਟ ਬਜਾਯੋ ॥੪੧॥
ਲੇ ਤੀਖਨ ਤਬਿ ਕਰਦ ਚਲਾਈ।
ਕਾਟਿ ਲਿੰਗ ਕੋ ਦਯੋ ਬਗਾਈ।
ਨੇਮ ਕਰਯੋ ਬੋਲਨ ਕੋ ਤਬੈ।
ਧਾਰੀ ਮੌਨ ਆਰਬਲ ਸਬੈ ॥੪੨॥
ਸਿੰਘਨ ਹਾਲ ਦੇਖਿ ਤਿਸ ਕੇਰਾ।
ਕਰਯੋ ਸੁਨਾਵਨ ਸਗਰੋ ਝੇਰਾ।
'ਪ੍ਰਭੁ ਜੀ! ਮੌਨ ਧਰੇ ਥਿਰ ਭਯੋ।
ਸ਼੍ਰੋਣਤਿ ਬਹਯੋ ਸ਼ਿਸ਼ੁਨ[1] ਕਟਿ ਦਯੋ' ॥੪੩॥
ਗੁਰ ਕਹਿ 'ਕਹਾਂ ਭਯੋ ਇਮ ਕੀਨਿ?
ਮਨ ਕੀ ਹਬਸ ਹੋਇ ਨਹਿਂ ਹੀਨ।'
ਕੇਤਿਕ ਚਿਰ ਮਹਿਂ ਘਾਵ ਅਛੇਰਾ।
ਬਸਯੋ ਜਾਇ ਪਿਖਿ ਥਾਨ ਚੰਗੇਰਾ ॥੪੪॥
ਚੱਕ੍ਰ ਬੈਠਿਬੇ ਥਲ[2] ਥੋ ਸੋਇ।
ਰਹਯੋ ਇਕਾਕੀ ਇਕ ਮਨ ਹੋਇ।
ਨਿਕਟ ਗ੍ਰਾਮ ਜੋ ਸੇਵਾ ਕਰੈ।
ਖਾਨ ਪਾਨ ਆਨਹਿ ਢਿਗ ਧਰੈ ॥੪੫॥
ਤਿਸੀ ਗ੍ਰਾਮ ਕੀ ਮਹਿਖੀ ਧੇਨੁ।
ਚਾਰਨ ਚਲੇ ਹਟਾਵੈ ਸੈਨ[3]।
ਮਾਰਿ ਲਸ਼ਟਕਾ ਕਰੈ ਪਿਛਾਰੀ[1]।

---

[++]ਝੂਲਣ ਸਿੰਘ ਨੇ ਗਾਵਿਆਂ ਕੁਛ ਨਹੀਂ ਸਿਰਫ ਸਾਜ਼ ਬਜਾਇਆ ਮਾਤ੍ਰ ਹੈ ਤੇ ਫਿਰ ਸ਼ਰਮ ਖਾ ਰਿਹਾ ਹੈ ਕਿ ਮੈਂ ਬਜਾਇਆ ਬੀ ਕਿਉਂ, ਬਜਾਉਣ ਦੇ ਨਾਲ ਸ਼ਬਦ ਗਾਉਣਾ ਸੀ।

[1]ਇੰਦ੍ਰੀ।

[2]ਗੋਲਾਕਾਰ ਬੈਠਣ ਦੀ ਥਾਂ।

[3]ਸੈਨਤ ਨਾਲ ਹਟਾਈਓ ਸੁ ਕਿ ਚਾਰਨ ਨਾ ਜਾਓ।

-ਕਹਾਂ ਕਰੈ ਇਹ? -ਨਰਨ ਬਿਚਾਰੀ ॥੪੬॥
ਆਸ਼ੈ ਸਮਝ੍ਯੋ ਗਯੋ ਨ ਕੋਈ।
ਗਏ ਚੁਗਾਵਨਿ ਕੋ ਪੁਨ ਸੋਈ।
ਲੂਟੀ ਆਨਿ ਕਟਕ ਨੇ ਜਬੈ।
ਲਖ੍ਯੋ ਅਕੂਯਾ ਇਮ ਕਹਿ ਤਬੈ[2] ॥੪੭॥
ਸਭਿ ਨਰ ਮਿਲਿ ਕੈ ਤਬਿ ਚਲਿ ਆਏ।
ਬੰਦਹਿੰ ਪਾਇਨ ਸੋਂ ਲਪਟਾਏ।
ਤਬਿ ਜੁਗ ਹਾਥਨ ਪੇਟ ਬਜਾਯੋ[3]।
-ਚਢਹੁ ਫਤੇ ਹੁਇ- ਤਿਨਹੁਂ ਜਨਾਯੋ ॥੪੮॥
ਆਸ਼ੈ ਸਮਝਿ ਗਏ ਨਰ ਧਾਇ।
ਲਰੇ ਜਾਇ ਲਿਯ ਮਾਲ ਛੁਡਾਇ।
ਨਾਮ 'ਅਕੂਆ' ਸਭਿ ਹੀ ਕਹੈਂ।
ਸੇਵਾ ਸ਼ਰਧਾ ਕਰਤੇ ਰਹੈਂ ॥੪੯॥
ਨਈ ਜੁ ਬਧੂ ਬਜਾਹ ਲੇ ਆਇ।
ਤਬਿ ਇਹ ਦੇਖਨ ਤਿਸ ਕੋ ਜਾਇ।
ਗੁਰ ਕੋ ਬਾਕ -ਹਬਸ ਨਹਿਂ ਮਿਟੈ-।
ਸੋ ਤਬਿ ਰਹੀ, ਨ ਕਯੋਂਹੂੰ ਹਟੈ ॥੫੦॥
ਪੂਰਨ ਸਿੱਖੀ ਮਹਿਂ ਬਹੁ ਭਯੋ।
ਅਬਿ ਲੌ ਤਿਸ ਕੋ ਥਾਨ ਪੁਜਯੋ।
ਜਨ ਕੀ ਪੁਰੀ[4] ਕਾਮਨਾ ਘਨੀ।
ਇਸ ਪ੍ਰਕਾਰ ਤਿਹ ਸਾਖੀ ਸੁਨੀ[*] ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਝੂਲਣ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੨੭॥

---

[1]ਲਾਠੀ ਮਾਰਕੇ ਪਿਛੇ ਨੂੰ ਮੋੜਦਾ ਹੈ।
[2]ਤਦੋਂ ਜਾਣਿਆਂ ਕਿ ਅਕੂਯਾ ਇਉਂ ਕਹਿੰਦਾ ਸੀ (ਅੱਗੇ ਨਾ ਜਾਓ ਲੁੱਟੇ ਜਾਓਗੇ) [ਅਕੂਯਾ=ਜੋ ਨਾ ਬੋਲੇ।
[3]ਭਾਵ ਪੇਟ ਬਜਾਕੇ ਦੱਸਿਆ ਕਿ।
[4]ਲੋਗਾਂ ਦੀ ਪੂਰਨ ਕੀਤੀ।
[*]ਇਹ ਸਾਖੀ ਹੋਰ ਕਿਸੇ ਗ੍ਰੰਥ ਵਿਚ ਨਹੀਂ। ਕਵੀ ਜੀ ਲਿਖਦੇ ਹਨ ਕਿ ਅਸਾਂ ਇਹੀ ਸਾਖੀ ਸੁਣੀ ਹੈ। ਪਰ ਇਕ ਲਿਖਤੀ 'ਸਾਖੀ ਪੋਥੀ' ਵਿਚ ਇਹ ਸਾਖੀ ਹੈ। ਕਵੀ ਜੀ ਪਾਸ ਬੀ 'ਇਹ ਸਾਖੀ ਪੋਥੀ' ਹੈਗੀ ਸੀ। ਇਸ ਤੋਂ ਪੱਕਾ ਸ਼ੱਕ ਪੈਂਦਾ ਹੈ ਕਿ ਕਵੀ ਜੀ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਨਹੀਂ ਹੋਣੀ, ਨਹੀਂ ਤਾਂ ਆਪ ਇਹ ਨਾ ਲਿਖਦੇ ਕਿ ਮੈਂ ਇਸ ਪ੍ਰਕਾਰ ਦੀ ਸਾਖੀ ਸੁਣੀ ਹੈ। ਇਸ ਤੋਂ ਇਹ ਬੀ ਸੰਭਾਵਨਾ ਹੁੰਦੀ ਹੈ ਕਿ ਹੁਣ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਮਗਰੋਂ ਚਾੜ੍ਹੀ ਗਈ ਹੈ ਤੇ ਕਵੀ ਜੀ ਵਾਂਙੂ ਕਿਸੇ ਨੇ ਸੁਣੀ ਸੁਣਾਈ ਗੱਲ ਚਾੜ੍ਹ ਦਿੱਤੀ ਹੈ। ਇਸ ਲਈ ਵਿਸ਼ੇਸ਼ ਖੋਜ ਦੀ ਲੋੜ ਹੈ। ਖਾਸ ਕਰ ਇਸ ਗੱਲ ਦੀ ਕਿ ਇਹ ਸੱਜਣ ਦਸਮੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਮਗਰੋਂ ਹੋਇਆ ਹੈ ਤੇ ਇਸ ਦੇ ਮੋਨੀ ਹੋਣ ਦਾ ਕਾਰਨ ਇਹ ਨਹੀਂ, ਕੁਛ ਹੋਰ ਹੈ।

## ੨੮. [ਸੰਗਤ ਨੂੰ ਜੰਗ ਸਿਖਾਇਆ। ਡੱਲੇ ਨੂੰ ਅੰਮ੍ਰਿਤ ਛਕਾਉਣਾ]

੨੭<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੨੯

ਦੋਹਰਾ: [*]ਸੁਧ ਸੁਨਿ ਕਰਿ ਕਿਸ ਨਿਕਟ ਤੇ, ਸਿੰਘਨ ਕਹ੍ਯੋ ਸੁਨਾਇ।
'ਜ਼ੇਰਦਸਤ ਲਵਪੁਰੀ ਕੋ, ਸੂਬਾ ਬਹੁ ਦੁਖਦਾਇ ॥੧॥

ਚੌਪਈ: ਸੰਗਤਿ ਛੀਨ ਲਈ ਇਤ ਆਵਤਿ।
ਤਜਹਿ ਨ ਨਾਮ ਗੁਰੂ ਸੁਨ ਪਾਵਤਿ[੧]।'
ਇਕ ਦਿਨ ਫੇਰ ਦਈ ਸੁਧ ਕਾਹੂ[੨]।
'ਸੂਬਾ ਜੋ ਸਿਰ੍ਹੰਦ ਕੇ ਮਾਂਹੂ ॥੨॥
ਤਿਨ ਭੀ ਸੰਗਤਿ ਲੀਨਸਿ ਛੀਨ।
ਮੂਢ ਕੁਤਸਤ[੩] ਕਾਜ ਕੋ ਕੀਨ।'
ਸੁਨਿ ਗੁਰ ਬੋਲੇ ਧਰਿ ਕੈ ਰੋਸਾ।
'-ਸੂਬੇ ਕੋ ਸੰਗਤਿ ਨੇ ਖੋਸਾ- ॥੩॥
ਇਸ ਬਿਧਿ ਆਨਿ ਕਹਤਿ ਨਹਿਂ ਕੋਊ।
-ਸੰਗਤਿ ਛੀਨੀ- ਭਾਖਤਿ ਸੋਊ।
ਪੁਨ ਸਭਿਹਿਨਿ ਕੋ ਕਹ੍ਯੋ ਸੁਨਾਇ।
'ਸਾਚ ਕਹੈਂ ਸਿਖ ਜੁਤਿ ਸਮੁਦਾਇ[੪] ॥੪॥
ਬੀਤੀ ਨੌ ਸਤਿਗੁਰ ਪਤਿਸ਼ਾਹੀ।
ਰਣ ਉਪਦੇਸ਼ਯੋ ਸੰਗਤਿ ਨਾਂਹੀ[+]।
ਸੇਵਾ ਕਰਨੀ ਭਾਉ ਬਿਸਾਲਾ।
ਜਪਹੁ ਨਾਮ ਪਕਰਾਈ ਮਾਲਾ ॥੫॥
ਅਬਿ ਮੈਂ ਚੰਡੀ ਪਾਠ ਪਠਾਵੌਂ[੫]।
ਸਿੰਘ ਨਾਮ ਧਰਿ ਸ਼ਸਤ੍ਰ ਗਹਾਵੌਂ।
ਲਘੁ ਚਿਰੀਅਨ ਤੇ ਬਾਜ ਤੁਰਾਵੌਂ।

---

[*]ਸਾਖੀ ਪੋਥੀ ਦੀ ਸਾਖੀ ਹੈ।
[੧]ਗੁਰੂ ਦਾ ਨਾਮ ਸੁਣਕੇ।
[੨]ਖਬਰ ਦਿੱਤੀ ਕਿਸੇ ਨੇ।
[੩]ਖੋਟਾ।
[੪]ਸਾਰੇ ਸਿਖਾਂ ਜੋਗ ਸੱਚ ਕਹਿੰਦੇ ਹਾਂ।
[+]ਇਸ ਵਿਚ ਨੌਂ ਪਾਤਸ਼ਾਹੀਆਂ ਦੀ ਨਿਊਨਤਾ ਨਹੀਂ ਕਹੀ ਪਰ ਉਹਨਾਂ ਦੀ ਭਗਤੀ ਦੱਸਕੇ ਆਪਣਾ ਉਸ ਦੀ ਰੱਖਯਾ ਲਈ ਬੀਰ ਰਸ ਸ਼ਾਮਲ ਕਰਨਾ ਦਿਖਾਇਆ ਹੈ। ਫਿਰ ਸੰਸਾ ਇਹ ਬੀ ਉਪਜਦਾ ਹੈ ਕਿ ਠੀਕ ਇਹੋ ਵਾਕ ਗੁਰੂ ਜੀ ਨੇ ਨਹੀਂ ਕਹੇ ਹੋਣੇ, ਕਿਉਂਕਿ ਛੇਵੇਂ ਗੁਰਾਂ ਨੇ ਬੀਰ ਰਸੀ ਵਿਦ੍ਯਾ ਸਿਖਾਈ, ਸੱਤਵੇਂ ਗੁਰੂ ਜੀ ਨੇ ਫੌਜ ਰੱਖੀ, ਅੱਠਵੇਂ ਸਤਿਗੁਰਾਂ ਪਾਸ ਬੀ ਫੌਜ ਸੀ ਚਾਹੋ ਥੋੜੀ ਸੀ, ਨਾਵੇਂ ਪਾਤਸ਼ਾਹ ਵੇਲੇ ਵੀ ਕੁਛ ਸੂਰਮੇ ਪਾਸ ਸੇ। ਇਸ ਹਾਲਤ ਵਿਚ 'ਨੌਂ ਪਾਤਸ਼ਾਹੀਆਂ ਸ਼ਸਤ੍ਰ ਨਹੀਂ ਫੜਾਏ, ਕੀਕੂੰ ਕਹਿੰਦੇ?
[੫]ਭਾਵ ਜੰਗ ਕਰਨਾ, ਬੀਰ ਰਸ ਵਿਚ ਉਮਾਹਿਤ ਹੋਣਾ।

ਮਰਦ ਮਿਲਾਇ ਗਰਦ ਦਿਖਰਾਵੌਂ[1] ॥੬॥
ਖੰਡੇ ਕੀ ਪਾਹੁਲ ਜੋ ਲੇਇ।
ਸਿੰਘ ਨਾਮ ਧਰਿਵਾਵੈ ਜੇਇ।
ਸੋ ਸ਼ਸਤ੍ਰਨਿ ਤੇ ਛੂਛ ਨ ਰਹੈ।
ਬਹੁ ਅੱਭਜਾਸ ਨਿਤਾਪ੍ਰਤਿ ਗਹੈ ॥੭॥
ਕੇਸਨ ਕੋ ਬਹੁ ਅਦਬ ਰਖੀਜੈ।
ਮੇਰੀ ਸਿਰ ਪਰ ਛਾਪ ਲਖੀਜੈ।'
ਪੁਨ ਡੱਲੇ ਸਨ ਹੁਕਮ ਬਖਾਨਾ।
'ਗਹਿ ਗਹਿ ਲਾਠੀ ਬਹੁ ਨਰ ਪਾਨਾ[2] ॥੮॥
ਹੇਤੁ ਛੀਨਿਬੇ ਸੰਗਤਿ ਜਾਵਹੁ।
ਲੇਹੁ ਵਸਤੁ ਸੋ ਨਹੀਂ ਗਵਾਵਹੁ।
ਅਬਿ ਸੰਗ੍ਰਾਮ ਕਰਨਿ ਸਿਖਰਾਵੈਂ।
ਇਨ ਤੇ ਹੀ ਤੁਰਕਨਿ ਮਰਿਵਾਵੈਂ' ॥੯॥
ਉਤ ਕਹਿ ਪਠਜੋ ਸੰਗਤਾਂ ਮਾਂਹੀ।
'ਇਹ ਬੈਰਾੜ ਹੁਕਮ ਮੈਂ ਨਾਂਹੀ।
ਪਾਹੁਨਚਾਰੀ ਥਿਰ[++] ਇਸ ਥਾਨਾ[3]।
ਆਵਹੁ ਅੱਗ੍ਰ ਬਨਹੁ ਸਵਧਾਨਾ ॥੧੦॥
ਵਸਤੂ ਨਹੀਂ ਖੁਸਾਵਨਿ ਕਰੀਏ।
ਪੁਰਸ਼ਾਰਥ ਅਪਨੇ ਮਹਿਂ ਧਰੀਏ।'
ਇਤ ਤੇ ਡੱਲਾ ਲੇ ਨਰ ਘਨੇ।
ਉਤ ਸੁਚੇਤ ਕਸ ਕਟਿ ਸਿਖ ਬਨੇ ॥੧੧॥
ਬਯੋ ਭੇਰ ਦੁਹੂਅਨਿ ਦਿਸ਼ਿ ਕੇਰਾ।
ਪਰਜੋ ਰੌਰ ਇਕ ਬਾਰਿ ਬਡੇਰਾ।
ਊਚੇ ਥਲ ਸਤਿਗੁਰ ਤਬਿ ਥਿਰੇ।
ਦੇਖਿ ਦੇਖਿ ਬਿਕਸੈਂ ਮੁਦ ਭਰੇ ॥੧੨॥
ਇਹ ਖੋਸਤਿ ਓਹ ਨਹੀਂ ਖੁਸਾਵੈਂ।
ਹੇਲ ਕਰਹਿਂ ਇਕ ਝੇਲਤਿ ਜਾਵੈਂ[4]।
ਸ਼ਸਤ੍ਰਨਿ ਮਾਰਹਿਂ ਦੋਨਹੁਂ ਦਿਸ਼ਿ ਮਹਿਂ।

---

[1]ਸੂਰਮਿਆਂ ਨੂੰ ਮਿੱਟੀ ਵਿਚ ਮਿਲਾ ਦਿਖਾਵਾਂਗਾ।
[2]ਹੱਥਾਂ ਵਿਚ।
[++]ਪਾ:-ਨਹਿਂ।
[3](ਅਸੀਂ) ਇਥੇ ਪ੍ਰਾਹੁਣੇ ਟਿਕੇ ਹੋਏ ਹਾਂ।
[4]ਇਕ ਹੱਲਾ ਕਰਦੇ ਹਨ ਇਕ ਹੱਲਾ ਝੱਲੀ ਜਾਂਦੇ ਹਨ।

ਬਲ ਕੋ ਕਰਤਿ ਭਿਰਤਿ ਆਪਸ ਮਹਿਂ ॥੧੩॥
ਥਿਰੇ ਨਿਕਟ ਤਿਨ ਗੁਰੂ ਸੁਨਾਵੈਂ।
'ਇਮ ਤੁਰਕਾਨਿ ਸਨ ਜੰਗ ਮਚਾਵੈਂ।
ਮਾਰਨ ਮਰਨ ਹਜ਼ਾਰਨ ਹੋਇ।
ਰਾਜ ਲੇਹਿਂ ਸਿੰਘ ਬਨਿ ਸਭਿ ਕੋਇ' ॥੧੪॥
ਭਿਰਤਿ ਇਸੀ ਬਿਧਿ ਸੰਗਤਿ ਆਈ।
ਗੁਰ ਪਦ ਕਮਲਨ ਸੀਸ ਝੁਕਾਈ।
ਅੱਸ੍ਵਾਸਨ[1] ਕਰਿ ਬਹੁਰ ਬਖਾਨਾ।
'ਇਮ ਸ਼ੱਤ੍ਰੁਨਿ ਸਨ ਬਨਿ ਸਵਧਾਨਾ ॥੧੫॥
ਸ਼ਸਤ੍ਰਨ ਗਹਿ ਸੰਘਾਰਨ ਕਰੀਏ।
ਅਪਨਾ ਆਪ ਉਬਾਰਨ ਧਰੀਏ।'
*ਪੁਨ ਸਤਿਗੁਰ ਕਰਿਵਾਇ ਕਰਾਹੂ।
ਇਕ ਦਿਸ਼ਿ ਸਭਿ ਧਰਿਵਾਯਹੁ ਤਾਂਹੂ ॥੧੬॥
ਹੁਕਮ ਕਰਜੋ 'ਲੂਟਹੁ ਸਭਿ ਜਾਈ।'
ਸੁਨਿ ਕਰਿ ਪਰਜੋ ਖਾਲਸਾ ਧਾਈ।
ਬਲ ਕੋ ਕਰੈਂ ਧਕੇਲਨਿ ਤਬੈ।
ਅਧਿਕ ਤਿਹਾਵਲ ਲੂਟਤਿ ਸਬੈ ॥੧੭॥
ਫੇਰ ਕਰਾਯੋ ਫੇਰ ਲੁਟਾਯੋ।
ਕਿਤਿਕ ਰਹੇ ਥਿਰ ਹਾਥ ਨ ਲਾਯੋ।
ਸ਼੍ਰੀ ਮੁਖ ਬੂਝਜੋ 'ਲੁਟਜੋ ਨ ਕੈਸੇ ?
ਹਮਰੇ ਨਿਕਟ ਰਹੇ ਤੁਮ ਬੈਸੇ' ॥੧੮॥
ਹਾਥ ਜੋਰਿ ਤਿਨ ਬਿਨੈ ਬਖਾਨੀ।
ਬੰਟੇ ਤੇ ਜੋ ਪ੍ਰਾਪਤਿ ਪਾਨੀ।
ਸੋ ਹਮ ਖੈ ਹੈਂ ਲੋਭ ਨ ਧਾਰਹਿਂ।'
ਸੁਨਿ ਸ਼੍ਰੀ ਮੁਖ ਤੇ ਗੁਰੂ ਉਚਾਰਹਿਂ ॥੧੯॥
'ਧੰਨ ਖਾਲਸਾ ਹ੍ਵੈ ਬਿਧਿ ਦੋਇ।
ਸਤਿ ਸੰਤੋਖੀ ਬੀ ਬਹੁ ਹੋਇ।
ਬਹੁਤ ਲੁਟੇਰੇ ਭੀ ਬਿਚ ਬਨੈਂ।
ਥਿਰੈਂ ਅਨਿਕ ਭੀ ਸਿੱਖੀ ਸਨੈ' ॥੨੦॥
ਪੁਨ ਅੰਮ੍ਰਿਤ ਕੇ ਕਰੈਂ ਕਰਾਹੇ।

---

[1]ਧੀਰਜ ਦੇ ਕੇ।
*ਸਾਖੀ ਪੋਥੀ ਦੀ ਸਾਖੀ ਹੈ।

ਦੇਤਿ ਪ੍ਰਵਾਹੁ ਸਰੋਵਰ ਮਾਂਹੇ।
ਤਬਿ ਸਿੰਘਨ ਕਰ ਜੋਰਿ ਸੁ ਬੂਝੈਂ।
'ਪ੍ਰਭੁ ਜੀ! ਕਾਰਨ ਕੌਨ ਅਰੂੰਝੈਂ? ॥੨੧॥
ਨਿਤ ਪ੍ਰਤਿ ਅੰਮ੍ਰਿਤ ਕਰਿ ਕਰਿ ਗੇਰੋ।
ਕਾਰਨ ਕੌਨ ਆਪ ਨੇ ਹੇਰੋ?'
ਤਬਿ ਸਤਿਗੁਰ ਸਭਿ ਸਾਥ ਬਖਾਨੀ।
'ਇਹਾਂ ਖਾਲਸਾ ਸੁੰਮਣਵਾਨੀ[੧] ॥੨੨॥
ਉਪਜਹਿਂ ਪੁੰਜ ਸਿੰਘ ਇਸ ਥਾਂਈ।'
ਪੁਨ ਬਹੁ ਲਿਖਣਾ ਘੜਹਿਂ ਗੁਸਾਈਂ।
ਕਰਿ ਕਰਿ ਧਰਹਿਂ ਤਜਾਰ ਬਹੁ ਬਾਰੀ।
ਬੂਝੇ ਤੇ ਸ਼੍ਰੀ ਪ੍ਰਭੂ ਉਚਾਰੀ ॥੨੩॥
'ਹੋਇ ਦਮਦਮਾ ਗੁਰ ਕੀ ਕਾਸ਼ੀ।
ਲੇਖਕ ਬਨਹਿਂ ਪਢਹਿਂ ਸਿਖ ਰਾਸੀ[*]।'
ਇਕ ਦਿਨ ਚਢਿ ਅਖੇਰ ਕੋ ਗਏ।
ਕੋਸ ਅਸ਼ਟ ਇਕ[੨] ਉਤਰਤਿ ਭਏ ॥੨੪॥
ਤਹਾਂ ਸਿੰਸਪਾ[੩] ਖਰੀ ਬਡੇਰੇ।
ਹਾਥ ਪੰਚ ਦਸ ਫੇਰ ਘਨੇਰੇ[੪]।
ਰਾਹਕ ਮਉੜ ਤਬਹਿ ਚਲਿ ਗਏ।
ਦੁਗਧ ਘਟੇ ਭਰਿ ਲਜਾਵਤਿ ਭਏ ॥੨੫॥
ਸਭਿ ਕੋ ਪਜਾਇ ਖੁਸ਼ੀ ਲੇ ਘਨੀ[+]।
'ਵਧਹੁ ਬੰਸ ਹੁਇ ਸਿੰਘ ਸੁ ਬਨੀ[++]।'
ਬਹੁਰ ਪ੍ਰਭੂ ਡੇਰੇ ਚਲਿ ਆਏ।
ਉਤਰਿ ਆਪਨੇ ਥਾਨ ਸੁਹਾਏ ॥੨੬॥
[¶]ਕਬਿ ਕਬਿ ਥਿਰਹਿਂ ਗੁਰੂ ਸਰ ਜਾਵੈਂ।
ਗਨ ਸੰਗਤਿ ਤੇ ਕਾਰ ਕਢਾਵੈਂ।

---

[੧](ਜਲ ਦੇ) ਸੋਮੇਂ ਵਾਂਙ (ਖਾਲਸਾ ਪ੍ਰਗਟ ਹੋਕੇ) ਵੱਸੇਗਾ (ਥੋੜੇ ਚਿਰ ਬਾਦ ਮਾਲਵਾ ਸਾਰਾ ਲਗ ਪਗ ਸਿੰਘ ਸਜ ਗਿਆ ਸੀ)।
[*]ਦਮਦਮਾ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀਆਂ ਤੇ ਗਜਾਨੀਆਂ ਲਈ ਸਦਾ ਪ੍ਰਸਿੱਧ ਰਿਹਾ ਹੈ।
[੨]ਨੌਂ ਕੋਹਾਂ ਤੇ।
[੩]ਟਾਹਲੀ।
[੪]੧੫ ਹੱਥ ਟਾਹਲੀ ਦਾ ਫੇਰ ਸੀ।
[+]ਪਾ:-ਭਲੀ।
[++]ਪਾ:-ਬਲੀ।
[¶]ਸਾਖੀ ਪੋਥੀ ਦੀ ਸਾਖੀ ਹੈ।

ਸਾਯੰ ਸਮੇਂ[1] ਜਾਇੰ ਜੰਡਿਆਨੇ[2]।
ਬੈਠਹਿਂ ਸਭਿਨਿ ਹਕਾਰਨ ਠਾਨੈਂ ॥੨੬॥
ਅਗਨਤ ਰਜਤਪਣ ਆਸਨ ਤਰੇ।
ਬਹੁ ਦੀਨਾਰ ਨਿਕਾਰਨਿ ਕਰੇਂ।
ਰੋਜ਼ਦਾਰ ਕੋ ਦੇਤਿ ਬੁਲਾਈ।
ਆਇ ਆਇ ਲੇਤੇ ਸਮੁਦਾਈ ॥੨੮॥
ਜਿਤਿਕ ਚਾਕਰੀ ਧਨ ਜੋ ਲੇਤਿ।
ਤਿਤਿਕ ਮੁਸ਼ਟ ਭਰਿ ਬਿਨ ਪਿਖਿ ਦੇਤਿ।
ਕਈ ਬੇਰ ਬਰਤਾਯੋ ਤਹਾਂ।
ਸੈਨ ਰੁਜ਼ੀਨਾ ਲੇਤੇ ਮਹਾਂ ॥੨੯॥
ਭਰਮੇ ਪਿਖਿ ਬਿਰਾੜ ਤਿਸ ਥਾਨ।
-ਇਸ ਥਲ ਗੁਰ ਧਨ ਧਰਯੋ ਮਹਾਨ।
ਥਿਰ ਹੁਇ ਇਤਹਿਂ ਕਾਢ ਕਰਿ ਧਰੈਂ।
ਹਮ ਜੁਤਿ ਸਭਿਹਿਨਿ ਦੈਬੋ ਕਰੈਂ- ॥੩੦॥
ਨਿਸ ਮਹਿਂ ਫੈਲਯੋ ਤਿਮਰ ਘਨੇਰਾ।
ਗਏ ਨਿਕਾਸਨ ਕੋ ਤਿਸ ਬੇਰਾ।
ਅਵਨੀ ਖਨੀ ਅਧਿਕ ਬਲ ਲਾਈ।
ਇਕ ਬਿਰਾਟਕਾ ਹਾਥ ਨ ਆਈ ॥੩੧॥
ਮੂਰਖ ਰਹੇ ਲਜਾਇ ਬਡੇਰੇ।
ਪਛੁਤਾਏ ਨਿਜ ਕਰਨ ਖੁਟੇਰੇ।
ਇਕ ਦਿਨ ਡੱਲਾ ਨਿਸਾ ਮਝਾਰੀ।
ਸਿਪਰ ਖੜਗ ਦੋਨਹੁਂ ਹਥ ਧਾਰੀ ॥੩੨॥
ਗੁਰੂ ਦ੍ਵਾਰ ਪਰ ਦਿਢ ਹ੍ਵੈ ਰਹਯੋ।
ਪਹਿਰਾ ਦਿਯੋ ਸੁਚੇਤੀ ਲਹਯੋ।
ਖਰੋ ਹੇਰਿ ਪ੍ਰਭੁ ਰਹੇ ਹਟਾਇ।
'ਸੁਪਤਹੁ ਜਾਇ ਆਪਨੇ ਥਾਇਂ' ॥੩੩॥
'ਸ਼੍ਰੀ ਪ੍ਰਭੁ ਸੇਵ ਕਰੌਂ ਮੈਂ ਆਜੂ।
ਨਹਿਂ ਸੋਵੌਂ ਮੈਂ ਪਿਖਹੁਂ ਸਮਾਜੂ।'
ਇਮ ਕਹਿ ਖਰੋ ਰਹਯੋ ਨਿਸ ਜਾਗਾ।
'ਗੁਰ ਗੁਰ' ਜਪਯੋ ਪ੍ਰੇਮ ਮਹਿਂ ਪਾਗਾ ॥੩੪॥

---

[1]ਸੰਧਯਾ ਵੇਲੇ।
[2]ਇਥੇ ਜੰਡਸਰ ਨਾਮੇ ਗੁਰਦੁਆਰਾ ਹੈ, ਸਰੋਵਰ ਬੀ ਹੈ।

ਉਠੇ ਪ੍ਰਾਤ ਪਿਖਿ ਡੱਲਾ ਖਰਜੋ।
ਹੁਇ ਪ੍ਰਸੰਨ ਮੁਖ ਤੇ ਬਚ ਕਰਜੋ।
'ਜਾਚਿ ਲੇਹੁ ਮਨ ਕਾਮਨ ਜੋਇ।
ਪੂਰਨ ਕਰਹਿਂ ਅਨੰਦ ਮਹਿਂ ਸੋਇ' ॥੩੫॥
'ਸ਼੍ਰੀ ਪ੍ਰਭੁ! ਜਹਾਂ ਬਾਸ ਤੁਮ ਠਾਨਾ।
ਇਕ ਪੀਢੀ ਕਹੁ ਮੁਹਿ ਦਿਹੁ ਥਾਨਾ।
ਅਪਨਿ ਨਜੀਕ ਰਾਖੀਅਹਿ ਮੋਹੀ।
ਅਪਰ ਨ ਮੋ ਉਰ ਮੈਂ ਇਛ ਹੋਹੀ' ॥੩੬॥
ਸੁਨਿ ਕਰਿ ਤਿਸ ਤੇ ਗੁਰੂ ਉਚਾਰੀ।
'ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ।
ਡੱਲੇ ਤੇ ਡਲ ਸਿੰਘ ਕਹਾਵਹੁ।
ਪੁਨ ਗੁਰ ਘਰ ਕੋ ਸਿਦਕ ਕਮਾਵਹੁ' ॥੩੭॥
ਪੁਨ ਕਰ ਜੋਰਿ ਕਹਜੋ ਹਿਤ ਦੇ ਚਿਤ।
'ਮੈਂ ਤੋ ਬਹੁਤ ਛਕਜੋ ਹੈ ਅੰਮ੍ਰਿਤ।'
ਗੁਰ ਬੋਲੇ 'ਕਬਿ ਕਿਸ ਤੇ ਛਕਜੋ?
ਹਮ ਨਹਿਂ ਲਖਜੋ ਕੂਰ ਕਜੋਂ ਬਕਜੋ?' ॥੩੮॥
'ਸ਼੍ਰੀ ਗੁਰ ਸੀਤ ਪ੍ਰਸਾਦ ਤੁਹਾਰਾ।
ਅਚਤਿ ਰਹਜੋ ਮੈਂ ਲੇ ਕਰਿ ਥਾਰਾ[1]।
ਤਿਸ ਤੇ ਹੀ ਮੁਝ ਕਰਹੁ ਸਨਾਥ।
ਸਭਿ ਘਟ ਕੇ ਮਾਲਿਕ ਜਗਨਾਥ!' ॥੩੯॥
ਪੁਨ ਪ੍ਰਭੂ ਕਹਜੋ 'ਨ ਇਸ ਬਿਧਿ ਟਰੋ।
ਖੰਡੇ ਕੋ ਅੰਮ੍ਰਿਤ ਮੁਖ ਧਰੋ।'
'ਸ਼੍ਰੀ ਗੁਰ! ਸੋ ਭੀ ਖੰਡੇ ਕੇਰ।
ਕਰਦ ਭੇਟ ਕਿਯ ਅਚਿਬੇ ਬੇਰ' ॥੪੦॥
ਸੁਨਿ ਕਰਿ ਸ੍ਰੀ ਮੁਖ ਬਹੁ ਬਿਕਸਾਨੇ।
'ਸੁਨਿ ਡਲ ਸਿੰਘ[*] ਹਮ ਖੁਸ਼ੀ ਮਹਾਨੇ।
ਜੋ ਅੰਮ੍ਰਿਤ ਖੰਡੇ ਕੋ ਲੈ ਹੈ।
ਗੁਰ ਕੋ ਸੋ ਜਹਾਜ ਚਢਿ ਜੈਹੈ' ॥੪੧॥
ਸਿਰ ਪਗ ਧਰਿ ਧਰਿ ਕੈ ਤਬਿ ਭਨਿ ਹੈ[2]।

---

[1]ਥਾਲ।
[*]ਪਾ:-ਡੱਲਾ।
[2]ਸਿਰ ਚਰਨਾਂ ਤੇ ਰੱਖ ਰੱਖ ਕੇ (ਡੱਲਾ) ਬੋਲਿਆ।

'ਸੱਤ ਬਚਨ ਜੀ, ਸੱਤਿ ਬਚਨ ਹੈ।'
ਅਗਲੇ ਦਿਨ ਕਰਾਹ ਕਰਿਵਾਯੋ।
ਸ੍ਰੀ ਗੁਰ ਕੇ ਆਗੇ ਧਰਿਵਾਯੋ ॥੪੨॥
ਹਾਥ ਜੋਰਿ ਆਗੈ ਹੁਇ ਖਰਜੋ।
ਖੰਡੇ ਕੋ ਅੰਮ੍ਰਿਤ ਤਬਿ ਕਰਜੋ।
ਸੌ ਨਰ ਅਪਰ ਖਰੇ ਸੰਗ ਹੋਏ।
ਛਕਜੋ ਸੁਨਹਿਰੇ ਇਕ ਸਭਿ ਕੋਏ+ ॥੪੩॥
ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ।
ਬਖਸ਼ਜੋ ਖੜਗ ਬਡੋ ਅਰੁ ਢਾਲਾ।
ਦ੍ਵੈ ਹਜ਼ਾਰ ਕੇ ਕੰਕਨ ਦੋਇ।
ਹੁਤੇ ਜਰਾਊ ਬਖਸ਼ੇ ਸੋਇ ॥੪੪॥
ਗੁਰ ਕੋ ਬਸਤ੍ਰ++ ਪੂਜਿਬੇ ਹੇਤੁ।
ਦੇਤਿ ਭਏ ਤਬਿ ਕ੍ਰਿਪਾ ਨਿਕੇਤ¶।
ਇਕ ਦਿਨ ਸੁਧਿ ਕਿਨ ਆਨਿ ਸੁਨਾਈ।
'ਤੁਰਕਨਿ ਸੈਨ ਚਢੀ ਸਮੁਦਾਈ ॥੪੫॥
ਇਤ ਕੌ ਆਇ ਲਰਨ ਕੇ ਹੇਤੁ।'
ਸੁਨਿ ਡਲ ਸਿੰਘ ਬਹੁ ਬਨਜੋ ਸੁਚੇਤ।
ਜਾਇ ਅੱਗ੍ਰ ਇਕ ਤਰੁ ਕੇ ਤਰੇ।
ਬੈਠਜੋ ਰਹੈ ਪ੍ਰਤੀਖਨ ਕਰੇ ॥੪੬॥
ਇਕ ਦੁਇ ਦਿਨ ਬੀਤੇ ਨਹਿਂ ਆਯੋ।
ਸ੍ਰੀ ਗੁਰ ਢਿਗ ਥਿਰ ਬਾਕ ਸੁਨਾਯੋ।
'ਪਾਤਸ਼ਾਹ! ਤੁਰਕ ਜਿ ਇਕ ਬਾਰੀ।
ਕਰਹਿਂ ਭੇਰ ਤੌਂ ਲੇਹੁ ਨਿਹਾਰੀ ॥੪੭॥
ਤਬਿ ਜੇਤਿਕ ਬਾਹੈਂ ਤਰਵਾਰੀ।
ਰੁੰਡ ਮੁੰਡ ਕਰਿ ਧਰਾ ਮਝਾਰੀ।
ਭਿਰਹਿਂ ਜਥਾ ਬੈਰਾੜ ਲੜਾਕੇ।
ਕਰਿ ਹੈਂ ਤੁਰਕਨਿ ਤਨ ਗਨ ਫਾਂਕੇ[੧]' ॥੪੮॥
ਸੁਨਿ ਕਰਿ ਦਯਾ ਸਿੰਧੁ ਹਰਖਾਏ।

---

+ਕੈਸਾ ਅਦਭੁਤ ਨਜ਼ਾਰਾ ਹੈ, ਦੇਸ਼ ਦਾ ਸਰਦਾਰ ਸੌ ਨਰ ਰੱਯਤ ਦੇ ਨਾਲ ਇਕੱਠਾ ਅੰਮ੍ਰਿਤ ਛਕਦਾ ਹੈ।
++ਬਸਤਰ ਇਹ ਸਨ:- ਦੋ ਦਸਤਾਰਾਂ, ਦੋ ਚੋਲੇ ਤੇ ਦੋ ਘੁਟੰਨੇ।
¶ਇਹ ਬਖਸ਼ਿਸ਼ਾਂ ਉਹਨਾਂ ਦੀ ਉਲਾਦ ਪਾਸ ਹੁਣ ਤੱਕ ਹਨ।
[੧]ਫਾੜਾਂ।

'ਸਾਧ ਸਾਧ ਡਲ ਸਿੰਘ' ਕੋ ਗਾਏ।
'ਇਮ ਹੀ ਚਹਿਯਤਿ ਤੁਰਕਨਿ ਸੰਗਾ।
ਧਰਿ ਉਤਸਾਹ ਕਰਨ ਕੋ ਜੰਗਾ' ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡਲਾ ਸਿੰਘ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

## ੨੯. [ਪਟਜਾਲਾ ਨਾਭਾ ਜੀਂਦ ਦੇ ਵਡਕੇ। ਬੰਗੇਹਰ। ਮਾਲਵੇ ਨੂੰ ਵਰ]

੨੮<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੦

ਦੋਹਰਾ: *ਆਯੋ ਰਾਮਾ ਏਕ ਦਿਨ, ਸੰਗ ਤਿਲੋਕਾ ਜਾਂਹਿ+।
ਚੂਨ ਦਾਲ ਕੋ ਸਕਟ ਭਰਿ, ਪਹੁੰਚੇ ਸਤਿਗੁਰ ਪਾਹਿ ॥੧॥
ਚੌਪਈ: ਦੋਨਹੁਂ ਸ਼ਰਧਾਲੂ ਕਰ ਦਰਸ਼ਨ।
ਕਰ ਸਿਰ ਚਰਨ ਸਰੋਜਨ ਪਰਸਨ[1]।
ਹਾਥ ਜੋਰਿ ਪੁਨਿ ਠਾਢੇ ਭਏ।
ਦਯਾਸਿੰਧੁ ਤਬਿ ਬੂਝਨ ਕਏ ॥੨॥
'ਰਾਮਾ ਸਿੰਘ, ਤਿਲੋਕ ਸਿੰਘ ਸੁਨਿ!
ਰਸਤ ਸਕਟ ਭਰਿ ਲਜਾਇ ਬਹੁਤ ਮਨ[2]।
ਕਿਹ ਤੇ ਆਨੀ ਕੀਨਿ ਖਰੀਦ?
ਕੈ ਨਿਜ ਘਰ ਤੇ ਸਕਲ ਰਸੀਦ?' ॥੩॥
[3]'ਪਾਤਸ਼ਾਹ! ਨਿਜ ਘਰ ਤੇ ਲਜਾਏ।
ਬੰਧਪ ਅਪਰਨ ਭੀ ਕੁਛ ਪਾਏ।
ਸਭਿ ਤੇ ਕਰਿ ਬਟੋਰ ਇਹ ਆਨੀ।
ਭੀ ਦਰਸ਼ਨ ਕੀ ਚਾਹ ਮਹਾਨੀ' ॥੪॥
ਇਕ ਸਿਖ ਗੁਰ ਕੇ ਨਿਕਟ ਉਚਾਰੇ।
'ਸਾਹਿਬਜ਼ਾਦੇ ਤਹਿਂ ਸਸਕਾਰੇ।
ਇਨਹੁਂ ਕਰੀ ਕ੍ਰਿਤ ਤੁਰਕਨਿ ਮਾਂਹੀ।
ਜਿਮ ਹੋਇ ਸੁਨੀਅਹਿ ਇਨ ਪਾਹੀ' ॥੫॥
ਇਕ ਬਿਰਾੜ++ ਤਬਿ ਲਗਯੋ ਸੁਨਾਵਨ।
'ਰਣ ਕੇ ਅੰਤ ਭਯੋ ਭਟ ਘਾਵਨ।
ਪ੍ਰਭੁ ਜੀ ਤੁਰਕਨ ਤੇ ਡਰ ਧਰਿ ਕੈ।
ਬੇਸ ਬਾਵਰੋ ਅਪਨੋ ਕਰਿ ਕੈ ॥੬॥
ਸਿਰ ਤੇ ਨਗਨ ਧੂਰ ਤਨ ਭਰੇ।
ਲੋਥਨ ਬ੍ਰਿੰਦਨ ਮਹਿਂ ਬਹੁ ਫਿਰੇ।

---

*ਸਾਖੀ ਪੋਥੀ ਦੀ ਸਾਖੀ ਹੈ।
+ਬਾਬੇ ਫੂਲ ਦੇ ਪੁੱਤ੍ਰ, ਪਟਿਆਲਾ ਨਾਭਾ ਜੀਂਦ ਰਿਆਸਤਾਂ ਦੇ ਵਡਕੇ। ਬਾਬਾ ਆਲਾ ਸਿੰਘ ਜੀ ਪਟਿਆਲੇ ਦੇ ਰਚਨਹਾਰ ਇਸੇ ਬਾਬਾ ਰਾਮ ਸਿੰਘ ਦੇ ਸੁਪੱਤ੍ਰ ਸੇ। ਤ੍ਰਿਲੋਕ ਸਿੰਘ ਦੇ ਛੋਟੇ ਪੁੱਤ੍ਰ ਸੁਖਚੈਨ ਸਿੰਘ ਤੋਂ ਜੀਂਦ ਰਿਆਸਤ ਅਤੇ ਵੱਡੇ ਪੁੱਤ੍ਰ ਚੌਧਰੀ ਗੁਰਦਿੱਤ ਸਿੰਘ ਤੋਂ ਨਾਭਾ ਰਿਆਸਤ ਤੁਰੀ।
[1]ਚਰਨ ਕਮਲ ਹੱਥਾਂ ਤੇ ਸਿਰ ਨਾਲ ਪਰਸ, ਭਾਵ ਸੀਸ ਤੇ ਹੱਥ ਚਰਨਾਂ ਤੇ ਰੱਖ ਕੇ ਮੱਥਾ ਟੇਕਿਆ।
[2]ਮਣ।
[3]ਰਾਮਾ ਤਿਲੋਕਾ ਬੋਲੇ।
++ਪਾ:-ਬੇਰਾ।

ਗਨ ਤੁਰਕਨਿ ਕੋ ਗੁਰ ਸੁਤ ਦੋਊ।
ਰਣ ਠਾਨਤਿ ਲੁਪਤੇ ਥਲ ਸੋਊ ॥੭॥
ਦ੍ਰਿਸ਼ਟਿ ਪਰੇ ਨਹਿਂ ਦੋਨਹੁਂ ਭਾਈ।
ਜੇ ਪਾਵਤਿ ਸਿਰ ਵਢਿ ਲੇ ਜਾਈ[1]।
ਅਪਨੇ ਜਾਨਿ ਦਾਸ ਇਨ ਤਾਈਂ।
ਦੋਨਹੁਂ ਲੋਥੈਂ ਦਈ ਦਿਖਾਈ ॥੮॥
ਘਨੇ ਘਾਵ ਸ਼੍ਰੋਣਤਿ ਸਨ ਪੂਰੇ।
ਪਰੇ ਪ੍ਰਿਥੀ ਪਰ ਦੀਰਘ ਸੂਰੇ।
ਰਿਸ ਤੇ ਭੌਹੈਂ ਚਢੀ ਬਿਸਾਲਾ।
ਸੁਭਟਨਿ ਸੇਜਾ ਪਰ[*] ਤਿਸ ਕਾਲਾ[2] ॥੯॥
ਪ੍ਰਥਮ ਸਕੇਲ ਕਾਠ ਗਨ ਮਹਾਂ।
ਚਿਖਾ ਬਨਾਇ ਧਰੇ ਤਨ ਤਹਾਂ।
ਦੋਨਹੁਂ ਭ੍ਰਾਤਾ ਕੋ ਸਸਕਾਰੇ।
ਇਮ ਕੀਨਸਿ ਇਨ ਦਾਸ ਤਿਹਾਰੇ' ॥੧੦॥
ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ।
ਸ੍ਰੀ ਮੁਖ ਤੇ ਭਾਖਯੋ ਤਿਸ ਕਾਲਾ।
'ਰਾਮਾ ਸਿੰਘ ਤਿਲੋਕ ਸਿੰਘ ਸੁਨਿ!
ਜਾਚ ਲੇਹੁ ਹਮ ਤੇ ਬਾਂਛਤ ਮਨ' ॥੧੧॥
ਗੁਰ ਅਨਕੂਲ ਜਾਨਿ ਕਰਿ ਆਛੇ।
ਦੁਹੂੰਅਨਿ ਮਾਂਗਯੋ ਜਿਮ ਚਿਤ ਬਾਂਛੇ।
'ਪ੍ਰਭੁ ਜੀ! ਜਬਿ ਕੇ ਹਮ ਇਤ ਆਏ।
ਭਲੀ ਪ੍ਰਕਾਰ ਨ ਪਾਇ ਜਮਾਏ ॥੧੨॥
ਕਹੂੰ ਨ ਭੂਮ ਹਮਾਰੀ ਭਈ।
ਜਿਮ ਰਾਹਕ ਅਪਰਨ ਨਿਜ ਲਈ।'
ਦਯਾ ਸਿੰਧੁ ਸੁਨਿ ਧੀਰਜ ਦੀਨਿ।
ਤੁਮ ਤੌਂ ਦੇਸ਼ ਸਕਲ ਹੀ ਲੀਨਿ ॥੧੩॥
ਐਸੇ ਪਾਇ ਤੁਮਾਰੇ ਜਮੈਂ।
ਭੂਪਨ ਭੂਪ ਦੇਸ਼ ਗਨ ਨਮੈਂ।
ਦਿੱਲੀ ਲਵਪੁਰਿ ਕੇ ਵਿਚ ਵਧੋ।

---

[1](ਤੁਰਕ) ਸਿਰ ਲੈ ਜਾਂਦੇ।
[*]ਪਾ:-' ਸ੍ਰੀ ਮੁਖ ਤੇ ਭਾਖਯੋ', ਪਰ ਇਹ ਅਸ਼ੁੱਧੀ ਜਾਪਦੀ ਹੈ।
[2]ਸੂਰਮਤਾ ਦੀ ਸੇਜਾ ਪਰ (ਬਿਰਾਜ) ਰਹੇ ਸਨ ਤਦੋਂ।

ਗ੍ਰਾਮ ਹਜ਼ਾਰਨ ਹੀ ਕਹੁ ਸਧੋ ॥੧੪॥
ਕੁਰਸੀ ਬਹੁਤ ਬਕੁਰਸੀ[1] ਰਾਜ।
ਪੈਹਹੁ ਬਡੋ ਅਨੇਕ ਸਮਾਜ।
ਹਮਰੇ ਹਿਤ ਇਮ ਕਾਰਜ ਕੀਨਿ।
ਇਸੀ ਹੇਤੁ ਕਰਿ ਸਭਿ ਕੁਛ ਲੀਨ' ॥੧੫॥
ਇਮ ਕਹਿ ਅਪਰ ਜਿ ਥੇ ਤਿਨ ਸਾਥ।
ਤਿਨ ਪਰ ਖੁਸ਼ੀ ਕਰੀ ਤਬਿ ਨਾਥ।
ਮਨਹੁਂ ਕਾਮਨਾ ਪੂਰਨ ਭਈ।
ਦੋਨਹੁਂ ਕੌ ਦਸਤਾਰ ਦੁ[2] ਦਈ ॥੧੬॥
ਸਪਤਿ ਦਿਵਸ ਗੁਰ ਕੇ ਢਿਗ ਰਹੇ।
ਬਰ ਲੇ ਕਰਿ ਦਰਸ਼ਨ ਬਰ ਲਹੇ।
ਪੁਨ ਰੁਖਸਦ ਹੁਇ ਘਰ ਕੋ ਗਏ।
ਤਬਿ ਤੇ ਬਧੇ ਰਾਜ ਬਡ ਭਏ[3] ॥੧੭॥
ਨਾਭਾ ਅਰ ਦੂਸਰ ਪਟਿਆਲਾ।
ਗੁਰ ਬਚ ਤੇ ਇਹ ਭੇ ਮਹਿਪਾਲਾ।
[+]ਜਬਹਿ ਮਹਿਖ ਸਿਖ ਲੇਵਨ ਗਏ[4]।
ਹਾਸ ਕਰਤਿ ਵੰਗੇਹਰ ਭਏ ॥੧੮॥
ਮਾਰਖੰਡ[5] ਸੋ ਦਯੋ ਬਤਾਇ।
-ਮਾਰਹਿਂ ਪਿਖੈਂ ਤਮਾਸ਼ਾ ਧਾਇ-।
-ਬਦਰੀ ਤਰੁ ਸੋਂ ਖਰੋ- ਬਤਾਯੋ[6]।
ਗੁਰ ਕੇ ਨਾਮ ਸੁਨੈ ਚਲਿ ਆਯੋ[7] ॥੧੯॥
ਲਖੀ ਅਵੱਗਜਾ ਗੁਰ ਕੀ ਹੋਈ।
ਤਬਿ ਵੰਗੇਹਰਿ ਮਿਲਿ ਸਭਿ ਕੋਈ।
ਬਖਸ਼ਾਵਨ ਹਿਤ ਚਲਿ ਕਰਿ ਆਏ।
ਦੋਇ ਤੁਫੰਗ ਉਪਾਇਨ ਲਜਾਏ ॥੨੦॥

---

[1]ਪੁਸ਼ਤ ਦਰ ਪੁਸ਼ਤ।
[2]ਦੋ ਦਸਤਾਰਾਂ।
[3]ਵੱਡੇ ਰਾਜੇ ਹੋਏ।
[+]ਸਾਖੀ ਪੋਥੀ ਦੀ ਸਾਖੀ ਹੈ।
[4]ਜਦੋਂ (ਬਠਿੰਡੇ ਵਿਚੋਂ ਦੈਂਤ ਕੱਢਣ ਵੇਲੇ) ਸਿੱਖ ਮਹਿਆਂ ਲੈਣ ਗਏ ਸਨ।
[5](ਉਹ ਝੋਟਾ, ਸਾਂਢ ਯਾ ਹਾਥੀ) ਜੋ ਨੇੜੇ ਆਇਆ ਨੂੰ ਮਾਰ ਦੇਵੇ ਯਾ ਮਾਰਨ ਦੌੜੇ, ਖੂਨੀ।
[6]ਬੇਰੀ ਹੇਠ ਖੜਾ ਹੈ, ਇਹ ਦੱਸਿਆ ਸੀ।
[7](ਸੰਢਾ) ਚਲ ਪਿਆ ਸੀ।

ਲਾਦ ਰਸਦ ਕੇਤਿਕ ਸੰਗ ਲੀਨਿ।
ਕੁਛਕ ਰੂਪ ਰਸ[1] ਪਾਵਨ ਕੀਨਿ।
ਦੇਨਿ ਹੇਤੁ ਗੁਰ ਕੋ ਲੇ ਆਏ।
ਧਰਿ ਆਗੇ ਸਭਿ ਸੀਸ ਨਿਵਾਏ ॥੨੧॥
ਹਾਥ ਜੋਰਿ ਥਿਰਿ ਅਰਜ਼ ਗੁਜ਼ਾਰੀ।
'ਪ੍ਰਭੁ ਜੀ! ਬਖਸ਼ਹੁ ਖਤਾ ਹਮਾਰੀ।
ਮਹਿਖ ਲੇਨ ਸਿਖ ਭੇਜੇ ਜਬੈ।
ਹਮ ਨੇ ਕਪਟ ਰਚਯੋ ਪਿਖਿ ਤਬੈ ॥੨੨॥
ਤੁਮਨੇ ਪੜਦਾ ਢਕਯੋ ਹਮਾਰੋ।
ਗਯੋ ਵਠਿੰਡੇ ਮਹਿਖ ਬਿਚਾਰੋ।'
ਤੁਪਕ ਰੂਪਰਸ[2] ਹੇਰੀ ਧਰਿ ਕਰਿ।
ਗੁਰੂ ਪ੍ਰਸੰਨ ਭਏ ਇਮ ਕਹਿ ਕਰਿ ॥੨੩॥
'ਕਯਾ ਜਾਚਤਿ ਹੋ ਕਰਹੁ ਸੁਨਾਵਨ?
ਬਖਸ਼ੀ ਖਤਾ ਪਰੇ ਅਬਿ ਪਾਵਨ[3]।'
ਹਾਥ ਜੋਰਿ ਤਬਿ ਸਭਿਨਿ ਬਖਾਨਾ।
'ਰਾਮੇ ਕੋ ਦਿਯ ਰਾਜ ਮਹਾਨਾ ॥੨੪॥
ਹਮ ਕੋ ਭੀ ਬਖਸ਼ਹੁ ਕਰਿ ਕਰੁਨਾ।
ਆਇ ਪਰੇ ਰਾਵਰ ਕੀ ਸ਼ਰਨਾ।'
ਸ਼੍ਰੀ ਗੁਰ ਕਹਯੋ 'ਮਿਲੇ ਤੁਮ ਆਇ।
ਜਾਨਿ ਅਵੱਗਯਾ ਲਿਯ ਬਖਸ਼ਾਇ ॥੨੫॥
ਯਾਂ ਤੇ ਪ੍ਰਥਮ ਰਾਜ ਹੈ ਜੇਤਿਕ।
ਕੇਤਿਕ ਸਮੈਂ ਥਿਰਹਿਗੋ ਤੇਤਿਕ।
ਨਹਿਂ ਛੀਨਹਿਂ ਕੋ ਘਰ ਸੁਖ ਪਾਓ।
ਸਿਖ ਸੰਗਤਿ ਕੀ ਸੇਵ ਕਮਾਓ' ॥੨੬॥
ਇਮ ਬਖਸ਼ਾਇ ਕਿਤਿਕ ਦਿਨ ਰਹੇ।
ਰੁਖਸਦ ਹੋਇ ਗ੍ਰਾਮ ਮਗ ਗਹੇ।
ਊਚੇ ਥਾਨ ਬੈਠਿ ਇਕ ਦਿਨ ਮਹਿਂ।
ਲਗਯੋ ਦਿਵਾਨ ਸੁਹਾਇ ਸਭਿਨਿ ਮਹਿਂ ॥੨੭॥
ਡਲ ਸਿੰਘ ਗਨ ਬਿਰਾੜ ਥਿਰ ਸਾਰੇ।

---
[1] ਲੂਣ।
[2] ਬੰਦੂਕ ਤੇ ਲੂਣ।
[3] ਹੁਣ ਚਰਨੀਂ ਆ ਪਏ ਹੋ।

ਸਭਿਨਿ ਸੁਨਾਵਤਿ ਬਾਕ ਉਚਾਰੇ।
'ਬਹੁ ਗੋਧੂਮ ਖੇਤ[1] ਦਿਖ ਆਵਹਿਂ।
ਸੁੰਦਰ ਸ੍ਵਾਦਲ ਅੰਨ ਉਪਾਵਹਿਂ' ॥੨੮॥
ਸੁਨਿ ਡੱਲੇ ਜੁਤਿ ਸਭਿ ਕਰ ਜੋਰੇ।
'ਖੋਹੀ[2] ਖਰੀ ਪ੍ਰਭੂ ਇਤ ਓਰੇ।
ਬਚ[3] ਗੋਧੂਮ ਖਰੀ ਨ ਉਚਾਰੋ।
ਮੋਠ ਬਾਜਰੀ ਭਲੇ ਬਿਚਾਰੋ ॥੨੯॥
ਛਿਤ ਗੋਧੂਮ ਜਿ ਇਹਾਂ ਉਪਾਵੈਂ।
ਤੁਰਕ ਦੇਹਿਂ ਦੁਖ, ਚੜ੍ਹਿ ਚਲਿ ਆਵੈਂ।'
ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ।
ਲਖ ਮਤਿ ਹੀਨੇ[4] ਮੌਨ ਰਹਾਏ ॥੩੦॥
ਲਖਹਿਂ ਨ ਤੁਰਕ ਭਏ ਅਬਿ ਅਦਾ[5]।
ਗੁਰ ਕੋ ਬਾਦ ਥਿਰੇ ਸਦ ਸਦਾ।
ਬੀਤ ਗਏ ਕੇਤਿਕ ਦਿਨ ਔਰ।
ਬੈਠੇ ਸਤਿਗੁਰ ਊਚੀ ਠੌਰ ॥੩੧॥
ਸੁੱਖਾ ਛਕੇ ਅਮਲ ਦ੍ਰਿਗ ਆਏ।
ਡੱਲੇ ਸਹਿਤ ਨਿਕਟ ਸਮੁਦਾਏ।
ਦ੍ਰਿਸ਼ਟਿ ਉਚੇਰੀ ਕਰਿ ਗੁਰ ਭਨੇ।
'ਪਿਖਹੁ ਕਮਾਦ ਖਰੇ ਇਤ ਘਨੇ ॥੩੨॥
ਜਿਸਤੇ ਬਹੁ ਬਿਧਿ ਕੇ ਮਿਸ਼ਟਾਨ।
ਹੇਤ ਭਲੇ ਲਹਿਂ ਸ੍ਵਾਦ ਜਹਾਨ।'
ਸੁਨਿ ਬੈਰਾੜ ਕਹੈਂ ਕਰ ਜੋਰਿ।
'ਪ੍ਰਭੁ ਜੀ! ਨਹਿਂ ਕਮਾਦ ਇਤ ਓਰ ॥੩੩॥
ਤ੍ਰਿਣ ਲੰਬੇਰੇ ਵਧਿ ਬਹੁ ਗਏ।
ਸੋ ਆਗੇ ਤੁਮ ਦੇਖਤਿ ਭਏ।
ਇੱਤਜਾਦਿਕ ਵਥੁ ਚਹੈਂ ਨ ਕੋਈ।
ਮੋਠ ਬਾਜਰੀ ਨਿਪਜਹਿ ਜੋਈ ॥੩੪॥
ਸੋਈ ਭਲੀ ਅਹੈ ਇਸ ਦੇਸ਼।

---

[1]ਕਣਕ ਦੇ ਖੇਤ।
[2]ਕਾਹੀ।
[3]ਬਚਨ ਤੋਂ।
[4]ਮੀਤ ਹੀਣੇ (ਲੋਗ) ਜਾਣਕੇ।
[5](ਡੱਲਾ) ਲਖਦਾ ਨਹੀਂ ਕਿ ਤੁਰਕ ਹੁਣ (ਖਤਮ) ਪੂਰੇ ਹੋ ਗਏ ਹਨ। [ਅ਼:, ਅਦਾ=ਪੂਰਾ ਹੋਣਾ]।

ਨਾਂਹਿ ਤ ਪਹੁੰਚੈਂ ਤੁਰਕ ਵਿਸ਼ੇਸ਼।
ਸਰਬ ਭਾਂਤਿ ਤੇ ਦੁਖ ਉਪਜੈਹੈਂ।
ਓਜ ਪਾਇ ਕਰਿ ਹਾਲਾ ਲੈਹੈ' ॥੩੫॥
ਸੁਨਿ ਸ਼੍ਰੀ ਮੁਖ ਤੇ ਪੁਨ ਮੁਸਕਾਏ।
'ਕਯੋਂ ਤੁਮ ਅਪਨੋ ਭਲੋ ਨ ਭਾਏ?
ਅਵਿਨੀ ਪੁਰਿ ਸਿਰ੍ਹੰਦ ਕੀ ਸਾਰੀ।
ਇਹਾਂ ਲਗਾਵਨ ਹੇਤੁ ਉਚਾਰੀ ॥੩੬॥
ਭਲੇ ਪਦਾਰਥ ਜੋ ਤਹਿਂ ਹੁਤੇ।
ਸਗਰੇ ਉਪਜਤਿ ਸ੍ਵਾਦਲ ਇਤੇ।
ਕੇਚਿਤ ਦਿਨ ਹੁਇ ਤੁਰਕ ਬਿਨਾਸੀ।
ਰਾਜ ਖਾਲਸੇ ਕੋ ਹੁਇ ਰਾਸੀ ॥੩੭॥
ਮੋਠ ਬਾਜਰੀ ਅੰਗੀਕਾਰਹੁ।
ਅਪਰ ਨ ਹੁਇ ਇਸ ਦੇਸ਼ ਉਚਾਰਹੁ।
ਸਵਾ ਜਾਮ ਦਿਨ ਚਰਿ ਹੈ ਜਾਵਦ।
ਤੁਮਰੀ ਮਤਿ ਥਿਰ ਰਹੈ ਨ ਤਾਵਦ ॥੩੮॥
ਬਚਨ ਹਟਾਵਨਿ ਰਹੇ ਨ ਮਾਨਾ।
ਤਊ ਸੁਨਹੁ ਇਹ ਦੇਸ਼ ਮਹਾਨਾ।
ਸਨੇ ਸਨੇ ਗੋਧੁਮ ਹੁਇ ਜਾਇ*।
ਦਿਨ ਪ੍ਰਤਿ ਬਸਤਿ ਰਹੈ ਅਧਿਕਾਇ ॥੩੯॥
ਅਪਰ ਕਾਜ ਤੁਮ ਬਹੁਤ ਬਿਗਾਰਾ।
ਮਾਨਜੋਂ ਬਾਕ ਨ ਜਥਾ ਉਚਾਰਾ।
ਨਾਂਹਿ ਤ ਸਕਲ ਵਸਤੁ ਇਸ ਦੇਸ਼।
ਉਪਜਤਿ ਨਿਤ ਪ੍ਰਤਿ ਹੋਤਿ ਬਿਸ਼ੇਸ਼' ॥੪੦॥
ਡਲ ਸਿੰਘ ਆਦਿਕ ਗਨ ਬੈਰਾਰ।

---

*ਇਹ ਸਾਰੇ ਵਰ ਹੁਣ ਸਫਲ ਹੋ ਰਹੇ ਹਨ। ਇਹ ਪੇਸ਼ੀਨਗੋਈ ਕੈਸੀ ਪੂਰੀ ਹੋਈ ਹੈ। ਗੁਰੂ ਜੀ ਇਹ ਸੰਮਤ ੧੭੬੦ ਤੇ ੧੮੬੫ ਦੇ ਵਿਚਾਲੇ ਵਿਚਾਲੇ ਉਚਾਰ ਰਹੇ ਹਨ। ਕਵੀ ਜੀ ਇਹ ਵਾਕ ੧੮੯੦ ਤੋਂ ੧੯੦੦ ਸੰਮਤ ਦੇ ਵਿਚਾਲੇ ਲਿਖ ਰਹੇ ਹਨ, ੧੯੦੦ ਵਿਚ ਕਵੀ ਜੀ ਦਾ ਦੇਹਾਂਤ ਹੋ ਗਿਆ ਸੀ। ਰੋਪੜ ਤੋਂ ਵੱਡੀ ਨਹਿਰ ਖੁਹਲੀ ਗਈ ਜਿਸ ਦੇ ਪਾਣੀ ਨੇ ਸਾਰੇ ਮਾਲਵੇ ਨੂੰ ਸਰਸਬਜ਼ ਕੀਤਾ, ਜਿਥੇ ਹੁਣ ਕਣਕਾਂ ਕਮਾਦ ਸਭ ਕੁਛ ਹੋ ਰਿਹਾ ਹੈ। ਇਹ ਨਹਿਰ ਸਰਕਾਰ ਅੰਗ੍ਰੇਜ਼ੀ ਤੇ ਮਾਲਵੇ ਦੀਆਂ ਰਿਆਸਤਾਂ ਨੇ ਰਲਕੇ ਸੰਨ ੧੮੮੨ ਅਰਥਾਤ ਸੰਮਤ ੧੯੩੯ ਵਿਚ ਬਣਾਈ ਸੀ। ਕਵੀ ਜੀ ਨੂੰ ਚੜ੍ਹ ਗਿਆਂ ਤਦੋਂ ੩੯ ਵਰ੍ਹੇ ਹੋ ਗਏ ਸਨ। ਗੁਰੂ ਕੇ ਵਾਕ ਉਚਾਰਨ ਤੋਂ ਅਰ ਕਵੀ ਜੀ ਦੇ ਇਸ ਵਾਕ ਨੂੰ ਲਿਖਣ ਤੋਂ ਬਹੁਤ ਅਰਸਾ ਬਾਦ ਪੇਸ਼ੀਨਗੋਈ ਸੱਚੀ ਹੋਈ। ਇਸ ਤੋਂ ਸਿੱਧ ਹੋ ਗਿਆ ਕਿ ਕਵੀ ਜੀ ਨੇ ਨਹਿਰ ਵੇਖਕੇ, ਮਾਲਵਾ ਵਸਦਾ ਵੇਖਕੇ ਯਾ ਸੁਣਕੇ ਇਹ ਸਾਖੀ ਨਹੀਂ ਲਿਖੀ, ਇਹ ਸਾਖੀ ਪੁਰਾਤਨ ਹੈਸੀ ਤੇ ਸਹੀ ਹੈਸੀ, ਕਵੀ ਜੀ ਨੇ ਲਿਖੀ ਤੇ ਦੇਖੋ ਕਿ ਗੁਰੂ ਕੇ ਵਾਕ ਸਮੇਂ ਸਿਰ ਸਭ ਸੱਚ ਹੋਏ।

ਥਿਰੁ ਹੁਇ ਰਹੇ ਮੌਨ ਮੁਖ ਧਾਰਿ।
ਜਾਨ ਸਕਹਿਂ ਨਹਿਂ ਆਸ਼ੈ ਗੁਰ ਕੋ।
ਨਹਿਂ ਬਾਕਨਿ ਪਰ ਧੀਰਜ ਉਰ ਕੋ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ ਉਨਤੀਸਮੋਂ ਅੰਸੂ ॥੨੯॥

## ੩੦. [ਕਪੂਰੇ ਦੀ ਮੌਤ। ਧਰਤੀ ਸੱਚ ਤੇ ਖਲੋਤੀ ਹੈ]

੨੯<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੧

ਦੋਹਰਾ: ਇਕ ਦਿਨ ਬੈਠੇ ਸਤਿਗੁਰੂ, ਦਸਕ ਸਿੰਘ ਤਹਿਂ ਆਇ।
ਬੰਦਨ ਕਰਿ ਬੈਠਤਿ ਭਏ, ਗਾਥਾ ਕਹੀ ਸੁਨਾਇ ॥੧॥
ਚੌਪਈ: 'ਕੋਟ ਕਪੂਰੇ ਕੋ ਲਿਯ ਮਾਰੀ।
ਭਈ ਸਾਚ ਜਿਮ ਪ੍ਰਭੂ ਊਚਾਰੀ।'
ਡਲ ਸਿੰਘ ਬੈਠਯੋ ਨਿਕਟ ਸੁਨੰਤਾ।
ਬੂਝਨ ਕੀਨਿ ਸਕਲ ਬਿਰਤੰਤਾ ॥੨॥
'ਕਿਨ ਮਾਰਯੋ ਕਹੁ ਛੋਰ ਪ੍ਰਸੰਗ?
ਕਿਸ ਕੇ ਸੰਗ ਕੀਨਿ ਤਿਨ ਜੰਗ?'
ਸੁਨਿ ਕੈ ਸਿੰਘਨ ਸਰਬ ਸੁਨਾਯੋ।
'ਮੇਲਾ ਢਿਲਵੀਂ ਬਹੁ ਚਲਿ ਆਯੋ ॥੩॥
ਸੋਢੀ ਕੌਲ ਸੁ ਮੰਜੀ ਲਾਇ।
ਬੈਠਯੋ, ਭੇਟੈਂ ਲੋਕ ਚੜ੍ਹਾਇਂ।
ਤਹਾਂ ਕਪੂਰਾ ਭੀ ਚਲਿ ਗਯੋ।
ਕੇਚਿਤ ਸੁਭਟ ਸੰਗ ਮਹਿਂ ਲਿਯੋ ॥੪॥
ਬੈਰੀ ਬਰਗਾੜੀ[1] ਤਿਸ ਕੇਰੇ।
ਹੁਤੋ ਸ਼ਰੀਕਾ ਮਰੇ ਅਗੇਰੇ।
ਸੋ ਭੀ ਚਲਿ ਆਏ ਬਿਚ ਮੇਲੇ[2]।
ਜਿਨਹੁਂ ਦੁਹੇਲੇ ਹੋਹਿ ਨ ਮੇਲੇ ॥੫॥
ਪਾਨ ਸ਼ਰਾਬ ਕਰੀ ਦਿਸ਼ ਦੋਊ।
ਪਾਛਲ ਬੈਰ ਚਿਤਾਰਤਿ ਸੋਊ।
ਪ੍ਰਥਮ ਕਰਯੋ ਬਕਬਾਦ ਬਿਸਾਲਾ।
ਗਾਰਿ ਨਿਕਾਰਤਿ ਭੇ ਜਿਸ ਕਾਲਾ ॥੬॥
ਬਢੀ ਸਪਰਧਾ ਦੁਇ ਦਿਸ਼ ਕੇਰੀ।
ਆਯੁਧ ਲਗੇ ਚਲਨ ਤਿਸ ਬੇਰੀ।
ਜ੍ਵਾਲਾਬਮਣੀ ਬ੍ਰਿੰਦ ਚਲਾਈ।
ਮਰੇ ਕਿਤਿਕ ਮਚਿ ਪਰੀ ਲਰਾਈ ॥੭॥
ਜਾਨਯੋਂ ਸਾਹਿਬ ਕੌਲ[3] ਬਖੇਰਾ।

---

[1]ਬਰਗਾੜੀ ਵਾਲੇ ਉਸ ਦੇ ਵੈਰੀ। [ਬਰਗਾੜੀ ਪਿੰਡ ਦਾ ਨਾਮ ਹੈ ਜੋ ਪਿੱਛੇ ਅੰਸੂ ੩ ਅੰਕ ੭ ਵਿਚ ਆਇਆ ਹੈ। ਉਥੇ ਕਪੂਰੇ ਦੇ ਇਕ ਸ਼੍ਰੀਕ ਚੌਧਰੀ ਦੇ ਮਰਨ ਦਾ ਪ੍ਰਸੰਗ ਬੀ ਆ ਚੁੱਕਾ ਹੈ]।
[2]ਜਿਨ੍ਹਾਂ ਨੂੰ ਦੁੱਖ ਦਿੱਤਾ ਹੋਇਆ ਸੀ ਤਿੰਨ੍ਹਾਂ ਨਾਲ ਮੇਲ ਨਹੀਂ ਹੋਇਆ ਸੀ।
[3]ਕੌਲ ਨੇ।

ਬਿਗਰਯੋ ਮੇਲਾ ਤ੍ਰਾਸ ਬਡੇਰਾ।
ਅਭੈ ਰਾਮ[1] ਨੰਦਨ ਸ਼੍ਰੀ ਰਾਮ।
ਭੇਜਯੋ ਜੁੱਧ ਹਟੈਬੇ ਕਾਮ ॥੮॥
ਤਰਜਤਿ[2] ਦੋਨਹੁਂ ਦਿਸ਼ਿਨਿ ਹਟਾਵੈ।
-ਗੁਰੂ ਘਰ ਮੈਂ ਕਿਮ ਜੰਗ ਮਚਾਵੈਂ?'
ਨਿਜ ਘਰ ਗਮਨਹੁਂ ਕਰਹੁ ਲਰਾਈ।
ਹਟਿ ਜਾਵੋ ਕਯੋਂ ਧੂਮ ਮਚਾਈ- ॥੯॥
ਇਤ ਉਤ ਬਰਜਤਿ ਤਰਜਤਿ ਬਿਚਰਤਿ।
ਭਏ ਸ਼ਰਾਬੀ ਰਿਪੁ ਅਤਿ ਹਤਿ ਮਤਿ[3]।
ਜ੍ਵਾਲਾਬਮਣੀ ਤਾਕਿ ਚਲਾਈ।
ਹਤਿ ਦੀਨੋ ਸ਼੍ਰੀ ਰਾਮ ਗਿਰਾਈ ॥੧੦॥
ਸੁਨਿ ਮਾਨਵ ਤਬਿ ਦੌਰੇ ਗਏ।
ਮਰਯੋ ਉਠਾਇ ਸੁ ਲਜਾਵਤਿ ਭਏ।
ਸੋਢੀ ਅਪਰ ਗਏ ਰਿਸ ਭਰਿ ਕੇ।
ਬਰਜਤਿ ਤਰਜਤਿ ਗਾਰਿ ਨਿਕਰਿ ਕੇ ॥੧੧॥
ਸਿਰੀ ਰਾਮ ਸਸਕਾਰਨ ਲਾਗੇ।
ਖਰੋ ਕੌਲ ਬਹੁ ਸੰਕਟ ਪਾਗੇ।
ਬੋਲਯੋ -ਨਹੀਂ ਦਾਹੁ ਇਸ ਕਰੀਏ।
ਅਪਰ ਬਿਘਨ ਕੁਛ ਹੋਹਿ ਬਿਚਰੀਏ ॥੧੨॥
ਤਾਤੀ ਬਾਯੁ ਲਗੈ ਮੁਝ ਅੰਗ[4]।
ਤਹਿਂ ਗੁਰ ਮਾਰੇ ਠਾਨਤਿ ਜੰਗ[5]।
ਮਮ ਪਰਵਾਰ ਹਟਾਵਨਿ ਗਯੋ।
ਮਹਿਦ ਬਖੇਰਾ ਮਿਲਿ ਉਪਜਯੋ- ॥੧੩॥
ਇਤਨੇ ਮਹਿਂ ਨਰ ਦੌਰਤਿ ਆਵਾ।
ਕੌਲ ਸਮੀਪ ਦੁਖਤਿ ਬਚ ਗਾਵਾ।
-ਸਿਰੀ ਰਾਮ ਕੋ ਅਨੁਜ ਪ੍ਰਜਾਪਤਿ[6]।

---
[1]ਅਭੈ ਰਾਮ ਦੇ ਪੁੱਤ੍ਰ ਸ੍ਰੀ ਰਾਮ ਨੂੰ।
[2]ਤਾੜਨਾ ਕਰਕੇ।
[3]ਸ਼ਤਰੂਆਂ ਦੀ ਮਤ ਬਹੁਤ ਮਾਰੀ ਗਈ।
[4](ਓਧਰੋਂ) ਤੱਤੀ ਵਾ ਮੇਰੇ ਅੰਗਾਂ ਨੂੰ ਲਗਦੀ ਹੈ। ਆਕਾਰਣ ਅੰਗਾਂ ਨੂੰ ਤੱਤੀ ਵਾ ਲਗਦੀ ਪ੍ਰਤੀਤ ਦੇਣੀ ਅਪਸ਼ਗਨ ਗਿਣਿਆ ਜਾਂਦਾ ਹੈ।
[5]ਜਿੱਥੇ ਗੁਰੂ ਮਾਰੇ ਜੰਗ ਕਰਦੇ ਹਨ।
[6]ਸ੍ਰੀ ਰਾਮ ਦੇ ਛੋਟੇ ਭਿਰਾਉ ਪ੍ਰਜਾਪਤਿ ਨੂੰ।

ਗੋਰੀ ਲਗੀ ਤੁਰਤ ਹੀ ਭਾ ਹਤਿ- ॥੧੪॥
ਜਾਇ ਉਠਾਯਹੁ ਤਤਛਿਨ ਲਜਾਏ।
ਸਭਿ ਸੋਢੀਨਿ ਕਸ਼ਟ ਬਹੁ ਪਾਏ।
ਦੋਨਹੁੰ ਕੋ ਇਕਠੇ ਸਸਕਾਰਾ।
ਅਭੈਰਾਮ ਤਬਿ ਸ੍ਰਾਪ ਉਚਾਰਾ ॥੧੫॥
-ਮਮ ਨੰਦਨ ਤੈਂ ਮਾਰੇ ਦੋਇ।
ਇਸ ਅਘ ਕੋ ਫਲ ਇਮ ਤੁਝ ਹੋਇ।
ਪੂਰਬ ਸ੍ਰਾਪ ਦਮਸ ਪਾਤਿਸ਼ਾਹਾ।
ਮਰੈਂ ਤੁਰਕ ਤੇ ਲੈ ਕਰਿ ਫਾਹਾ ॥੧੬॥
ਖੇਹ ਤੋਬਰਾ ਬਦਨ ਚਢਾਵਹਿਂ।
ਮਰਤ ਸਮੇ ਇਸ ਬਿਧਿ ਦੁਖ ਪਾਵਹਿਂ।
ਮੋਹਿ ਸ੍ਰਾਪ ਤੇ ਜੜ੍ਹੈਂ ਤੁਹਾਰੀ।
ਉਖਰ ਗਈ ਸਗਰੀ ਇਕ ਬਾਰੀ ॥੧੭॥
ਪਾਨੀ ਦੇਵਾ ਰਹੈ ਨ ਕੋਈ।
ਇਮ ਸੰਕਟ ਬਡ ਤੁਮ ਕੋ ਹੋਈ-।
ਭਯੋ ਸ਼੍ਰਾਪ ਸੁਨਿ ਕੈ ਪਛੁਤਾਯੋ।
ਬਹੁਰੋ ਕੇਤਿਕ ਕਾਲ ਬਿਤਾਯੋ ॥੧੮॥
*ਈਸੇ ਖਾਨ ਮੰਝ[1] ਚਢਿ ਆਯੋ।
ਘੇਰਿ ਕੋਟ ਤਿਨ ਜੰਗ ਮਚਾਯੋ।
ਹੇਲ ਘਾਲਿ ਕਰਿ ਚਢਿਗੇ ਸੂਰਾ।
ਘਾਸ ਪੁੰਜ ਮਹਿਂ ਦੁਰਜੋ ਕਪੂਰਾ ॥੧੯॥
ਈਸੇ ਖਾਨ ਭਨਜੋ -ਬਿਚ ਅਹੈ।
ਖੋਜਿ ਲੇਹੁ ਨਹਿਂ ਭਾਗਨਿ ਲਹੈ-।
ਇਤ ਉਤ ਖੋਜਜੋ ਲਿਯੋ ਨਿਕਾਸ।
ਗਹਿ ਕਰਿ ਆਨਜੋਂ ਤੂਰਨ ਪਾਸ ॥੨੦॥
ਦੇਖਿ ਪਠਾਨ ਭਜਨੋ -ਤੂੰ ਸੂਰਾ।
ਇੱਲਾਂ ਕੁੱਕੜ ਵਾਂਗ+ ਕਪੂਰਾ।
ਬਾਜ ਰਖਨ ਕੋ ਲਾਜ ਲਗਾਈ-।
ਇਮ ਕਹਿ ਕੇ ਲਿਯ ਕੈਦ ਕਰਾਈ ॥੨੧॥

---

*ਸਾਖੀ ਪੋਥੀ ਵਿਚੋਂ ਹੈ।
[1]ਈਸੇ ਖਾਂ ਜਿਸ ਦੀ ਜਾਤ ਮੰਝ ਸੀ। ਇਹ ਦੁਆਬੇ ਦਾ ਹਾਕਮ ਸੀ, ਸਿੱਖਾਂ ਦਾ ਬਹੁਤ ਵੈਰੀ ਸੀ।
+ਪਾ:-ਵਾਲ।

ਈਸੇ ਖਾਨ ਕੂਚ ਕਰਿ ਦੀਨਿ।
ਜਿਤ ਜਾਨੋ ਸੋ ਮਾਰਗ ਲੀਨਿ।
ਰਿਦੇ ਬਿਚਾਰ ਕਰਤਿ ਭਾ ਮਹਾਂ।
-ਇਸ ਪਕਰੇ ਹੁਇ ਹਾਸਲ ਕਹਾਂ- ॥੨੨॥
ਤਾਲ ਉਜਾਰ ਬਿਖੈ ਇਕ ਹੇਰਾ।
ਖਰੋ ਹੋਇ ਬੋਲਜੋ ਤਿਸ ਬੇਰਾ।
-ਲਾਦਜੋ ਸੰਗ ਜਾਟ ਕਜਾ ਦੇਹਿ।
ਆਛੀ ਬਾਤ ਨ ਛੋਰਨਿ ਏਹਿ ॥੨੩॥
ਯਾਂ ਤੇ ਇਹ ਦਰਖਤ ਜੋ ਖਰੋ।
ਫਾਹੇ ਇਸੇ ਚਢਾਵਨਿ ਕਰੋ-।
ਸੁਨਿ ਪਠਾਨ ਕੋ ਹੁਕਮ ਸਿਧਾਏ।
ਫਾਹੇ ਹੇਤੁ ਕਪੂਰਾ ਲਜਾਏ ॥੨੪॥
ਦੇਖਿ ਮਹਾਂ ਦੁਖ ਪਾਇ ਬਖਾਨਾ[1]।
-ਕਰਨਿ ਦੇਹੁ ਮੁਝ ਇਹਾਂ ਸ਼ਨਾਨਾ।
ਬਦਨ ਤੋਬਰਾ ਫੇਰ ਚਢਾਇ।
ਫਾਹਾ ਦੇਹੁ ਬਹੁਰ ਇਸ ਥਾਇਂ- ॥੨੫॥
ਕਿਸ ਨਰ ਬੂਝਜੋ -ਕਜੋਂ ਕਹਿਂ ਐਸੇ?
ਵਾਜਬ ਨ੍ਹਾਨ[*], ਤੋਬਰਾ ਕੈਸੇ[2]?'
ਤਿਨ ਕੇ ਨਿਕਟ ਬਤਾਵਨ ਕੀਨ।
-ਮੇਰੇ ਗੁਰੂ ਸ੍ਰਾਪ ਇਮ ਦੀਨ ॥੨੬॥
ਖੇਹ ਤੋਬਰਾ ਬਦਨ ਚਢਾਇ।
ਫਾਹਾ ਦੇਹਿਂ ਤੁਰਕ ਮਰਿਵਾਇ।
ਅਪਰ ਬਾਤ ਸਗਰੀ ਬਨਿ ਆਈ।
ਨਹੀਂ ਤੋਬਰਾ ਤੁਮਹੁਂ ਅਨਾਈ ॥੨੭॥
ਸੋ ਮੰਗਵਾਇ ਦੇਹੁ ਮੁਝ ਫਾਸੀ।
ਪੂਰਹੁ ਬਾਕ ਗੁਰੂ ਅਬਿਨਾਸ਼ੀ।
ਨਤੁਰ ਤੋਬਰੇ ਹਿਤ ਤਨ ਔਰ।
ਸਹੌਂ ਸ੍ਰਾਪ ਧਰਿ ਕੈ ਕਿਸ ਠੌਰ- ॥੨੮॥
ਸੁਨਿ ਕੈ ਤੁਰਕ ਤਥਾ ਹੀ ਕੀਨਿ।

---
[1]ਕਪੂਰਾ ਬੋਲਿਆ
[*]ਪ:-ਨਾਹਿ।
[2]ਇਸ਼ਨਾਨ ਤਾਂ ਜੋਗ ਹੈ ਪਰ ਤੋਬਰਾ ਕਿਸ ਲਈ?

ਖੇਹ ਤੋਬਰਾ ਮੁਖ ਬਿਚ ਦੀਨ।
ਪਾਇ ਜੇਵਰਾ ਗਰ ਲਟਕਾਯੋ।
ਇਮ ਅਵਗਤਿ ਲਹਿ ਪ੍ਰਾਨ ਗਵਾਯੋ ॥੨੯॥
ਰਾਵਰ ਕੋ ਜੋ ਹੁਕਮ ਨ ਮਾਨਾ।
ਮਹਾਂ ਮੂੜ ਲਹਿ ਕਸ਼ਟ ਮਹਾਨਾ।'
[1]ਸੁਨਿ ਸਤਿਗੁਰ ਮੁਖ ਤੂਸ਼ਨਿ ਧਾਰੀ।
[2]ਬਾਕ ਅਮੋਘ ਟਰਹਿਂ ਨਹਿਂ ਟਾਰੀ ॥੩੦॥
ਬ੍ਰਹਮ ਅਸਤ੍ਰ ਰਘੁਬਰ ਸਰਸੰਗਾ[੪]।
ਭਯੋ ਨ ਨਿਸ਼ਫਲ ਸ਼ੱਤ੍ਰੁਨਿ ਭੰਗਾ।
ਨਹੀਂ ਸਮਰਥ ਹਟਾਵਨਿ ਕੋਈ।
ਓਟ ਸੁਮੇਰ ਨ ਬਚਿਬੋ ਹੋਈ ॥੩੧॥
ਸੁਨਿ ਬੈਰਾੜ ਤ੍ਰਾਸ ਕੇ ਸਾਥ।
ਸ਼ਰਧਾ ਸਹਿਤ ਨਿਵਾਵਹਿਂ ਮਾਥ।
ਕੇਚਿਤ ਦਿਵਸ ਬਿਤੇ ਤਹਿਂ ਔਰ।
ਬਸੇ ਪ੍ਰਭੁ ਸੋਢੀ ਸਿਰਮੌਰ ॥੩੨॥
ਅਭੈ ਰਾਮ ਬਡ ਸ਼ੋਕ ਭਯੋ ਹੈ।
ਜੁਗ ਪੁੱਤ੍ਰਨਿ ਇਕ ਬਾਰ ਹਯੋ ਹੈ।
ਇਕ ਦਿਨ ਲਾਗਯੋ ਕਰਨਿ ਅਹਾਰਾ।
ਬਰਖਾ ਮਹਿਂ ਗਰਜਯੋ ਘਨ ਬਾਰਾ ॥੩੩॥
ਸਹਿ ਨ ਸਕਯੋ ਦੁਖ ਪਾਇ ਉਚਾਰੇ।
'ਮੁਝ ਕੋ ਸ਼ੋਕ ਭਯੋ ਸੁਤ ਮਾਰੇ।
ਘਰ ਤੇਰੇ ਮਹਿਂ ਭਈ ਵਧਾਈ।
ਗਰਜਿ ਗਰਜਿ ਕੈ ਮੋਹਿ ਸੁਨਾਈ ॥੩੪॥
ਮੇਰੀ ਪੀਰ ਨ ਤੁਝ ਕੋ ਕੋਈ।
ਸ਼ੋਕ ਪਰੋਯੋ ਪੀੜਤਿ ਹੋਈ।
ਅਬਿ ਹਟਿ ਜਾਹੁ ਨ ਦੇਹੁ ਦਿਖਾਈ।'

---

[1]ਕਵੀ ਕਹਿੰਦਾ ਹੈ।

[2](ਗੁਰੂ ਜੀ ਦਾ) ਵਾਕ ਟਾਲਿਆਂ ਨਾ ਟਲਣ ਵਾਲਾ (ਐਡਾ) ਅਮੋਘ ਹੈ (ਜੈਸਾ) ਬ੍ਰਹਮ ਅਸਤ੍ਰ ਵਾਲਾ ਰਘੁਬਰ ਦਾ ਤੀਰ। [ਬ੍ਰਹਮਾਸਤ੍ਰ=ਇਕ ਪ੍ਰਕਾਰ ਦਾ ਅਸਤ੍ਰ ਜੋ ਮੰਤ੍ਰਾਂ ਨਾਲ ਪਵਿੱਤ੍ਰ ਕਰਕੇ ਚਲਾਇਆ ਜਾਂਦਾ ਸੀ]। (ਅ) ਗੁਰੂ ਕਾ ਵਾਕ ਐਸਾ ਅਮੋਘ ਤੇ ਟਾਲਿਆਂ ਨਾਂ ਟਲਣ ਵਾਲਾ ਹੈ ਕਿ ਜੈਸੇ ਬ੍ਰਹਮਾਂ ਦਾ ਤੀਰ ਰਘੁਬਰ ਦੇ ਧਨੁਖ ਨਾਲ ਚਲਾਇਆ ਹੋਇਆ (ਅਮੋਘ ਹੈ)। [ਬ੍ਰਹਮਾਸਤ੍ਰ=ਬ੍ਰਹਮਾ ਦਾ ਅਸਤ੍ਰ। ਬ੍ਰਹਮਾ ਰਚਿਤ ਇਕ ਤਰ੍ਹਾਂ ਦਾ ਤੀਰ। 'ਸਰ' ਦਾ ਅਰਥ ਬਾਣ ਹੈ, ਪਰ 'ਸਰ' ਦਾ ਅਰਥ ਰੱਸੀ ਹੋਣ ਕਰਕੇ ਇਸ ਦਾ ਭਾਵ ਕਮਾਨ ਬੀ ਲਿਆ ਜਾਂਦਾ ਹੈ]।

ਅਭੈਰਾਮ ਜਬਿ ਏਵ ਅਲਾਈ ॥੩੫॥
ਝਰ ਮਿਟਿ ਗਯੋ ਨ ਬਰਖ੍ਯੋ ਬਾਰੀ।
ਭਾ ਦੁਰਭਿੱਛ ਦੇਸ਼ ਤਿਸ ਭਾਰੀ।
ਚਿੰਰਕਾਲ ਲਗਿ ਮੇਘ ਨ ਆਏ।
ਰਵਿ ਤਪਤ੍ਯੋ ਬਹੁ ਨਰ ਅਕੁਲਾਏ ॥੩੬॥
ਇਸ ਪ੍ਰਕਾਰ ਤਿਤ ਕੇਰ ਪ੍ਰਸੰਗ।
ਭਯੋ ਉਚਾਰ੍ਯੋ[1] ਸ਼੍ਰੋਤਨ ਸੰਗ[2]।
ਬਾਸ ਦਮਦਮੇ ਸਤਿਗੁਰ ਕੀਨਿ।
ਕੇਤਿਕ[3] ਸ੍ਰਾਪ ਕਿਤਿਕ ਬਰ ਲੀਨ ॥੩੭॥
[*]ਇਕ ਦਿਨ ਬੈਠੇ ਸਭਾ ਮਝਾਰੀ।
ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਕਹਹੁ ਧਰਾ ਇਹੁ ਕਿਨੇ ਉਠਾਈ?
ਕਿਸ ਊਪਰ ਥਿਰ ਹੋਤਿ ਸਦਾਈ' ॥੩੮॥
ਕੋ ਭਾਖਤਿ 'ਛਿਤ ਧਵਲ ਉਠਾਵੈ।'
ਕੇਚਿਤ ਬੋਲੇ 'ਸ਼ੇਸ਼ ਚਵਾਵੈ[4]।'
'ਕਮਠ ਪੀਠ ਪਰ' ਕਿਨਹੁੰ ਬਤਾਈ।
'ਕੋਲ ਦਾੜ ਪਰ[5]' ਕਹੈਂ ਉਠਾਈ' ॥੩੯॥
ਸੁਨਿ ਪੁਨ ਗੁਰੂ ਸੁ ਬੂਝਨਿ ਕਰੇ।
'ਜਿਨਹੁੰ ਉਠਾਈ ਕੋ ਤਿਨ ਤਰੇ[6]?
ਬਿਨ ਅਲੰਬ ਨਹਿਂ ਸਕਹਿ ਉਠਾਇ।
ਜਿਨਹੁੰ ਉਠਾਇ ਸੁ ਦੇਹੁ ਬਤਾਇ' ॥੪੦॥
ਹਾਥ ਜੋਰਿ ਸਭਿਹੂੰਨਿ ਅਲਾਈ।
'ਕ੍ਰਿਪਾ ਕਰਹੁ ਦਿਹੁ ਆਪ ਬਤਾਈ।'
ਸ਼੍ਰੀ ਮੁਖ ਤੇ ਸਭਿ ਬਿਖੈ ਉਚਾਰਾ।
'ਇਹ ਜੋ ਦੇਖਹੁ ਸਕਲ ਪਸਾਰਾ ॥੪੧॥
ਸਾਚ ਆਸਰੇ ਸਭਿ ਥਿਰ ਭਯੋ।

---

[1]ਕਵੀ ਜੀ ਕਹਿੰਦੇ ਹਨ।
[2]ਸ਼੍ਰੋਤਿਆਂ ਨਾਲ।
[3]ਕਿਤਨਿਆਂ ਨੇ।
[*]ਸਾਖੀ ਪੋਥੀ ਦੀ ਸਾਖੀ ਹੈ।
[4]ਚੁੱਕਦਾ ਹੈ।
[5]ਸੂਰ ਦੀ ਦਾੜ ਉਤੇ।
[6]ਤਿਨ੍ਹਾਂ ਦੇ ਹੇਠਾਂ ਭਾਵ ਅੰਤ ਵਿਚ ਸਭ ਦੇ ਹੇਠਾਂ ਕੌਣ ਹੈ।

ਸਾਚ ਬਿਨਾ ਅਵਲੰਬ ਨ ਬਿਯੋ।
ਸਾਚ ਆਸਰੇ ਸੂਰਜ ਤਪੈ।
ਸਾਚ ਆਸਰੇ ਨਿਸਪਤਿ ਦਿਪੈ ॥੪੨॥
ਸਾਚ ਆਸਰੇ ਸਿੰਧੁ ਗੰਭੀਰ।
ਸਾਚ ਆਸਰੇ ਧਰਤੀ ਧੀਰ।
ਸਾਚ ਆਸਰੇ ਬਾਯੁ ਬਹੰਤਾ।
ਸਾਚ ਅਸਾਰੇ ਅਗਨਿ ਤਪੰਤਾ ॥੪੩॥
ਸਾਚ ਆਸਰੇ ਕੂੜ ਦਿਖੰਤਾ।
ਸਾਚ ਬਿਨਾ ਕੂੜ ਨ ਨਿਬਹੰਤਾ[1]।
ਜਥਾ ਰਜੁ ਸਾਚੀ ਦਿਖਿਯੰਤਾ।
ਤਿਸ ਮਹਿਂ ਕੂੜ ਸਰਪ ਕਲਪੰਤਾ ॥੪੪॥
ਜੇ ਸਾਚੀ ਰਜੁ ਹੋਇ ਨ ਤਹਾਂ।
ਸਰਪ ਕੂੜ ਕੋ ਕਲਪਹਿ ਕਹਾਂ।
ਯਾਂ ਤੇ ਨਿਸਚੈ ਇਹੈ ਕਰੀਜੈ।
ਸਾਚ ਆਸਰੇ ਸਕਲ ਜਨੀਜੈ[+]' ॥੪੫॥
ਸੁਨਿ ਕੈ ਸਭਿ ਹੂੰ ਸੀਸ ਨਿਵਾਯੋ।
'ਆਪ ਜਥਾਰਥ ਹੀ ਸਮੁਝਾਯੋ।
ਜਿਸ ਪਰ ਕ੍ਰਿਪਾ ਆਪ ਕੀ ਹੋਇ।
ਸਾਚ ਪਛਾਨੈ ਹਰਿ ਜੀ ਸੋਇ ॥੪੬॥
ਧੰਨ ਧੰਨ ਸਤਿਸੰਗ ਤੁਮਾਰਾ।
ਭਉਜਲ ਪਾਰ ਉਤਾਰਨ ਹਾਰਾ।
ਜਨਮ ਮਰਨ ਕੋ ਬਹੁ ਨ ਫੇਰਾ।
ਅਪਨੋ ਜਾਨਿ ਕਰਯੋ ਜੋ ਚੇਰਾ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੦॥

---

[1]ਭਾਵ ਕੂੜੇ ਪ੍ਰਪੰਚ ਦਾ ਨਿਰਬਾਹ ਸੱਚ ਬਿਨਾਂ ਨਹੀਂ ਹੋ ਸਕਦਾ।

[+]ਰੂਹਾਨੀ ਆਧਾਰ ਜਗਤ ਦਾ ਕਰਤਾਰ ਆਪ ਹੈ। ਜੋ ਸੱਚ ਹੋਕੇ ਸਾਰੇ ਵਕਾਪਕ ਤੇ ਸਭ ਦਾ ਆਧਾਰ ਹੈ। ਇਹ ਕਹਿਣ ਵਿਚ ਇਹ ਜਣਾਯਾ ਹੈ ਕਿ ਧਰਤੀ ਸੂਰਜ ਚੰਦ ਤਾਰੇ ਕਿਸੇ ਸਰੀਰਕ ਸਥੂਲ ਮੱਛੂ ਕੱਛੂ ਆਦਿ ਦੇ ਸਿਰ ਤੇ ਨਹੀਂ ਖੜੇ, ਇਹ ਖਿਆਲ ਗ਼ਲਤ ਹਨ, ਇਹ ਸਤਸਰੂਪ ਸਾਈਂ ਦੀ ਸੱਤਯਾ ਦੇ ਆਸਰੇ ਪੁਲਾੜ ਵਿਚ ਹਨ ਤੇ ਚਲ ਰਹੇ ਹਨ, ਯਥਾ:-"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ "

## ੩੧. [ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ]

੩੦<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੨

ਦੋਹਰਾ: ਦਯਾ ਸਿੰਘ ਕੋ ਸਿਮਰਤੇ,
-ਗਯੋ ਭਯੋ ਚਿਰਕਾਲ।
ਮਿਲࣹਯੋ ਕਿ ਨਹਿਂ ਤੁਰਕੇਸ਼ ਕੋ,
ਲਾਗੀ ਬਿਲਮ[1] ਬਿਸਾਲ ॥੧॥
ਚੌਪਈ: ਤਿਹ ਸੁਧ ਲੈ ਹਮ ਦੱਛਨ ਜਾਨਾ।
ਕਿਮ ਕਾਰਜ ਭਾ ਕੋਇ ਨ ਜਾਨਾ-।
ਕਰਹਿਂ ਪ੍ਰਤੀਛਨ ਸ਼੍ਰੀ ਭਗਵਾਨ।
ਉਤ ਜਿਮ ਭਈ ਸੁਨਹੁਂ ਦੇ ਕਾਨ ॥੨॥
ਦੈਨ ਹੁਕਮ ਨਾਮਾ ਗੁਰ ਕੇਰਾ।
ਦਯਾ ਸਿੰਘ ਕਰਿ ਜਤਨ ਬਡੇਰਾ[2]।
ਘਨੇ ਅਮੀਰ ਵਜ਼ੀਰ ਮੁਲਾਨੇ।
ਹਜ਼ਰਤਿ ਸਾਥ ਨ ਕੋਇ ਬਖਾਨੇ ॥੩॥
ਕੇਤਿਕ ਬਾਦੀ ਮਨਮੁਖ ਗੁਰ ਤੇ।
ਬਡੇ ਅਸ਼ਰਧਕ ਬੇਮੁਖ ਧੁਰ ਤੇ।
ਜੇ ਕੋਇਕ ਚਾਹਤਿ ਲੇ ਜਾਨੇ।
ਸੋ ਬਰਜਤਿ ਥੇ ਮੁਗਧ ਅਜਾਨੇ ॥੪॥
ਦਾਵ ਘਾਵ ਕਰਿ ਅਨਿਕ ਪ੍ਰਕਾਰਾ।
ਦਯਾ ਸਿੰਘ ਕੋ ਚਲࣹਯੋ ਨ ਚਾਰਾ।
ਹੁਇ ਲਾਲਚੀ ਲਿਖੀ ਅਰਦਾਸ।
ਪਹੁਂਚੀ ਸ਼੍ਰੀ ਸਤਿਗੁਰ ਕੇ ਪਾਸ ॥੫॥
ਜੋਰੀ ਕਾਸਦ[3] ਕੀ ਚਲਿ ਆਈ।
ਚਰਨ ਕਮਲ ਪਰ ਗ੍ਰੀਵ ਨਿਵਾਈ।
ਖੋਲੀ ਨਿਜ ਕਰ ਤੇ ਗੁਰ ਪਠੀ।
ਦਯਾ ਸਿੰਘ ਬਿਨਤੀ[4] ਲਿਖਿ ਪਠੀ ॥੬॥
'ਅਪਨਾ ਕਾਰਜ ਆਪ ਬਨਾਵਹੁ।
ਜਿਮ ਭੇਜࣹਯੋ ਤਿਮ ਸ਼ਾਹੁ ਮਿਲਾਵਹੁ।

---

[1]ਦੇਰ।
[2]ਬਹੁਤ ਜਤਨ ਕੀਤਾ।
[3]ਹਲਕਾਰਿਆਂ ਦੀ ਜੋੜੀ।
[4]ਮੈਂ ਦਇਆ ਸਿੰਘ ਲਿਖਦਾ ਹਾਂ ਇਹ ਬੇਨਤੀ [ਪੁ: ਪੰ: ਲਿਖਤੁਮ ਮੈਂ]। (ਅ) ਲਿਖੀ ਹੋਈ, ਲਿਖੀ ਗਈ। [ਸੰ:, ਲਿਖਿਤ [ਸੰ: ਲਿਖਤ੍ਰ=ਲਿਖੇ ਜਾਣ ਦੀ ਦਸ਼ਾ]।

ਇਹਠਾਂ ਸਾਕਤ ਕੂੜ ਕੁਪੱਤੇ।
ਮਿਲਨਿ ਦੇਤਿ ਨਹਿਂ ਸ਼ਾਹੁ ਚੁਗੱਤੇ ॥੭॥
ਅਨਿਕ ਉਪਾਵ ਕਰਤਿ ਮੈਂ ਰਹਜੋ।
ਤਊ ਨ ਅੰਤਰ ਮੇਲਾ ਲਹਜੋ।
ਲਿਖਤੁਮ ਦਯਾ ਸਿੰਘ ਇਮ ਬਿਨਤੀ।
ਪਠੀ ਹਕੀਕਤਿ ਤਜਿ ਕਰਿ ਗਿਨਤੀ ॥੮॥
ਚਰਨ ਕਮਲ ਪਰ ਬੰਦਨ ਘਨੀ।
ਬਾਰਿ ਬਾਰਿ ਕਰ ਜੋਰਤਿ ਭਨੀ।
ਕ੍ਰਿਪਾ ਕਰਹੁ ਅਬਿ ਬਨਹੁ ਸਹਾਇ।
ਤੁਮ ਤੇ ਹੀ ਸਭਿ ਕਿਛ ਬਨਿ ਆਇ' ॥੯॥

ਪਠਿ ਕਰਿ ਸਤਿਗੁਰ ਸਭਿ ਗਤਿ ਜਾਨੀ।
ਪੁਨਹਿ ਪੱਤ੍ਰਿਕਾ ਲਿਖਿਬੇ ਠਾਨੀ।

'ਅਬਿ ਤੂੰ ਤਯਾਰ ਰਹਹੁ ਬਨਿ ਆਛੇ।
ਪੱਤ੍ਰੀ ਪਢੇ ਮੇਲ ਹੁਇ ਬਾਛੇ[1]* ॥੧੦॥
ਆਪੇ ਹੀ ਅਵਰੰਗ ਬੁਲਵਾਵੈ।
ਸੁਨਹਿ ਬਾਰਤਾ ਬਹੁਰ ਸੁਨਾਵੈ।'
ਇੱਤਯਾਦਿਕ ਲਿਖਿ ਤੁਰਤ ਪਠਾਈ।
ਦਯਾ ਸਿੰਘ ਕੇ ਨਿਕਟ ਸੁ ਆਈ ॥੧੧॥
ਪਠੀ ਪੱਤ੍ਰਿਕਾ ਗੁਰ ਕੀ ਜਬੈ।
ਸਮੁਝਜੋ, ਕਾਰਜ ਗੁਰ ਕੋ ਸਬੈ।
'ਜਬਹਿ ਸ਼ਾਹੁ ਕੇ ਨਿਕਟਿ ਸਿਧਾਵੋਂ।
ਸ਼ਸਤ੍ਰ ਅਮਾਨਤਿ ਜਾਚੇ ਲਯਾਵੋਂ[2]' ॥੧੨॥
ਅਧਿਕ ਅਨੰਦਤਿ ਹੁਇ ਤਬਿ ਥਿਰਜੋ।
ਮਾਨਹੁ ਕਾਜ ਸਕਲ ਹੀ ਕਰਜੋ।
ਸੋ ਦਿਨ ਬੀਤਾ ਨਿਸ ਹੁਇ ਆਈ।
*ਅਵਰੰਗ ਦਮ[3] ਕੋ ਕਰਤਿ ਸਦਾਈ ॥੧੩॥
ਤਿਸ ਕੇ ਬਲ ਕਰ ਜਾਤਿ ਹਮੇਸ਼।
ਕਾਬੇ ਕਰਹਿ ਨਿਵਾਜ ਅਸ਼ੇਸ਼।

---

[1]ਇੱਛਤ ਮੇਲ ਹੁਣ ਹੋ ਜਾਏਗਾ।
*ਪਾ-ਪਾਛੇ।
[2]ਭਾਵ ਸਾਡਾ ਇਕ ਸ਼ਸਤ੍ਰ ਉਸ ਪਾਸ ਅਮਾਨਤ ਹੋਵੇਗਾ ਸੋ ਮੰਗ ਲਿਆਉਣਾ।
*ਸੌ ਸਾਖੀ ਦੀ ੨੮ਵੀਂ ਸਾਖੀ ਹੈ।
[3]ਪ੍ਰਾਣਾਯਾਮ [ਫਾ:, ਹਬਸਦਮ=ਸ੍ਵਾਸਾਂ ਦਾ ਰੋਕਣਾ]।

ਜਬਿ ਅਪਨੋ ਤਿਨ ਵਖਤ ਪਛਾਨਾ।
ਹਜ਼ਰਤ ਕਰਨ ਸੁ ਦਮ ਕੋ ਠਾਨਾ ॥੧੪॥
ਮੱਕੇ ਪਹੁੰਚਯੋ ਕਰਨਿ ਨਿਵਾਜ[+]।
ਗਾਥ ਲਖੀ ਸਭਿ ਗੁਰੁ ਮਹਾਂਰਾਜ।
ਤਿਸ ਕੀ ਸੂਰਤ ਕੇਰ ਗ਼ਰੂਰ।
ਪ੍ਰਭੂ ਬਿਚਾਰਯੋ ਕਰਿਬੇ ਦੂਰ ॥੧੫॥
ਕਮਰਕਸਾ[*] ਕਰਿ ਸ਼ਸਤ੍ਰਨਿ ਧਰਿ ਕੈ।
ਨਿਜ ਤੁਰੰਗ ਆਰੂਢਨਿ ਕਰਿ ਕੈ।
ਮੱਕੇ ਪਹੁੰਚੇ ਸਤਿਗੁਰੂ ਜਾਈ।
ਬਿਚਰੇ ਮੰਦਿਰ ਕੇ ਚਹੁੰ ਘਾਈ ॥੧੬॥
ਜਬਿ ਨਿਵਾਜ ਕਰਿ ਨਿਕਸਯੋ ਬਾਹਰ।
ਪ੍ਰਭੁ ਸਰੂਪ ਦਿਖਰਾਯੋ ਜ਼ਾਹਰ।
ਕ੍ਰੂਰ[1] ਦ੍ਰਿਸ਼ਟਿ ਤੇ ਦੇਖਿਨਿ ਕਰਯੋਂ।
-ਨਿਕਸਤਿ ਪ੍ਰਾਣ ਮਨੋ- ਮਨ ਡਰਯੋ[2] ॥੧੭॥
ਉੱਗ੍ਰ ਬਾਕ ਤੇ ਕੀਨਿ ਬਖਾਨੀ।
'ਕੋ ਹੈ ਰੇ! ਮੂਰਖ ਮਦ ਮਾਨੀ?

---

[+]ਅਕਬਰ ਦੀ ਚਾਲ ਮਜ਼ਹਬੀ ਧੱਕਾ ਕਰਨ ਦੀ ਘੱਟ ਸੀ, ਤਦ ਤੋਂ ਕਾਜ਼ੀ ਮੁੱਲਾਂ ਨਾਰਾਜ਼ ਸਨ। ਔਰੰਗੇ ਨੇ ਇਹ ਚਾਲ ਬਦਲਕੇ ਮੁਸਲਮਾਨਾਂ ਨੂੰ ਖੁਸ਼ ਕਰ ਲਿਆ ਤੇ ਮੁਸਲਿਮ ਤਾਕਤ ਸੰਗਠਨ ਕਰਨ ਵਿਚ ਆਪਣਾ ਬਲ ਵਧਦਾ ਸਮਝਿਆ। ਹੁਣ ਦੂਸਰੀਆਂ ਕੌਮਾਂ ਤੇ ਇਨਸਾਫ ਪਸੰਦ ਮੁਸਲਮਾਨਾਂ ਨੇ ਤੇ ਆਮ ਲੋਕਾਂ ਨਰਾਜ਼ ਹੋਣਾ ਹੀ ਸੀ, ਸੋ ਏਹੋ ਜਿਹੀਆਂ ਗੱਲਾਂ ਸ਼ਾਹ ਦੀ ਰੂਹਾਨੀ ਤਾਕਤ ਦੀਆਂ ਮੁਲਾਣਿਆਂ ਨੇ ਘੜਕੇ ਸਰਬ ਸਾਧਾਰਨ ਵਿਚ ਫੈਲਾਈਆਂ ਕਿ ਸਾਡਾ ਸ਼ਾਹ ਇਤਨਾ ਬਲੀ ਹੈ ਕਿ ਰੋਜ਼ ਮੱਕੇ ਜਾਕੇ ਨਿਮਾਜ਼ ਪੜ੍ਹਦਾ ਹੈ। ਇਹ ਗੱਲ ਸੌ ਸਾਖੀ ਵਾਲੇ ਨੇ ਸੁਣੀ ਸੁਣਾਈ ਯਾ ਮਨੋਕਲਪਿਤ ਲਿਖੀ ਹੈ, ਉਥੋਂ ਦਾ ਉਤਾਰਾ ਕਵੀ ਜੀ ਨੇ ਕੀਤਾ ਹੈ। ਐਸੇ ਜ਼ਾਲਮ ਨਿਰਦਈ ਵਿਚ ਇਤਨੀ ਰੂਹਾਨੀ ਏਕਾਗ੍ਰਤਾ ਕਿੱਥੋਂ ਸੀ, ਓਹ ਤਾਂ ਇਤਿਹਾਸਕਾਰਾਂ ਦੇ ਲੇਖਾਂ ਤੋਂ ਅਸੀਂ ਦੱਸ ਆਏ ਹਾਂ ਕਿ ਮੁਸਲਮਾਨ ਵੀ ਦੀਨਦਾਰ ਨਹੀਂ ਸੀ, ਨਿਮਾਜ਼ ਰੋਜ਼ੇ ਦੀਨ ਦੇ ਕੰਮ ਸਭ ਇਕ ਬੁਰਕਾ ਮਾਤ੍ਰ ਸਨ, ਅੰਦਰਲੀਆਂ ਰਾਜਸੀ ਕਪਟ ਨੀਤੀਆਂ ਦੇ ਢੱਕਣ ਲਈ।

ਗੁਰੂ ਜੀ ਨੇ ਆਪ ਉਸਨੂੰ 'ਨ ਸਾਹਿਬ ਸ਼ਿਨਾਸੀ ਨ ਮੁਹੰਮਦ ਯਕੀਂ' ਲਿਖਿਆ ਹੈ। ਅਰਥਾਤ ਨਾਂ ਤੂੰ ਰੱਬ ਨੂੰ ਪਛਾਣਦਾ ਹੈਂ ਤੇ ਨਾਂ ਰੱਬ ਤੇ ਤੇਰਾ ਭਰੋਸਾ ਹੈ। ਅੰਤ ਵੇਲੇ ਔਰੰਗਜ਼ੇਬ ਆਪ ਆਪਣੇ ਅਮਲਾਂ ਤੋਂ ਘਬਰਾਉਂਦਾ ਤੇ ਆਕਬਤ ਤੋਂ ਡਰਦਾ ਮਰਦਾ ਹੈ। ਬਾਕੀ ਰਹੀ ਗੱਲ ਸਤਿਗੁਰੂ ਜੀ ਦਾ ਉਸਨੂੰ ਨਿਮਾਜ਼ ਵੇਲੇ ਦਰਗਾਹ ਦੇ ਦਰਸ਼ਨ ਕਰਾਕੇ ਆਪਣਾ ਭੈ ਦਿਖਾਉਣਾ, ਇਹ ਕਠਨ ਬਾਤ ਨਹੀਂ, ਕਿਉਂਕਿ ਸਤਿਗੁਰੂ ਜੀ ਆਪ ਆਤਮਕ ਬਲ ਦਾ ਪੁੰਜ ਸਨ। ਆਪਣੇ ਮਨ ਦੇ ਬਲ ਨਾਲ ਔਰੰਗੇ ਨੂੰ ਦਰਸ਼ਨ ਦੇਕੇ ਡਰਾ ਦੇਣਾ ਆਦਿਕ ਬਾਤਾਂ ਉਨ੍ਹਾਂ ਅੱਗੇ ਨਾਮੁਮਕਿਨ ਨਹੀਂ ਸਨ, ਜਦ ਕਿ ਹੁਣ ਮੈਸਿਮਰਿਜ਼ਮ ਤੇ ਹੈਪੁਨਾਟਇਜ਼ਮ ਵਾਲੇ ਮਾਮੂਲੀ ਲੋਕ ਐਹੋ ਜੇਹੀਆਂ ਕਈ ਗੱਲਾਂ ਕਰ ਰਹੇ ਹਨ।

[*]ਇਹ ਸ੍ਰੀਰਕ ਕ੍ਰਿਆ ਤੇ ਸ੍ਰੀਰਕ ਸਾਮਾਨ ਨਹੀਂ, ਧਿਆਨ ਵਿਚੋਂ ਔਰੰਗੇ ਨੂੰ ਏਹ ਸਰੂਪ ਦਰਸਾਉਣਾ ਤੇ ਆਪਣਾ ਅਸਰ ਪਾਉਣਾ ਉਨ੍ਹਾਂ ਲਈ ਕਠਨ ਬਾਤਾਂ ਨਹੀਂ ਹੋ ਸਕਦੀਆਂ।

[1]ਭੈਦਯਾਕ।

[2]ਮਨ ਵਿਚ ਡਰਿਆ ਕਿ ਮਾਨੋਂ ਪ੍ਰਾਣ ਨਿਕਲਦੇ ਹਨ।

ਆਗੈ ਹੋਇ, ਚਹਤਿ ਜੇ ਭਲਯੋ[1]।'
ਸੁਨਿ ਭੈ ਧਰਿ ਕਰਿ ਤੂਰਨ ਚਲਯੋ ॥੧੮॥
ਨਿਜ ਤੁਰੰਗ ਕੇ ਕਰਯੋ ਅਗਾਰੀ।
ਲੇ ਗਮਨੇ ਪ੍ਰਭੁ ਦੂਰ ਪਹਾਰੀ[2]।
ਪੁਰਸ਼ੋਤਮ ਕੀ ਸਭਾ ਬਿਸਾਲਾ।
ਤਹਾਂ ਕਰਯੋ ਠਾਂਢੋ ਤਿਸ ਕਾਲਾ ॥੧੯॥
ਤ੍ਰਸਤਿ ਅਧਿਕ ਉਰ ਥਿਰ ਹ੍ਵੈ ਰਹਯੋ।
ਅਜਬ ਖਾਨ ਪਿਖਿ ਬਿਸਮੈ ਲਹਯੋ।
ਤਬਿ ਅਕਾਸ਼ ਬਾਨੀ ਹੁਇ ਆਈ।
ਸੁਨਿਯਤਿ ਦੂਰ ਨ ਦੇਖੀ ਜਾਈ ॥੨੦॥
'ਰੇ ਬੰਦੇ ਮਤਿ ਮੰਦ ਅਜਾਨ!
ਮਤਿ ਕਰਿ ਸੂਰਤ ਕੇਰਿ ਗੁਮਾਨ।
ਹਮ ਜੋ ਗੁਰੂ ਗੁਰੂ ਸੋ ਹਮ ਹੈਂ।
ਤੂੰ ਬੰਦਾ ਕਿਮ ਹੋਵਤਿ ਸਮ ਹੈਂ ॥੨੧॥
ਮਤਿ ਬਰਾਬਰੀ ਕਰਿ[3] ਮਤਿ ਮੰਦੇ!
ਏਹ ਤੌਂ ਮੇਰੁ, ਰੰਚ ਤੂੰ[4], ਬੰਦੇ!
ਮਤ ਸਲਤਨ ਕੋ ਧਰਹੁ ਗੁਮਾਨ।
ਆਜ ਕਿ ਕਾਲ ਫਨਾਹੀ ਜਾਨ ॥੨੨॥
ਅਬਿ ਸਤਿਗੁਰ ਜੀ! ਦਿਹੁ ਇਸ ਛੋਰਿ।'
ਇਮ ਸੁਨਿ ਹਟੇ ਸੁ ਪਾਛਲ ਓਰ।
ਬਹੁਰ ਖਰੋ ਕਰਿ[5] ਗੁਰੂ ਨਿਹਾਰਾ।
'ਏਕ ਕਪੀਰਾ[6] ਲੇਹੁ ਹਮਾਰਾ ॥੨੩॥
ਬੈਠਯੋ ਸਿੰਘ ਕਿਤਿਕ ਦਿਨ ਭਏ।
ਤੋਹਿ ਮਿਲਨਿ ਕੌ ਹਮ ਪਠਿ ਦਏ।
ਸੋ ਮਾਂਗਹਿ ਇਹ ਦੇਵਨ ਕਰਹੁ।
ਇਤਨੇ ਭਲੇ ਸੰਭਾਰਿ ਸੁਧਰਹੁ ॥੨੪॥

---

[1]ਅੱਗੇ ਹੋ ਜੇ ਭਲਾ ਚਾਹੁੰਦਾ ਹੈ ਤਾਂ।
[2]ਪਹਾੜ ਨਹੀਂ ਪਰ ਧਜਾਨ ਵਿਚ ਔਰੰਗੇ ਨੂੰ ਉੱਚ ਟਿਕਾਣਾ ਪਹਾੜ ਹੋ ਦਿੱਸਿਆ ਹੈ।
[3]ਬਰਾਬਰੀ ਨਾ ਕਰ।
[4]ਇਹ ਤਾਂ ਮੇਰੂ ਹਨ ਤੂੰ ਰੰਚਕ ਮਾਤ੍ਰ ਹੈਂ।
[5]ਸਾਹਮਣੇ ਖੜਾ ਕਰਕੇ।
[6]ਕੱਪਣਾ ਤੋਂ ਕਪੀਰਾ=ਕਟਾਣ ਵਾਲਾ, ਕਟਾਰ। (ਅ) ਪਰ ਸੌ ਸਾਖੀ ਵਿਚ ਏਥੇ 'ਤੀਰ ਕਾ ਕਪੀਰਾ' ਲਿਖਿਆ ਹੈ ਜਿਸ ਤੋਂ ਮੁਰਾਦ ਤੀਰ ਦੇ ਫਲ ਦੀ ਹੋ ਸਕਦੀ ਹੈ।

ਅਬਿ ਚਲਿ ਜਾਹੁ ਤਜਯੋ ਤੁਝ ਤਾਈਂ।
ਨਹੀਂ ਦਈ ਕਿਸ ਭਾਂਤਿ ਸਜ਼ਾਈ।'
ਛੁਟਿ ਕੈ ਸੁਨਿ ਕੈ ਥਰਹਰਿ ਕਾਂਪਾ।
ਪਸ਼ਚਾਤਾਪ ਸੰਤਾਪਤਿ ਆਪਾ ॥੨੫॥
ਸਤਿਗੁਰ ਤਬੈ ਦਮਦਮੇ ਆਏ।
ਅਵਰੰਗ ਅਪਨੇ ਸਿਵਰ ਸਿਧਾਏ।
ਸਗਰੀ ਜਾਮਨਿ ਨੀਂਦ ਨ ਆਈ।
ਤ੍ਰਾਸਤਿ ਅਧਿਕੈ ਜਾਗਿ ਬਤਾਈ ॥੨੬॥
ਬਡੀ ਫਜਰ ਤੈਂ ਕੀਨਿ ਸ਼ਨਾਨ।
ਬਦਨ ਪਾਕ ਕਰਿ ਤਬੈ ਮਹਾਨ।
ਸਭਾ ਸਥਾਨ ਸੁ ਬੈਠਯੋ ਆਈ।
ਪਠਿ ਮਾਨਵ ਸਭਿ ਲੀਏ ਬੁਲਾਈ ॥੨੭॥
ਜੇ ਉਮਰਾਵ ਵਜ਼ੀਰ ਮੁਲਾਨੇ।
ਮਸਲੰਦੀ[1] ਸਭਿ 'ਆਵਨ ਠਾਨੇ।
ਕਾਜ਼ੀ ਗਨ ਉਲਮਾਉ ਘਨੇਰੇ।
ਕਰਿ ਤਸਲੀਮਾਤ[2] ਤਿਸ ਬੇਰੇ ॥੨੮॥
ਨਿਜ ਨਿਜ ਥਾਨ ਥਿਰੇ ਸਮੁਦਾਈ।
ਸਭਿ ਮਹਿਂ ਅਵਰੰਗ ਬਾਤ ਚਲਾਈ।
'ਗੁਰ ਕੋ ਸਿੰਘ ਇਹਾਂ ਚਲਿ ਆਯੋ?'
ਕੇਤਿਕ ਸੁਨਿ ਕਰ ਜੋਰਿ ਬਤਾਯੋ ॥੨੯॥
'ਹਜ਼ਰਤ ਜੀ! ਬਹੁ ਦਿਨ ਤੇ ਆਵਾ।
ਨਹਿਂ ਕਿਨਹੂੰ ਤੁਮ ਸੰਗ ਮਿਲਾਵਾ।
ਚਹਤਿ ਨਿਰੰਤਰ ਅੰਤਰ ਐਬੇ।
ਜਤਨ ਅਨਿਕ ਤੇ ਪ੍ਰਵਿਸ਼ ਨ ਪੈਬੇ' ॥੩੦॥
ਸੁਨਿ ਤਤਛਿਨ ਅਵਰੰਗ ਬੁਲਿਵਾਯੋ।
ਦਯਾ ਸਿੰਘ ਨਰ ਸੰਗ ਸਿਧਾਯੋ[3]।
ਧਰਮ ਸਿੰਘ ਸਨ ਅੰਤਰ ਗਏ।
ਸਿਰ ਨਿਵਾਵਬੋ ਤੁਰਕ ਨ ਕਏ[4] ॥੩੧॥

[1]ਮਸਲਿਹਤੀ, ਮਸਲਿਹਤ(=ਸਲਾਹ) ਦੇਣ ਵਾਲੇ।
[2]ਸਲਾਮਾਂ।
[3](ਪਾਤਸ਼ਾਹੀ) ਆਦਮੀ ਨਾਲ ਗਿਆ।
[4]ਤੁਰਕ ਨੂੰ ਸਿਰ ਨਾ ਨਿਵਾਇਆ।

ਕਰਜੋ ਹੁਕਮਨਾਂਵਾਂ ਸੁ ਅਗਾਰੀ।
ਧਰਿ ਕੈ ਸ਼ਾਹੁ ਸਮੀਪ ਉਚਾਰੀ।
'ਵਾਹਿਗੁਰੂ ਗੁਰ ਜੀ ਕੀ ਫਤੇ।'
ਕਹੀ ਹੁਕਮਨਾਮੇ ਦਿਸ਼ਿ ਚਿਤੇ[1] ॥੩੨॥
ਪਰਵਾਨੇ ਕੋ ਕਰਿ ਅਗਵਾਈ।
ਅਪਨੀ ਸਿੱਖੀ ਰਾਖਿ ਦਿਖਾਈ।
ਸੁਨਿ ਪਿਖਿ ਕੈ ਅਵਰੰਗ ਚੁਗੱਤਾ।
ਨਹਿਂ ਕੁਝ ਬੋਲਜੋ ਮਦ ਕਰਿ ਮੱਤਾ ॥੩੩॥
ਪਰਵਾਨਾ ਕੁਛ ਪਢਜੋ ਪਢਾਯੋ।
ਸਭਿ ਮਤਲਬ ਸਮਝਜੋ ਸਮੁਝਾਯੋ।
ਪੁਨ ਪਾਛੇ ਤੇ ਪਠਿ ਕਰਿ ਜਾਨਾ[2]।
'ਦੇ ਦੀਜੈ ਹਮਰੀ ਜੁ ਅਮਾਨਾ' ॥੩੪॥
ਗੁਪਤੀ ਪਠਜੋ ਸੁਨਜੋ ਥੋ ਸਾਰਾ[3]।
ਸੁਨਿ ਅਵਰੰਗੇ ਪੁਨਹਿ ਉਚਾਰਾ।
'ਹੋ ਤੁਮ ਕੌਨ ਕਹਾਂ ਤੇ ਆਏ?
ਕੌਨ ਕਾਜ ਕੋ ਕਿਨਹੁਂ ਪਠਾਏ?' ॥੩੫॥
ਦਯਾ ਸਿੰਘ ਤਬਿ ਕਹਜੋ ਸੁਨਾਈ।
'ਹਮ ਗੁਰ ਸਿਖ ਗੁਰ ਦਏ ਪਠਾਈ।
ਮੱਦ੍ਰ ਦੇਸ਼ ਤੇ ਚਲਿ ਇਤ ਆਏ।
ਮਿਲਨ ਕਾਜ ਸਤਿਗੁਰ ਫੁਰਮਾਏ' ॥੩੬॥
ਸੁਨਿ ਨੌਰੰਗੇ ਬਾਕ ਉਚਾਰੇ।
'ਅਬਿ ਕਿਸ ਥਲ ਹੈਂ ਗੁਰੂ ਤੁਮਾਰੇ।
ਕਹਾਂ ਬੈਠਿ ਕਰਿ ਤੁਮਹੁਂ ਪਠਾਯੋ।
ਤਿਹ ਠਾਂ ਰਹਜੋ ਕਿ ਅਨਥ ਸਿਧਾਯੋ[4]?' ॥੩੭॥
ਦਯਾ ਸਿੰਘ ਸੁਨਿ ਉੱਤਰ ਦੀਨਾ।
'ਸਰਬ ਸਥਾਨ ਗੁਰੂ ਹਮ ਚੀਨਾ।
ਜਹਾਂ ਜੁ ਸਿਮਰਹਿਂ ਹਾਜ਼ਰ ਹੋਇਂ।
ਅਬਿ ਤੇਰੇ ਆਗੇ ਗੁਰ ਸੋਇ' ॥੩੮॥

---

[1]ਹੁਕਮਨਾਮੇ ਵੱਲ ਵੇਖਕੇ (ਫਤਹ ਬੁਲਾਈ)।
[2]ਭਾਵ ਜਦੋਂ ਸਿੰਘਾਂ ਨੇ ਜਾਣਿਆਂ ਕਿ ਪੜ੍ਹ ਲਿਆ ਸੁ (ਉਸ ਮਗਰੋਂ ਬੋਲੇ)।
[3]ਗੁਪਤ ਸ਼ਸਤ੍ਰ ਭੇਜਿਆ ਸੀ ਇਹ ਸਾਰੀ ਗੱਲ ਸਿੰਘਾਂ ਨੇ ਸੁਣੀ ਹੋਈ ਸੀ।
[4]ਉਥੇ ਹੈ ਗੁਰੂ ਕਿ ਹੋਰਥੇ ਕਿਤੇ ਟੁਰ ਗਿਆ ਹੈ।

ਬਹੁਰ ਬੂਝਿਬੇ ਹੇਤੁ ਨੁਰੰਗਾ।
ਬੋਲਜੋ ਮੁਖ ਤੇ ਸਿੰਘਨ ਸੰਗਾ।
'ਤੁਮ ਗੁਰ ਸਿਖ ਅਰੁ ਗੁਰੂ ਤੁਮਾਰੋ।
ਲਖਿਯਤਿ ਕਰਾਮਾਤ ਕੋ ਧਾਰੋ[1*] ॥੩੯॥
ਦਯਾ ਸਿੰਘ ਸੁਨਿ ਉੱਤਰ ਦਾਤੀ[2]।
'ਗੁਰ ਕੇ ਕੁੱਤੇ ਭੀ ਕਰਮਾਤੀ।
ਗੁਰ ਸਿੱਖਨ ਅਰੁ ਗੁਰ ਕੇ ਬਿਖੈ।
ਅਜ਼ਮਤ ਹੋਨਿ ਕਿ ਅਚਰਜ ਪਿਖੈ' ॥੪੦॥
ਅਵਰੰਗਾ ਸੁਨਿ ਸੁਲਗੀ ਛਾਤੀ।
ਤਰਕਤਿ ਹੀ ਬੋਲਜੋ ਇਸ ਭਾਂਤੀ।
'ਜੇ ਨਿਸ਼ੰਕ ਇਮ ਬਾਕ ਅਲਾਵੋ।
ਇਕ ਕੁੱਤਾ ਇਸ ਥਲ ਮੰਗਵਾਵੋ ॥੪੧॥
ਕਰਾਮਾਤ ਕਿਮ ਹ੍ਵੈ ਤਿਸ ਮਾਂਹੀ।
ਦਿਹੁ ਦਿਖਾਇ ਆਨਹੁੰ ਮੁਝ ਪਾਹੀ।'
ਸੁਨਿ ਕੈ ਦਯਾ ਸਿੰਘ ਫੁਰਮਾਯੋ।
'ਧਰਮ ਸਿੰਘ ਕੋ ਸਿਵਰ[3] ਪਠਾਯੋ' ॥੪੨॥
ਲੇ ਕੂਕਰ ਸੋ ਗਯੋ ਸ਼ਿਕਾਰੀ।
ਪਤਲੋ ਮੁਖ ਲਾਂਗੁਲ ਸਟਕਾਰੀ[4]।
ਕਦ ਦੀਰਘ ਅਰੁ ਦਸਨ ਬਿਸਾਲਾ[5]।
ਲੈ ਪਹੁੰਚਜੋ ਅੰਤਰ ਤਤਕਾਲਾ ॥੪੩॥
ਅਵਰੰਗ ਨੇ ਢਿਗ ਖਰੋ ਨਿਹਾਰਾ।
ਦਯਾ ਸਿੰਘ ਤਿਹ ਸੰਗ ਉਚਾਰਾ।

---

[1]ਕਰਾਮਾਤ ਦੇ ਧਾਰਨ ਵਾਲਾ ਜਾਪਦਾ ਹੈ।
[*]ਇਬ੍ਰਾਨੀ ਤੇ ਅਰਬੀ ਧਰਮ ਗ੍ਰੰਥਾਂ ਵਿਚ ਪੈਕੰਬਰ ਦੀ ਨਿਸ਼ਾਨੀ ਕਰਾਮਾਤ ਹੈ। ਇਸ ਕਰਕੇ ਔਰੰਗਾ ਕਰਾਮਾਤ ਦੇਖਣ ਤੇ ਤੁਲਿਆ ਰਹਿੰਦਾ ਹੈ ਤੇ ਸਿੱਖੀ ਅਸੂਲ ਹੈ ਕਿ 'ਰਿਧਿ ਸਿਧਿ ਨਾਵੈ ਕੀ ਦਾਸੀ' ਪਰ ਕਰਾਮਾਤ ਦਿਖਾਲਦੇ ਨਹੀਂ, ਨਾ ਤਮਾਸੇ ਲਈ, ਨਾ ਆਪਣੀ ਪੈਕੰਬਰੀ ਦੱਸਣ ਲਈ, ਨਾ ਮੰਨ ਮੰਨੇ ਕਾਰਜਾਂ ਲਈ। ਪਰਉਪਕਾਰ ਲਈ ਤੇ ਕਦੇ ਕਦੇ ਈਸ਼੍ਵਰ ਆਗਜਾ ਵਿਚ ਇਸ ਦਾ ਵਰਤਾਉ ਸਤਿਗੁਰਾਂ ਤੋਂ ਹੁੰਦਾ ਰਿਹਾ ਹੈ। ਦਇਆ ਸਿੰਘ ਜੀ ਕਰਾਮਤ ਤੋਂ ਦੂਰ ਉਪਰ ਗੁਰੂ ਬ੍ਰਿਤੀ ਦਾ ਟਿਕਾਣਾ ਸਮਝਦੇ ਹਨ। ਜੋ ਮੁਸਲਮਾਨਾਂ ਵਿਚ ਪੈਕੰਬਰ ਦੀ ਨਿਸ਼ਾਨੀ ਹੈ, ਸੋ ਓਹ ਮਾਮੂਲੀ ਗੱਲ ਜਾਣਦੇ ਹਨ, ਇਸ ਕਰਕੇ ਅਮਲੀ ਗੱਲ ਕਰ ਦਿਖਾਲਦੇ ਹਨ ਕਿ ਆਪਣੇ ਇਕ ਕੁੱਤੇ ਤੋਂ ਗੱਲਾਂ ਕਰਾ ਦੇਣ ਦੀ ਤਾਕਤ ਦਾ ਪ੍ਰਕਾਸ਼ ਕਰਦੇ ਹਨ।
[2]ਦਿੱਤਾ।
[3]ਡੇਰੇ।
[4]ਪਤਲਾ ਮੂੰਹ ਸੀ ਤੇ ਪੂਛ ਫਟਕਾਰਦਾ ਸੀ।
[5]ਵੱਡੇ।

'ਕਰਹੁ ਸ਼ਾਹੁ ਕੋ ਕੁਛਕ ਸੁਨਾਵਨਿ।
ਜਿਸ ਕੋ ਸੁਨਿ ਮਨ ਕਰੈ ਨਿਵਾਵਨ ॥੪੪॥
ਤਬਿ ਕੂਕਰ ਨੇ ਕੂਕ ਸੁਨਾਯੋ।
ਅਪਨੋ ਬੋਲ ਸ਼ਾਹੁ ਸਮੁਝਾਯੋ।
'ਪੂਰਬ ਤੂੰ ਬਿਚ ਜਾਤਿ ਹਮਾਰੀ।
ਬਿਛਰਜੋ ਪੁਨ ਪਾਯੋ ਦੁਖ ਭਾਰੀ ॥੪੫॥
ਅਬਿ ਤੂੰ ਆਉ ਹਮਾਰੇ ਬੀਚ।
ਬਿਛਰਜੋ ਚਿਰੰਕਾਲ ਕੋ ਨੀਚ।
ਨਹੀਂ ਨਰਨ ਕੋ ਤੋਹਿ ਸ਼ਹੂਰ[1]।
ਤੌਂ ਰਹਿਨੇ ਕੀ ਕਹਾਂ ਜ਼ਰੂਰ?' ॥੪੬॥
ਸੁਨਤਿ ਸ਼ਾਹੁ ਸ਼ਰਮਿੰਦਾ ਭਯੋ।
ਕਿਸ ਪ੍ਰਕਾਰ ਨਹਿਂ ਬੋਲਜੋ ਗਯੋ।
ਜੇ ਮਸਲੰਦੀ ਢਿਗ ਉਮਰਾਇ।
ਰੁਖਸਦ ਕਰੇ ਗਏ ਸਮੁਦਾਇ ॥੪੭॥
ਦੋਨਹੁਂ ਸਿੰਘ ਤਹਾਂ ਥਿਰ ਰਹੇ।
ਅਵਿਲੋਕਤਿ ਚਵਗੱਤਾ ਕਹੇ।
'ਭਯੋ ਖਾਲਸਾ ਅਬਿ ਜਗ ਮਾਂਹੀ।
ਪਰ ਮੇਰੀ ਬੀਚਹਿ ਪਤਿਸ਼ਾਹੀ[2] ॥੪੮॥
ਅਧਿਕ ਕਾਹਲੀ ਗੁਰ ਨੇ ਕਰੀ।
ਅਜਹੁ ਨ ਮੋ ਕੁਛ ਪੂਰੀ ਪਰੀ।
ਮਮ ਪਤਿਸ਼ਾਹਿਤ ਜਬਿ ਹਟਿ ਜਾਤੀ।
ਤਬੀ ਖਾਲਸਾ ਹੋਤਿ ਸੁਖਾਤੀ[3]*' ॥੪੯॥
ਉੱਤਰ ਦਯਾ ਸਿੰਘ ਤਬਿ ਦੀਨਿ।
'ਤੁਮ ਭੀ ਅਧਿਕ ਕਾਹਲੀ ਕੀਨਿ।
ਏਕ ਮਜਬ ਹੀ ਲਾਗੇ ਕਰਨੇ।
ਹਿੰਦੂ ਧਰਮ ਧਰਾ ਤੇ ਹਰਨੇ ॥੫੦॥
ਸਤਿਗੁਰ ਤਬਿ ਕਰਿ ਦੀਨੇ ਤੀਨ।

---

[1]ਮਨੁੱਖਾਂ ਵਾਲੀ ਅਕਲ ਤੈਨੂੰ ਨਹੀਂ
[ਅ਼:, ਸ਼ਊਰ=ਅ਼ਕਲ, ਪਛਾਣ]।
[2]ਪਰ ਮੇਰੀ ਪਾਤਸ਼ਾਹੀ ਵਿਚ ਹੋਇਆ ਹੈ।
[3]ਸੁਖ ਨਾਲ।
(ਅ) ਸੁਖਾਉਂਦਾ।
*ਪਾ:-ਤਬਿ ਗੁਰ ਅਪਨੋ ਪੰਥ ਪ੍ਰਗਟਾਤੀ।

ਭਯੋ ਖਾਲਸਾ ਤੁਰਤ ਪ੍ਰਬੀਨ।'
ਬਹੁਰ ਨੁਰੰਗੇ ਬਾਕ ਉਚਾਰਾ।
'ਕਰਹਿ ਕਾਮ ਕਜਾ ਗੁਰੂ ਤੁਮਾਰਾ?' ॥੫੧॥
ਦਯਾ ਸਿੰਘ ਤਬਿ ਦਿਯੋ ਸੁਨਾਈ।
'ਇਕਠੇ ਕਰਹਿਂ ਸ਼ਸਤ੍ਰ ਸਮੁਦਾਈ।
ਇਕ ਆਯੁਧ ਤੁਮ ਢਿਗ ਫੁਰਮਾਯੋ।
ਸੋ ਅਬਿ ਚਹੀਅਹਿ ਹਮਹਿ ਦਿਵਾਯੋ' ॥੫੨॥
ਕਹੈ ਨੁਰੰਗ 'ਦੂਰ ਮੈਂ ਗਯੋ।
ਤਹਾਂ ਕਪੀਰਾ ਸਤਿਗੁਰ ਦਯੋ।
ਕਹ੍ਯੋ -ਬਹੁਤ ਹੀ ਰਾਖਹੁ ਸੰਮ੍ਹਾਲ-।
ਸੋ ਮੈਂ ਧਰ੍ਯੋ ਸੁਚੇਤੀ ਨਾਲ+' ॥੫੩॥
ਇਮ ਕਹਿ ਦਯਾ ਸਿੰਘ ਕੋ ਦਯੋ।
ਨੀਕੇ ਅਦਬ ਸਾਥ ਕਰ ਲਯੋ।
ਬਹੁਰ ਨੁਰੰਗੇ ਬਾਕ ਸੁਨਾਵਾ।
'ਮੇਰੋ ਲਖਿ ਬਰਾਦਰੀ ਦਾਵਾ[੧]++ ॥੫੪॥
ਦਯਾ ਸਿੰਘ! ਗੁਰ ਚਸ਼ਮ ਸੁ ਦੀਦਮ।
ਮੇਲ ਹੋਨਿ ਕਿਸ ਥਾਨ ਰਸੀਦਮ[੨]।'
ਸੁਨਿ ਉੱਤਰ ਦੀਨਸ ਤਿਸ ਤੀਰਿ।
ਭਰ੍ਯੋ ਜ਼ੋਰ ਸੋਂ ਅਰੁ ਰਸ ਬੀਰ ॥੫੫॥
'ਸੈਫ ਕਸੇ ਕਟ[੩] ਬਾਨ ਕਮਾਨ।
ਸਤਿਗੁਰ ਮੇਲ ਜੰਗ ਦਰਮਜਾਨ।
ਬਡੇ ਬਹਾਦੁਰ ਆਯੁਧ ਧਾਰੀ।
ਚਮੂੰ ਅਸੰਖ ਸੰਗ ਅਸਵਾਰੀ' ॥੫੬॥
ਭਾਖੈ ਸ਼ਾਹੁ 'ਤਮਾਮ ਜਹਾਨ।

---

+ਰੂਹਾਨੀ ਤਾਕਤ ਨਾਲ ਸਥੂਲ ਚੀਜ਼ ਨੂੰ ਕਿਤੇ ਪੁਚਾ ਦੇਣਾ ਰੂਹਾਨੀ ਵਿਦਿਆ ਵਾਲਿਆਂ ਨੇ ਸੰਭਵ ਮੰਨਿਆ ਹੈ।
[੧]ਗੁਰਾਂ ਨਾਲ ਮੇਰਾ ਭਾਈ ਬੰਦੀ ਦਾ ਦਾਵਾ ਹੈ।
++ਪਤਾ ਨਹੀਂ ਗੁਰੂ ਮੁਆਹਦ ਹਨ (ਇਕ ਅਕਾਲ ਦੇ ਉਪਾਸਕ ਹਨ) ਇਸ ਕਰਕੇ ਕਹਿ ਰਿਹਾ ਹੈ ਯਾ ਆਪਣੇ ਅਭਿਮਾਨ ਵਿਚ ਕਹਿ ਰਿਹਾ ਹੈ ਕਿ ਮੈਂ ਵੀ ਬੜਾ ਦੀਨਦਾਰ ਹਾਂ।
[੨]ਅਖਰੀਂ ਅਰਥ ਹਨ:- ਹੇ ਦਇਆ ਸਿੰਘ ਮੈਂ ਗੁਰਾਂ ਨੂੰ ਅੱਖਾਂ ਨਾਲ ਤਾਂ ਦੇਖ ਲਿਆ ਹੈ ਪਰ ਮੇਲ ਕਰਨ ਲਈ ਕਿਸ ਥਾਂ ਪਹੁੰਚਾਂ? ਪਰੰਤੂ ਕਵੀ ਜੀ ਦਾ 'ਦੀਦਮ'ਤੋਂ ਮਤਲਬ 'ਦੀਦਨ' ਹੈ-ਦੇਖਣ ਲਈ। ਇਸ ਤੋਂ ਪ੍ਰਕਰਣ ਅਨੁਸਾਰ ਐਉਂ ਬਣਦਾ ਹੈ ਅਰਥ:-ਮੈਂ ਗੁਰਾਂ ਨੂੰ ਇਨ੍ਹਾਂ ਅੱਖਾਂ ਨਾਲ ਦੇਖਣਾ ਚਾਹੁੰਦਾ ਹਾਂ ਕਿਹੜੀ ਥਾਂ ਮੇਲ ਹੋ ਸਕਦਾ ਹੈ ਜੋ ਮੈਂ ਪਹੁੰਚਾਂ।
[ਰਸੀਦਮ ਤੋਂ ਭਾਵ ਰਸੀਦਨ ਹੋਵੇ ਤਾਂ ਅਰਥ ਹੋਊ ਮੇਲ ਲਈ ਕਿਸ ਥਾਂ ਪਹੁੰਚਣਾ ਚਾਹੀਏ।]
[੩]ਲੱਕ ਵਿਚ।

ਰਾਖਹੁ ਸੈਨ ਸੁ ਰੱਯਤਿ ਜਾਨਿ[1]।
ਬਰਜ ਦੇਯ ਹੌਂ ਜਾਹਿ ਨ ਕੋਈ।
ਤਬਿ ਕਹੁ ਕਹਾਂ ਲਰੇ ਇਕ ਹੋਈ[2]? ॥੫੭॥
ਇਮ ਲਖਿ ਮਿਲਹੁ[3] ਆਨਿ ਕਰਿ ਸਜਾਨੇ!
ਹਮ ਪਰ ਕਹਾਂ ਚਲਹਿ ਬਲ ਠਾਨੇ।'
ਸਿੰਘ ਕਹੈਂ 'ਅਜ਼ਗੈਬੀ ਸੈਨ[4]।
ਲਾਖਹੁਂ ਕੋਟਹੁਂ ਗਿਨਤੀ ਹੈ ਨ ॥੫੮॥
ਪਾਤਿਸ਼ਾਹੁ ਸਾਚੇ ਕੇ ਸਾਥ।
ਨਿਸ ਦਿਨ ਰਹੈਂ ਬੰਦਿ ਕਰਿ ਹਾਥ।
ਪ੍ਰਗਟ ਖਾਲਸਾ ਹੋਇ ਬਿਸਾਲਾ[5]।
[6]ਦੇਸ਼ ਫਜ਼ੀਲਤਿ ਜਹਿਂ ਕਹਿਂ ਜਾਲਾ ॥੫੯॥
ਦਿਨ ਪ੍ਰਤਿ ਵਧਹਿ[7], ਸ਼ੋਰ ਜਗ ਪਰੇ।
ਤਿਨ ਸਨਮੁਖ ਪੁਨ ਕੋਇ ਨ ਅਰੇ।'
ਸੁਨਿ ਕੈ ਸਹਿਤ ਹਲੀਮੀ ਕਹਿ ਕਹਿ।
ਤੇਜ ਬਿਨਾਸ਼ੀ ਅਪਨੋ ਲਹਿ ਲਹਿ ॥੬੦॥
ਦੀਯ ਕਪੀਰਾ ਲਿਖਿ ਪਰਵਾਨਾ।
ਰੁਖਸਦ ਕਰੇ ਸਚਿੰਤ ਮਹਾਨਾ।
ਬੀਜ ਰੋਗ ਕੋ ਉਗਵਜੋ ਤਬੈ।
ਮ੍ਰਿਤੁ ਨਿਜ ਔਰ ਹੇਤੁ ਲਖਿ ਸਬੈ ॥੬੧॥
ਗੁਰਜ ਦ੍ਵਾਰ[8] ਦ੍ਵੈ ਦੀਨੇ ਸੰਗ।
ਸਭਿ ਸਮੁਝਾਯੋ ਗੁਰੂ ਪ੍ਰਸੰਗ।
ਸਭਿ ਕੋ ਹਟਕਜੋ ਲਿਖਿ ਪਰਵਾਨੇ[9]।
ਲਰਹਿ ਨ ਕੋਇ, ਜਾਹਿਂ ਜਿਸ ਥਾਨੇ[10] ॥੬੨॥

---

[1]ਜੋ ਤੁਸੀਂ ਫੌਜ ਰਖਦੇ ਹੋ ਉਹ ਤਾਂ ਸਾਰਾ ਜਹਾਨ ਮੇਰੀ ਰੱਯਤ ਹੈ।
[2]ਸਭ ਨੂੰ ਵਰਜ ਦਿਆਂਗਾ ਕਿ ਕੋਈ ਨਾ ਜਾਵੇ (ਗੁਰਾਂ ਪਾਸ, ਫਿਰ ਗੁਰੂ ਇਕੱਲਾ ਰਹਿ ਜਾਏਗਾ ਤਾਂ) ਕੀਕੂੰ ਲੜੇਗਾ?
[3](ਗੁਰੂ ਜੀ ਨੂੰ ਆਖੋ ਹੇ ਦਇਆ ਸਿੰਘ ਜੀ) ਇਹ ਸਮਝਕੇ ਹੇ ਦਾਨੇ (ਗੁਰੂ ਜੀ) ਆ ਮਿਲੋ।
[4]ਗੁਪਤ ਸੈਨਾ।
[5]ਤੇ ਪਰਤੱਖ (ਜਗਤ) ਵਿਚ ਖਾਲਸਾ ਬਹੁਤ ਹੋਵੇਗਾ।
[6]ਜਿਸ ਦੀ ਵਡਿਆਈ ਦੇਸ਼ ਵਿਚ ਜਿੱਥੇ ਕਿਤੇ ਰੋਜ ਰੋਜ ਵਧੇਗੀ।
[7]ਆਪ ਭਾਰੀ ਚਿੰਤਾ ਵਿਚ ਹੋਇਆ।
[8]ਸਿਪਾਹੀ।
[9]ਭਾਵ ਸਾਰਿਆਂ ਸੂਬਿਆਂ ਨੂੰ ਪਰਵਾਨੇ ਲਿਖਕੇ ਮਨ੍ਹੇ ਕੀਤਾ।
[10]ਗੁਰੂ ਜੀ ਜਿੱਥੇ (ਚਾਹੁਣ) ਜਾਣ।

ਦਯਾ ਸਿੰਘ ਅਰੁ ਧਰਮ ਸਿੰਘ ਤਬਿ।
ਜਾਨਜੋਂ ਸਿੱਧ ਭਯੋ ਕਾਰਜ ਸਬਿ।
-ਅਬਿ ਇਸ ਥਲ ਤੇ ਚਲਿਬੋ ਆਛਾ-।
ਕ੍ਰਿਪਾ ਸਿੰਧੁ ਕੋ ਦਰਸ਼ਨ ਬਾਂਛਾ ॥੬੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਤੀ ਅੰਸੂ ॥੩੧॥

## ੩੨. [ਦੱਖਣ ਜਾਣ ਦੀ ਸਲਾਹ। ਅਭੈ ਰਾਮ, ਦੀਵਾਨੇ ਨੱਸੇ]

੩੧<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੩

ਦੋਹਰਾ: ਬਿਦਾ ਦਯਾ ਸਿੰਘ ਹੋਇ ਕੈ, ਧਰਮ ਸਿੰਘ ਲੇ ਸਾਥ।
ਗਮਨ ਕੀਨਿ ਮਾਰਗ ਬਿਖੈ, ਸਿਮਰਤਿ ਸ੍ਰੀ ਗੁਰ ਨਾਥ ॥੧॥
ਚੌਪਈ: -ਬਚਨ ਸ਼ਕਤਿ ਜੋ ਪ੍ਰਭੁ ਤੇ ਪਾਈ[੧]।
ਸ਼ਾਹੁ ਸੰਗ ਬੋਲਤਿ ਪਤਿਆਈ।
ਪ੍ਰਤਿ ਉੱਤਰ ਭਾਖੇ ਤਤਕਾਲਾ।
ਕੂਕਰ ਕੋ ਬੁਲਵਾਇ ਬਿਸਾਲਾ ॥੨॥
ਪ੍ਰਭੂ ਅਗਾਧ ਬੋਧ ਜਿਨ ਕੇਰਾ।
ਨਹਿਂ ਸਮ, ਸਭਿ ਤੇ ਬਡਿਹੁਂ ਬਡੇਰਾ-।
ਗੁਨ ਗਨ ਸਿਮਰਤਿ ਮਾਰਗ ਆਏ।
ਕਰੇ ਕੂਚ ਦਰ ਕੂਚ ਸਿਧਾਏ ॥੩॥
ਇਤ ਸਤਿਗੁਰ ਸਾਹਿਬ ਕੀ ਕਥਾ।
ਸੁਨਿ ਸ਼੍ਰੋਤਾ! ਸੁੰਦਰ ਕਿਯ ਜਥਾ।
ਕਹੀ ਸਭਾ ਮਹਿਂ ਇਕ ਦਿਨ ਗਾਥਾ[*]।
'ਦੱਖਣ ਗਮਨ ਕਰਹੁ ਹਮ ਸਾਥਾ ॥੪॥
ਤਹਿਂ ਕਾਰਜ ਹੈਂ ਅਨਿਕ ਪ੍ਰਕਾਰੇ।
ਕਰਨੇ ਬਨਹਿਂ ਟਰਹਿਂ ਨਹਿਂ ਟਾਰੇ।
ਡਲ ਸਿੰਘ ਲਿਹੁ ਦਿੱਲੀ ਕੋ ਰਾਜ।
ਫੇਰਹਿਂਗੇ ਤੁਵ ਸਿਰ ਪਰ ਤਾਜ ॥੫॥
ਤੁਰਕ ਹਤੈਂ ਅਬਿ ਤਿਸਕੇ ਥਾਨੂ[੨]।
ਕਰਹਿਂ ਬਿਠਾਵਨ ਰਾਜ ਮਹਾਨੂ।'
ਸੁਨਿ ਕੈ ਧੀਰ ਛੁਟਜੋ ਸਭਿ ਕੇਰੋ।
ਪ੍ਰਭੁ ਜੀ! ਦੂਰ ਸੁ ਦੇਸ਼ ਬਡੇਰੋ ॥੬॥
ਰਾਵਰ ਕੋ ਦਮਦਮਾ ਸਥਾਨਾ।
ਦਿੱਲੀ ਕੇ ਸਮਾਨ ਹਮ ਜਾਨਾ।
ਇਹੀ ਰਾਜ ਹਮ ਕੋ ਬਹੁਤੇਰਾ।
ਮੋਠ ਬਾਜਰੀ ਅੰਨ ਘਨੇਰਾ ॥੭॥
ਕ੍ਰਿਪਾ ਆਪ ਕੀ ਕਮੀ ਨ ਕਾਈ।

---

[੧]ਬਚਨ ਕਰਨ ਦੀ ਤਾਕਤ ਜੋ ਸਤਿਗੁਰੂ ਜੀ ਤੋਂ ਪਾਈ ਹੈ।
[*]ਸਾਖੀ ਪੋਥੀ ਦੀ ਸਾਖੀ ਹੈ।
[੨]ਤੁਰਕ ਮਾਰ ਦਿਆਂਗੇ ਤੇ ਉਸ ਦੀ ਥਾਂ ਤੇ (ਦਿੱਲੀ ਵਿਖੇ ਤੈਨੂੰ)।

ਸਦਾ ਬਿਰਾਜਹੁ ਆਪ ਇਥਾਈਂ।
ਬਾਂਛਤਿ ਵਸਤੁ ਸਭੀ ਚਲਿ ਆਵੈ।
ਚਹੁੰਦਿਸ਼ਿਨਿ ਕੀ ਸੰਗਤ ਲਜਾਵੈ ॥੮॥
ਬਸਤਰ ਸ਼ਸਤ੍ਰ ਅਮੋਲ ਬਡੇਰੇ।
ਅਰਪਹਿਂ ਸਿੱਖ ਆਨਿ ਬਹੁਤੇਰੇ।
ਪ੍ਰਭੁ ਜੀ! ਅਟਕਜੋ ਕਾਜ ਨ ਕੋਈ।
ਦੱਛਨ ਗਏ ਕਹਾਂ ਸਿੱਧ ਹੋਈ[+]' ॥੯॥
ਰਾਮ ਸਿੰਘ ਪਰ ਖੁਸ਼ੀ ਘਨੇਰੀ।
ਸੁਨ ਕਰਿ ਬਜਾਪੀ[1] ਚਿੰਤ ਬਡੇਰੀ।
ਦੂਸਰ ਭ੍ਰਾਤ ਫਤੇ ਸਿੰਘ ਰਹੈ।
ਦੱਛਨ ਕੋ ਪ੍ਰਸਥਾਨ ਨ ਚਹੈ ॥੧੦॥
ਡਲ ਸਿੰਘ ਆਦਿ ਬਿਰਾੜ ਜੁ ਸਾਰੇ।
ਦੂਰ ਜਾਨਿ ਤੇ ਸਭਿ ਡਰ ਧਾਰੇ।
[2]ਹੁਤੇ ਦਿਵਾਨ ਸਿੰਘ ਦਰਬਾਰੀ।
ਦੁਤੀਓ ਭ੍ਰਾਤ ਸਿੰਘ ਘਰਬਾਰੀ ॥੧੧॥
ਹੌਲ ਪਰੇ ਸਭਿ ਕੇ ਮਨ ਐਸੇ।
ਚਲਦਲ ਦਲ[3] ਬਹਿ ਬਾਯੂ ਜੈਸੇ।
ਔਰ ਕਿਤਿਕ ਕੇ ਨਾਮ ਗਨੀਜੈ।
ਗਮਨ ਦੂਰ ਲਖਿ ਰਿਦਾ ਨ ਧੀਜੈ ॥੧੨॥
ਅਨਿਕ ਭਾਂਤਿ ਕੀ ਬਾਤ ਬਨਾਵੈਂ।
ਦੱਖਣ ਕੇ ਦੁਖ ਬਰਨ ਸੁਨਾਵੈਂ।
'ਤਹਿਂ ਅਵਰੰਗ ਬਾਦੀ ਕੋ ਬਾਸਾ।

---

[+]ਸਾਰੇ ਪਿਆਰ ਵਿਚ ਹਨ ਤੇ ਗੁਰੂ ਜੀ ਦਾ ਦੂਰ ਜਾਣਾ ਚੰਗਾ ਨਹੀਂ ਸਮਝਦੇ। ਪਰ ਗੁਰੂ ਜੀ ਦੀ ਮਹਾਨ ਸ਼ਖਸੀਅਤ (Personality) ਤੇ ਉੱਚੇ ਵਜੂਦ ਦੀ ਅਸਲੀਅਤ ਨੂੰ ਨਹੀਂ ਸਮਝ ਰਹੇ। ਇਨਸਾਨੀ ਨੁਕਤੇ ਤੋਂ ਬੀ ਗੁਰੂ ਜੀ ਨੂੰ ਲੋਕੀਂ ਸਮਝਿਆ ਨਹੀਂ ਉਹ ਬਹੁਤ ਉਚੇ ਇੰਦੀਏ ਤੇ ਭਾਵਾਂ ਵਿਚ ਸਨ ਤੇ ਗਿਰਦ ਦੇ ਲੋਕ ਸਮਝਦੇ ਨਹੀਂ ਸਨ। ਇਹ ਗੱਲ ਵੀ ਹੈ ਕਿ ਪ੍ਰੇਮੀ ਜਨ ਆਪਣੇ ਦੇਸ਼ ਤੋਂ ਬੀ ਜੁਦਾ ਹੋਣਾ ਚੰਗਾ ਨਹੀਂ ਸਮਝਦੇ। ਓਹ ਮਹਾਨ ਤਜਾਗ ਤੇ ਉੱਚੇ ਆਦਰਸ਼ ਤੇ ਸਦਕੇ ਜਾਣਾ, ਥੋੜੇ ਹੀ ਸਿੱਖਾਂ ਦੇ ਅੰਗੀਕ੍ਰਿਤ ਹੋ ਰਿਹਾ ਹੈ, ਬਾਕੀ ਦੇ ਉਸ ਨੂੰ ਲਖ ਨਹੀਂ ਸਕਦੇ, ਇਸ ਕਰਕੇ ਰੁਕਦੇ ਹਨ ਤੇ ਫੇਰ ਆਪਣੇ ਘਰਾਂ ਦੀ ਮੋਹ ਮਾਇਆ ਪ੍ਰਬਲ ਪੈ ਜਾਂਦੀ ਹੈ ਤੇ ਪਿਛੇ ਰਹਿ ਜਾਣ ਦੇ ਹੀਲੇ ਹਵਾਲੇ ਸੋਚਦੇ ਹਨ। ਡੱਲੇ ਨੂੰ ਦਿੱਲੀਪਤ ਬਨਾਉਣਾ ਕਹਿਣ ਤੋਂ ਪ੍ਰਤੀਤ ਹੁੰਦਾ ਹੈ ਕਿ ਜਿਸ ਕੰਮ ਤੇ ਬੰਦਾ ਘੱਲਿਆ ਸੀ ਉਸ ਕੰਮ ਤੇ ਪਹਿਲੀ ਮੇਹਰ ਨਜ਼ਰ ਡੱਲੇ ਤੇ ਪਈ। ਡੱਲਾ ਉਸ ਉੱਚੇ ਆਸ਼ੇ ਦਾ ਤੇ ਉਸ ਮਹਾਨ ਕੁਰਬਾਨੀ ਦਾ ਬੰਦਾ ਨਹੀਂ ਸੀ ਜਿਸਦੀ ਸਤਿਗੁਰਾਂ ਨੂੰ ਲੋੜ ਸੀ, ਸੋ ਗੁਰਾਂ ਨੇ ਪਰਖ ਕੀਤੀ ਤਾਂ ਡਲ ਸਿੰਘ ਤਾਉ ਨਾ ਸਹਿ ਸਕਿਆ।

[1]ਸੁਣਕੇ (ਰਾਮ ਸਿੰਘ ਨੂੰ)।

[2](ਦੋ) ਦੀਵਾਨ ਸਨ (ਗੁਰੂ ਜੀ ਦੇ) ਇਕ ਦਰਬਾਰੀ ਸਿੰਘ ਸੀ, ਦੂਜਾ ਭਰਾ ਘਰਬਾਰੀ ਸਿੰਘ ਸੀ।

[3]ਪਿੱਪਲ ਦਾ ਪੱਤਾ।

ਲਰਿ ਲਸ਼ਕਰ ਜਿਸ ਕੇਰ ਬਿਨਾਸ਼ਾ ॥੧੩॥
ਮਹਾਂ ਦੁਸ਼ਟ ਬਡ ਖੋਟ ਕਰੰਤਾ।
ਸਦਾ ਧ੍ਰੋਹ ਸਭਿ ਸੰਗ ਕਮੰਤਾ।
ਨਵਮ ਗੁਰੂ ਸੋਂ ਬਿਗਰਜੋ ਮੂੜ੍ਹਾ।
ਪਾਪੀ ਦ੍ਵੈਖ ਕਮਾਵੈ ਗੂੜ੍ਹਾ ॥੧੪॥
ਜਿਸ ਨੇ ਬਾਪ ਆਪਨੋ ਮਾਰਜੋ।
ਭ੍ਰਾਤ ਸੰਘਾਰਤਿ ਮੋਹ ਨ ਧਾਰਜੋ।
ਸੰਤ ਸਾਧ ਕੋ ਅਦਬ ਨ ਰਾਖੈ।
ਦੇ ਸਜ਼ਾਇ ਕੈ ਮਾਰਨ ਭਾਖੈ ॥੧੫॥
ਤੁਮ ਤੌਂ ਤਿਸ ਕੋ ਅਧਿਕ ਬਿਗਾਰਾ।
ਲਾਖਹੁਂ ਲਸ਼ਕਰ ਲਰਤਿ ਸੰਘਾਰਾ।
ਖਰਚਜੋ ਲਾਖਹੁਂ ਦਰਬ ਹੰਗਾਮੇ[1]।
ਕੀਨਸਿ ਹਾਨਿ ਇਮਾਨ ਤਮਾਮੇ[2] ॥੧੬॥
ਪਕਰਨ ਹਿਤ ਹੀ ਚਾਹਿਤ ਰਹਜੋ[3]।
ਸਕਲ ਭੇਤ ਰਾਵਰ ਨੇ ਲਹਜੋ।
ਅਬਿ ਸਮੀਪ ਤਿਸ ਕੇ ਕਜਾ ਜਾਨਾ।
ਕਰਹਿ ਅਵੱਗਜਾ ਮੂੜ੍ਹ ਮਹਾਨਾ ॥੧੭॥
ਲਾਖਹੁਂ ਸੈਨ ਸੁਨਤਿ ਚਢਿ ਧਾਵੈ।
ਨਹੀਂ ਦੁਰਗ, ਥਿਰ ਹ੍ਵੈ ਅਟਕਾਵੈਂ।
ਦ੍ਰੋਹੀ ਮਹਾਂ, ਦੁਸ਼ਟ, ਰਿਪੁ ਸੰਤਨ[4]।
ਤੁਰਕੇਸ਼ੁਰ ਉਰ ਲਖੈਂ ਮਤੰਤ ਨ[5] ॥੧੮॥
ਪ੍ਰਭੂ ਜੀ! ਇਹਾਂ ਰਹਨਿ ਹੀ ਆਛੋ।
ਕਜੋਂ ਗਾਛਨ ਦੱਛਨ ਬਛ ਬਾਛੋ[6]।'
ਸਭਿ ਤੇ ਸੁਨਤਿ ਗੁਰੂ ਪੁਨ ਕਹਜੋ।
'ਪੁਰਖ ਅਕਾਲ ਸਹਾਯਕ ਰਹਜੋ ॥੧੯॥
ਕਜੋਂਹੂੰ ਧੀਰਜ ਛੋਰਿ ਨ ਕਰੀਅਹਿ?
ਦੇਸ਼ ਬਿਦੇਸ਼ਨ ਸੈਲ ਨਿਹਰੀਅਹਿ।

---

[1]ਜੁੱਧ ਪਰ ਲੱਖਾਂ ਰੁਪੱਯਾ (ਔਰੰਗੇ ਨੇ) ਖਰਚ ਕੀਤਾ ਹੈ।
[2]ਉਸਨੇ ਸਾਰਾ ਈਮਾਨ ਨਾਸ਼ ਕੀਤਾ।
[3](ਆਪ ਨੂੰ) ਪਕੜਨ ਵਾਸਤੇ ਹੀ (ਏਹ ਸਭ ਕੁਛ) ਕਰਦਾ ਰਿਹਾ।
[4]ਸੰਤਾਂ ਦਾ ਵੈਰੀ।
[5]ਨੁਰੰਗੇ ਦੇ ਦਿਲ ਦਾ ਪਤਾ ਨਹੀਂ ਜਾਣੀਦਾ।
[6]ਦੱਖਣ ਨੂੰ ਜਾਣਾ ਕਿਉਂ ਹਿਰਦੇ ਵਿਚ ਚਾਹੁੰਦੇ ਹੋ? [ਬੱਛ=ਵੱਖੀ, ਭਾਵ ਦਿਲ। ਸੰਸ:, ਵਕਸ਼੍]।

ਅਵਰੰਗ ਕੋ ਕੁਛ ਭੈ ਨ ਹਮਾਰੇ।
ਦੱਛਨ ਚਲੀਅਹਿ ਕਾਜ ਸੁਧਾਰੇ ॥੨੦॥
ਰਾਜ ਸਮਾਜ ਆਦਿ ਵਥੁ ਆਛੇ।
ਦੈ ਹੈਂ ਹਮ, ਜੋ ਕਿਛ ਕੋ ਬਾਛੇ।
ਏਕ ਦੇਸ਼ ਅਰੁ ਘਰਨ ਮਝਾਰਾ।
ਕਜੋਂ ਸਨੇਹ ਮਨ ਬੰਧਿ ਤੁਮਾਰਾ ॥੨੧॥
ਹਮ ਸੰਗ ਜਹਾਂ ਕਰਹੁਗੇ ਬਾਸਾ।
ਲੇਹੁ ਬਿਸਾਲ ਹੁਲਾਸ ਅਵਾਸਾ।
ਛੀਨਹਿਂ ਤੁਰਕਨਿ ਕੀ ਠਕੁਰਾਈ।
ਤੁਮ ਤੇ ਰਾਜ ਕਰਾਇਂ ਤਿਥਾਈਂ ॥੨੨॥
ਨਹਿਂ ਭਰਮਹੁਂ ਨਿਸ਼ਚੈ ਕਰਿ ਕਾਚੇ[1]।
ਪਾਲੈ ਲਗੋ ਪ੍ਰਭੁ ਤੁਮ ਸਾਚੇ[2]।
ਦਿਨ ਪ੍ਰਤਿ ਵਧਹਿ ਖਾਲਸਾ ਭਾਰੀ।
ਧਰਾ ਰਾਜ ਕੇ ਹ੍ਵੈ ਅਧਿਕਾਰੀ[*] ॥੨੩॥
ਕਹਾਂ ਨੁਰੰਗਾ ਥਿਰਤਾ ਪੈ ਹੈ।
ਹਮ ਪਰ ਨਹੀਂ ਓਜ ਕੁਛ ਕੈ ਹੈ।
ਇਸ ਕੇ ਬਡੇ ਬਡੇਰੇ ਕਹਾਂ।
ਸ਼ਾਹਜਹਾਂ ਜਹਾਂਗੀਰ ਨ ਰਹਾ ॥੨੪॥
ਅਕਬਰ ਮਰਜੋ, ਹੁਮਾਊਂ ਗਯੋ।
ਬਾਬਰ ਬਡਨ ਸਹਤ ਮ੍ਰਿਤੁ ਥਯੋ।
ਇਹ ਅਬਿ ਥਿਰੈ ਨਹੀਂ, ਸਚ ਜਾਨੋ।
ਦੱਛਨ ਕੋ ਤੁਮ ਸੰਗ ਪਯਾਨੋ ॥੨੫॥
ਜੇ ਕਰਿ ਸੰਗ ਨਿਬਾਹਹੁ ਚਲੋ।
ਸਭਿ ਬਿਧਿ ਲਖੋ ਆਪਨੋ ਭਲੋ।

---

[1]ਕੱਚਾ ਨਿਸ਼ਚਾ ਕਰਕੇ ਭਰਮੋਂ ਨਹੀਂ।

[2]ਤੁਸੀ ਸੱਚੇ ਪ੍ਰਭੂ ਦੇ ਪੱਲੇ ਲਗੋ।

[*]ਇਸ ਤੋਂ ਜਾਪ ਰਿਹਾ ਹੈ ਕਿ ਗੁਰੂ ਜੀ ਦੱਖਣ ਕਿਸ ਆਸ਼ੇ ਲਈ ਜਾ ਰਹੇ ਹਨ। ਓਥੇ ਟਿਕਾਣਾ ਕਰਕੇ ਇਨ੍ਹਾਂ ਨੂੰ ਸਰਦਾਰ ਬਣਾਕੇ ਜੁੱਧ ਜੰਗ ਰਚਾਕੇ ਦੇਸ਼ ਨੂੰ ਸੁਤੰਤ੍ਰ ਕਰਨਗੇ। ਉਸ ਪਾਸੇ ਮਰਹਟੇ ਔਰੰਗੇ ਨਾਲ ਲੜ ਰਹੇ ਸਨ, ਹੋਰ ਰਿਆਸਤਾਂ ਬੀ ਜੰਗ ਕਰ ਰਹੀਆਂ ਸਨ, ਇਸ ਕਰਕੇ ਪੰਜਾਬ ਦੇ ਪਹਾੜੀ ਰਾਜਿਆਂ ਵਾਂਗ ਧ੍ਰੋਹ ਦਾ ਭੈ ਨਹੀਂ ਸੀ ਜੋ ਧੀਆਂ ਦੇਕੇ ਔਰੰਗੇ ਨਾਲ ਗ਼ੁਲਾਮੀ ਨਿਭਾ ਰਹੇ ਸਨ।

ਇਹ ਬੀ ਮੁਮਕਿਨ ਹੈ ਕਿ ਔਰੰਗਜ਼ੇਬ ਨੇ ਸੱਦ ਘੱਲਿਆ ਹੈ ਤੇ ਪਹਿਲਾ ਜਤਨ ਇਹ ਹੋਵੇ ਕਿ ਕਿਵੇਂ ਓਹ ਆਪਣੇ ਧਰਮ ਤੇ ਕਸਮਾਂ ਹਾਰਨ ਵਾਲਿਆਂ ਨੂੰ ਦੰਡ ਦੇਵੇ ਤੇ ਧਰਮ ਦਾ ਧੱਕਾ ਪ੍ਰਜਾ ਪਰ ਛੋੜ ਦੇਵੇ। ਜੇ ਨਾ ਸਾਲਸੀ ਨਾਲ ਗੱਲ ਬਣੇ ਤਾਂ ਫਿਰ ਆਪ ਪ੍ਰਬੰਧ ਕਰਨ ਜਿਵੇਂ ਅਖੀਰ ਕਰਨਾ ਪਿਆ ਸੀ, ਜਦੋਂ ਬਹਾਦਰ ਸ਼ਾਹ ਇਕਰਾਰੋਂ ਫਿਰ ਗਿਆ ਸੀ।

ਜਥਾ ਕਾਮਨਾ ਮਨ ਮਹਿਂ ਧਰੋ।
ਗੁਰ ਘਰ ਤੇ ਸੋ ਪੂਰਨ ਕਰੋ ॥੨੬॥
ਜੇ ਮਤਿ ਕਾਚੇ ਹੁਇ ਹਟਿ ਪਰੋ।
ਸਭਿ ਬਿਧਿ ਕਰਹੁ ਆਪਨੋ ਬੁਰੋ।
ਹਮ ਤੇ ਤੁਮ ਕੋ ਬਿਦਤ ਸੁਨਾਈ।
ਲਾਭ ਰੁ ਹਾਨ ਅਦਿਕ ਅਧਿਕਾਈ ॥੨੭॥
ਪਾਇ ਸਰਬ ਕੁਛ ਗੁਰ ਤੇ ਆਵੋ।
ਬਸਹੁ ਤਹਾਂ ਕੈ ਇਤੈ ਬਸਾਵੋ।'
ਇੱਤਜਾਦਿਕ ਸਤਿਗੁਰ ਸਮੁਝਾਏ।
ਸੁਨਤਿ ਧੀਰ ਮਨ ਕੁਛਕ ਟਿਕਾਏ ॥੨੮॥
ਪੁਨ ਸਨਮੁਖ ਨਹਿਂ ਬਾਕ ਬਖਾਨੇ।
ਨਿਜ ਕੁਟੰਬ ਕੋ ਮੋਹ ਮਹਾਨੇ।
ਪ੍ਰੀਤਿ ਡੋਰ ਤੇ ਮਨ ਕਰਿ ਸੀਵਨ[1]।
ਗਾਢੀ ਗੰਠ ਪ੍ਰਿਥਕ ਕਿਮ ਥੀਵਨ[2] ॥੨੯॥
'ਭਲਾ ਭਲਾ ਜੀ' ਕਰਤਿ ਬਖਾਨੇ।
ਦੁਤਿ ਛੂਛੇ ਮੁਖ ਹੁਇ ਕੁਮਲਾਨੇ।
ਨੌਕਰ ਜੇ ਬਿਰਾੜ ਹਟਿ ਪਰੇ।
'ਹਮ ਤੇ ਜਾਯੋ ਜਾਹਿ ਨ ਪਰੇ' ॥੩੦॥
ਅਪਰ ਘਨੇ ਹਟਿ ਹਟਿ ਘਰ ਜਾਤੇ।
ਚਹੈਂ ਨ ਪ੍ਰਭੁ ਕੇ ਸੰਗ ਪ੍ਰਯਾਤੇ[3]।
-ਦੱਛਨ ਦੂਰ ਦੇਸ਼ ਹੈ ਜਾਨਾ।
ਮਰੈਂ ਕਿ ਜੀਵੈਂ ਕਜਾ ਹੁਇ ਭਾਨਾ ॥੩੧॥
ਨਿਜ ਕੁਟੰਬ ਤੇ ਹੋਵਹਿਂ ਨਜਾਰੇ।
ਦੁਖ ਸੁਖ ਸੁਨਹਿਂ ਨ ਨਿਕਟ ਨਿਹਾਰੇਂ।
ਬਿਛੁਰੇ, ਹੋਹਿ ਕਿ ਨਾਂਹਿਨ ਮੇਲਾ।
ਗਮਨਿ ਗੁਰੂ ਕੇ ਸੰਗ ਦੁਹੇਲਾ- ॥੩੨॥
ਮਨ ਮਹਿਂ ਗਿਨਤੀ ਕਰੈਂ ਅਨੇਕ।
ਨਹਿਂ ਬੋਲੈਂ ਢਿਗ ਜਲਧਿ ਬਿਬੇਕ।
ਕਰਹਿਂ ਕਪਟ ਕੋ ਪ੍ਰੇਮ ਬਨਾਇ।

[1]ਕੁਟੰਬ ਨਾਲ ਮਨ ਪ੍ਰੀਤ ਡੋਰੀ ਦੁਆਰਾ ਸੀਉਂ ਛੱਡਿਆ ਸੀ।
[2]ਭਾਵ ਪੀਡੀ ਪਈ ਗੰਢ ਕੀਕੂੰ ਖੁੱਲ੍ਹੇ।
[3]ਸਤਿਗੁਰੂ ਜੀ ਦੇ ਨਾਲ ਜਾਣਾ ਨਹੀਂ ਚਾਹੁੰਦੇ।

ਕਿਮ ਨਿਬਹੈ ਤੂਰਨ ਬਿਨਸਾਇ[1] ॥੩੩॥
ਰਾਮ ਸਿੰਘ ਬੋਲਯੋ ਕਰ ਜੋਰਿ।
'ਭ੍ਰਾਤ ਫਤੇ ਸਿੰਘ ਕੌ ਦੇਂ ਮੋਰ[2]।
ਮੈ ਚਲਿ ਹੌਂ ਰਾਵਰ ਕੇ ਸਾਥ।
ਜਿਤ ਗਮਨਹੁੰ ਗਮਨਹਿੰਗੇ ਨਾਥ' ॥੩੪॥
ਤਿਮਹੀ ਡਲ ਸਿੰਘ ਕਰਹਿ ਉਚਾਰੀ।
ਗੁਰ ਤੇ ਡਰ ਕਰਿ ਬਨਿ ਅਨੁਸਾਰੀ।
'ਬਾਕ ਨ ਮੋਰਯੋ ਜਾਇ ਗੁਸਾਈਂ!
ਗਮਨ ਕਿਸੂ ਕੇ ਮਨ ਨਹਿਂ ਭਾਈ' ॥੩੫॥
ਗਿਨਤੀ ਗਿਨਹਿਂ ਅਨੇਕ ਪ੍ਰਕਾਰੀ।
ਗੁਰੂ ਸੰਗ ਤੇ ਹਟਿਬੋ ਭਾਰੀ।
ਤਥਾ ਕੁਟੰਬ ਤੇ ਬਿਰਹਿ ਦੁਹੇਲਾ[3]।
ਐਸੋ ਪਰਯੋ ਆਨਿ ਕਰਿ ਖੇਲਾ ॥੩੬॥
ਬੇਗਮ ਨੌਰੰਗ ਕੀ ਮਰਿ ਗਈ।
ਨ੍ਰਿਪ ਚੰਬਜਾਲ ਸੁ ਦੁਹਿਤਾ ਭਈ[4]।
ਗੇ ਰਵਾਲਸਰ ਗੁਰ ਜਿਸ ਕਾਲਾ।
ਮਿਲੀ ਆਨਿ ਕਰਿ ਬੁੱਧਿ ਬਿਸਾਲਾ ॥੩੭॥
ਤਬਿ ਪ੍ਰਭੁ ਬਰ ਦੀਨੋ ਇਸ ਭਾਂਤਿ।
-ਅਬਿ ਲੌ ਅਹੇ ਅਪਾਵਨ ਗਾਤ।
ਇਹ ਤਨ ਤਜਾਗਿ ਅਪਰ ਕੋ ਪੈ ਹੈਂ।
ਸਿਖ ਡੱਲੇ ਘਰਿ ਜਾਇ ਬਸੈ ਹੈਂ ॥੩੮॥
ਤਹਿਂ ਸਤਿਸੰਗਤਿ ਸੇਵ ਕਮੈ ਹੈਂ।
ਆਛੀ ਤਬਿ ਪਾਵਨਤਾ ਪੈ ਹੈਂ।
ਪੁਨ ਤੇਰੋ ਹਮ ਕਰਹਿਂ ਉਧਾਰ।
ਪਹੁੰਚਹਿੰਗੇ ਤਿਹ ਸਦਨ ਮਝਾਰ- ॥੩੯॥
ਸੋ ਤਬਿ ਕਰਤ ਰਹੀ ਬਹੁ ਸੇਵਾ।
ਸੀਤ ਪ੍ਰਸਾਦ ਛਕਤਿ ਗੁਰਦੇਵਾ।
ਨਿਰਮਲ ਰਿਦਾ ਹੋਇ ਤਬਿ ਆਵਾ।

---

[1]ਛੇਤੀ ਬਿਨਸ ਜਾਂਦਾ ਹੈ (ਕਪਟ ਵਾਲਾ ਪ੍ਰੇਮ)।
[2]ਮੋੜ ਦੇਵੀਏ।
[3]ਤਿਵੇਂ ਹੀ ਕੁਟੰਬ ਤੋਂ ਵਿਛੜਨਾ ਕਠਨ ਹੈ।
[4]ਚੰਬੇ ਵਾਲੇ ਰਾਜੇ ਦੇ (ਘਰ ਜੰਮਕੇ ਉਸ ਦੀ ਜੋ) ਧੀ ਬਣੀ ਸੀ। ਮੁਰਾਦ ਚੰਬੇ ਦੇ ਰਾਜੇ ਦੀ ਲੜਕੀ 'ਪਦਮਾ' ਤੋਂ ਹੈ।

ਮਿਲਿ ਗੁਰ ਪਗ ਪਰ ਸੀਸ ਝੁਕਾਵਾ ॥੪੦॥
'ਪੂਰਬ ਜਨਮ ਮੋਹਿ ਸੁਧ ਆਈ।
ਅਬਿ ਸਤਿਸੰਗਤਿ ਸੇਵ ਕਮਾਈ।
ਨਹਿਂ ਮੈਂ ਜਨਮ ਲਹੌਂ ਪੁਨ ਔਰ।
ਕਰਹੁ ਬਾਕ ਸ੍ਰੀ ਪ੍ਰਭੁ ਜਗ ਮੌਰ' ॥੪੧॥
ਸ੍ਰੀ ਗੁਰ ਕਹੜੋ 'ਅਲਪ ਬਯ ਹੋਈ।
ਕੇਤਿਕ ਰਹੀ ਭੋਗਣੀ ਸੋਈ।
ਡਲ ਸਿੰਘ ਸੰਗ ਲਹੈਂ ਗਤਿ ਆਛੇ।
ਪ੍ਰਾਪਤਿ ਹੋਇ ਤੋਹਿ ਚਿਤ ਬਾਂਛੇ[1]' ॥੪੨॥
ਸੁਨਿ ਕੈ ਚਰਨ ਸਰੋਜ ਸਨੇਹੂ।
ਰਿਦੇ ਬਿਸਾਲ ਉਪਾਇ ਅਛੇਹੂ।
ਹਾਥ ਜੋਰਿ ਕਰਿ ਬੰਦਨ ਕੀਨੀ।
ਮਨੋ ਕਾਮਨਾ ਪ੍ਰਾਪਤਿ ਭੀਨੀ[*] ॥੪੩॥
ਇਮ ਸਤਿਗੁਰ ਨਿਤ ਠਾਨਹਿਂ ਤਯਾਰੀ।
ਕਰਯੋ ਚਹੈ ਦੱਛਨ ਅਸਵਾਰੀ।
ਕਹਿ ਭਾਈ[2] ਮੈਂ ਭੀ ਹੁਇ ਸਾਥ।
ਗਮਨਯੋਂ ਚਹੌਂ ਦਰਸ ਹਿਤ ਨਾਥ ॥੪੪॥
ਕੇਤਿਕ ਹਟੇ ਗਏ ਨਿਜ ਘਰ ਕੋ।
ਕੇਤਿਕ ਹਟੇ ਕਪਟ ਕਰਿ ਉਰ ਕੋ।
ਕਿਤਿਕ ਕਪਟ ਬਿਨ ਸੰਗੀ ਭਏ।
ਸਤਿਗੁਰ ਚਰਨ ਪ੍ਰੇਮ ਕੋ ਲਏ ॥੪੫॥
ਤੀਨ ਦਸ਼ਾ[3] ਸਿੱਖਨ ਕੀ ਹੋਇ।
ਕਿਨਹੁਂ ਲਾਭ ਲੀਨਸਿ ਕਿਨ ਖੋਇ।
ਘਰ ਕੋ ਮੋਹ ਤਯਾਗ ਕਰਿ ਚਲੇ।
ਸੋ ਪੂਰਨ ਉਤਰੇ ਨਰ ਭਲੇ ॥੪੬॥

---

[1]ਮਨ ਇੱਛਤ।
[*]ਦੇਖੋ ਰੁਤ ਪੰਜ ਅੰਸੂ ੫ ਅੰਕ ੪੭ ਦੀ ਹੇਠਲੀ ਟੂਕ। ਡੱਲੇ ਦੀ ਕੋਈ ਵਹੁਟੀ ਕੋਈ ਪਹਾੜਨ ਹੋਣੀ ਹੈ ਤੇ ਉਸ ਦਾ ਗੁਰੂ ਸੇਵਾ ਕਰਕੇ ਮੁਕਤੀ ਪ੍ਰਾਪਤ ਕਰਨਾ ਸੰਭਵ ਹੈ। ਪਰ ਚੰਬਜਾਲੀ ਦਾ ਚਾਰ ਵਰ੍ਹੇ ਵਿਚ ਮਰਕੇ ਜੰਮਕੇ ਜਵਾਨ ਹੋਕੇ ਡੱਲੇ ਦੀ ਨਾਰ ਬਣਨਾ ਸੰਭਵ ਨਹੀਂ। ਸਾਖੀ ਪੋਥੀ ਵਿਚੋਂ ਇਹ ਦੱਖਣ ਨੂੰ ਟੁਰਨ ਦਾ ਪ੍ਰਸੰਗ ਚਲ ਰਿਹਾ ਹੈ, ਉਸ ਵਿਚ ਚੰਬਜਾਲਨ ਦਾ ਇਹ ਜ਼ਿਕਰ ਨਹੀਂ ਹੈ। ਇਹ ਉਕਾਈ ਸੌ ਸਾਖੀ ਵਾਲੇ ਆਖੇਪਕਾਰ ਨੇ ਪਾਈ ਹੈ ਜੋ ਧਨੁਖ ਨਾਲ ਥਾਪੜੇ ਦੇਣ ਦੀ ਓਥੇ ਮਨ ਕਲਪਤ ਟੀਕਾ ਕਰਦਾ ਹੈ।
[2]ਭਾਈ ਰਾਮ ਕੌਰ ਜੀ ਕਹਿੰਦੇ ਹਨ।
[3]ਤਿੰਨ ਦਸ਼ਾ, ਹਾਲਤਾਂ।

ਜਬਿ ਤੇ ਪੁੱਤ੍ਰ ਮਰੇ ਬਿਚ ਮੇਲੇ।
ਅਭੈਰਾਮ ਕਰਿ ਸ਼ੋਕ ਦੁਹੇਲੇ।
ਨਹਿਂ ਘਰ ਰਹਜੋ ਪ੍ਰਭੁ ਢਿਗ ਆਯੋ।
ਸੰਗ ਦਿਵਾਨੇ ਕੋ ਗਨ ਲਜਾਯੋ ॥੪੭॥
ਸ੍ਰੀ ਗੁਰ ਰਾਖਜੋ ਕਰਿ ਸਨਮਾਨਾ।
'ਆਉ ਅਭੈ ਸਿੰਘ ਮਹਿਦ ਸੁਜਾਨਾ।
ਗੁਰ ਹਰਿਰਾਇ ਪ੍ਰਥਮ ਬਚ ਭਯੋ।
ਸ੍ਰੀ ਨਾਨਕ ਜਹਾਜ ਫਟਿ ਗਯੋ ॥੪੮॥
ਬਹੁਰ ਬਿਚਾਰ ਕਰਜੋ ਭਾਵਿੱਖ।
-ਦਸਵੇਂ ਪਾਤਸ਼ਾਹੁ ਬਹੁ ਸਿੱਖ[1]।
ਫਟਜੋ ਜਹਾਜ ਇਕੱਤ੍ਰ ਕਰਹਿਂਗੇ।
ਮਿਲਿ ਮਿਲਿ ਸ਼ਰਧਾ ਧਰਹਿਂ ਤਰਹਿਂਗੇ ॥੪੯॥
ਹੁਇਂ ਹੈਂ ਬਲੀ ਮਹਾਨ ਮਹਾਨਾ।
ਤਬਿ ਭੀ ਜੇ ਮਿਲਿਹੈਂਗੇ ਆਨਾ[2]।
ਤਿਨ ਕੋ ਪੰਥ ਮਿਲਾਵੈਂ ਸਰਬ[3]।
ਰਾਜ ਤੇਜ ਬਧਿ ਹੈ ਬਹੁ ਦਰਬ ॥੫੦॥
ਸਭਿ ਅਧੀਨ ਹੋਵਹਿਂਗੇ ਜਾਇ।
ਤਬਿ ਜਹਾਜ ਮਿਲਿ ਇਕ ਹੁਇ ਜਾਇ-।'
ਅਭੈ ਸਿੰਘ ਕੋ ਰੋਜ ਘਨੇਰੋ।
ਕਰਜੋ ਪ੍ਰਭੁ ਪਿਖਿ ਖਰਚ ਬਡੇਰੋ ॥੫੧॥
ਪੁੰਜ ਦਿਵਾਨੇ ਅਰੁ ਸਿਖ ਆਵੈਂ।
ਸਭਿ ਕੋ ਦੇਗ਼ ਕਰਹਿਂ ਤ੍ਰਿਪਤਾਵੈਂ।
ਜਬਹਿ ਸੁਨਜੋਂ ਦੱਛਨ ਕੋ ਜਾਨੇ।
ਮਿਲਿ ਮਿਲ ਮਸਲਤਿ ਕਰਹਿਂ ਦਿਵਾਨੇ ॥੫੨॥
'ਤੁਮਰੋ ਨਹੀਂ ਬਨੈ ਕਿਤ ਜਾਨਾ।
ਘਰਿ ਰਹਿਕੇ ਥੋਰੋ ਭੀ ਖਾਨਾ।
ਕਜਾ ਲੈਨੋ ਦੱਛਨ ਮਹਿਂ ਜਾਇ।
ਦੂਰ ਦੇਸ਼ ਸੁਧ ਕਜੋਂਹੁੰ ਨ ਪਾਇ' ॥੫੩॥
ਇਕ ਦਿਨ ਸਤਿਗੁਰ ਬਹੁ ਸਮੁਝਾਯੋ।

---

[1]ਬਹੁਤ ਸਿੱਖਾਂ ਦਾ (ਜਹਾਨ)।
[2]ਆਕੇ।
[3]ਤਿਨ੍ਹਾਂ ਸਾਰਿਆਂ ਨੂੰ ਪੰਥ ਵਿਚ ਮਿਲਾਵਣਗੇ।

'ਸੰਗਿ ਚਲੋ ਲੀਜਹਿ ਮਨ ਭਾਯੋ।
ਪੂਜਹਿੰਗੇ ਬਹੁ ਲੋਕ ਚਰਨ ਕੋ।
ਗਮਨੈਂ ਦੇਸ਼ਨ ਸੈਲ ਕਰਨ ਕੋ ॥੫੪॥
ਦਿਨ ਪ੍ਰਤਿ ਪ੍ਰਾਪਤਿ ਅਧਿਕ ਬਡਾਈ।
ਹੁਇ ਤੁਮ ਸਿੱਖ ਸੰਗਤਿ ਅਧਿਕਾਈ।'
[1]'ਆਛੀਬਾਤ ਚਲੈਂ ਹਮ ਸਾਥ।'
ਕਹਿ ਕਰਿ ਭਲੇ ਗਮਨ ਕੋ ਪਾਥ ॥੫੫॥
ਜਬਿ ਬੈਠਯੋ ਡੇਰੇ ਮਹਿਂ ਆਇ।
ਮਿਲੇ ਦਿਵਾਨੇ ਮਤਿ ਬਿਚਲਾਇ।
'ਰਹਿਬੇ ਸੁਖ, ਚਲਿਬੇ ਦੁਖ' ਕਹੇ।
'ਗਮਨ ਦੂਰ ਕੈਸੇ ਤੁਮ ਚਹੇ?' ॥੫੬॥
ਇੱਤਯਾਦਿਕ ਅਧਿਕੈ ਸਮੁਝਾਯੋ।
'ਨਿਸ ਮੈਂ ਭਾਜੋ' ਮਤਿ ਠਹਿਰਾਯੋ।
ਕੇਤਿਕ ਸੰਗ ਲੀਨਿ ਬੈਰਾਰੇ।
ਲੇ ਕਰਿ ਚਲੇ ਦਿਵਾਨੇ ਸਾਰੇ ॥੫੭॥
ਨਿਸ ਮਹਿਂ ਭਾਜ ਗਯੋ, ਨਹਿਂ ਰਹਯੋ।
ਗੁਰ ਸੰਗ ਜਾਇ ਪ੍ਰਸੰਗ ਸੁ ਕਹਯੋ।
'ਹੁਤੇ ਦਿਵਾਨੇ ਜੋ ਮਤਿ ਮਾਰੇ।
ਹਮ ਨੇ ਜਾਨੇ ਲੈਗੇ ਸਾਰੇ' ॥੫੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੱਖਣ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

---

[1]ਅਭੈ ਰਾਮ ਨੇ ਕਿਹਾ।

## ੩੩. [ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ]

੩੨<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੪

ਦੋਹਰਾ: *ਡਲ ਸਿੰਘ ਬੈਠ੍ਯੋ ਆਨ ਕਰਿ, ਸ਼੍ਰੀ ਮੁਖ ਕੀਨਿ ਬਖਾਨ।
'ਅਪਨੀ ਤ੍ਯਾਰੀ ਕੀਜੀਏ, ਦੱਖਨ ਕਰਹਿਂ ਪਯਾਨ' ॥੧॥
ਚੌਪਈ: ਹਾਥ ਜੋਰਿ ਬੋਲ੍ਯੋ ਤਬਿ ਸੋਇ।
'ਇਨ ਝਾਰਨ[1] ਰਾਖਾ ਨਹਿਂ ਕੋਇ।
ਹਮ ਚਢਿ ਚਲੇ ਤ੍ਯਾਗ ਜਬਿ ਭੌਨ।
ਗ੍ਰਾਮ ਬਸਾਵਹਿਗੋ ਤਬਿ ਕੌਨ' ॥੨॥
ਗੁਰੂ ਕਹ੍ਯੋ 'ਰਹਿਂ ਗ੍ਰਾਮ ਰੁ ਝਾਰ।
ਇਹ ਦੇਹਾਂ ਸਭਿ ਬਿਨਸਨ ਹਾਰ।
ਥਿਰਤਾ ਇਨ ਕੀ ਲਖਹੁ ਨ ਕੈਸੇ।
ਬਰਖਾ ਹੋਤਿ ਬੁਦਬੁਦਾ ਜੈਸੇ[2] ॥੩॥
ਜਿਮ ਪ੍ਰਵਾਹੁ ਕੌ ਚਲਨ ਸੁਭਾਊ।
ਭਰ੍ਯੋ ਰਹਤਿ ਹੈ ਨਿਤ ਦਰਿਆਊ।
ਰਾਖੇ ਝਾਰਨ ਗ੍ਰਾਮ ਬਸਾਵਨ।
ਉਪਜਹਿਂ ਨਰ ਲਾਖਹੁਂ ਇਨ ਥਾਵਨ ॥੪॥
ਕ੍ਯੋਂ ਤੂੰ ਫਸਹਿਂ ਮੋਹ ਕੇ ਫੰਧ।
ਲਖਿ ਬੰਧੁ ਆਦਿਕ ਸਨਬੰਧ।
ਆਗੇ ਦੇਹਿਂ ਦੇਸ਼ ਕੋ[3] ਰਾਜ।
ਹੁਇ ਅਨੁਸਾਰਿ ਅਨੇਕ ਸਮਾਜ ॥੫॥
-ਅਪਨੇ ਪਾਸ ਥਾਨ ਮੁਝ ਦੇਹੋ-।
ਮਾਂਗਤਿ ਰਹਤਿ ਹਮਹੁਂ ਤੇ ਏਹੋ।
ਕ੍ਯੋਂ ਅਬਿ ਭਰਮ ਸੰਗ ਚਹਿਂ ਛੋਰਾ।
ਚਲਹੁ ਤ੍ਯਾਰ ਹ੍ਵੈ ਦੱਖਨ ਓਰਾ' ॥੬॥
ਡਰਤਿ ਕਹੈ 'ਸਤਿ ਬਚਨ ਭਲਾ ਜੀ।'
ਅੰਤਰ ਚਾਹਤਿ ਗੁਰੂ ਛਲਾ ਜੀ।
ਤਿਮ ਹੀ ਰਾਮ ਸਿੰਘ ਕੀ ਬਾਤ।
ਭੈ ਧਰਿ ਤ੍ਯਾਰੀ ਕੀਨਿ ਪ੍ਰਯਾਤ[4] ॥੭॥

---

*ਸਾਖੀ ਪੋਥੀ ਦੀ ਸਾਖੀ ਹੈ।
[1]ਇਨ੍ਹਾਂ ਝਾੜਾਂ ਦਾ ਭਾਵ ਮੇਰੇ ਘਰ ਤੇ ਰਿਆਸਤ ਦਾ।
[2]ਬਰਖਾ ਸਮੇਂ ਜਿਵੇਂ ਬੁਲਬੁਲਾ ਹੁੰਦਾ ਹੈ।
[3]ਭਾਵ ਦੱਖਣ ਚੱਲਕੇ (ਆਪਣੇ) ਦੇਸ਼ ਦਾ।
[4]ਚੱਲਣ ਦੀ।

ਦੱਛਨ ਚਲਿਬੋ ਸਭਿਨਿ ਸੁਨਾਈ।
ਸੁਪਤਿ ਜਥਾ ਸੁਖਿ ਰਾਤਿ ਬਿਤਾਈ।
ਬਡੀ ਪ੍ਰਾਤ ਪ੍ਰਭੁ ਕੀਨਿ ਸ਼ਨਾਨਾ।
ਪਹਿਰੇ ਬਸਤ੍ਰ ਸ਼ਸਤ੍ਰ ਬਿਧਿ ਨਾਨਾ ॥੮॥
ਹੁਕਮ ਕਰਜੋ 'ਘੋਰਨ ਪਰ ਜ਼ੀਨ।
ਪਾਵਹੁ ਤਜਾਰੀ ਕਰਹੁ ਪ੍ਰਬੀਨ।'
ਸੁਨਿ ਦਾਸਨ ਤਤਛਿਨ ਕਰਿ ਲਈ।
ਸਕਲ ਸੌਜ ਬੰਧਨ ਕਰਿ ਦਈ[1] ॥੯॥
ਸੰਗ ਖਾਲਸਾ ਹੋਇਸਿ ਤਜਾਰ।
ਕਿਤਿਕ ਪਦਾਂਤੀ ਕੋ ਅਸਵਾਰ।
ਸਭਿ ਹੂੰ ਕਮਰਕਸਾ ਕਰਿ ਲੀਨ[+]।
ਧਨੁਖ ਤੁਫੰਗ ਸੰਭਾਰਨ ਕੀਨਿ ॥੧੦॥
ਡਲ ਸਿੰਘ ਰਾਮ ਸਿੰਘ ਭੇ ਤਜਾਰ।
ਇਨ ਪਰ ਘਨੀ ਕ੍ਰਿਪਾ ਪ੍ਰਭੁ ਧਾਰਿ।
ਹਯ ਅਨਿਵਾਇ ਅਰੋਹੇ ਨਾਥ।
ਕਸਿ ਕਸਿ ਕਟਿ ਗਮਨੇ ਪ੍ਰਭੁ ਸਾਥ ॥੧੧॥
ਸ੍ਰੀ ਪ੍ਰਭੁ ਕੀ ਤਬਿ ਭਈ ਚਢਾਈ।
ਉਡੀ ਧੂਰ ਨਭ ਲੀਨਸਿ ਛਾਈ।
ਥਰਹਰਿ ਕੰਪੇ ਰਾਨੇ ਰਾਇ[2]।
-ਮਤ ਹਮ ਕੋ ਲੂਟਹਿਂ ਪ੍ਰਭੁ ਆਇ- ॥੧੨॥
ਸ਼ੋਭਤਿ ਚਢੇ ਜਾਤਿ ਮਗ ਐਸੇ।
ਦੱਛਨ ਗਮਨੇ ਰਘੁਪਤਿ ਜੈਸੇ।
ਸਪਤਿ ਕੋਸ ਗਮਨੇ ਸੁਖਦਾਇ।
ਨਾਮ ਗ੍ਰਾਮ ਕੇਵਲ[*] ਤਬਿ ਆਇ ॥੧੩॥
ਪ੍ਰਥਮ ਸਿਵਰ ਤਹਿਂ ਹੀ ਕਰਿ ਦਏ।
ਸੁਖ ਸਮੇਤ ਪ੍ਰਭੁ ਆਵਤਿ ਭਏ।
ਈਂਧਨ ਘਾਸ ਬਟੋਰਨ ਕੀਨਾ।

---

[1]ਬੰਨ੍ਹ ਲਈ।
[+]ਸਾਖੀ ਪੋਥੀ ਵਿਚ ਇਸ ਥਾਵੇਂ ਲਿਖਿਆ ਹੈ:-"ਨੌਂ ਮਹੀਨੇ, ਨੌ ਦਿਨ, ਨੌਂ ਪਹਿਰ, ਨੌ ਘੜੀਆਂ, ਨੌਂ ਪਲ ਗੁਰੂ ਗੋਬਿੰਦ ਸਿੰਘ (ਦਮਦਮੇ) ਰਹੇ। ਚੜ੍ਹੇ ਕੱਤਕ ਸੁਦੀ ਥਿਤ ਪੰਚਮੀ ਦਿਨ ਵੀਰਵਾਰ। ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ ਦੱਖਣ ਕੋ।"
[2]ਰਾਣੇ ਤੇ ਰਾਜੇ।
[*]ਏਥੇ ਗੁਰਦੁਆਰਾ ਹੈ, ਜ਼ਿਲਾ ਹਿਸਾਰ ਹੈ।

ਕਰੇ ਉਤਾਰਨਿ ਹਯ ਤੇ ਜ਼ੀਨਾ ॥੧੪॥
ਖਾਨ ਪਾਨ ਸਭਿਹਿਨਿ ਕਰਿ ਲੀਨਾ।
ਭਈ ਰਾਤ੍ਰਿ ਨਿੰਦ੍ਰਾ ਸੁਖ ਭੀਨਾ।
ਪ੍ਰਾਤਿ ਉਠੇ ਤਯਾਰੀ ਕਰਿਵਾਈ।
ਭਏ ਅਰੋਹਨ ਤੁਰਤ ਗੁਸਾਈਂ ॥੧੫॥
-ਮਾਰਵਾੜ ਕੇ ਦੇਸ਼ ਮਝਾਰੀ।
ਚਲਹਿਂ ਤਹਾਂ ਕੋ- ਇੱਛਾ ਧਾਰੀ।
ਗ੍ਰਾਮ ਝੋਰੜੀ+ ਉਤਰੇ ਜਾਇ।
ਤਹਾਂ ਦੁਪਹਿਰਾ ਥਿਰੇ ਬਿਲਾਇ[1] ॥੧੬॥
ਕੋਸ ਅਸ਼ਟ ਦਸ ਪਹੁੰਚੇ ਜਬੈ।
ਝੰਡੇ ਗ੍ਰਾਮ++ ਸਿਵਰ ਕਿਯ ਤਬੈ।
ਸ਼੍ਰਮਤਿ ਭਏ ਨਰ, ਨਿਸਾ ਬਿਤਾਈ।
ਪ੍ਰਾਚੀ ਦਿਸ਼ਾ ਭਈ ਅਰੁਨਾਈ ॥੧੭॥
ਤੰਗ ਤੁਰੰਗਨ ਐਂਚਨਿ ਕਰੇ।
ਤਯਾਰ ਹੋਇ ਕਰਿ ਸਤਿਗੁਰ ਚਰੇ।
ਦ੍ਵਾਦਸ਼ ਕੋਸ ਉਲੰਘਿ ਮਗ ਆਏ।
ਸਰਸਾ¶ ਗ੍ਰਾਮ ਤਹਾਂ ਦਰਸਾਏ ॥੧੮॥
ਦਲ ਸਮੇਤ ਪ੍ਰਭੁ ਕੀਨਸਿ ਡੇਰਾ¶¶।
ਸਕਲ ਬਹੀਰ ਆਇ ਤਿਸ ਬੇਰਾ।
ਪਰਮ ਸਿੰਘ ਅਰੁ ਧਰਮ ਸਿੰਘ ਜੁਇ।
ਰੂਪੇ ਕੇ[2] ਚਲਿ ਆਇ ਭ੍ਰਾਤ ਦੁਇ ॥੧੯॥
ਪ੍ਰਭੁ ਹਿਤ ਨਜੋ ਮੰਚ ਨਿਤ ਕਰੈਂ।

---

+ਏਥੇ ਜੰਡ ਹੈ ਯਾਦਗਾਰੀ, ਗੁਰਦਵਾਰਾ ਨਹੀਂ ਹੈ।
[1]ਓਥੇ ਠਹਿਰਕੇ ਦੁਪਹਿਰਾ ਕੱਟਿਆ।
++ਏਥੇ ਗੁਰਦਵਾਰਾ ਹੈ। ਰਿਆਸਤ ਪਟਿਆਲਾ ਹੈ।
¶ਏਥੇ ਗੁਰਦਵਾਰਾ ਹੈ।
¶¶ਏਥੇ ਇਕ ਬੰਦੀਛੋਰ ਵਾਕਿਆ ਹੋਯਾ ਹੈ ਜੋ ਤਵਾ: ਖਾਲਸਾ ਨੇ ਦਿੱਤਾ ਹੈ ਤੇ ਜੋ ਸੀਨੇ ਬਸੀਨੇ ਬੀ ਆਇਆ ਹੈ, ਜੋ ਕਵੀ ਜੀ ਨੂੰ ਨਹੀਂ ਮਿਲਿਆ। ਖੁਡਾਲੇ ਦੇ ਹਾਕਮ ਨੇ ਗੁਲਾਬ ਸਿੰਘ (ਸੁਨਿਆਰਾ) ਇਸ ਕਰਕੇ ਕੈਦ ਕਰ ਰਖਿਆ ਸੀ ਕਿ ਉਹ ਆਪਣੀ ਬੇਟੀ ਉਸ ਨੂੰ ਨਹੀਂ ਦੇਂਦਾ ਸੀ। ਕਾਕੀ ਨੂੰ ਸੰਗਤ ਨੇ ਛੁਪਾ ਰਖਿਆ ਸੀ। ਗੁਰੂ ਜੀ ਪਾਸ ਸੰਗਤ ਵਲੋਂ ਫਰਿਆਦ ਪਹੁੰਚੀ, ਆਪ ਨਿਰਭੈ ਸ਼ੇਰ ਵਾਂਗ ਖੁਡਾਲੇ ਜਾ ਪਹੁੰਚੇ, ਸਿੰਘ ਨੂੰ ਕੈਦੋਂ ਕੱਢਿਆ ਤੇ ਹਾਕਮ ਨੂੰ ਆਪਣੇ ਆਤਮ ਬਲ ਨਾਲ ਸਿੱਧੇ ਰਾਹ ਪਾਕੇ ਨੇਕ ਆਦਮੀ ਬਣਾ ਦਿੱਤਾ ਤੇ ਕੁਕਰਮਾਂ ਤੋਂ ਖਲਾਸੀ ਬਖਸ਼ੀ। ਐਉਂ ਕਾਕੀ ਦਾ ਧਰਮ ਬਚਾਇਆ ਤੇ ਸਿੰਘ ਦੀ ਬੰਦ ਛੁਡਾਈ। ਵਿਸਥਾਰ ਲਈ ਦੇਖੋ 'ਸ਼੍ਰੀ ਗੁਰੂ ਕਲਗੀਧਰ ਚਮਤਕਾਰ' ਦਾ 'ਖੁੱਲ੍ਹਾਂ ਦਾ ਦਾਤਾ' ਨਾਮੇ ਪ੍ਰਸੰਗ।
[2]ਰੂਪੇ ਦੇ ਖਾਨਦਾਨ ਦੇ। (ਅ) ਰੂਪੇ ਦੇ ਪਿੰਡ ਤੋਂ।

ਤਯਾਰੀ ਹਿਤ ਤੂਰਨ ਸੋ ਘਰੈਂ[1]।
ਬੁਨਿ ਕੈ ਪਾਇੰਦ ਪਾਇ ਬਨਾਵੈਂ[2]।
ਨਿਸ ਮਹਿਂ ਗੁਰ ਕੇ ਤਰੇ ਡਸਾਵੈਂ ॥੨੦॥
ਥਿਰ ਹ੍ਵੈ ਕਿਤਿਕ ਸਮੈਂ ਮਹਿਂ ਫੇਰ।
[*]ਪਿਖ੍ਯੋ ਪਚਾਵਾ[3] ਊਚ ਬਡੇਰ।
ਤਿਸ ਪਰ ਚਢਿ ਡਲ ਸਿੰਘ ਹਕਾਰਾ।
'ਆਉ ਦਿਖਾਵਹਿਂ ਦੇਸ਼ ਉਦਾਰਾ ॥੨੧॥
ਜੋ ਤੁਝ ਕੋ ਦੇਨੋ ਹਿਤ ਰਾਜ।
ਕਰਹਿਂ ਵਧਾਵਨ ਸਕਲ ਸਮਾਜ।'
ਮੁਖ ਮੁਰਝਾਨੇ ਤਬਹਿ ਉਚਾਰੇ।
'ਜਬਿ ਚਲਿ ਹੈਂ ਤਬਿ ਲੇਹਿਂ ਨਿਹਾਰੇ' ॥੨੨॥
ਛੂਟਿ ਗਯੋ ਧੀਰਜ ਜਿਸ ਕੇਰਾ।
ਮੋਹ ਸਦਨ ਗਨ ਗ੍ਰਾਮ ਬਡੇਰਾ।
ਪੁਨ ਪ੍ਰਭੁ ਆਨਿ ਪਲੰਘ ਪਰ ਥਿਰੇ।
ਔਰ ਨਿਕਟ ਸਭਿ ਬੈਠਨ ਕਰੇ ॥੨੩॥
ਰਾਮ ਸਿੰਘ ਕਰ ਜੋਰਿ ਉਚਾਰਾ।
ਭ੍ਰਾਤਾ ਫਤੇ ਸਿੰਘ ਹਿਤ ਧਾਰਾ[4]।
'ਖੁਸ਼ੀ ਕਰਹੁ ਇਹ ਸਦਨ ਸਿਧਾਵੈ।
ਸਕਲ ਕਾਰ ਪਾਛੇ ਨਿਬਹਾਵੈ' ॥੨੪॥
ਸੁਨਿ ਗੁਰ ਕਹ੍ਯੋ 'ਹਮਹੁ ਸਭਿ ਜਾਨੀ।
ਬਾਨੀ ਤੂੰ ਭਾਖਤਿ ਛਲ ਸਾਨੀ।
ਫਤੇ ਸਿੰਘ ਕੋ ਜਾਨ ਨ ਦੈ ਹੈਂ।
ਨਹੀਂ ਆਪ ਭੀ ਸੰਗ ਸਿਧੈ ਹੈਂ[5] ॥੨੫॥
ਹਮ ਕਯਾ ਕਹੈਂ, ਭੇਜ ਦੇਹੁ ਪਾਛੇ।
ਕਰਹਿਂ ਕਪਟ ਤੁਝ ਹੋਇ ਨ ਆਛੇ।'
'ਪ੍ਰਭੁ ਜੀ! ਨਹਿਂ ਰਿਸ ਰਿਦੈ ਕਰੀਜੈ।

---

[1]ਗੁਰਾਂ ਲਈ ਛੇਤੀ ਘੜਕੇ ਤਿਆਰ ਕਰਦੇ ਹਨ।
[2]ਬਣਾ ਕੇ (ਚੰਗੀ) ਪਾਇੰਦ ਪਾਂਵਦੇ ਹਨ।
[*]ਸਾਖੀ ਪੋਥੀ ਦੀ ਸਾਖੀ ਹੀ ਚੱਲ ਰਹੀ ਹੈ।
[3]ਆਵਾ।
[4]ਦਾ ਹਿਤ ਧਾਰਿਆ।
[5]ਫਤੇ ਸਿੰਘ ਨੂੰ ਜਾਣ ਨਹੀਂ ਦਿਆਂਗੇ ਮਤਾਂ ਤੂੰ ਬੀ ਨਾਲ ਹੀ ਨਾ ਚਲਾ ਜਾਏਂ। (ਅ) ਸਾਡੇ ਨਾਲ ਨਾ ਤੂੰ ਫਤੇ ਸਿੰਘ ਨੂੰ ਜਾਣ ਦੇਣਾ ਹੈ ਤੇ ਨਾਂਹੀ ਆਪ ਨਾਲ ਜਾਏਂਗਾ।

ਬਿਨ ਨਰ ਸਦਨ ਨਹੀ ਨਿਬਹੀਜੈ' ॥੨੬॥
ਇਮ ਕਹਿ ਫਤੇ ਸਿੰਘ ਕੋ ਮੋਰਾ।
ਕਾਚੇ ਲੋਕਨ ਧੀਰਜ ਛੋਰਾ।
ਖਾਨ ਪਾਨ ਕਰਿ ਦਿਵਸ ਬਿਤਾਯੋ।
ਸੰਧਜਾ ਸਮੈ ਤਿਮਰ ਗਨ ਛਾਯੋ ॥੨੭॥
ਡਲ ਸਿੰਘ ਕੰਕਨ ਦੋਨਹੁਂ ਉਤਰੇ[੧]।
ਹਿਤ ਤਕਰਾਈ ਗੁਰ ਢਿਗ ਧਰੇ।
ਸੁੰਦਰ ਖੰਡਾ ਦਯੋ ਟਿਕਾਈ।
ਬਾਹੀ ਸੰਗ ਮੰਚ ਕੇ ਲਾਈ[੨] ॥੨੮॥
ਨਿਸ ਜਬਿ ਭਈ ਅਧਿਕ ਅੰਧਕਾਰਾ।
ਹਿਤ ਭਾਜਨ ਕੇ ਕੀਨਸ ਤਜਾਰਾ।
ਗੁਰ ਡੇਰੇ ਕੀ ਕਰੀ ਪ੍ਰਦੱਛਨ।
ਦੋਇ ਬਾਰ ਫਿਰਿ ਨੀਠ[+] ਬਿਚੱਛਨ ॥੨੯॥
ਪੁਨ ਫਿਰਿਬੇ ਕੀ ਧੀਰ ਨ ਰਹੀ।
ਨਮੋ ਕਰੀ ਕਰ ਜੋਰੇ ਤਹੀਂ।
ਘਰਬਾਰੀ ਦਰਬਾਰੀ ਦੌਨ[੩]।
ਚਢਿ ਕਰਿ ਭਾਜਿ ਹਟਜੋ ਥਲ ਤੌਨ[੪] ॥੩੦॥
ਸੰਗ ਬਿਰਾੜ ਬਹੁਤ ਹਟਿ ਆਏ।
ਇਕ ਸੋਢੀ ਕੋ ਭੀ ਸੰਗ ਲਜਾਏ।
ਜਾਮ ਜਾਮਨੀ ਤੇ ਪ੍ਰਭੁ ਜਾਗੇ।
ਸੌਚ ਸ਼ਨਾਨ ਕਰਨ ਕੋ ਲਾਗੇ ॥੩੧॥
ਚਾਰ ਘਰੀ ਕੇ ਅੰਮ੍ਰਿਤ ਵੇਲੇ।
ਬਸਤ੍ਰ ਸ਼ਸਤ੍ਰ ਪਹਿਰੇ ਸਭਿ ਲੇ ਲੇ।
ਬਹੁਰ ਕਹਜੋ 'ਡਲ ਸਿੰਘ ਕੋ ਲਜਾਵੈ।
ਹਮ ਢਿਗ ਬੈਠੇ, ਜਾਇ ਸੁਨਾਵੋ' ॥੩੨॥

---

[੧]ਦੋਵੇਂ ਕੜੇ ਉਤਾਰਕੇ।
[੨]ਮੰਜੇ ਦੀ ਬਾਹੀ ਨਾਲ ਲਾਕੇ (ਖੰਡਾ ਰਖਿਆ)। (ਅ) ਗੁਰੂ ਜੀ ਦੇ ਪਲੰਘ ਦੇ ਨਾਲ ਬਾਂਹ ਲਾਕੇ (ਬੈਠਾ)।
[+]ਪਾ:-ਦੀਨ।
[੩]ਪਿਛੇ ਅੰਸੂ ੩੨ ਅੰਕ ੧੧ ਵਿਚ ਦੋ ਦੀਵਾਨ, ਦਰਬਾਰੀ ਸਿੰਘ ਤੇ ਉਸ ਦਾ ਭਾਈ ਘਰਬਾਰੀ ਸਿੰਘ, ਦੱਸੇ ਹਨ। ਏਥੇ ਐਉਂ ਅੱਖਰ ਪਏ ਹਨ ਕਿ ਮਾਨੋਂ ਡੱਲੇ ਨੂੰ ਹੀ ਦਰਬਾਰੀ ਤੇ ਘਰਬਾਰੀ ਕਹਿ ਰਹੇ ਹਨ, ਪਰ ਅੰਸੂ ੩੨ ਅੰਕ ੧੧ ਮੂਜਬ ਇਉਂ ਠੀਕ ਜਾਪਦਾ ਹੈ ਕਿ ਘਰਬਾਰੀ ਤੇ ਦਰਬਾਰੀ ਜੋ ਦੋਵੇਂ ਭਰਾ ਸਨ ਡੱਲੇ ਦੇ ਨਾਲ ਹੀ ਭੱਜ ਗਏ।
[੪]ਉਸ ਥਾਂ ਤੋਂ।

ਦਲ ਮਹਿਂ ਰਹੈ ਬੇਨਵਾ ਏਕ।
ਹਿਤ ਦਰਸ਼ਨ ਕੇ ਜਲਧ ਬਿਬੇਕ[੧]।
ਦੇਤਿ ਪ੍ਰਦਛਨਾ ਜਬਿ ਭਜ ਗਯੋ[੨]।
ਨੀਕੀ ਰੀਤਿ ਨਿਹਾਰਤਿ ਭਯੋ ॥੩੩॥
ਤਿਨ ਗੁਰ ਸਨਮੁਖ ਗਿਰਾ ਉਚਾਰੀ।
'ਕਿਤ ਦਰਬਾਰੀ ਕਿਤ ਘਰਬਾਰੀ।
ਡੱਲਾ ਕਹਾਂ ਨਿਮੱਲਾ ਮੱਲਾ[੩]।
ਰਹਯੋ ਸੰਗ ਅੱਲਾ ਹੀ ਅੱਲਾ ॥੩੪॥
ਕਹਿਂ ਸਿਖ ਕਪਟੀ ਬੇਖ ਕੁਢਾਲੀ[੪]।
ਅੰਤ ਸਮੈਂ ਨਿਬਹੈ ਨਹਿਂ ਨਾਲੀ।
ਤਜੋਂ ਨ ਡੱਲਾ ਕੂੜ ਕੁੱਚਲਾ[੫]।
ਰਹਯੋ ਏਕ ਅੱਲਾ ਹੀ ਅੱਲਾ ॥੩੫॥
ਨਿਬਹੈ ਕੂੜ, ਨ ਸੱਚ ਅਗਾਰੀਂ[੬]।
ਫਸੇ ਮੋਹ ਸੁਤ ਬੰਧਪ ਨਾਰੀ।
ਭਾਗਯੋ ਡੱਲਾ ਤਾਉ ਨ ਝੱਲਾ[੭]।
ਸੰਗ ਰਹਯੋ ਅੱਲਾ ਹੀ ਅੱਲਾ[*]' ॥੩੬॥
ਸੁਨਿ ਗੁਰ ਕਹਯੋ 'ਜਾਹੁ ਵੇ ਡੱਲਾ!
ਆਪਹਿ ਭਾਗਯੋਂ ਉਰ ਥਰਥੱਲਾ[੮]।
ਮਾਂਗਤਿ ਰਹਤਿ ਸਦਾ ਥਲ ਤੀਰ[੯]।
ਕਹਾਂ ਪਰੀ ਤੇਰੇ ਪਰ ਭੀਰ' ॥੩੭॥

---

[੧]ਭਾਵ ਸ਼੍ਰੀ ਗੁਰੂ ਜੀ ਦਾ।
[੨]ਜਦੋਂ (ਡੱਲਾ) ਭੱਜ ਗਿਆ ਸੀ।
[੩]ਡੱਲਾ ਕਿਥੇ ਉਸ ਦੇ ਮੱਲਾਂ (ਸੂਰਮਿਆਂ) ਵਿਚੋਂ ਬੀ ਕੋਈ ਸੂਰਮਾ ਨਹੀਂ ਜੇ ਰਿਹਾ। (ਅ) ਮੱਲਾਂ ਵਿਚੋਂ ਨਾਂ ਮੱਲ ਭਾਵ ਬੀਰਾਂ ਵਿਚੋਂ ਕਾਇਰ। (ੲ) ਨਾ ਮੱਲਣੇ ਜੋਗ ਥਾਂ (ਆਪਣਾ ਪਿੰਡ) ਜਾ ਮਲਿਆ ਸੁ। (ਸ) ਵਿਸ਼ੇਸ਼ ਕਰਕੇ ਮੈਲ ਮੱਲ ਲਈ ਸੁ, ਆਪਣਾ ਮੁਕਾਲਾ ਕੀਤਾ ਸੁ।
[੪]ਭਾਵ ਆਪ ਨੂੰ ਕਹਿੰਦੇ ਤਾਂ ਹਨ ਕਿ ਅਸੀਂ ਸਿੱਖ ਹਾਂ ਪਰ ਹਨ ਕਪਟੀ ਤੇ ਕੁਢਾਲੇ ਵੇਸ਼ ਵਾਲੇ। (ਅ) ਪਰ ਭੇਖ ਕਪਟੀ ਤੇ ਰੀਤ ਮਾੜੀ ਹੈ।
[੫]ਕੂੜੀ ਚਾਲ ਚਲ ਗਿਆ। (ਅ) ਕੂੜਾ ਤੇ ਕੁਚਾਲ ਵਾਲਾ।
[੬]ਸੱਚ ਦੇ ਅੱਗੇ ਕੂੜ ਨਹੀਂ ਨਿਭਦਾ।
[੭]ਕਸੌਟੀ ਦਾ ਤਾਉ ਨਹੀਂ ਸਹਾਰਿਆ ਸੁ।
[*]ਸੰਖਪ ਵਾਰਤਾ ਇਸ ਤਰ੍ਹਾਂ ਪਰ ਬੀ ਹੈ ਕਿ ਗੁਰੂ ਜੀ ਦੇ ਡਲ ਸਿੰਘ ਨੂੰ ਆਵਾਜ਼ ਮਾਰਨੇ ਪਰ ਬੇਨਵਾ ਨੇ ਆਵਾਜ਼ ਦਿੱਤੀ, 'ਨਾਂ ਡੱਲਾ ਨਾ ਮੱਲਾ, ਗੁਰੂ ਇਕ ਇਕੱਲਾ'। ਤਾਂ ਸਤਿਗੁਰੂ ਬੋਲੇ 'ਗੁਰ ਨਾਲ ਅੱਲਾ, ਗੁਰੂ ਕਦੇ ਨ ਕੱਲਾ'।
[੮]ਰਿਦਾ ਕੰਬ ਗਿਆ।
[੯]ਸਾਡੇ ਪਾਸ ਥਾਂ।

ਇਕ ਦਿਸ਼ਿ ਦੇਖਤਿ ਪ੍ਰਭੁ ਉਚਾਰਾ।
'ਇਤੇ ਕੌਨ ਸੇ ਕੀਯਸਿ ਤਯਾਰਾ?'[੧]
ਸਿੰਘ ਮਝੈਲ ਅਫੀਮੀ ਏਕ।
ਸੁਨਿ ਬੋਲਯੋ ਸੰਗ ਜਲਧਿ ਬਿਬੇਕ ॥੩੮॥
'ਸਭਿ ਮਲਵਈ ਭਾਜਿ ਕੈ ਗਏ।
ਮਾਝੇ ਕੇ ਮਾੜੇ ਥਿਰ ਥਏ[੨]।'
ਕਹਯੋ ਗੁਰੂ 'ਮਝੈਲ ਨਹਿਂ ਮਾੜੇ।
ਦੇਸ਼ ਮਾਲਵੇ ਕੇ ਹੁਇਂ ਲਾੜੇ' ॥੩੯॥
ਬਹੁਰ ਚਢਨ ਤਯਾਰੀ ਕਰਿਵਾਈ।
ਜ਼ੀਨ ਪਾਇ ਹਯ ਲੀਨ ਅਨਾਈ[*]।
ਗਏ ਕੋਸ ਦ੍ਵਾਦਸ਼ ਕਿਯ ਡੇਰਾ।
ਨੌਹਰ[+] ਨਗਰ ਬਸਹਿ ਬਹੁਤੇਰਾ ॥੪੦॥
ਸੈਨ ਸਹਿਤ ਵਹੀਰ ਬਿਸਾਲਾ।
ਆਨਿ ਸਿਵਰ ਸਭਿਹੂੰ ਤਹਿਂ ਘਾਲਾ।
ਸਤਿਗੁਰ ਬੈਠੇ ਸਹਿਜ ਸੁਭਾਇ।
ਏਕ ਸਿੰਘ ਪੁਰਿ ਬੀਚ ਪਠਾਇ ॥੪੧॥
'ਕਿਸ਼ਨ ਲਾਲ ਦਿਜ ਇਹ ਥਲ ਧਾਮੂ[੩]।
ਲਯਾਉ ਬੁਲਾਇ ਬੂਝਿਬੇ ਕਾਮੂ।
ਜੋਤਿਸ਼ ਬਿੱਦਯਾ ਬਿਖੈ ਪ੍ਰਬੀਨ।
ਪੂਰਬ ਦਿਸ਼ਿ ਪੁਰਿ ਮਹਿਂ ਘਰ ਚੀਨ' ॥੪੨॥
ਸੁਨਿ ਗੁਰ ਤੇ ਤਤਛਿਨ ਸਿਖ ਗਯੋ।
ਜਾਇ ਜੋਤਸ਼ੀ ਲਯਾਵਤਿ ਭਯੋ।

---

[੧]ਇਧਰ ਕਿਸ ਨੇ ਤਿਆਰੀ ਕੀਤੀ ਹੈ।

[੨]ਮਾਝੇ ਦੇ ਮਾੜੇ ਸਿੰਘ ਇਸਥਿਤ ਹਨ।

[*]ਕਿਤਨਾ ਵਿਸ਼ਾਲ ਤੇ ਕਮਾਲ ਦਾ ਹਿਰਦਾ ਹੈ ਜੋ ਕਿਸੇ ਮੁਸੀਬਤ ਤੋਂ ਬੀ ਆਪਣੇ ਦਾਈਏ ਤੋਂ ਨਹੀਂ ਮੁੜਦਾ ਤੇ ਮਨ ਦਿਲਭਵੀਂ ਕਿਤੇ ਨਹੀਂ ਖਾਂਦਾ। ਕਿੰਨੇ ਪਿਆਰ ਵਾਲੇ ਭਰੋਸੇ ਯੋਗ ਸਰਦਾਰ ਸਨ ਜੋ ਵਜ਼ੀਦੇ ਨੂੰ ਲਿਖਦੇ ਸਨ ਕਿ ਗੁਰੂ ਜੀ ਦੇ ਨਾਲ ਲੜਾਂ ਮਰਾਂਗੇ ਓਹ ਵੀ ਸਾਥ ਛੱਡੀ ਜਾਂਦੇ ਹਨ, ਪਰ ਗੁਰੂ ਜੀ ਦਾ ਹਿਰਦਾ ਅਹਿੱਲ ਹੈ, ਸਭ ਕੁਝ ਝੱਲਦਾ ਹੈ ਤੇ ਆਪਣੇ ਪਰਪੱਕ ਇੰਦੀਏ ਤੇ ਟੁਰੀ ਜਾ ਰਿਹਾ ਹੈ। ਚੰਗੇ ਚੰਗੇ ਸੂਰਮੇ ਐਸੇ ਸਮਿਆਂ ਤੇ ਦਿਲ ਛੱਡ ਬੈਠਦੇ ਹਨ। ਸੀਜ਼ਰ ਵਰਗੇ ਅਜਿੱਤ ਸੂਰਮੇ ਨੇ ਆਪਣੇ ਕਾਤਲਾਂ ਵਿਚ ਆਪਣੇ ਪਿਆਰੇ 'ਬ੍ਰੂਟਸ' ਨੂੰ ਤੱਕ ਕੇ ਤਾਣ ਛੱਡ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨਾ ਕੇਵਲ ਹਿੰਦ ਵਿਚ ਬਲਕਿ ਜਗਤ ਵਿਚ ਅਦੁਤੀ ਸ਼ਖਸੀਅਤ ਹੈ ਜੋ ਕਿਤੇ ਦਿਲ ਨਹੀਂ ਛੱਡਦੀ।

[+]ਸਰਸੇ ਤੋਂ ਵੀਹ ਕੁ ਕੋਸ ਪਰ ਹਿਠਾੜ ਨੂੰ ਹੈ, ਗੁਰਦਵਾਰਾ ਏਥੇ ਹੈ, ਛੀਨ ਤਲਾਈ ਪਰ, ਜਿਥੇ ਗੁਰੂ ਜੀ ਨੇ ਮੁਕਾਮ ਕੀਤਾ ਸੀ।

[੩]ਇਸ ਥਾਂ ਕਿਸ਼ਨ ਲਾਲ (ਜੋਤਸ਼ੀ) ਦਾ ਘਰ ਹੈ।

ਆਸ਼ਿਖ ਬਾਦ ਦੀਨ ਢਿਗ ਬੈਸਾ।
ਏਵ ਮਿਲ੍ਯੋ ਪੂਰਬ ਮਿਲਿ ਜੈਸਾ ॥੪੩॥
ਸਤਿਗੁਰ ਭਾਖ੍ਯੋ 'ਪ੍ਰਸ਼ਨ ਪਛਾਨਹੁਂ।
ਕਿਮਹੁ ਬੁਲਾਯੋ ਜਾਨਿ ਬਖਾਨਹੁਂ।'
ਸੁਨਿ ਪ੍ਰਭੁ ਤੇ ਦਿਜ ਲਗਨ ਬਿਚਾਰਾ।
ਗ੍ਰਿਹ ਨਿਬਲਾਬਲ ਕੋ ਨਿਰਧਾਰਾ[1] ॥੪੪॥
ਮੂਕ ਪ੍ਰਸ਼ਨ[2] ਕੋ ਭਲੇ ਪਛਾਨਾ।
ਪੁਨ ਸਤਿਗੁਰ ਕੇ ਸੰਗ ਬਖਾਨਾ।
'ਰਾਵਰ ਕੇਰ ਮਨੋਰਥ ਜੋਊ।
ਮਿਲਿਬੇ ਹਿਤ ਤੁਰਕੇਸ਼ੁਰ ਸੋਊ' ॥੪੫॥
ਪੁਨ ਗੁਰ ਕਹ੍ਯੋ 'ਤਾਂਹਿ ਸਨ ਮੇਲਾ।
ਹੋਇ ਕਿ ਨਹੀਂ ਬਤਾਉ ਸੁਹੇਲਾ?'
ਸੁਨਿ ਦਿਜ ਨੇ ਕਰਿ ਗਣਤ ਬਿਚਾਰਾ।
ਗ੍ਰੈਹ ਅਰੁ ਲਗਨ ਸਕਲ ਨਿਰਧਾਰਾ ॥੪੬॥
'ਸ੍ਰੀ ਗੁਰ! ਤੁਮਰੋ ਮੇਲ ਨ ਬਨੈ।
ਢਿਗ ਨ ਪਹੂੰਚਹੁ ਤਿਹ ਮ੍ਰਿਤੁ ਹਨੈ[3]।
ਤਿਸ ਕੋ ਪੁੱਤ੍ਰ ਹੋਇ ਬਹੁ ਦੀਨ।
ਮਿਲੈ ਆਪ ਕੋ[4] ਮੈਂ ਮਨ ਚੀਨ' ॥੪੭॥
ਸੁਨਿ ਸਤਿਗੁਰ ਦਿਜ ਕੇ ਬਚ ਸਾਚੇ[*]।

---

[1]ਬਲੀ ਤੇ ਨਿਰਬਲ ਗ੍ਰਹ ਨੂੰ ਨਿਰਨੇ ਕੀਤਾ। (ਅ) ਗ੍ਰੈਹਾਂ ਦਾ ਬਲ ਪਿਆ ਕਿ ਬਲ ਘਟਿਆ, ਵਿਚਾਰ ਕੀਤੀ।
[2]ਓਹ ਪ੍ਰਸ਼ਨ ਜੋ ਬੋਲੇ ਬਿਨਾਂ ਮਨ ਵਿਚ ਕੀਤਾ ਜਾਏ।
[3](ਤੁਸੀਂ ਅਜੇ) ਨੇੜੇ ਨਹੀਂ ਪਹੁੰਚੋਗੇ ਕਿ ਤਿਸਨੂੰ ਮੌਤ ਮਾਰ ਲਵੇਗੀ।
[4]ਭਾਵ ਆਪ ਨੂੰ ਨਿੰਮ੍ਰਤਾ ਸਹਿਤ ਮਿਲੇਗਾ।
[*]ਅਸਲ ਵਿਚ ਜੋਤਿਸ਼ ਵਿਚ ਟੇਕ ਧਾਰਨੀ ਗੁਰਮਤ ਵਿਚ ਮਨ੍ਹਾਂ ਹੈ ਤੇ ਸ੍ਰੀ ਗੁਰੂ ਜੀ ਦੀ ਬਾਬਤ ਇਹ ਸਾਖੀ ਜੋਤਿਸ਼ ਪੁੱਛਣ ਵਾਲੀ ਉਨ੍ਹਾਂ ਦੀ ਰਚਨਾ ਨਾਲ ਨਹੀ ਮਿਲਦੀ, ਯਥਾ:-"ਬਿਨ ਏਕ ਨਾਮੁ ਇਕਿ ਚਿੱਤ ਲੀਨ। ਫੋਕਟੋ ਸਰਬ ਧਰਮਾ ਬਿਹੀਨ ॥ " ਤਥਾ:-"ਫੋਕਟ ਕਰਮ ਲਖੇ ਸਭ ਧਰਮਾ। ਇਨ ਤੇ ਸਰਤ ਨ ਕੋਊ ਕਰਮਾ। " ਤਥਾ-ਭਾਈ ਗੁਰਦਾਸ ਜੀ "ਪੂਛਤ ਨਾ ਜੋਤਕ ਨ ਬੇਦ ਥਿਤ ਵਾਰ ਕਛੂ ਗ੍ਰਿਹ ਔ ਨਖੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ" ਆਖ ਰਹੇ ਹਨ। ਹਾਂ, ਬ੍ਰਾਹਮਣ ਦੇ ਤਾਰਨ ਲਈ ਚੋਜ ਹੋਵੇ ਤਾਂ ਸੰਭਵ ਹੈ। ਫੇਰ ਗੁਰੂ ਜੀ ਨੂੰ ਕਵੀ ਜੀ ਅਨੇਕ ਥਾਈਂ ਅੰਤਰਜਾਮੀ ਕਹਿ ਆਏ ਹਨ। ਔਰੰਗੇ ਦੀ ਮੌਤ ਬਾਬਤ ਪਤਾ ਹੈ, ਪੱਤ੍ਰ ਘੱਲ ਚੁੱਕੇ ਤੇ ਦੱਸ ਚੁੱਕੇ ਹਨ ਕਿ ਉਸ ਦਾ ਅੰਤ ਨੇੜੇ ਹੈ। ਇਸੇ ਐਨ ਦੇ ਅੰਸੂ ੩੮ ਅੰਕ ੨੦ ਵਿਚ ਤਾਰਾ ਆਜ਼ਮ ਰਾਜ ਦਾ ਸੁਖ ਨਹੀਂ ਪਾਏਗਾ, ਭਵਿੱਖਤ ਦੀ ਗੱਲ ਗੁਰੂ ਜੀ ਆਪ ਦੱਸ ਰਹੇ, ਕਵੀ ਜੀ ਨੇ ਲਿਖੇ ਹਨ। ਸਾਖੀ ਪੋਥੀ ਦੇ ਨੌਹਰ ਦੇ ਪ੍ਰਸੰਗ ਵਿਚ ਜੋਤਸ਼ੀ ਦੀ ਸਾਖੀ ਨਹੀਂ ਹੈ, ਸੋ ਇਹ ਇਕ ਚੋਜ ਮਾਤ੍ਰ ਹੈ ਜੋ ਹਾਸਯ ਰਸ ਦੇ ਕਮਾਲ ਵਾਲੇ ਅਵਤਾਰਾਂ ਵਿਚ ਸੁਤੇ ਹੁੰਦਾ ਹੈ। 'ਸੁਨਿ ਸਤਿਗੁਰ ਦਿਜ ਕੇ ਬਚ ਸਾਚੇ' ਵਿਚ ਜੋਤਸ਼ੀ ਦੇ ਬਚਨ ਨੂੰ ਸੱਚਾ ਜਾਣ ਰਹੇ ਵਿਚ ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜੀ ਨੂੰ ਹੋਣਹਾਰ ਦਾ ਪਹਿਲੋਂ ਹੀ ਪਤਾ ਸੀ, ਨਹੀਂ ਤਾਂ ਉਸ ਦੇ ਕਹਿਣ ਨੂੰ 'ਸੱਚੇ' ਕਿਸ ਤਰ੍ਹਾਂ ਪਰਖ ਲੈਂਦੇ। ਔਰੰਗਾ ਅਜੇ ਜੀਊਂਦਾ ਸੀ, ਗੁਰੂ ਜੀ ਉਸਦੀ ਮ੍ਰਿਤੂ ਜਾਣਦੇ ਸੇ। ਪੰਡਤ ਦੇ ਕਹੇ ਨੂੰ ਤਾਂ ਹੀ ਪਰਖ ਲਿਆ।

ਭਏ ਪ੍ਰਸੰਨ ਕ੍ਰਿਪਾ ਰਸ ਰਾਚੇ।
ਕਰਜੋ ਬਿਲੋਕਨ ਤਿਹ ਜਿਸ ਕਾਲਾ।
ਕਰਿ ਦੀਨੇ ਸੋ ਬਿੱਪ੍ਰ ਨਿਹਾਲਾ[1] ॥੪੮॥
ਮਹਿਮਾ ਜਾਨਿ ਪਰਨਿ ਪਗ ਚਾਹਾ।
ਕਰਜੋ ਹਟਾਵਨਿ ਸ੍ਰੀ ਪ੍ਰਭੁ ਤਾਂਹਾ।
ਕਹਤਿ ਭਯੋ 'ਦ੍ਵੈ ਘਰੀ ਦਰਸ ਤੇ।
ਕਰਜੋ ਕ੍ਰਿਤਾਰਥ ਮਹਾਂ ਹਰਸ਼ ਤੇ ॥੪੯॥
ਜਹਿਂ ਤੁਮ ਮਾਸ ਬਰਸ ਲਗਿ ਬਾਸੇ।
ਤਹਾਂ ਹਜ਼ਰਾਹੁਂ ਸੁਮਤਿ ਪ੍ਰਕਾਸ਼ੇ।'
ਸੁਨਿ ਗੁਰ ਕਹਜੋ 'ਨ ਸ਼ਰਧਾ ਹੋਈ।
ਯਾਂ ਤੇ ਭਯੋ ਕ੍ਰਿਤਾਰਥ ਕੋਈ[2] ॥੫੦॥
ਇਸੀ ਬਾਤ ਪਰ ਸੁਨਹੁਂ ਕਹਾਨੀ।
ਭਰਿ ਜਹਾਜ ਲੇ ਸੌਂਜ ਮਹਾਨੀ।
ਗਯੋ ਬਨਕ ਟਾਪੂ ਮਹਿਂ ਤਹਾਂ।
ਗਊ ਮਹਿਖ ਪ੍ਰਾਪਤਿ ਨਹਿਂ ਜਹਾਂ ॥੫੧॥
ਇਕ ਗੋ ਇਨ੍ਹੇ ਜਹਾਜ ਚਢ਼ਾਈ।
ਪੈ ਪੀਵਨ ਹਿਤ[3] ਨਿਕਟ ਰਖਾਈ।
ਪਾਯਹੁ ਟਾਪੂ ਮਹਿਂ ਬਿਵਹਾਰ।
ਤਹਿਂ ਇਕ ਬਨਕ ਸਖਾ ਕਿਯ ਪਜਾਰ ॥੫੨॥
ਤਿਨ ਅਪਨੇ ਘਰ ਕਰਜੋ ਅਹਾਰਾ।
ਆਦਰ ਸਹਿਤ ਅਚਾਇ ਉਦਾਰਾ।
ਤਿਸ ਨੇ ਇਸ ਕੋ ਬੋਲਿ ਪਠਾਯੋ।
ਪਾਇਸ ਭੋਜਨ ਭਲੇ ਖੁਵਾਯੋ ॥੫੩॥
ਪ੍ਰਥਮ ਨ ਅਚੀ ਸੁ ਅਚਰਜ ਭਯੋ[4]।
-ਇਹ ਕਜਾ ਅਹੈ? -ਸੁ ਬੂਝਨਿ ਕਯੋ।
-ਸੋ ਮੁਝ ਦੇਹੁ ਕਰੈਂ ਹਮ ਨੀਤ।
ਇਹ ਅਹਾਰ ਹਰਖਾਵਤਿ ਚੀਤਿ ॥੫੪॥
ਸੁਨਤਿ ਬਨਕ ਧੇਨੂ ਸੋ ਦੀਨਿ।

---

[1]ਭਾਵ ਜੀਅਦਾਨ ਦਿੱਤਾ।
[2]ਭਾਵ ਵਿਰਲਾ ਵਿਰਲਾ ਕ੍ਰਿਤਾਰਥ ਹੋਇਆ ਹੈ।
[3]ਦੁੱਧ ਪੀਣ ਲਈ।
[4]ਭਾਵ ਖੀਰ ਪਹਿਲੇ ਨਹੀਂ ਸੀ (ਕਦੇ) ਖਾਧੀ ਹੋਈ।

-ਦੁਗਧ ਦੇਤਿ ਇਹ ਲੇਹੁ ਸੁ ਚੀਨ-।
ਦੇ ਕੈ ਗਊ ਜਹਾਜ ਚਲਾਯੋ।
ਅਪਨੇ ਦੇਸ਼ ਬਿਖੈ ਇਹ ਆਯੋ ॥੫੫॥
ਸੋ ਲੇ ਗਯੋ ਧੇਨੁ ਗ੍ਰਿਹ ਓਰਾ।
ਥਿਰ ਹ੍ਵੈ ਕਰਿ ਬਛਰੂ ਤਿਹ ਛੋਰਾ।
ਸੋ ਥਨ ਚੋਸਨਿ ਲਾਗʼਯੋ ਜਬੈ।
ਸੁਰਭੀ ਮੂਤ੍ਰ ਕਰਤਿ ਭੀ ਤਬੈ ॥੫੬॥
ਬਾਸਨ ਬਿਖੈ ਬਨਕ ਲੇ ਲੀਨ।
ਰੀਧਨ ਕਰਿ ਪੁਨ ਖਾਵਨਿ ਕੀਨ।
ਕੌਰਾ ਪਾਇ ਸ੍ਵਾਦ ਪਛੁਤਾਯੋ।
-ਮੋ ਸੋਂ ਦਗ਼ਾ ਬਨਕ ਕਰਿ ਗਯੋ- ॥੫੭॥
ਤਿਮ ਇਹ ਲੋਕ ਰਹੇ ਹਮ ਪਾਸ।
ਜਾਨੀ ਜੁਗਤਿ ਨ ਸੁਮਤਿ ਪ੍ਰਕਾਸ਼।
ਦੁਗਧ ਨ ਲੀਨਿ ਮੂਤ੍ਰ ਕੋ ਲਯੋ।
ਹਮ ਪਰ ਦੋਸ਼ ਬਹੁਰ ਧਰਿ ਦਯੋ ॥੫੮॥
ਮਿਲʼਯੋ ਬਨਕ ਸੋਂ ਜਬਿ ਨਰ ਗਜਾਤਾ।
ਦੁਗਧ ਕਾਢਿਬੋ ਤਿਨ ਤਬਿ ਜਾਤਾ।
ਯਾਂ ਤੇ ਕਿਨ ਕਿਨ ਸ਼ੁਭ ਮਤਿ ਧਾਰੀ।
ਨਤੁ ਸਭਿ ਰਹੇ ਮੂਤ੍ਰ ਅਧਿਕਾਰੀ*' ॥੫੯॥
ਸੁਨਿ ਕੈ ਦਿਜ ਅਨੰਦ ਉਰ ਧਾਰʼਯੋ।
'ਧੰਨ ਧੰਨ ਸਤਿਗੁਰਨ' ਉਚਾਰʼਯੋ।
ਤਤਛਿਨ ਗਜਾਤ ਪਾਇ ਘਰ ਗਯੋ।
ਗੁਰ ਜਸੁ ਜਹਿਂ ਕਹਿਂ ਬਰਨਤਿ ਭਯੋ+ ॥੬੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਹਰ ਨਗਰ' ਪ੍ਰਸੰਗ ਬਰਨਨੰ ਨਾਮ ਤੀਨਤਿੰਸਤੀ ਅੰਸੂ ॥੩੩॥

---

*ਦੇਖੋ ਕਵੀ ਜੀ ਆਪ ਦਰਸਾ ਰਹੇ ਹਨ ਕਿ ਮਹਾਂਬਲੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ, ਉਨ੍ਹਾਂ ਦੇ ਆਸ਼ੇ ਨੂੰ, ਪਿਆਰ ਨੂੰ ਕਿਸੇ ਨਹੀਂ ਪਛਾਤਾ। ਫਿਰ ਗਜ਼ਬ ਹੈ ਕਿ ਗੁਰੂ ਜੀ ਇਹ ਸਭ ਕੁਝ ਸਮਝਦੇ ਹੋਏ ਆਪਣੇ ਇੰਦੀਏ ਤੋਂ ਨਹੀਂ ਮੁੜੇ, ਕਦੇ ਇਹ ਬੇਕਦਰੀ ਦੇਖਕੇ ਹਾਰੇ ਨਹੀਂ। ਫਿਰ ਕਹਿਰ ਹੈ ਕਿ ਇਸ ਵੇਲੇ ਵੀ ਲੋਕ ਉਨ੍ਹਾਂ ਨੂੰ ਨਹੀਂ ਸਮਝ ਰਹੇ ਅਰ ਉਨ੍ਹਾਂ ਦੀਆਂ ਸਾਰੀਆਂ ਘਾਲਾਂ ਤੇ ਕੁਰਬਾਨੀਆਂ ਤੇ ਉਨ੍ਹਾਂ ਦੇ ਆਤਮ ਰੰਗ ਨੂੰ ਨਹੀਂ ਪਛਾਣ ਰਹੇ। ਉਨ੍ਹਾਂ ਨੂੰ ਛੱਡਕੇ ਮਾਮੂਲੀ ਅਕਲੀ ਬੰਦਿਆਂ ਤੇ ਇਖਲਾਕੀ ਘੋਟਾ ਘਾਟੀ ਵਾਲਿਆਂ ਤੇ ਨਾਮ ਮਾਤ੍ਰ ਕੁਰਬਾਨੀ ਵਾਲਿਆਂ ਦੇ ਬਚਨਾਂ ਤੇ ਲੇਖਾਂ ਅੱਗੇ ਚੁੰਧਯਾ ਰਹੇ ਹਨ।

+ਇਸ ਤੋਂ ਸਪੱਸ਼ਟ ਹੋ ਗਿਆ ਕਿ ਜੋਤਸ਼ੀ ਜੋਤਸ਼ ਜਾਣਦਾ ਬੀ ਆਤਮ ਅੰਧਕਾਰ ਵਿਚ ਸੀ। ਗੁਰੂ ਜੀ ਦੀ ਮਿਹਰ ਨਾਲ ਗਿਆਨ ਪ੍ਰਾਪਤ ਹੋਕੇ ਤਰਿਆ।

## ੩੪. [ਨੌਹਰ ਵਿਖੇ ਮਰੇ ਕਬੂਤਰ ਜਿਵਾਏ। ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼]

੩੩<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੫

ਦੋਹਰਾ: ਸ਼੍ਰੀ ਸਤਿਗੁਰ ਪੂਰਨ ਪੁਰਖ, ਦੇ ਦਿਜ ਕੋ ਦੀਨਾਰ।
ਗੁਰਮਤਿ ਦੇ[1] ਰੁਖਸਦ ਕਰਜੋ, ਗਮਨਜੋਂ ਨਗਰ ਮਝਾਰ ॥੧॥
ਚੌਪਈ: ਦਿਨ ਕੋ ਤ੍ਰਿਤੀ ਜਾਮ ਜਬਿ ਹੋਯੋ।
ਮਾਦਕ ਸਮੈ ਭਯੋ ਜਬਿ ਜੋਯੋ।
ਸੁੱਖਾ ਅਰੁ ਅਫੀਮ ਛਕਿ ਲੀਨਿ।
ਸੌਚ ਸ਼ਨਾਨ ਭਲੇ ਤਬਿ ਕੀਨ ॥੨॥
ਕੇਸ਼ ਸੁਧਾਰਿ ਜੂੜ ਕੋ ਕਰਜੋ।
ਸੁੰਦਰ ਸ਼ਮਸ ਸੁ ਕੰਘਾ ਫਿਰਜੋ।
ਪੇਚ ਬੰਧੇਜ ਅਨੂਠੇ ਪਾਗਹਿਂ।
ਜ਼ੇਵਰ ਜੋਤਿ ਜਵਾਹਰ ਜਾਗਹਿਂ ॥੩॥
ਪਟ ਸੂਖਮ ਬਹੁ ਜਾਮਾ ਪਾਯੋ।
ਜਿਸ ਮਹਿਂ ਸਭਿ ਸਰੀਰ ਝਲਕਾਯੋ।
ਖੜਗ ਬਿਲੰਦ ਗਰੇ ਮਹਿਂ ਧਾਰਾ।
ਧਾਰਾ ਖਰ ਲਗਿ ਹੇਮ ਸੁਧਾਰਾ[2] ॥੪॥
ਭਰਜੋ ਖਤੰਗਨਿ ਸੰਗ ਨਿਖੰਗ।
ਕਟ ਸੋਂ ਕਸਜੋ ਸੁਲਾਯਕ ਜੰਗ।
ਧਨੁਖ ਕਠੋਰ ਹਾਥ ਮਹਿਂ ਲਯੋ।
ਤਯਾਰ ਤੁਰੰਗ ਅਨਾਵਨ ਕਯੋ ॥੫॥
*ਨਹੁਰ ਨਗਰ ਕੈ ਹੇਰਨਿ ਹੇਤੁ।
ਗਮਨੇ ਸਤਿਗੁਰ ਬਨੇ ਸੁਚੇਤ।
ਕੇਤਿਕ ਸਿੰਘ ਪਦਾਂਤੀ ਸਾਥ।
ਜਾਇ ਪ੍ਰਵੇਸ਼ੇ ਪੁਰਿ ਮਹਿਂ ਨਾਥ ॥੬॥
ਪੂਰਬ ਜਹਿਂ ਚਬੂਤਰਾ ਚੌਰਾ।
ਤਹਿਂ ਪਹੁੰਚੇ ਸੋਢੀ ਸਿਰਮੌਰਾ।
ਕੁਛ ਸੌਪਾਨ ਉਚੇਰੋ ਥਾਨ।
ਊਪਰ ਦੀਯੋ ਚਢਾਇ ਕਿਕਾਨ[3] ॥੭॥
ਥਲ ਊਚੇ ਚਢਿ ਕਰਿ ਥਿਰ ਥਏ।

---
[1]ਨਾਲੇ ਧਨ ਦਿੱਤਾ ਨਾਲੇ ਗੁਰਮਤ ਬਖਸ਼ੀ ਭਾਵ ਉਹ ਨਾਮਧਰੀਕ ਸਿੱਖ ਹੋਇਆ।
[2](ਸਾਰੀ ਮੁੱਠ ਨੂੰ) ਫਲ ਸ਼ੁਰੂ ਹੋਣ ਵਾਲੀ ਥਾਂ ਤੱਕ ਸੋਨਾ ਲੱਗਾ ਹੈ।
*ਸਾਖੀ ਪੋਥੀ ਦੀ ਸਾਖੀ ਹੈ।
[3]ਘੋੜਾ।

ਦੂਰ ਦੂਰ ਲਗਿ ਦੇਖਤਿ ਭਏ।
ਦਾਸ ਸੁਰਾਹੀ ਦਾਰ[1] ਤਰੇ ਤੇ।
ਚਢੵੋ ਧਾਇ ਕਰਿ ਬੇਗ ਧਰੇ ਤੇ ॥੮॥
ਪਹੁੰਚੵੋ ਚਹੈ ਗੁਰੂ ਕੇ ਪਾਸ।
ਪਗ ਸੋਂ ਦਰੵੋ ਕਬੂਤਰ ਨਾਸ਼[2]।
ਤਹਿਂ ਨਰ ਗਨ ਬੈਠੇ ਰਿਸ ਠਾਨੀ।
'ਕਹਾਂ ਕਰਮ ਤੈਂ ਕੀਨਿ?' ਬਖਾਨੀ ॥੯॥
'ਰਹਿਂ ਚਬੂਤਰੇ ਤੋਮ[3] ਕਬੂਤਰ।
ਹਤੵੋ, ਪਿਖੇ ਬਿਨ ਦਯੋ ਪਗੂਤਰ[4]।'
ਸਤਿਗੁਰ ਕਹੵੋ 'ਕਹਾਂ ਹੁਇ ਗਯੋ?
ਬਿਨਸਨ ਕੌ ਸਗਰੇ ਤਨ ਕਯੋ ॥੧੦॥
ਏਕ ਮਰੇ ਤੇ ਅਚਰਜ ਕਹਾਂ।
ਹੋਨਹਾਰ ਪਰ ਰਿਸ ਕਯਾ ਲਹਾ।'
ਸੁਨਿ ਸਭਿ ਬੋਲੇ 'ਭਲ ਤੁਮ ਆਏ।
ਸਰਬ ਕਬੂਤਰ ਦੇਹੁ ਮਰਾਏ' ॥੧੧॥
ਸੁਨਿ ਗੁਰ ਕਹੵੋ 'ਜਿ ਅਸ ਮਨ ਆਈ।
ਮਰਹਿਂ ਕਬੂਤਰ ਅਬਿ ਸਮੁਦਾਈ।'
ਬਚਨ ਗੁਰੂ ਕੇ ਕਹਿਨੇ ਕਰਿ ਕੈ।
ਜਿਤੇ ਕਬੂਤਰ ਗਿਰੇ ਸੁ ਮਰਿ ਕੈ ॥੧੨॥
ਹੁਤੋ ਹਜ਼ਾਰਹੁਂ ਕੀਰਨ ਥਾਨ[5]।
ਹੇਰਿ ਹੇਰਿ ਨਰ ਭਏ ਹਿਰਾਨ।
-ਇਹ ਅਜ਼ਮਤ ਜੁਤਿ ਪੁਰਖ ਬਿਸਾਲੇ।
ਕਰੇ ਬਾਕ ਤੇ ਖਗ ਹਤਿ ਜਾਲੇ- ॥੧੩॥
ਉਠਿ ਉਠਿ ਕਰਿ ਪਗ ਬੰਦਨ ਕਰੇ।
'ਛਿਮਹੁ ਭੂਲ ਪ੍ਰਤਿਕੂਲ ਜਿ ਉਚਰੇ।
ਰਾਵਰ ਕੋ ਪ੍ਰਤਾਪ ਨਹਿਂ ਜਾਨਾ।
ਅਬਿ ਜਾਨਾ ਜਬਿ ਬਾਕ ਬਖਾਨਾ ॥੧੪॥
ਮਰੇ ਕਬੂਤਰ ਦੇਹੁ ਜਿਵਾਇ।

---

[1]ਜਲ ਦੀ ਸੁਰਾਹੀ ਰੱਖਣ ਵਾਲਾ।
[2]ਮਰ ਗਿਆ।
[3]ਬਹੁਤ।
[4]ਪੈਰ (ਉਸਦੇ) ਉੱਤੇ ਦੇਕੇ।
[5]ਹਜ਼ਾਰਾਂ ਨਾਲ ਥਾਂ ਪੂਰਨ ਸੀ। [ਸਂ:, ਕੀਰਣ=ਕੱਜਿਆ, ਫੈਲਿਆ, ਭਰਿਆ]।

ਕਰਹਿਂ ਅਵੱਗਜਾ ਅਪਰ ਨ ਕਾਇ।'
ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇਂ।
'ਪਾਵਹੁ ਚੋਗ ਜੀਵਿ ਹੈਂ ਸਾਰੇ' ॥੧੫॥
ਦਾਨੇ ਆਨਿ ਬਿਖੇਰਨ ਕਰੇ।
ਉਠਿ ਪਾਰਾਵਤ[1] ਜੀਵਨ ਧਰੇ।
ਬੀਨ ਬੀਨ ਚੋਗਾ ਨਿਜ ਖਾਵੈਂ।
ਹੇਰਿ ਹੇਰਿ ਸਗਰੇ ਬਿਸਮਾਵੈਂ ॥੧੬॥
ਸਿਖ ਕੇ ਪੈਰਨ ਤੇ ਜੋ ਮਰਜੋ।
ਸੋ ਨਹਿਂ ਜੀਯੋ ਰਹਜੋ ਧਰ ਪਰਜੋ।
ਤਿਸ ਕੋ ਦੇਖਤਿ ਬਹੁਰ ਉਚਾਰੇ।
'ਇਸ ਪਰ ਕਜੋਂ ਨ ਕ੍ਰਿਪਾ ਨਿਜ ਧਾਰੇ?' ॥੧੭॥
ਸਿੰਘਨ ਭੀ ਕਹਿ 'ਇਸੇ ਜਿਵਾਵੋ।'
ਪ੍ਰਭੁ ਫੁਰਮਾਇ 'ਚੋਗ ਇਸ ਪਾਵੋ।'
ਲੇ ਕਰਿ ਸਿੱਖਨ ਤਿਸੈ ਅਗੇਰੇ।
ਮੋਠ ਬਾਜਰੀ ਜਬਹਿ ਬਿਖੇਰੇ ॥੧੮॥
ਉਠਿ ਜੀਵਜੋ ਹੇਰਤਿ ਬਿਸਮਾਏ।
ਲਜਾਇ ਉਪਾਇਨ ਸੀਸ ਨਿਵਾਏ।
'ਸ਼੍ਰੀ ਗੁਰ ਸੁਜਸੁ ਸੁਨਜੋਂ ਹਮ ਜੈਸੇ।
ਦਰਸ਼ਨ ਕਰਜੋ ਆਪ ਕੋ ਤੈਸੇ' ॥੧੯॥
ਦੋਇ ਘਰੀ ਠਹਿਰੇ ਗੁਰ ਤਹਾਂ।
ਪੁਨ ਗਮਨੇ ਬਜ਼ਾਰ ਬਡ ਜਹਾਂ।
ਬਡੇ ਧਨਾਢ ਬਨਕ ਬਿਵਹਾਰੂ।
ਹਾਟਨ ਮਹਿਂ ਦੀਨਾਰ ਅੰਬਾਰੂ ॥੨੦॥
ਗਿਨਤੀ ਕਹਾਂ ਰਜਤਪਣ ਕੇਰੀ।
ਮੁਕਤਾ ਬਹੁ ਪ੍ਰਵਾਲ ਕੋ ਹੇਰੀ।
ਮੁਹਰਨਿ ਦੇਖਿ ਅਨੰਦ ਉਦਾਰਾ।
ਸਿੰਘਨ ਸੰਗ ਸੁਨਾਇ ਉਚਾਰਾ* ॥੨੧॥

ਬਚਨ: ਨਹੁਰ ਗੁਰੂ ਕੀ ਮੋਹਰ[2]। ਸਿੰਘ ਆਵਹਿੰਗੇ ਜਬਿ ਲੂਟਹਿੰਗੇ+।

---

[1]ਕਬੂਤਰ।
*ਇਹ ਹੁਕਮ ਨਹੀਂ ਦਿੱਤਾ, ਭਵਿੱਖਤ ਹੋਨਹਾਰ ਦੇਖਕੇ ਕਹੀ ਹੈ।
[2]ਨੌਹਰ ਗੁਰਾਂ ਕੀਆਂ ਮੁਹਰਾਂ ਹਨ।
+ਤਵਾ: ਖਾ: ਵਿਚ ਪਾਠ ਆਉਂ ਹੈ:-ਨਹੁਰ ਸ਼ਹਿਰ, ਰੁਪੱਯਾ ਮੁਹਰ। ਸਿੰਘ ਲੁਟੇਂਦੇ ਦੋ ਪਹਿਰ। ਸਾਖੀ ਪੋਥੀ ਵਿਚ ਪਾਠ ਹੈ:-'ਨਹੁਰ ਗੁਰੂ ਕੀ ਮੁਹਰ ਲੁਟੇਗਾ ਖਾਲਸਾ'।

ਚੌਪਈ: ਇਮ ਕਹਿ ਨਗਰ ਨਿਹਾਰਜੋ ਸਾਰਾ।
ਪੁਨ ਆਏ ਡੇਰੋ ਜਹਿਂ ਡਾਰਾ।
ਨਾਮ ਥਾਨ ਕੋ ਛੀਨ ਤਲਾਈ[1]।
ਜਹਿਂ ਉਤਰੇ ਨਿਸ ਬਸਨਿ ਗੁਸਾਈਂ ॥੨੨॥
ਖਾਨ ਪਾਨ ਕਰਿ ਸੈਨਾ ਸਾਰੀ।
ਸੁਪਤਿ ਜਥਾ ਸੁਖ ਰਾਤਿ ਗੁਜ਼ਾਰੀ।
ਲੂਟਨ ਬਚਨ ਗੁਰੂ ਜੋ ਭਨਜੋਂ।
ਹੋ ਪੂਰਨ ਭਾ ਹਮ ਇਮ ਸੁਨਜੋਂ ॥੨੩॥
ਬਰਖ ਅਠਾਰਾਂ ਸੈ ਰੁ ਇਕਾਦਸ਼[2]।
ਪੰਥ ਖਾਲਸਾ ਗਮਨਜੋ ਬਰਬਸ[3]।
ਚੂਰੂ ਪੁਰਿ ਕੀ ਸੁਨਿ ਬਡ ਮਾਯਾ।
ਬ੍ਰਿੰਦ ਖਾਲਸੇ ਕੋ ਦਲ ਧਾਯਾ ॥੨੪॥
ਪਹੁੰਚੇ ਨਿਕਟ ਸੁਨੀ ਸਭਿ ਬਾਤ।
'ਬਾਰੀ ਖਾਰਾ ਪਿਯੋ ਨ ਜਾਤਿ।
ਜੇ ਪੀਵੈਂ ਲਾਗੈਂ ਅਤਿਸਾਰਾ[4]।
ਹੋਤਿ ਜਾਤਿ ਮਾਨਵ ਬੀਮਾਰਾ ॥੨੫॥
ਪੁਰਿ ਕੇ ਵਹਿਰ ਅਹੈ ਜਲ ਐਸੋ।
ਪਿਯੋ ਨ ਜਾਇ ਪਿਯੋ ਰੁਜ ਜੈਸੋ[5]।'
ਸੁਨਿ ਕੈ ਹਟਜੋ ਖਾਲਸਾ ਬਲੀ।
'ਛੂਛੇ ਚਲੈਂ ਬਾਤ ਨਹਿਂ ਭਲੀ' ॥੨੬॥
ਪੁਰਿ ਨੌਹਰ ਕੋ ਦਲ ਚਲਿ ਆਯੋ।
ਸੰਗ ਤੁਫੰਗੈਂ ਜੰਗ ਮਚਾਯੋ।
ਬਰੇ ਹੇਲ ਕਰਿ ਲੂਟ ਬਜਾਰਾ।
ਲੀਨੋ ਦਰਬ ਬ੍ਰਿੰਦ ਦੀਨਾਰਾ ॥੨੭॥
ਤ੍ਰਿਪਤ ਹੋਇ ਤਹਿਂ ਤੇ ਚਲਿ ਆਏ।
ਮੁਲ ਹਯ ਲੇ ਅਸਵਾਰ ਬਨਾਏ।
ਕੇਤਿਕ ਭਏ ਤਬਹਿ ਸਿਰਦਾਰ।
ਲਏ ਗ੍ਰਾਮ ਗਨ ਤੁਰਕਨਿ ਮਾਰ ॥੨੮॥

---

[1]ਛੀਨ ਤਲਾਈ ਨਾਮ ਹੈ।
[2]ਸੰਮਤ ੧੮੧੧।
[3]ਮੱਲੋ ਮੱਲੀ।
[4]ਅਤੀਸਾਰ, ਦਸਤ।
[5]ਪੀਤਿਆਂ ਰੋਗ ਜਿਹਾ ਹੋ ਜਾਂਦਾ ਸੀ।

ਕਹਜੋ ਗੁਰੂ ਕੋ ਤਬਿ ਸਫਲਾਯੋ।
ਬ੍ਰਿਧ ਸਿੰਘਨਿ ਤੇ ਹਮ ਸੁਨਿ ਲਯੋ।
ਛੀਨ ਤਲਾਈ ਡੇਰਾ ਪਾਇ।
ਸ੍ਰੀ ਪ੍ਰਭੁ ਬਸਿ ਤਹਿਂ ਰਾਤਿ ਬਿਤਾਇ ॥੨੯॥
ਪ੍ਰਾਤ ਹੋਤਿ ਕਰਿ ਸੌਚ ਸ਼ਨਾਨਾ।
ਚਢਿ ਕਿਕਾਨ ਪਰ ਕਰਜੋ ਪਯਾਨਾ।
ਜਾਤਿ ਖਾਲਸੇ ਕੋ ਦਲ ਸਾਥ।
ਕੋਸ ਅਸ਼ਟ ਦਸ ਪਹੁੰਚੇ ਨਾਥ ॥੩੦॥
ਨਗਰ ਭਾਦਰਾ* ਉਤਰੇ ਜਾਇ।
ਸ਼੍ਰਮਤ ਬਿਹੀਰ ਪਹੂਚਜੋ ਆਇ।
ਤ੍ਰਿਣ ਦਾਨਾ ਗਨ ਦੀਨਿ ਨਿਹਾਰੀ।
ਸ਼੍ਰਮ ਨਿਰਵਾਰਜੋ ਬਾਹਨ ਭਾਰੀ ॥੩੧॥
ਲੋਕਨ ਕੋ[੧] ਘ੍ਰਿਤ ਬਹੁ ਮਿਸ਼ਟਾਨ।
ਸਤਿਗੁਰ ਦੀਨ ਸ਼੍ਰਮਤਿ ਗਨ ਜਾਨਿ।
ਦੇਗ਼ ਤਜਾਰ ਹੋਈ ਬਰਤਾਏ।
ਖਾਨ ਪਾਨ ਕਰਿ ਸਭਿ ਤ੍ਰਿਪਤਾਏ ॥੩੨॥
ਸੁਪਤਿ ਹੋਇ ਕਰਿ ਸ਼੍ਰਮ ਨਿਰਵਾਰਾ।
ਭਈ ਪ੍ਰਾਤ ਪੁਨ ਕੀਨਸਿ ਤਜਾਰਾ।
ਪਰਮ ਸਿੰਘ ਅਰੁ ਧਰਮ ਸਿੰਘ ਦੁਇ।
ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ ॥੩੩॥
ਪਹੁੰਚਹਿਂ ਪਗ+ ਤੇ ਪੂਰਬ ਜਾਇ।
ਨਵੋਂ ਮੰਚ ਨਿਤ ਲੇਤਿ ਬਨਾਇ।
ਦੁਇ ਤੁਰੰਗ ਬਖਸ਼ੇ[੨] ਹੱਥਜਾਰ।
ਗੁਰ ਬਖਸ਼ਿਸ਼ ਲੀਨਸਿ ਕਰ ਧਾਰਿ ॥੩੪॥
ਸ਼੍ਰੀ ਪ੍ਰਭੁ ਆਗੇ ਪੰਥ ਪਯਾਨੇ।
ਤਿਸ ਦਿਨ ਸ਼੍ਰਮਤ ਸਾਥ ਕੋ ਜਾਨੇ।
ਅਲਪ ਮਜਲ ਕਰਿ ਉਤਰੇ ਜਾਇ।
ਸਪਤਿ ਕੋਸ ਪਰ ਗ੍ਰਾਮ ਜੁ ਆਇ ॥੩੫॥

---

*ਰਿਆਸਤ ਬੀਕਾਨੇਰ ਵਿਚ ਹੈ, ਸਰਸੇ ਤੋਂ ਦਸ ਬਾਰਾਂ ਕੋਹ ਪਰੇ ਹੈ, ਏਥੇ ਗੁਰਦਵਾਰਾ ਨਹੀਂ ਹੈ।
[੧](ਨਾਲ ਦੇ) ਲੋਕਾਂ ਨੂੰ।
+ਪਾ:-ਪ੍ਰਭੁ।
[੨]ਬਖਸ਼ੇ ਸਨ।

ਨਾਮ ਸੁਹੇਵਾ ਤਿਸੁ ਕੋ ਜਾਨਿ।
ਉਤਰਜੋ ਡੇਰਾ ਸਭਿ ਹੂੰ ਆਨਿ।
ਪਰਮ ਸਿੰਘ ਤਬਿ ਲੈ ਹਥਿਯਾਰ।
ਬੰਧਿ[1] ਭਲੇ ਸਿਰ ਲੀਨੇ ਧਾਰਿ ॥੩੬॥
ਘੋਰਨ ਕੋ ਮਗ ਮਹਿਂ ਡੁਰਿਆਏ[2]।
ਨਹਿਂ ਚਢਿਬੇ ਕਹੁ ਚਿਤ ਲਲਚਾਏ।
ਗੁਰ ਬਖਸ਼ਿਸ਼ ਉੱਤਮ ਬਹੁ ਜਾਨੀ।
ਰਾਖਿ ਅਦਾਇਬ ਕੋ ਬਹੁ ਮਾਨੀ ॥੩੭॥
ਸਿੱਖਨ ਪ੍ਰਭੁ ਸੋਂ ਜਾਇ ਬਤਾਏ।
'ਹਯਨਿ ਚਢੇ ਨਹਿਂ, ਪਗ ਸੋਂ ਆਏ।
ਸ਼ਸਤ੍ਰ ਸਕਲ ਸਿਰ ਪਰ ਧਰਿ ਆਨੇ।
ਉਲਟੋ ਖੇਦ ਚਲਨ ਮੋ ਜਾਨੇ' ॥੩੮॥
ਸੁਨਿ ਸਤਿਗੁਰ ਨਿਜ ਨਿਕਟ ਹਕਾਰੇ।
'ਬੂਝਜੋ ਇਹ ਕਜਾ ਕੀਨਸਿ ਕਾਰੇ?
ਹਯ ਨ ਚਢੇ ਨਹਿਂ ਸ਼ਸਤ੍ਰ ਸਜਾਏ?
ਸਿਰ ਧਰਿ ਕਰਿ ਮਹਿਂ ਗਹਿ ਕਰਿ ਲਜਾਏ ॥੩੯॥
ਖੇਦ ਚਲਨ ਕੋ ਜਾਨਿ ਸੁ ਦੀਨੇ।
ਸੋ ਤੁਮ ਨਹੀਂ ਨਿਵਾਰਨ ਕੀਨੇ[3]।
ਇਹ ਕਾਰਨ ਕਜਾ ਦੇਹੁ ਬਤਾਈ?'
ਹਾਥ ਜੋਰਿ ਤਿਨ ਦੁਹਨ ਸੁਨਾਈ ॥੪੦॥
'ਰਾਵਰ ਕੀ ਬਖਸ਼ਿਸ਼ ਕੋ ਅਦਬ।
ਜੇ ਨ ਕਰਹਿਂ ਹਮ ਕੋ ਬਡ ਗ਼ਜ਼ਬ।
ਪੂਜਨੀਯ ਹਮ ਤਿਨ ਕੋ ਜਾਨੇ।
ਮਸਤਕ ਟੇਕਹਿਂ ਤੁਮ ਸਮ ਮਾਨੇ' ॥੪੧॥
ਸੁਨਿ ਪ੍ਰਸੰਨ ਹ੍ਵੈ ਗੁਰੂ ਉਚਾਰਾ।
'ਤੁਮਰੀ ਜਿਹਵਾ ਹੀ ਖਗ ਧਾਰਾ।
ਜਿਹਠਾਂ ਨਿਕਸੈ ਬਾਕ ਤੁਹਾਰਾ।
ਆਯੁਧ ਤੇ ਤੂਰਨ ਕਰਿ ਪਾਰਾ' ॥੪੨॥
ਇਮ ਬਰ ਦੇ ਕਰਿ ਯੁਤਿ ਸਨਮਾਨਾ।

---

[1](ਹਥਿਆਰ) ਬੰਨ੍ਹ ਕੇ।
[2]ਡੋਰਾਂ ਤੋਂ ਫੜਕੇ ਲਿਆਏ।
[3]ਭਾਵ ਥਕੇਵੇਂ ਤੋਂ ਆਪ ਨੂੰ ਨਹੀਂ ਬਚਾਇਆ।

ਨਿਕਟ ਬਿਠਾਏ ਕ੍ਰਿਪਾ ਨਿਧਾਨਾ।
ਤਹਾਂ ਜੰਡ ਇਕ ਸਨਮੁਖ ਖਰਜੋ।
ਤਿਸ ਮਹਿਂ ਚਲਦਲ[1] ਇਕ ਲਗ ਪਰਜੋ ॥੪੩॥
ਅਵਿਲੋਕਤਿ ਪ੍ਰਭੁ ਬਾਕ ਬਖਾਨਾ।
ਇਹ ਜਬਿ ਚਲਦਲ ਵਧਹਿ ਮਹਾਨਾ।
ਤਰੈ ਜੰਡ ਕੋ ਲੇਇ ਦਬਾਈ।
ਸਭਿ ਦਿਸ਼ਿ ਤੇ ਊਪਰ ਲੇ ਛਾਈ[*] ॥੪੪॥
ਤਬਹਿ ਖਾਲਸਾ ਵਧਹਿ ਹਮਾਰਾ।
ਗੁਡਲੀ ਚਲਹਿ ਤੁਰਕ ਕੋ ਮਾਰਾ[2]।'
ਸੁਨਤਿ ਖਾਲਸੇ ਟੇਕਯੋ ਮਾਥਾ।
'ਧੰਨ ਧੰਨ ਤੁਮ ਸ਼੍ਰੀ ਗੁਰ ਨਾਥਾ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਪੰਥ ਚਲਨ' ਪ੍ਰਸੰਗ ਬਰਨਨੰ ਨਾਮ ਚਤਰਤ੍ਰਿੰਸਤੀ ਅੰਸੂ ॥੩੪॥

---

[1]ਪਿੱਪਲ।

[*]ਇਹ ਥਾਂ ਸਰਸੇ ਤੋਂ ਪੰਝੀ ਕੁ ਕੋਹ ਪਰ ਹੈ। ਆਮ ਨਾਮ 'ਸਾਹਿਆ' ਹੈ, ਗੁਰਦਵਾਰਾ ਏਥੇ ਹੈ। ਪਿੱਪਲ ਜੰਡ ਬੀ ਹੈ। ਪਿੱਪਨ ਨੇ ਜੰਡ ਨੂੰ ਲਗਪਗ ਨਿਗਲ ਲਿਆ ਹੈ। ਰਿਆਸਤ ਬੀਕਾਨੇਰ ਹੈ। ਇਹ ਪ੍ਰਸੰਗ ਸਾਖੀ ਪੋਥੀ ਵਿਚੋਂ ਹੈ।

[2](ਅਜੇ ਤਾਂ ਖਾਲਸਾ) ਰਿੜ੍ਹਦਾ ਹੈ ਭਾਵ ਬੱਚਾ ਹੈ, (ਤਦੋਂ ਜ੍ਵਾਨ ਹੋਕੇ) ਤੁਰਕਾਂ ਨੂੰ ਮਾਰ ਲਏਗਾ [ਗੁਡਲੀ=ਗੋਡਿਆਂ ਪਰਨੇ ਟੁਰਨਾ। ਰਿੜ੍ਹਨਾ]।

## ੩੫. [ਭਾਈ ਰਾਮ ਸਿੰਘ ਦਾ ਨੱਸਣਾ]

੩੪<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੬

ਦੋਹਰਾ: ਖਾਨ ਪਾਨ ਕਰਿ ਜਥਾ ਸੁਖ, ਪ੍ਰਾਤਿ ਭਈ ਹੁਇ ਤਯਾਰ।
ਚਢਿ ਬੈਠੇ ਸ਼੍ਰੀ ਸਤਿਗੁਰੂ, ਗਮਨੇ ਪੰਥ ਮਝਾਰ ॥੧॥
ਚੌਪਈ: ਸ਼੍ਰੀ ਗੁਰ ਆਗੇ ਜਬਿ ਗਮਨਏ।
ਸੰਗੀ ਸਿੰਘ ਸਕਲ ਚਢਿ ਗਏ।
ਰਾਮ ਸਿੰਘ ਭਗਤੂ ਕਾ ਤਹਾਂ।
ਇਤ ਉਤ ਟਰਿ ਕੈ ਥਿਰ ਹੁਇ ਰਹਾ ॥੨॥
ਕੇਤਿਕ ਦੂਰ ਉਲੰਘੇ ਜਬੈ।
ਚਢਿ ਤੁਰੰਗ ਪਰ ਹਟਯੋ ਸੁ ਤਬੈ।
ਏਕ ਸਿੰਘ ਵਾਹਨ[1] ਦੌਰਾਇ।
ਪ੍ਰਭੁ ਸੋਂ ਮਿਲਿ ਕੈ ਦੀਯੋ ਬਤਾਇ ॥੩॥
'ਰਾਮ ਸਿੰਘ ਭਾਈ ਭਜਿ ਚਲਯੋ।
ਸੰਗ ਆਪ ਕੋ ਨਾਂਹਿਨ ਮਿਲਯੋ।'
ਸੁਨਿ ਪ੍ਰਭੁ ਥਿਰ ਹੁਇ ਸਿੱਖ ਪਠਾਇ।
'ਆਨ[2] ਹਮਾਰੀ ਦਿਹੁ, ਨਹਿਂ ਜਾਇ' ॥੪॥
ਗੁਰ ਕੋ ਪਠਯੋ ਸਿੰਘ ਤਹਿਂ ਗਯੋ।
'ਰਾਮ ਸਿੰਘ! ਠਹਿਰੋ' ਕਹਿ ਦਯੋ।
'ਪ੍ਰਭੁ ਮੁਹਿ ਭੇਜਾ ਦੇ ਤ੍ਰੈ ਆਨ[3]।
ਤੀਨ ਲਕੀਰ ਨ ਉਲੰਘ ਪਯਾਨ[4] ॥੫॥
ਸੰਗ ਚਲਹੁ ਸਗਰੇ ਸੁਖ ਚੀਨ।
ਹਟਨ ਹੁਤੋ ਕਯੋਂ ਖੁਸ਼ੀ ਲਈ ਨ[5]।
ਉਚਿਤ ਨ ਤੋਹਿ ਭਾਜ ਕਰਿ ਜਾਨਾ।
ਸੁਨਿ ਕੈ ਖਰੇ ਪ੍ਰਭੂ ਤਿਸ ਥਾਨਾ' ॥੬॥
[6]'ਦੱਖਿਣ ਬਨਹਿ ਜਾਨ ਨਹਿਂ ਮੇਰੋ।
ਘਰ ਕੇ ਕਾਜ ਅਨਿਕ ਬਿਧਿ ਝੇਰੋ।
ਨਹਿਂ ਮੈਂ ਰਹੌਂ ਮਿਲੌਂ ਨਹਿਂ ਜਾਇ।

---

[1]ਭਾਵ ਘੋੜਾ।
[2]ਸੁਗੰਦ।
[3]ਤ੍ਰੈ ਸੁਗੰਦਾਂ।
[4]ਉਲੰਘਕੇ ਨਾ ਜਾਹ।
[5]ਭਾਵ ਜੇ ਮੁੜ ਹੀ ਜਾਣਾ ਸੀ ਤਾਂ ਖੁਸ਼ੀ ਕਿਉਂ ਨਹੀ ਲਈ।
[6]ਰਾਮ ਸਿੰਘ ਨੇ ਕਿਹਾ।

ਕਰੌਂ ਬੰਦਨਾ ਇਸ ਹੀ ਥਾਇਂ ॥੭॥
ਇਮ ਕਹਿ ਲੰਘਿ ਲਕੀਰਨਿ ਗਯੋ।
ਦੇਖਿ ਸਿੰਘ ਉਰ ਅਚਰਜ ਭਯੋ।
ਪ੍ਰਭੁ ਕੋ ਕਰੀ ਬਤਾਵਨ ਸਾਰੀ।
'ਉਲੰਘ੍ਯੋ ਆਨ ਲਕੀਰ ਅਗਾਰੀ ॥੮॥
ਚਹੈ ਸਦਨ, ਧੀਰਜ ਉਰ ਖੋਈ।
ਹਟਹਿ ਨਹੀਂ ਇਤ ਕੋ ਬਿਧਿ ਕੋਈ।'
ਪੁਨ ਸਤਿਗੁਰ ਨਿਜ ਪਠ੍ਯੋ ਰੁਮਾਲ।
'ਆਗੇ ਦੇਹੁ ਤਿਸੀ ਕੇ ਡਾਲਿ ॥੯॥
ਕਹਹੁ ਕਿ ਗੁਰੂ ਪਾਗ ਇਹ ਜਾਨ*।
ਇਸ ਕੋ ਉਲੰਘ ਨ ਬਨਹਿ, ਸੁ ਮਾਨ[1]।'
ਸੁਨਤਿ ਸਿੰਘ ਘੋਰਾ ਦੌਰਾਇ।
ਆਨਿ ਮਿਲ੍ਯੋ ਗਮਨਤਿ ਜਿਸ ਥਾਇਂ ॥੧੦॥
ਮਗ ਮਹਿਂ ਡਾਰ੍ਯੋ ਦਿਯੋ ਸੁਨਾਇ।
'ਇਹ ਗੁਰ ਪਾਗ ਨ ਉਲੰਘਨ ਪਾਇ।
ਹਟਹੁ ਪਿਛੇਰੇ ਮਿਲਿ ਕਰਿ ਮਿਲੋ।
ਇਸੀ ਬਾਤ ਮੈਂ ਲਖਿ ਨਿਜ ਭਲੋ' ॥੧੧॥
ਰਾਮ ਸਿੰਘ ਬੋਲ੍ਯੋ 'ਮੈਂ ਜਾਨਾ।
ਹਟ੍ਯੋ ਨ ਜੈ ਹੈ[2], ਨਿਸ਼ਚੈ ਮਾਨਾ।
ਦੱਖਣ ਦੂਰ ਦੇਸ਼ ਹਮ ਘਰ ਤੇ।
ਹਾਨ ਲਾਭ ਸੁਧ ਕੋਇ ਨ ਕਰਤੇ ॥੧੨॥
ਹਮ ਤੇ ਤਜ੍ਯਾਗ੍ਯੋ ਜਾਇ ਨ ਸਦਨ।
ਲਗ੍ਯੋ ਨ ਜਾਇ ਗੁਰੂ ਕੇ ਬਦਨ[3]।'
ਇਮ ਕਹਿ ਉਲੰਘਿ ਰੁਮਾਲ ਸਿਧਾਯੋ।
ਡਾਲ ਮੂਲ ਇਕ ਬਾਰ ਨਸਾਯੋ[4] ॥੧੩॥
ਸਿੰਘ ਗਯੋ ਹਟਿ ਸਤਿਗੁਰ ਪਾਸ[5]।

---

*ਮੁਰਾਦ ਪੱਗ ਤੋਂ ਨਹੀਂ। ਮੁਰਾਦ ਹੈ ਕਿ ਇਕ ਵੇਰੀ ਜ਼ਰੂਰ ਹੀ ਗੁਰੂ ਜੀ ਨੂੰ ਮਿਲ ਆਵੇ। ਇਹ ਆਨ ਐਸੀ ਕਠਨ ਸੀ ਕਿ ਜੋ ਰਾਮ ਸਿੰਘ ਤੋਂ ਉਲੰਘਣ ਦੀ ਆਸ ਨਹੀਂ ਸੀ ਹੋ ਸਕਦੀ, ਪਰ ਉਹ ਇਹ ਬੀ ਤੋੜ ਗਿਆ।

[1]ਮੰਨ ਲੈ।

[2]ਭਾਵ ਮੁੜਕੇ ਗੁਰੂ ਜੀ ਪਾਸ ਜਾਇਆ ਨਹੀਂ ਜਾਂਦਾ।

[3]ਭਾਵ ਸਨਮੁਖ ਨਹੀਂ ਹੋਇਆ ਜਾਂਦਾ।

[4]ਜੜ੍ਹ ਤੇ ਡਾਲਾਂ ਇਕੋ ਵਾਰ ਨਾਸ਼ ਹੋ ਗਈਆਂ।

[5]ਸਿੰਘ ਨੇ ਗੁਰੂ ਜੀ ਨੂੰ ਆਕੇ ਆਖਿਆ।

'-ਮੁਝ ਤੇ ਤਜਜੋ ਨ ਜਾਇ ਅਵਾਸ-।'
ਸੁਨਿ ਪ੍ਰਭੁ ਕੋ ਰਿਸ ਭਈ, ਬਖਾਨ[1]।
'ਜੋ ਘਰ ਤਜਾਗ ਨ ਸਕੈ ਅਜਾਨ ॥੧੪॥
ਏਕ ਮਾਸ ਲਗਿ ਟੱਕਰ ਮਾਰਹਿ।
ਪੁਨ ਤਿਸ ਘਰ ਕੋ ਤਜਾਗ ਸਿਧਾਰਹਿ।
ਡੱਲੇ ਸਹਿਤ ਜਿਤਿਕ ਭਜ ਗਏ।
ਸੋ ਜਮ ਨੇ ਤੂਰਨ ਗਹਿ ਲਏ ॥੧੫॥
ਜੋ ਹਮ ਕੋ ਇਤ ਛੋਰਿ ਸਿਧਾਏ।
ਉਤ ਉਨ ਕੋ ਜਮ ਗਹਿ ਸਹਿਸਾਏ।'
ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ।
ਹਟੇ ਜੁ ਸਗਰੇ ਆਪਦ ਪਾਗੇ ॥੧੬॥
ਰਾਮ ਸਿੰਘ ਜਬਿ ਹਟਿ ਕਰਿ ਆਯੋ।
ਭਯੋ ਬਾਵਰਾ ਘਰ ਪ੍ਰਵਿਸ਼ਾਯੋ।
ਫਤੇ ਸਿੰਘ ਨੇ ਆਨਿ ਉਤਾਰਾ।
ਪ੍ਰਵਿਸ਼ਜੋ ਅਪਨੇ ਸਦਨ ਮਝਾਰਾ ॥੧੭॥
ਕੰਧਨ ਸੋਂ ਸਿਰ ਦੇ ਦੇ ਮਾਰਹਿ।
ਘਰਿ ਕੋ ਸਭਿ ਗਹਿ ਗਹਿ ਹਟਕਾਰਹਿਂ।
ਉਤ ਡੱਲੇ ਪਰ ਅਪਦਾ ਪਰੀ।
ਭਯੋ ਰੋਗ ਤਨ ਹ੍ਵੈ ਜਰਜਰੀ ॥੧੮॥
ਅਪਰ ਜਿਤਿਕ ਤਜਿ ਤਜਿ ਗੁਰ ਆਏ।
ਸਭਿ ਕੋ ਸੰਕਟਿ ਲੀਨਿ ਦਬਾਏ।
ਮਾਸ ਬਿਤਜੋ ਦੁਖ ਪਾਵਤਿ ਜਬੈ।
ਰਾਮ ਸਿੰਘ ਤਨ ਤਜਾਗਜੋ ਤਬੈ ॥੧੯॥
ਤਿਮ ਹੀ ਕੇਤਿਕ ਦਿਨ ਦੁਖ ਪਾਇ।
ਡੱਲਾ ਮਰਜੋ ਰਿਦੇ ਪਛੁਤਾਇ।
ਚਢੀ ਧਾੜ ਪੁਰਿ ਲੂਟਨ ਆਈ।
ਸੁਨਿ ਡੱਲੇ ਕੋ ਮਰਜੋ ਤਿਥਾਈਂ ॥੨੦॥
ਹੁਤੇ ਪੌਤ੍ਰ ਦੋ ਖੇਲ ਸੁ ਪਾਗੇ।
ਇਕ ਲੇ ਤਕਵਾ[2] ਦੌਰਜੋ ਆਗੇ।

---

[1](ਤੇ) ਕਹਿਆ।
[2]ਚਰਖੇ ਦਾ ਤੱਕਲਾ
[ਸੰ:, ਤਰਕ। ਪੰਜਾਬੀ ਤਕਲਾ। ਗ੍ਰਾਮੀਨ ਹਿੰਦੀ ਤਕੁਆ। ਇਸ ਤੋਂ ਤਕਵਾ]।

ਇਕ ਪਾਛੇ ਪਕਰਨ ਕੋ ਧਾਯੋ।
ਗਿਰਯੋ ਕਰੇਜਾ ਤਕਵੇ ਘਾਯੋ[1] ॥੨੧॥
ਦੁਤੀ ਸੀਤਲਾ ਤੇ ਮਰਿ ਗਯੋ।
ਇਮ ਸਭਿ ਬੰਸ ਬਿਨਾਸ਼ੀ ਭਯੋ[*]।
ਜੋ ਜੋ ਭਾਜੇ ਬਿਨ ਬਚ ਮਾਨੇ।
ਸੰਕਟ ਪਾਇ ਸੁ ਤਤਛਿਨ ਹਾਨੇ ॥੨੨॥
ਇਮ ਸ੍ਰਾਪਤਿ ਕਰਿ ਪ੍ਰਭੁ ਪਯਾਣੇ।
ਜਾਇ ਪਹੁੰਚੇ ਮਧੁ ਸਿੰਘਾਣੇ।
ਕੋਸ਼ ਅਸ਼ਟ ਦਸ ਡੇਰਾ ਕਿਯੋ।
ਸੰਧਯਾ ਸਮੈਂ ਆਨਿ ਤਬਿ ਭਯੋ ॥੨੩॥
ਸ਼੍ਰੀ ਗੁਰ ਮਨ ਮਹਿਂ ਇਮ ਠਹਿਰਾਈ।
-ਪਰਮ ਸਿੰਘ ਜੇ ਦੋਨਹੁਂ ਭਾਈ।
ਨਵੋਂ ਮੰਚ ਕਿਮ ਆਜ ਬਨਾਵੈਂ।
ਦੇਖਿ ਲੇਹੁ ਕਿਮ ਸਿਦਕ ਕਮਾਵੈਂ ॥੨੪॥
ਦਿਨ ਨਹਿਂ ਕਛੂ ਰਹਯੋ ਇਸ ਕਾਲ।
ਆਜ ਨ ਬਨਹਿ ਕਿਸੂ ਬਿਧਿ ਨਾਲ-।
ਤਬਿ ਦ੍ਵੈ ਭ੍ਰਾਤਾ ਉੱਦਮ ਕੀਨਿ।
ਦੋਇ ਦੁਛਾਂਗੇ ਬਾਢਿ ਸੁ ਲੀਨਿ ॥੨੫॥
ਗਾਡੇ ਜਹਿਂ ਪ੍ਰਭੁ ਸੁਪਤਨਿ ਥਾਨ।
ਪੀਨ ਬੇਰ[2] ਬੰਧੀ ਤਿਨ ਤਾਨ।
ਮੰਚੇ ਕੀ ਬਿਧਿ ਬਨਿ ਕਰਿ ਤੁਰਤ।
ਊਪਰ ਡਾਰਿ ਬਸਤ੍ਰ ਗਨ ਫੁਰਤ[3] ॥੨੬॥
ਨੀਕੇ ਕਰਿ ਗੁਦਗੁਦਾ ਸੁਧਾਰਯੋ।
ਜਾਇ ਨਿਕਟ ਗੁਰ ਸੰਗ ਉਚਾਰਯੋ।
'ਤਯਾਰ ਮੰਚ ਹੈ ਲੀਨ ਬਨਾਇ।

---

[1]ਭਾਵ ਤਕਲਾ ਕਲੇਜੇ ਵਿਚ ਖੁਭ ਗਿਆ।
[*]ਇਹ ਗੱਲ ਵਿਸ਼ੇਸ਼ ਖੋਜ ਤਲਬ ਹੈ, ਕਿਉਂਕਿ ਉਸਦਾ ਘਰਾਣਾ ਹੁਣ ਤੱਕ ਮੌਜੂਦ ਹੈ ਜਿਨ੍ਹਾਂ ਦੇ ਪਾਸ ਡੱਲੇ ਨੂੰ ਹੋਈਆਂ ਗੁਰੂ ਕੀਆਂ ਬਖਸ਼ਿਸ਼ਾਂ ਮੌਜੂਦ ਹਨ ਤੇ ਦਰਸ਼ਨ ਕਰਵਾਉਂਦੇ ਹਨ।
ਜਾਪਦਾ ਹੈ ਕਿ ਡੱਲੇ ਦੇ ਬੇਟੇ ਤਾਂ ਗੁਜ਼ਰ ਗਏ ਪਰ ਭਰਾਵਾਂ ਵਿਚੋਂ ਯਾਂ ਕਿਸੇ ਹੋਰਸ ਪੁੱਤ੍ਰ ਤੋਂ ਵੰਸ਼ ਜਾਰੀ ਰਿਹਾ ਹੈ।
[2]ਵੱਟਿਆ ਹੋਇਆ ਰੱਸਾ। ਭਾਵ ਬਾਹੀਆਂ (ਹੀਂਆਂ) ਦੀ ਥਾਂ ਮੋਟੇ ਰੱਸੇ ਕੱਸ ਦਿੱਤੇ, [ਪੰਜਾਬੀ, ਬੇੜ=ਸੁੱਬੜ]। ਘਾਹ ਦਾ ਵੱਟਿਆ ਰੱਸਾ]।
[3]ਬਹੁਤੇ ਬਸਤ੍ਰ ਛੇਤੀ ਪਾਕੇ।

ਆਪ ਬਿਰਾਜਹੁ ਤਿਸ ਪਰ ਜਾਇ' ॥੨੭॥
ਸੁਨਿ ਬਿਸਮੇ ਤਬਿ ਉਠਿ ਕਰਿ ਗਏ।
ਹੁਇ ਅਰੂਢ ਪ੍ਰਭੁ ਬੈਠਤਿ ਭਏ।
ਦੇਖਨ ਹੇਤੁ ਤਰੈ ਕਰ ਪਾਯੋ[1]।
-ਕਿਮ ਇਨ ਬੁਨ ਕਰਿ ਨਯੋ ਬਨਾਯੋ? - ॥੨੮॥
ਬਾਹੀ ਕੇ ਥਲ ਮੋਟੀ ਬੇਰੇ[2]।
ਪਾਵੈਂ ਥਾਨ ਦੁਛਾਂਗੇ ਹੇਰੇ[3]।
ਪ੍ਰਭੁ ਪ੍ਰਸੰਨ ਹੋਇ ਬੁਲਿਵਾਏ।
ਖੁਸ਼ੀ ਅਧਿਕ ਤਿਨ ਕੋ ਫੁਰਮਾਏ ॥੨੯॥
'ਪੂਰਨ ਸਿੱਖੀ ਤੁਮਹੁੰ ਨਿਬਾਹੀ।
ਅਬਿ ਹਟਿ ਜਾਹੁ ਬਸਹੁ ਘਰ ਮਾਂਹੀ।
ਬਿਨਾਂ ਸ਼ਸਤ੍ਰ ਹੀ ਸ਼ੱਤ੍ਰਨਿ ਜੀਤਹੁ।
ਕਿਸ ਤੇ ਚਿੰਤਾ ਹੋਇ ਨ ਭੀਤਹੁ' ॥੩੦॥
ਇਮ ਕਹਿ ਕੀਨਸਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ।
ਸ਼ਸਤ੍ਰ ਬਸਤ੍ਰ ਤਨ ਧਰਿ ਸਵਧਾਨੇ ॥੩੧॥
ਪਾਛੇ ਪਰਮ ਸਿੰਘ ਕੋ ਮੋਰੇ*।
ਹੁਕਮ ਅਮੋਰ ਜਾਨਿ ਕਰ ਜੋਰੇ।
'ਹਲਤ ਪਲਤ ਮਹਿਂ ਬਨਹੁ ਸਹਾਈ।

---

[1]ਤਲੇ ਹੱਥ ਪਾਇ ਦੇਖਣ ਲਈ ਕਿ।
[2]ਕਿ ਹੀਆਂ ਦੀ ਥਾਂ ਰੱਸੇ ਕੱਸੇ ਹਨ ਮੋਟੇ ਸਾਰੇ।
[3]ਪਾਵਿਆਂ ਦੀ ਥਾਵੇਂ ਚੁਸਾਂਗੇ ਦੇਖੇ।
*ਦੇਖੋ ਸਤਿਗੁਰਾਂ ਨੂੰ ਆਪਣੇ ਅਰਾਮ ਦਾ ਰੱਤੀ ਪਿਆਰ ਨਹੀਂ। ਜਦ ਦੋਹਾਂ ਦੀ ਸੁਰਤ ਆਤਮ ਮੰਡਲ ਵਿਚ ਕਿਸੇ ਟਿਕਾਣੇ ਅੱਪੜ ਗਈ ਹੈ ਸੇਵਾ ਤੇ ਪ੍ਰੇਮ ਭਾਵਨਾ ਨਾਲ, ਤਾਂ ਆਪ ਨੇ ਵਰ ਦੇਕੇ ਘਰੀਂ ਮੋੜ ਦਿੱਤਾ ਹੈ ਤੇ ਆਪਣੇ ਰੋਜ ਦੇ ਸੁਖ ਦੀ ਬੀ ਪਰਵਾਹ ਨਹੀ ਕੀਤੀ। ਇਹੋ ਜਿਹੇ ਨੁਕਤੇ ਹਨ ਆਪ ਦੀ ਜੀਵਨ ਦੇ ਜੋ ਲੋਕ ਧਿਆਨ ਦੇਕੇ ਸਮਝਦੇ ਨਹੀਂ। ਆਪ ਦਾ ਬਿਰਦ ਹੈ ਤਾਰਨਹਾਰ, ਜੋ ਕਰ ਰਹੇ ਹਨ ਜਗਤ ਦੇ ਭਲੇ ਲਈ। ਵਰ ਸ੍ਰਾਪ ਆਪਣੇ ਕਿਸੇ ਸੁਖ ਆਰਾਮ ਦੇ ਵਧਣ ਘਟਣ ਤੋਂ ਨਹੀਂ ਦੇਂਦੇ, ਜਗਤ ਜਲੰਦੇ ਤੇ ਦੁਖੀ ਦੇਸ਼ ਤੇ ਪਰਜਾ ਦੀ ਅਪਦਾ ਹਰਨ ਦੇ ਕੰਮ ਵਿਚ ਜਿਨ੍ਹਾਂ ਨੂੰ ਸਹਾਈ ਦੇਖਦੇ ਹਨ, ਖੁਸ਼ ਹੁੰਦੇ ਹਨ, ਜੋ ਭਜਦੇ ਹਨ ਉਨ੍ਹਾਂ ਨੂੰ ਸ੍ਰਿਸ਼ਟੀ ਦਾ ਅਪਿਆਰਾ ਜਾਣਕੇ ਤ੍ਰਿਸਕਾਰਦੇ ਹਨ। ਇਹ ਬੀ ਇਕ ਫਰਕ ਹੈਸੀ ਸੋਢੀ (ਰਾਮਰਾਈਏ, ਧੀਰਮੱਲੀਏ) ਮਸੰਦਾਂ ਆਦਿਕਾਂ ਦੀ ਤੇ ਆਪਦੀ ਗੁਰਜਾਈ ਦਾ। ਓਹ ਨਿਜ ਨੂੰ ਪਾਲਦੇ ਸਨ, ਗੁਰਜਾਈ ਨੂੰ ਆਪਣੀ ਵਡਿਆਈ ਜਾਣਕੇ ਜੱਫੇ ਮਾਰਦੇ ਸਨ, ਪਰ ਗੱਦੀ ਨਸ਼ੀਨ ਗੁਰੂ ਸਾਹਿਬਾਨ ਨਿਜ ਨੂੰ ਬੀ ਨੁਛਾਵਰ ਕਰਦੇ ਸਨ।

ਫਿਰ ਆਪ ਅਵਤਾਰ ਸਨ ਤੇ ਧੁਰੋਂ ਆਏ ਸਨ। ਓਹ ਲੋਕ ਬਣ ਬਣ ਬਹਿੰਦੇ ਯਾ ਵੱਧ ਤੋਂ ਵੱਧ ਏਕਾਗ੍ਰਤਾ ਦੇ ਕੁਛ ਸਾਧਨ ਕਰਦੇ ਸਨ, ਧੁਰੋਂ ਘੱਲੇ ਗੁਰ ਅਵਤਾਰ ਨਹੀਂ ਸਨ।

ਚਰਨ ਕਮਲ ਚਿਤ ਰਖਹੁ ਗੁਸਾਈਂ ॥੩੨॥
ਅਪਨੇ ਲਖਿ ਕਰਿ ਨਹਿਨ ਬਿਸਾਰਹੁ।
ਦਾਸਨ ਦਾਸਹਿ ਦਾਸ ਬਿਚਾਰਹੁ।'
ਇਮ ਕਰ ਬੰਦਨ ਕਰਤਿ ਪਯਾਨੇ।
ਰਿਦੇ ਰਾਖਿ ਸਤਿਗੁਰ ਕੋ ਧਯਾਨੇ* ॥੩੩॥
ਮਧੂ ਸਿੰਘਾਣੇ ਪੁਰਿ ਤੇ ਡੇਰਾ+।
ਪ੍ਰਭੁ ਜੀ ਕੂਚ ਕਰਯੋ ਤਿਸ ਬੇਰਾ।
ਹਯ ਅਰੂਢ ਕਰਿ ਪੰਥ ਪਯਾਨੇ।
ਪੀਛੇ ਸਿੰਘ ਬਹੀਰ ਸਿਧਾਨੇ ॥੩੪॥
ਕੋਸ ਅਸ਼ਟਦਸ਼ ਤਿਸ ਦਿਨ ਗਏ+।
ਪੁਸ਼ਕਰ ਤੀਰਥ ਆਵਤਿ ਭਏ।
ਉਤਰਿ ਪਰੇ ਤਹਿਂ ਸਿਵਰ ਲਗਾਯੋ।
ਸਕਲ ਬਹੀਰ ਸ਼੍ਰਮਤ ਹ੍ਵੈ ਆਯੋ ॥੩੫॥
ਕਹਯੋ ਪ੍ਰਭੂ 'ਇਤ ਕਰਹੁ ਮੁਕਾਮੂ।
ਸ਼੍ਰਮ ਨਿਰਵਾਰ ਲੇਹੁ ਬਿਸਰਾਮੂ।'
ਬਸੇ ਨਿਸਾ ਮਹਿਂ ਖਾਨ ਰੁ ਪਾਨ।
ਭਏ ਪ੍ਰਾਤਿ ਕਰਿ ਸੌਚ ਸ਼ਨਾਨ ॥੩੬॥
ਚੇਤਨ ਬਿੱਪ੍ਰ ਮਿਲਯੋ ਤਬਿ ਆਈ।
'ਆਸ਼ਿਰਬਾਦ' ਕਹਯੋ ਗੁਰ ਤਾਈਂ।
ਅਧਿਕ ਦਾਨ ਦੀਨੋ ਤਿਸ ਪਾਨ।

---

*ਆਖਦੇ ਹਨ ਕਿ ਜਦੋਂ ਪਰਮ ਸਿੰਘ ਧਰਮ ਸਿੰਘ ਜੀ ਘਰ ਪਹੁੰਚੇ ਤਾਂ ਇਨ੍ਹਾਂ ਦੇ ਵਡਕੇ ਨੇ, ਜੋ ਅਜੇ ਜੀਉਂਦੇ ਸਨ, ਇਨ੍ਹਾਂ ਨੂੰ ਮੱਥੇ ਨਾ ਲਾਇਆ ਤੇ ਆਖਿਆ ਕਿ ਤੁਸੀਂ ਬੀ ਰਾਮ ਸਿੰਘ ਤੇ ਡੱਲ ਸਿੰਘ ਵਾਂਙੂ ਗੁਰੂ ਜੀ ਤੋਂ ਚੋਰੀ ਆਏ ਹੋ, ਜੇ ਆਗਯਾ ਵਿਚ ਖੁਸ਼ੀ ਲੈਕੇ ਆਏ ਹੋ ਤਾਂ ਮੈਨੂੰ ਨਿਸ਼ਚਾ ਕਰਾਓ। ਦੋਏ ਭਿਰਾਉ ਫੇਰ ਮੁੜਕੇ ਗਏ ਤੇ ਗੁਰੂ ਸਾਹਿਬ ਜੀ ਨੂੰ ਦੱਖਣ ਦੇ ਰਸਤੇ ਜਾਕੇ ਮਿਲੇ। ਸਾਹਿਬ ਸੁਣਕੇ ਵਡਕੇ ਦੇ ਸਿਦਕ ਤੇ ਬੜੇ ਪ੍ਰਸੰਨ ਹੋਏ। ਇਕ ਪੋਥੀ ਆਪਣੀ ਨਿਸ਼ਾਨੀ ਉਨ੍ਹਾਂ ਨੂੰ ਬਖਸ਼ੀ। ਜਦੋਂ ਪੱਕਾ ਸਬੂਤ ਲੈਕੇ ਘਰ ਆਏ ਤਾਂ ਵਡਕੇ ਨੇ ਯਕੀਨ ਕੀਤਾ। ਇਹ ਪੋਥੀ ਹੁਣ ਬਾਗੜੀਆਂ ਦੇ ਭਾਈ ਸਾਹਿਬਾਨ ਪਾਸ ਬੜੇ ਸਨਮਾਨ ਨਾਲ ਰੱਖੀ ਹੋਈ ਹੈ, ਜਿਸ ਦਾ ਦਰਸ਼ਨ ਭਾਈ ਸਾਹਿਬ ਅਰਿਦਮਨ ਸਿੰਘ ਜੀ, ਇਸ ਵੇਲੇ ਦੇ ਗੱਦੀ ਨਸ਼ੀਨ, ਬੜੇ ਅਦਬ ਨਾਲ ਕਰਵਾਉਂਦੇ ਹਨ।

+ਮਧੂ ਸਿੰਘਾਣਾ ਪ੍ਹਿੰਡ ਦਾ ਨਾਮ ਹੈ, ਏਥੇ ਗੁਰਧਾਮ ਨਹੀਂ ਹੈ। ਸਰਸੇ ਦੇ ਨੇੜੇ ਹੈ। ਸਰਸੇ ਤੋਂ ਅਗੇ ਉਤਾਰੇ ਦੇ ਥਾਵਾਂ ਵਿਚ ਕੁਛ ਅੱਗੜ ਪਿੱਛੜ ਰਲਾ ਹੈ ਤੇ ਮੰਜ਼ਲਾਂ ਤੇ ਟਿਕਾਣੇ ਅਜਮੇਰ ਤੱਕ ਸਾਰੇ ਸਿਲਸਿਲੇਵਾਰ ਨਹੀਂ ਆਏ। ਖੋਜ ਦੀ ਲੋੜ ਹੈ। ਮਧੂ ਸਿੰਘਾਣੇ ਤੋਂ ਪੁਸ਼ਕਰ ੧੮ ਕੋਹ ਹੈ, ਇਹ ਗੱਲ ਠੀਕ ਨਹੀਂ। ਇਹ ਹੋ ਸਕਦਾ ਹੈ ਕਿ ਪੁਸ਼ਕਰ ਦੇ ਨੇੜੇ ਕੋਈ ਹੋਰ ਗਿਰਾਂ ਇਸ ਨਾਮ ਦਾ ਤਦੋਂ ਹੋਵੇ। ਯਾ ਲੇਖਕ ਨੇ ਵਿਚਲੇ ਟਿਕਾਣੇ ਛੱਡ ਦਿੱਤੇ ਹਨ ਤੇ ਵੱਡੇ ਥਾਂ-ਪੁਸ਼ਕਰ-ਦਾ ਨਾਂ ਦੇ ਦਿੱਤਾ ਹੈ। ਸਾਖੀ ਪੋਥੀ ਵਿਚ ਪੁਹਕਰ ਤੋਂ ਮਗਰੋਂ ਚੂਰੂ ਡੇਰਾ ਕੀਤਾ ਲਿਖਿਆ ਹੈ, ਪਰ ਚੂਰੂ ਪੁਸ਼ਕਰ ਤੋਂ ਉਰੇ ਹੈ ਬਹੁਤਾ, ਇਹ ਤਾਂ ਸਰਸੇ ਤੋਂ ਹੀ ੯੦ ਕੁ ਮੀਲ ਦੱਖਣ ਨੂੰ ਹੈ।

ਪਟ ਸੂਖਮ, ਦੀਨਾਰ, ਕਿਕਾਨ ॥੩੭॥
ਸ੍ਰੀ ਬਾਬਾ ਨਾਨਕ ਜਹਿਂ ਥਿਰੇ।
ਤਿਸੀ ਘਾਟ ਗੁਰ ਮੱਜਨ ਕਰੇ।
ਤਹਾਂ ਬੈਠਿ ਕਰਿ ਸਿੰਘਨ ਸਾਥ।
ਪੂਰਬ ਕੋ ਪ੍ਰਸੰਗ ਕਹਿਂ ਨਾਥ ॥੩੮॥
'ਗਮਨਤਿ ਕਰਤੇ ਸਹਜ ਸੁਭਾਇ।
ਸ੍ਰੀ ਬਾਬਾ ਜੀ ਬੈਠੇ ਆਇ।
ਗੋਰਖ ਲੀਏ ਸਿੱਧ ਸਮੁਦਾਈ।
ਆਨਿ ਅਦੇਸ਼ ਅਦੇਸ਼ ਅਲਾਈ ॥੩੯॥
ਚਰਚਾ ਕੁਛਕ ਜੰਗ ਕੀ ਕੀਨਿ।
ਜਥਾ ਜੋਗ ਤਬਿ ਉੱਤਰ ਦੀਨ।
ਸੁਨਿ ਸਿਧ ਸਕਲ ਨਿਮੇ ਕਰ ਬੰਦਿ।
ਗੋਰਖ, ਭਰਥਰਿ, ਗੋਪੀ ਚੰਦ ॥੪੦॥
ਮੰਗਲ ਆਦਿਕ ਸੁਜਸੁ ਉਚਾਰਾ।
-ਸ੍ਰੀ ਬਾਬਾ ਤੁਮ ਧੰਨ ਉਦਾਰਾ-।'

ਇਮ ਬੋਲਤਿ ਜਿਸ ਕਾਲ ਕ੍ਰਿਪਾਲਾ।
ਤਹਿਂ ਕੇ ਨਰ ਕਰਿ ਮੇਲ ਬਿਸਾਲਾ ॥੪੧॥

ਬਿੱਪ੍ਰ ਬਨਕ ਤੇ ਆਦਿਕ ਜਾਲ।
ਚਲਿ ਆਏ ਚੇਤਨ ਦਿਜ ਨਾਲ।
ਕਰਿ ਕਰਿ ਨਮੋ ਪ੍ਰਵਾਰਤਿ ਬੈਸੇ।
'ਕੌਨ ਜਾਤ' ਬੂਝਤਿ ਭੇ ਐਸੇ ॥੪੨॥
'ਸੰਗ ਆਪ ਕੇ ਕੇਸਨ ਧਾਰੀ।
ਕਜਾ ਇਨ ਕੀ ਦਿਹੁ ਜਾਤਿ ਉਚਾਰੀ।
ਬੂਝਤਿ ਹੈਂ ਲਖਿ ਬੇਸ ਨਵੀਨਾ।
ਹਿੰਦੁ ਤੁਰਕ ਇਮ ਕਿਨਹੁਂ ਨ ਕੀਨਾ' ॥੪੩॥
ਸੁਨਿ ਕਰਿ ਗੁਰ ਫੁਰਮਾਵਨਿ ਕੀਆ।
'ਭਯੋ ਖਾਲਸਾ ਜਗ ਮਹਿਂ ਤੀਆ[1]।
ਹਿੰਦੂ ਤੁਰਕ ਦੁਹਿਨ ਤੇ ਨਜਾਰੋ।
ਸ੍ਰੀ ਅਕਾਲ ਕੇ ਦਾਸ ਬਿਚਾਰੋ ॥੪੪॥
ਬੀਜ ਮਾਤ੍ਰ ਅਬਿ ਰੂਪ ਦਿਖਾਵਾ।
ਹਤਿ ਤੁਰਕਨ ਠਾਨਹਿ ਛਿਤ ਦਾਵਾ।

---
[1]ਤੀਜਾ।

ਸਭਿ ਪਰ ਬਲੀ ਬੀਰ ਬਰ ਬੰਕਾ।
ਆਯੁਧ ਧਾਰੀ ਰਿਪਹਿ ਅਤੰਕਾ[੧] ॥੪੫॥
ਸੁਨਿ ਕਰਿ ਸਰਬ ਲੋਕ ਬਿਸਮਾਏ।
-ਗੁਰ ਸਮਰਥ ਇਹ ਨਯੋ ਉਪਾਏ-।
ਉਠਿ ਪ੍ਰਭੁ ਚੇਤਨ ਲੇ ਨਾਲ।
ਦੇਖਨ ਲਾਗੇ ਠਵਰ ਬਿਸਾਲ ॥੪੬॥
ਤੀਰਥ ਪਾਰ ਥਾਨ[੨] ਦਿਖਲਾਵਾ।
ਪਿਖੀ ਗੁਹਾ ਜਹਿਂ ਨਾਗ ਰਹਾਵਾ।
ਇੱਤਜਾਦਿਕ ਅਵਿਲੋਕਨਿ ਕਰੇ।
ਚੇਤਨ ਕਛੂ ਪ੍ਰਸੰਗ ਉਚਰੇ ॥੪੭॥
'ਕਮਲਾਸਨ ਮਖ ਕੀਨਸਿ ਇਹਾਂ[੩]।
ਦਾਰੁਣ ਬੇਖ ਰੁੱਦ੍ਰ ਕੋ ਮਹਾਂ।
ਲੇ ਕਪਾਲ ਕੋ ਜਾਚਨ ਆਵਾ[੪]।
ਬਿਨ ਜਾਨੇ ਤੇ ਝਿਰਕਿ ਹਟਾਵਾ ॥੪੮॥
-ਪ੍ਰਥਮ ਅਮੰਗਲ[੫] ਬੇਖ ਦਿਖਾਵੈ।
ਮਖ ਮਹਿਂ ਨਹਿਂ ਐਸੇ ਬਨਿ ਆਵੈ-।
ਤਬਿ ਸ਼ਿਵ ਨੇ ਕਿਯ ਭਗਨ ਕਪਾਲਾ।
ਭੇ ਮਖ ਥਲ ਮਹਿਂ ਜਹਿਂ ਕਹਿਂ ਜਾਲਾ[੬] ॥੪੯॥
ਪਿਖਿ ਪ੍ਰਤਾਪ ਬ੍ਰਹਮਾ ਨੇ ਜਾਨਾ।
ਕਰੀ ਸਤੁਤਿ ਆਛੀ ਬਿਧਿ ਮਾਨਾ।'
ਇੱਤਜਾਦਿਕ ਹੈ ਬਡੋ ਪ੍ਰਸੰਗ।
ਗ੍ਰੰਥ ਵਧਨ ਤੇ ਉਰ ਡਰ ਸੰਗ ॥੫੦॥
ਨਹਿਂ ਬਰਨੌਂ ਸ਼੍ਰੋਤਾ ਸਭਿ ਜਾਨਹੁ।
ਕਥਾ ਗੁਰਨ ਕੀ ਸੁਨਹੁਂ ਸੁਜਾਨਹੁਂ।
ਰਹੀ ਕਿਤਿਕ ਸੋ ਚਿਤ ਦੇ ਬਰਨੌਂ।
ਬਾਂਛਤਿ ਪ੍ਰਾਪਤ ਪੂਰਨ ਕਰਨੌਂ ॥੫੧॥
ਕਵਿ ਸੰਤੋਖ ਸਿੰਘ ਮਨ ਪ੍ਰੀਤ।

---

[੧]ਸ਼ੱਤ੍ਰੂ ਨੂੰ ਡਰ ਦੇਣ ਵਾਲਾ।
[੨](ਦਾ) ਪਾਰਲਾ ਅਸਥਾਨ।
[੩]ਬ੍ਰਹਮਾ ਨੇ ਏਥੇ ਜੱਗ ਕੀਤਾ ਸੀ।
[੪]ਮਹਾਂ ਸ਼ਿਵ ਭਯਾਨਕ ਵੇਸ ਵਿਚ ਕਪਾਲ (ਖੱਪਰ) ਲੈਕੇ ਮੰਗਣ ਆਇਆ।
[੫]ਭਿਆਨਕ।
[੬]ਬਹੁਤ (ਕਪਾਲੀਆਂ) ਹੋ ਗਈਆਂ।

ਗੁਰ ਕੀ ਕਥਾ ਰਚੌਂ ਸ਼ੁਭ ਰੀਤ।
ਕਰਜੋ ਮਨੋਰਥ ਪੂਰਨ ਮੋਰਾ।
ਗੁਰੂ ਨਿਹੋਰ ਸਾਂਝ ਅਰੁ ਭੋਰਾ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਪੁਸ਼ਕਰ ਗਮਨ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿੰਸਤੀ ਅੰਸੂ ॥੩੫॥

## ੩੬. [ਦਾਦੂ ਦ੍ਵਾਰੇ ਬਿਬੇਕ]

੩੫<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੭

ਦੋਹਰਾ: ਇਸੀ ਰੀਤਿ ਨਿਤ ਪ੍ਰਤਿ ਗਮਨ,
ਕਰਤਿ ਗੁਰੂ ਮਹਾਰਾਜ।
ਮਾਰਵਾਰ ਕੇ ਦੇਸ਼ ਮਹਿਂ,
ਪਹੁਂਚਿ ਗ਼ਰੀਬ ਨਿਵਾਜ ॥੧॥
ਚੌਪਈ: *ਪੁਰਿ ਨਰਾਇਣਾ ਪਹੁਂਚੇ ਜਾਇ।
ਜਹਿਂ ਦਾਦੂ ਦ੍ਵਾਰਾ+ ਕਹਿਲਾਇ।
ਅਵਲੋਕਤਿ ਡੇਰਾ ਪ੍ਰਭੁ ਘਾਲਾ।
ਸੁਂਦਰ ਜਹਿਂ ਕਹਿਂ ਥਾਨ ਬਿਸਾਲਾ ॥੨॥
ਉਤਰਿ ਤੁਰੰਗ ਤੇ ਥਿਰੇ ਗੁਸਾਈਂ।
ਸਿੰਘ ਆਨਿ ਬੈਠੇ ਤਿਸ ਥਾਂਈ।
ਸਨੇ ਸਨੇ ਸਭਿ ਆਇ ਬਿਹੀਰ।
ਉਤਰਿ ਪਰੇ ਹੋਈ ਬਹੁ ਭੀਰ ॥੩॥
ਹਯਨ ਹਿਰੇਖਾ ਹੋਤਿ ਬਿਸਾਲਾ।
ਗਾਡਹਿਂ ਮੇਖਨ ਸ਼ਬਦ ਉਠਾਲਾ।
ਕਿਤਿਕ ਬਿਲੋਕਤਿ ਦਾਦੂ ਦ੍ਵਾਰਾ।
ਕੋ ਤ੍ਰਿਣ ਈਂਧਨ ਲੇਨਿ ਪਧਾਰਾ ॥੪॥
ਤਹਾਂ ਜੈਤ ਸਾਹਿਬ ਮਾਹੰਤ।
ਸ਼ਾਂਤਿ ਰੂਪ ਸ਼ੁਭ ਅਜ਼ਮਤਵੰਤ।
ਸਾਧੁ ਸੈਂਕਰੇ ਦਾਦੂ ਮਗ ਕੇ।
ਰਹੈਂ ਪ੍ਰਲੋਕ ਸਾਧਨੇ ਲਗਿਕੇ ॥੫॥
ਕਰਨਿ ਸ਼ਨਾਨ ਬ੍ਰਿਤੀ ਕੋ ਰੋਕਨ।
ਏਕ ਰੂਪ ਸਭਿ ਲੋਕ ਬਿਲੋਕਨ।
ਦਯਾ ਛਿਮਾ ਧੀਰਜ ਸੰਤੋਖ।
ਨਿਰਹੰਕਾਰ ਅਕਾਮ ਅਰੋਖ ॥੬॥
ਦਾਦੂ ਸੁਂਦਰ ਗਿਰਾ ਬਨਾਈ।
ਬੈਠੇ ਪਠਤਿ ਕਿਤਿਕ ਮਨ ਲਾਈ।
ਗੁਰ ਦਲ ਕੋ ਨਰ ਕੋ ਚਲਿ ਗਯੋ।

---

*ਸੌ ਸਾਖੀ (ਸਾਖੀ ੯੪) ਤੇ ਸਾਖੀ ਪੋਥੀ ਦੀ ਸਾਖੀ ਰਲਵੀਂ ਇਥੋਂ ਚੱਲੀ ਹੈ।

+ਨਰਾਇਣਾ ਪਿੰਡ ਜੈਪੁਰ ਰਾਜ ਵਿਚ ਹੈ। ਦਾਦੂ ਜੀ ਪੰਜਵੇਂ ਪਾਤਸ਼ਾਹ ਦੇ ਸਮੇਂ ਹੋਏ ਹਨ, ਇਸ ਮਹਾਤਮਾਂ ਦੀ ਬਾਣੀ ਤੋਂ ਉਗਾਹੀ ਮਿਲਦੀ ਹੈ ਕਿ ਗੁਰੂ ਘਰ ਨਾਲ ਉਸ ਦਾ ਚੋਖਾ ਸੰਬੰਧ ਸੀ। ਦਾਦੂ ਜੀ ਦਾ ਜਨਮ ਅਹਿਮਦਾਬਾਦ ਦਾ ਸੀ।

ਤਿਸੇ ਮਹੰਤ ਬੂਝਤੋ ਭਯੋ ॥੭॥
'ਕੋ ਉਤਰਜੋ, ਕਿਤ ਤੇ ਚਲਿ ਆਯੋ?
ਕਿਸ ਕਾਰਜ ਕੋ ਅੱਗ੍ਰ ਸਿਧਾਯੋ?'
ਸੁਨਿ ਸਗਰੋ ਸੁ ਪ੍ਰਸੰਗ ਉਚਾਰਾ।
'ਸਤਿਗੁਰੂ ਗੋਬਿੰਦ ਸਿੰਘ ਉਦਾਰਾ ॥੮॥
ਪੁਰਿ ਅਨੰਦ ਜਿਨ ਕੀ ਰਜਧਾਨੀ।
ਵਧਜੋ ਤੁਰਕ ਸੋਂ ਬੈਰ ਮਹਾਨੀ।
ਕਈ ਲਾਖ ਜੋਧਾ ਜਿਨ ਘਾਯੋ।
ਬਹੁ ਬਾਰੀ ਸੰਗ੍ਰਾਮ ਮਚਾਯੋ ॥੯॥
ਪ੍ਰਥਮ ਅਨੰਦ ਪੁਰੇ ਰਣ ਭਏ।
ਪੁਨ ਚਮਕੌਰ ਤੁਰਕ ਬਹੁ ਛਏ।
ਬਹੁਰੋ ਜੰਗ ਮੁਕਤਸਰ ਭਯੋ।
ਸੋ ਗੁਰ ਅਬਿ ਆਵਨਿ ਇਤ ਕਯੋ ॥੧੦॥
ਸਾਹਿਬਜ਼ਾਦੇ ਰਣ ਮਹਿਂ ਦੋਇ।
ਬਾਲਕ ਦ੍ਵੈ ਤੁਰਕਨ ਗਹਿ ਸੋਇ।
ਇਮ ਚਾਰੋਂ ਤਿਨ ਕੇ ਸਿਰ ਚਰੇ।
ਰਾਜ ਤੇਜ ਰਿਪੁ ਕੋ ਨਿਤ ਹਰੇ' ॥੧੧॥
ਸੁਨੀ ਮਹੰਤ ਜੈਤ ਸਭਿ ਬਾਤ।
ਅਚਰਜ ਧਰਤਿ ਰਿਦੇ ਅਵਦਾਤ।
-ਕਹਾਂ ਤੁਰਕਪਤਿ ਸਭਿ ਛਿਤ ਮਾਲਿਕ।
ਮਹਾਂ ਸੁਭਟ ਤਿਹ ਸੋਂ ਰਣ ਘਾਲਕ- ॥੧੨॥
ਇਕਠੇ ਕਰੇ ਸਾਧ ਤਿਸ ਕਾਲਾ।
ਦਰਸ਼ਨ ਕਰਨ ਹੇਤੁ ਸੋ ਚਾਲਾ।
ਜਹਿਂ ਪ੍ਰਭੁ ਥਿਰੇ ਦਿਵਾਨਿ ਲਗਾਇ।
ਚਿਤਵਤ ਮਹਿਮਾ ਕੋ ਤਹਿਂ ਆਇ ॥੧੩॥
ਨਿਕਟ ਹੋਇ ਕਰ ਤੇ ਕਰਿ ਨਮੋ।
ਸ੍ਰੀ ਗੁਰ ਪਿਖਿ ਮਹੰਤ ਤਿਹ ਸਮੋ।
ਸਾਦਰ ਨਿਕਟ ਬਿਠਾਵਨ ਕਰਜੋ।
ਬੈਠਿ ਦਰਸ ਕਰਿ ਆਨੰਦ ਭਰਜੋ ॥੧੪॥
ਸਾਹਿਬਜ਼ਾਦਨ ਕੀ ਕਰਿ ਗਾਥਾ।
ਬੋਲਤਿ ਭਯੋ ਗੁਰੂ ਕੇ ਸਾਥਾ।
'ਇਸੀ ਹੇਤੁ ਸ੍ਰੀ ਦਾਦੂ ਕਹਜੋ।

ਨਿਰਦਾਵੇ ਮਹਿਂ ਬਹੁ ਸੁਖ ਲਹਯੋ ॥੧੫॥
ਦੋਹਰਾ: ਦਾਦੂ ਦਾਵਾ ਦੂਰ ਕਰਿ, ਬਿਨ ਦਾਵੇ ਦਿਨ ਕੱਟਿ।
ਕੇਤੀ ਸੌਦਾ ਕਰਿ ਗਈ, ਏਤ ਪਸਾਰੀ ਦੇ ਹੱਟ ॥੧੬॥
ਚੌਪਈ: ਦਾਵਾ ਕਰਨੇ ਮਹਿਂ ਦੁਖ ਘਨੇ।
ਉਠੈਂ ਉਪਾਧਿ ਨ ਜਾਹੀਂ ਗਨੇ।
ਨਿਰਦਾਵੇ ਮਹਿਂ ਸਭਿ ਸੁਖ ਅਹੈ।
ਛਿਮਾ ਕਰਨਿ ਤੇ ਨਰ ਸੋ ਲਹੈ' ॥੧੭॥
ਸੁਨਿ ਸਤਿਗੁਰ ਤਬਿ ਤਿਸੈ ਸੁਨਾਯੋ।
'ਸੰਤਨਿ ਕੇ ਮਤ ਇਮ ਬਨਿ ਆਯੋ।
ਜਿਨਹੁਂ ਧਰਮ ਕੀ ਰੱਛਾ ਕਰਨੀ।
ਸੁਨਿ ਤਿਨ ਕੀ ਗਤਿ ਜਿਮ ਹੈ ਬਰਨੀ ॥੧੮॥
ਦੋਹਰਾ: ਦਾਦੂ ਦਾਵਾ ਬੰਧਿ ਕੇ, ਸਭਿ ਕੋ ਲਈਏ ਲੁੱਟ।
ਇੱਕੋ ਰਹਿਸੀ ਖਾਲਸਾ, ਹੋਰ ਸਭਿ ਮਰਸੀ ਹੁੱਟ ॥੧੯॥
ਚੌਪਈ: ਧਰਮ ਬਿਦਾਰਯੋ* ਹਿੰਦੂ ਤੁਰਕਾ।
ਨਿਸ਼ਚਾ ਕਰਯੋ ਦੂਰ ਸਭਿ ਉਰ ਕਾ।
ਗਹਿ ਕੈ ਸ਼ਸਤ੍ਰ ਦੀਜੀਅਹਿ ਦੰਡ।
ਰਹੈ ਧਰਮ ਤਬਿ ਦੁਸ਼ਟਨਿ ਖੰਡਿ[1]' ॥੨੦॥
ਜੈਤ ਕਹੈ 'ਹਮਰੋ ਗੁਰ ਭਾਖਾ।
ਛਿਮਾ ਬਿਖੈ ਸਗਰੋ ਗੁਨ ਰਾਖਾ।
ਜਿਮ ਕਰਨੀ ਸੋ ਰਾਹੁ ਬਤਾਯੋ।'
ਪੁਨ ਦੋਹਾ ਕਹਿ ਔਰ ਸੁਨਾਯੋ ॥੨੧॥
ਦੋਹਰਾ: 'ਦਾਦੂ ਸਮਾ ਬਿਚਾਰਿ ਕੈ, ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਢੀਮ ਇਟ, ਲੀਜੈ ਸੀਸ ਚਢਾਇ' ॥੨੨॥
ਚੌਪਈ: ਸੁਨਿ ਗੁਰ ਕਹਯੋ 'ਤੁਮਹੁ ਇਮ ਕਰਨੀ।
ਪੰਥ ਨ੍ਰਿਵਿਰਤ ਤਿਨਹੁ ਕਹੁ ਬਰਨੀ।
ਜਿਨਹੁ ਕੁਕਰਮ ਹਟਾਵਨਿ ਕਰਨੋ।
ਤਿਨ ਕੋ ਅਪਰ ਬਿਧੀ ਸੋਂ ਬਰਨੋ[2] ॥੨੩॥
ਦੋਹਰਾ: ਦਾਦੂ ! ਸਮਾਂ ਬਿਚਾਰ ਕੈ, ਕਲਿਕਾ ਲੀਜੈ ਭਾਇ।
ਜੇ ਕੋ ਮਾਰੈ ਈਟ ਢੀਮ, ਪਾਥਰ ਹਨੈ ਰਿਸਾਇ' ॥੨੪॥

---

*ਪਾ:-ਬਿਗਾਰਯੋ।
[1]ਭਾਵ ਧਰਮ ਬਚਾਵਨ ਲਈ ਦੁਸ਼ਟਾਂ ਨੂੰ ਮਾਰਨਾ। (ਰਵਾ ਹੈ)
[2]ਕਹਿੰਦੇ ਹਾਂ।

ਚੌਪਈ: ਸੁਨਿ ਕਰਿ ਸਿੰਘ ਸਭਾ ਗਨ ਸਾਧੂ।
-ਨਹਿਂ ਸਹੀਅਹਿ ਦੁਸ਼ਟਨਿ ਅਪਰਾਧੂ-।
ਹਸੇ ਸਕਲ ਹੀ ਮੋਦ ਬਢਾਇ।
'ਵਾਹੁ ਵਾਹੁ ਬਚ' ਕਹੇ ਸੁਨਾਇ ॥੨੫॥
ਦੋਨਹੁਂ ਪੱਖਨ ਕੀ ਦ੍ਵੈ ਬਾਤ।
ਭਈ ਸਭਾ ਮਹਿਂ ਸ਼ੁਭ ਬੱਖਜਾਤ।
ਗੁਰੂ ਕਹ੍ਯੋ 'ਆਯੋ ਕਲਿ ਕਾਲਾ।
ਦੁਸ਼ਟਨ ਕੋ ਭਾ ਤੇਜ ਕਰਾਲਾ ॥੨੬॥
ਸੰਤ ਗਰੀਬ ਧੇਨੁ ਦਿਜ ਦੋਖੀ।
ਕਰਹਿਂ ਅਵੱਗਜਾ ਮੂਰਖ ਰੋਖੀ[1]।
ਤਿਨ ਸੋਂ ਦੰਡ ਕਰਨਿ ਬਨਿ ਆਵੈ।
ਧਰਨੀ ਛਿਮਾ[2] ਨਹੀਂ ਨਿਬਹਾਵੈ ॥੨੭॥
ਤੇਗ਼ ਤੁਪਕ ਤੀਰਨ ਖਰ ਧਰਿ ਕਰਿ।
ਕਰਹਿ ਦਿਖਾਵਨ ਤੇਜ ਤਰਾਤਰ[3]।
ਤੌ ਕਲਿ ਕਾਲ ਬਿਖੈ ਬਨਿ ਆਵੈ।
ਜੀਤਹਿਂ ਹਤਿ ਚਿੰਤਾ ਬਿਸਰਾਵੈ[4*] ॥੨੮॥
ਸੁਧ ਬੁਧਿ ਸਹਤ ਭਲੇ ਗੁਨ ਸਾਰੇ।
ਨਰ ਉਰ ਤੇ ਕਲਿਜੁਗ ਨਿਰਵਾਰੇ।
ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ।
ਧਰਮ ਧਰਹਿਂ ਪਹੁਂਚਹਿਂ ਸੁਰ ਧਾਮੂ ॥੨੯॥
ਇਸ ਕਾਰਨ ਤੇ ਪੰਥ ਉਪਾਯੋ।
ਦੇ ਆਯੁਧ ਰਸ ਬੀਰ ਵਧਾਯੋ।'
ਬਚਨ ਬਿਲਾਸ ਕਰੇ ਇੱਤਜਾਦਿ।
ਹਰਖੇ ਦੁਹਦਿਸ਼ਿ ਸੁਨਿ ਸੰਬਾਦਿ ॥੩੦॥

---

[1]ਕ੍ਰੋਧੀ।
[2]ਛਿਮਾ ਧਾਰਨੀ।
[3]ਬਹੁਤ।
[4]ਮਰਨ ਦੀ ਚਿੰਤਾ ਭੁਲਾਕੇ ਫਤਹ ਪਾਵਣੀ ਹੈ। (ਅ) (ਇਨ੍ਹਾਂ ਨੂੰ) ਮਾਰਕੇ ਜਿੱਤਾਂਗੇ ਤੇ (ਨਿੱਤ ਦੀ) ਚਿੰਤਾ ਮੁਕਾਵਾਂਗੇ।
[*]ਦੇਖੋ ਡੱਲਾ ਸਿੰਘ, ਰਾਮ ਸਿੰਘ ਆਦਿਕਾਂ ਦੇ ਚਲੇ ਜਾਣ ਤੇ ਰਤਾ ਨਹੀਂ ਝਵੇਂ। ਉਹੋ ਉਦੇਸ਼, ਉਹੋ ਨਿਰਭੈਤਾ, ਉਹੋ ਚੜ੍ਹਦੀ ਕਲਾ ਹੈ। ਫਿਰ ਇਕ ਸਮਝ ਗੋਚਰੀ ਹੋਰ ਬਾਤ ਹੈ, ਨਿਰੇ ਸ਼ਸਤ੍ਰ ਧਾਰਨੇ ਤੇ ਨਿਰੀ ਛਲਾਂ ਵਾਲੀ ਨੀਤੀ ਵਰਤਣੀ ਨਹੀਂ ਦੱਸ ਰਹੇ। ਸਤਿਨਾਮ ਦਾ ਸਿਮਰਨ ਤੇ ਸ਼ਸਤ੍ਰ ਧਾਰਨਾ। ਭਾਵ ਸ਼ਾਂਤ ਰਸ ਤੇ ਬੀਰ ਰਸ ਇਕ ਕਰ ਰਹੇ ਹਨ। ਜੋ ਸਿੱਖ ਨਾਮ ਬਾਣੀ ਛੋਡਕੇ ਰਾਜਸੀ ਚਾਲਬਾਜ਼ੀ ਚਲ ਰਹੇ ਹਨ ਓਹ ਗੁਰੂ ਆਦਰਸ਼ ਨਹੀਂ ਵਰਤ ਰਹੇ, ਓਹ ਕੋਈ ਪੱਛਮੀ ਚਾਲਬਾਜ਼ੀ ਯਾ ਨਵੀਂ ਨੀਤੀ ਚਲਾ ਰਹੇ ਹਨ।

ਸਾਧ ਜੈਤ ਕਰ ਜੋਰਿ ਉਚਾਰਾ।
'ਆਜ ਦੇਗ਼ ਤੇ ਲੇਹੁ ਭੰਡਾਰਾ।
ਸ਼੍ਰੀ ਦਾਦੂ ਅਸ ਹੁਕਮ ਬਖਾਨਾ।
ਆਇ ਜਿ ਇਹਾਂ ਸਭਿਨਿ ਦੇ ਖਾਨਾ ॥੩੧॥
ਯਾਂ ਤੇ ਲੀਜਹਿ ਭਾਉ ਹਮਾਰੋ।
ਦਲ ਜੁਤਿ ਕੀਜੈ ਅੰਗੀ ਕਾਰੋ।'
ਸ਼੍ਰੀ ਪ੍ਰਭੁ ਜੀ ਸੁਨਿ ਕੈ ਮੁਸਕਾਏ।
ਪਤਿਆਵਨ ਹਿਤ ਤਾਂਹਿ ਅਲਾਏ ॥੩੨॥
'ਹਮਰੇ ਸੰਗ ਬਾਜ ਬਹੁਤੇਰੇ।
ਨਹਿਂ ਅਹਾਰ ਪਾਯੋ ਇਸ ਬੇਰੇ।
ਇਨ ਕੋ ਤ੍ਰਿਪਤਿ ਪ੍ਰਥਮ ਕਰਿ ਲੀਜੈ।
ਪਾਛੇ ਹਮਹੁੰ ਦੇਗ਼ ਕਹਿ ਦੀਜੈ' ॥੩੩॥
ਸੁਨਤਿ ਸਾਧ ਉਪਜੀ ਦੁਚਿਤਾਈ।
-ਇਹੁ ਅਨਬਨ ਕੈਸੇ ਬਨਿ ਆਈ।
ਧਮਰ ਅਹਿੰਸ ਸਦਾ ਹਮ ਮਾਂਹੀ।
ਬਾਜ ਮਾਸ ਬਿਨ ਤ੍ਰਿਪਤੈਂ ਨਾਂਹੀ ॥੩੪॥
ਸਤਿਗੁਰ ਭੀ ਜਾਨਤਿ ਇਮ ਆਛੇ।
ਤਊ ਹਮਹੁੰ ਤੇ ਆਮਿਖ ਬਾਂਛੇ[1]-।
ਹੇਤੁ ਪਰਖਿਬੇ ਲਖੀਅਤਿ ਐਸੇ।
ਸਮਝ ਰਿਦੇ ਬੋਲਯੋ ਤਬਿ ਤੈਸੇ ॥੩੫॥
'ਰਾਵਰਿ ਬਾਜਨ ਬ੍ਰਿੰਦ ਅਗਾਰੀ।
ਆਜ ਕਰੈਂ ਹਮ ਬਿਨੈ ਉਚਾਰੀ।
ਸਾਧਨ ਕੀ ਸੋ ਮਰਜ਼ੀ ਮਾਨਹਿਂ।
ਕਰਹਿਂ ਜੁਵਾਰ ਬਾਕੁਰੀ ਖਾਨਹਿਂ ॥੩੬॥
ਅੰਨ ਸੰਗ ਤ੍ਰਿਪਤਾਵੌਂ ਸਾਰੇ।
ਬਹੁਰ ਲੀਜੀਅਹਿ ਆਪ ਅਹਾਰੇ।'
ਸੁਨਤਿ ਸਾਧ ਤੇ ਗੁਰੂ ਉਚਾਰਾ।
'ਹਮ ਭੀ ਮਾਨਹਿਂ ਕਰਹਿਂ ਅਹਾਰਾ' ॥੩੭॥
ਸੁਨਿ ਕੈ ਸਾਧ ਗਯੋ ਹਰਖਾਇ।
ਤਯਾਰੀ ਕਰੀ ਸਕਲ ਬਿਧਿ ਜਾਇ।
ਪੀਛੇ ਸਿੰਘ ਪਰਸਪਰ ਮਿਲਿ ਕਰਿ।

---
[1]ਮਾਸ ਮੰਗਦੇ ਹਨ।

ਕਰਜੋ ਬਿਬੇਕ* ਬਿਚਾਰ ਰਹਤਿ ਧਰਿ[1] ॥੩੮॥
ਸ੍ਰੀ ਸਤਿਗੁਰ ਕੇ ਸੰਗ ਉਚਾਰੇ।
'ਜਬਿ ਆਏ ਤੁਮ ਦਾਦੂ ਦ੍ਵਾਰੇ।
ਨਮੋ ਕਮਾਨ ਸਾਥ ਤੁਮ ਕੀਨੀ।
ਰਹਤ ਬਿਹੀਨ ਖਾਲਸੇ ਚੀਨੀ ॥੩੯॥
ਭਏ ਉਚਿਤ ਦੈਬੇ ਤਨਖਾਹੂ।
ਸਦਾ ਅਭੂਲ ਆਪ ਉਰ ਮਾਹੂ।
ਬਖਸ਼ਹੁ ਜਗ ਔਗੁਨ ਸਮੁਦਾਏ+।
ਲੇਹੁ ਖਾਲਸੇ ਤੇ ਬਖਸ਼ਾਏ' ॥੪੦॥
ਸੁਨਿ ਬਿਬੇਕ ਕੋ ਭਏ ਪ੍ਰਸੰਨ।
ਕਹਜੋ ਕਿ 'ਗੁਰੂ ਖਾਲਸਾ ਧੰਨ।
ਕਰੀ ਨਮੋ ਹਮ ਪਰਖਨ ਹੇਤੁ।
ਭਏ ਸਿੰਘ ਕੈ ਨਹੀਂ ਸੁਚੇਤ ॥੪੧॥
ਲਿਹੁ ਤਨਖਾਹ ਅਵਾਜ਼ ਸੁਨਾਵਹੁ।
ਇਸ ਬਿਧਿ ਕੀ ਨਿਤ ਰਹਤ ਕਮਾਵਹੁ।'
ਸਿੰਘ ਸਆਯੁਧ[2] ਇਕ ਕਹਿ ਤਬੈ।
ਪੰਚ ਹਜ਼ਾਰ ਦੇਹੁ ਧਨ ਅਬੈ' ॥੪੨॥
ਸੁਨਤਿ ਦੂਸਰੇ ਤਬਹਿ ਬਖਾਨਾ।
'ਤੁਮ ਇਹ ਭਾਖਜੋ ਦਰਬ ਮਹਾਨਾ।
ਕਰਹੁ ਅਵਾਜ ਪੰਜ ਸੈ ਕੇਰੀ।'
ਸੁਨਿ ਤੀਸਰ ਬੋਲਜੋ ਤਿਸ ਬੇਰੀ ॥੪੩॥
'ਬਹੁਤ ਪੰਚ ਸੈ ਭੀ ਇਨ ਕਹਜੋ।

---

*ਸਾਖੀ ਪੋਥੀ ਦੀ ਸਾਖੀ ਹੈ।

[1]ਭਾਵ ਰਹਿਣੀ ਵਾਲੇ ਸਿੰਘਾਂ ਨੇ ਸੋਧ ਕਰਨ ਦਾ ਵਿਚਾਰ ਕੀਤਾ [ਸੰਸ:, ਵਿਵੇਕ=ਨਿਰਨਾ, ਵਿਚਾਰ (ਯਥਾਰਥ ਗਿਆਨ)। (ਅ) ਕਿਸੇ ਨਿਯਮ ਜਾਂ ਧਰਮ ਦੀ ਧਾਰਨਾ। (ੲ) ਧਰਮ ਦੇ ਨਿਯਮ ਅਨੁਸਾਰ ਰਹਿਤ ਦਾ ਵਿਚਾਰ ਜਾਂ ਨਿਰਨਾ ਕਰਨਾ। ਰਹਿਤ ਜਾਂ ਧਾਰਨਾ ਸਬੰਧੀ ਸੋਧ ਕਰਨੀ]।

+ਦੇਖੋ ਸਿੱਖ ਕਿਸ ਸ਼ਰਧਾ ਤੇ ਅਦਬ ਵਿਚ ਬੋਲ ਰਹੇ ਹਨ। ਇਹੋ ਪ੍ਰਸੰਗ ਪੜ੍ਹਕੇ ਅੱਜ ਕਲ ਦੇ ਕਰਨੀਂ ਹੀਨ ਫੋਕੇ ਦਮਗਜੀਏ ਸਿੱਖ ਸਤਿਗੁਰ ਦੀ ਸ਼ਾਨ ਵਿਚ ਬੀ ਅਦਬ ਨਾਲ ਬੋਲਨਾ ਨਹੀਂ ਕਰਦੇ ਤੇ ਹੰਕਾਰੀ ਹੋਕੇ ਥਾਂ ਕੁਥਾਂ ਹਠ ਤੇ ਜ਼ੋਰ ਦਿਖਾਉਂਦੇ ਹਨ, ਪਰ ਅਸਲ ਭਾਵ ਲੈਕੇ ਸਤਿਗੁਰਾਂ ਦੇ ਹੁਕਮਾਂ ਤੇ ਨਹੀਂ ਟੁਰਦੇ। ਅੰਕ ੪੮ ਵਿਚ ਸਿੱਧ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਜਾਣਕੇ ਇਹ ਖੇਲ ਕੀਤਾ ਸੀ ਕਿ ਆਪ ਖੁਸ਼ ਹੋਏ ਹਨ ਕਿ ਖਾਲਸਾ ਸੁਚੇਤ ਹੋ ਗਿਆ ਹੈ। ਗੂਹੜਾ ਭਾਵ ਇਹ ਹੈ ਕਿ ਆਪ ਪੰਥ ਵਿਚ ਜਾਨ ਭਰ ਰਹੇ ਹਨ ਕਿ ਸਾਡੇ ਮਗਰੋਂ ਖਾਲਸਾ ਸਾਡਾ ਰੂਪ ਹੋਕੇ ਜਗਤ ਤੇ ਥਿਰ ਰਹੇ। ਫਿਰ ਖਾਲਸੇ ਨੇ ਦੇਖੋ ਉਸ ਰੁਪੱਯੇ ਨਾਲ ਲੰਗਰ ਦਾ ਤੰਬੂ ਬਣਾਇਆ ਹੈ ਸ੍ਵਾਰਥ ਪਰ ਨਹੀਂ ਲਗਾਇਆ। ਨਾਲੇ ਖਾਲਸਾ ਜੀ ਸਮਝ ਗਏ ਹਨ ਕਿ ਇਹ ਸਾਡੇ ਦਿਖਾਉਣ ਲਈ ਚੋਜ ਹੈ ਤਾਹੀਏਂ ਕਹਿੰਦੇ ਹਨ:-"ਪੁਨ ਸਿੰਘਨਿ ਕੋ ਲਾਗਹਿ ਏਤੋ"। [ਦੇਖੋ ਅੰਕ ੪੬]।

[2]ਇਕ ਸਿੰਘ ਸ਼ਸਤ੍ਰ ਸਮੇਤ ਹੋਕੇ।

ਇਸਤੇ ਅਲਪ ਕਹਨਿ ਹਮ ਲਹਜੋ।'
ਸੁਨਿ ਚੌਥੋ ਬੋਲਜੋ ਸਭਿ ਮਾਂਹੂ।
'ਗੁਰ ਢਿਗ ਧਨ ਕੀ ਨਹੀਂ ਪ੍ਰਵਾਹੂ' ॥੪੪॥
ਪੰਚਮ ਕਹੈ 'ਪੰਥ ਲਖ ਲਾਵਹੁ।
ਅਬਿ ਹੀ ਦਰਬ ਗੁਰੂ ਤੇ ਪਾਵਹੁ।'
ਸੁਨਤਿ ਖਾਲਸੇ ਸਕਲ ਬਿਚਾਰਜੋ।
ਕਰਿ ਮਸਲਤ ਕੋ ਬਹੁਰ ਉਚਾਰਜੋ ॥੪੫॥
'ਕਹਹੁ ਜਿਤਿਕ' ਗੁਰ ਦੇਂ ਧਨ ਤੇਤੋ[1]।
ਪੁਨ ਸਿੰਘਨਿ ਕੋ ਲਾਗਹਿ ਏਤੋ।
ਕੋ ਦੇ ਸਕਹਿ? ਨ ਕਰੋ ਬਿਚਾਰਨ।
ਯਾਂ ਤੇ ਕੀਜਹਿ ਉਚਿਤ ਉਚਾਰਨ' ॥੪੬॥
ਤਬਿ ਸਭਿ ਸਮਝੇ ਕਰੀ ਅਵਾਜ।
'ਦੇਹਿਂ ਸਵਾ ਸੈ ਧਨ ਮਹਾਂਰਾਜ।'
ਸਤਿਗੁਰ ਕਰਿ ਮਨਜ਼ੂਰ ਤਨਖਾਹੂ।
ਦੀਨੋ ਸਰਬ ਖਾਲਸੇ ਪਾਹੂ ॥੪੭॥
ਸਿੰਘਨਿ ਲੇ ਕਰਿ ਕਾਰ ਲਗਾਯੋ।
ਲੰਗਰ ਕੋ ਤੰਬੂ ਬਨਵਾਯੋ।
ਰਿਦੇ ਪ੍ਰਸੰਨ ਕ੍ਰਿਪਾ ਨਿਧਿ ਤਬੈ।
-ਭਯੋ ਸੁਚੇਤ ਖਾਲਸਾ ਅਬੈ- ॥੪੮॥
ਦੋਹਰਾ: [2]ਪਾਂਚ ਸੈ ਕੀ ਭੇਟ ਦੇ, ਪ੍ਰਭੁ ਜੀ ਸਿਖ ਤਨਖਾਹ।
ਹਮ ਦੀਨੀ ਜੋ ਦੇਨ ਹਿਤ, ਤਿਸ ਕੀ ਪੂੰਜੀ ਸ੍ਵਾਹ[*] ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਾਦੂ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

---

[1]ਤਿਤਨਾ ਹੀ ਦੇ ਦੇਣਗੇ।

[2]ਪੰਜ ਸੌ (ਰੁੱਪਯਾ) ਪ੍ਰਭੂ ਜੀ ਨੇ ਤਨਖਾਹ ਸਿੰਘਾਂ ਨੂੰ ਦਿੱਤੀ ਤੇ ਇਹ (ਸਿਖਾਇਆ ਕਿ) ਅਸਾਂ ਦਿੱਤੀ ਹੈ (ਤਨਖਾਹ) ਜੋ, (ਸਿੱਖ ਤਨਖਾਹੀਆ ਹੋਕੇ) ਹਿਤ ਨਾਲ (ਤਨਖਾਹ) ਨਹੀਂ ਦੇਵੇਗਾ ਉਸ ਦੀ ਪੂੰਜੀ ਨਾਸ਼ ਹੋ ਜਾਵੇਗੀ।

[*]ਸੌ ਸਾਖੀ ਦੀ ੯੪ਵੀਂ ਸਾਖੀ ਦਾ ਇਹ ਕੁਝ ਘੱਟ ਵੱਧ ਭਾਵ ਚਲ ਰਿਹਾ ਹੈ। ਇਹ ਦੋਹਰਾ ਸੌ ਸਾਖੀ ਦਾ ਹੈ ਤੇ ਉਥੇ ਇਸਦਾ ਪਾਠ ਐਉਂ ਹੈ:-'ਪਾਂਚ ਸਹਸ੍ਰ ਕੀ ਭੇਟ ਦੈ ਪ੍ਰਭ ਜੀ ਸਿੱਖ ਤਨਖਾਹ। ਹਸਿ ਦੀਨੀ, ਜੋ ਦੇਇ ਨਹਿੰ, ਤਿਸ ਕੀ ਪੂੰਜੀ ਸ੍ਵਾਹ"। ਸੌ ਸਾਖੀ ਵਿਖੇ ਪੰਜ ਸੌ ਰੁਪੱਯਾ ਤਨਖਾਹ ਦਾ ਦੇਣਾ ਹੀ ਲਿਖਿਆ ਹੈ, ਪਰ ਸਾਖੀ ਪੋਥੀ ਵਿਚ ਸਵਾ ਸੌ ਲਿਖਿਆ ਹੈ।

## ੩੭. [ਦਾਦੂ ਦ੍ਵਾਰੇ ਦੇ ਮਹੰਤ ਵਲੋਂ ਭੰਡਾਰਾ। ਭਾਈ ਦਯਾ ਸਿੰਘ ਜੀ ਵਾਪਸ ਆਏ]

੩੬<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੮

ਦੋਹਰਾ: ਇਤਨੇ ਮੈਂ ਆਵਨ ਕੀਯੋ,
ਜੈਤ ਸਾਧ ਸਮੁਦਾਇ[1]।
ਰਸਤ ਉਚਾਏ ਸੰਗ ਸਭਿ,
ਚਾਵਰ ਚੂਨ ਬਧਾਇ ॥੧॥
ਚੌਪਈ: ਘ੍ਰਿਤ ਮਿਸ਼ਟਾਨ ਆਨਿ ਕਰਿ ਖਰੇ।
ਸਕਲ ਕ੍ਰਿਪਾ ਨਿਧਿ ਆਗੇ ਧਰੇ।
ਬ੍ਰਿੰਦ ਬਾਜ ਜਿਸ ਥਲ ਬੈਠਾਰੇ।
ਭਯੋ ਜੈਤ ਥਿਰ ਤਿਨਹੁਂ ਅਗਾਰੇ ॥੨॥
ਹਾਥ ਜੋਰਿ ਕਰਿ ਬਿਨੈ ਬਖਾਨੇ।
'ਤੁਮ ਸਤਿਗੁਰ ਕੇ ਬਾਜ ਸੁਜਾਨੇ।
ਪ੍ਰਥਮ ਜਨਮ ਕਿਯ ਕਰਮ ਭਲੇਰੇ।
ਜਿਸ ਤੇ ਕਰ ਸਪਰਸ਼ ਗੁਰ ਕੇਰੇ ॥੩॥
ਇਹ ਸਾਧਨ ਕੋ ਲਖਹੁ ਸਥਾਨਾ।
ਜਿਨਹੁ ਅਹਿੰਸ ਧਰਮ ਮਨ ਠਾਨਾ।
ਕਰਜੋ ਚਹੈਂ ਪ੍ਰਭੁ ਕੀ ਪਹੁਨਾਈ।
ਤੁਮ ਲੌ ਰਹੀ ਬਾਤ ਅਬਿ ਆਈ ॥੪॥
ਅੰਨ ਅਹਾਰ ਆਜ ਤੁਮ ਕਰੀਅਹਿ।
ਨਹਿਂ ਆਮਿਖ ਕੋ ਰਿਦੈ ਚਿਤਰੀਅਹਿ।
ਸ਼੍ਰੀ ਦਾਦੂ ਕੋ ਅਹੈ ਭੰਡਾਰਾ।
ਜਿਸ ਤੇ ਮਾਨਵ ਅਚਹਿਂ ਹਜ਼ਾਰਾ' ॥੫॥
ਹੁਤੀ ਜੁਵਾਰ ਬਾਕੁਰੀ ਜੇਯ।
ਇਮ ਕਹਿ ਅੱਗ੍ਰ ਬਖੇਰੀ ਸੇਯ।
ਬਾਜਨ ਬਿਨੈ ਸਾਧ ਕੀ ਮਾਨੀ।
ਤਤਛਿਨ ਕੀਨਿ ਅੰਨ ਗਨ ਖਾਨੀ ॥੬॥
ਕਿਤਿਕ ਸਿੰਘ ਅਵਲੋਕਤਿ ਗਏ।
ਸਕਲ ਪ੍ਰਸੰਗ ਸੁਨਾਵਤਿ ਭਏ।
'ਪ੍ਰਭੁ ਜੀ ਬਾਜਨ ਅਚੀ ਜੁਵਾਰੀ।
ਜੈਤ ਸਾਧ ਜਬਿ ਬਿਨੈ ਉਚਾਰੀ' ॥੭॥
ਸੁਨਿ ਮੁਸਕਾਇ ਗੁਰੂ ਤਬਿ ਭਾਖਾ।

---
[1]ਜੈਤ ਨੇ ਬਹੁਤੇ ਸਾਧਾਂ ਸਮੇਤ।

'ਰਸਤ ਦੇਗ਼ ਕੀ ਲਿਹੁ ਅਭਿਲਾਖਾ*।'
ਆਨਿ ਜੈਤ ਸਗਰੀ ਤਬਿ ਦਈ।
ਜਿਤਿਕ ਲਾਂਗਰੀ ਗੁਰ ਕੇ ਲਈ ॥੮॥
ਕਰਜੋ ਤਯਾਰ ਲੰਗਰ ਤਤਕਾਲਾ।
ਪ੍ਰਥਮ ਪਰੋਸਜੋ ਥਾਲ ਬਿਸਾਲਾ।
ਸਕਲ ਅਹਾਰ ਪਾਇ ਸਮੁਦਾਏ।
ਕ੍ਰਿਪਾ ਨਿਧਾਨ ਹੇਤੁ ਸੋ ਲਯਾਏ ॥੯॥
ਅਚਜੋ ਜਥਾ ਰੁਚਿ ਥਾਲ ਉਠਾਯੋ।
ਪੁਨ ਸਭਿ ਸਿੰਘਨ ਮਹਿਂ ਬਰਤਾਯੋ।
ਮਨ ਭਾਵਤਿ ਅਚਿ ਛੁਧਾ ਮਿਟਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ ॥੧੦॥
ਸ਼੍ਰਮਤ ਸਾਥ ਕੋ ਜਾਨਿ ਕ੍ਰਿਪਾਲਾ।
ਕਰਜੋ ਮੁਕਾਮ ਹੇਰਿ ਸੁਰ ਸਾਲਾ[1]।
ਨਿਕਟ ਨਿਕਟ ਕੇ ਨਰ ਗਨ ਆਏ।
ਦਰਸ਼ਨ ਕਰਿ ਕਰਿ ਸੀਸ ਨਿਵਾਏ ॥੧੧॥
ਸਾਧਨਿ ਸੁਧ ਸੰਬਾਦ ਸੁਧਾਰਾ[2]।
ਮੁਦਤਿ ਹੋਤਿ ਬਹੁ ਸੁਜਸੁ ਉਚਾਰਾ।
ਸੋ ਦਿਨ ਜਾਮਨਿ ਤਹਾਂ ਬਿਤਾਈ।
ਭਈ ਪ੍ਰਾਤਿ ਤਯਾਰੀ ਕਰਿਵਾਈ ॥੧੨॥
ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ।
ਹਯ ਅਰੋਹ ਆਸਨ ਪਰ ਠਹਿਰੇ।
ਦਲ ਸਮੇਤ ਕਰਿ ਕੂਚ ਸਿਧਾਰੇ।

---

*ਇਥੇ ਆਪ ਧਾਰਮਕ ਸਹਾਰਾ ਸਿਖਾ ਰਹੇ ਹਨ : ਦੂਸਰੇ ਦੇ ਧਾਰਮਿਕ ਵਿਸ਼ਵਾਸ ਦਾ ਜੋ ਉਸ ਨੇ ਨੇਕਨੀਯਤੀ ਨਾਲ ਸੱਚ ਜਾਣਕੇ ਧਰਿਆ ਹੈ ਸਤਿਕਾਰ ਕਰਨਾ ਚਾਹੀਏ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਬਦੀ ਨੂੰ ਬੁਰਾ ਕਿਹਾ, ਕਿਸੇ ਧਰਮ ਯਾ ਪੁਰਖ ਨੂੰ ਬੁਰਾ ਨਹੀਂ ਕਿਹਾ। ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਨ ਪੁਰਖ ਹਨ ਜਿਨ੍ਹਾਂ ਨੇ ਇਹ ਜਾਚ ਸਿਖਾਈ ਕਿ ਧਰਮ ਈਮਾਨ ਵਿਚ ਸਭ ਦੇ ਧਰਮ ਨੂੰ ਪਰਖੋ, ਸੱਚ ਸਾਰਿਆਂ ਵਿਖੇ ਹੈ, ਸੱਚ ਤੋਂ ਪਰੇ ਹੋਣਾ ਅਧਰਮ ਹੈ। ਸੱਚ ਨੂੰ ਸਤਿਕਾਰੋ ਤੇ ਜੋ ਅਸੱਚ ਹੈ ਤਿਆਗੋ। ਜਿਸ ਨੂੰ (Comparative Religion) ਕਹਿੰਦੇ ਹਨ ਇਸਦੀ ਨੀਂਹ ਗੁਰੂ ਨਾਨਕ ਜੀ ਨੇ ਧਰੀ ਹੈ, ਮਗਰੋਂ ਅੱਬੁਲਫਜ਼ਲ ਨੇ ਇਹ ਅਸੂਲ ਸਮਝਿਆ ਹੈ ਫੇਰ ਜਗਤ ਵਿਚ ਪਰਵਿਰਤਿਆ ਹੈ। ਸੋਈ ਦਸਮੇ ਜਾਮੇ ਸਿਖਾ ਰਹੇ ਹਨ ਕਿ ਦਾਦੂ ਦੇ ਮਹੰਤ ਦਾ ਨਿਸ਼ਚਾ ਜਿਸ ਆਸ਼ੇ ਤੇ ਅਸੂਲ ਪਰ ਹੈ ਉਸ ਦੀ ਸੱਚ ਵਿਸ਼ਵਾਸ਼ਤਾ ਹੱਸਣੇ ਯੋਗ ਨਹੀਂ। ਉਸ ਨੂੰ ਆਪਣੇ ਨੁਕਤੇ ਤੋਂ ਮਖੌਲ ਨਾਂ ਕਰੇ। ਪਰ ਉਸ ਦੇ ਆਪਣੇ ਨੁਕਤੇ ਤੋਂ ਉਸ ਦੇ ਵਿਸ਼ਵਾਸ ਤੇ ਉਸਦੀ ਸੱਤਜਤਾ ਨੂੰ ਸਮਝੋ ਤੇ ਉਸ ਦੇ ਉਹ ਸਚਾਈ ਪਰ ਟਿਕਟ ਨੂੰ ਸਤਿਕਾਰ ਦਿਓ। ਆਖੇ ਹੋਰ ਤੇ ਕਰੇ ਹੋਰ ਇਹ ਤ੍ਰਿਸਕਾਰਨੇ ਜੋਗ ਹੈ। ਇਸ ਦਾ ਇਹ ਅਰਥ ਨਹੀਂ ਹੈ ਕਿ ਅਗਯਾਨੀਆਂ ਦੇ ਅਗਯਾਨ ਨੂੰ ਗਯਾਨ ਤੁੱਲ ਸਮਝ ਲਓ।

[1]ਸੁਰ ਸ਼ਾਲਾ=ਚੰਗੀ ਥਾਂ, ਸ਼੍ਰੇਸ਼ਟ ਥਾਂ।

[2]ਸ਼ੁਧ ਆਸ਼ੇ ਨਾਲ ਜੋ ਵਿਚਾਰ ਕੀਤੀ ਜਾਏ ਸੋ ਸ਼ੁਧ ਸੰਬਾਦ ਕੀਤਾ। [ਸੁਧਾਰਾ=ਕੀਤਾ]।

ਪਹੁੰਚੇ ਕਿਤਿਕ ਕੋਸ ਦਿਨ ਸਾਰੇ ॥੧੩॥
ਲਾਲੀ ਨਗਰ+ ਪਹੂਚੇ ਜਾਇ।
ਬਡੀ ਮਜਲ ਕਰਿ ਗਏ ਸੁ ਥਾਇ।
ਖਾਨ ਪਾਨ ਕਰਿ ਨਿਸਾ ਗੁਜਾਰੀ।
ਭਈ ਪ੍ਰਾਤਿ ਕੀਯਸਿ ਅਸਵਾਰੀ ॥੧੪॥
ਪੰਥ ਪਯਾਨਤਿ ਉਲੰਘੇ ਦੇਸ਼।
ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼।
ਸ਼੍ਰਮਤ ਬਿਹੀਰ ਪਹੂਚੇ ਤਹਾਂ।
ਪੁਰਿ ਮਘਰੌਂਦਾ* ਸੁਨੀਅਤਿ ਜਹਾਂ ॥੧੫॥
ਉਤਰ ਪਰੇ ਪ੍ਰਭੁ ਸਿਵਰ ਲਗਾਯੋ।
ਸਨੇ ਸਨੇ ਸਭਿ ਸਾਥ ਸੁ ਆਯੋ।
ਖਾਨ ਪਾਨ ਬਿੱਸ੍ਰਾਮਤਿ ਹੋਏ।
ਕਰੀ ਅਰਜ ਮਿਲਿ ਕੈ ਸਭਿ ਕੋਏ ॥੧੬॥
'ਦੀਰਘ ਮਜ਼ਲ ਭਈ ਇਹ ਦੋਊ।
ਸ਼੍ਰਮਤ ਬਿਹੀਨ ਬਿਖੈ ਸਭਿ ਕੋਊ।
ਜਿਮ ਨਿਬਹੈ ਬਡ ਛੋਟੇ ਸਾਥ।
ਮਾਰਗ ਗਮਨ ਕਰਹੁ ਤਿਮ ਨਾਥ' ॥੧੭॥
ਸੁਨਿ ਸ਼੍ਰੀ ਮੁਖ ਤੇ ਸਭਿਨਿ ਸੁਨਾਯੋ।
'ਸਿਵਰ ਉਚਿਤ ਥਲ ਪੰਥ ਨ ਪਾਯੋ[੧]।
ਯਾਂ ਤੇ ਮਜ਼ਲਾਂ ਦੀਰਘ ਦੋਇ।
ਪ੍ਰਾਤਿ ਸਮੀਪੀ ਡੇਰਾ ਹੋਇ' ॥੧੮॥
ਇੱਤਯਾਦਿਕ ਕਹਿ ਰਾਤਿ ਬਿਤਾਈ।
ਭਈ ਭੋਰ ਤਯਾਰੀ ਕਰਿਵਾਈ।
ਸਨਧਬੱਧ ਹ੍ਵੈ ਹਯ ਆਰੂਢੇ।
ਗਮਨ ਕੀਨਿ ਗੁਰ ਜਿਸ ਗੁਨ ਗੂਢੇ ॥੧੯॥
ਦ੍ਵਾਦਸ਼ ਕੋਸ ਪਹੂਚੇ ਜਾਇ।
ਨਗਰ ਕੁਲਾਯਤ* ਸੁੰਦਰ ਥਾਇੰ।
ਲਗਯੋ ਸਿਵਰ ਸਭਿ ਹੂੰ ਸੁਖ ਪਾਯੋ।

---

+ਸਾਖੀ ਪੋਥੀ ਵਿਚੋਂ ਹੈ।
*ਇਹ ਨਾਮ ਸਾਖੀ ਪੋਥੀ ਵਿਚੋਂ ਹੈਨ।
[੧]ਰਾਹ ਵਿਚ ਡੇਰੇ ਦੇ ਯੋਗ ਥਾਂ ਨਹੀਂ ਸੀ (ਕੋਈ) ਮਿਲਿਆ।
*ਇਹ ਨਾਮ ਵੀ ਸਾਖੀ ਪੋਥੀ ਵਿਚੋਂ ਹੈਨ।

ਭਏ ਦੇਗ ਭੋਜਨ ਸ਼ੁਭ ਖਾਯੋ ॥੨੦॥
ਸ਼੍ਰਮਤ ਸਾਥ ਕੋ ਜਾਨਿ ਗੁਸਾਈਂ।
ਕਰਜੋ ਮੁਕਾਮ ਦੇਖਿ ਸ਼ੁਭ ਥਾਈਂ।
ਦ੍ਵਾਦਸ਼ ਦਿਵਸ ਬਸਜੋ ਤਹਿਂ ਡੇਰਾ।
ਬਿਥਰਜੋ ਸੁਜਸੁ ਬਿਸਦ ਬਹੁਤੇਰਾ ॥੨੧॥
ਆਇ ਅਨੇਕ ਪਾਇ ਬਰ ਜੈ ਹੈਂ[1]।
ਅਨਿਕ ਅਕੋਰਨਿ ਕੋ ਅਰਪੈ ਹੈਂ।
ਅਵਿਲੋਕਤਿ ਬਹੁ ਸੁੰਦਰ ਰੂਪ।
ਬਸਤ੍ਰ ਸ਼ਸਤ੍ਰ ਜੁਤਿ ਮਹਿਦ ਅਨੂਪ ॥੨੨॥
ਸ਼੍ਰਮ ਬਿਨ ਭਯੋ ਅਸੂਦੇ ਸਾਥ[2]।
ਚਹਜੋ ਅਰੂਢਨਿ ਚਲਿਬੇ ਨਾਥ।
ਕਰਜੋ ਕੂਚ ਹਯ ਚਢਿ ਕਰਿ ਚਾਲੇ।
ਧਰੇ ਹਾਥ ਧਨੁ ਕਠਨ ਬਿਸਾਲੇ ॥੨੩॥
ਜਹਿਂ ਰਾਜਨ ਕੇ ਦੇਸ਼ ਵਿਸ਼ੇਸ਼ਾ।
ਦਲ ਸਮੇਤ ਪ੍ਰਭੁ ਭਏ ਪ੍ਰਵੇਸ਼ਾ।
ਗ੍ਰਾਮਨਿ ਕੇ ਨਰ ਦੇਖਿ ਪ੍ਰਤਾਪੂ।
ਬਾਜਤਿ ਦੁੰਦਭਿ ਚਮੂੰ ਕਲਾਪੂ[3] ॥੨੪॥
ਲੇ ਲੇ ਕਰਿ ਅਕੋਰ ਚਲਿ ਆਵੈਂ।
ਮਿਲਹਿਂ ਜੋਰਿ ਕਰ ਅਰਜ਼ ਸੁਨਾਵੈਂ।
ਕਾਸ਼ਟ ਤ੍ਰਿਣਨ ਆਨਿ ਗਨ ਦੇਈਂ।
ਸੌਂਜ ਉਬਾਰ ਸਦਨ ਕੀ ਲੇਈਂ ॥੨੫॥
ਜੋ ਨਹਿਂ ਮਿਲਹਿਂ ਗਰਬ ਉਰ ਧਾਰਹਿਂ।
ਤਹਿਂ ਮਿਲਿ ਸਿੰਘ ਲੂਟ ਕੋ ਡਾਰਹਿਂ[+]।
ਅਸਨ ਬਸਨ ਆਦਿਕ ਲੇਂ ਛੀਨਾਂ।
ਬਲ ਦਿਖਾਇ ਕੈ ਕਰੈਂ ਅਧੀਨਾ ॥੨੬॥
ਧਾਂਕ ਪਰੀ ਸਭਿ ਦੇਸ਼ ਵਿਸ਼ੇਸ਼ਾ।
ਹੋਤਿ ਕੂਚ ਦਰ ਕੂਚ ਹਮੇਸ਼ਾ।

---

[1]ਵਰ ਪਾ ਪਾ ਕੇ ਜਾਂਦੇ ਹਨ।

[2]ਥਕੇਵਾਂ ਲਾਹਕੇ ਸਾਥ ਸੁਖੀ ਹੋ ਗਿਆ।

[3]ਸਾਰੀ।

[+]ਕਵੀ ਜੀ ਦਾ ਭਾਵ ਹੈ ਜੋ ਲੋਕ ਹੈਂਕੜ ਨਾਲ ਮਿਲਦੇ ਤੇ ਮੰਗੀ ਸ਼ੈ ਮੁੱਲ ਨੂੰ ਬੀ ਨਹੀਂ ਸੇ ਦੇਂਦੇ, ਇਹ ਵਾਰਤਾ ਉਥੇ ਵਰਤਦੀ ਸੀ। ਅੱਗੇ ਦੇਖੋ ਅੰਸੂ ੩੮ ਅੰਕ ੩੬ ਆਪ ਸਤਿਗੁਰੂ ਜੀ ਆਗਿਆ ਕਰ ਰਹੇ ਹਨ ਕਿ ਪ੍ਰਜਾ ਨੂੰ ਕੋਈ ਖੇਚਲ ਨਹੀਂ ਦੇਣੀ, ਵਿਸ਼ੇਸ਼ ਲਈ ਤੱਕੋ ੩੮ ਅੰਸੂ ਦਾ ੪੨ ਅੰਕ ਤੇ ਨੋਟ।

ਬਾਪੀ ਕੂਪ ਸਰੋਵਰ ਨੀਕੇ।
ਉਪਬਨ ਬਹੁ ਹੁਲਸਾਵਨ ਜੀ ਕੇ ॥੨੭॥
ਸੁੰਦਰ ਧਰਾ ਅਧਿਕ ਸਬਜ਼ਾਈ।
ਡੇਰਾ ਕਰਹਿਂ ਦੇਖਿ ਸੁਖਦਾਈ।
ਇਮ ਗਮਨਤਿ ਤਿਸ ਦੇਸ਼ ਮਝਾਰਾ।
ਕਰਿਤਿ ਬਿਲਾਸ ਅਨੇਕ ਪ੍ਰਕਾਰਾ ॥੨੮॥
ਖੇਲਤਿ ਹੈਂ ਅਖੇਰ ਬਨ ਫਿਰਿ ਕੇ।
ਮ੍ਰਿਗ ਖਗ ਪੁੰਜ ਸੰਘਾਰਨਿ ਕਰਿ ਕੇ।
ਸਨੇ ਸਨੇ ਸੁਖ ਸਹਤ ਚਲੰਤੇ।
ਲੂਟਿ ਕੂਟਿ ਡਰਿ ਲੋਕ ਮਿਲੰਤੇ ॥੨੯॥
ਦਯਾ ਸਿੰਘ ਹਜ਼ਰਤ ਕੋ ਛੋਰਿ।
ਕਰੇ ਬੇਗ ਆਯੋ ਇਤ ਓਰ।
ਸੁਨਿ ਸਤਿਗੁਰ ਕੀ ਸੁਧ ਇਤ ਆਏ।
ਮਿਲਜੋ ਆਨਿ ਸਨਮੁਖ ਸੁਖ ਪਾਏ ॥੩੦॥
ਚਰਨ ਸਰੋਜਨ ਪਰ ਸਿਰ ਧਰਿ ਕੈ।
ਸਤਿਗੁਰ ਪ੍ਰੇਮ ਅਧਿਕ ਉਰ ਭਰਿ ਕੈ।
ਤਜਿ ਨਹਿਂ ਸਕਹਿ ਉਠਾਯਵ ਆਪ[1]।
ਕਰਜੋ ਬਿਦਾਰਨਿ ਬਿਰਹ ਸੰਤਾਪ ॥੩੧॥
ਦ੍ਰਿਗਨ ਬੂੰਦ ਆਨੰਦ ਕੀ ਗਿਰੀ।
ਕੋ ਕਹਿ ਸਕਹਿ ਜੁ ਸੁਖ ਤਿਸ ਘਰੀ।
ਮਗ ਜੈਬੇ ਐਬੇ ਕੀ ਕਥਾ।
ਮੁਲਾਕਾਤ ਹਜ਼ਰਤਿ ਕੀ ਜਥਾ ॥੩੨॥
ਦਯਾ ਸਿੰਧੁ ਸਭਿ ਬੂਝਨ ਕੀਨਾ।
ਦਯਾ ਸਿੰਘ ਤਬਿ ਉਤਰ ਦੀਨਾ।
'ਅਹਿਦੀ ਕੇ ਮਨਿੰਦ ਬਨਿ ਗਯੋ।
ਗ੍ਰਾਮ ਗ੍ਰਾਮ ਤੇ ਨਰ ਨਿਕਸਜੋ ॥੩੩॥
ਮਗ ਮਹਿਂ ਗੁਰ ਸੰਗਤਿ ਸਮੁਦਾਈ।
ਮਿਲਿ ਮਿਲਿ ਪੂਜਜੋ ਤੁਮ ਸਮਤਾਈ[2]।
ਪਹੁੰਚਜੋ ਸ਼ਾਹੁ ਸਿਵਰ ਕੇ ਮਾਂਹੀ।
ਕਰੇ ਜਤਨ ਮਿਲਿਬੋ ਹੁਇ ਨਾਂਹੀ ॥੩੪॥

---

[1]ਭਾਵ ਸ਼੍ਰੀ ਗੁਰੂ ਜੀ ਨੇ।
[2]ਆਪ ਦੇ ਸਦਰਸ਼।

ਪਠੀ ਆਪ ਢਿਗ ਕਾਸਦ ਜੋਰੀ[1]।
ਜਿਮ ਆਇਸੁ ਭੇਜੀ ਦਿਸ਼ ਮੋਰੀ।
ਭਯੋ ਮੇਲ ਤਿਮ ਅੰਤਰ ਗਏ।
ਪ੍ਰਤਿ ਉੱਤਰ ਨਾਨਾ ਬਿਧਿ ਭਏ' ॥੩੫॥
ਸ੍ਵਾਨ ਆਦਿ ਕੋ ਸਕਲ ਪ੍ਰਸੰਗ।
ਸਨੇ ਸਨੇ ਬਰਨਯੋ ਗੁਰ ਸੰਗ।
'ਪੁਨ ਹਮ ਕੋ ਰੁਖਸਦ ਤਿਨ ਕੀਨਿ।
ਗੁਰਜ ਦਾਰ ਦ੍ਵੈ ਸੰਗ ਸੁ ਦੀਨ ॥੩੬॥
ਸੁਧ ਸੁਨਿ ਕੈ ਰਾਵਰ ਇਤ ਆਏ।
ਰਾਜਪੂਤਨ ਕੇ ਦੇਸ਼ ਸਿਧਾਏ।
ਸੋ ਮਗ ਤਜਿ ਮੈਂ ਇਤਿ ਦਿਸ਼ਿ ਆਯੋ।
ਪਹੁੰਚਿ ਆਪ ਕੋ ਦਰਸ਼ਨ ਪਾਯੋ ॥੩੭॥
ਗੁਰਜਦਾਰ[2] ਮੇਰੇ ਸੰਗ ਦੋਇ।
ਗਏ ਬਿਛੁਰ ਦਿੱਲੀ ਦਿਸ਼ਿ ਸੋਇ।
ਸੂਬੇ ਗਨ ਉਮਰਾਵ ਮਹਾਨੇ।
ਸਭਿ ਦਿਸ਼ਿ ਲਿਖੇ ਸ਼ਾਹ ਪਰਵਾਨੇ ॥੩੮॥
-ਜਿਸ ਕੀ ਦਿਸ਼ਿ ਸਤਿਗੁਰ ਚਲਿ ਆਵੈਂ।
ਦਲ ਸਮੇਤ ਜਹਿਂ ਸਿਵਰ ਲਗਾਵੈਂ।
ਸੋ ਸਭਿ ਕਰ ਜੋਰਹਿਂ ਢਿਗ ਜਾਇ।
ਅਨਿਕ ਰੀਤਿ ਕੀ ਸੇਵ ਕਮਾਇਂ ॥੩੯॥
ਨਹਿਂ ਕੋ ਸਨਮੁਖ ਹ੍ਵੈ ਰਨ ਕਰੈ।
ਕੈ ਸਿਹੁਂ ਗੁਰ ਕੇ ਸੰਗ ਨ ਅਰੈ-।
ਗੁਰਜਦਾਰ ਦਿੱਲੀ ਅਬਿ ਜੈ ਹੈਂ।
ਦੇਸ਼ ਬਿਦੇਸ਼ਨ ਐਸ ਪਠੈ ਹੈਂ[3] ॥੪੦॥
ਪੁਨ ਸਤਿਗੁਰ ਕੋ ਦਯੋ ਕਪੀਰਾ[4]।
ਅਹੈ ਅਮਾਨਤ ਪਠਿ ਤੁਮ ਤੀਰਾ।'
ਸਿੱਖਨਿ ਪਿਖਿ ਕੈ ਬੂਝਿ ਪ੍ਰਸੰਗਾ।
ਸ਼੍ਰੀ ਗੁਰ ਕਹਯੋ ਸੁ ਸਭਿ ਕੇ ਸੰਗਾ ॥੪੧॥

---
[1]ਹਲਕਾਰਿਆਂ ਦੀ ਜੋੜੀ।
[2]ਸਿਪਾਹੀ।
[3]ਇਸ ਤਰ੍ਹਾਂ (ਲਿਖਕੇ) ਭੇਜਣਗੇ। (ਅ) ਐਸ=ਆਇਸੁ=ਆਗਯਾ।
[4]ਦੇਖੋ ਅੰਸੂ ੩੧ ਅੰਕ ੨੩।

'ਮੱਕੈ ਜਾਇ[1] ਫਜ਼ੀਹਤ ਭਾਰੀ।
ਕਰੀ ਨੁਰੰਗ ਕੋ[3] ਪਿਖਿ ਡਰ ਧਾਰੀ।
ਤਿਸ ਹੀ ਥਲ ਹਮ ਦੀਨੋ ਧ੍ਰੋਹਰ[2]।'
ਦਯਾ ਸਿੰਘ ਪੁਨ ਕਹਿ ਕਰ ਜੋਰਿ ॥੪੨॥
'ਥੋਰੇ ਦਿਵਸ ਬਿਤੇ ਹਮ ਔਰ।
ਤਨਕ ਭਨਕ ਸੁਨਿ[3] ਅਸ ਇਕ ਠੌਰ।
ਹੁਤੋ ਜ਼ਫਰਨਾਮਾ ਤੁਮ ਕਰ ਕੋ।
ਜਬਿ ਹਮ ਦੇ ਕਰਿ ਹਟੇ ਵਹਰਿ ਕੋ ॥੪੩॥
ਤਤਛਿਨ ਹਜ਼ਰਤ ਕੋ ਦੁਖ ਹੋਵਾ।
ਪੁਨ ਕੋ ਅੰਤਰ ਗਯੋ ਨ ਜੋਵਾ[4]।
ਖੋਟੀ ਸੁਧਿ ਪਸਰੀ ਚਹੁੰ ਓਰ।
ਦੂਰ ਦੂਰ ਕਹੈਂ ਨ ਮਾਚਯੋ ਸ਼ੋਰ[5] ॥੪੪॥
ਆਗੈ ਤੁਮ ਭਾਵੈ ਤਿਮ ਹੋਇ।
ਜਥਾ ਬ੍ਰਿਤਾਂਤ, ਭਨਯੋ ਤਿਮ ਸੋਇ[6]।'
ਸੁਨਿ ਸਤਿਗੁਰ ਕਹਿਂ 'ਆਛੀ ਕੀਨਿ।
ਮਰਹਿ ਨੁਰੰਗਾ ਬਿਲਮ ਬਿਹੀਨ ॥੪੫॥
ਕੇਤਿਕ ਦਿਨ ਮਹਿਂ ਸੁਧਿ ਪਸਰੈ ਹੈ।
ਊਚ ਨੀਚ ਸਗਰੇ ਲਖਿ ਲੈ ਹੈਂ।'
ਇਮ ਕਹਿ ਸੁਨਿ ਕੈ ਸਤਿਗੁਰ ਸੰਗ।
ਦਯਾ ਸਿੰਘ ਢਿਗ ਰਹਯੋ ਉਮੰਗ ॥੪੬॥
ਦਿਨ ਪ੍ਰਤਿ ਕੂਚ ਕਰਤਿ ਗੁਰ ਪੂਰੇ।
ਕਹੂੰ ਅਰਹਿਂ ਮਗ ਦਲ ਕੇ ਸੂਰੇ[7]।
ਲੂਟ ਕੂਟ ਲੇਂ ਹੋਤਿ ਲਰਾਈ।
ਕੇਤਿਕ ਮਿਲਹਿਂ ਪਰਹਿਂ ਪ੍ਰਭੁ ਪਾਈ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਯਾ ਸਿੰਘ ਮਿਲਨ' ਪ੍ਰਸੰਗ ਬਰਨਨੰ ਨਾਮ ਸਪਤਤ੍ਰਿੰਸਤੀ ਅੰਸੂ ॥੩੭॥

---

[1]ਔਰੰਗੇ ਦੀ ਖੁਆਰੀ ਕੀਤੀ।
[2]ਅਮਾਨਤ।
[3]ਥੋੜੀ ਕਨਸੋ (ਅਸੀਂ ਕੰਨੀ) ਸੁਣੀ ਹੈ।
[4]ਫਿਰ ਕਿਸੇ ਅੰਦਰ ਜਾਕੇ ਡਿੱਠਾ ਨਹੀਂ (ਪਰ)।
[5]ਛੁਪ ਛੁਪਕੇ (ਸ਼ਾਹ ਦੀ ਬੀਮਾਰੀ ਕਹਿੰਦੇ ਸੀ ਪਰ ਸ਼ੋਰ ਨਹੀਂ ਮਚਿਆ)।
[6]ਜਿਵੇਂ ਹਾਲ ਹੋਇਆ ਤਿਵੇਂ ਕਹਿ ਦਿੱਤਾ ਹੈ।
[7]ਕਿਧਰੇ ਕਿਧਰੇ ਅੜਦੇ ਹਨ ਰਾਹ ਵਿਚ ਗੁਰੂ ਦਲ ਦੇ ਸੂਰਮੇਂ।

## ੩੮. [ਸਫਰ। ਬਘੌਰ ਵਿਚ ਡੇਰਾ]

੩੭<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੩੯

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਮਾਰਗ ਆਗੇ ਜਾਤ।
ਗ੍ਰਾਮ ਚੌਧਰੀ ਮਿਲਤਿ ਜੇ, ਸੋ ਸੁਖ ਬਸਿ ਦਿਨ ਰਾਤਿ[1] ॥੧॥
ਚੌਪਈ: ਜੇ ਹੰਕਾਰ ਧਰਹਿਂ ਨਿਜ ਬਲ ਕੋ।
ਤਾਂ ਪਰ ਹਮਲਾ ਹੋਵਤਿ ਦਲ ਕੋ।
ਛੁਟਹਿਂ ਤੁਫੰਗ ਅਰਹਿਂ ਲੇਂ ਮਾਰ।
ਲੂਟ ਕੂਟ ਲੇ ਕਰਹਿਂ ਅਹਾਰ ॥੨॥
ਦਿਨ ਪ੍ਰਤਿ ਕੂਚ ਨਾਥ ਕੋ ਹੋਇ।
ਦੇਸ਼ ਨਵੀਨ ਪਿਖਹਿਂ ਨਿਤ ਸੋਇ।
ਜਿਤ ਜਿਤ ਜਾਤਿ ਰੌਰ ਬਹੁ ਪਰੈ।
ਧੂਮ ਧਾਕ* ਸੁਨਿ ਕੈ ਨਰ ਡਰੈਂ ॥੩॥
ਕੇਤਿਕ ਦੇਸ਼ ਉਲੰਘ ਜਬਿ ਗਏ।
ਬਿਖਮ ਪੰਥ ਆਗੈ ਸੁਨਿ ਲਏ।
'ਤੋਪ ਨ ਸਕਟ ਇਤੈ ਕੋ ਜੈ ਹੈ[2]।
ਗਿਰ ਲਘੁ ਪਾਹਨ ਬ੍ਰਿੰਦ ਪਰੇ ਹੈਂ' ॥੪॥
ਮਾਰਗ ਕਠਨ ਸੁਨੵੋ ਜਬਿ ਕਾਨ।
ਤਿਸ ਦਿਸ਼ਿ ਤੇ ਹਟਿ ਕ੍ਰਿਪਾ ਨਿਧਾਨ।
ਪੰਥ ਸੁਖੈਨ ਅਪਰ ਜਿਤ ਅਹੈ।
ਭੇਦ ਦੇਸ਼ ਕੋ ਬਹੁ ਜੋ ਲਹੈਂ[3] ॥੫॥
ਤਿਨਹੁਂ ਬਤਾਯਹੁ 'ਪਰਬਤ ਘਾਟੀ।
ਪਹੁਂਚੵੋ ਜਾਇ ਨ, ਅਉਖੀ ਬਾਟੀ[4]।
ਦੂਸਰ ਮਗ ਹੈ ਚਲਨਿ ਸੁਖੈਨ।'
ਸੁਨ ਤਿਤ ਗਮਨੇ ਕਰੁਨਾ ਐਨ ॥੬॥
ਸਨੇ ਸਨੇ ਸੁਖ ਸਿਵਰ ਕਰੰਤੇ।
ਤਿਸੀ ਦੇਸ਼ ਕੋ ਮਗ ਉਲਘੰਤੇ।
ਤਿਸ ਪਰਬਤ ਕੇ ਪਹੁਂਚੇ ਪਾਰ।

---

[1]ਸੋ (ਲੋਕ) ਸੁਖ ਨਾਲ ਵਸਦੇ ਹਨ।
*ਪਾ:-ਧੂਮ ਧਾਮ।
[2]ਨਾ ਤੋਪ ਨਾ ਗੱਡਾ (ਜਾਂ ਤੋਪਾਂ ਵਾਲਾ ਗੱਡਾ) ਇਧਰੋਂ ਨਹੀਂ ਲੰਘ ਸਕਦਾ। [ਅੱਗੇ ਚੱਲਕੇ ਪਤਾ ਲੱਗੂ ਕਿ ਨਾਲ ਤੋਪਾਂ ਬੀ ਸਨ ਸਤਿਗੁਰੂ ਜੀ ਦੇ, ਦੇਖੋ ਅੰਸੂ ੩੯ ਦਾ ਅੰਕ ੨੧]।
[3]ਦੇਸ਼ ਦਾ ਭੇਦ ਜੋ ਬਹੁਤ ਜਾਣਦੇ ਹਨ।
[4]ਔਖਾ ਰਾਹ ਹੈ।

ਦੇਖਜੋ ਸੁੰਦਰ ਦੇਸ਼ ਬਹਾਰ[1] ॥੭॥
ਸਦਲ ਸਫਲ ਤਰੁਵਰ ਬਹੁ ਖਰੇ।
ਸੁਖਦਾਯਕ ਛਾਯਾ ਕਹੁ ਕਰੇ।
ਬਾਗ ਤੜਾਗ ਬਿਭਾਗ ਸਮੇਤ।
ਅਵਲੋਕੇ ਚਿਤ ਆਨੰਦ ਦੇਤਿ ॥੮॥
ਬਾਪੀ ਕੂਪ ਆਪ ਮਲਹੀਨ[2]।
ਜਿਤ ਕਿਤ ਸਬਜ਼ੀ ਸੁਭਤਿ ਨਵੀਨ।
ਗਮਨੇ ਤਹਾਂ ਹੇਰਿ ਹਰਿਖਾਏ।
ਸੁੰਦਰ ਥਲ ਪਿਖਿ ਥਲ ਉਤਰਾਏ ॥੯॥
ਰਸਤ, ਛਾਗ, ਤ੍ਰਿਣ, ਈਂਧਨ ਆਨੇ।
ਬਿਚ ਗ੍ਰਾਮਨ ਕੇ ਸਿੰਘ ਪਯਾਨੇ।
ਦੁਗਧ, ਦਧੀ, ਘ੍ਰਿਤ ਅਰੁ ਮਿਸ਼ਟਾਨ।
ਦੇਗ ਬਿਖੈ ਡਾਰਤਿ ਗਨ ਆਨਿ ॥੧੦॥
ਇਸ ਪ੍ਰਕਾਰ ਸਤਿਗੁਰ ਸੁਖ ਪਾਵਤਿ।
ਸਨੇ ਸਨੇ ਸੁਖ ਸੋਂ ਮਗ ਜਾਵਤਿ।
ਇਤਨੇ ਮਹਿਂ ਦੱਖਣ ਤੇ ਆਯੋ[3]।
ਮਿਲਿ ਪ੍ਰਭੁ ਸੰਗ ਪ੍ਰਸੰਗ ਸੁਨਾਯੋ ॥੧੧॥
'ਮਰਜੋ ਨੁਰੰਗਾ ਬਹੁ ਦੁਖ ਪਾਇ।
ਮਚੈ ਰੌਰ ਦੇਸ਼ਨ ਸਮੁਦਾਇ।'
ਸੁਨਿ ਕੈ ਸਿੰਘਨ ਬੂਝਨ ਕਰਜੋ।
'ਕਿਸ ਬੀਮਾਰੀ ਤੇ ਕਿਮ ਮਰਜੋ?' ॥੧੨॥
ਕਹਤਿ ਭਯੋ ਤਬਿ ਸਰਬ ਬ੍ਰਿਤੰਤ।
ਜਿਸ ਬਿਧਿ ਭਯੋ ਦਿਲੀਸ਼ੁਰ ਅੰਤ।
'ਗੁਰੂ ਜ਼ਫਰਨਾਮਾ ਜੋ ਪਠਜੋ।
ਤਿਸ ਕੋ ਖੋਲਿ ਸ਼ਾਹੁ ਜਬਿ ਪਠਜੋ ॥੧੩॥
ਤਬਿ ਹੀ ਤੇ ਤਨ ਭਈ ਬਿਮਾਰੀ।
ਕਰੇ ਅਨਿਕ ਹਿਕਮਤ ਉਪਚਾਰੀ[4]।
ਅਚੈ ਅਹਾਰ ਪਚੈ ਸੋ ਨਾਂਹੀ।

---
[1]ਬਹਾਰ ਵਾਲਾ ਭਾਵ ਅਨੰਦ ਦਾਇਕ।
[2]ਨਿਰਮਲ ਜਲ ਵਾਲੇ।
[3](ਕੋਈ) ਆਇਆ।
[4]ਹਕੀਮਾਂ ਦੀਆਂ ਹਕੀਮੀਆਂ ਤੇ ਇਲਾਜ।

ਨਾਭੀ ਤਰ ਤੇ ਉਤਰੈ ਨਾਂਹੀ ॥੧੪॥
ਖਾਨਾ ਕਰੈ ਖਾਨ ਜਬਿ ਕੋਇ।
ਉਦਰ ਰਹੈ ਕੇਤਿਕ ਚਿਰ ਸੋਇ।
ਪੁਨ ਮੁਖ ਕੀ ਦਿਸ਼ਿ ਨਿਕਸੈ ਸਾਰੋ।
ਸਮ ਬਿਸ਼ਟਾ ਕੇ ਹੁਇ ਦੁਖ ਭਾਰੋ ॥੧੫॥
ਇਮ ਕੇਤਿਕ ਦਿਨ ਸੰਕਟ ਪਾਯੋ।
ਫਲ ਪਾਪਨ ਕੋ ਅਧਿਕ ਦਿਖਾਯੋ।
ਬਿਸ਼ਟਾ ਮੁਖ ਕੀ ਦਿਸ਼ਾ ਨਿਕਾਰੇ।
ਭੀਮ ਰੂਪ ਜਮਦੂਤ ਦਿਖਾਰੇ[1*] ॥੧੬॥
ਕਬਿ ਅਰੜਾਇ ਮੂਰਛਾ ਪਾਏ।
ਘੂਮਯੋ ਰਹੈ ਨੈਨ ਉਂਘਲਾਏ।
ਕਸ਼ਟ ਬਿਸਾਲ ਪਾਇ ਮਰਿ ਗਯੋ।
ਕੇਤਿਕ ਦਿਵਸ ਬਿਦਤ ਨਹਿਂ ਭਯੋ ॥੧੭॥
-ਕੁੱਪਾ ਰਿੜ੍ਹਯੋ- ਕਹੈਂ ਪੁਰਿ ਲੋਕ[+]।
ਭਯ ਦੇਸ਼ ਮਹਿਂ ਜਹਿਂ ਕਹਿਂ ਸ਼ੋਕ।’
ਸੁਨਿ ਗੁਰ ਬੂਝਯੋ ਮਾਲਕ ਤਖਤ।
‘ਕੋ ਅਬਿ ਭਯੋ ਸ਼ਾਹੁ ਸ਼ੁਭ ਬਖਤ[2]?’ ॥੧੮॥
ਪੁਨ ਤਿਨ ਕਹਯੋ ‘ਮਹਾਂ ਗਨ ਲਸ਼ਕਰ।
ਤਾਰਾ ਆਜ਼ਮ[3] ਅਹੈ ਬੀਚ ਬਰ।
ਪੂਰਬ ਵਲੀਅਹਦ ਸੋ ਭਯੋ[4]।
ਅਬਿ ਪਾਤਸ਼ਾਹੀ ਪਰ ਥਿਰ ਥਯੋ ॥੧੯॥
ਗਨ ਉਮਰਾਵ ਵਜ਼ੀਰ ਜਿ ਸਯਾਨੇ।
ਸਗਰੇ ਹਾਥ ਜੋਰਿ ਤਿਹ ਮਾਨੇਂ।’
ਸੁਨਿ ਮੁਸਕਾਨੇ ਸਤਿਗੁਰ ਕਹੈਂ।
‘ਨਹਿਂ ਸਲਤਨ ਕੋ ਸੁਖ ਇਹ ਲਹੈ ॥੨੦॥

---

[1]ਜਮ ਭਿਆਨਕ ਰੂਪ ਅਪਨਾ ਉਸਨੂੰ ਦੱਸਦੇ ਸਨ।
[*]ਪਾ:-ਨਿਹਾਰੇ।
[+]ਬਾਦਸ਼ਾਹ ਮਰ ਗਿਆ। ਅਗਲੇ ਸਮੇਂ ਬਾਦਸ਼ਾਹ ਦੇ ਮਰਨ ਨੂੰ ਕੁੱਪਾ ਰੁੜਨਾ ਕਹਿੰਦੇ ਸਨ, ਬਾਦਸ਼ਾਹ ਦਾ ਮਰਨਾ ਨਹੀਂ ਸਨ ਕਹਿੰਦੇ ਕਿਉਂਕਿ ਬਾਦਸ਼ਾਹ ਨਹੀਂ ਮਰਦਾ, ਇਕ ਮਰਿਆ ਦੂਜਾ ਤਖਤ ਤੇ ਬਹਿ ਗਿਆ। ਬਾਦਸ਼ਾਹ ਦਾ ਬਦਲਨਾ ਕੁੱਪੇ ਦੇ ਹੇਠ ਉਤੇ ਹੋਣ ਵਾਂਗ ਹੈ।
[2]ਚੰਗੇ ਭਾਗਾਂ ਵਾਲਾ।
[3]ਔਰੰਗਜ਼ੇਬ ਦਾ ਪੁਤਰ ਆਜ਼ਮਸ਼ਾਹ।
[4]ਟਿੱਕਾ ਹੋ ਗਿਆ ਸੀ।

ਸ੍ਰੀ ਅਕਾਲ ਕੀ ਜਥਾ ਰਜ਼ਾਇ।
ਸੋ ਬਨਿ ਹੈ ਨਹਿਂ ਆਨ ਉਪਾਇ।'
ਤਹਿਂ ਤੇ ਕੂਚ ਅਗਾਰੀ ਕਰਜੋ।
ਸ਼ਹਿਰ ਬਘੌਰ[1] ਨਿਕਟ ਸੁਨਿ ਪਰਯੋ ॥੨੧॥
ਜਹਾਂ ਭੀਮ ਨੇ ਕ੍ਰੀਚਕ ਮਾਰੇ[2]।
ਪਿਖਜੋ ਚਹੈਂ ਪ੍ਰਭੁ, ਤਿਤੇ ਸਿਧਾਰੇ।
ਕਰੈਂ ਕੂਚ ਦਰ ਕੂਚ ਪਯਾਨੇ।
ਪੁਰਿ ਬਿਘੌਰ ਕੇ ਗੁਰ ਨਿਯਰਾਨੇ ॥੨੨॥
ਥਲ ਸੁੰਦਰ ਤਰੁਵਰ ਗਨ ਹੇਰੇ।
ਕਰੇ ਮੁਕਾਮ ਪ੍ਰਭੂ ਤਹਿਂ ਡੇਰੇ।
ਸੁਨੀ ਨਗਰ ਮਹਿਂ -ਦਲ ਚਢਿ ਆਯੋ।
ਲੂਟ ਨ ਲੇਹਿਂ- ਮਹਾਂ ਡਰਪਾਯੋ ॥੨੩॥
ਗਹਿ ਗਹਿ ਸ਼ਸਤ੍ਰ ਭਏ ਸਵਧਾਨਾ।
ਕਰਜੋ ਲਰਨ ਕੋ ਠਾਟ ਮਹਾਨਾ।
ਭੇਤ ਹੇਤੁ ਨਰ ਏਕ ਪਠਾਯੋ।
ਸਨੇ ਸਨੇ ਚਲਿ ਦਲ ਮਹਿਂ ਆਯੋ ॥੨੪॥
ਜਹਿਂ ਦਿਵਾਨ ਮਹਿਂ ਸਤਿਗੁਰ ਥਿਰੇ।
ਸ਼ੋਭਤਿ ਚਮਰ ਚਾਰੁ ਸਿਰ ਢੁਰੇ।
ਤਹਾਂ ਪਹੁੰਚਿ ਜੋਰੇ ਜੁਗ ਹਾਥ।
ਬੰਦਨ ਕਰੀ ਨੰਮ੍ਰਤਾ ਸਾਥ ॥੨੫॥
ਪੁਨ ਪੁਰਿ ਜਨ ਕੀ ਅਰਜ਼ ਗੁਜ਼ਾਰੀ।
'ਮੋ ਕੋ ਪਠਜੋ ਤ੍ਰਾਸ ਉਰ ਧਾਰੀ।
ਦਲ ਬਿਸਾਲ ਹੈ ਸੰਗ ਤੁਮਾਰੇ।
ਪ੍ਰਵਿਸ਼ਹਿਂ ਲੁਟਹਿਂ ਜੰਗ ਕਰਿ ਮਾਰੇ ॥੨੬॥
ਆਪ ਕਹਾਂ ਤੇ ਚਲਿ ਕਰਿ ਆਏ?
ਅਬਿ ਚਾਹਤਿ ਹੋ ਕਹਾਂ ਸਿਧਾਏ?
ਕੌਨ ਕਾਜ ਆਗਵਨ ਤੁਮਾਰਾ?
ਕਰਹੁ ਪ੍ਰਸੰਗ ਸੁਨਾਵਨ ਸਾਰਾ' ॥੨੭॥

---

[1]ਬਘੌਰ, ਉਦੇ ਪੁਰ ਰਾਜ ਵਿਚ ਹੈ।
[2]ਜਦੋਂ ਰਾਜਾ ਬਿਰਾਟ ਪਾਸ ਪਾਂਡਵ ਬਿਨਾਂ ਸੈਨਾਂ ਰਹਿੰਦੇ ਸਨ ਤਦੋਂ ਕ੍ਰੀਚਕ ਨੇ ਦ੍ਰੋਪਤੀ ਨੂੰ ਛੇੜਿਆ ਸੀ ਤਾਂ ਭੀਮ ਨੇ ਉਸਨੂੰ ਮਾਰ ਦਿੱਤਾ ਸੀ। ਕ੍ਰੀਚਰ ਰਾਜੇ ਦਾ ਸਾਲਾ ਸੀ ਤੇ ਸੈਨਾ ਪਤੀ ਸੀ [ਸੰ:, ਕੀਚਕ]। [ਦੇਖੋ ਗੁਰ ਨਾਨਕ ਪ੍ਰਕਾਸ਼ ਉਤਰਾਰਧ ਅਧਜਾਯ ੨੪]।

ਇਮ ਤ੍ਰਾਸਤਿ ਕੇ ਬਾਕ ਸੁਨੇ ਜਬਿ।
ਧਰਮ ਸਿੰਘ ਸੋਂ ਗੁਰੂ ਭਨਜੋਂ ਤਬਿ।
'ਜਾਹ ਨਗਰ ਮਹਿਂ ਨਰ ਸਮੁਝਾਵਹੁ।
ਦੇ ਧੀਰਜ ਕੋ ਤ੍ਰਾਸ ਮਿਟਾਵਹੁ' ॥੨੮॥
ਆਇਸੁ ਪਾਇ ਗਯੋ ਤਤਕਾਲਾ।
ਪੁਰਿ ਜਨ ਸਾਵਧਾਨ ਜਹਿਂ ਜਾਲਾ।
ਥਿਰ ਹੁਇ ਸਗਰੀ ਕਥਾ ਸੁਨਾਈ।
'ਇਹ ਜਗ ਗੁਰ ਤੁਮ ਕੋ ਸੁਖਦਾਈ ॥੨੯॥
ਸਿਖ ਹੁਇ ਮਿਲੌ ਦਰਸ ਕੋ ਜੋਵਹੁ।
ਦੁਇ ਲੋਚਨ ਕੇ ਸੁਖ ਕੋ ਜੋਵਹੁ।
ਭੀਮ ਸੈਨ ਜਹਿਂ ਕ੍ਰੀਚਕ ਮਾਰੇ।
ਸੋ ਸਥਾਨ ਚਿਤ ਚਹੈਂ ਨਿਹਾਰੇ ॥੩੦॥
ਤੁਮ ਨਾਹਕ ਕਜੋਂ ਤ੍ਰਾਸਤਿ ਭਏ।
ਪੁਰਿ ਕੋ ਨਹਿਂ ਬਿਗਾਰ ਚਿਤ ਠਏ।'
ਧਰਮ ਸਿੰਘ ਇਮ ਦਿਯੋ ਦਿਲਾਸਾ।
ਤਦਪਿ ਨ ਤਿਨੈ ਭਯੋ ਭਰਵਾਸਾ ॥੩੧॥
[1]'ਅਪਨੋ ਸਿਵਰ ਫਰਕ ਸੋਂ ਕਰੀਏ।
ਪੁਰਿ ਜਨ ਕੋ ਡਰ ਉਰ ਤੇ ਹਰੀਏ।'
ਨਹਿਂ ਸਮੁਝੇ ਬਹੁ ਕਹਿ ਸਮੁਝਾਏ।
ਧਰਮ ਸਿੰਘ ਤਬਿ ਹਟਿ ਕਰਿ ਆਏ ॥੩੨॥
ਪ੍ਰਭੁ ਆਗੈ ਅਰਦਾਸ ਬਖਾਨੀ।
'ਪੁਰਿ ਜਨ ਤ੍ਰਾਸਤਿ ਧੀਰ ਬਿਸਰਾਨੀ।
ਸੁੰਦਰ ਉਪਬਨ ਤਰੁਵਰ ਠੌਰ।
ਕੁਛਕ ਫਰਕ ਤੇ ਹੈ ਇਕ ਔਰ ॥੩੩॥
ਫੁਰਮਾਵਹੁ ਸ਼੍ਰੀ ਮੁਖ ਤੇ ਡੇਰਾ।
ਸਭਿ ਬਿਧਿ ਤੇ ਹੁਇ ਅਨੰਦ ਘਨੇਰਾ।'
ਸੁਨਿ ਕੈ ਨਾਥ ਕ੍ਰਿਪਾ ਕਰਿ ਕਹਜੋ।
'ਕਰਹੁ ਸਿਵਰ ਜਹਿਂ ਉਪਬਨ ਲਹਜੋ' ॥੩੪॥
ਚਢਿ ਪ੍ਰਭੁ ਗਏ ਪਿਖਜੋ ਸ਼ੁਭ ਬਾਗ਼।
ਤਰੁ ਛਾਇਆ ਸੁੰਦਰ ਜਹਿਂ ਲਾਗ।
ਡੇਰਾ ਕਰਜੋ ਸਿੰਘ ਸਮੁਦਾਏ।

[1]ਨਗਰ ਵਾਲਿਆਂ ਕਹਿਆ।

ਤਬਿ ਪੁਰਿ ਜਨ ਦਰਸ਼ਨ ਕੋ ਆਏ ॥੩੫॥
ਮਿਲੇ ਸੁ ਦੈ ਦੈ ਗਨ ਉਪਹਾਰੂ।
ਬੰਦਨ ਕਰਹਿਂ ਹੇਰਿ ਮੁਖ ਚਾਰੂ।
ਸ਼੍ਰੀ ਪ੍ਰਭੁ ਕਰੁਨਾ ਕਰਿ ਫੁਰਮਾਯੋ।
'ਕੋ ਖੇਚਲ ਇਨ ਕਰਹਿ ਨ ਧਾਯੋ[1] ॥੩੬॥
ਘਾਸ ਰੁ ਈਂਧਨ ਲੇਹੁ ਨ ਕੋਈ।
ਇਸ ਹੀ ਥਲ ਸਭਿ ਪ੍ਰਾਪਤਿ ਹੋਈ।
ਬਾਗ਼ ਭਲੋ ਥਲ ਬਹੁ ਸੁਖਦਾਈ।
ਇਸ ਮਹਿਂ ਤੇ ਲਿਹੁ ਚਹਿ ਸਮੁਦਾਈ' ॥੩੭॥
ਘਨੇ ਨਗਰ ਜਨ ਜਬਿ ਹੀ ਆਏ।
ਲੇ ਤਿਨ ਕੋ ਸੰਗ ਪ੍ਰਭੂ ਸਿਧਾਏ।
ਕ੍ਰੀਚਕ ਹਤਨਿ ਥਾਨ ਅਵਿਲੋਕਨ।
ਬੂਝਨਿ ਚਲੇ ਲਿਏ ਪੁਰਿ ਲੋਕਨਿ ॥੩੮॥
ਸਿੰਘਨ ਪ੍ਰਤਿ ਅਸ ਹੁਕਮ ਬਖਾਨਾ।
'ਚਲਹਿਂ ਪਯਾਦੇ[*] ਤਜਹਿਂ ਕਿਕਾਨਾ।'
ਇਮ ਸੁਨਿ ਕਰਿ ਗਨ ਕਿਯਸਿ ਪਯਾਨਾ।
ਪਹੁੰਚੇ ਕੋਸ ਊਚ ਬਹੁ ਥਾਨਾ ॥੩੯॥
ਭਲੇ ਭਲੇ ਥਲ ਗੁਰੂ ਨਿਹਾਰੇ।
ਬੂਝੇ ਨਰਨ ਬਤਾਵਤਿ ਸਾਰੇ।
ਤਹਾਂ ਅਪਰ ਗ੍ਰਾਮਨ ਕੇ ਲੋਕ।
ਆਏ ਪ੍ਰਭੁ ਕੋ ਦਰਸ ਬਿਲੋਕਿ ॥੪੦॥
ਡਰ ਧਰਿ ਜਿਨ ਜਿਨ ਅਰਜ਼ ਬਖਾਨੀ।
ਸਿੰਘਨ ਪ੍ਰਤਿ ਗੁਰ ਬੋਲੇ ਬਾਨੀ।
ਇਕ ਇਕ, ਗ੍ਰਾਮ ਨਗਰ ਮਹਿਂ ਜਾਵਹੁ[2]।
ਕਰਹਿ ਜੁ ਖੇਚਲ ਤਿਸਹਿ ਹਟਾਵਹੁ' ॥੪੧॥
ਨਾਥ ਹੁਕਮ[3] ਸੁਨਿ ਸੁਨਿ ਕਰਿ ਗਏ।
ਦੇ ਦੇ ਧੀਰ ਬਚਾਵਤਿ ਭਏ[*]।

---

[1]ਭਾਵ ਦੌੜਨ ਭੱਜਣ ਦੀ ਖੇਚਲ ਇਨ੍ਹਾਂ ਵਿਚੋਂ ਕੋਈ ਨਾ ਕਰੇ।
[*]ਪਾ:-ਸਜਾਦੇ।
[2]ਇਕ ਇਕ (ਸਿੰਘ ਹੋਕੇ) ਨਗਰ ਵਿਚ ਜਾਓ।
[3]ਗੁਰੂ ਜੀ ਦਾ ਹੁਕਮ।
[*]ਇਥੋਂ ਸਮਝ ਆਉਂਦੀ ਹੈ ਕਿ ਪ੍ਰਜਾ ਨਾਲ ਕਿਤਨਾ ਪਿਆਰ ਕਰਦੇ ਹਨ, ਜਿਹੜੀ ਲੁੱਟ ਕੁੱਟ ਦਾ ਜ਼ਿਕਰ ਆਉਂਦਾ ਹੈ ਉਹ ਸਮਝ ਲੈਣਾ ਚਾਹੀਏ ਕਿ ਜੋ ਆਪਣੇ ਬਾਹੂਬਲ ਨਾਲ ਹਮਲੇ ਕਰਦੇ ਯਾ ਦੁਖ ਦਾ ਸਾਮਾਨ

ਕਰਿ ਕਰਿ ਸੈਲ ਬਿਲੋਕੇ ਥਾਨ।
ਉਤਰੇ ਆਨਿ ਗੁਰੂ ਭਗਵਾਨ।
ਤਹਿਂ ਡੇਰੇ ਕੋ ਕੀਨ ਮੁਕਾਮੁ।
ਦੇਖਯੋ ਜਹਿਂ ਕਹਿਂ ਥਲ ਅਭਿਰਾਮੁ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਬਘੌਰ ਨਗਰ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

---

ਕਰਦੇ ਸਨ ਉਹਨਾਂ ਨਾਲ ਹੀ ਜੁੱਧ ਮਚਦਾ ਸੀ। ਪ੍ਰਜਾ ਦਾ ਅਤਿ ਲਿਹਾਜ਼ ਕਰਦੇ ਸੇ, ਜੋ ਇਸ ਪ੍ਰਸੰਗ ਤੋਂ ਰੌਸ਼ਨ ਹੈ।

## ੩੯. [ਬਘੌਰ ਵਿਖੇ ਜੰਗ]

੩੮<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੦

ਦੋਹਰਾ: ਇਕ ਦਿਨ ਉਸ਼ਟਰ ਗੁਰੂ ਕੇ, ਚਰਨ ਗਏ ਪੁਰਿ ਤੀਰ।
ਬਾਗਨ ਬਿਖੈ ਪ੍ਰਵੇਸ਼ ਭੇ, ਲਤਾ ਤਰੁਨ ਬਡ ਭੀਰ[1] ॥੧॥
ਚੌਪਈ: ਅੰਤਰ ਜਾਇ ਤੋਰਿ ਤਰੁ ਖਾਏ।
ਇਤਨੇ ਮਹਿਂ ਮਾਲੀ ਤਹਿਂ ਆਏ।
ਉਸ਼ਟਨਿ ਕੈ ਬਹੁ ਲਸ਼ਟ ਪ੍ਰਹਾਰੇ।
ਦੇ ਗਾਰੀ ਬਹੁ ਵਹਿਰ ਨਿਕਾਰੇ ॥੨॥
ਇਤ ਤੇ ਉਸ਼ਟਵਾਨ ਮਿਲਿ ਗਏ।
ਦੇ ਦੇ ਗਾਰ ਲਰਤਿ ਸੋ ਭਏ।
ਲਾਠੀ ਸੋਟਨ ਭਈ ਲਰਾਈ।
ਮਾਰੇ ਉਪਬਨਵਾਨ[2] ਪਲਾਈ ॥੩॥
ਲੇ ਉਸ਼ਟਰ ਇਹ ਗੁਰ ਢਿਗ ਆਏ।
ਮਾਲੀ ਕਰਨਿ ਪੁਕਾਰਿ ਸਿਧਾਏ।
ਤਿਨ ਸੁਨਿ ਕੈ ਇਮ ਠਟੀ ਸਲਾਹਾ।
'ਸਿੰਘ ਜੁ ਆਵੈ ਕੋ ਇਤ ਰਾਹਾ ॥੪॥
ਤਿਸ ਕੋ ਹਤਹਿਂ ਮੁਸ਼ਟ ਅਰੁ ਸੋਟੇ।
ਪਲਟਾ ਲੇਹਿਂ, ਕਰੀ ਕ੍ਰਿਤ ਖੋਟੇ[3]।'
ਰਹੇ ਤਕਾਵਤਿ ਘਾਤ ਬਹੋਰੀ।
ਗਮਨਜੋਂ ਸਿੰਘ ਏਕ ਤਿਸ ਠੌਰੀ ॥੫॥
ਦੁਸ਼ਟਨਿ ਘੇਰ ਲਯੋ ਢਿਗ ਆਏ।
ਹਿਤ ਮਾਰਨ ਕੈ ਹਾਥ ਉਠਾਏ।
ਕੋਪਯੋ ਸਿੰਘ ਕ੍ਰਿਪਾਨ ਨਿਕਾਰੀ।
ਫਾਂਦਿ ਫਾਂਦਿ ਇਕ ਦ੍ਵੈ ਕੈ ਝਾਰੀ ॥੬॥
ਪਰਯੋ ਰੌਰ ਇਤ ਉਤ ਮਹਿਂ ਭਾਰੋ।
ਸ਼੍ਰੋਨ ਖਾਲਸੇ ਕੇ ਕਿਨ ਡਾਰੋ।
ਲੇਕਰਿ ਹੁਕਮ ਨਾਥ ਕੋ ਧਾਏ।
ਕਸੀ ਤੁਫੰਗੈਂ ਜੰਗ ਮਚਾਏ ॥੭॥
ਦੁਇ ਦਿਸ਼ਿ ਕੇ ਨਰਗਨ[*] ਭਟ ਹ੍ਵੈ ਕੈ।

---

[1]ਵੱਲਾਂ ਅਤੇ ਬ੍ਰਿੱਛਾਂ ਦੀ ਵੱਡੀ ਭੀੜ ਸੀ, ਭਾਵ ਸੰਘਣੇ ਸਨ।
[2]ਬਾਗਵਾਨ।
[3]ਜਿਵੇਂ ਖੋਟਾ ਕੰਮ ਕੀਤਾ ਹੈ।
[*]ਪਾ:-ਗਨ ਗਨ।

ਮਚਜੋ ਲੋਹ ਚਿਤ ਮਹਿਂ ਰਿਸ ਕੈ ਕੈ+।
ਵਹਿਰ ਨਗਰ ਤੇ ਮਚੀ ਲਰਾਈ।
ਬਿਚਰੇ ਸੁਭਟ ਤੁਫੰਗ ਚਲਾਈ ॥੮॥
ਪਰਜੋ ਨੇਰ ਐਂਚੀ ਤਰਵਾਰੈਂ।
ਨਿਕਟ ਹੋਇ ਭਟ ਕੌ ਕਟਿ ਡਾਰੈਂ।
ਹਮਲਾ ਕਰਜੋ ਖਾਲਸਾ ਜਬੈ।
ਧਾਇ ਬਰੇ ਪੁਰਿ ਭੀਤਰ ਸਬੈ ॥੯॥
ਕਾਇਮ ਕਰਜੋ ਭਏ ਸਵਧਾਨਾ।
ਲੇ ਕਰਿ ਓਟਨਿ ਲਰੇ ਮਹਾਨਾ।
ਵਹਿਰ ਸਿੰਘ ਚਹੁੰ ਦਿਸ਼ਾ ਰਿਸਾਏ।
ਲਾਇ ਮੋਰਚੇ ਤੁਪਕ ਚਲਾਏ ॥੧੦॥
ਲੋਥੈਂ ਵਹਿਰ ਛੋਡ ਕਰਿ ਭਾਗੇ।
ਅੰਤਰ ਬਰਿ ਕਰਿ ਲਰਿਨੇ ਲਾਗੇ।
ਕਹੌਂ ਕਹਾਂ ਲਗਿ ਮਾਚਜੋ ਜੰਗ।
ਛੁਟੈਂ ਦੁਹੂੰ ਦਿਸ਼ਿ ਪੁੰਜ ਤੁਫੰਗ ॥੧੧॥
ਦ੍ਵੈ ਦਿਸ਼ਿ ਜਬਿ ਘਮੰਡ ਅਸ ਹੋਵਾ।
ਚਢਿ ਸਤਿਗੁਰ ਪੁਰਿ ਚਹੁੰ ਦਿਸ਼ ਜੋਵਾ।
ਪੌਰ ਸਥਾਨ ਅਗਾਰੀ ਠਾਂਢੇ।
ਸਿੰਘਨ ਸੰਗ ਕਹਜੋ 'ਨਹਿਂ ਗਾਢੇ[1] ॥੧੨॥
ਘਾਲਹੁ ਹੇਲ ਪੌਰ ਚਲਿ ਜੱਯੈ।
ਅਰਹਿ ਸੁ ਕਾਟਹੁ ਤੂਰਨ ਲੱਯੈ।'
ਸੁਨਤਿ ਖਾਲਸੇ ਤਜੀ ਤੁਫੰਗੈਂ।
ਮਾਰਿ ਮਾਰਿ ਕਰਿ ਸ਼ੋਰ ਉਤੰਗੈ ॥੧੩॥
ਖੈਂਚਿ ਮਜਾਨ ਤੇ ਲਈ ਕ੍ਰਿਪਾਨੈਂ।
ਦੌਰੇ ਪੌਰ ਸਮੁਖ ਕਰਿ ਹਾਨੈਂ।
ਤਜਿ ਭਾਗੇ ਪੁਰਿ ਕੋਟ ਅਤੰਕੇ[2]।
ਭਏ ਪ੍ਰਵੇਸ਼ ਸਿੰਘ ਬਰ ਬੰਕੇ ॥੧੪॥
ਲੂਟਨ ਲਗੇ ਨਗਰ ਕੋ ਫੇਰ।

---

+ਪਾ:-ਤਿਸ ਕੈ ਕੈ।

[1](ਦਰਵੱਜਾ) ਤਕੜਾ ਨਹੀਂ।

[2]ਡਰ ਨਾਲ ਨਗਰ ਦੀ ਸਫੀਲ ਛੱਡਕੇ ਭੱਜੇ
(ਅ) ਸ਼ਹਿਰ ਛੱਡਕੇ (ਲੋਕ) ਕਿਤੇ ਨੂੰ ਭੱਜੇ।

ਭਾਜੇ ਪੁਰਿ ਜਨ ਡਰ ਕੋ ਹੇਰਿ।
ਹੁਤੋ ਦੁਰਗ ਤਹਿਂ ਭਏ ਮਵਾਸੀ।
ਰਹੇ ਵਹਿਰ ਸੋ ਕਰੇ ਬਿਨਾਸ਼ੀ ॥੧੫॥
ਦੁਰਗ ਚੁਗਿਰਦੇ ਘੇਰਾ ਡਾਰਾ।
ਲੂਟਯੋ ਸ਼ਹਿਰ ਜਹਾਂ ਕਹਿਂ ਸਾਰਾ।
ਘ੍ਰਿਤ ਮਿਸ਼ਟਾਨ ਅੰਨ ਪਟ ਘਨੇ।
ਧਨ ਤੇ ਆਦਿ ਜਿਤਿਕ ਜਿਸ ਬਨੇ ॥੧੬॥
ਲੂਟ ਕੂਟ ਕਰਿ ਸਿੰਘ ਅਘਾਏ++।
ਦੁਰਗ ਚੁਗਿਰਦੇ ਪੁਨ ਸਮੁਦਾਏ।
ਨਿਕਸਨ ਅਰੁ ਪ੍ਰਵੇਸ਼ ਹੁਇ ਨਾਂਹੀ।
ਛੁਟਹਿਂ ਤੁਫੰਗ ਜੰਗ ਬਡ ਮਾਂਹੀ ॥੧੭॥
ਗਰੀਅਨਿ ਮਹਿਂ ਤਿਹ ਲੋਥ ਪਰੀ ਹੈ।
ਭਾਜੀ ਸਕਲ, ਨ ਸੈਨ ਅਰੀ ਹੈ।
ਧਰਮ ਸਿੰਘ ਕੋ ਪ੍ਰਭੁ ਬੁਲਵਾਇ।
ਕਹਯੋ 'ਹੇਲ ਘਾਲੋ ਸਮੁਦਾਇ ॥੧੮॥
ਨਿਕਟ ਮੋਰਚੇ ਦੇਹੁ ਢੁਕਾਈ।
ਮਾਰਹੁ ਸ਼ੱਤ੍ਰਨਿ ਕੋ ਸਮੁਦਾਈ।'
ਸੁਨਿ ਕੈ ਧਰਮ ਸਿੰਘ ਤਬਿ ਗਯੋ।
ਦੁਰਗ ਚੁਗਿਰਦੇ ਬਿਚਰਤਿ ਭਯੋ ॥੧੯॥
ਸਗਰੀ ਘਾਤ ਹੇਰਿ ਕਰਿ ਆਛੇ।
ਹੇਲ ਕਰਨ ਕੋ ਚਿਤ ਮਹਿਂ ਬਾਛੇ।
ਰਤਨ ਸਿੰਘ ਤਬਿ ਦੌਰਤਿ ਆਯੋ।
ਸ੍ਰੀ ਪ੍ਰਭੁ ਸੰਗ ਉਪਾਉ ਬਤਾਯੋ ॥੨੦॥
'ਪੁੰਜ ਸਿੰਘ ਹੇਲੇ ਮਹਿਂ ਮਰੈਂ।
ਜਤਨ ਸੁਖੈਨ ਆਪ ਅਸ ਕਰੈਂ।
ਇਹ ਪਰਬਤ ਸਿਰ ਤੋਪ ਚਢਾਵੋ।
ਤਹਿਂ ਥਿਰ ਕਰਿ ਗੋਰਾ ਚਲਵਾਵੋ ॥੨੧॥
ਅੰਤਰ ਲਗਹਿ ਜਾਇ ਕਰਿ ਜਬੈ।
ਡਰ ਧਰਿ ਨਿਕਸ ਜਾਹਿਂ ਰਿਪੁ ਸਬੈ।'

---

++ਇਹ ਲੁੱਟ ਕੁੱਟ ਸੁਣੀ ਸੁਣਾਈ ਗੱਲ ਹੈ, ਤਵਾ: ਖਾ: ਦਾ ਦੱਸਿਆ ਹਾਲ ਹੋਰਵੇਂ ਹੈ ਜੋ ਅੱਗੇ ਆਵੇਗਾ। ਗੁਰੂ ਜੀ ਕਦੇ ਸ਼ਹਿਰ ਲੁੱਟਣ ਦੀ ਆਗਯਾ ਨਹੀਂ ਦੇ ਸਕਦੇ। ਇਹ ਗੱਲ ਮੰਨਣੇ ਯੋਗ ਨਹੀਂ। ਟਾਕਰਾ ਕਰਨ ਵਾਲਿਆਂ ਨਾਲ ਲੜਨਾ, ਮਰਨਾ ਮਾਰਨਾ ਵੱਖਰੀ ਗੱਲ ਹੈ।

ਸੁਨਿ ਸਤਿਗੁਰ ਆਛੀ ਬਿਧਿ ਮਾਨੀ।
'ਤੋਪ ਚਢਾਵਹੁ' ਸਭਿਨਿ ਬਖਾਨੀ ॥੨੨॥
ਤਬਹਿ ਖਾਲਸਾ ਮਿਲਿ ਕਰਿ ਚਾਲਾ।
ਲਈ ਤੋਪ ਚਢਿ ਗਿਰ ਤਤਕਾਲਾ।
ਥੈਲੀ ਡਾਰਿ ਕਸ੍ਯੋ ਜਬਿ ਗੋਰਾ।
ਬਾਂਧੀ ਸ਼ਿਸਤ ਪੌਰ ਕੀ ਓਰਾ ॥੨੩॥
ਪਾਇ ਬਰੂਦ ਅਗਨ ਤਬਿ ਲਾਈ।
ਧੁਖ੍ਯੋ ਪਲੀਤਾ ਬਡ ਗਰਜਾਈ।
ਮਨਹੁਂ ਗਾਜ ਗਿਰਿ[1] ਕਰੀ ਅਵਾਜ਼।
ਸੁਨਿ ਰਿਪੁ ਕੋ ਧੀਰਜ ਉਰ ਭਾਜਿ ॥੨੪॥
ਗੋਰਾ ਲਗ੍ਯੋ ਪੌਰ ਮਹਿਂ ਜਾਈ।
ਪੁਨ ਕਸ ਕਰਿ ਤਤਕਾਲ ਚਲਾਈ।
ਇਸੀ ਰੀਤ ਗੋਰੇ ਦ੍ਵੈ ਚਾਰੇ।
ਪੌਰ ਬਿਖੈ ਕੇ ਬਿਚੁ ਭਟ ਮਾਰੇ[2] ॥੨੫॥
ਮ੍ਰਿਤਕ ਦੇਖਿ ਕਰਿ ਉਪਜ੍ਯੋ ਤ੍ਰਾਸਾ।
ਲਖ੍ਯੋ ਕਿ -ਸਭਿ ਕੋ ਹੋਇ ਬਿਨਾਸਾ-।
ਹੇਲਾ ਘਾਲਨਿ ਤੇ ਹਤਿ ਧੀਰ[3]।
ਊਪਰ ਚਢੇ ਭ੍ਰਮਾਯੋ ਚੀਰ ॥੨੬॥

ਪਾਧੜੀ ਛੰਦ: 'ਰਖ ਲੇਹੁ ਗੁਰੂ ! ਦਿਹੁ ਜੀਵ ਦਾਨ।
ਹਮ ਨਿਕਸਿ ਜਾਇੰ ਜੇ ਬਚਹਿਂ ਪ੍ਰਾਨ।'
ਇਮ ਸੁਨੀ ਖਾਲਸੇ ਅਰਜ਼ ਦੀਨਿ।
ਲੀਨੇ ਨਿਕਾਸ ਪੁਨ ਜਾਨਿ ਦੀਨ ॥੨੭॥
ਗਢ ਨਗਰ ਮਾਰਿ ਫਿਰ ਦੁਰਗ ਛੀਨ।
ਗਨ ਸੌਂਜ ਅਨਿਕ ਸਭਿ ਲੂਟ ਲੀਨ।
ਇਕ ਸਿੰਘ ਗੁਰੂ ਢਿਗ ਜਾਇ ਧਾਇ।
ਸਭਿ ਕਹੀ ਖਬਰ ਜਿਮ ਜੀਤਿ ਪਾਇ ॥੨੮॥
ਪ੍ਰਭੁ ਪਿਖਹਿਂ ਦੁਰਗ ਪਰਖਾ[4] ਬਿਸਾਲ।
ਬਿਚ ਕੂਪ ਲਰਨ ਕੀ ਸੌਂਜ ਜਾਲ।

---
[1] ਮਾਨੋਂ ਬਿਜਲੀ ਨੇ ਡਿੱਗਕੇ।
[2] ਦਰਵਾਜ਼ੇ ਵਿੱਚ ਦੇ ਸੂਰਮਿਆਂ ਵੱਲ ਮਾਰੇ।
[3] ਧੀਰਜ ਦੂਰ ਹੋਇਆ।
[4] ਖਾਈ।

ਬਹੁ ਅੰਨ ਘ੍ਰਿੱਤ ਮਿਸ਼ਟਾਨ ਚੀਰ।
ਸਭਿ ਗਏ ਤਜਾਗ ਡਰ ਧਾਰਿ ਭੀਰੁ ॥੨੯॥
ਸੁਨਿ ਦਯਾ ਸਿੰਧ ਸੈਂਧਵ[1] ਮੰਗਾਇ।
ਹੁਇ ਕਰਿ ਅਰੋਹ ਤਿਤ ਦਿਸ਼ਿ ਚਲਾਇ[2]।
ਇਕ ਧਰਮ ਸਿੰਘ ਬਰ ਬੀਰ ਸੰਗ।
ਤਜਿ ਸਿਵਰ ਚਲੇ ਜਿਤ ਦੁਰਗ ਭੰਗ[3]' ॥੩੦॥
ਕੇਤੀਕ ਦੂਰ ਜਬਿ ਕਿਯ ਪਯਾਨ।
ਨਗਰੀ ਬਘੌਰ ਭੂਪਤਿ ਮਹਾਨ।
ਸੋ ਹੁਤੋ ਵਹਿਰ ਸੁਧ ਸੁਨਤਿ ਆਇ।
ਡੇਰਾ ਨਿਹਾਰ ਉਰ ਮੈਂ ਰਿਸਾਇ ॥੩੧॥
ਤਬਿ ਪਰਜੋ ਧਾਇ ਤਜਿ ਸਰ ਤੁਫੰਗ।
ਕੁਛ ਹੁਤੇ ਸਿੰਘ ਤਿਨ ਕੀਨਿ ਜੰਗ।
ਦੁਇ ਦਿਸ਼ਨਿ ਬਕਾਰਾ ਮਾਰਿ ਮਾਰਿ।
ਮਰਿ ਗਏ ਕਿਤਿਕ ਗਿਰਿ ਗੇ ਸੁਮਾਰਿ[4] ॥੩੨॥
ਬਡ ਪਰਜੋ ਰੌਰ ਗੁਰ ਸੁਨਤਿ ਕਾਨ।
ਹਟਿ ਪਰੇ ਤੁਰਤ ਬਨਿ ਸਾਵਧਾਨ।
ਇਕ ਧਰਮ ਸਿੰਘ ਭਟ ਸੰਗ ਜਾਇ।
ਦੇਖਜੋ ਲਰੰਤਿ ਬਾਘੌਰ ਰਾਇ ॥੩੩॥
ਉਤ ਹੁਤੇ ਰਾਵ ਅਸਵਾਰ ਦੋਇ।
ਇਤ ਗੁਰੂ ਧਰਮ ਸਿੰਘ ਸੰਗ ਜੋਇ।
ਪੈਦਲ ਸਮੂਹ ਦੋਨਹੁੰ ਦਿਸ਼ਾਨ।
ਛੂਟਹਿੰ ਤੁਫੰਗ ਤੀਖਨ ਸੁ ਬਾਨ ॥੩੪॥
ਸਤਿਗੁਰੂ ਕਹਜੋ 'ਸੁਨਿ ਧਰਮ ਸਿੰਘ।
ਰਣ ਜਾਹੁ ਅੱਗ੍ਰ ਬਨਿ ਰੂਪ ਸਿੰਘ।
ਉਤ ਦੋਇ' ਇਤੈ ਹਮ ਦੋਇ ਜਾਨਿ।
ਇਕ ਸੰਗ ਏਕ ਭਿਰਿ ਹੈ ਮਹਾਨ' ॥੩੫॥
ਸੁਨਿ ਧਰਮ ਸਿੰਘ ਹਯ ਕੋ ਧਵਾਇ।
ਰਣ ਸਮੁਖ ਗਯੋ ਰਿਪੁ ਹਤਨਿ ਚਾਇ।

---

[1]ਘੋੜਾ।
[2]ਚਲੇ।
[3]ਜਿੱਥੇ ਕਿਲਾ ਤੋੜਿਆ ਸੀ।
[4]ਜ਼ਖਮੀ ਹੋਕੇ।

ਊਚੇ ਪੁਕਾਰ ਲੀਨੋ ਹਕਾਰ।
'ਇਤ ਆਉ ਆਪਨੋ ਕਰਹੁ ਵਾਰ ॥੩੬॥
ਮੈਂ ਹਤੌਂ ਕਿਧੌਂ ਅਬਿ ਲਿਹੁ ਸੰਭਾਰ।'
ਸੁਨਿ ਭਯੋ ਸਮੁਖ ਸਰ ਕੋ ਨਿਕਾਰਿ।
ਧਰਿ ਧਨੁਖ ਬਿਖੈ ਐਂਚ੍ਯੋ ਸਜੋਰ।
ਖਰ ਹੁਤੋ ਘੋਰ ਦੀਨੋ ਸੁ ਛੋਰਿ ॥੩੭॥
ਪਿਖਿ ਧਰਮ ਸਿੰਘ ਹਯ ਕੋ ਚਲਾਇ।
ਖਰ ਤੀਰ ਸਮੁਖ ਤੇ ਤਨ ਬਚਾਇ।
ਅਪਨੋ ਖਤੰਗ ਲੀਨੋ ਨਿਕਾਰ।
ਬਿਚ ਪਨਚ ਫੋਕ[1] ਧਰਿ ਕੈ ਸੁਧਾਰ ॥੩੮॥
ਐਂਚਤਿ ਸ਼ਿਤਾਬ ਰਿਪੁ ਕੇ ਪ੍ਰਹਾਰ।
ਲਗਿ ਗਯੋ ਰਿਦੇ ਪ੍ਰਵਿਸ਼੍ਯੋ ਮਝਾਰ।
ਹਯ ਤਰੇ ਗਿਰ੍ਯੋ ਖਪਰਾ ਲਗੰਤਿ।
ਛਿਨ ਬਿਖੈ ਪਰ੍ਯੋ ਛਿਤ ਪ੍ਰਾਨ ਹੰਤਿ ॥੩੯॥
ਪਿਖਿ ਭੂਪ ਕੋਪ ਕੈ ਆਇ ਧਾਇ।
ਗੁਰ ਸਮੁਖ ਬਾਨ ਪੈਨੈ[2] ਚਲਾਇ।
ਘੋਰਾ ਫੰਧਾਇ ਇਤ ਉਤ ਫਿਰੰਤਿ।
ਨਿਜ ਭਟਨ ਪ੍ਰੇਰ ਜੈ ਕੋ ਚਹੰਤਿ ॥੪੦॥
ਸਿਰਮੌਰ ਭਟਨ ਕੇ[3] ਧਨੁ ਸੰਭਾਰ।
ਤਤਕਾਲ ਤੀਰ ਭਾਥਾ ਨਿਕਾਰ।
ਕਰਿ ਐਂਚ ਕਾਨ ਲਗਿ ਛੋਰਿ ਦੀਨਿ।
ਹਤਿ ਭਾਲ ਬਿਖੈ ਸੋ[4] ਮਾਰਿ ਲੀਨਿ ॥੪੧॥
ਜਬਿ ਦੁਹਨ ਪ੍ਰਾਨ ਤਜਾਗੇ ਨਿਹਾਰ।
ਸਭਿ ਭਜੀ ਚਮੂੰ ਨਹਿ ਧੀਰ ਧਾਰਿ।
ਭਾਜੇ ਬਿਲੋਕਿ ਬਰਜੈਂ ਕ੍ਰਿਪਾਲ।
'ਇਨ ਹਤਹੁ ਨਾਂਹਿ ਤਜਿ ਜੰਗ ਸ਼ਾਲ[5]' ॥੪੨॥
ਲੀਨੇ ਹਟਾਇ ਗੁਰ ਸਿੰਘ ਜਾਲ।
ਸਭਿ ਸਿਵਰ ਬਿਖੈ ਕਰਿ ਕੈ ਸੰਭਾਲ।

---

[1]ਬਾਗੜ।
[2]ਤਿੱਖੇ।
[3]ਭਾਵ ਸ੍ਰੀ ਗੁਰੂ ਜੀ ਨੇ।
[4]ਭਾਵ ਰਾਜਾ।
[5]ਇਹ ਜੰਗ ਭੂਮੀ ਛੱਡ ਟੁਰੇ ਹਨ ਹੁਣ ਇਹਨਾਂ ਨੂੰ ਨਾ ਮਾਰੋ।

ਬਾਘੌਰ ਨਾਥ ਮਗ ਜੁੱਧ[1] ਮਾਰਿ।
ਪੁਰਿ ਲੂਟ ਲੀਨਿ ਗਢ ਦੁਰਗ ਦਾਰ ॥੪੩॥
ਇਮ ਬਿਜੈ ਕੀਨਿ ਤਿਸ ਦੇਸ਼ ਬੀਚ।
ਜਸੁ ਕਰਤਿ ਸਕਲ ਨਰ ਊਚ ਨੀਚ।
ਕਰਿ ਦਯੋ ਕੂਚ ਡੇਰਾ ਕ੍ਰਿਪਾਲ।
ਨਿਜ ਸੁਭਟ ਸਭਿਨਿ ਕੀ ਕਰਿ ਸੰਭਾਲ[*] ॥੪੪॥
ਗੁਰ ਕਹੀ ਖਾਲਸੇ ਸਨ ਸੁਨਾਇ।
'ਅਬਿ ਰਣ ਸੁਲਤਾਨੀ ਕੋ ਕਰਾਇੰ[2]।
ਕਰਿ ਹਾਰ ਜੀਤ ਸਗਰੋ ਨਿਹਾਰ।
ਮਰਿ ਰਹੈਂ ਤੁਰਕ ਦੁਇ ਦਿਸ਼ਿ ਜੁਝਾਰ ॥੪੫॥
ਕਰਤਾਰ ਦੇਹਿ[3] ਸੋ ਤਖਤ ਪਾਇ।
ਬਾਦੀ ਦਿਲੇਸ਼ ਜੀਵਨ ਬਿਹਾਇ[4]।'
ਸੁਨਿ ਭਨੈ ਸਿੰਘ 'ਬਡ ਪੁੱਤ੍ਰ ਲੀਨਿ[5]।
ਤਿਸ ਤੇ ਸਾਕਹਿ ਅਬਿ ਕੌਨ ਛੀਨ ॥੪੬॥
ਸਮਰੱਥ ਆਪ ਹੋ ਜਗਤ ਨਾਥ।

---

[1]ਰਾਹ ਦੇ ਜੁੱਧ ਵਿਚ।

[*]ਇਹ ਜੰਗ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਇਸ ਜੰਗ ਦਾ ਹਾਲ ਤਵਾ: ਖਾਲਸਾ ਵਿਚ ਇਉਂ ਦਿੱਤਾ ਹੈ ਕਿ ਬਘੌਰ ਦਾ ਰਾਜਾ ਤਾਂ ਗੁਰੂ ਜੀ ਦਾ ਪ੍ਰੇਮੀ ਹੋ ਗਿਆ ਸੀ, ਅਰ ਗੁਰੂ ਜੀ ਤੇ ਉਹ ਇਕੱਠੇ ਸੈਰ ਨੂੰ ਜਾਂਦੇ ਹੁੰਦੇ ਸਨ, ਇਸ ਰਾਜੇ ਦਾ ਨਾਉਂ ਸ਼ਿਵ ਪ੍ਰਤਾਪ ਸੀ ਤੇ ਇਹ ਪੰਜਾਹ ਹਜ਼ਾਰ ਦਾ ਜਾਗੀਰਦਾਰ ਰਾਣਾ ਸੀ। ਇਸ ਨੇ ਗੁਰੂ ਜੀ ਨੂੰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ। ਇਹ ਸਤਿਸੰਗ ਲਾਭ ਭੀ ਲੈਂਦਾ ਸੀ ਤੇ ਗੁਰੂ ਜੀ ਦੀ ਅਨੋਖੀ ਤੀਰੰਦਾਜ਼ੀ ਬੀ ਸਿੱਖਦਾ ਸੀ। ਬਘੌਰ ਤੋਂ ਤ੍ਰੈ ਕੁ ਮੀਲ ਤੇ ਇਸ ਦਾ ਇਕ ਸ਼ਰੀਕ ਭਾਈ ਹੋਰ ਰਾਣਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਦੇ ਊਠ ਚਰਦੇ ਚਰਦੇ ਉਸ ਦੇ ਬਾਗ਼ ਚਲੇ ਗਏ ਤਾਂ ਰਾਖਿਆਂ ਨੇ ਸਾਰਬਾਨਾਂ ਨੂੰ ਮਾਰਿਆ ਤੇ ਊਠ ਖੋਹਕੇ ਲੈ ਚੱਲੇ। ਤਦ ਪੰਦਰਾਂ ਸਿੰਘਾਂ ਨੇ ਜਾਕੇ ਜੰਗ ਕਰਕੇ ਆਪਣੇ ਊਠ ਤੇ ਆਦਮੀ ਛੁਡਾਏ ਤਾਂ ਉਥੋਂ ਦੀ ਪ੍ਰਜਾ ਤੇ ਉਸ ਰਾਜੇ ਦੇ ਸਿਪਾਹੀ ਇਹਨਾਂ ਸਿੰਘਾਂ ਪਰ ਆ ਪਏ। ਰਾਣੇ ਦੀ ਫੌਜ ਹਾਰਕੇ ਕਿਲੇ ਵਿਚ ਜਾ ਵੜੀ।

ਅਗਲੇ ਦਿਨ ਸਿੰਘਾਂ ਨੇ ਇਕ ਟਿੱਬੇ ਤੇ ਤੋਪ ਚਾੜ੍ਹਕੇ ਕਿਲੇ ਤੇ ਚਲਾਈ। ਥੋੜੀ ਦੇਰ ਮਗਰੋਂ ਕਿਲੇ ਵਾਲਿਆਂ ਨੇ ਸ਼ਰਨ ਮੰਨ ਲਈ। ਗੁਰੂ ਜੀ ਨੇ ਮੁਹਾਸਰਾ ਛੱਡਕੇ ਮੁੜ ਆਉਣੇ ਦੀ ਆਗਿਆ ਦੇ ਦਿੱਤੀ। ਜੰਗ ਵਿਚ ਰਾਣਾ ਮਾਰਿਆ ਗਿਆ ਤੇ ਫੌਜ ਨੂੰ ਭਾਂਜ ਹੋਈ। ਸ਼ਿਵ ਪ੍ਰਤਾਪ ਨੇ ਇਹ ਸੂਰਬੀਰਤਾ ਦੇਖਕੇ ਗੁਰੂ ਜੀ ਨੂੰ ਹੋਰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ।

[2]ਬਾਦਸ਼ਾਹੀਆਂ ਦਾ ਜੁੱਧ ਕਰਾਵਾਂਗੇ।

[3](ਜਿਸ ਨੂੰ) ਕਰਤਾਰ ਦੇਵੇਗਾ।

[4]ਲੜਾਕੇ ਦਿੱਲੀਪਤ ਭਾਵ ਨੁਰੰਗੇ ਨੇ ਜੀਵਨ ਤਜਗਿਆ ਹੈ ਭਾਵ ਮਰ ਗਿਆ ਹੈ।

[5]ਆਜ਼ਮ ਤੋਂ ਮੁਰਾਦ ਹੈ ਜਿਸ ਨੂੰ ਤਾਰਾ ਆਜ਼ਮ ਬੀ ਲਿਖਿਆ ਹੈ ਭਾਵ ਬਲੀ ਪੁੱਤ੍ਰ ਤੋਂ ਹੈ। ਇਹ ਤਾਰਾ ਆਜ਼ਮ ਵੱਡਾ ਪੁੱਤ੍ਰ ਨਹੀਂ ਸੀ। ਔਰੰਗਜ਼ੇਬ ਦੇ ਪੰਜ ਪੁੱਤ੍ਰ ਸਨ-ਮੁਹੰਮਦ ਸੁਲਤਾਨ, ਮੁਹੰਮਦ ਮੁਅੱਜ਼ਮ, ਜੋ ਪਿੱਛੋ ਬਹਾਦਰ ਸ਼ਾਹ ਸਦਵਾਇਆ, ਆਜ਼ਮ ਸ਼ਾਹ, ਮੁਹੰਮਦ ਅਕਬਰ ਤੇ ਕਾਮਬਖਸ਼। ਔਰੰਗਜ਼ੇਬ ਦੇ ਮਰਨ ਵੇਲੇ ਪਹਿਲਾ ਤੇ ਚੌਥਾ ਪੁੱਤ੍ਰ ਮਰ ਚੁੱਕੇ ਸੇ। ਤ੍ਰੈ ਜੀਉਂਦਿਆਂ ਵਿਚੋਂ ਮੁਹੰਮਦ ਮੁਅੱਜ਼ਮ (ਅਰਥਾਤ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ, ਇਸ ਕਰਕੇ ਤਖਤ ਦਾ ਹੱਕਦਾਰ ਉਹ ਸੀ।

ਅਨਗਨਤ ਬਾਹਨੀ ਜਾਂਹਿ ਸਾਥ[1]।'
ਗੁਰ ਕਹੈਂ 'ਪ੍ਰਭੂ ਕੇ ਮਹਿਦ ਖੇਲ।
ਪਿਖਿ ਲੇਤਿ ਸਕਲ ਨਹਿਂ ਸਕਹਿ ਪੇਲ' ॥੪੭॥
ਇਮ ਕਰਤਿ ਬਾਤ ਗੇ ਕਿਤਿਕ ਕੋਸ।
ਕਿਯ ਸਿਵਰ ਬਿਲੋਕੇ ਥਲ ਅਦੋਸ਼[2]।
ਗੁਰ ਕੇਰ ਬੀਰ ਰਿਪੁ ਮ੍ਰਿਗਨਿ ਸਿੰਘ[3]।
ਕਰਿ ਨਮੋ ਸਭਿਨਿ ਸੰਤੋਖ ਸਿੰਘ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਘੌਰ ਜੰਗ' ਪ੍ਰਸੰਗ ਬਰਨਨੰ ਨਾਮ ਉਨਤਾਲੀਸਮੋਂ ਅੰਸੂ ॥੩੯॥

---

[1]ਜਿਸ (ਤਾਰਾ ਆਜ਼ਮ) ਦੇ ਨਾਲ ਹੈ।
[2]ਭਾਵ ਸੁਹਣੇ ਥਾਂ।
[3]ਮ੍ਰਿਗਾਂ ਨੂੰ ਸ਼ੇਰ ਰੂਪ।

## ੪੦. [ਬਹਾਦਰ ਸ਼ਾਹ ਨਾਲ ਮੇਲ]

੩੯<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੧

ਦੋਹਰਾ: ਬਲਖ ਬੁਖਾਰੇ ਕੀ ਦਿਸ਼ਾ, ਹੁਤੋ ਬਹਾਦਰ ਸ਼ਾਹੁ।
ਪਿਤ ਕੋ ਸੁਨਿ ਬੀਮਾਰ ਬਹੁ,
ਹਟ੍ਯੋ ਤੁਰਤ ਮਗ ਮਾਂਹੁ ॥੧॥
ਚੌਪਈ: ਕਰਤਿ ਕੂਚ ਦਰ ਕੂਚ ਪਧਾਰਾ।
ਸ਼ੀਘ੍ਰ ਆਨਿ ਇਸ ਦੇਸ਼ ਮਝਾਰਾ।
-ਪਿਤ ਹਤਿ[1] ਭ੍ਰਾਤਾ ਸਲਤਨ ਲੀਨ-।
ਸੁਨਤਿ ਸ਼੍ਰੋਨ ਭਾ ਮਨ ਅਤਿ ਦੀਨ ॥੨॥
'ਅਬਿ ਮੋ ਤੇ ਕ੍ਯਾ ਹੁਇ ਉਪਚਾਰਾ।
ਕਿਸ ਪ੍ਰਕਾਰ ਹੁਇ ਪ੍ਰਾਨ ਉਬਾਰਾ।
ਗਹੈ ਭ੍ਰਾਤ, ਦੈ ਹੈ ਮਰਵਾਇ[2]।
ਕੋ ਨ ਬਲੀ ਤਬਿ ਸਕੈ ਬਚਾਇ ॥੩॥
ਬਾਇਸ ਲਾਖ ਚਮੂੰ ਜਿਹ ਸੰਗ।
ਨਹਿਂ ਬਨਿ ਆਇ ਸਮੁਖ ਤਿਹ ਜੰਗ।'
ਅਪਨੇ ਹਿਤੂ ਬੁਲਾਇ ਬਿਠਾਏ।
ਸਭਿ ਕੋ ਅਪਨਿ ਬ੍ਰਿਤੰਤ ਸੁਨਾਏ ॥੪॥
'ਮੋ ਕੌ ਕਰਤਬ ਕ੍ਯਾ ਅਬਿ ਅਹੈ।
ਜਿਸ ਤੇ ਜਿਯਤ ਪ੍ਰਾਨ ਬਚ ਰਹੈਂ।
ਚਲੈਂ ਭਾਜ ਕੈ ਦਿਢ ਕਿਤ ਹੋਇਂ।
ਬਲੀ ਸਹਾਯਕ ਬਨਿ ਹੈ ਕੋਇ ॥੫॥
ਪੀਰ ਫਕੀਰ ਔਲੀਆ ਮਹਾਂ।
ਖੋਜਹੁ ਜੋ ਪ੍ਰਾਪਤ ਹੁਇ ਕਹਾਂ।
ਜਿਮ ਸੋ ਕਹੈ ਕਰੈਂ ਸੋ ਕਾਜਾ।
ਜਹਿਂ ਕਹਿਂ ਕਰਹੁ ਪਠਨ ਨਰ ਆਜਾ' ॥੬॥
ਸਭਿ ਮਹਿਂ ਨੰਦ ਲਾਲ ਤਬਿ ਕਹ੍ਯੋ।
'ਏਕ ਗੁਰੂ ਸਾਹਿਬ ਅਸ ਲਹ੍ਯੋ।
ਤਿਨ ਸਮ ਪ੍ਰਾਪਤਿ ਕਹੂੰ ਨ ਕੋਇ।
ਸਕਲ ਜਗਤ ਫਿਰਿ ਖੋਜਹੁ ਜੋਇ ॥੭॥
ਤੁਮ ਭੀ ਜਾਨਤਿ ਹੋ ਭਲਿ ਭਾਂਤੀ।

---

[1]ਪਿਉ ਮਰ ਗਿਆ ਤੇ.....।
[2]ਮੇਰਾ ਭਿਰਾ ਫੜਾਕੇ ਮੈਨੂੰ ਮਰਵਾ ਦੇਵੇਗਾ।

ਬਿਦਤ ਸਭਿਨਿ ਮਹਿਂ ਜਿਨ ਕਰਮਾਤੀ।
ਕ੍ਰਿਪਾ ਕਰਹਿਂ ਜੇ ਬਨਹਿਂ ਸਹਾਇ।
ਤੌਂ ਜਗ ਕੀ ਸਲਤਨ ਲਿਹੁ ਪਾਇ' ॥੮॥
ਸੁਨਤਿ ਬਹਾਦਰਸ਼ਾਹ ਅਨੰਦ।
ਕਹ੍ਯੋ 'ਕਿ ਨਿਸ਼ਚੈ ਸੋ ਜਗ ਬੰਦ[1]।
ਸੁਨਿ ਮੁਨਸ਼ੀ ਤੁਝ ਬਿਨ ਕੋ ਜਾਇ।
ਜਾਇ ਤ ਕੋ ਨਹਿਂ ਸਕਹਿ ਰਿਝਾਇ ॥੯॥
ਤੁਝ ਪਰ ਕ੍ਰਿਪਾ ਕਰਹਿਂ ਬਹੁਤੇਰੀ।
ਹਾਕਮ ਰਾਇ ਸੰਗ ਹੁਇ ਤੇਰੀ।
ਜਹਿਂ ਸਤਿਗੁਰੂ, ਪਹੁੰਚਿ ਬਿਨ ਦੇਰ।
ਕਰਿ ਕਾਰਜ ਸਿਧ ਆਵਹੁ ਫੇਰ' ॥੧੦॥
ਇੱਤ੍ਯਾਦਿਕ ਕਹਿ ਸੁਨਿ ਕਰਿ ਤ੍ਯਾਰੀ।
ਕਿਸ ਤੇ ਸੁਨੀ ਗੁਰੂ ਸੁਧ ਸਾਰੀ।
'ਰਜਪੂਤਨ ਕੇ ਦੇਸ਼ ਮਝਾਰਾ।
ਬਿਚਰਤਿ ਉਤ ਕੋ ਗਏ ਉਦਾਰਾ' ॥੧੧॥
ਹਾਕਮਰਾਇ ਸੰਗ ਨਿਜ ਲੀਨਾ।
ਨੰਦ ਲਾਲ ਗਮਨ੍ਯੋਂ ਜਿਤ ਚੀਨਾ।
ਮਾਰਿ ਬਘੌਰ ਸਿਵਰ ਕਿਯ ਜਹਾਂ।
ਪਹੁੰਚੇ ਤੂਰਨ ਕਰਤੇ ਤਹਾਂ ॥੧੨॥
ਬੈਠੇ ਸ਼੍ਰੀ ਪ੍ਰਭੁ ਬੀਚ ਦਿਵਾਨ।
ਭੇਟ ਅਨੇਕ ਲਏ ਮਿਲਿ ਆਨਿ।
ਚਰਨ ਕਮਲ ਪਰ ਸੀਸ ਟਿਕਾਇ।
ਪੁਨ ਸਭਿ ਬਿਨਤੀ ਦੀਨਿ ਸੁਨਾਇ ॥੧੩॥
'ਸ਼ਾਹੁ ਬਹਾਦਰ ਦਾਸ ਤੁਮਾਰਾ।
ਪਰ੍ਯੋ ਸ਼ਰਨ ਕਰ ਜੋਰਿ ਉਚਾਰਾ।
ਕ੍ਰਿਪਾ ਕਰਹੁ ਅਬਿ ਬਨਹੁਂ ਸਹਾਇ।
ਰਿਪੁ ਭ੍ਰਾਤਾ ਤੇ ਲੇਹੁ ਬਚਾਇ' ॥੧੪॥
ਇੱਤ੍ਯਾਦਿਕ ਬਿਨਤੀ ਸੁਨਿ ਕਰਿ ਕੈ।
ਸਹਿਜ ਸੁਭਾਇਕ ਬਾਕ ਉਚਰਿ ਕੈ।
ਹਮ ਸਲਤਨ ਜਗ ਕੀ ਦੇਂ ਤਾਂਹਿ*।

---

[1]ਨਿਸ਼ਚੇ ਉਹ ਜਗਤ ਦੇ ਬੰਦਨਾ ਜੋਗ ਹਨ।
*ਰਾਜ ਦੇਣ ਦਾ ਕਾਰਨ ਅੱਗੇ ਅੰਕ ੨੯, ੩੦ ਵਿਚ ਦੱਸਿਆ ਹੈ।

ਇਕ ਸੁਆਲ ਮਾਨਹਿ ਮਨ ਮਾਂਹਿ[1] ॥੧੫॥
ਨਿਜ ਪਿਤ ਕੇ ਸਮ ਹੋਇ ਨ ਕੂਰਾ।
ਤੌ ਕਾਰਜ ਇਸ ਕੋ ਹੁਇ ਪੂਰਾ।'
ਸੁਨਿ ਕੈ ਨੰਦ ਲਾਲ ਹਰਖਾਯੋ।
'ਧੰਨ ਗੁਰੂ' ਕਹਿ ਸੀਸ ਨਿਵਾਯੋ ॥੧੬॥
'ਕਹਜੋ ਆਪ ਕੋ ਮੈਂ ਸਭਿ ਕਹੌਂ।
ਮਾਨਹਿਂ ਸ੍ਵਾਲ, ਭਲੇ ਮੈਂ ਲਹੌਂ[2]।
ਅਬਿ ਤੌਂ ਜੀਵਨ ਕੀ ਨਹਿਂ ਆਸਾ।
ਜਾਉਂ ਸ਼ੀਘ੍ਰ ਭਾਖੌਂ ਤਿਸ ਪਾਸਾ' ॥੧੭॥
ਪ੍ਰਭੁ ਤੇ ਰੁਖਸਦ ਹੁਇ ਕਰਿ ਧਾਇ।
ਮਿਲੇ ਆਨਿ ਕਰਿ ਸਕਲ ਸੁਨਾਇ।
'ਇਸ ਬਿਧਿ ਭਯੋ ਬਾਕ ਲੇ ਮਾਨ।
ਲਿਖਿ ਦੀਜੈ ਅਪਨੇ ਅਬਿ ਪਾਨ[3] ॥੧੮॥
ਇਕ ਸੁਆਲ ਗੁਰ ਕਹੈਂ ਸੁ ਲੇਹਿ।
ਜਗ ਕੀ ਸਲਤਨ ਤੁਝ ਕੋ ਦੇਹਿਂ।'
ਮੁਰਸ਼ਿਦ ਏਕ ਬਹਾਦਰਸ਼ਾਹੂ।
ਸੋ ਬੂਝਤਿ ਭਾ ਸਭਿਕੇ ਮਾਹੂੰ ॥੧੯॥
'ਗੁਰ ਕੇ ਸੰਗ ਸੈਨ ਕਹੁ ਕੇਤੀ?
ਕਿਮ ਲੈ ਦੇਹਿਂ[4]? ਕਹੋ ਬਿਧਿ ਤੇਤੀ।'
ਨੰਦ ਲਾਲ ਨੇ ਕਹਿ ਸਮੁਝਾਯੋ।
'ਬਡ ਦਲ ਜਾਨਿ, ਜੁ ਬਾਕ ਅਲਾਯੋ ॥੨੦॥
ਗੁਰ ਸਮਰੱਥ ਚਹੈਂ ਸੋ ਕਰੈਂ।
ਭਰੇ ਰਿਤਾਵੈਂ ਰੀਤੇ ਭਰੈਂ[5]।
ਨਹਿਂ ਸੰਸੈ ਕਰੀਅਹਿ ਚਿਤ ਕੋਇ।
ਜਿਮ ਪ੍ਰਭੁ ਕਹੈ ਕਾਜ ਸੋ ਹੋਇ ॥੨੧॥
ਜੇ ਤਿਨ ਕੋ ਕਹਿਬੋ ਤੁਮ ਮਾਨੋਂ।
ਸਗਰੇ ਸੰਕਟ ਛਿਨ ਮਹਿਂ ਹਾਨੋਂ।
ਦੂਰੀ ਨਹੀਂ ਜਗ ਬਿਦਤਿ ਬਡਾਈ।

---

[1]ਭਾਵ ਇਕ ਗੱਲ ਪੂਰੀ ਕਰਨੀ ਮੰਨ ਲਵੇ।
[2]ਭਲੀ ਤਰ੍ਹਾਂ ਮੈਂ ਜਾਣਦਾ ਹਾਂ।
[3]ਹੱਥੀਂ।
[4](ਰਾਜ) ਕਿਵੇਂ ਲੈ ਦੇਣਗੇ।
[5]ਸੱਖਣੇ ਭਰਦੇ ਹਨ ਤੇ ਭਰੇ ਸੱਖਣੇ ਕਰ ਦੇਂਦੇ ਹਨ।

ਪੂਜਹਿਂ ਸਭਿ ਸ਼੍ਰੀ ਨਾਨਕ ਥਾਂਈ' ॥੨੨॥
ਕਹੈ ਬਦਾਦਰਸ਼ਾਹੁ 'ਸੁਨੀਜੈ।
ਅਬਿ ਕੇ ਗਮਨੋ ਨਿਰਨੈ ਕੀਜੈ।
ਇਕ ਸੁਆਲ ਮਾਨਹਿਂ[1] ਜਿਮ ਕਹੈਂ।
ਕਿਮ ਸਲਤਨ ਪ੍ਰਾਪਤਿ ਹਮ ਲਹੈਂ? ॥੨੩॥
ਸਗਰੋ ਭੇਤ ਬੂਝ ਕਰਿ ਲਜਾਉ।
ਕੌਨ ਕਾਜ ਕੋ ਕਰਹਿਂ ਬਨਾਉ।'
ਇਮ ਸੁਨਿ ਨੰਦ ਲਾਲ ਭਾ ਤਜਾਰ।
ਚਢਿ ਮਗ ਚਲਜੋ ਸ਼ੀਘ੍ਰਤਾ ਧਾਰਿ ॥੨੪॥
ਸ਼੍ਰੀ ਗੁਰ ਪਾਸ ਆਨਿ ਕਰਿ ਮਿਲੇ।
ਚਰਨ ਕਮਲ ਪਰ ਸਿਰ ਧਰਿ ਭਲੇ।
ਬੈਠੇ ਸਨਮੁਖ ਸਕਲ ਸੁਨਾਈ।
'ਕਜਾ ਕਰਤੱਬ ਸ਼ਾਹੁ ਬਨਿ ਆਈ ॥੨੫॥
ਜਿਮ ਫੁਰਮਾਵਹੁ ਮਾਨਹਿ ਸੋਇ।
ਲਰਿਬੇ ਕੀ ਜਿਹ ਸ਼ਕਤਿ ਨ ਕੋਇ।'
ਕ੍ਰਿਪਾ ਸਿੰਧੁ ਸੁਨਿ ਤਬਹਿ ਬਖਾਨਾ।
'ਧਰਿ ਧੀਰਜ ਬਨੀਯਹਿ ਸਵਧਾਨਾ ॥੨੬॥
ਬਨਹਿਂ ਨ ਦੇਸ਼ ਤਜਾਗ ਕਰਿ ਭਾਜਨ।
ਭਾਜੇ ਤੇ ਪ੍ਰਾਪਤਿ ਹੁਇ ਰਾਜ ਨ।
ਜੇ ਤਿਹ ਮਿਲਹਿ ਨ ਆਛੀ ਬਾਤ[2]।
ਸਮੁਝਿ ਲੇਹੁ ਨਿਜ ਪਿਤ ਕੀ ਭਾਂਤਿ ॥੨੭॥
ਪਿਤਾ ਭ੍ਰਾਤ ਸਭਿ ਕੀ ਕਰਿ ਹਾਨਿ।
ਕਰਿ ਕੈ ਜੋਰ ਭਯੋ ਸੁਲਤਾਨ।
ਤ੍ਰਿਤੀਆ ਬਾਤ ਲਰਨ ਕੀ ਅਹੈ।
ਯਾਂ ਤੇ ਸਲਤਨ ਕੋ ਇਹ ਲਹੈ ॥੨੮॥
ਇਨ ਘਰ ਕੀ ਪਤਿਸ਼ਾਹਤਿ ਸਾਰੀ।
ਨਾਸ਼ ਕਰੀ ਹਮ ਲਖਿ ਦੁਰਚਾਰੀ।
ਸ਼ਰਨ ਪਰਜੋ ਅਰੁ ਬਿਨੈ ਬਖਾਨੀ।
ਯਾਂ ਤੇ ਦੇਨਿ ਇਸੇ ਕੋ ਮਾਨੀ ॥੨੯॥
ਕਾਰਨ ਘਨੇ ਜਾਨਿ ਕਰਿ ਦਈ।

---
[1]ਅਸੀਂ ਮੰਨਾਂਗੇ।
[2]ਜੇ ਤਿਸ (ਤਾਰਾ ਆਜ਼ਮ ਨੂੰ ਜਾ ਕੇ) ਮਿਲੇਗਾ (ਤਾਂ ਭੀ) ਗੱਲ ਚੰਗੀ ਨਹੀਂ।

ਅਰੁ ਇਸ ਕੀ ਬਯ ਲਘੁ ਲਖਿ ਲਈ[1]।
ਪੀਛੇ ਸਗਰੀ ਪਾਇ ਬਿਨਾਸ਼ੀ[2]।
ਨਹਿਂ ਠਹਿਰਹਿ ਕਿਮ ਕੋ ਕਰਿ ਆਸੀ[3] ॥੩੦॥
ਸਨਮੁਖ ਰਣ ਕਰਿਬੇ ਬਹੁ ਤਜਾਰੀ।
ਕਰਿਵਾਵਹੁ ਲਿਹੁ ਸਲਤਨ ਸਾਰੀ।
ਤਾਰਾ ਆਜ਼ਮ ਕੋ ਹਮ ਮਾਰਹਿਂ।
ਪੁਨ ਸਭਿ ਮਿਲੈਂ ਤਖਤ ਬੈਠਾਰਹਿਂ[4] ॥੩੧॥
ਚਮੂੰ ਬਟੋਰਹੁ ਬਹੁ ਨਿਜ ਸੰਗ।
ਰਾਜ ਨ ਪ੍ਰਾਪਤਿ ਹੁਇ ਬਿਨ ਜੰਗ।
ਨਿਸ਼ਚਾ ਕਰਹੁ ਸਰਬ ਕੁਛ ਪਾਵਹੁ।
ਸ਼ੀਘ੍ਰ ਜਾਇ ਤਜਾਰੀ ਕਰਿਵਾਵਹੁ' ॥੩੨॥
ਸੁਨਿ ਕਰਿ ਨੰਦ ਲਾਲ ਸਭਿ ਗਾਥਾ।
ਚਰਨ ਸਰੋਜਨ ਪਰ ਧਰਿ ਮਾਥਾ।
ਗਯੋ ਤੁਰਤ ਜਹਿਂ ਹਜ਼ਰਤ ਨੰਦਨ।
ਉਤਰਿ ਪਹੂਚਜੋ ਕੀਨਸਿ ਬੰਦਨ ॥੩੩॥
ਗੁਰ ਕੀ ਕਹਿਵਤ ਸਕਲ ਸੁਨਾਈ।
'ਨਿਸ਼ਚੈ ਜਾਨਹੁਂ ਸਲਤਨ ਪਾਈ।
ਤੁਵ ਸਿਰ ਪਰ ਧਰਿ ਸ੍ਰੀ ਗੁਰ ਹਾਥਾ।
ਮਾਨਹੁਂ ਕਹਜੋ ਭਾਵਨੀ ਸਾਥਾ' ॥੩੪॥
ਸੁਨਤਿ ਬਹਾਦਰ ਸ਼ਾਹੁ ਬਖਾਨੈ।
'ਲਸ਼ਕਰ ਲਰਨ ਹੇਤੁ ਕਿਤ ਆਨੈਂ?
ਸ਼ੀਘ੍ਰ ਸਕੇਲਜੋ ਜਾਇ ਨ ਕੋਈ।
ਬਿਨ ਸੁਭਟ ਲਰਿਬੋ ਕਿਮ ਹੋਈ' ॥੩੫॥
ਬੋਲਜੋ ਨੰਦ ਲਾਲ 'ਸੁਨਿ ਲੇਹੋ।
ਜਿਮ ਗੁਰੂ ਭਾਖਜੋ ਤਥਾ ਕਰੇਹੋ।
-ਤਾਰਾ ਆਜ਼ਮ ਕੋ ਹਤਿ ਕਰਨੋ।
ਹਮ ਕਰਿਹੈਂ -ਸ੍ਰੀ ਗੁਰ ਇਮ ਬਰਨੋਂ ॥੩੬॥
ਤਿਸ ਪੀਛੇ ਲਸ਼ਕਰ ਬਹੁਤੇਰੋ।

---

[1]ਥੋੜੀ (ਬਾਕੀ ਰਹਿ ਗਈ) ਲਖੀ ਹੈ (ਅਸਾਂ ਨੇ)।
[2]ਸਾਰੀ ਪਾਤਸ਼ਾਹੀ ਨਾਸ਼ ਹੋ ਜਾਏਗੀ।
[3]ਠਹਿਰੇਗੀ ਨਹੀਂ (ਭਾਵੇਂ) ਕਿਵੇਂ ਕੋਈ ਆਸਾ ਪਿਆ ਕਰੇ, ਭਾਵ ਨਿਖੁੱਟਦੀ ਜਾਏਗੀ।
[4]ਫਿਰ ਸਾਰੇ (ਮੁਅੱਜ਼ਮ ਨੂੰ) ਆ ਮਿਲਣਗੇ ਤੇ ਤਖਤ ਤੇ ਬੈਠਾਲਣਗੇ।

ਬਿਨਾ ਸਕੇਲੇ ਸਭਿ ਹੁਇ ਤੇਰੋ।
ਬਿਜੈ ਕਰਨ ਕੋ ਭਾਰ ਬਿਸਾਲਾ।
ਸੋ ਸਭਿ ਪ੍ਰਭੁ ਕੋ ਹੈ ਸਭਿ ਕਾਲਾ ॥੩੭॥
ਬੀਚ ਖਰੋ ਹੋਨੋ ਤੁਵ ਕਾਜ।
ਇਮ ਕਰਿ ਨਿਸ਼ਚੈ ਲੀਜਹਿ ਰਾਜ।
ਭਾਜ ਚਲਨ ਕੈ ਮਿਲਿਬੇ ਮਾਂਹੀ।
ਸੰਕਟ ਬਨੈ ਲਖਹੁ ਸੁਖ ਨਾਂਹੀ ॥੩੮॥
ਤੁਵ ਜੀਵਨ ਮਹਿਂ ਸੰਸਾ ਹੋਇ।
ਯਾਂ ਤੇ ਤਯਾਗ ਦੇਹੁ ਮਤ ਦੋਇ।
ਲਰਨੋ ਸਨਮੁਖ ਹੀ ਬਨਿ ਆਵੈ।
ਜੋ ਜੁਝਹਿਂ[1] ਤੌ ਭਿਸਤ ਸਿਧਾਵੈਂ ॥੩੯॥
ਜੀਵਤ ਰਹੈਂ ਸ਼ਾਹੁ ਪਦ ਲੈ ਹੈਂ।
ਸ਼੍ਰੀ ਗੁਰ ਫਤੇ ਤੋਹਿ ਕੋ ਦੈ ਹੈਂ।'
ਇੱਤਯਾਦਿਕ ਕਹਿ ਧੀਰਜ ਦੀਨ।
ਸੈਨ ਸਕੇਲਨ ਜਿਤ ਕਿਤ ਕੀਨਿ ॥੪੦॥
ਕਰਯੋ ਕੂਚ ਸਨਮੁਖ ਤਿਹ ਆਵਤਿ।
ਗੁਰੂ ਭਰੋਸਾ ਧਰਤਿ ਸਿਧਾਵਤ।
-ਕੈ ਮਰਿ ਰਹੌਂ ਕਿ ਲੈ ਹੌਂ ਰਾਜ।
ਪ੍ਰਭੁ ਨਿਬਾਹੈਂਗੇ ਨਿਜ ਲਾਜ- ॥੪੧॥
ਚੰਬਲ ਸਲਿਤਾ ਕੋ ਚਲਿ ਪਰਯੋ।
ਨੰਦ ਲਾਲ ਕੋ ਬਹੁਰ ਉਚਰਯੋ।
'ਹਾਕਮ ਰਾਇ ਸੰਗ ਲੇ ਜਾਇ।
ਪ੍ਰਭੁ ਕੋ ਹਿਤ ਸਹਾਇਤਾ ਲਯਾਇ ॥੪੨॥
ਏਕ ਸੁਆਲ ਜੁ ਕਹੈਂ ਸੁ ਮਾਨੌਂ।
ਤਿਨਹੁਂ ਭਰੋਸੇ ਮੈਂ ਰਣ ਠਾਨੌਂ।'
ਸੁਨਿ ਕੈ ਨੰਦ ਲਾਲ ਪੁਨ ਆਯੋ।
ਨਮੋ ਕਰੀ ਸੁ ਪ੍ਰਸੰਗ ਸੁਨਾਯੋ ॥੪੩॥
'ਚਲਹੁ ਆਪ ਦਰਸ਼ਨ ਕੋ ਦੈਹੋ।
ਕਿਰਤਾਰਥ ਨਿਜ ਦਾਸ ਕਰੈ ਹੋ।
ਕਹਯੋ ਆਪ ਕੋ ਲੀਨਸਿ ਮਾਨਿ।
ਲਰਨ ਹੇਤੁ ਕਿਯ ਅੱਗ੍ਰ ਪਯਾਨ' ॥੪੪॥

---

[1] ਲੜ ਮਰੋ ਤਾਂ।

ਤਬਿ ਪ੍ਰਭੁ ਧਰਮ ਸਿੰਘ ਕੋ ਪ੍ਰੇਰੇ।
'ਪੰਚ ਸਿੰਘ ਲਿਹੁ ਸੰਗ ਬਡੇਰੇ।
ਜਾਹੁ ਬਹਾਦਰ ਸ਼ਾਹੁ ਬਿਜੈ ਦਿਹੁ।
ਅੰਗ ਸੰਗ ਰੱਛਕ ਹਮ ਤਿਹ ਕਹੁ ॥੪੫॥
ਭਿੜੇ ਭੇੜ ਗਨ ਕਰਹਿਂ ਸਹਾਇ।
ਤਾਰਾ ਆਜ਼ਮ ਕੋ ਹਮ ਘਾਇਂ।
ਧੀਰਜ ਸਹਿਤ ਸ਼ੱਤ੍ਰੂ ਸਨ ਲਰਿ ਕੈ।
ਬਿਜੈ ਕਰਹੁ ਗੁਨ ਗੁਰੂ ਸਿਮਰਿ ਕੈ ॥੪੬॥
ਸ਼ਾਹ ਬਹਾਦੁਰ ਕੋ ਸਮੁਝਾਵੋ।
-ਜਹਿਂ ਕਹਿਂ ਹਾਦਰ ਗੁਰੂ- ਬੁਝਾਵੋ।
ਸਿਮਰਹਿਂ ਪਹੁੰਚਹਿਂ ਕਰਹੁ ਨ ਸੰਸਾ।
ਲਿਹੁ ਸਲਤਨ ਰਿਪੁ ਭ੍ਰਾਤ ਬਿਧੁੰਸਾ[1]' ॥੪੭॥
ਸੁਨਿ ਆਗਜ਼ਾ ਪ੍ਰਭੁ ਕੀ ਚਲਿ ਪਰੇ।
ਸਨਧ ਬੱਧ ਘੋਰਨ ਪਰ ਚਰੇ।
ਨੰਦ ਲਾਲ ਕੋ ਪੁਨ ਸਮੁਝਾਯੋ।
ਮਾਨਿ ਬਾਕ ਤਿਨ ਸੀਸ ਨਿਵਾਯੋ ॥੪੮॥
'ਹਮ ਭੀ ਕੂਚ ਕਰਤਿ ਹੀ ਆਏ।
ਨ੍ਰਿਭੈ ਜਾਇ ਇਹ ਜੰਗ ਮਚਾਏ।'
ਸੁਨਿ ਕਰਿ ਗਮਨੇ ਬਿਲਮ ਬਿਹੀਨੇ।
ਸ਼ਾਹੁ ਬਹਾਦਰ ਜਿਤ ਕੋ ਚੀਨੇ ॥੪੯॥
ਮਿਲੇ ਸਿੰਘ ਸਭਿ ਗਾਥ ਸੁਨਾਈ।
ਪ੍ਰਭੁ ਜੀ ਆਏ ਕਰੀ ਚਢਾਈ।
ਸਿਮਰਨ ਤੇ ਹਾਜਰ ਜਹਿਂ ਕਹਾਂ।
ਜਗ ਮਹਿਂ ਪੂਰਨ ਜਾਨਹੁੰ ਮਹਾਂ ॥੫੦॥
ਸ਼ਰਧਾ ਧਰਹੁ ਭਰਮ ਕੋ ਤਜਾਗਹੁ।
ਹੋਤ ਭਾਵਨੀ ਕੋ ਫਲ ਪਾਗਹੁ[2]।'
ਨੰਦ ਲਾਲ ਕਹਿ ਕਰਿ ਸਮੁਝਾਯੋ।
ਨੀਠ ਨੀਠ ਕਰਿ ਮਨ ਠਹਿਰਾਯੋ ॥੫੧॥
ਰਣ ਮਹਿਂ ਦਰਸ਼ਨ ਦੇ ਕਰਿ ਤੋਹੀ।
ਹਤਹਿਂ ਸ਼ੱਤ੍ਰੂ ਕਾਰਜ ਸਭਿ ਹੋਹੀ।'

---

[1]ਵੈਰੀ ਭਰਾ ਮਾਰਿਆ ਜਾਏਗਾ ਤੇ ਰਾਜ ਤੈਨੂੰ ਮਿਲਸੀ।
[2]ਭਾਵਨਾਂ ਨੂੰ ਫਲ ਲਗਦਾ ਹੈ (ਸੋ ਭਾਵਨਾਂ ਵਿਚ) ਲੱਗੋ। (ਅ) ਪਾ-ਗਹੁ=ਚਰਨ ਫੜੋ, ਭਾਵ ਸ਼ਰਨ ਲਓ।

ਸੁਨਿ ਕਰਿ ਧਰਿ ਧੀਰਜ ਸੁਤ ਸ਼ਾਹੂ।
ਚਲ੍ਯੋ ਲਰਨ ਕੋ ਹੇਤ ਉਮਾਹੂ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ 'ਬਹਾਦਰ ਸ਼ਾਹੁ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

## ੪੧. [ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ]

੪੦<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੨

ਦੋਹਰਾ: ਸ਼ਾਹੁ ਬਹਾਦਰ ਸੈਨ ਕੋ ਮੁਜਰਾ ਲੀਨਿ ਬਨਾਇ[1]।
ਬਖਸ਼ੀ ਬਖਸ਼ਿਸ਼ ਦਰਬ ਬਹੁ ਅਰੁ ਆਯੁਧ ਸਮੁਦਾਇ ॥੧॥
ਚੌਪਈ: ਬਸਤ੍ਰ ਬਿਭੂਖਨ ਦੈ ਅਪਨਾਏ।
'ਆਗੈ ਮਨਸਬ ਕਰੌਂ ਸਵਾਏ।'
ਕਹਿ ਉਮਰਾਵਨਿ ਰਿਦੇ ਵਧਾਏ।
ਮਿਸਲ ਮਿਸਲ ਗਨ ਬੀਰ ਟਿਕਾਏ ॥੨॥
ਗੁਲਕਾਂ ਬਹੁ ਬਰੂਦ ਬਰਤਾਈ।
ਗਨ ਤੋਪੈਂ ਤਜਾਰੀ ਕਰਿਵਾਈ।
ਗਜ ਬਾਜੀ ਪੈਦਲ ਸੰਭਾਲੇ।
ਦਲ ਆਰਾਸਤ ਕੀਨ[2] ਬਿਸਾਲੇ ॥੩॥
ਦਿੱਲੀ ਤੇ ਬਾਹਰ ਹੀ ਰਹਜੋ।
-ਪ੍ਰਥਮ ਕਰੌਂ ਸੰਘਰ- ਚਿਤ ਚਹਜੋ।
ਸ਼ੁਤਰੀ, ਧੌਂਸੇ, ਧੱਗ ਬਜਾਈ।
ਕਰਜੋ ਕੂਚ ਦਰ ਕੂਚ ਅਗਾਈ ॥੪॥
ਚੰਬਲ ਸਲਿਤਾ ਤਟ ਕੋ ਚਾਹਾ।
-ਤਹਿਂ ਅਟਕਾਇ ਹਤੌਂ ਰਣ ਮਾਹਾਂ-।
ਉਤ ਤਾਰਾ ਆਜ਼ਮ ਬਨਿ ਸ਼ਾਹੂ।
ਬੈਠਿ ਤਖਤ ਉਮਰਾਵਨ ਮਾਂਹੂ ॥੫॥
ਬਾਈ ਲਾਖ ਸੈਨ ਸੰਭਾਰੀ।
ਦਸ ਹਜ਼ਾਰ ਤੋਪੈਂ ਬਡ ਭਾਰੀ।
ਲੇ ਪੰਚਾਸ ਹਜ਼ਾਰ ਜੰਬੂਰੇ।
ਬਖਸ਼ਿਸ਼ ਦਈ ਅਨਿਕ ਪਿਖਿ ਸੂਰੇ ॥੬॥
ਦੱਖਣਿ ਦੇਸ਼ ਸਗਲ ਅਪਨਾਯੋ।
ਸਭਿ ਪਰ ਅਪਨੋ ਹੁਕਮ ਟਿਕਾਯੋ।
ਭ੍ਰਾਤਾ ਕੀ ਸੁਨਿ ਕੈ ਸਭਿ ਬਾਤ।
ਕੋਪਜੋ ਅਧਿਕ ਰਿਦੇ ਗਰਬਾਤਿ ॥੭॥
ਸਕਲ ਚਮੂੰ ਕੀ ਮਿਸਲ ਨਿਹਾਰੀ।
ਕਹਿ ਉਮਰਾਵਨ ਕੀਯਸਿ ਤਜਾਰੀ।

---
[1]ਭਾਵ ਸਾਰੀ ਸੈਨਾ ਦੀ ਹਾਜ਼ਰੀ ਲੀਤੀ।
[2]ਭਾਵ ਤਿਆਰ ਕੀਤਾ [ਫਾ:, ਆਰਾਸਤਹ]।

ਗਜ ਬਾਜਨ ਪਰ ਪਾਖਰ ਪਾਈ।
ਚਢ੍ਯੋ ਆਪ ਗਨ ਬੰਬ ਬਜਾਈ ॥੮॥
ਦੱਖਣ ਤੇ ਕਰਿ ਕੂਚ ਹਮੇਸ਼ਾ।
ਆਵਤਿ ਚਲ੍ਯੋ ਸੁਨ੍ਯੋ ਜਿਸ ਦੇਸ਼ਾ।
ਗ੍ਰਾਮ ਨਗਰ ਬਨ ਉਲੰਘਤਿ ਆਏ।
ਲਸ਼ਕਰ ਦੀਰਘ ਨੀਰ ਸੁਕਾਏ[1] ॥੯॥
ਸ਼ਾਹ ਬਹਾਦਰ ਸੁਨਿ ਸੁਧਿ ਸਾਰੀ।
ਸੰਸੈ ਹੋਤਿ ਸੁਨਤਿ ਦਲ ਭਾਰੀ।
-ਮੋ ਤੇ ਦਸ ਗੁਨ ਤੇ ਅਧਿਕਾਈ।
ਤੋਪ ਜੰਬੂਰਨਿ ਜੁਤਿ ਸਮੁਦਾਈ ॥੧੦॥
ਲਸ਼ਕਰ ਅਲਪ ਅਹੈ ਸੰਗ ਮੇਰੇ।
ਗੁਰ ਬਚ ਪਰ ਬਿੱਸ੍ਵਾਸ ਬਡੇਰੇ।
ਅਪਰ ਉਪਾਇ ਨਹੀਂ ਅਬਿ ਕੋਈ।
ਇਕ ਅਲਾਹ ਅਵਲੰਬਹਿ ਹੋਈ ॥੧੧॥
ਹੈ ਥੋਰਨ ਕੀ ਮਦਤ ਖ਼ੁਦਾਇ।
ਯਾਂ ਤੇ ਨਿਸ਼ਚੈ ਮੁਰ ਮਨ ਆਇ-।
ਇਤ ਸ਼੍ਰੀ ਗੁਰ ਕਰਿ ਕੂਚ ਹਮੇਸ਼।
ਦਿੱਲੀ ਦਿਸ਼ਿ ਕੋ ਗਮਨ ਕਰੇ ਸੁ ॥੧੨॥
ਸੰਗ ਖਾਲਸਾ ਦਲ ਸਮੁਦਾਈ।
ਮਹਿਮਾਂ ਸੁਨਿ ਨਰ ਮਿਲਹਿਂ ਸੁ ਆਈ।
ਦਰਸ਼ਨ ਦੇਤੇ ਕਰਤਿ ਨਿਹਾਲ।
ਪੂਰਹਿਂ ਕਾਮਨਾ ਜਨਨਿ ਕ੍ਰਿਪਾਲ ॥੧੩॥
ਉਤ ਅਵਰੰਗ ਕੇ ਨੰਦਨ ਦੋਊ।
ਭਯੋ ਭੇਰ ਚੰਬਲ ਤਟ* ਸੋਊ।
ਦੂਹੂੰ ਦਿਸ਼ਿਨਿ ਤੇ ਬਜੇ ਨਗਾਰੇ।
ਰਣਸਿੰਙੇ ਬਡ ਸ਼ਬਦ ਉਠਾਰੇ ॥੧੪॥
ਲਸ਼ਕਰ ਪਰੇ ਕਰੇ ਅਰੁ ਅਰੇ[2]।
ਛੁਟੀ ਤੋਪ ਗਨ ਨਭ ਰਵ ਭਰੇ[3]।

---

[1]ਭਾਵ ਇੰਨਾਂ ਲਸ਼ਕਰ ਹੈ ਕਿ ਜਿੱਥੇ ਉਤਰਦਾ ਹੈ ਪਾਣੀ ਮੁੱਕ ਜਾਂਦਾ ਹੈ।
*ਇਹ ਜੰਗ ਤਾਰਾ ਆਜ਼ਮ ਤੇ ਬਹਾਦਰ ਸ਼ਾਹ ਦਾ ਧੌਲਪੁਰ ਦੇ ਪਾਸ ਵਾਰ 'ਜਾਜੂ' ਨਾਮੇ ਟਿਕਾਣੇ ਤੇ ਹੋਇਆ ਲਿਖਿਆ ਹੈ।
[2]ਲਸ਼ਕਰ ਦੇ ਪਰ੍ਹੇ ਬਣਾਏ ਦੇ ਅੱੜੇ।
[3]ਸ਼ਬਦ ਨਾਲ ਆਕਾਸ਼ ਭਰ ਗਿਆ।

ਧੂੰਮਧਾਰ[1+] ਪਸਰੀ ਇਕ ਬਾਰੀ।
ਨਹਿਂ ਦੀਖਤਿ ਦ੍ਰਿਗ ਪਾਨ ਪਸਾਰੀ[2] ॥੧੫॥
ਸ਼ਲਖ ਜਮੂਰਨ ਕੀ ਬਡ ਹੋਈ।
ਬਰਖਨ ਲਗੇ ਲੋਹ ਦਿਸ਼ਿ ਦੋਈ।
ਮਨਹੁਂ ਅਕਾਸ਼ ਫੂਟਿ ਗਿਰ ਪਰਜੋ।
ਭੀਖਣ ਸ਼ਬਦ ਭੂਮ ਨਭ ਭਰਜੋ ॥੧੬॥
'ਮਾਰ ਮਾਰ' ਕਹਿ ਰੌਰ ਉਠਾਯੋ।
ਇਮ ਸਗਰੋ ਦਿਨ ਜੰਗ ਮਚਾਯੋ।
ਕੇਚਿਤ ਬੀਰ ਤੁਰੰਗ ਸੰਘਾਰੇ।
ਰਵਿ ਅਸਤਜੋ ਤਜਿ ਭਏ ਕਿਨਾਰੇ ॥੧੭॥
ਸਿਵਰ ਕਰਜੋ ਚਹਿ ਖਾਨ ਰੁ ਪਾਨਾ।
ਤ੍ਰਿਪਤ ਹਤਜੋ ਸ਼੍ਰਮ ਭੇ ਸਵਧਾਨਾ।
ਜਾਗ੍ਰਤਿ ਸੋਵਤਿ ਰਾਤਿ ਬਿਤਾਈ।
ਸੌਚ ਸ਼ਨਾਨੇ ਦਲ ਸਮੁਦਾਈ ॥੧੮॥
ਚਢੇ ਲਰਨ ਕੇ ਹੇਤੁ ਬਹੋਰੀ।
ਛੁਟਹਿਂ ਸ਼ਬਦ ਬਡ ਗੋਰਾ ਗੋਰੀ।
ਹਯ ਧਵਾਇ ਕਰਿ ਤਜੈਂ ਤੁਫੰਗੈਂ।
ਤੀਰ ਪ੍ਰਹਾਰਹਿਂ ਫੋਰਤਿ ਅੰਗੈਂ ॥੧੯॥
ਨੇਜੇ ਬੰਬਲਿਆਲ[3] ਭ੍ਰਮਾਵੈਂ।
ਮਿਲਹਿਂ ਪਰਸਪਰ ਆਯੁਧ ਘਾਵੈਂ।
ਅੰਧ ਧੁੰਧ ਪਰਿ ਗਯੋ ਬਿਸਾਲਾ।
ਸ਼ੁਤਰਨਾਲ ਘੁੜਨਾਲ ਕਰਾਲਾ[4] ॥੨੦॥
ਇਮ ਹੁਇ ਜੰਗ ਹਟੇ ਦਲ ਦੋਊ।
ਨਿਜ ਬਿੱਸ੍ਰਾਮ ਕੀਨਿ ਸਭਿ ਕੋਊ।
ਹੋਤਿ ਪ੍ਰਾਤ ਉਠਿ ਬਜੇ ਨਗਾਰੇ।
ਜੋਧਾ ਸੁਨਤਿ ਸਨਧਬੱਧ ਸਾਰੇ ॥੨੧॥
ਦਲ ਮੁਕਾਬਲੇ ਦੋਨਹੁਂ ਭਏ।

---

[1]ਧੂੰਏਂ ਦੀ ਧਾਰਾ। (ਅ) ਡੰਡ ਰੌਲਾ।
[+]ਪਾ:-ਧੂੰਮਧਾਮ।
[2]ਹੱਥ ਪਸਾਰਿਆ ਨਹੀਂ ਦਿੱਸਦਾ।
[3]ਬੰਬਲਾਂ ਵਾਲੇ ਨੇਜ਼ੇ।
[4]ਊਠ ਤੇ ਰੱਖਕੇ ਚਲਾਈ ਜਾਣ ਵਾਲੀ ਵੱਡੀ ਬੰਦੂਕ 'ਸ਼ੁਤਰ ਨਾਲ' ਤੇ ਘੋੜੇ ਪੁਰ ਚਲਾਈ ਜਾਣ ਵਾਲੀ 'ਘੁੜਨਾਲ'।

ਹਮਲੇ ਕਰਤਿ ਸ਼ਸਤ੍ਰ ਭਟ ਘਏ।
ਤਾਰਾ ਆਜ਼ਮ ਕੋ ਬਡ ਲਸ਼ਕਰ।
ਪਰਜੋ ਧਾਇ ਕਰਿ ਘਾਵਨ ਕਰਿ ਕਰਿ ॥੨੨॥
ਆਪ ਬਹਾਦਰ ਚਢਜੋ ਲਰਨ ਕੋ।
ਉਤ ਆਜ਼ਮ ਪਹੁੰਚਜੋ ਪਿਖਿ ਰਨ ਕੋ।
ਜੁਗ ਭ੍ਰਾਤਾ ਨੇ ਜੰਗ ਪਵਾਇ।
ਛੁਟਹਿਂ ਤੁਫੰਗ ਤੋਪ ਸਮੁਦਾਇ ॥੨੩॥
ਗਜ ਪਰ ਹੁਤੋ ਬਹਾਦਰ ਰਾਇ।
ਧਰਮ ਸਿੰਘ ਕੋ ਨਿਕਟ ਬਿਠਾਇ।
ਗੁਰ ਗਾਥਾ ਕੋ ਮੁਖਹੁਂ ਉਚਾਰੈ।
ਹੋਤਿ ਦੂਰ ਲਗਿ ਜੰਗ ਨਿਹਾਰੈ ॥੨੪॥
ਦੁਇ ਦਿਸ਼ ਤੇ ਹਮਲੇ ਹੁਇਂ ਘਨੇ।
ਸੁਭਟ ਪਰਸਪਰ ਆਯੁਧ ਹਨੇ।
ਤਬਿ ਚਿਤਵਜੋ ਚਿਤ -ਬਡੇ ਲਰਹਿਂਗੇ।
ਬਿਜੈ ਭਈ ਗੁਰ ਸ੍ਵਾਲ ਕਰੈਂਗੇ ॥੨੫॥
ਮਹਾਂ ਬਿਖਮ ਤੌਂ ਦਿਯੋ ਨ ਜਾਈ।
ਹੁਇ ਸੁਖੇਨ ਮੈਂ ਦੇਉਂ ਬਨਾਈ।
ਨਾਂਹਿ ਤ ਟਾਰਹੁਂਗੋ ਜਬਿ ਕਹੈਂ-।
ਇਸ ਪ੍ਰਕਾਰ ਮਨ ਰਨ ਕੋ ਲਹੈ ॥੨੬॥
ਹਮਲਾ ਭਯੋ ਸੈਨ ਸਮੁਦਾਯਾ।
ਸ਼ਾਹੁ ਬਹਾਦਰ ਛੋਰਿ ਪਲਾਯਾ।
ਭਾਜੇ ਸੁਭਟ ਧੀਰ ਨਹਿਂ ਧਰਿਈ।
ਅਧਿਕ ਪ੍ਰਬਲ ਦਲਾ ਕਜਾ ਰਣ ਕਰਿਈ ॥੨੭॥
ਸੰਧਜਾ ਕੌਂ ਉਤਰਜੋ ਬਿਚ ਡੇਰੇ।
ਸੰਕਟ ਤੇ ਉਰ ਚਿੰਤ ਘਨੇਰੇ।
ਨੰਦ ਲਾਲ ਕੋ ਲੀਨਿ ਬੁਲਾਇ।
ਕਹਜੋ 'ਗੁਰੂ ਢਿਗ ਤੂਰਨ ਜਾਇ ॥੨੮॥
ਕਦਮ ਪਦਮ ਕੋ ਨਮੋ ਕਰੇਹੁ।
ਮੇਰੋ ਸਕਲ ਪ੍ਰਸੰਗ ਸੁਨੇਹੁ।
-ਆਪ ਸੰਗ ਮਮ ਪਿਤਾ ਬਿਗਾਰੀ।
ਸੋ ਅਪਰਾਧੀ ਲੇਹੁ ਬਿਚਾਰੀ ॥੨੯॥
ਮੈਂ ਗ਼ੁਲਾਮ ਸਮ ਰਾਵਰ ਕੇਰਾ।

ਤੁਮ ਬਚ ਪਰ ਬਿਸ਼ਵਾਸ ਬਡੇਰਾ।
ਜਿਸ ਕੋ ਸੁਨਿ ਰਣ ਮੰਡਜੋ ਆਇ।
ਨਤ ਮੈਂ ਕਹਾਂ ਨ ਕੁਛ ਬਨਿ ਆਇ ॥੩੦॥
ਕਹੂੰ ਪਲਾਯ ਬਲਾਇਤ ਜਾਤਿ।
ਜੀਵਤਿ ਸੁਖ ਸੋਂ ਖਾਨਾ ਖਾਤਿ।
ਤੁਮਰੇ ਕਹੇ ਆਨਿ ਕਰਿ ਲਰਜੋ।
ਨਾਹਕ ਪਹੁੰਚਿ ਇਹਾਂ ਮੈਂ ਮਰਜੋ ॥੩੧॥
ਤੁਮਰੀ ਨਹਿਂ ਸਹਾਇਤਾ ਪਾਈ।
ਹਤਿ ਭ੍ਰਾਤਾ[1], ਜੈ ਕਿਮ ਕਰ ਆਈ।
ਦਸ ਗੁਨ ਅਧਿਕ, ਮਰਹਿਂ ਕਿਮ ਮਾਰੇ?
ਬਲਿ ਨਿਰਬਲਿ ਉਰ ਸਕਲ ਬਿਚਾਰੇ[2] ॥੩੨॥
ਮਾਨਜੋਂ ਕੇਵਲ ਬਾਕ ਤੁਮਾਰੋ।
ਬਹੁਰ ਨ ਹਿਰਦੈ ਕਛੂ ਬਿਚਾਰੋਂ।
ਕਜੋਂ ਨ ਕਰਤਿ ਹੋ ਆਨਿ ਸਹਾਇ?
ਤੁਮ ਅਲੰਬ, ਨਹਿਂ ਆਨ ਉਪਾਇ ॥੩੩॥
ਪਿਤ ਕੋ ਦੋਸ਼ ਨ ਮੋ ਪਰ ਧਰੀਅਹਿ।
ਬਿਰਦ ਜਾਨਿ ਸੁਭ ਰੱਛਾ ਕਰੀਅਹਿ।'
ਸੁਨਿ ਕੈ ਨੰਦ ਲਾਲ ਚਢਿ ਗਯੋ।
ਸ਼ੀਘ੍ਰ ਪਹੁੰਚਿ ਗੁਰ ਦਰਸ਼ਨ ਕਯੋ ॥੩੪॥
ਨਮੋ ਕੀਨਿ ਬਿਰਤਾਂਤ ਸੁਨਾਯੋ।
'ਸ਼ਾਹ ਬਹਾਦਰ ਬਹੁ ਦੁਖ ਪਾਯੋ।
ਚਹਿਤ ਆਪ ਕੀ ਅਬਹਿ ਸਹਾਇ।
ਕਰਹੁ ਕ੍ਰਿਪਾ ਦਿਹੁ ਬਿਜੈ ਉਪਾਇ' ॥੩੫॥
ਸੁਨਿ ਸਤਿਗੁਰੂ ਉਚਾਰਨ ਕਰੀ।
'ਚਢਜੋ ਜੰਗ ਉਰ ਤਿਸ ਕੇ ਫੁਰੀ।
-ਗੁਰ ਕੋ ਸ੍ਵਾਲ ਬਿਖਮ ਨਹਿਂ ਦੈ ਹੌਂ।
ਹੋਹਿ ਸੁਗਮ ਸੋ ਸੁਨਤਿ ਕਰੈ ਹੌਂ- ॥੩੬॥
ਯਾਂ ਤੇ ਹੋਤਿ ਪਰਾਜੈ ਤਾਂਹਿ।
ਡੋਲਜੋ ਸਿਦਕ ਨ ਦਿਢ ਉਰ ਮਾਂਹਿ।
ਜੇ ਸਾਬਤ ਅਪਨੋ ਮਨ ਕਰੈ।

---

[1]ਭਰਾ ਨੂੰ ਮਾਰਕੇ।
[2](ਆਪ ਨੂੰ) ਨਿਰਬਲੀ ਤੇ (ਉਹਨਾਂ ਨੂੰ) ਬਲੀ, ਦਿਲ ਵਿਚ ਸਾਰੀ ਗੱਲ ਵਿਚਾਰਦਾ ਹਾਂ।

ਤਬਿ ਸਹਾਇਤਾ ਲੇ ਰਿਪੁ ਹਰੈ ॥੩੭॥
ਹਮ ਕੋ ਰਹ੍ਯੋ ਨਹੀਂ ਇਤਬਾਰ।
ਫਿਰਿ ਜੈ ਹੈ ਨਿਜ ਕਾਜ ਸੁਧਾਰਿ।
ਯਾਂ ਤੇ ਅਬਿ ਲਿਖਿ ਦੇ ਕਰ ਸੰਗ[1]।
-ਏਕ ਸ੍ਵਾਲ ਮੈ ਦੇਹੁਂ ਅਭੰਗ- ॥੩੮॥
ਨਿਜ ਮਾਤੁਲ ਕੋ ਪਠੈ ਇਥਾਇੰ[2]।
ਲਿਖਤ ਆਪਨੀ ਦੇਹਿ ਪੁਚਾਇ।
ਗੁਰ ਕੀ ਪੁਨ ਸਹਾਇਤਾ ਪਾਇ।
ਲਿਹੁ ਸਲਤਨ ਸ਼ੱਤ੍ਰੂ ਗਨ ਘਾਇ ॥੩੯॥
ਤਾਰਾ ਆਜ਼ਮ ਕੋ ਹਮ ਮਾਰੈਂ।
ਤਖਤ ਬਹਾਦਰ ਸ਼ਾਹ ਬਿਠਾਰੈਂ।
ਪੀਛੇ ਤੇ ਕਰਿ ਪੂਰਨ ਸ੍ਵਾਲ।
ਲਗੀ ਬਿਲਮ ਯਾਂ ਤੇ ਨੰਦ ਲਾਲ!' ॥੪੦॥
ਸੁਨਿ ਕਰਿ ਹਾਥ ਬੰਦਿ ਪਦ ਬੰਦੇ।
'ਸ੍ਰੀ ਪ੍ਰਭੁ! ਤੁਮ ਸਭਿ ਥਾਨ ਬਸੰਦੇ।
ਘਟਿ ਘਟਿ ਕੇ ਨਿਤ ਅੰਤਰਜਾਮੀ।
ਕ੍ਯੋਂ ਨਹਿਂ ਜਾਨਹੁਂ ਤਿਸ ਉਰ ਖਾਮੀ ॥੪੧॥
ਮੈਂ ਆਛੇ ਅਬਿ ਕਰਿ ਤਹਿਕੀਕ।
ਮੇਟੌਂ ਤਿਸ ਕੀ ਜੋ ਭ੍ਰਮ ਲੀਕ।'
ਇਮ ਕਹਿ ਤੂਰਨ ਚਢ੍ਯੋ ਸਿਧਾਇ।
ਸ਼ੀਘ੍ਰ ਪਹੂਚ੍ਯੋ ਉਤਰ੍ਯੋ ਜਾਇ ॥੪੨॥
ਮਿਲ੍ਯੋ ਬਹਾਦਰ ਸ਼ਾਹੁ ਸੁਨਾਯੋ।
'ਕਰਤਿ ਜੰਗ ਸੰਕਲਪ ਉਠਾਯੋ।
-ਬਿਖਮ ਸ੍ਵਾਲ ਮੈਂ ਦੈਹੌਂ ਨਾਂਹੀ-।
ਸੋ ਸਭਿ ਲਖੀ ਪ੍ਰਭੂ ਮਨ ਮਾਂਹੀ ॥੪੩॥
ਅਬਿ ਚਾਹਤਿ ਗੁਰ ਲਿਖਤ ਤੁਮਾਰੀ।
ਮਾਤੁਲ ਭੇਜੋ ਸੰਗ ਉਚਾਰੀ।
ਖਾਤਰ ਜਮਾਂ ਕਰਹੁ ਤਿਨ ਕੇਰੀ।
ਬਹੁਰ ਬਿਜੈ ਰਿਪੁ ਤੇ ਹੁਇ ਤੇਰੀ' ॥੪੪॥
ਸੁਨਿ ਕੈ ਸ਼ਾਹੁ ਰਿਦੈ ਬਿਸਮਾਦਾ।

---

[1]ਇਸ ਲਈ ਹੁਣ ਲਿਖ ਦੇਵੇ (ਆਪਣੇ) ਹੱਥ ਨਾਲ।
[2]ਆਪਣੇ ਮਾਮੇ ਨੂੰ ਏਥੇ ਭੇਜੇ।

ਸਮਰਥ, ਗੁਰੁ ਕੋ ਲਖਿ ਅਹਿਲਾਦਾ।
-ਮਨ ਕੀ ਜਾਨਿ ਲਈ ਸਭਿ ਬਾਤ।
ਅਬਿ ਸਹਾਇ ਹੁਇ ਹੈ ਦੇ ਦਾਤ- ॥੪੫॥
ਨਿਜ ਕਰ ਕੀ ਤਬਿ ਲਿਖਤ ਪਠਾਈ।
'ਏਕ ਸ੍ਵਾਲ ਮੈਂ ਦੇਉਂ ਬਨਾਈ।'
ਹਾਕਮ ਰਾਇ ਪਠ੍ਯੋ ਅਰੁ ਮਾਤੁਲ।
ਕਹਿ ਬਿਨਤੀ 'ਬਖਸ਼ਹੁ ਜਨਤਾ ਤੁਲ[1]' ॥੪੬॥
ਬੇਗਵੰਤ ਬਾਹਨ ਚਢਿ ਗਏ।
ਗੁਰ ਢਿਗ ਆਇ ਸ਼ੀਘ੍ਰ ਦਰਸਏ।
ਬੰਦਨ ਕਰਿ ਪੁਨ ਸਕਲ ਸੁਨਾਈ।
'ਬਖਸ਼ਹੁ ਭੂਲ ਤੁਮੇ ਬਨਿ ਆਈ ॥੪੭॥
ਮੁਹਰ ਆਪਨੀ ਦਈ ਲਗਾਇ।
ਇਸ ਮਹਿਂ ਸੰਸੈ ਕੋਇ ਨ ਪਾਇ।
ਜਾਨਿ ਗ਼ੁਲਾਮ ਸਹਾਇ ਕਰੀਜੈ।
ਬਿਜੈ ਕ੍ਰਿਪਾ ਧਰਿ[2] ਸਲਤਨ ਦੀਜੈ' ॥੪੮॥
ਦੇਖਿ ਦੀਨ ਨਿਜ ਬਿਰਦ ਸੰਭਾਰਾ।
ਹਿਤ ਧੀਰਜ ਕੇ ਬਾਕ ਉਚਾਰਾ।
'ਅਬਿ ਤੁਮ ਜਾਹੁ ਚਢਾਵਹੁ ਸ਼ਾਹੂ।
ਹਮ ਦਰਸ਼ਨ ਦੈ ਹੈਂ ਰਣ ਮਾਂਹੂ ॥੪੯॥
ਤਾਰਾ ਆਜ਼ਮ ਕੋ ਹਮ ਮਾਰੈਂ।
ਕੁਛ ਉਮਰਾਵ ਸਮੇਤ ਬਿਦਾਰੈਂ।
ਜਬਿ ਕੁਛ ਚਿੰਨ੍ਹ ਲਖਹੁ ਇਸ ਰੀਤਿ।
ਹਟਹੁ ਲਰਨ ਤੇ ਹੁਇ ਨਿਰਭੀਤ ॥੫੦॥
[3]ਜੁਗ ਭ੍ਰਾਤਾ ਕੋ ਅਬਿ ਕੇ ਜਾਵਹੁ।
ਰਣ ਮੁਕਾਬਲਾ ਭਲੇ ਕਰਾਵਹੁ।
ਤਾਰਾ ਆਜ਼ਮ ਮਰ੍ਯੋ ਲਖੀਜੈ।
ਨ੍ਰਿਭੈ, ਨਚਿੰਤ ਜੰਗ ਕੋ ਕੀਜੈ ॥੫੧॥
ਨਹਿਂ ਕਾਇਰ ਹੁਇ ਸੁਕਚਹੁ ਤਹਾਂ।
ਧਰਿ ਉਤਸਾਹੁ ਪਿਖਹੁ ਰਨ ਮਹਾਂ।'

---

[1]ਦਾਸ ਵਾਂਙ (ਜਾਣਕੇ)
[2]ਜੈ ਕਰਕੇ।
[3]ਹੁਣ ਜਾਓ ਤੇ ਦੁਹਾਂ ਭਰਾਵਾਂ ਦਾ ਚੰਗੀ ਤਰ੍ਹਾਂ ਮੁਕਾਬਲਾ ਰਣ ਵਿਚ ਕਰਵਾਓ।

ਸੁਨਿ ਕੈ ਸਤਿਗੁਰ ਕੇ ਬਚ ਆਛੇ।
ਕਰਿ ਅਭਿਬੰਦਨ ਚਲਿਬੋ ਬਾਛੇ ॥੫੨॥
ਲਿਖਤ ਪ੍ਰਭੂ ਕੇ ਆਗੇ ਧਰੀ।
ਚਢਿ ਕਰਿ ਚਾਲੇ ਤੂਰਨ ਕਰੀ।
ਉਲੰਘਿ ਪੰਥ ਚੰਬਲ ਤਟ ਆਏ।
ਮਿਲੇ ਸ਼ਾਹੁ ਸੰਗ ਸਕਲ ਸੁਨਾਏ ॥੫੩॥
'ਹੋਤਿ ਪ੍ਰਾਤ ਕੇ ਸੰਸੈ ਤਜਾਗਹੁ।
ਕਰਿ ਮੁਕਾਬਲਾ ਲਰਿਬੇ ਲਾਗਹੁ।
ਮਿੱਥਜਾ ਹੋਹਿ ਨ ਗੁਰ ਕੋ ਕਹਜੋ।
ਅਬਿ ਤੌਂ ਪਤਾ ਭਲਾ ਤੁਮ ਲਗਜੋ' ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

## ੪੨. [ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ]

੪੧<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੩

ਦੋਹਰਾ: ਕਰਿ ਮਸਲਤ ਨਿਸ ਮਹਿਂ ਸਕਲ, ਤਜਾਰੀ ਕੀਨਿ ਬਨਾਇ।
ਹੋਤਿ ਪ੍ਰਾਤ ਕੇ ਤੁਰਤ ਹੀ, ਬਾਦਿਤ ਉਠੇ ਬਜਾਇ ॥੧॥
ਚੌਪਈ: ਤੋਪੈਂ ਸ਼ੁਰੂ ਚਲਾਵਨਿ ਕਰੀ।
ਚਢੇ ਦੁਊ ਦਲ ਰਿਸ ਉਰ ਧਰੀ।
ਬਾਜੇ ਸ਼ੁਤਰੀ ਪਟਹ ਨਗਾਰੇ।
ਭੇਰਿ ਭੂਖਨਾ ਭੂਰ ਭੁੰਕਾਰੇ[1] ॥੨॥
ਸ਼ਬਦ ਤੁਫੰਗ ਤੋਪ ਕੋ ਔਰ।
ਭਟ ਗਨ ਬੋਲਜੋ ਘਾਲਜੋ ਰੌਰ।
ਅੰਧ ਧੁੰਧ ਬ੍ਰਿੰਦ ਧੂਮ ਧਾਰ ਨਭ।
ਧੂਰ ਉਡੀ ਆਛਾਦਤਿ ਹ੍ਵੈ ਸਭਿ ॥੩॥
ਤੋਮਰ ਤੀਰ ਤਰਾਤਰ ਚੱਲੇ।
ਬਾਰਿ ਬਾਰਿ ਰਿਪੁ ਘਾਲਤਿ ਹੱਲੇ।
ਉਤ ਤਾਰਾ ਆਜ਼ਮ ਰਿਸ ਧਰਿ ਕੈ।
ਪ੍ਰੇਰਜੋ ਲਸ਼ਕਰ ਊਚ ਉਚਰਿ ਕੈ ॥੪॥
'ਕਹਾਂ ਭਯੋ ਤੁਮ ਕੋ ਉਮਰਾਉ!
ਬੈਠਤਿ ਸਭਾ ਬਕਤਿ ਗਰਬਾਉ[2]।
ਬਡੇ ਬਡੇ ਮਨਸਬ ਤੁਮ ਪਾਏ।
ਨਿਮਕ ਹਰਾਮ ਕਾਮ ਨਹਿਂ ਆਏ ॥੫॥
ਕਹਾਂ ਅਲਪ ਰਿਪੁ ਕੋ ਦਲ ਅਹੈ।
ਲਰਿ ਲਰਿ ਤੁਮਰੀ ਸਮਤਾ ਲਹੈ।
ਲਸ਼ਕਰ ਕਹਾਂ ਆਪਨੋ ਘਨੋ।
ਜਿਸ ਤੇ ਕਾਜ ਨ ਕਿੰਚਤ ਬਨੋ ॥੬॥
ਪਜਾਰੇ ਪ੍ਰਾਨ ਕਿ ਤਿਹ ਸੋਂ ਮਿਲੇ[3]?
ਹੇਰਹੁ ਅਲਪ ਸੁ ਆਵਤਿ ਪਿਲੇ[4]।'
ਸਕਲ ਸੈਨਪਤਿ ਡਾਟਨ ਕਰੇ।
ਕਹਿ ਕਹਿ ਪਠਜੋ ਜਹਾਂ ਜਹਿਂ ਖਰੇ ॥੭॥
ਇੱਤਜਾਦਿਕ ਕਹਿ ਸੁਨਿਬੋ ਹੋਵਾ।

---

[1]ਭੇਰੀਆਂ ਦਾ ਬਹੁਤ ਭਿਆਨਕ ਸ਼ਬਦ ਹੋਇਆ।
[2]ਸਭਾ ਵਿਚ ਬੈਠਕੇ ਹੰਕਾਰ ਨਾਲ ਬਕਦੇ ਸੀ।
[3]ਪ੍ਰਾਣ ਪਿਆਰੇ ਕੀਤੇ ਨੇ ਕਿ ਉਸ (ਮੇਰੇ ਵੈਰੀ) ਨਾਲ ਮਿਲ ਗਏ ਹੋ।
[4]ਦੇਖੋ ਉਹ ਥੋੜੇ ਹੀ (ਹਨ, ਫੇਰ) ਦਬਾਈ ਆਂਵਦੇ ਹਨ।

ਲਸ਼ਕਰ ਕੇ ਪ੍ਰੇਰਨ ਹਿਤ ਜੋਵਾ।
ਹਮਲਾ ਸਭਿ ਉਮਰਾਵਨ ਚਾਹਾ।
ਫਿਰੜੋ ਨਕੀਬ ਭਨਤਿ ਰਣ ਮਾਹਾ ॥੮॥
ਲਾਖਹੁੰ ਲਸ਼ਕਰ ਉਮਡਜੋ ਐਸੇ।
ਸਾਗਰ, ਜੁਤਿ ਜਲਜੰਤੁਨਿ ਜੈਸੇ।
ਦੁਰਦ ਨੱਕ੍ਰ[1] ਹਯ ਮਕਰ ਅਕਾਰਾ[2]।
ਧੁਖਹਿਂ ਪਲੀਤੇ ਬੜਵਾ ਝਾਰਾ[3] ॥੯॥
ਸਫਰੀ ਅਲਪ ਅਖਿਲ ਕਰਵਾਰੈ[4]।
ਪੈਦਲ ਗਨ ਜਲ ਜੀਵ ਹਜ਼ਾਰੇ।
ਤਜਿ ਬੇਲਾ ਮਿਰਯਾਦ ਬਿਸਾਲਾ[5]।
ਫੈਲਜੋ ਮਹਾਂ ਬੇਗ ਤੇ ਜਾਲਾ[6] ॥੧੦॥
ਬਡੋ ਤੋਪਖਾਨਾ ਤਬਿ ਚਾਲਾ।
ਛੁਟੇ ਜੰਬੂਰੇ ਸ਼ਬਦ ਕਰਾਲਾ।
ਤੜਭੜ ਤੁਪਕਨ ਕੀ ਬਡ ਹੋਈ।
ਮਾਰੇ ਗੋਰਨਿ ਉਡਿਗੇ ਕੋਈ ॥੧੧॥
ਸ਼ਾਹੁ ਬਹਾਦਰ ਕੋ ਦਲ ਹਾਲਾ।
ਡਰਪਜੋ ਉਰ[*] ਅਵਿਲੋਕਿ ਬਿਸਾਲਾ[7]।
ਧਰਮ ਸਿੰਘ ਬੈਠਜੋ ਪਿਛਵਾਰੇ।
ਤਿਹ ਸੋਂ ਗੁਰ ਕੀ ਗਾਥ ਉਚਾਰੇ ॥੧੨॥
'ਮੈਂ ਪ੍ਰਭੁ ਬਾਕਨਿ ਕਰਿ ਵਿਸ਼ਵਾਸ਼ਾ।
ਲਰਿਬੇ ਲਗਜੋ ਰਾਜ ਧਰਿ ਆਸ਼ਾ।
ਨਤੁ ਮੈਂ ਕਹਾਂ ਕਹਾਂ ਮਮ ਭਾਈ।
ਜਿਹ ਸਮੀਪ ਸਗਰੀ ਪ੍ਰਭੁਤਾਈ[8] ॥੧੩॥
ਅਰਜੋ ਲਰਜੋ ਅਬਿ ਲੌ ਅਗਵਾਈ।

---

[1]ਹਾਥੀ ਤੰਦੂਏ ਹਨ ਮਾਨੋਂ।
[2]ਘੋੜੇ ਮੱਛਾਂ ਵਾਂਗ ਹਨ।
[3]ਸਮੂਹ ਧੁਖਦੇ ਪਲੀਤੇ ਮਾਨੋਂ ਬੜਵਾ ਅਗਨੀ ਹੈ।
[4]ਸਮੂਹ ਤਲਵਾਰਾਂ ਛੋਟੀਆਂ ਮੱਛੀਆਂ ਹਨ।
[5]ਮ੍ਰਿਯਾਦਾ ਰੂਪ ਕਿਨਾਰਿਆਂ ਨੂੰ ਤਿਆਗਕੇ।
[6](ਫੌਜ ਦਾ ਧਾਵੇ ਵਿਚ) ਬਹੁਤਾ (ਉਮਡ ਪੈਣਾ ਐਉਂ ਹੈ ਮਾਨੋਂ) ਬੜੇ ਬੇਗ ਨਾਲ ਜਲ ਫੈਲ ਗਿਆ ਹੈ। [ਜਾਲਾ ਤੋਂ ਏਥੇ ਮੁਰਾਦ 'ਜਲ' ਹੈ]।
[*]ਪਾ:-ਉਠ।
[7](ਦੂਜੇ ਪਾਸੇ ਦਾ) ਬਹੁਤ (ਲਸ਼ਕਰ) ਦੇਖਕੇ ਦਿਲ ਵਿਚ ਡਰਿਆ।
[8]ਐਸ਼੍ਵਰਜ। ਮਾਲਕੀ।

ਸਤਿਗੁਰ ਭਏ ਨ ਆਨਿ ਸਹਾਈ।
ਅਸ ਨਹਿਂ ਹੋਹਿ ਦਲੇਰੀ ਦੈ ਕੈ।
ਮੁਝ ਮਰਿਵਾਵੈਂ ਜੰਗ ਕਰੈ ਕੈ ॥੧੪॥
ਪਿਤਾ ਖੁਟਾਈ ਮੋ ਪਰ ਲਜਾਵੈਂ।
ਰੱਛਾ ਹੇਤੁ ਨ ਯਾਂ ਤੇ ਆਵੈਂ।
ਹਾਥ ਜੋਰਿ ਅਰਦਾਸ ਕਰੀਜੈ।
-ਪਹੁੰਚਹੁ ਗੁਰੂ! ਦਾਸ ਲਖਿ ਲੀਜੈ-' ॥੧੫॥
ਧਰਮ ਸਿੰਘ ਕਹਿ ਧੀਰਜ ਦੀਨਾ।
'ਬਨਹੁ ਸੁਚੇਤ ਨ ਕਰਿ ਮਨ ਦੀਨਾ।
ਪਰਜੋ ਭੇਰ ਗਾਢੋ ਜਬਿ ਆਇ।
ਤਤਛਿਨ ਹ੍ਵੈਂ ਸਤਿਗੁਰੂ ਸਹਾਇ ॥੧੬॥
ਕਪਟ ਨ ਕਰਹਿਂ ਦਾਸ ਕੇ ਸੰਗ।
ਜਯੋਂ ਕਯੋਂ ਤੋਹਿ ਜਿਤਾਵੈਂ ਜੰਗ।'
ਕਹਜੋ ਸ਼ਾਹੁ 'ਅਬਿ ਸਮੈਂ ਸਹਾਇ।
ਨਤੁ ਅਬਿ ਡੇਰਾ ਲੂਟ ਕਰਿ ਜਾਇ ॥੧੭॥
ਦੇਖਹੁ ਪਰਜੋ ਜੋਰ ਅਬਿ ਰਨ ਕੋ।
ਘਟਾ ਮਨਿੰਦ ਹੇਲ ਸੁਭਟਨ ਕੋ।
ਤਾਰਾ ਆਜ਼ਮ ਬੀਚ ਖਰੋਵਾ।
ਉਮਰਾਵਨ ਪਰ ਕ੍ਰੱਧਤਿ ਹੋਵਾ ॥੧੮॥
ਕਿਮ ਅਟਕਹਿ ਮਮ ਚਮੂੰ ਬਿਚਾਰੀ।
ਜਿਮ ਆਟੇ ਮਹਿਂ ਲਵਣ ਬਿਚਾਰੀ।
ਅਬਿ ਜੇ ਹੋਹਿ ਪਲਾਇਨ ਸੈਨਾ।
ਬਹੁਰ ਉਪਾਇ ਬਨਤ ਕਿਮ ਹੈ ਨਾ ॥੧੯॥
ਕਰਿ ਅਰਦਾਸ ਜੁਗਮ ਕਰ ਜੋਰਿ।
ਪ੍ਰਭੁ ਜੀ ਪਹੁੰਚਹਿਂ ਘਾਲ ਹੈਂ ਜ਼ੋਰ।
ਤਾਰਾ ਆਜ਼ਮ ਕੋ ਸੰਘਾਰੈਂ।
ਸਭਿ ਉਮਰਾਵ ਹੇਰਿ ਕਰਿ ਹਾਰੈਂ'' ॥੨੦॥
ਧਰਮ ਸਿੰਘ ਅਰਦਾਸ ਬਖਾਨੀ।
'ਸ਼੍ਰੀ ਗੁਰ! ਰੱਛਾ ਸਮੈਂ ਮਹਾਨੀ।
ਸੇਵਕ ਜਾਨਹੁਂ ਬਨਹੁ ਸਹਾਇ।
ਬਿਰਦ ਸੰਭਾਰਹੁ ਆਪਨ ਆਇ' ॥੨੧॥
ਇਮ ਕਹਿ ਮਸਤਕ ਦੁਊ ਨਿਵਾਏ।

ਸ਼ਾਹੁ ਰਿਦੇ ਬਡ ਚਿੰਤ ਉਪਾਏ।
ਇਤ ਉਤ ਸਭਿ ਦਿਸ਼ਿ ਦ੍ਰਿਸ਼ਟਿ ਚਲਾਵੈਂ।
ਹਮਲਾ ਕਰਯੋ ਚਢਯੋ ਦਲ ਆਵੈ ॥੨੨॥
ਸਨੇ ਸਨੇ ਦਲ ਹਟਤਿ ਪਲਾਵੈ।
ਤਯੋਂ ਤਯੋਂ ਸੰਸ਼ੈ ਬਹੁ ਉਪਜਾਵੈ।
ਨਿਸ਼ਚੈ ਕਰਤਿ -ਆਜ ਨਹਿਂ ਬਚੌਂ।
ਸੰਘਰ ਮਚਯੋ ਬੀਚ ਹੀ ਪਚੌਂ ॥੨੩॥
ਮੋਹਿ ਆਸ ਸਤਿਗੁਰ ਇਕ ਕੇਰੀ।
ਪਹੁੰਚਹਿਂ ਲਾਜ ਨਿਬਾਹੈਂ ਮੇਰੀ-।
ਬਾਰ ਬਾਰ ਸਿਮਰਨ ਉਰ ਧਰੇ।
ਬਾਰਿ ਬਾਰਿ ਬੰਦਨ ਕੋ ਕਰੇ ॥੨੪॥
ਚਲੀ ਸ਼ਿਕਸਤ ਖਾਇ ਅਬਿ ਸੈਨਾ।
ਰਿਪੁਨ ਬਿਲੋਕਿ ਰਿਦੇ ਧ੍ਰਿਤ ਹੈ ਨਾ।
ਇਤਨੇ ਮਹਿਂ ਗੁਰ ਦਈ ਦਿਖਾਈ।
ਸੰਗ ਸ਼ਹੀਦਨ ਦਲ ਸਮੁਦਾਈ ॥੨੫॥
ਬ੍ਰਿੰਦ ਨਿਸ਼ਾਨਨ ਫਰਰੇ ਛੂਟੇ।
ਏਕੈ ਬਾਰਿ ਬਾਜ ਜਨੁ ਟੂਟੈ[1]।
ਧਰਮ ਸਿੰਘ ਅਵਿਲੋਕਤਿ ਬੋਲਾ।
'ਪਿਖਹੁ ਸ਼ਾਹੁ ਤਜਾਗਹੁ ਉਰ ਹੌਲਾ ॥੨੬॥
ਦਰਸ਼ਨ ਕਰਹੁ ਨਮੋ ਕਰ ਜੋਰਿ।
ਸੰਗ ਸ਼ਹੀਦਨ ਕੋ ਦਲ ਜੋਰਿ।
ਧਨੁਖ ਬਾਨ ਕਰ ਧਾਰਨ ਕਰੇ।
ਸੰਘਰ ਬਿਖੈ ਪ੍ਰਬਲਤਾ ਭਰੇ' ॥੨੭॥
ਮਨਹੁ ਕਰਨ ਮਹਿਂ ਅੰਮ੍ਰਿਤ ਪਾਯੋ।
ਪ੍ਰਾਨ ਹਾਨ ਤੇ ਤੁਰਤ ਜਿਵਾਯੋ।
ਸ਼੍ਰੀ ਗੁਰ ਗੋਬਿੰਦ ਸਿੰਘ ਹਠੀਲਾ।
ਦਰਸ਼ਨ ਕਰਯੋ ਬਿਸਾਲ ਛਬੀਲਾ ॥੨੮॥
-ਧਨੁਖ ਪਨਚ ਧਰਿ ਸੰਧੇ ਤੀਰ।
ਮਾਰਯੋ ਚਹੈਂ ਰਿਪਹਿਂ ਬਰ ਬੀਰ।
ਲੀਗ ਕਾਨ ਚੁਟਕੀ ਇਕ ਕਰ ਕੀ[2]।

---

[1]ਭਾਵ ਸ਼ਹੀਦ ਐਸੇ ਪਏ ਜਿਵੇਂ ਬਾਜ ਛੁੱਟਕੇ ਪੈਂਦੇ ਹਨ।
[2]ਇਕ ਹੱਥ ਦੀ ਚੁਟਕੀ ਕੰਨ ਨੂੰ ਜਾ ਲਗੀ ਹੈ।

ਦੁਤੀ ਮੁਸ਼ਟ, ਤਾਕਯੋ ਦਿਸ਼ਿ ਅਰਿ ਕੀ[1] ॥੨੯॥
ਛੋਟੀ ਛਾਲਨ ਉਛਲਤਿ ਘੋਰਾ।
ਚਲਯੋ ਜਾਤਿ ਆਜ਼ਮ ਕੀ ਓਰਾ-।
ਏਕ ਬਾਰਿ ਇਮ ਦਈ ਦਿਖਾਈ।
ਜਿਮ ਤੜਿਤਾ ਦਮਕਤਿ ਦੁਰਿ ਜਾਈ[2] ॥੩੦॥
ਭਏ ਪ੍ਰਵੇਸ਼ ਜੰਗ ਜਹਿਂ ਭਾਰੀ।
ਤੁਪਕ ਤੋਪ ਛੂਟਤਿ ਬਿਸ਼ੁਮਾਰੀ[3]।
ਅੰਧ ਧੁੰਧ ਬਹੁ ਧੂਰ ਉਡਾਈ।
ਢਾਂਪਯੋ ਰਵਿ ਕੁਛ ਦੈ ਨ ਦਿਖਾਈ ॥੩੧॥
ਦਾਰੁਣ ਸ਼ਬਦ ਹੋਤਿ ਦਿਸ਼ਿ ਦੋਇ।
ਸੁਨੀਅਤਿ ਨਹੀਂ ਕਹੈ ਕਿਛ ਕੋਇ।
ਕੋਸਨ ਲਗਿ ਪਸਰੇ ਦਲ ਲਰਤੇ।
ਜੀਤ ਪਰਸਪਰ ਬਾਂਛਤਿ ਅਰ ਤੇ ॥੩੨॥
ਕੁੰਜਰ ਪੁੰਜ ਘਟਾ ਸਮ ਠਾਂਢੇ।
ਚਢਿ ਉਮਰਾਵ ਪਿਖਹਿਂ ਰਣ ਗਾਢੇ।
ਹਾਥਨ ਬਿਖੈ ਸ਼ਸਤ੍ਰ ਕੋ ਧਾਰੇਂ।
ਕਰਹਿਂ ਪ੍ਰਹਾਰਨਿ ਬੀਰ ਜੁਝਾਰੇ ॥੩੩॥
ਤਾਰਾ ਆਜ਼ਮ ਬੀਚ ਤਿਨਹੁਂ ਕੇ।
ਅਤਿ ਪ੍ਰਿਯ ਉਰ ਬਿਸ਼ਵਾਸ ਜਿਨਹੁਂ ਕੇ[4]।
ਸਹਿਤ ਸ਼ਹੀਦਨ ਸਤਿਗੁਰ ਗਏ।
ਵਾਰ ਕਰਤਿ ਇਕ ਬਾਰੀ ਭਏ ॥੩੪॥
ਗੁਰ ਕਰ ਕੇ ਸਰ ਦ੍ਵੈ ਛੁਟਿ ਚਾਲੇ।
ਭਰੇ ਬੇਗ ਕੇ ਸ਼ੂੰਕ ਬਿਸਾਲੇ।
ਭੀਖਨ ਤੀਖਨ ਨਾਗ ਕਰਾਲਾ।
ਤਾਰਾ ਆਜ਼ਮ ਕੇ ਲਗਿ ਭਾਲਾ[5] ॥੩੫॥
ਬਰਮੀ ਸਮ ਪ੍ਰਵੇਸ਼ ਸਭਿ ਹੋਇ।
ਬਾਹਰ ਫੋਕ ਸੁ ਮੁਖ ਦਿਖਿ ਦੋਏ[6]।

---

[1]ਦੂਜੇ ਹੱਥ ਧਨੁਖ ਦੀ ਮੁੱਠ (ਫੜੀ ਹੈ ਤੇ) ਦੁਸ਼ਮਨ ਵਲ ਤੱਕਦੇ ਹਨ।
[2]ਚਮਕ ਕੇ ਲੁਕ ਜਾਂਦੀ ਹੈ।
[3]ਬੇਗਿਣਤ।
[4]ਅਤਿ ਪਿਆਰੇ ਤੇ ਰਿਦੇ ਵਿਚ ਜਿਨ੍ਹਾਂ ਉਮਰਾਵਾਂ ਤੇ ਵਿਸ਼੍ਵਾਸ਼ ਹੈ।
[5]ਮੱਥੇ ਵਿੱਚ।
[6]ਦੋਹਾਂ (ਤੀਰਾਂ) ਦੀਆਂ (ਇਕ ਪਾਸੇ) ਬਾਹਰ ਬਾਗੜਾਂ ਤੇ (ਦੂਜੇ ਪਾਸੇ) ਮੁਖੀਆਂ ਦਿੱਸਦੀਆਂ ਹਨ।

ਮਨਹੁਂ ਅਨਾਰਕਲੀ ਜੁਗ ਸੋਹੈਂ[1]।
ਕੈ ਮੁਖ ਅਲਪ ਸਾਰਕਾ ਦੋਹੈਂ[2] ॥੩੬॥
ਗਜ ਤੇ ਤਤਛਿਨ ਹੀ ਛਿਤ ਪਰਯੋ।
ਰਿਪੁਨਿ ਪਰਾਜੈ ਬਾਂਛਤਿ ਮਰਯੋ।
ਪਦਵੀ ਬੀਰਨ ਕੀ ਸ਼ੁਭ ਪਾਏ।
ਗੁਰ ਕਰ ਤੇ ਮਰਿ ਭਿਸਤ ਸਿਧਾਏ ॥੩੭॥
ਚੌਂਦਾਂ ਕੁੰਚਰ ਕੇ ਉਮਰਾਵੰ।
ਆਜ਼ਮ ਸਾਥ ਗਿਰੇ ਰਣ ਥਾਵੰ।
ਸ਼ਸਤ੍ਰ ਸ਼ਹੀਦਨਿ ਕਰ ਕੇ ਲਾਗੇ।
ਗਏ ਭਿਸਤ ਕੇ ਪ੍ਰਾਨਨ ਤਜਾਗੇ ॥੩੮॥
ਅਪਰ ਸੁਭਟ ਸੈਂਕਰ ਹੀ ਘਾਏ।
ਗਿਰੇ ਬਾਰਿ ਇਕ ਪ੍ਰਾਨ ਗਵਾਏ।
ਹਾਹਾਕਾਰ ਬੀਚ ਲਸ਼ਕਰ ਕੇ।
ਆਜ਼ਮ ਗਿਰਯੋ ਮਰਯੋ ਲਖਿ ਕਰਿ ਕੈ ॥੩੯॥
ਜੇ ਉਮਰਾਵ ਬਚੇ ਤਿਸ ਕਾਲਾ।
ਲਸ਼ਕਰ ਮੋਰਯੋ ਲਰਤਿ ਕਰਾਲਾ।
ਸਨੇ ਸਨੇ ਹਟਿ ਪਾਛੈ ਗਏ।
ਤੂਸ਼ਨਿ ਜਾਇ ਉਤਰਤੇ ਭਏ ॥੪੦॥
'ਆਪਹੁਂ ਅਪਨੇ ਦੂਤ ਪਠਾਏ।
ਜਾਇ ਬਹਾਦਰ ਸ਼ਾਹੁ ਸੁਨਾਏ।
'ਤਾਰਾਆਜ਼ਮ ਰਣ ਮਹਿਂ ਗਿਰਯੋ।
ਨਹੀਂ ਸੰਭਾਰ ਸ਼ਸਤ੍ਰ ਤੇ ਮਰਯੋ[3]' ॥੪੧॥
ਸੁਨਤਿ ਅਨੰਦਯੋ ਸਕਲ ਬੁਲਾਏ।
ਮਿਲੇ ਆਨਿ ਕਰਿ ਸੀਸ ਨਿਵਾਏ।
ਖੋਜਨ ਗਯੋ ਬਹਾਦਰ ਸ਼ਾਹੂ।
ਜਹਾਂ ਪਰਯੋ[4] ਦੀਰਘ ਰਣ ਮਾਂਹੂ ॥੪੨॥
ਦੇਖਤਿ ਤੀਰ ਭਾਲ ਨਿਕਸਾਏ।
ਜੋ ਕੰਚਨ ਤੇ ਲਿਪਤ ਸੁਹਾਏ।

---

[1]ਅਨਾਰ ਦੀਆਂ ਦੋ ਕਲੀਆਂ ਸ਼ੋਭ ਰਹੀਆਂ ਹਨ।
[2]ਅਥਵਾ ਦੋ ਛੋਟੀਆਂ ਸਾਰਕਾਂ ਦੇ ਦੋ ਮੂੰਹ ਹਨ।
[3]ਪਤਾ ਨਹੀਂ ਲਗਦਾ ਹੈ (ਕਿ ਕਿਸਦੇ) ਸ਼ਸਤ੍ਰ ਨਾਲ ਮਰਿਆ ਹੈ। (ਅ) ਸ਼ਸਤ੍ਰ (ਜਿਸ ਨਾਲ) ਮਰਿਆ ਹੈ (ਉਸ ਅੱਗੇ) ਆਪਾ ਸੰਭਲ ਨਾ ਸਕਿਆ।
[4]ਪਿਆ ਸੀ (ਤਾਰਾ)।

ਸੋ ਨਿਜ ਨਿਕਟ ਸੰਭਾਰਨ ਕਰੇ।
ਹੇਤੁ ਪਰਖਬੇ -ਕਿਨ ਪਰਹਰੇ[1]- ॥੪੩॥
ਤਿਹ ਦਫਨਾਇ ਹਰਖ ਕੌ ਮਾਨਾ।
ਮਨਹੁਂ ਰੰਕ ਭਾ ਇੰਦ੍ਰ ਸਮਾਨਾ।
ਲਸ਼ਕਰ ਮਿਲਜੋ ਆਨਿ ਕਰਿ ਸਾਰੋ।
ਦੇ ਦੇ ਧੀਰਜ ਸਕਲ ਸੰਭਾਰੋ ॥੪੪॥
ਪੂਰਬ ਸਮ ਹੀ ਮਨਸਬ ਪਾਏ।
ਦਾਨ ਮਾਨ ਦੈ ਸਭਿ ਅਪਨਾਏ।
ਡੇਰਾ ਕਰਜੋ ਜੰਗ ਕੀ ਧਰਨੀ।
ਸਿਫਤ ਖ਼ੁਦਾਇ ਅਲਹ ਕੀ ਬਰਨੀ ॥੪੫॥
'ਅਹੈਂ ਸ਼ੁਕਰ ਤੇਰੀ ਦਰਗਾਹ।
ਦੀਨ ਦੇਖਿ ਕੀਨਸਿ ਪਤਿਸ਼ਾਹ।'
ਧਰਮ ਸਿੰਘ ਕੋ ਸਾਦਰ ਪਾਸ।
ਕਰਜੋ ਬਿਠਾਵਨਿ ਬਾਕ ਪ੍ਰਕਾਸ਼ ॥੪੬॥
'ਧੰਨ ਗੁਰੂ ਮਮ ਮਦਤਿ ਨਿਬਾਹੀ।
ਪੂਰਨ ਬਾਕ, ਦਈ ਪਤਿਸ਼ਾਹੀ।'
ਪੁਨ ਸਗਰੇ ਉਮਰਾਵ ਬੁਲਾਏ।
ਜਿਤਿਕ ਸਭਾਸਦ ਸੇ ਚਲਿ ਆਏ ॥੪੭॥
ਦੋਨਹੁਂ ਤੀਰ ਦਿਖਾਵਨਿ ਕਰੇ।
'ਇਹ ਕਿਸ ਕੇ ਤਰਕਸ਼ ਮਹਿਂ ਭਰੇ।'
ਬੋਲੇ ਬਹੁ ਬਫਾਇ ਕਰਿ[2] ਤਬੈ।
'ਇਹ ਮੇਰੇ ਕਰ ਕੇ ਲਗਿ ਜਬੈ' ॥੪੮॥
ਅਪਰ ਕਹੇ 'ਮੈਂ ਐਂਚਿਤ ਮਾਰੇ।'
ਤ੍ਰਿਤੀ ਕਹੈ ਮੈਂ 'ਸਮੁਖ ਪ੍ਰਹਾਰੇ।'
ਸਭਿ ਤੇ ਲੇ ਕਰਿ ਤਿਨਹੁਂ ਮਿਲਾਏ।
ਕਿਮ ਸੋ ਮਿਲਹਿਂ ਨ ਸਮਤਾ ਪਾਏ ॥੪੯॥
ਜਾਨੈ ਸ਼ਾਹੁ ਭੇਵ ਤਿਨ ਸਾਰਾ।
ਤੁਰਕਨ ਤੇ ਭੈ ਧਰਿ ਨ ਉਚਾਰਾ।
'ਇਹ ਤੌ ਤੀਰ ਅਜਾਇਬ[3] ਅਹੈਂ।

---

[1]ਕਿਸ ਨੇ ਮਾਰੇ ਹਨ (ਇਹ ਤੀਰ)।
[2]ਹੰਕਾਰ ਕਰਕੇ।
[3]ਅਦਭੁਤ।

ਨਹਿਂ ਕਿਹ ਤਰਕਸ਼ ਕੇ[1] ਸਭਿ ਲਹੈਂ ॥੫੦॥
ਕੇਤਿਕ ਕਹੈਂ 'ਫਰਿਸ਼ਤੇ ਆਏ।
ਤੁਮ ਸਹਾਇਤਾ ਹਿਤ ਸਮੁਦਾਏ।
ਅਜ਼ਗੈਬੀ ਦਲ[2] ਮਾਰਤਿ ਹੇਰਾ।
ਕਰਜੋ ਪ੍ਰਤਾਪ ਖ਼ੁਦਾਇ ਬਡੇਰਾ' ॥੫੧॥
ਸੁਨ ਪਿਖਿ ਕਰਿ ਸਭਿ ਹ੍ਵੈ ਬਿਸਮਾਦੇ।
ਸਲਤਨ ਪਾਇ ਸ਼ਾਹੁ ਅਹਿਲਾਦੇ।
ਭਈ ਸ਼ਾਂਤਿ ਸਭਿ ਮਿਟਜੋ ਬਖੇਰਾ।
ਇਸ ਕਾਰਨ ਤੇ ਹਰਖ ਬਡੇਰਾ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼ਾਹਜੰਗ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

---

[1]ਕਿਸੇ ਦੇ ਭੱਥੇ ਦੇ ਨਹੀਂ।
[2]ਗੁਪਤ ਤੋਂ ਆਇਆ ਦਲ।

## ੪੩. [ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ]

੪੨<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੪

ਦੋਹਰਾ: ਕੇਤਿਕ ਦਿਵਸ ਬਿਤਾਇ ਕੈ, ਧਰਮ ਸਿੰਘ ਬੁਲਵਾਇ।
ਸਾਦਰ ਸ਼ਾਹੁ ਬਹਾਦਰਾ, ਸਭਿ ਬਿਧਿ ਤਿਹ ਸਮੁਝਾਇ ॥੧॥
ਚੌਪਈ: ਮੈਂ ਅਬਿ ਜਾਉਂ ਆਗਰੇ ਨਗਰੰ।
ਕਰਹੁਂ ਸੰਭਾਰਨਿ ਲਸ਼ਕਰ ਸਗਰੰ।
ਤਹਾਂ ਬੈਠਿ ਕਰਿ ਲੈਬੋ ਦੈਬੋ।
ਸਬਿ ਸੂਬਨ ਸਭਿ ਥਾਨ ਪਠੈਬੋ ॥੨॥
ਤੁਮ ਅਬਿ ਜਾਇ ਕ੍ਰਿਪਾ ਨਿਧਿ ਪਾਸੀ।
ਕਰਹੁ ਫਤੇ ਕੀ ਬਾਤ ਪ੍ਰਕਾਸ਼ੀ।
ਮੋਹਿ ਬੰਦਗੀ ਜਾਇ ਸੁਨਾਵਹੁ।
ਕਰਿ ਬਿਨਤੀ ਪੁਰਿ ਕੋ ਲੇ ਆਵਹੁ ॥੩॥
ਅਪਨਾ ਜਾਨਹੁਂ ਦਰਸ ਦਿਖਾਵਹੁ।
ਬਿਨਾ ਬਿਲਮ ਇਤ ਮਗ ਪਗ ਪਾਵਹੁ।'
ਸਿਰੇਪਾਉ ਪੰਚਨ ਕੋ ਦੀਨੇ।
ਚਲੇ ਸਿੰਘ ਜਿਤ ਗੁਰੂ ਪ੍ਰਬੀਨੇ ॥੪॥
ਦਿੱਲੀ ਪੁਰਿ ਕੈ ਮਗ ਚਲਿ ਆਏ।
ਮਿਲਜੋ ਧਰਮ ਸਿੰਘ ਸੀਸ ਨਿਵਾਏ।
ਸਨਮੁਖ ਬੈਠਜੋ ਜੁਗ ਕਰ ਜੋਰੇ।
ਸ੍ਰੀ ਮੁਖ ਭਨਜੋਂ ਹੇਰਿ ਇਨ ਓਰੇ ॥੫॥
'ਹੋਇ ਸੁ ਜਿਮ ਸੁਲਤਾਨੀ ਜੰਗ[1]।
ਬਿਜੈ ਪਰਾਜੈ ਕਹਹੁ ਪ੍ਰਸੰਗ।'
ਧਰਮ ਸਿੰਘ ਸੁਨਿ ਤਬੈ ਉਚਾਰੀ।
'ਜਾਨਤਿ ਆਪ ਜਗਤ ਗਤਿ ਸਾਰੀ ॥੬॥
ਬਿਦਤ ਗੁਪਤ ਜੇਤਿਕ ਸਭਿ ਜਾਨੋਂ।
ਪ੍ਰਭੁ ਜੀ! ਤੁਮ ਤੇ ਕਹੂੰ ਨ ਛਾਨੋਂ।
ਸਰਬ ਚਰਿਤ ਕੇ ਕਰਨੇ ਹਾਰੇ।
ਕਰਮ ਕਰਤਿ ਭੀ ਰਹਹੁ ਨਿਆਰੇ ॥੭॥
ਆਇਸੁ ਤੇ ਹਮ ਕਹੈਂ ਸੁਨਾਏ।
ਦੁਹਦਿਸ਼ਿ ਤੇ ਲਸ਼ਕਰ ਉਮਡਾਏ।
ਤੋਪ ਤੁਪਕ ਤੇ ਭਾ ਰਣ ਗਾਢੋ।

[1]ਪਾਤਸ਼ਾਹੀ ਜੰਗ।

ਹੋਤਿ ਪਰਾਜੈ ਹੇਰਤਿ ਠਾਂਢੋ ॥੮॥
ਦੀਨ ਹੋਇ ਕੈ ਬਹੁ ਘਿਘਿਆਯੋ।
ਤਬਿ ਰਾਵਰ ਨੇ ਦਰਸ਼ ਦਿਖਾਯੋ।
ਤਾਰਾ ਆਜ਼ਮ ਤੁਰਤ ਸੰਘਾਰਾ।
ਬਜਯੋ ਬਿਜੈ ਕੋ ਤਬੈ ਨਗਾਰਾ ॥੯॥
ਆਨਿ ਮਿਲੇ ਸੂਬੇ ਸਮੁਦਾਏ।
ਸ਼ਾਹੁ ਬਹਾਦਰ ਸਲਤਨ ਪਾਏ।
ਹਮ ਕੋ ਰੁਖ਼ਸਦ ਕਰੇ ਪਠਾਏ।
ਤੁਮ ਕੋ ਬਹੁਤ ਬੰਦਗੀ ਗਾਏ[1] ॥੧੦॥
-ਥਿਰੋਂ ਆਗਰੇ ਨਗਰ ਮਝਾਰਾ।
ਤਿਹ ਦਰਸ਼ਨ ਕਰਿ ਦੇਹਿੰ ਉਦਾਰਾ[2]-।'

ਸੁਨਿ ਕੈ ਸ਼੍ਰੀ ਪ੍ਰਭੁ ਕੂਚ ਕਰੰਤੇ।
ਦਿੱਲੀ ਪੁਰਿ ਦਿਸ਼ਿ ਕੋ ਗਮਨੰਤੇ ॥੧੧॥

ਨਗਰ ਗ੍ਰਾਮ ਬਨ ਸੈਲ ਬਿਸਾਲੇ।
ਕਰਤਿ ਜਾਤਿ ਸ਼੍ਰੀ ਪ੍ਰਭੁ ਸੁਖ ਨਾਲੇ।
ਨਿਕਟ ਰਹਯੋ ਪੁਰਿ ਸੁਨਿ ਸੁਧ ਸਾਰੀ।
ਆਈ ਚਲਿ ਸਤਿਗੁਰ ਅਸਵਾਰੀ ॥੧੨॥
ਸੁਨਿ ਸਿੱਖਨ ਮਨ ਉਪਜਯੋ ਚਾਊ।
ਦਰਸ਼ਨ ਹੇਤੁ ਚਲੇ ਅਗਵਾਊ।
ਕੇਤਿਕ ਗਾਡੀ ਪਰ ਚਢਿ ਧਾਏ।
ਕੋ ਸਜੰਦਨ ਪਰ ਚਢੇ ਭਜਾਏ ॥੧੩॥
ਕਿਤਿਕ ਤੁਰੰਗਨਿ ਪਰ ਚਢਿ ਚਾਲੇ।
ਘਨੇ ਪਦਾਂਤੀ ਭਾਉ ਬਿਸਾਲੇ।
ਅਨਿਕ ਅਕੋਰਨ ਕੋ ਕਰ ਧਾਰੇ।
ਮਿਲੇ ਜਾਇ ਮਾਰਗ ਅਗਵਾਰੇ ॥੧੪॥
ਦਰਸ਼ਨ ਕਰਿ ਕਰਿ ਭਾਉ ਧਰੰਤੇ।
ਚਰਨ ਸਰੋਜਨ ਸੀਸ ਰਖੰਤੇ।
ਬਸਤ੍ਰ ਬਿਭੂਖਨ ਦਰਬ ਉਦਾਰਾ।
ਅਰਪਹਿਂ ਪ੍ਰਭੁ ਕੋ ਕਈ ਹਜ਼ਾਰਾ ॥੧੫॥
ਸਭਿ ਕੀ ਕਰੀ ਭਾਵਨਾ ਪੂਰੀ।

---
[1]ਬਾਦਸ਼ਾਹ ਨੇ ਬਹੁਤ ਬੇਨਤੀ ਕੀਤੀ ਹੈ।
[2]ਸ੍ਰੇਸ਼ਟ ਦਰਸ਼ਨ ਏਥੇ (ਆਗਰੇ ਵਿਖੇ) ਦਿਓ।

ਕ੍ਰਿਪਾ ਦ੍ਰਿਸ਼ਟਿ ਅਵਲੋਕਤਿ ਰੂਰੀ।
ਜਮਨਾ ਪਾਰ ਕਰਜੋ ਪ੍ਰਭੁ ਡੇਰਾ।
ਲਗਜੋ ਦਿਵਾਨ ਖਾਲਸੇ ਕੇਰਾ ॥੧੬॥
ਆਵਹਿਂ ਜਾਹਿਂ ਨਗਰ ਨਰ ਨਾਰੀ।
ਗੁਰ ਮੂਰਤਿ ਪਰ ਹ੍ਵੈਂ ਬਲਿਹਾਰੀ।
ਇਕ ਦਿਨ ਡੇਰਾ ਗੁਰੂ ਟਿਕਾਯੋ।
ਪੁਨ ਕਰ ਜੋਰਿ ਸਿੱਖ ਗਨ ਆਯੋ ॥੧੭॥
ਬੈਠੇ ਗੁਰ ਢਿਗ ਬੰਦਨ ਕੀਨਿ।
ਖੁਸ਼ੀ ਕਰੀ ਸਭਿ ਪਰ ਸੁਖ ਲੀਨ।
ਸ਼੍ਰੀ ਮੁਖ ਤੇ ਆਇਸੁ ਫੁਰਮਾਈ।
'ਹਮ ਕੋ ਦਿੱਲੀ ਦੇਹੁ ਦਿਖਾਈ ॥੧੮॥
ਕਿਲਾ ਬਜ਼ਾਰ ਆਦਿ ਸਭਿ ਥਾਨ।
ਸੁੰਦਰਤਾ ਸੁਨੀਅਤਿ ਬਹੁ ਕਾਨ।'
ਸੁਨਿ ਕੈ ਸਿੱਖਨ ਕੀਨਿ ਸਲਾਹੂ।
'ਅਸਮੰਜਸ ਹਮ ਕੋ ਇਸ ਮਾਂਹੂ ॥੧੯॥
ਸੱਯਦ ਮੁਗ਼ਲ ਪਠਾਨ ਹਜ਼ਾਰੇ।
ਜੰਗ ਕਰਤਿ ਸਤਿਗੁਰ ਨੇ ਮਾਰੇ।
ਕਿਸ ਕੋ ਪੁੱਤ੍ਰ ਭਤੀਜਾ ਭ੍ਰਾਤਾ।
ਪੁਰਿ ਮਹਿ ਬਾਸੇ ਕਿਸਹੁੰ ਜਮਾਤਾ ॥੨੦॥
ਇੱਤਜਾਦਿਕ ਸਨਬੰਧੀ ਘਨੇ।
ਜਿਨ ਕੇ ਰਣ ਮਹਿਂ ਸਤਿਗੁਰ ਹਨੇ।
ਸੋ ਉਰ ਕ੍ਰੋਧਹਿਂ ਜਬਹਿ ਨਿਹਾਰਹਿਂ।
ਹ੍ਵੈ ਕਰਿ ਇਕਠੇ ਸ਼ਸਤ੍ਰ ਪ੍ਰਹਾਰਹਿਂ ॥੨੧॥
ਅਵਰੰਗ ਮਰਜੋ, ਪੁੱਤ੍ਰ ਤਿਸ ਕੇਰਾ।
ਹੋਯਹੁ ਨਹੀਂ ਪ੍ਰਤਾਪ ਅਛੇਰਾ[1]।
ਨਹਿਂ ਭੈ ਧਰਿ ਹੈਂ ਮਰਹਿਂ ਕਿ ਮਾਰਹਿਂ।
ਛਿੜਹਿ ਜੰਗ ਤਬਿ ਕੋ ਹਟਕਾਰਹਿ ॥੨੨॥
ਯਾਂ ਤੇ ਪ੍ਰਭੁ ਕੋ ਤਰੀ ਚਢਾਵਹੁ।
ਸ਼੍ਰੀ ਜਮਨਾ ਬਿਚ ਕੋ ਲੇ ਜਾਵਹੁ।
ਨਿਕਟਿ ਨਿਕਟਿ ਕੇ ਸਗਲ ਮਕਾਨਾ।
ਤਹਾਂ ਬਤਾਵਹੁ ਪਿਖਹੁ ਮਹਾਨਾ' ॥੨੩॥

---
[1]ਤਿਸ ਦੇ ਪੁੱਤ੍ਰ (ਬਹਾਦਰ ਸ਼ਾਹ) ਦਾ ਪ੍ਰਤਾਪ (ਅਜੇ ਕਾਫੀ) ਹੋਯਾ ਨਹੀਂ।

ਇਮ ਮਸਲਤ ਕਰਿ ਸਭਿ ਦਿਲਵਾਲੀ।
ਮੰਗਵਾਈ ਇਕ ਨਾਉ ਬਿਸਾਲੀ।
ਔਰ ਸੰਗ ਕੇਤਿਕ ਮੰਗਵਾਈ।
ਕਹਿ ਕਰਿ ਸਤਿਗੁਰ ਲਏ ਚਢਾਈ ॥੨੪॥
ਸਨੇ ਸਨੇ ਸਭਿ ਤਰੀ ਚਲਾਈ।
ਪੁਰਿ ਕੇ ਨਿਕਟ ਤਰਤਿ ਜਬਿ ਆਈ।
ਦੂਰਬੀਨ ਪ੍ਰਭੁ ਕੋ ਗਹਿਵਾਈ।
ਲਗੇ ਬਤਾਵਨਿ ਥਲ ਸਮੁਦਾਈ ॥੨੫॥
'ਸ਼੍ਰੀ ਸਤਿਗੁਰੂ ! ਬਜ਼ਾਰ ਬਿਸਾਲਾ[1]।
ਲਾਲ ਦੁਰਗ ਲਗਿ ਹਾਟਨ ਮਾਲਾ[2]।
ਮਹਿਜਿਤ ਜੁਮਾ[3] ਖਰੀ ਇਹ ਦੀਖੀ।
ਅਤਿ ਸੁੰਦਰ ਸੁਰਪੁਰੀ ਸਰੀਖੀ ॥੨੬॥
ਪਾਹਨ ਲਾਲ ਲਗਯੋ ਇਹ ਸਾਰੋ।
ਬਹੁ ਧਨ ਦੇ ਕਰਿ ਦੁਰਗ ਉਸਾਰੋ।
ਬਾਸਾ ਕਰਤਿ ਰਹੇ ਗਨ ਸ਼ਾਹੂ।
ਚਿੱਤ੍ਰ ਬਚਿੱਤ੍ਰ ਬਨੇ ਇਸ ਮਾਂਹੂ' ॥੨੭॥
ਇੱਤਯਾਦਿਕ ਕਹਿ ਸਕਲ ਦਿਖਾਈ।
ਸਨੇ ਸਨੇ ਤਰਨੀ ਚਲਿਵਾਈ।
ਮੋਤੀ ਬਾਗ ਉਤਾਰੇ ਜਾਇ।
ਘਨੇ ਲੋਕ ਆਏ ਉਮਡਾਇ ॥੨੮॥
ਦਰਸ਼ਨ ਕਰਿ ਕਰਿ ਸਕਲ ਸਿਧਾਰੇ।
ਤਹਿੰ ਸਤਿਗੁਰ ਤਰ ਬਾਗ[4] ਨਿਹਾਰੇ।
ਪੁਨ ਤਰਨੀ ਪਰ ਲਏ ਚਢਾਇ।
ਪਹੁੰਚਾਏ ਜਹਿਂ ਸਿਵਰ ਲਗਾਇ ॥੨੯॥
ਤਬਿ ਸਤਿਗੁਰ ਸਿੱਖਨ ਸਨ ਕਹਯੋ।
'ਕਰਨਿ ਫਰੇਬ ਹਮਹੁਂ ਸੰਗ ਚਹਯੋ।
ਦਿੱਲੀ ਮਹਿਂ ਸਿੱਖੀ ਮਗ ਹੇਰਾ।
ਜਥਾ ਮੁਲੰਮਾ ਕੰਚਨ ਕੇਰਾ[5]' ॥੩੦॥

---

[1]ਇਹ ਵੱਡਾ ਬਜ਼ਾਰ ਹੈ।
[2]ਹਟੀਆਂ ਦੀ ਪੰਗਤੀ।
[3]ਜਾਮਅ਼ ਮਸਜਿਦ।
[4]ਉਤਰਕੇ (ਅ) ਬਾਗਾਂ ਦੇ ਬੂਟੇ।
[5]ਜਿਵੇਂ ਸੋਨੇ ਦਾ ਮੁਲੰਮਾ ਹੁੰਦਾ ਹੈ।

ਸੋ ਦਿਨ ਬਿਤਯੋ ਪ੍ਰਾਤ ਪੁਨ ਭਈ।
ਸੰਗਤ ਸਕਲ ਦਰਸ ਕੌ ਗਈ।
ਕਰਿ ਬੰਦਨ ਬੈਠੇ ਜਬਿ ਪਾਸੀ।
ਸ਼੍ਰੀ ਮੁਖ ਤੇ ਤਬਿ ਗਿਰਾ ਪ੍ਰਕਾਸ਼ੀ ॥੩੧॥
'ਨੌਮੇ ਸਤਿਗੁਰ ਜਹਿਂ ਸਸਕਾਰੇ।
ਤਿਸ ਥਲ ਕੋ ਕੀਜਹਿ ਨਿਰਧਾਰੇ।
ਆਗੇ ਅਵਰੰਗ ਤੇ ਡਰਪਾਵਹੁ।
ਅਬਿ ਨ ਰਹਯੋ[1], ਮੰਦਰ ਬਨਵਾਵਹੁ ॥੩੨॥
ਸੁਨਿ ਕੈ ਸਿੱਖ ਗਏ ਤਬਿ ਸਜਾਨੇ।
ਜਹਿਂ ਸਸਕਾਰੇ ਜੋ ਤਹਿਂ ਜਾਨੇ[2]।
ਨਿਰਨੈ ਕਰਯੋ ਲਿਯੋ ਥਲ ਸੋਊ।
ਬਨਵਾਯਹੁ ਮੰਦਿਰ ਸਭਿ ਕੋਊ ॥੩੩॥
ਸ਼੍ਰੀ ਪ੍ਰਭੁ ਦਰਬ ਦਯੋ ਬਹੁਤੇਰਾ।
ਹੁਕਮ ਮਾਨਿ ਕਰਿ ਕੀਨਿ ਬਡੇਰਾ।
ਪੂਜਨ ਲਗੇ ਸਕਲ ਨਰ ਨਾਰੀ।
ਕਰਹਿਂ ਭਾਵਨਾ ਪੂਰਨ ਸਾਰੀ ॥੩੪॥
ਇੱਤਯਾਦਿਕ ਕਰਿ ਕਾਜ ਅਛੇਰੇ।
ਚਲਨ ਚਹਯੋ ਸ਼੍ਰੀ ਗੁਰੂ ਅਗੇਰੇ।
ਸਿਖ ਸੰਗਤਿ ਸਗਰੀ ਚਲਿ ਆਈ।
ਬਿਨਤੀ ਕਰੀ ਪ੍ਰਭੂ ਅਗਵਾਈ ॥੩੫॥
'ਤੁਮ ਸਮ ਜਿਸ ਕੋ ਦਰਸ਼ਨ ਅਹੈ।
ਦਿੱਲੀ ਬਿਖੈ ਰਹੈ ਹਮ ਚਹੈਂ।
ਇਸ ਪੁਰਿ ਸਮ ਦੂਸਰ ਕੋ ਨਾਂਹੀ।
ਸਿੱਖੀ ਬਿਥਰਹਿ ਥਿਰ ਇਸ ਮਾਂਹੀ[3] ॥੩੬॥
ਪੂਜਨ ਹੇਤੁ ਟਿਕਾਵਹੁ ਕੋਈ।'
ਚਿਤਵਤਿ ਭੇ ਸੁਨਿ ਕਰਿ ਬਿਧਿ ਸੇਈ।
ਦੋਨਹੁੰ ਮਹਿਲ ਸੰਗ ਮਹਿਂ ਜੋਇ।
ਬੋਲੇ ਸ਼੍ਰੀ ਮੁਖ 'ਤੁਮ ਸੁਖ ਹੋਇ ॥੩੭॥
ਹਮ ਨੇ ਦੱਖਣ ਜਾਨੋ ਦੂਰ।

---

[1]ਹੁਣ ਨੁਰੰਗੇ ਦਾ ਡਰ ਨਹੀਂ ਰਹਿਆ।
[2]ਜੋ ਤਿਸ ਥਾਂ ਨੂੰ ਜਾਣਦੇ ਸਨ।
[3]ਇਸ ਵਿਚ ਟਿਕਕੇ ਹੀ ਸਿਖੀ ਫੈਲੇਗੀ।

ਤੁਮ ਨਿਤ ਚਲਹੁ ਕਸ਼ਟ ਹੁਇ ਭੂਰ।
ਦਿੱਲੀ ਮਹਿਂ ਥਿਰਤਾ ਅਬਿ ਗਹੀਅਹਿ।
ਸੰਗਤ ਮਹਿਂ ਸੁਖ ਪੂਰਬ ਰਹੀਯਹਿ ॥੩੮॥
ਦਿਨ ਪ੍ਰਤਿ ਕੂਚ ਬਿਖਾਦ ਕਰੰਤਾ।
ਇਹਾਂ ਬਸੇ ਸੁਖ ਸਮਾਂ ਬਿਤੰਤਾ।'

ਸੁਨਿ ਸੁੰਦ੍ਰੀ ਦ੍ਰਿਗ ਭਰਿ ਬਹੁ ਰੋਈ।
ਸੁਤ ਕੋ ਸਿਮਰਿ ਸਿਮਰਿ ਦੁਖ ਪੋਈ ॥੩੯॥

ਕੇਤਿਕ ਬਾਰਿ ਦ੍ਰਿਗਨ ਜਲ ਡਾਰਾ।
ਪੁਨ ਸ਼੍ਰੀ ਪਤਿ ਕੇ ਸਾਥ ਉਚਾਰਾ।
'ਤੁਮ ਸਮਰਥ ਸਭਿ ਬਿਧਿ ਗੁਨ ਖਾਨੀ।
ਪੁਰਹੁ ਕਾਮਨਾ ਸਿੱਖ ਮਹਾਨੀ ॥੪੦॥
ਮੈਂ ਅਤਿ ਦੁਖੀ ਨਿਕਟ ਤੁਮ ਰਹੀ[1]।
ਇਕ ਪੁੱਤ੍ਰਾ ਤਿਸ ਭੀ ਮ੍ਰਿਤੁ ਲਹੀ।
ਕਿਸ ਅਲੰਬ ਮੈਂ ਜੀਯੌਂ ਗੁਸਾਈਂ!
ਬਿਛਰ ਏਕਲੀ ਰਹਿ ਇਸ ਥਾਂਈ ॥੪੧॥
ਪ੍ਰਥਮ ਕੁਟੰਬ ਆਪ ਕੋ ਭਾਰਾ।
ਚਾਰ ਪੁੱਤ੍ਰ ਚਾਰੂ ਸੁ ਕੁਮਾਰਾ।
ਸਾਸੂ ਸਹਤ ਸੁ ਰਹਿਤ ਸੁਖਜਾਰੀ।
ਸੰਕਟ ਹੁਤੋ ਨ ਕਿਸੂ ਪ੍ਰਕਾਰੀ ॥੪੨॥
ਜਿਤ ਕਿਤ ਅਵਲੋਕਤਿ ਦ੍ਰਿਗ ਸੀਤਲ।
ਉਦਤ ਜਿਨਹੁਂ ਤੇ ਆਨੰਦ ਹੀ ਤਲ[2]।
ਸਭਿਨਿ ਬਿਹੀਨ ਰਹੀ ਦੁਰਭਾਗਨ।
ਤੁਮਰੇ ਦਰਸ਼ਨ ਕੀ ਅਨੁਰਾਗਨ ॥੪੩॥
ਨਿਜ ਢਿਗ ਤੇ ਭੀ ਚਹਹੁ ਬਿਛੋਰੀ।
ਕੌਨ ਦਸ਼ਾ ਹੁਇ ਹੈ ਤਬਿ ਮੋਰੀ।
ਤੁਮ ਸਮਰੱਥ ਉਚਿਤ ਸਭਿ ਕਰਿਬੇ।
ਮਮ ਹਿਤ ਚਹਤਿ ਜਿ ਕਰੁਨਾ ਧਰਿਬੇ ॥੪੪॥
ਤੌ ਮਮ ਸੁਤ ਕੋ ਦਿਹੁ ਬਿਦਤਾਇ।
ਜਿਸ ਕੋ ਪਿਖਹਿ ਸ਼ਾਂਤਿ ਚਿਤ ਪਾਇ।

---

[1]ਆਪਣੇ ਦੁਖ ਦਾ ਹਾਲ ਅੱਗੇ ਦੱਸਦੇ ਹਨ ਕਿ ਇਕ ਪੁੱਤ੍ਰ ਸੀ ਮੇਰਾ ਸੋ ਮਰ ਗਿਆ; ਮੈਂ ਉਸ ਦੇ ਬਿਰਹੇ ਵਿਚ ਪਾਸ ਰਹਿਕੇ ਬੀ ਦੁਖੀ ਹੁੰਦੀ ਹਾਂ, ਵਿਛੜਕੇ ਕੀ ਬਣੇਗਾ [ਦੇਖੋ ਅੰਕ ੪੬]।
[2]ਹਿਰਦੇ ਥਾਂ ਵਿਚ ਜਿਨ੍ਹਾਂ ਤੋਂ ਅਨੰਦ ਉਪਜਦਾ ਸੀ।

ਰਹੌਂ ਇਹਾਂ ਮੈਂ ਧੀਰਜ ਧਰਿ ਕੈ।
ਰਾਵਰਿ ਧ੍ਯਾਨ ਰੁ ਸਿਮਰਨ ਕਰਿ ਕੈ ॥੪੫॥
ਜਬਿ ਸੁਤ ਕੀ ਸੂਰਤ ਸਿਮਰੰਤੀ।
ਮਹਾਂ ਕਸ਼ਟ ਤੇ ਮੈਂ ਨ ਮਰੰਤੀ[1]।
ਏਤਿਕ ਦੁਖ ਪੂਰਬ ਭਾ ਮੋਹਿ।
ਬਿਰਹ ਆਪ ਕੇ ਕਜਾ ਗਤਿ ਹੋਹਿ ॥੪੬॥
ਕਿਹ ਅਲੰਬ ਮੈਂ ਰਹੌਂ ਦੁਖਾਰੀ।
ਤੁਮ ਜਗਗੁਰ ਪਤਿ ਅਸ ਗਤਿ ਵਾਰੀ।
ਸੁਤ ਕੀ ਸੂਰਤ ਮੋਹਿ ਦਿਖਾਉ।
ਜਿਮ ਕਿਮ ਪੂਰਹੁ ਇਹੁ ਮਮ ਸੁਆਉ ॥੪੭॥
ਬਾਂਛਤਿ ਪੁਰਵਹੁ ਲਾਖਨ ਜਨ ਕੀ।
ਅਤਿ ਅਭਿਲਾਖਾ ਇਹ ਮਮ ਮਨ ਕੀ।
ਪੁਨ ਆਇਸ ਕੋ ਮਾਨਿ ਸੁਖਾਰੀ।
ਰਹੌਂ ਬਿਛੁਰਿ ਇਸ ਪੁਰੀ ਮਝਾਰੀ' ॥੪੮॥
ਇੱਤਜਾਦਿਕ ਕਹਿ ਕਹਿ ਬਹੁ ਰੋਈ।
ਭਈ ਦੀਨ ਮਨ ਸ਼ੋਕ ਪਰੋਈ।
ਨਿਸ ਬਾਸੁਰ ਸੁਤ ਸੂਰਤ ਚਿਤਵਤਿ।
ਦ੍ਯੋਸ ਮਨਿੰਦ ਬਰਖ ਕੇ ਬਿਤਵਤਿ[2] ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

---

[1]ਭਾਵ ਜਦ ਪੁੱਤ੍ਰ ਦੀ ਸੂਰਤ ਯਾਦ ਕਰਦੀ ਹਾਂ ਇੰਨਾਂ ਕਸ਼ਟ ਹੁੰਦਾ ਹੈ ਕਿ ਇਕ ਮਰਨ ਦੀ ਕਸਰ ਬਾਕੀ ਰਹਿ ਜਾਂਦੀ ਹੈ।
[2]ਇਕ ਦਿਨ ਵਰ੍ਹੇ ਤੁਲ ਬੀਤਦਾ ਹੈ।

## ੪੪. [ਮਾਤਾ ਜੀ ਨੂੰ ਉਪਦੇਸ਼। ਪਾਰਕ ਪੁੱਤ੍ਰ]

੪੩<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੫

ਦੋਹਰਾ: ਦੀਨਮਨਾ ਅਤਿ ਸੁੰਦਰੀ, ਪਤਿਬਰਤਾ ਧ੍ਰਿਤਿਵੰਤਿ[੧]।
ਬਹੁ ਸਮਤਾ ਦੀਰਘ ਦੁਸਹਿ[੨]*, ਜਬਿ ਇਮ ਭਨਜੋਂ ਬ੍ਰਿਤੰਤ ॥੧॥
ਚੌਪਈ: ਸ਼੍ਰੀ ਸਤਿਗੁਰ ਸੁਨਿ ਕੈ ਸਭਿ ਬਾਨੀ।
ਦੇਨਿ ਹਰਖ ਮ੍ਰਿਦੁ ਕੀਨਿ ਬਖਾਨੀ।
'ਹੇ ਸ਼ੁਭਮਤੇ ! ਅਖਿਲ ਜੇ ਲੋਕ।
ਨਾਮ ਰੂਪ ਨਾਨਾ ਅਵਿਲੋਕ ॥੨॥
ਬਿਨਸਨਿਹਾਰ ਸਕਲ ਹੀ ਅਹੇ।
ਭੂਤ ਜੁ ਹੁਤੇ ਭਵਿੱਖ ਨ ਰਹੇ।
ਅਪਨਿ ਧਰਮ ਗਾਢੋ ਕਰਿ ਮਰੇ।
ਸੋ ਨਰ ਧੰਨ ਸਿੰਧੁ ਜਗ ਤਰੇ ॥੩॥
ਨਰ ਤਨ ਪ੍ਰਾਪਤਿ ਕੋ ਇਹ ਕਾਜਾ।
ਤਾਰਨ ਤਰਨ ਸਮਾਨ ਜਹਾਜਾ[੩]।
ਤੋ ਸੁਤ ਧਰਮ ਛੱਤ੍ਰੀਯਨਿ ਕੇਰਾ।
ਰਣ ਮਹਿਂ ਸੋ ਨਿਰਬਾਹ ਬਡੇਰਾ ॥੪॥
ਸ਼ੱਤ੍ਰ ਸੈਂਕਰੇ ਖੇਤ ਗਿਰਾਏ।
ਆਪ ਜੂਝਿ ਸੁਰ ਲੋਕ ਸਿਧਾਏ।
ਜਹਿਂ ਸਭਿ ਰੀਤਿਨਿ ਕੇ ਸੁਖ ਅਹੈਂ।
ਬੇਦ ਪੁਰਾਨ ਸਾਖ ਸਭਿ ਕਹੈਂ ॥੫॥
ਖੋੜਸ ਬਰਖ ਆਰਬਲ ਤਨ ਕੀ[੪]।
ਸਭਿ ਪ੍ਰਾਪਤਿ ਅਭਿਲਾਖਾ ਮਨ ਕੀ।
ਚੱਕ੍ਰ ਵਰਤਿ ਮਹਿ ਮੰਡਲ ਰਾਜੂ[੫]।
ਮਿਟਹਿ ਨ ਆਇਸੁ ਕਿਤਹੁ ਕੁਕਾਜੂ[੬] ॥੬॥
ਕਰਨਿ ਰਮਨਿ ਰਮਨੀਨਿ ਨਵੀਨ[੭]।

---

[੧]ਪਤਿੱਬ੍ਰਤਾ (ਧਰਮ) ਦੇ ਧਾਰਨ ਵਾਲੀ। (ਅ) ਪਤਿਬ੍ਰਤਿ ਅਤੇ ਧੀਰਜ ਵਾਲੀ।
[੨]ਭਾਵ ਨਿੰਮ੍ਰਤਾ ਨਾਲ ਬਹੁਤ ਦੁੱਖ ਦੱਸਿਆ। [ਸੰਸ:, ਸ਼ਮ=ਸ਼ਾਂਤੀ, ਖਿਮਾ, ਨਿੰਮ੍ਰਤਾ]।
*ਪਾ:-ਦੂਸ਼ਾ। ਦਸ਼ਾ।
[੩]ਜਹਾਜ਼ ਵਾਂਙ ਤਰਨੇ ਤੇ ਤਾਰਨੇ ਲਈ (ਮਨੁੱਖ ਸ਼ਰੀਰ ਹੈ)।
[੪]ਤਨ ਦੀ ਆਯੂ ਹੋਵੇ (ਜੇ ਕਿਸੇ ਦੀ ਤੇ)।
[੫]ਪ੍ਰਿਥਵੀ ਮੰਡਲ ਦਾ ਚੱਕ੍ਰਵਰਤੀ ਰਾਜ ਹੋਵੇ।
[੬]ਤਿਸ ਦਾ ਹੁਕਮ ਨਾ ਟਲੇ (ਕਿਧਰੇ) ਤੇ ਕਿਧਰੇ (ਉਸ ਦਾ ਕੋਈ) ਕੰਮ ਖੋਟਾ ਨਾ ਹੋਵੇ (ਭਾਵ ਸਭ ਸਫਲ ਹੋਣ)।
[੭]ਭਾਵ ਉਸ ਨੂੰ ਯੁਬਾ ਇਸਤ੍ਰੀਆਂ ਪ੍ਰਾਪਤ ਹੋਣ।

ਇੱਤਯਾਦਿਕ ਆਨੰਦ ਜਗ ਪੀਨ।
[1]ਜਿਸ ਆਨੰਦ ਕੋ ਕਨਕਾ ਏਹੂ।
ਤਿਸ ਅਨੰਦ ਸੋਂ ਮਿਲਯੋ ਅਛੇਹੂ[6] ॥੭॥
ਨਿਜ ਨੰਦਨ ਆਨੰਦ ਬਿਲੰਦ।
ਨਿਸ਼ਚੈ ਜਾਨਿ ਲੇਹੁ ਮਤਿਵੰਦ!
ਤਿਸ ਕੋ ਸ਼ੋਕ ਨ ਸੁਮਤੇ! ਕਰੋ।
ਪੁਰਿ ਮਹਿਂ ਰਹਨ ਮਨੋਰਥ ਧਰੋ ॥੮॥
ਰਿਦੈ ਧਯਾਨ ਹਮ ਕੋ ਨਿਤ ਧਯਾਵਹੁ।
ਨਿਕਟ ਦਰਸ ਕੋ ਸੁਖ ਫਲ ਪਾਵਹੁ।
ਪਰਾਲਬਧ ਤਨ ਕੀ ਸਭਿ ਭੋਗਿ।
ਪਹੁੰਚਹੁ ਅੰਤ ਹਮਾਰੇ ਲੋਗ ॥੯॥
ਅਪਰ ਤ੍ਰਿਯਨਿ ਸਮ ਤੁਹਿ ਨਹਿਂ ਚਹੀਅਹਿ।
ਹਮਰੀ ਸੰਗਤਿ ਕੋ ਫਲ ਲਹੀਯਹਿ।
ਸਿੱਖਨ ਕੋ ਕੀਜਹਿ ਕੱਲਯਾਨ।
ਬਸੀਯਹਿ ਦਿੱਲੀ ਪੁਰਿ ਰੁਚਿ ਠਾਨਿ ॥੧੦॥
ਅਪਰ ਬਾਰਤਾ ਕੀ ਅਭਿਲਾਖਨ।
ਸੋ ਪੁਰਵਹੁ ਹਮ ਸੋਂ ਕਰਿ ਭਾਖਨਿ।
ਸੰਗਤਿ ਬਿਨੈ ਮਾਨਿਬੇ ਜੋਗ।
ਸੇਵਾ ਕਰਹਿਂ ਸਰਬ ਸਿਖ ਲੋਗ ॥੧੧॥
ਸ਼੍ਰੀ ਅੰਮ੍ਰਿਤਸਰ ਆਦਿ ਸਥਾਨ।
ਜਹਿਂ ਕਹਿਂ ਟਿਕੇ ਮਸੰਦ ਮਹਾਨ।
ਸਰਬ ਦਰਬ ਇਹ ਅਰਪਨ ਕਰਿਹੀਂ।
ਨਿਜ ਨਿਜ ਥਲ ਮਹਿਂ ਥਿਰਤਾ ਧਰਿਹੀਂ ॥੧੨॥
ਤੁਵ ਥਿਰ ਹੋਵਨਿ ਤੇ ਇਸ ਦੇਸ਼।
ਰੀਤਿ ਪ੍ਰਥਮ ਕੀ ਰਹੈ ਅਸ਼ੇਸ਼।
ਦੇਨਿ ਲੇਨਿ ਜਗ ਗੁਰੁ ਕੀ ਕਾਰ।
ਰਹੈ ਤਥਾ ਹੀ ਨਿਸ਼ਚੈ ਧਾਰਿ ॥੧੩॥
ਧੂਅਰ ਧੌਲਰ[2] ਜਗਤ ਤਮਾਸ਼ਾ।

---

[1]ਇਹ ਸਾਰੇ ਆਨੰਦ ਜਿਸ ਆਨੰਦ ਦਾ ਇਕ ਕਿਣਕਾ ਮਾਤ੍ਰ ਹਨ ਉਸ ਆਨੰਦ ਨੂੰ ਇਕ ਰਸ ਮਿਲਿਆ ਹੈ (ਅਜੀਤ ਸਿੰਘ), ਭਾਵ ਬ੍ਰਹਮਾਨੰਦ ਨੂੰ ਪ੍ਰਾਪਤ ਹੋਯਾ ਹੈ। ਕਹਿੰਦੇ ਹਨ ਕਿ ਮਹਾਨ ਤੋਂ ਮਹਾਨ ਸਰੀਰਕ ਰਸ ਬ੍ਰਹਮਾਨੰਦ ਦਾ ਕਿਣਕਾ ਮਾਤ੍ਰ ਹਨ।
[2]ਧੂਏਂ ਦੇ ਮੰਦਰ ਵਾਂਙ।

ਇਸ ਥਿਰਤਾ ਕੌ ਕਜ਼ਾ ਭਰਵਾਸਾ।
ਸਮ ਦਰਿਆਉ ਚਲ੍ਯੋ ਨਿਤ ਜਾਤਿ।
ਭਰ੍ਯੋ ਰਹੈ ਇਕ ਸਮ ਦਿਖਰਾਤਿ' ॥੧੪॥
ਇੱਤਯਾਦਿਕ ਪ੍ਰਭੁ ਬਹੁ ਸਮੁਝਾਈ।
ਭਰੇ ਬਿਲੋਚਨ ਅੱਸ਼੍ਰੂ ਗਿਰਾਈ।
ਸ਼੍ਰੀ ਗੁਰ ਸੰਗ ਸਿੱਖ ਸੁਨਿਆਰਾ।
ਰਹ੍ਯੋ ਪੁੱਤ੍ਰ ਜਾਚਤਿ ਬਹੁ ਬਾਰਾ ॥੧੫॥
ਕੇਤਿਕ ਸਮੈਂ ਬਿਤਾਵਤਿ ਭਯੋ।
ਇਕ ਦਿਨ ਸੰਗ ਪ੍ਰਭੂ ਕੇ ਗਯੋ।
ਤ੍ਰਿਯਾ ਵਹਿਰ ਇਕ ਬਾਰਕ ਗੇਰਾ।
ਗਮਨਤਿ ਪੰਥ ਗੁਰੂ ਤਬਿ ਹੇਰਾ ॥੧੬॥
ਸੁਨਿਆਰੇ ਸਿਖ ਸਨ ਫੁਰਮਾਯੋ।
'ਜਾਚਤਿ ਪੁੱਤ੍ਰ ਅਚਾਨਕ ਪਾਯੋ।
ਪ੍ਰਿਤਪਾਰਹੁ ਕਰਿ ਪਜ਼ਾਰ ਦੁਲਾਰਾ।
ਤੋਰਿ ਕਾਮਨਾ ਪੁਰਵਿ ਉਦਾਰਾ' ॥੧੭॥
ਸੁਨਿ ਕੈ ਸਿਖ ਕਰ ਜੋਰਤਿ ਕਹ੍ਯੋ।
'ਪਾਰਨ ਕਾਰਨ ਮੈਂ ਨਹਿਂ ਲਹ੍ਯੋ।
ਕੋ ਤ੍ਰਿਯ ਸਥਨ ਸੁ ਦੁਗਧਾ ਦੇਯ।
ਤੌ ਇਹ ਬਚੈ ਅੰਨ ਅਚਿ ਲੇਯ ॥੧੮॥
ਯਾਂ ਕੋ ਜਤਨ ਕਰਹੁ ਫੁਰਮਾਵਨ।'
ਸੁਨਿ ਬਿਨਤੀ ਬੋਲੇ ਜਸੁ ਪਾਵਨ।
ਜਲ ਕੋ ਵਾਹਿਗੁਰੂ ਕਹਿ ਲੀਜੈ।
ਨਿਜ ਤ੍ਰਿਯ ਸਥਨ ਪਖਾਰਨਿ ਕੀਜੈ ॥੧੯॥
ਬਾਰਕ ਜਬਿ ਉਛੰਗ ਮਹਿਂ ਪਾਏ।
ਦੁਘਧ ਕੁਚਨ ਮਹਿਂ ਤਬਿ ਹੁਇ ਜਾਇ।
ਤਿਸ ਤੇ ਪਾਰਨ ਸਿਸ ਬਯ ਪਾਵੈ।
ਬਿਨ ਸੰਸੈ ਇਹੁ ਬਡ ਹੁਇ ਜਾਵੈ' ॥੨੦॥
ਮਾਨਿ ਬਾਕ ਸਤਿਗੁਰ ਕੋ ਤਾਂਹਿ।
ਲਿਯੋ ਉਠਾਇ ਹਾਥ ਜੁਗ ਮਾਂਹਿ।
ਜਲ ਤੇ ਭਲੇ ਕਰਾਇ ਸ਼ਨਾਨ।
ਨਿਜ ਦਾਰਾ ਕੋ ਦੀਨਸਿ ਆਨਿ ॥੨੧॥
ਗੁਰ ਕੋ ਵਾਕ ਸੁਨਾਵਨ ਕੀਯੋ।

ਸਿਖਨੀ ਹਰਖ ਧਾਰਿ ਉਰ ਲੀਯੋ।
ਸੋ ਬਿਧਿ ਕਰੇ, ਸਥਨ ਪਯ ਆਵਾ।
ਸਹਿਤ ਸਨੇਹ ਸੁ ਨੰਦਨ ਪਜਾਵਾ ॥੨੨॥
ਜਿਯਤ ਰਹ੍ਯੋ ਬਾਰਕ ਪ੍ਰਿਤਪਾਰ੍ਯੋ।
ਦੰਪਤਿ ਅਪਨੋ ਪੁੱਤ੍ਰ ਬਿਚਾਰ੍ਯੋ।
ਪੰਚ ਬਰਸ ਕੋ ਹੋਯਸਿ ਜਬੈ।
ਗੁਰ ਮਹਿਲਾ ਪਿਖਿ ਸੁੰਦਰੀ ਤਬੈ ॥੨੩॥
ਸ਼੍ਰੀ ਅਜੀਤ ਸਿੰਘ ਸੁਤ ਅਨੁਹਾਰਾ[੧]।
ਬਾਰ ਬਾਰ ਕਰਿ ਪ੍ਰੇਮ ਨਿਹਾਰਾ।
'ਦਿੱਲੀ ਬਿਖੈ ਰਹੋ' ਜਬਿ ਕਹ੍ਯੋ।
ਰਿਦੈ ਸੁੰਦਰੀ ਤਬਿ ਇਮ ਚਹ੍ਯੋ ॥੨੪॥
ਕਹਤਿ ਕੰਤ ਸਨ ਜੋਰਤਿ ਹਾਥ।
'ਤਜ੍ਯੋ ਚਹਤਿ ਜੇ ਇਸ ਪੁਰਿ ਨਾਥ!
ਮਮ ਸੁਤ ਕੀ ਇਹ ਸਿਸ ਅਨੁਹਾਰਾ।
ਦੇਹੁ ਅਬੈ ਕਰਿਹੌਂ ਪ੍ਰਿਤਪਾਰਾ ॥੨੫॥
ਸੁਤ ਸਮ ਪਾਰਕ ਕਰਿ ਮੈਂ ਰਾਖੌਂ।
ਮਨ ਪਰਚਾਵਨਿ ਹਿਤ ਅਭਿਲਾਖੌਂ।
ਦਿਹੁ ਆਇਸੁ ਸ਼੍ਰੀ ਮੁਖ ਤੇ ਜਬੈ।
ਪਿਖਤਿ ਰਹੌਂ ਪਾਰਕ ਕਰਿ ਤਬੈ' ॥੨੬॥
ਸ਼੍ਰੀ ਗੁਰ ਸੁਨਿ ਕੈ ਬਾਕ ਬਖਾਨਾ।
'ਇਸ ਪਾਰਹਿਂ, ਜਬਿ ਹੋਹਿ ਮਹਾਨਾ।
ਬਨਹਿ ਤੋਹਿ ਕਉ ਇਹ ਦੁਖਦਾਈ।
ਖੋਜਹਿਂ ਤਬਿ, ਹ੍ਵੈ ਕੋ ਨ ਸਹਾਈ[੨] ॥੨੭॥
ਯਾਂ ਤੇ ਇਮ ਹੀ ਰਹੁ ਹਰਖਾਇ।
ਪਠਹੁ[*] ਗ੍ਰੰਥ ਸਾਹਿਬ ਸੁਖ ਪਾਇ।
ਪਠਤ ਸੁਨਨ ਮਹਿਂ ਦਿਵਸ ਬਿਤਾਵਹੁ।
ਸਿਮਰਨ ਵਾਹਿਗੁਰੂ ਚਿਤ ਲਾਵਹੁ' ॥੨੮॥
ਸੁਨਿ ਸੁੰਦਰੀ ਮਨ ਅਨਮਨ ਭਈ।
-ਪਤਿ ਤੇ ਇਹ ਨਾ ਕਾਮਨਾ ਲਈ।

---

[੧]ਵਰਗਾ।
[੨]ਤਦੋਂ ਭਾਲੇਂਗੀ ਪਰ ਕੋਈ ਸਹਾਯਕ ਨਹੀਂ ਹੋਵੇਗਾ।
[*]ਪਾ:-ਸੁਨਹੁ।

ਬਡੋ ਹੋਇ ਕਜਾ ਕਰਹਿ ਬਖੇਰਾ।
ਅਬਿ ਚਿਤ ਪਰਚਾ ਪਿਖਹਿਂ ਨ ਮੇਰਾ ॥੨੯॥
ਰਹੌਂ ਇਕਾਂਕੀ ਸਦਾ ਉਦਾਸ।
ਨਹਿਂ ਨੰਦਨ ਨਹਿਂ ਪਤਿ ਹ੍ਵੈ ਪਾਸ-।
ਕੇਤਿਕ ਚਿਰ ਮਹਿਂ ਬਹੁਰ ਬਖਾਨੀ।
'ਦੁਖ ਆਤੁਰ ਕੀ ਬਿਨੈ ਨ ਮਾਨੀ ॥੩੦॥
ਰਾਵਰਿ ਬਿਨਾ ਇਕਾਂਕੀ ਥੀਵੌਂ।
ਪਰਮ ਕਸ਼ਟ ਮਹਿਂ ਕਿਸ ਬਿਧਿ ਜੀਵੌਂ।
ਕਯੋਂ ਨ ਬਿਚਾਰਤਿ ਹਹੁ ਮਮ ਹਾਲ।
ਬਿਰਦ ਆਪ ਕੋ ਸਦਾ ਕ੍ਰਿਪਾਲੁ' ॥੩੧॥
ਸੁਨਿ ਕਰਿ ਸਤਿਗੁਰ ਰਿਦੇ ਬਿਚਾਰਾ।
-ਇਹ ਦੁਖ ਆਤੁਰ ਅਹੈ ਉਦਾਰਾ।
ਸਮੁਝਾਈ ਸਮੁਝੈ ਨ ਅਜਾਨੀ।
ਬਾਰਕ ਪਾਰਕ ਚਹਿਸ ਮਹਾਨੀ- ॥੩੨॥
ਕਹਯੋ ਤਬੈ 'ਲੈ ਪਾਰਹੁ ਆਪ[1]।
ਲਖਿ ਹੈਂ[2] ਬਡੇ ਦੇਹਿ ਸੰਤਾਪ।'
ਸੁਤ ਅਜੀਤ ਸਿੰਘ ਕੀ ਅਨੁਹਾਰੀ।
ਨਿਕਟ ਬਿਠਾਯਹੁ ਪਿਖਿ ਸੁਖ ਭਾਰੀ ॥੩੩॥
ਪਤਿ ਕੀ ਆਇਸੁ ਲੇ ਹਿਤ ਪਾਰਨ।
ਸੁਤ ਹੀ ਕੋ ਕਿਯ ਨਾਮ ਉਚਾਰਨ।
ਪਾਲਕ ਭਾ ਅਜੀਤ ਸਿੰਘ ਸੋਇ।
ਸਿਖ ਤੇ ਲਯੋ ਹਰਖ ਮਹਿਂ ਹੋਇ ॥੩੪॥
ਪੁਨ ਸਾਹਿਬ ਦੇਵੀ ਕੇ ਸਾਥ।
ਪੁਰਿ ਰਾਖਨ ਹਿਤ ਬੋਲੇ ਨਾਥ।
'ਨਿਕਟ ਸੌਤ ਕੇ ਰਹੁ ਥਿਰ ਹ੍ਵੈ ਕੈ।
ਕਜਾ ਲੈ ਹੈਂ ਦੱਖਣ ਦਿਸ਼ਿ ਜੈ ਕੈ ॥੩੫॥
ਸਕਲ ਬਿਧਿਨਿ ਤੇ ਬਸੈਂ ਸੁਖਾਰੀ।
ਪੂਜਹਿਂ ਪਹੁੰਚਿ ਸੰਗਤਾਂ ਸਾਰੀ।
ਦਿਨ ਪ੍ਰਤਿ ਗਮਨ ਨਰਕ ਸਮ ਕਹੈਂ।
ਤ੍ਰਿਯਾ ਜਾਤਿ ਕੋ ਬਹੁ ਦੁਖ ਅਹੈ' ॥੩੬॥

---

[1] ਆਪ ਲੈ ਕੇ ਪਾਲ ਲੈ।
[2] ਦੇਖੇਂਗੀ।

ਸੁਨਿ ਸਾਹਿਬ ਦੇਵੀ ਕਰ ਜੋਰੇ।
'ਗਾਢੋ ਨੇਮ ਅਹੈ ਇਹ ਮੋਰੇ।
ਪੂਰਬ ਦਰਸ਼ਨ ਕਰੌਂ ਤੁਹਾਰਾ।
ਪਦ ਬੰਦਨ ਤੇ ਅਚੌਂ ਅਹਾਰਾ ॥੩੭॥
ਇਤਨੇ ਹੀ ਮਾਨੇ ਸੁਖ ਸਾਰੇ।
ਪਰਮ ਅਨੰਦ ਮਹਿਂ ਸੰਗ ਤੁਮਾਰੇ।
ਗਮਨ ਬਿਖੈ ਨਹਿਂ ਸੰਕਟਿ ਕੋਈ।
ਸੰਗ ਆਪ ਕੇ ਸਭਿ ਸੁਖ ਹੋਈ ॥੩੮॥
ਪੁਜਵਾਵਨ ਸੰਗਤਿ ਕੇ ਪਾਸ।
ਬ੍ਰਿਹ ਤੁਮ ਤੇ[1] ਇਹ ਧਰੌਂ ਨ ਆਸ।
ਮਨ ਕੀ ਗਤਿ ਸਭਿ ਜਾਨਨਹਾਰੇ।
ਬਨਹਿ ਨ ਕਹਿਬੋ ਨਿਕਟ ਤੁਮਾਰੇ ॥੩੯॥
ਪਰਖਿ ਪ੍ਰੇਮ ਕੋ ਰਾਖਹੁ ਸਾਥ।
ਇਹੀ ਕਾਮਨਾ ਪੁਰਵਹੁ ਨਾਥ!'
ਦੀਨ ਮਨਾ ਅਤਿਸ਼ੈ ਗੁਰ ਜਾਨੀ।
ਚਲਨ ਸੰਗ ਬਿਨਤੀ ਇਹੁ ਮਾਨੀ ॥੪੦॥
ਸੰਗਤ ਮਹਿਂ ਸੁੰਦਰੀ ਕੋ ਛੋਰਿ।
ਚਲਯੋ ਚਹੈਂ ਪ੍ਰਭੁ ਦੱਛਨ ਓਰ।
ਇਤਨੇ ਬਿਖੈ ਬਹਾਦਰ ਸ਼ਾਹੂ।
ਨਿਜ ਉਮਰਾਵ ਪਠਯੋ ਗੁਰ ਪਾਹੂ ॥੪੧॥
ਧਰਿ ਅਕੋਰ ਕਰ ਜੋਰਿ ਨਮੋ ਕਿਯ।
ਸਭਿ ਬਿਰਤੰਤ ਪ੍ਰਭੁ ਢਿਗ ਕਹਿ ਦਿਯ।
'ਜੰਗ ਜੀਤ ਸਲਤਨ ਕੋ ਪਾਇ।
ਨਗਰ ਆਗਰੇ ਥਿਰਯੋ ਸੁਹਾਇ ॥੪੨॥
ਰਾਵਰ ਕੋ ਪ੍ਰਸੰਗ ਨਿਤ ਕਹੈ।
ਮਿਲਿਬੇ ਹੇਤੁ ਪ੍ਰਤੀਖਤਿ ਰਹੈ।
ਕ੍ਰਿਪਾ ਕਰਹੁ ਕੋ ਦਰਸ ਦਿਖਾਵਹੁ।
ਮ੍ਰਿਦੁ ਬਾਕਨ ਕੋ ਕਹਿ ਹਰਖਾਵਹੁ' ॥੪੩॥
'ਸ਼੍ਰੀ ਗੁਰ ਕਹਯੋ 'ਬਿਲਮ ਨਹਿਂ ਕਾਈ।
ਕੂਚ ਹੋਨਿ ਤਯਾਰੀ ਕਰਿਵਾਈ।
ਕੇਤਿਕ ਦਿਨ ਮਹਿਂ ਪਹੁੰਚਹਿਂ ਜਾਇ।

[1]ਆਪ ਤੋਂ ਵਿਛੜਕੇ।

ਕਰਹੁ ਸ਼ਾਹੁ ਪ੍ਰਤਿ ਹਮ ਚਲਿ ਆਇੰ' ॥੪੪॥
ਸੁਨਿ ਉਮਰਾਵ ਕਹਨਿ ਪੁਨ ਲਾਗਾ।
'ਸੰਗ ਆਪ ਕੇ ਬਹੁ ਅਨੁਰਾਗਾ।
ਤਊ ਸ਼ਰੀਅਨਿ ਤੇ ਡਰਪੰਤਿ।
ਤੁਮ ਦਿਸ਼ਿ ਆਇ ਸਕੈ ਨ ਕਦੰਤ ॥੪੫॥
ਸ਼ਰ੍ਹਾ ਪਿਤਾ ਕੀ ਕਰੀ ਸੁ ਮਾਨੇ।
ਅਹੈਂ ਸਕੇਲ[1] ਸੈਂਕਰੇ ਸਜਾਨੇ।
ਅਵਰੰਗ ਦੈ ਦੈ ਮਾਨ ਵਧਾਏ।
ਨਿਤ ਬੈਠਤਿ ਢਿਗ ਸੋ ਸਮੁਦਾਏ ॥੪੬॥
ਯਾਂ ਤੇ ਆਇ ਨ, ਸੁਕਚਤਿ ਰਹੈ।
ਤਊ ਦਰਸ ਅਵਿਲੋਕਨਿ ਚਹੈ।'
ਇੱਤਜਾਦਿਕ ਬਿਨਤੀ ਬਹੁ ਕੀਨਿ।
ਸ਼੍ਰੀ ਪ੍ਰਭੁ ਸਿਰੇਪਾਉ ਤਿਸ ਦੀਨਿ ॥੪੭॥
ਰੁਖਸਦ ਹੁਇ ਗਮਨਜੋਂ ਤਤਕਾਲਾ।
ਕਰਜੋ ਸ਼ਾਹੁ ਸੋਂ ਹਰਖ ਬਿਸਾਲਾ।
ਰਹਜੋ ਪ੍ਰਤੀਖਤਿ ਪ੍ਰਭੁ ਕੋ ਫੇਰ।
-ਮਿਲਿ ਬੋਲੌਂ ਗੁਰ ਦਰਸ਼ਨ ਹੇਰਿ- ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥੪੪॥

---
[1]ਇਕੱਠੇ ਕੀਤੇ ਸੁ।

## ੪੫. [ਮਥੁਰਾ, ਬੰਦਰ। ਪਵਿੱਤ੍ਰ ਜਲ ਨਿਰਨਾ। ਆਗਰੇ ਪੁੱਜਣਾ]

੪੪<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੬

ਦੋਹਰਾ: ਤੇਗ਼ ਬਹਾਦਰ ਸਤਿਗੁਰੂ,
ਜਿਸ ਥਲ ਕਿਯ ਸਸਕਾਰ।
ਬਿਦਤਾਯੋ ਮੰਦਿਰ ਬਨੋਂ, ਸੁੰਦਰ ਅਨਿਕ ਪ੍ਰਕਾਰ ॥੧॥
ਚੌਪਈ: ਪਿਤ ਸਥਾਨ ਬਿਦਤਾਇ ਸੁਨਾਯੋ*।
ਸਤਿਸੰਗਤਿ ਕੋ ਜੋੜ ਕਰਾਯੋ।
ਸੁੰਦਰੀ ਕਰੀ ਟਿਕਾਵਨ ਪੁਰਿ ਮੈਂ+।
ਆਪ ਅਰੋਹਨਿ ਬਾਂਛਤਿ ਉਰ ਮੈਂ ॥੨॥
ਸਭਿਹਿਨਿ ਕੋ ਨਿਜ ਗਵਨ ਸੁਨਾਵਾ।
ਗਨ ਸਿੱਖਨਿ ਕੋ ਮੇਲ ਸੁਹਾਵਾ।
ਅਨਿਕ ਅਕੋਰਨ ਧਰਿ ਕਰ ਜੋਰੇ।
ਕਦਮ ਪਦਮ ਸੁਖ ਸਦਮ[੧] ਨਿਹੋਰੇ ॥੩॥
ਜਥਾ ਭਾਵਨਾ ਧਰਿ ਅਵਿਲੋਕੇ।
ਤਥਾ ਸਭਿਨਿ ਲਖਿ ਲਖਿ ਦ੍ਰਿਗ ਰੋਕੇ।
ਜਨੁ ਸੂਰਜ ਦਿਸ਼ਿ ਗਨ ਅਰਬਿੰਦੂ।
ਕਿਧੌਂ ਚਕੋਰਨ ਚਿਤਵਯੋ ਇੰਦੂ ॥੪॥
ਕਰੁਨਾ ਭਰੇ ਕਟਾਛ ਛਬੀਲੇ।
ਸਭਿ ਪਰ ਡਾਰਤਿ ਦ੍ਰਿਸ਼ਟਿ ਰਸੀਲੇ।
ਸਨਧਬੱਧ ਹੁਇ ਪ੍ਰਭੂ ਬਿਰਾਜੇ।
ਬਸਤ੍ਰ ਸ਼ਸਤ੍ਰ ਨਾਨਾ ਬਿਧਿ ਸਾਜੇ ॥੫॥
ਖੁਸ਼ੀ ਕਰੀ ਸਭਿ ਕੋ ਤਬਿ ਨਾਥ।
ਕਰ ਜੋਰਹਿਂ ਧਾਰਹਿਂ ਪਗ ਮਾਥ।
ਹਿਤ ਅਰੋਹਿਬੇ ਹਯ ਅਨਵਾਯੋ।
ਹੇਰਿ ਸੁੰਦਰੀ ਸੀਸ ਨਿਵਾਯੋ ॥੬॥
ਬਿਛਰਨ ਸਮੈਂ ਰੂਪ ਜਸ ਬੇਸੂ।
ਰਿਦੈ ਧਰਯੋ ਤਸ ਕੰਤ ਹਮੇਸ਼ੂ।
ਦੇ ਧੀਰਜ ਸਭਿ ਕੋ ਇਕ ਬਾਰ।
ਪਗ ਰਕਾਬ ਧਰਿ, ਭੇ ਅਸਵਾਰ ॥੭॥

---

*ਪਾ:-ਬਨਾਯੋ।
+ਇਥੇ ਹੁਣ ਤਕ ਗੁਰਦੁਆਰਾ ਹੈ।
[੧]ਸੁਖ ਦੇ ਘਰ ਚਰਨਕਵਲ।

ਸਹਿਤ ਖਾਲਸੇ ਮਾਰਗ ਚਲੇ।
ਕਰਿ ਪੁਰਿ ਜਨ ਗਨ ਕੋ ਤਹਿਂ ਖਲੇ।
ਸਾਹਿਬ ਦੇਵੀ ਸੰਗ ਸਿਧਾਈ।
ਰਹੀ ਸੁੰਦਰੀ ਆਇਸੁ ਪਾਈ ॥੮॥
ਪੰਥ ਉਲੰਘਿ ਕਿਤਿਕ ਪ੍ਰਭੁ ਗਏ।
ਹੇਰਿ ਸੁ ਥਲ ਡੇਰਾ ਪੁਨ ਕਏ।
ਤੀਨ ਦਿਵਸ ਕਰਿ ਮਜਲ ਸੁਖਾਰੀ।
ਜਾਇ ਪਹੁੰਚੇ ਤਹਿਂ ਅਘਹਾਰੀ[1] ॥੯॥
ਪੰਚ ਕੋਸ ਮਥਰਾ ਜਬਿ ਰਹੀ।
ਸਿਵਰ ਕਰਾਇ ਦੀਨਿ ਪ੍ਰਭੁ ਤਹੀ।
ਨਿਸ ਬਿਸਰਾਮੇ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥੧੦॥
ਭਈ ਪ੍ਰਾਤਿ ਕਰਿ ਸੌਚ ਸ਼ਨਾਨੇ।
ਹਯ ਅਰੋਹ ਕਰਿ ਪ੍ਰਭੂ ਪਯਾਨੇ।
ਪਹੁੰਚੇ ਮਥਰਾ ਪੁਰੀ ਨਿਹਾਰੀ।
ਜਹਿਂ ਬਿਲਾਸ ਕੀਨਸਿ ਗਿਰਧਾਰੀ[2] ॥੧੧॥
ਸੂਰਜ ਕੁੰਡ ਕੀਯੋ ਸਭਿ ਡੇਰਾ।
ਸੁੰਦਰ ਤਟ ਜਮਨਾ ਜਲ ਹੇਰਾ।
ਸ਼ਜਾਮ ਸਲੋਨੋ ਰੂਪ ਸੁਧਰਿ ਕੈ।
ਬਿਲਸੇ ਜਹਿਂ ਕਹਿਂ ਥਿਰਿ ਕੈ ਫਿਰਿ ਕੈ ॥੧੨॥
ਸੋ ਸਭਿ ਦੇਖਤਿ ਨਾਨਾ ਥਲ ਕੋ।
ਕਰੇ ਸੰਘਰ ਦੁਸ਼ਟ ਦਲ ਬਲ ਕੋ।
ਸੂਰਜ ਸੁਤਾ[3] ਪਾਰ ਗੁਰ ਗਏ।
ਗੋਕਲ ਲੋਕ ਬਿਲੋਕਤਿ ਭਏ ॥੧੩॥
ਜਿਸ ਥਲ ਹੁਤੀ ਪੂਤਨਾ ਪਾਪਨ।
ਤ੍ਰਿਣਾਵਰਤ[4] ਖਲ ਕੀਨਸਿ ਖਾਪਨ।
ਦੁਸ਼ਟ ਬਕਾਸੁਰ[5] ਬਲੀ ਬਿਦਾਰਜੋ।

---

[1]ਪਾਪਾਂ ਦੇ ਦੂਰ ਕਰਨੇ ਵਾਲੇ।
[2]ਕ੍ਰਿਸ਼ਨ ਜੀ ਨੇ।
[3]ਜਮਨਾ।
[4]ਨਾਮ ਇਕ ਦੈਂਤ ਦਾ ਜੋ ਵਾਉ ਵਰੋਲਾ ਬਣਕੇ ਕ੍ਰਿਸ਼ਨ ਜੀ ਨੂੰ ਉਡਾ ਲੈ ਜਾਣ ਵਾਸਤੇ ਗਿਆ ਸੀ, ਕ੍ਰਿਸ਼ਨ ਜੀ ਨੇ ਉਸ ਨੂੰ ਮਾਰ ਦਿੱਤਾ ਸੀ।
[5]ਨਾਮ ਦੈਂਤ ਜਿਸ ਨੂੰ ਵਾਕ ਰੂਪ ਵਿਚ ਕ੍ਰਿਸ਼ਨ ਜੀ ਨੇ ਬਿਜੈ ਕੀਤਾ ਸੀ।

ਨਾਸ਼ ਅਘਾਸੁਰ[੧] ਕੋ ਕਰਿ ਡਾਰਜੋ ॥੧੫॥
ਬ੍ਰਿੰਦਾਬਨ ਅਵਿਲੋਕਜੋ ਨਾਥ।
ਜਹਿਂ ਖੇਲੇ ਗੋਪੀ ਗਨ ਸਾਥ।
ਕੇਲ ਰਾਸ ਮੰਡਲ ਜਹਿਂ ਕਰੇ।
ਕਮਲਾਸਨ ਬਛਰੇ ਗਨ ਹਰੇ[੨] ॥੧੫॥
ਜਹਾਂ ਗੁਵਰਧਨ[੩] ਕਰ ਪਰ ਧਾਰਜੋ।
ਜਹਿਂ ਸੁਰਪਤਿ ਕੋ ਮਾਨ ਨਿਵਾਰਜੋ।
ਕਾਲੀ ਤਾਲ ਬਿਲੋਕਜੋ ਜਾਇ।
ਚਢਿ ਕਦੰਬ[੪] ਪਰ ਕੂਦੇ ਧਾਇ ॥੧੬॥
ਕੁੰਜ ਗਲੀਨ ਖੇਲ ਜਹਿਂ ਕਰੇ।
ਜਹਿਂ ਗੋਪੀ ਗਨ ਕੇ ਪਟ ਹਰੇ।
ਜਹਿਂ ਧੇਨਕ[੫] ਅਰੁ ਕੇਸੀਂ[੬] ਮਾਰੇ।
ਇੱਤਜਾਦਿਕ ਫਿਰਿ ਥਾਨ ਨਿਹਾਰੇ ॥੧੭॥
ਕ੍ਰਿਸ਼ਨ ਰੂਪ ਧਰਿ ਖਿਲੇ ਘਨੇਰੇ।
ਗੁਰੂ ਰੂਪ ਧਰਿ ਸੋ ਫਿਰ ਹੇਰੇ।
ਜਮਨਾ ਕੋ ਉਲੰਘਿ ਪੁਨ ਆਏ।
ਜਹਿਂ ਧੁਬੀਆ ਹਤਿ ਸੋ ਦਰਸਾਏ[੭] ॥੧੮॥
ਮਿਲੀ ਕੂਬਰੀ ਕੂਬ ਸੁਧਾਰਾ[੮]।
ਬਹੁਰ ਧਨੁਖ ਤੋਰਜੋ ਧਰ ਡਾਰਾ।
ਕੂੰਚਰ ਖੂਨੀ ਦੰਤ ਉਖਾਰੇ।
ਮੱਲ ਚੰਡੂਰ[੯] ਮੁਸ਼ਟ ਜਹਿਂ ਮਾਰੇ ॥੧੯॥

---

[੧]ਬਕਾਸੁਰ ਦਾ ਨਿੱਕਾ ਭਿਰਾਉ। ਕੰਸ ਦੇ ਕਹੇ ਇਸ ਨੇ ਸੱਪ ਬਣਕੇ ਆਪਣਾ ਮੂੰਹ ਵੱਡਾ ਕਰਕੇ ਕ੍ਰਿਸ਼ਨ ਜੀ ਨੂੰ ਸਾਥੀਆਂ ਸਣੇ ਅੰਦਰ ਲੰਘਾ ਲਿਆ, ਪਰ ਕ੍ਰਿਸ਼ਨ ਜੀ ਨੇ ਅੰਦਰ ਵੜਕੇ ਆਪਣਾ ਸਰੀਰ ਵਧਾਕੇ ਰਾਖਸ਼ ਦਾ ਪੇਟ ਪਾੜ ਘੱਤਿਆ ਸੀ।

[੨]ਬ੍ਰਹਮਾ ਨੇ ਪ੍ਰੀਖਜਾ ਹਿਤ ਬਛਰੇ ਚੁਰਾ ਲੀਤੇ ਸਨ ਤੇ ਕ੍ਰਿਸ਼ਨ ਜੀ ਨੇ ਆਪ ਰਚ ਲਏ ਸਨ।

[੩]ਬ੍ਰਿੰਦਾਬਨ ਤੋਂ ਚੌਦਾਂ ਪੰਦਰਾਂ ਕੋਹ ਤੇ ਇਕ ਪਰਬਤ ਹੈ, ਕਹਿੰਦੇ ਹਨ ਇਸ ਨੂੰ ਕ੍ਰਿਸ਼ਨ ਜੀ ਨੇ ਉਂਗਲੀ ਤੇ ਚਾ ਲਿਆ ਤੇ ਛਤਰੀ ਵਾਂਙੂ ਬ੍ਰਿਜ ਦੀ ਰੱਖਜਾ ਕੀਤੀ, ਜਦੋਂ ਇੰਦਰ ਬਰਖਾ ਨਾਲ ਗਰਕ ਕਰਨਾ ਚਾਹੁੰਦਾ ਸੀ।

[੪]ਇਕ ਪ੍ਰਕਾਰ ਦਾ ਬ੍ਰਿੱਛ।

[੫]ਇਕ ਰਾਖਸ਼ ਜਿਸ ਨੂੰ ਗਊਆਂ ਚਾਰਨ ਗਏ ਤਾੜ ਬ੍ਰਿੱਛਾਂ ਦੇ ਬਨ ਵਿਚ ਕ੍ਰਿਸ਼ਨ ਜੀ ਤੇ ਬਲਰਾਮ ਨੇ ਮਾਰਿਆ।

[੬]ਇਕ ਰਾਖਸ਼ ਜੋ ਘੋੜੇ ਦੇ ਰੂਪ ਵਿਚ ਮਾਰਨ ਆਇਆ ਸੀ ਪਰ ਕ੍ਰਿਸ਼ਨ ਜੀ ਨੇ ਮੂੰਹ ਵਿਚ ਬਾਂਹ ਦੇਕੇ ਇਸ ਨੂੰ ਮਾਰ ਦਿਤਾ।

[੭]ਕੰਸ ਨੂੰ ਮਾਰਨ ਗਿਆਂ ਰਾਹ ਵਿਚ ਕੰਸ ਦਾ ਧੋਬੀ ਮਿਲਿਆ ਜਿਸ ਤੋਂ ਕੰਸ ਦੇ ਕਪੜੇ ਖੋਹਕੇ ਉਸ ਨੂੰ ਮਾਰਕੇ ਭਜਾ ਦਿੱਤਾ ਸੀ।

[੮]ਕੰਸ ਦੀ ਇਕ ਦਾਸੀ, ਜਿਸ ਦਾ ਕੁੱਬ ਕ੍ਰਿਸ਼ਨ ਜੀ ਨੇ ਠੀਕ ਕਰ ਦਿੱਤਾ ਸੀ।

[੯]ਕੰਸ ਦਾ ਇਕ ਪਹਿਲਵਾਨ ਜੋ ਕ੍ਰਿਸ਼ਨ ਨੇ ਮਾਰਿਆ।

ਕੰਸ ਦਮਦਮਾ ਬਹੁਰ ਨਿਹਾਰਾ।
ਪਕਰਿ ਕੇਸ ਤੇ ਜਹਾਂ ਪਛਾਰਾ।
ਪੁਨ ਬਿਸਰਾਂਤ[੧] ਘਾਟ ਪਰ ਆਏ।
ਦਿਯੋ ਦਾਨ ਦਿਜ ਤਹਿਂ ਸਮੁਦਾਏ ॥੨੦॥
ਸੂਰਜ ਤਨੁਜਾ ਤਟ[੨] ਸ਼ੁਭ ਹੇਰਾ।
ਕਰਤਿ ਭਏ ਸਤਿਗੁਰ ਤਹਿਂ ਡੇਰਾ।
ਜਬਿ ਟਿਕ ਗਏ ਲੋਕ ਸਮੁਦਾਏ।
ਪਲਵੰਗਮ[੩] ਗਨ ਕੂਦਤਿ ਆਏ ॥੨੧॥
ਇਤ ਉਤ ਬਿਚਰਤਿ ਚਪਲ ਬਿਸਾਲਾ।
ਲਾਂਗੁਲ ਬੰਕ ਉਤੰਗਹਿ ਜਾਲਾ।
ਏਕ ਸਿੰਘ ਕੀ ਸਿਪਰ ਧਰੀ ਹੈ।
ਬੰਦਰ ਪਹੁੰਚਿ ਸੁ ਗ੍ਰਹਿਣ ਕਰੀ ਹੈ ॥੨੨॥
ਲੇ ਕਰਿ ਚਢ੍ਯੋ ਤਰੋਵਰ ਧਾਇ।
ਤੁਪਕ ਸਿੰਘ ਤਬਿ ਲਈ ਰਿਸਾਇ।
ਲਗ੍ਯੋ ਪ੍ਰਹਾਰਨ ਧਰਿ ਕਰਿ ਹਾਥ।
ਬਰਜਨ ਕਰ੍ਯੋ ਤਬਹਿ ਗੁਰ ਨਾਥ ॥੨੩॥
ਜ੍ਯੋਂ ਜ੍ਯੋਂ ਤਰੁ ਪਰ ਤੇ ਤਰੁ ਆਨ[੪]।
ਧਰੇ ਢਾਲ ਕੂਦਤਿ ਬਲ ਠਾਨਿ।
ਤ੍ਯੋਂ ਤ੍ਯੋਂ ਸ਼੍ਰੀ ਪ੍ਰਭੁ ਬਹੁ ਬਿਕਸਾਵੈਂ।
ਪੁਨ ਤਿਸ ਪੀਛੇ ਅਪਰ ਸਿਧਾਵੈਂ ॥੨੪॥
ਤਬਿ ਸਤਿਗੁਰ ਪਕਵਾਨ ਅਨਾਯੋ।
ਮੋਦਿਕ ਆਦਿ ਜਿਤਿਕ ਮਨ ਭਾਯੋ।
ਸਭਿ ਕੀਸਨਿ ਕੇ ਅੱਗ੍ਰ[੫] ਪੁਵਾਯੋ।
ਮਿਲੇ ਸੈਂਕਰੇ ਤਤਛਿਨ ਖਾਯੋ ॥੨੫॥
ਕੋ ਚੀਕਤਿ, ਹੈਂ ਘੁਰਕਤਿ ਕੇਈ।
ਆਪਸ ਬਿਖੈ ਭਿਰਤ ਕਪਿ ਤੇਈ।
ਦੰਡ ਨਿਕਾਸਹਿਂ ਸ਼੍ਰੌਨ ਦਬਾਵੈਂ[੬]।

---

[੧]ਜਿੱਥੇ ਕੰਸ ਨੂੰ ਮਾਰਕੇ ਬੈਠੇ ਸੀ ਉਸ ਥਾਂ ਦਾ ਨਾਮ।
[੨]ਜਮਨਾ ਦਾ ਕਿਨਾਰਾ।
[੩]ਬਾਂਦਰ।
[੪]ਇਕ ਬ੍ਰਿੱਛ ਤੋਂ ਹੋਰ ਬ੍ਰਿੱਛ ਤੇ।
[੫]ਬਾਂਦਰਾਂ ਦੇ ਅੱਗੇ।
[੬]ਕੰਨ ਸੰਕੋਚਦੇ ਹਨ।

ਲੋਕਨ ਕੂਰ ਕਰਹਿਂ ਦਿਖਰਾਵੈਂ ॥੨੬॥
ਸਭਿ ਪਕਵਾਨ ਖਾਇ ਤਤਕਾਲਾ।
ਭਏ ਬਟੋਰਨ ਕਪਿ ਕੁਲ ਜਾਲਾ[1]।'
ਤਬਹਿ ਸਿੰਘ ਨੇ ਪ੍ਰਭੁ ਸੋਂ ਕਹਜੋ।
'ਸਿਪਰ ਨ ਤਜੀ ਹਾਥ ਦਿਢ ਗਹਜੋ ॥੨੭॥
ਦੈ ਹੌਂ ਤ੍ਰਾਸ ਕਿ ਤੁਪਕ ਪ੍ਰਹਾਰ।
ਬਹੁਰ ਧਾਇ ਕਰਿ ਲੈ ਹੌਂ ਢਾਰ।
ਨਤੁ ਗਾਢੀ ਗਹਿ ਕੂਦ ਪਲਾਵਤਿ।
ਇਕ ਤਰ ਜਾਤਿ ਦੂਸਰ ਪਰ ਜਾਵਤਿ' ॥੨੮॥
ਸੁਨਿ ਪ੍ਰਭੁ ਬਰਜਜੋ ਤੁਪਕ ਪ੍ਰਹਾਰਨਿ।
ਆਪ ਬੋਲ ਦੇ ਕਰਜੋ ਹਕਾਰਨ।
ਸੁਨਿ ਪਿਖਿ ਕੈ ਪਲਵੰਗਮ ਆਯੋ।
ਮੋਦਕ ਕਰ ਪਰ ਤੇ ਬਿਰਮਾਯੋ[2] ॥੨੯॥
ਸਿਪਰ ਧਰੀ ਸਤਿਗੁਰ ਕੇ ਆਗਾ।
ਬੈਠਜੋ ਨਿਕਟ ਹੋਹਿ ਡਰ ਭਾਗਾ।
ਸਾਹਿਬ ਫੇਰਜੋ ਸਿਰ ਪਰ ਹਾਥ।
ਪੁਨ ਹੁਇ ਨਿਕਟ ਨਿਵਾਯਹੁ ਮਾਥ ॥੩੦॥
ਪੁਨ ਮੋਦਕ ਧਰਿ ਦੀਨਸਿ ਆਗਾ।
ਲੇ ਕਰਿ ਸ਼ੀਘ੍ਰ ਫਾਂਦਤੋ ਭਾਗਾ।
ਸਿਪਰ ਸਿੰਘ ਨੇ ਸੋ ਗਹਿ ਲਈ।
ਸਭਿਨਿ ਬਿਲੋਕਿ ਸੁਚੇਤੀ ਕਈ ॥੩੧॥
ਨਿਜ ਨਿਜ ਵਸਤੁ ਸੰਭਾਰਨਿ ਕੀਨਿ।
ਨਹੀਂ ਸਮੀਪ ਆਇਬੇ ਦੀਨ।
ਖਾਨ ਪਾਨ ਕਰਿ ਨਿਸਾ ਮਝਾਰਾ।
ਸੌਚ ਸ਼ਨਾਨੇ ਪੁਨ ਭੁਨਸਾਰਾ ॥੩੨॥
ਕੂਚ ਕਰਜੋ ਹ੍ਵੈ ਕਰਿ ਸਵਧਾਨੇ।
ਨਿਸ ਬਿਸਰਾਮੇ ਦਿਵਸ ਪਯਾਨੇ।
ਗਮਨਹਿਂ ਮਾਰਗ ਪ੍ਰਭੂ ਹਮੇਸ਼।
ਚਢੈ ਖਾਲਸਾ ਸੰਗ ਅਸ਼ੇਸ਼ ॥੩੩॥
ਇਕ ਦਿਨ ਚਲੇ ਜਾਹਿਂ ਗੁਰ ਮਾਰਗ।

---

[1]ਬਾਂਦਰਾਂ ਦੀ ਜਾਤ ਦੇ ਸਾਰੇ।
[2]ਹੱਥ ਉਤੇ ਪਏ ਲੱਡੂ ਨੂੰ (ਦੇਖਕੇ) ਭਰਮ ਗਿਆ।

ਲਗੀ ਪਜਾਸ ਬੂਝਜੋ ਤਬਿ ਬਾਰਗ[੧]।
[੨]'ਗ੍ਰਾਮ ਹਿੰਦੂਅਨਿ ਦਿਜ ਗ੍ਰਿਹ ਰਹੈ।
ਸੁੰਦਰ ਬਾਰਿ ਤਿਨਹੁਂ ਕੇ ਅਹੈ' ॥੩੪॥
ਤਬਿ ਇਕ ਸਿੰਘ ਤੁਰੰਗ ਧਵਾਇ।
ਖੋਜਜੋ ਜਲ ਸੀਤਲ ਕਹੁ ਲਜਾਇ।
ਆਨਿ ਮਿਲਜੋ ਸਤਿਗੁਰੂ ਅਗਾਰੀ।
ਬੂਝਜੋ 'ਕਿਸ ਕੇ ਗ੍ਰਿਹ ਕੋ ਬਾਰੀ?' ॥੩੫॥
ਹਾਥ ਜੋਰਿ ਕਰਿ ਸਿੰਘ ਬਤਾਯੋ।
'ਇਕ ਦਿਜਨੀ ਕੇ ਗ੍ਰਿਹ ਤੇ ਲਜਾਯੋ।
ਤਨੁਜਾ ਤਨੁਜ ਨ ਬਾਲਕ ਕੋਈ।
ਯਾਂ ਤੇ ਸੁਚਿ ਏਕਲ ਰਹਿ ਸੋਈ' ॥੩੬॥
ਸੁਨਿ ਕਰਿ ਕਰ ਤੇ ਭਰਜੋ ਕਟੋਰਾ।
ਗੇਰਿ ਦੀਨਿ ਤੂਰਨ ਧਰਿ ਓਰਾ।
ਦਯਾ ਸਿੰਧੁ ਬੋਲੇ ਜਲ ਡਾਰਿ।
'ਤਿਸ ਕੋ ਗ੍ਰਿਹ ਕੋ ਸੁੱਧ ਨ ਬਾਰਿ ॥੩੭॥
ਏਕਲ ਕਹਾਂ ਸੌਚਤਾ ਧਰਨੀ।
ਬਹੁਤੇ ਬਾਲ ਤਹਾਂ ਸੁਧਿ ਬਰਨੀ[੩]।
ਭਗਤਿ ਸ਼ੁੱਧ ਨਹਿਂ, ਸੁੱਧ ਆਚਾਰ[੪]।
ਬਹੁਤੇ ਗ੍ਰਿਹਸਥੀ ਸੁੱਧ ਸੁ ਬਾਰਿ[੫] ॥੩੮॥
ਸਦਨ ਸ਼ੁੱਧ ਗ੍ਰਿਹਸਤੀ ਜਹਿਂ ਬਹੁਤੇ।
ਏਕਲ ਘਰ ਧ੍ਰਿਗ ਦੇਵ ਨ ਭੁਗਤੇ[੬]।
ਗ੍ਰਿਹਸਤੀ ਸੁਤ ਬਿਨ ਸ੍ਰਾਪਤਿ ਹੋਇ।
ਆਗੈ ਭਾਗ ਨ ਦੈ ਹੈ ਕੋਇ ॥੩੯॥

ਦੋਹਰਾ: ਸਾਧੂ ਏਕਾਕੀ ਭਲਾ,
ਸੁੱਧ ਦੇਹ, ਮਨ ਸੁੱਧ।
ਗ੍ਰੇਹੀ ਬਹੁਤੇ ਸ਼ੁੱਧ ਘਰ, ਸੁਚਿ ਤਨ ਮਨ ਔ ਬੁੱਧਿ[੭]' ॥੪੦॥

---

[੧]ਜਲ ਦੀ ਥਾਂ [ਵਾਰਿ=ਪਾਣੀ। ਗ=ਥਾਂ]।
[੨]ਕਿਸੇ ਨੇ ਦੱਸਿਆ ਕਿ......।
[੩]ਓਥੇ ਸੁੱਚਾ ਪਾਣੀ ਹੋਊ।
[੪]ਨਾ ਉਸਦੀ ਭਗਤੀ ਸ਼ੁੱਧ ਹੈ ਨਾ ਆਚਾਰ ਸ਼ੁੱਧ ਹੈ।
[੫]ਜਿਸ ਗ੍ਰਿਹਸਤੀ ਦੇ ਬਹੁਤੇ (ਬਾਲ) ਹੋਣ ਉਸਦ ਜਲ ਸ਼ੁੱਧ ਹੈ।
[੬]ਇਕਲੇ ਘਰ ਨੂੰ ਧਿਕਾਰ (ਜਿਸ ਦਾ ਅੰਨ) ਦੇਵਤੇ ਬੀ ਨਹੀਂ ਖਾਂਦੇ।
[੭]ਗ੍ਰਿਹਸਤੀ ਦਾ ਘਰ ਸ਼ੁੱਧ ਤਾਂ ਹੈ ਤੇ ਜੇ ਬਹੁਤੇ ਹੋਣ, ਉਸਦਾ ਤਨ ਮਨ ਬੁੱਧੀ ਸੁੱਚੇ ਹਨ।

ਚੌਪਈ: ਇਮ ਕਹਿ ਅਗਲੇ ਗ੍ਰਾਮ ਸਿਧਾਰੇ।
ਹੇਰਿ ਕੂਪ ਤੇ ਨੀਰ ਨਿਕਾਰੇ।
ਧਰਜੋ ਕਟੋਰਾ ਪੀ ਤ੍ਰਿਪਤਾਏ।
ਨਗਰ ਆਗਰੇ ਸਮੁਖ ਸਿਧਾਏ ॥੪੧॥
ਪੰਥ ਉਲੰਘਿ ਗਏ ਬਹੁਤੇਰਾ।
ਜੋਜਨ ਚਲਨ ਰਹਜੋ ਲਖਿ ਨੇਰਾ।
ਡੇਰਾ ਕਰਜੋ ਥਾਨ ਸੁਠ ਹੇਰਾ।
ਤ੍ਰਿਣ ਦਾਨਾ ਅਨਵਾਇ ਘਨੇਰਾ ॥੪੨॥
ਸੁਪਤਿ ਜਥਾਸੁਖ ਰਾਤਿ ਬਿਤਾਈ।
ਨਗਰ ਆਗਰੇ ਸੁਧਿ ਚਲਿ ਆਈ।
'ਜਗਤ ਗੁਰੂ ਭਗਵਾਨ ਛਬੀਲਾ।
ਦਾਸਨ ਕੋ ਸੁਖਦਾਨ ਹਠੀਲਾ ॥੪੩॥
ਕ੍ਰਿਪਾ ਕਰਤਿ ਸੋ ਅਬਿ ਚਲਿ ਆਏ।
ਚਤੁਰ ਕੋਸ ਪਰ ਸਿਵਰ ਲਗਾਏ।'
ਮਹਿਮਾ ਜਾਨਤਿ ਜੌਨ ਬਿਸਾਲਾ।
ਸੁਨਿ ਅਨੰਦ ਹੋਏ ਤਤਕਾਲਾ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਆਗਰੇ ਆਗਮਨ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿਸੰਤੀ ਅੰਸੂ ॥੪੫॥

## ੪੬. [ਆਗਰੇ ਖਾਨਖਾਨਾ ਨੂੰ ਸੁਖੀ ਕੀਤਾ। ਸ਼ਾਹ ਨਾਲ ਮੇਲ]

੪੫<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੭

ਦੋਹਰਾ: ਬਾਗ ਅਜਾਇਬ ਕੇ ਬਿਖੈ,
ਉਤਰਿ ਕੀਨਿ ਬਿੱਸ੍ਰਾਮ।
ਨਿਸ ਬਤਾਇ ਕਰਿ ਤਯਾਰ ਭੇ,
ਚਲਨ ਆਗਲੇ ਧਾਮ ॥੧॥
ਚੌਪਈ: ਹਯ ਅਰੋਹਿ ਕਰਿ ਸਤਿਗੁਰ ਚਾਲੇ।
ਦੇਖਯੋ ਪੁਰਿ ਢਿਗ ਬਾਗ਼ ਬਿਸਾਲੇ।
ਉਤਰਿ ਤੁਰੰਗਮ ਦੀਏ ਲਗਾਇ।
ਥਿਰ ਭੇ ਕੁਛ ਅਰਾਮ ਕੋ ਪਾਇ ॥੨॥
ਹੁਤੋ ਖਾਨ ਖਾਨਾ ਇਕ ਖਾਨ[1]।
ਭ੍ਰਾਤ ਨ ਅਕਬਰ ਕੋ, ਇਹ ਆਨ[2]।
ਗੁਰ ਘਰ ਕੀ ਮਹਿਮਾ ਕੁਛ ਜਾਨੇ।
ਗੁਰ ਆਗਵਨ ਸੁਨਯੋਂ ਤਿਸ ਕਾਨੇ ॥੩॥
ਨਿਜ ਸਮੀਪ ਤੇ ਲੋਕ ਪਠਾਏ।
ਪ੍ਰਭੁ ਢਿਗ ਪਹੁੰਚੇ ਬਿਨੈ ਸੁਨਾਏ।
'ਕਹਯੋ ਖਾਨ ਖਾਨਾ ਕਰ ਜੋਰਿ।
- ਦੀਜੈ ਦਰਸ ਆਇ ਇਤ ਓਰ- ॥੪॥
ਡੇਰੇ ਸਹਿਤ ਅਵਾਹਨ ਕਰੇ।
ਚਢੀਅਹਿ ਪ੍ਰਭੁ ! ਸੁਖ ਬਹੁ ਉਤ ਥਿਰੇ[3]।'
ਕਰਹੁ ਅਰਾਮ ਤਹਾਂ ਚਲਿ ਘਨੇ-।
ਇੱਤਯਾਦਿਕ ਤੁਮ ਸੋਂ ਬਚ ਭਨੇ' ॥੫॥
ਸ਼੍ਰੀ ਗੁਰ ਸੁਨਿ ਕਰਿ ਭੇ ਅਸਵਾਰ।
ਸਿੰਘ ਸੰਗ ਸਭਿ ਸ਼ਸਤ੍ਰਨਿ ਧਾਰਿ।
ਲਸ਼ਕਰ ਬਾਦਸ਼ਾਹੁ ਬਹੁਤੇਰਾ।
ਡਹਰਾ[4]* ਬਾਗ ਅਜਬ ਇਕ ਹੇਰਾ ॥੬॥
ਭਏ ਪ੍ਰਵੇਸ਼ ਤਿਸੀ ਮਹਿਂ ਜਾਇ।

---

[1]ਖਾਨ ਖਾਨਾ ਨਾਮ ਦਾ ਇਕ ਖਾਨ ਸੀ।
[2]ਅਕਬਰ ਦਾ ਭਰਾ ਨਹੀਂ ਸੀ, ਇਹ ਹੋਰ (ਖਾਨਖਾਨਾ) ਸੀ। ਇਸਦਾ ਨਾਮ ਮੁਨਇਮ ਖਾਂ ਦੱਸਦੇ ਹਨ। ਜੋ ਬਹਾਦਰਸ਼ਾਹ ਦਾ ਵਜ਼ੀਰ ਬੀ ਹੋ ਗਿਆ ਸੀ।
[3]ਉਧਰ ਠਹਿਰਿਆਂ ਬਹੁਤ ਸੁਖ ਹੋਵੇਗਾ।
[4]ਰਸਤੇ ਵਿਚ।
*ਪਾ:-ਗਹਰਾ।

ਹੁਤੋ ਖਾਨ ਖਾਨਾ ਤਿਸ ਥਾਇਂ।
ਸੁਨਜੋ ਕਾਨ ਤਿਸ ਗੁਰ ਅਗਵਾਨੂ।
ਚਲਜੋ ਤੁਰਤ ਆਗੇ ਤਜਿ ਭਵਨੂ ॥੭॥
ਪਗ ਪੰਕਜ ਪਰਸੇ ਤਬਿ ਜਾਇ।
ਬਿਨਤੀ ਬੋਲਜੋ ਸੀਸ ਟਿਕਾਇ।
'ਜਾਨਿ ਆਪਨੋ ਦਰਸ਼ਨ ਦੀਨ।
ਕ੍ਰਿਪਾ ਧਾਰਿ ਸੁ ਕ੍ਰਿਤਾਰਥ ਕੀਨ' ॥੮॥
ਨਿਜ ਕਰ ਤੇ ਗੁਰ ਥਾਪੀ ਦਈ।
ਖੁਸ਼ੀ ਅਧਿਕ ਤਿਸ ਪਰ ਗੁਰ ਕਈ।
ਹਾਥ ਜੋਰਿ ਤਬਿ ਬਿਨੈ ਬਖਾਨੀ।
'ਮਮ ਸਰੀਰ ਮਹਿਂ ਬ੍ਰਿਥਾ ਮਹਾਨੀ ॥੯॥
ਰਾਵਰ ਕੀ ਕਰੁਨਾ ਤੇ ਜਾਇ।
ਰਹੌਂ ਪ੍ਰਤੀਖਤ ਮੈਂ ਚਿਤ ਲਾਇ।'
ਸੁਨਿ ਗੁਰ ਕਹਜੋ ਨ ਅਬਿ ਇਹ ਰਹੈ।
ਹਮ ਸੋਂ ਮਿਲਨਿ ਅੰਤ ਇਹ ਅਹੈ ॥੧੦॥
ਨਿਤ ਪ੍ਰਤਿ ਦੇਹੁ ਛੁਧਨਿ ਆਹਾਰ।
ਬਚ ਦੁਰਾਇ ਕਰਿ ਇਕ ਦੀਨਾਰ।
ਜਾਂ ਤੇ ਬਿਦਤਹਿ ਅਧਿਕ ਜਹਾਨ।
ਚਲਹਿ ਕਹਾਨੀ ਏਵ ਮਹਾਨ ॥੧੧॥
-ਸਾਧੁ ਸਾਧੂ ਸਾਧੂ ਖਨ ਖਾਨਾ।
ਤੇਰੇ ਖਾਨੇ ਬਿਖੈ ਬੁਤਾਨਾ+-।
'ਇਹ ਗੁਰਵਾਕ ਬਿਦਤ ਹੈ ਅਬਿ ਲੌਂ।
ਪੁੰਨਜਾਤਮ ਕੋ ਜਸੁ ਰਹਿ ਜਬਿ ਲੌ[1] ॥੧੨॥
ਪੀਰ ਮਿਟੀ ਪਿਖਿ ਨਿਜ ਕੱਲਜਾਨ।
ਪ੍ਰਭੁ ਕੋ ਆਦਰ ਕੀਨਿ ਮਹਾਨ।
ਲਏ ਉਤਾਰ ਕੀਨਿ ਬਹੁ ਸੇਵਾ।
ਜਿਸ ਤੇ ਭਏ ਪ੍ਰਸੰਨ ਗੁਰਦੇਵਾ ॥੧੩॥
ਤਿਸ ਤੇ ਬਿਦਾ ਹੋਇ ਥਲ ਔਰ।

---

+ਬੁਤਕੀ, ਇਹ ਮੁਹਰ ਤੋਂ ਛੋਟੀ ਹੁੰਦੀ ਹੈ, ਪਸ਼ੌਰ ਵਿਚ ਰੂਸ ਆਦਿ ਵਲੋਂ ਆਉਂਦੀ ਤੇ ਅੱਗੇ ਵਿਕਦੀ ਸੀ, ਇਸ ਦੇ ਇਕ ਪਾਸੇ ਇਕ ਬੁੱਤ ਯਾ ਮੂਰਤ ਹੁੰਦੀ ਸੀ। ਪਿਛਲੇ ਸਮੇਂ ਇਨ੍ਹਾਂ ਦਾ ਬਹੁਤ ਵਰਤਾਰਾ ਸੀ ਤੇ ਹਮੇਲਾਂ ਵਿਚ ਗਹਿਣੇ ਦੀ ਸੂਰਤ ਵਿਚ ਪਹਿਨੀਆਂ ਜਾਂਦੀਆਂ ਸਨ। ਸਿੱਖਾਂ ਦੇ ਰਾਜ ਵੇਲੇ ਬੀ ਬੁਤਕੀਆਂ ਦੇ ਹਾਰ ਇਕ ਚੰਗਾ ਗਹਿਣਾ ਹੁੰਦਾ ਸੀ।

[1]ਜਦ ਤੱਕ (ਪ੍ਰਿਥਵੀ ਤੇ) ਰਹੇਗਾ।

ਸਿਵਰ ਕਰਜੋ ਸੋਢੀ ਸਿਰਮੌਰ।
ਖਾਨ ਪਾਨ ਹਿਤ ਸਭਿ ਕਿਛ ਲਜਾਏ।
ਕਰਜੋ ਅਰਾਮ ਸਿੰਘ ਸਮੁਦਾਏ ॥੧੪॥
ਬਰਖਾ ਸਹਿਤ ਘਟਾ ਬਡਿ ਆਈ।
ਪਰੈ ਨੀਰ ਧਰ ਪਰ ਅਧਿਕਾਈ।
ਗੁਰ ਆਗਵਨ ਜਾਨਿ ਕਰਿ ਮਾਨੋ।
ਇੰਦ੍ਰ ਕਰੈ ਛਿਰਕਾਵ ਮਹਾਨੋ ॥੧੫॥
ਇਸੀ ਪ੍ਰਕਾਰ ਭਈ ਭੁਨਸਾਰਾ।
ਸੁੰਦਰ ਤਰੁਵਰ ਬਾਗ ਨਿਹਾਰਾ।
ਸਦਨ ਸੁਹਾਵਨ ਹੈ ਜਿਸ ਮਾਂਹੀ।
ਸਿਵਰ ਉਚਿਤ ਜਾਨਤਿ ਭੇ ਤਾਂਹੀ ॥੧੬॥
ਤਿਸ ਮਹਿਂ ਤਤਛਿਨ ਉਤਰੇ ਜਾਇ।
ਸਿੰਘ ਸੰਗ ਜੇਤਿਕ ਸਮੁਦਾਇ।
ਦੇ ਦੇ ਆਇਸ ਥਾਨ ਬਤਾਏ।
ਜਥਾ ਜੋਗ ਕਹਿ ਕਹਿ ਉਤਰਾਏ ॥੧੭॥
ਬੰਟਿ ਜਥੋਚਿਤ ਥਾਨ ਮਹਾਨੇ।
ਉਤਿਰ ਖਾਲਸੇ ਸਭਿ ਸੁਖ ਠਾਨੇ।
ਇਕ ਦੁਇ ਦਿਵਸ ਕਰੇ ਬਿਸਰਾਮੂ।
ਕਿਤਿਕ ਆਨਿ ਦਰਸਹਿਂ ਸੁਖ ਧਾਮੂ ॥੧੮॥
ਸੁਧ ਤਬਿ ਸੁਨੀ ਬਹਾਦਰ ਸ਼ਾਹੂ।
'ਗੁਰ ਆਗਵਨ ਭਯੋ ਹਮ ਪਾਹੂ।'
ਹਰਖਜੋ ਤਤਛਿਨ ਪਠਿ ਉਮਰਾਊ।
ਆਇ[1] ਭੇਟ ਧਰਿ ਪਰਸੇ ਪਾਊ ॥੧੯॥
'ਪਾਤਿਸ਼ਾਹੁ ਨੇ ਮੋਹਿ ਪਠਾਵਾ।
ਜਬਿ ਆਵਨ ਤੁਮਰੋ ਸੁਨਿ ਪਾਵਾ।
ਦਰਸ਼ਨ ਰਾਵਰ ਕੌ ਅਭਿਲਾਖੇ।
ਕਰਹੁ ਮੇਲ ਬਹੁ ਬਿਨਤੀ ਭਾਖੇ' ॥੨੦॥
ਸਭਿ ਸਿੰਘਨ ਪ੍ਰਤਿ ਹੁਕਮ ਉਚਾਰਾ।
'ਜ਼ੀਨ ਪਾਇ ਹਯ ਕੀਜਹਿ ਤਜਾਰਾ।'
ਸੁਨਿ ਸਤਿਗੁਰ ਤੇ ਸ਼ਸਤ੍ਰ ਸਜਾਏ।
ਅੱਸ਼੍ਵ ਅਰੂਢਿ ਹੋਇ ਢਿਗ ਆਏ ॥੨੧॥

---
[1](ਉਮਰਾਵ ਨੇ ਗੁਰੂ ਜੀ ਪਾਸ) ਆਕੇ।

ਸ਼੍ਰੀ ਪ੍ਰਭੁ ਬਸਤ੍ਰ ਸਜਾਯਹੁ ਜਾਮਾ।
ਪਹਿਰਿ ਬਿਭੂਖਨ ਸਨ ਅਭਿਰਾਮਾ[1]।
ਕਲਗ਼ੀ ਜਿਗਾ ਝੂਲਤੀ ਮਾਥੇ।
ਮੁਕਤਾ ਹੀਰੇ ਚਮਕਤਿ ਸਾਥੇ ॥੨੨॥
ਖੜਗ ਗਾਤਰੇ ਸ਼ੁਭਤਿ ਬਿਸਾਲਾ।
ਕਟ ਨਿਖੰਗ ਸਰ ਖਰ ਭਰਿ ਜਾਲਾ।
ਊਪਰ ਕਸਜੋ ਦੁਕੂਲ ਸੁਹਾਵੈ।
ਹਾਥ ਸਰਾਸਨ ਬਹੁ ਛਬਿ ਪਾਵੈ ॥੨੩॥
ਚਢਿ ਤੁਰੰਗ ਚਾਲੇ ਤਤਕਾਲਾ।
ਸੰਗ ਖਾਲਸਾ ਸ਼ੋਭ ਬਿਸਾਲਾ।
ਜਹਾਂ ਹੁਤੇ ਪਾਤਿਸ਼ਾਹੀ ਮੰਦਿਰ।
ਗਨ ਸੁੰਦਰ ਕੇ ਬੈਠਜੋ ਅੰਦਰ ॥੨੪॥
ਸਿੰਘਨ ਪ੍ਰਤਿ ਪ੍ਰਭੁ ਹੁਕਮ ਬਖਾਨਾ।
'ਥਿਰੀਯਹਿ ਚਢੇ ਹਯਨਿ ਇਸ ਥਾਨਾ[2]।'
ਸਾਹਿਬ ਸਿੰਘ ਸੰਗ ਲੇ ਸਾਹਿਬ।
ਭਏ ਪ੍ਰਵੇਸ਼ ਬਿਲੋਕਿ ਅਜਾਇਬ[3] ॥੨੫॥
ਕੁਛ ਥੋਰੇ ਉਮਰਾਵਨ ਮਾਂਹੂ।
ਬੈਠਜੋ ਹੁਤੋ ਬਹਾਦਰੁਸ਼ਾਹੂ।
ਸੂਰਜ ਸਮ ਸਤਿਗੁਰੂ ਕੋ ਦੇਖਾ।
ਕਮਲ ਬਿਲੋਚਨ ਖਿਰੇ ਵਿਸ਼ੇਖਾ ॥੨੬॥
ਉਠਿ ਕਰਿ ਤੁਰਤ ਸਮੀਪੀ ਆਯੋ।
ਦ੍ਵੈ ਹਾਥਨ ਦ੍ਵੈ ਚਰਨ ਲਗਾਯੋ।
ਸ਼੍ਰੀ ਪ੍ਰਭੁ ਕ੍ਰਿਪਾ ਦ੍ਰਿਸ਼ਟਿ ਕਰਿ ਹੇਰਾ।
ਥਾਪੀ ਦਈ ਕੰਡ ਤਿਸ ਬੇਰਾ ॥੨੭॥
'ਸੁਖ ਸੋਂ ਭੁਗਤਹੁ ਬਡਿ ਪਤਿਸ਼ਾਹੀ।
ਬਿਨਸੀ ਪ੍ਰਥਮ ਦਈ ਤੁਵ ਪਾਹੀ[4]।
ਜਬਿ ਲੌ ਤੋਹਿ ਆਰਬਲ ਤਨ ਕੀ।
ਪੁਰਹੁ ਅਨੰਦਤਿ ਬਾਂਛਾ ਮਨ ਕੀ' ॥੨੮॥

---

[1]ਸੁੰਦਰ ਭੂਸ਼ਨਾਂ ਸਮੇਤ।
[2]ਘੋੜਿਆਂ ਤੇ ਚੜ੍ਹੇ ਇੱਥੇ ਹੀ ਠਹਿਰੋ।
[3]ਅਸਚਰਜ ਮੰਦਿਰ।
[4]ਪਹਿਲਾਂ ਗਈ ਹੋਈ ਪਾਤਸ਼ਾਹੀ ਤੈਨੂੰ ਦਿੱਤੀ ਹੈ। (ਤੱਕੋ ਅੰਸੂ ੧੫ ਦਾ ਅੰਕ ੩੨)।

ਚੰਦਨ ਚੌਂਕੀ ਸੁਜਨਿ[1] ਡਸਾਈ।
ਤਿਸ ਪਰ ਸਤਿਗੁਰ ਲਏ ਬਿਠਾਈ।
ਹਾਥ ਜੋਰਿ ਬਹੁ ਬਿਨੈ ਬਖਾਨੀ।
'ਤੁਮ ਸਹਾਇਤਾ ਮੈਂ ਸਭਿ ਜਾਨੀ ॥੨੯॥
ਰਣ ਮਹਿਂ ਦਰਸ਼ਨ ਦੇ ਰਿਪੁ ਮਾਰਾ।
ਮੁਝ ਕੋ ਸਲਤਨ ਦਈ ਉਦਾਰਾ।
ਪਾਤਿਸ਼ਾਹੁ ਘਰ ਕੇ ਸਮੁਦਾਏ।
ਸੁਨਿ ਸੁਨਿ ਤੀਰਮਦਾਜ[2] ਸੁ ਆਏ ॥੩੦॥
ਜਿਦਹਿਂ ਪਰਸਪਰ ਕਰਹਿਂ ਉਚਾਰਾ।
-ਤਾਰਾ ਆਜ਼ਮ ਕੋ ਮੈਂ ਮਾਰਾ-।
ਮੁਝ ਕੋ ਨਿਸ਼ਚੈ ਭਯੋ ਨ ਕੋਈ।
ਤਿਨ ਤਰਕਸ਼ ਕੇ ਸਰ ਪਿਖਿ ਸੋਈ ॥੩੧॥
ਨਹਿਂ ਸਮਤਾ ਤੀਰਨਿ ਕੀ ਪਾਈ।
ਹੁਇ ਹੁਇ ਕੂਰ ਹਟੇ ਪਛੁਤਾਈ[*]।
ਸੋ ਮੈਂ ਅਬਿ ਲੌ ਰਖੇ ਸੰਭਾਲ।
ਅਬਿ ਮੇਲੌਂ ਰਾਵਰਿ ਸਰ ਨਾਲ' ॥੩੨॥
ਇਮ ਕਹਿ ਦੋਨਹੁਂ ਸਰ ਅਨਵਾਏ।
ਕਹਿ ਗੁਰ ਤਰਕਸ਼ ਤੇ ਨਿਕਸਾਏ।
ਕੰਚਨ ਲਿਪਤ ਮਿਲੇ ਸਮ ਜਬੈ।
ਰਿਦੈ ਅਨੰਦਤਿ ਬੰਦਤਿ ਤਬੈ ॥੩੩॥
'ਸਰਬ ਕਲਾ ਸਮਰਥ ਗੁਨਖਾਨੀ।
ਜਗ ਮਹਿਂ ਕੋਇ ਨ ਆਪ ਸਮਾਨੀ।
ਇਹ ਮਹਿਮਾ ਜਾਨਹਿ ਮਨ ਮੇਰਾ।
ਬਖਸ਼ਜੋ ਰਾਜ ਸਮਾਜ ਬਡੇਰਾ' ॥੩੪॥
ਸ੍ਰੀ ਪ੍ਰਭੁ ਕਹਜੋ 'ਪੁਰੀ ਅਬਿ ਬਾਛੇ।
ਗੁਰ ਘਰ ਸੋਂ ਸਾਬਤ ਰਹੁ ਆਛੇ।
ਅਬਚਲ ਬਯ ਲਗਿ ਭੋਗਹੁ ਰਾਜੂ[3]।
ਸਮ ਨਹਿਂ ਜਗ ਮਹਿਂ ਤੋਹਿ ਸਮਾਜੂ' ॥੩੫॥

---

[1]ਕੱਢਿਆ ਹੋਇਆ ਬਸਤ੍ਰ।
[2]ਤੀਰ ਚਲਾਉਣ ਵਾਲੇ [ਫਾ:, ਤੀਰਅੰਦਾਜ਼]।
[*]ਪਾ:-ਪਿਛਵਾਈ।
[3]ਭਾਵ ਆਪਣੀ ਆਯੂ ਤੱਕ ਅਟਲ ਰਾਜ ਭੋਗੋ।

ਕਲ਼ਗੀ ਸ਼੍ਰੀ ਗੁਰ ਕੇ ਸਿਰ ਹੇਰਿ।
ਬੋਲਯੋ ਸ਼ਾਹੁ ਬਹਾਦਰ ਫੇਰ।
'ਲਾਖਹੁੰ ਕੀਮਤਿ ਜਰੇ ਜਵਾਹਰ।
ਜਗਮਗ ਜ਼ੇਬ ਜਿਸੁ ਕੀ ਜ਼ਾਹਰ ॥੩੬॥
ਅਸ ਕਲ਼ਗੀ, ਲੈ ਆਵ ਖਜ਼ਾਨੇ।
ਸੰਗ ਦੁਸ਼ਾਲੇ ਬਸਤ੍ਰ ਮਹਾਨੇ।
ਇਕ ਧੁਕਧੁਕੀ[1] ਮੋਲ ਬਹੁ ਕੇਰੀ।
ਆਨਹੁੰ ਅਬਹਿ ਨ ਕੀਜਹਿ ਦੇਰੀ' ॥੩੭॥
ਸੁਨਿ ਖਜ਼ਾਨਚੀ ਤਤਛਿਨ ਆਨੀ।
ਗੁਰ ਆਗੇ ਧਰਿ ਬਹੁਰ ਬਖਾਨੀ।
'ਅਬਿ ਆਖਾੜ ਤਪਤਿ ਹੈ ਭਾਰੀ।
ਬਰਖਾ ਰੁਤਿ ਬਹੁ ਨਿਕਟ ਨਿਹਾਰੀ ॥੩੮॥
ਪੰਥ ਚਲਨ ਕੋ ਬਰਜਨ ਹੋਇ।
ਨਿਜ ਨਿਜ ਥਾਨ ਥਿਰਹਿਂ ਸਭਿ ਕੋਇ।
ਯਾਂ ਤੇ ਮਾਨਿ ਲੇਹੁ ਮਮ ਅਰਜ਼ੀ।
ਰਾਵਰ ਕੇ ਦਰਸ਼ਨ ਕੋ ਗ਼ਰਜ਼ੀ ॥੩੯॥
ਬਸਹੁ ਚੁਮਾਸਾ ਕਰੁਨਾ ਧਰੀਅਹਿ।
ਪੁਨ ਮਿਲਿ ਗਮਨ ਅਪਰ ਥਲ ਕਰੀਅਹਿ।
ਦਈ ਉਪਾਯਨ ਅੰਗੀਕਾਰਹੁ।
ਮੁਝ ਕੋ ਅਪਨਾ ਜਾਨਿ ਸੰਭਾਰਹੁ' ॥੪੦॥
ਨਿਕਟ ਪੌਰ, ਸਾਹਿਬ ਸਿੰਘ ਖਰਯੋ।
ਸ਼੍ਰੀ ਸਤਿਗੁਰੂ ਅਵਾਹਨਿ ਕਰਯੋ।
ਚਸ਼ਮ ਇਸ਼ਾਰਤ ਦੇ ਸਮੁਝਾਯੋ।
ਖਿਲਤ ਸ਼ਾਹੁ, ਸੋ ਦਿਯ ਉਚਵਾਯੋ ॥੪੧ ॥ {ਵਿਸ਼ੇਸ਼ ਟੂਕ}
ਪੇਟੀ ਚਿਲਕਤ ਕਲ਼ਗੀ ਜੋਇ।
ਲਈ ਉਠਾਇ ਧੁਕਧੁਕੀ ਸੋਇ।
ਖੁਸ਼ੀ ਕਰੀ ਗੁਰ ਬਾਹਿਰ ਆਏ।
ਸਾਹਿਬ ਸਿੰਘ ਚਲਤਿ ਪਿਛਵਾਏ ॥੪੨॥
ਨਿਜ ਘੋਰਨਿ ਪਰ ਤਬਿ ਚਢਿ ਚਾਲੇ।
ਮਿਲੇ ਸਿੰਘ ਹਯ ਚਢੇ ਸੰਭਾਲੇ।
ਸਨੇ ਸਨੇ ਚਲਿ ਕੈ ਪ੍ਰਭੁ ਆਏ।

---

[1]ਹੌਲਦਿਲੀ ਜਾਂ ਨਾਮ ਵਰਗਾ ਸੁੱਚੇ ਰਤਨਾਂ ਦਾ ਇਕ ਜੜਾਊ ਕੀਮਤੀ ਗਹਿਣਾ ਜੋ ਗਲੇ ਵਿਚ ਪਾਈਦਾ ਹੈ।

ਜਹਿਂ ਉਪਬਨ ਤਰੁਵਰ ਸਮੁਦਾਏ ॥੪੩॥
ਉਤਰਿ ਪਰੇ ਪ੍ਰਭੁ ਬਾਗ ਨਿਹਾਰਸਿ।
ਜੋ ਮਾਲੀ ਬਹੁ ਰੀਤਿ ਸੁਧਾਰਸਿ।
ਆਰੂ, ਅੰਬੂ, ਅਨਾਰ ਅਜਾਇਬ।
ਕਦਲੀ, ਕਠਲ, ਬਿਲੋਕਤਿ ਸਾਹਿਬ ॥੪੪॥
ਤੂਤ ਬਿਦਾਨਾ, ਤਰੁ ਅੰਜੀਰ।
ਚੰਪਕ, ਨਾਲਕੇਲ ਕੀ ਭੀਰ।
ਰਾਇਬੇਲ, ਚੰਬੇਲੀ ਖਿਲੀ।
ਗਨਪੰਕਤਿ ਨਿਤ ਜਲ ਸੋਂ ਮਿਲੀ ॥੪੫॥
ਸੂਰਜ ਸੁਤਾ ਤੀਰ ਪਰ ਸੋਹੈਂ।
ਨਾਨਾ ਬਿਧਿ ਫਲ ਫੂਲਨਿ ਸੋਂ ਹੈ।
ਸੁਖਦ ਸਘਨ ਛਾਇਆ ਰਮਨੀਕਾ।
ਕਰਹਿ ਭਲੇ ਹੁਲਸਾਵਨਿ ਜੀ ਕਾ ॥੪੬॥
ਸ਼੍ਰੀ ਪ੍ਰਭੁ ਮੰਦਿਰ ਮਹਿਂ ਕੈ ਛਾਯਾ[1]।
ਬੈਠਿ ਬਿਰਾਜਹਿਂ ਸਮੋਂ ਬਿਤਾਯਾ।
ਨਗਰ ਆਗਰੇ ਸੰਗਤਿ ਭਾਰੀ।
ਦਰਸਹਿ ਧਰਹਿ ਅਕੋਰ ਅਗਾਰੀ ॥੪੭॥
ਏਕ ਸਿੱਖ ਜੜੀਆ ਸੁਨਿਆਰਾ।
ਚਤਰ ਕਾਜ ਮਹਿਂ ਧਨੀ ਉਦਾਰਾ।
ਜੁਤਿ ਪਰਿਵਾਰ ਦਰਸ ਕੋ ਆਯੋ।
ਚਰਨ ਕਮਲ ਪਰ ਸੀਸ ਨਿਵਾਯੋ ॥੪੮॥
ਲਗੇ ਉਪਾਯਨ ਕੇ ਅੰਬਾਰ।
ਅਰਪਤਿ ਗੁਰ ਕੋ ਦਰਸ ਨਿਹਾਰਿ।
ਕ੍ਰਿਪਾ ਦ੍ਰਿਸ਼ਟਿ ਤੇ ਖੁਸ਼ੀ ਕਰੀ ਜਬਿ।
ਸੰਗਤ ਗਵਨੀ ਨਿਜ ਨਿਜ ਘਰ ਤਬਿ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ ਮਿਲਨ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥੪੬॥

ਵਿਸ਼ੇਸ਼ ਟੂਕ:- ਕਲਗੀਧਰ ਜੀ ਦਾ ਆਦਰ ਸਤਿਕਾਰ ਤੇ ਸਨਮਾਨ ਬਹਾਦਰ ਸ਼ਾਹ ਨੇ ਉਸ ਵਿਸ਼ੈ ਦੀ ਸ਼ੁਕਰ ਗੁਜ਼ਾਰੀ ਵਜੋਂ ਕੀਤਾ ਹੈ ਜੋ ਸਿੰਘਾਂ ਦੀ ਸਹਾਇਤਾ ਨਾਲ ਆਪਣੇ ਭਰਾ ਪੁਰ ਉਸ ਨੂੰ ਪ੍ਰਾਪਤ ਹੋਈ ਸੀ।

ਗੁਰੂ ਜੀ ਗੁਰਸਿੱਖੀ ਦਾ ਪ੍ਰਚਾਰ ਰਾਜਪੂਤਾਨੇ ਵਿਚ ਕਰਦੇ ਦੱਖਣ ਨੂੰ ਜਾ ਰਹੇ ਸਨ, ਬਹਾਦਰ ਸ਼ਾਹ ਲਸ਼ਕਰ ਕਸ਼ੀ ਕਰਕੇ ਆ ਰਿਹਾ ਸੀ। ਗੁਰੂ ਜੀ ਦੀ ਅਲੂਹੀਅਤ ਦੀ

[1]ਮੰਦਰ ਵਿਚ ਯਾ ਛਾਇਆ (ਹੇਠ)।

ਖਬਰ ਭਾਈ ਨੰਦ ਲਾਲ ਜੀ ਤੋਂ ਸੁਣ ਚੁੱਕਾ ਸੀ ਤੇ ਪਿਛੇ ਇਕ ਪਹਾੜੀ ਮੁਹਿੰਮ ਤੇ ਭੇਜੇ ਆਪਣੇ ਜਰਨੈਲ ਮਿਰਜ਼ਾਬੇਗ ਦੇ ਅੱਖੀਂ ਡਿੱਠੇ ਹਾਲਾਤ ਸੁਣਕੇ ਦਸਮ ਪਾਤਸ਼ਾਹ ਜੀ ਦੀ ਅਪੂਰਬ ਸ਼ਕਤੀ ਤੋਂ ਕੁਛ ਕੁਛ ਆਪ ਬੀ ਜਾਣੂ ਹੋ ਚੁੱਕਾ ਸੀ। ਬਿਪਤ ਸਮੇਂ ਗ਼ੈਬੀ ਮਦਦ ਲਈ ਹਰ ਇਕ ਦੀ ਨਜ਼ਰ ਉੱਠਦੀ ਹੈ। ਮੁਗ਼ਲ ਬਾਦਸ਼ਾਹਾਂ ਦਾ ਇਤਿਹਾਸ ਦੱਸਦਾ ਹੈ ਕਿ ਉਹ ਅਜੇਹੇ ਸਮੇਂ ਅਜਮੇਰ ਦੇ ਖ੍ਵਾਜਾ ਵੱਲ ਰੁਜੂਅ ਹੋਇਆ ਕਰਦੇ ਸਨ, ਸੋ ਬਹਾਦਰ ਸ਼ਾਹ ਨੇ ਗੁਰੂ ਜੀ ਤੋਂ ਬੀ ਲਾਭ ਉਠਾਉਣ ਲਈ ਯਾਚਨਾ ਕੀਤੀ। ਗੁਰੂ ਜੀ ਨੇ ਉਸ ਨੂੰ ਤਖਤ ਦਾ ਜਾਇਜ਼ ਵਾਰਸ ਸਮਝਕੇ ਤੇ ਇਸ ਖਿਆਲ ਤੋਂ ਕਿ ਜੇ ਇਸ ਦਾ ਸੁਧਾਰ ਹੋ ਜਾਏ ਤਦ ਪ੍ਰਜਾ ਸੁਖੀ ਹੋ ਜਾਏਗੀ, ਇਹਦੀ ਸਹਾਇਤਾ ਕਰਨੀ ਪ੍ਰਵਾਨ ਕਰ ਲਈ ਤੇ ਫਤੇ ਦੇ ਪਿੱਛੋਂ ਦੱਖਣ ਦੇ ਸਫਰ ਵਿਚ ਕੁਛ ਪੜਾਉ ਆਮ ਸੰਗਤਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਤੇ ਬਹਾਦਰ ਸ਼ਾਹ ਨੂੰ ਸ਼ੁਭ ਸਿੱਖਜਾ ਦੇਂਦੇ ਇਹਦੇ ਨਾਲ ਰਹੇ। ਇਸ ਮਰਮ ਦੀ ਗੱਲ ਤੋਂ ਅਗਜਾਤ ਬਦੇਸ਼ੀ ਲੇਖਣੀ ਨੇ ਕੁਛ ਕੁ ਗ਼ੈਰ ਜ਼ੁੰਮੇਂਵਾਰ ਲੇਖਕਾਂ ਦੇ ਮੁਗ਼ਾਲਤੇ ਦਾ ਸ਼ਿਕਾਰ ਹੋ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਇਸ ਮਿਲਾਪ ਨੂੰ ਹੋਰ ਹੀ ਸ਼ਕਲ ਦੇ ਦਿਤੀ ਹੈ, ਜਿਸ ਦਾ ਅਸਲੀਅਤ ਨਾਲ ਕੋਈ ਸੰਬੰਧ ਨਹੀਂ। ਅਰਥਾਤ ਬਾਜ਼ੇ ਵਿਦੇਸ਼ੀ ਤੇ ਅਨਜਮਤੀ ਲੇਖਕ ਇਸ ਮੇਲ ਨੂੰ ਗੁਰੂ ਜੀ ਦਾ ਪਾਤਸ਼ਾਹੀ ਲਸ਼ਕਰ ਵਿਚ ਨੌਕਰੀ ਪ੍ਰਵਾਨ ਕਰਨਾ ਲਿਖਦੇ ਹਨ, ਇਹ ਗੱਲ ਗੁਰੂ ਜੀ ਦੇ ਕੈਰੈਕਟਰ ਤੇ ਮਗਰਲੇ ਵਤੀਰੇ ਤੋਂ ਗ਼ਲਤ ਸਾਬਤ ਹੁੰਦੀ ਹੈ। ਅਕਸਰ ਲੇਖਕਾਂ ਨੇ ਐਲਫਿਸਨਸਟਨ ਦੇ ਇਕ ਫੁਟ ਨੋਟ ਤੋਂ ਟਪਲਾ ਖਾਧਾ ਹੈ। ਐਲਫਿਨਸਟਨ ਨੇ (ਸਫਾ ੫੬੪ ਦੇ ਫੁਟ ਨੋਟ ਵਿਚ) ਲਿਖਿਆ ਹੈ:-

Sir J. Malcolm, Forster's Travels, P. 263. The latter author states that Guru Govind had a small command in the Mogul service; which is confirmed by Khafi Khan.

ਜਿਸ ਦਾ ਭਾਵ ਇਹ ਹੈ 'ਕਿ ਗੁਰੂ ਜੀ ਨੂੰ ਬਹਾਦਰ ਸ਼ਾਹ ਦੀ ਫੌਜ ਵਿਚ ਕਿਸੇ ਛੋਟੇ ਫੌਜੀ ਉਹਦੇ ਦੀ ਨੌਕਰੀ ਪ੍ਰਾਪਤ ਸੀ।' ਪਰ ਐਲਫਿਨਸਟਨ ਏਥੇ ਪਤਾ ਦੇਂਦਾ ਹੈ, ਮੈਲਕਮ ਦਾ, ਫਾਰਸਟਰ ਦਾ ਤੇ ਖ਼ਫੀ ਖਾਂ ਦਾ। ਫਾਰਸਟਰ ਲਿਖਦਾ ਹੈ (ਪੰਨਾ ੨੬੨. ੨੬੩)

he Sicques say, he even received marks of favour from Bhahauder Shah, who being apprised of his military abilities, gave him a charge in the army which marched into the Decan to appose the rebellion of Kambuchsh.

ਅਰਥਾਤ ਸਿੱਖ ਕਹਿੰਦੇ ਹਨ ਕਿ ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਚੰਗਾ ਸਲੂਕ ਕੀਤਾ, ਜਿਸ ਨੇ ਉਹਨਾਂ ਦੀ ਫੌਜੀ ਕਾਬਲੀਅਤ ਦਾ ਪਤਾ ਲੱਗਣ ਤੇ ਉਹਨਾਂ ਨੂੰ ਆਪਣੀ ਫੌਜ ਵਿਚ ਕੋਈ ਉਹਦਾ ਦਿਤਾ, ਜਿਸ ਦੀ ਫੌਜ ਕਿ ਦੱਖਣ ਨੂੰ ਕਾਮਬਖਸ਼ ਦੀ ਬਗ਼ਾਵਤ ਦੇ ਮੁਕਾਬਲੇ ਤੇ ਜਾ ਰਹੀ ਸੀ।

ਖ਼ਫੀ ਖਾਂ ਲਿਖਦਾ ਹੈ:-ਦਰ ਅਯਾਮੇ ਕਿ ਬਹਾਦਰ ਸ਼ਾਹ ਬਾਦਸ਼ਾਹ ਮੁਤਵੱਜਹ ਹੈਦਰਾਬਾਦ ਗਰਦੀਦੰਦ, ਗੋਬਿੰਦ ਨਾਮ ਅਜ਼ ਸਰਗ਼ੋਹਾਨਿ ਆਂ ਕੌਮੇ ਬਦਨਾਮ ਬਹਜ਼ੂਰ

ਰਸੀਦਹ ਬਾ ਦੋ ਸਦ ਸਿਹ ਸਦ ਸਵਾਰ ਨੇਜ਼ਹਦਾਰ ਵ ਪਯਾਦਹ ਦਰ ਰਕਾਬ ਰਫ਼ਾਕਤ ਨਮੂਦ।

ਜਿਸ ਦਾ ਅਰਥ ਹੈ ਕਿ:-ਉਹਨਾਂ ਦਿਨਾਂ ਵਿਚ ਕਿ ਜਦੋਂ ਬਹਾਦਰ ਸ਼ਾਹ ਹੈਦਰਾਬਾਦ ਵੱਲ ਮੁਤਵੱਜੇ ਹੋਇਆ ਸੀ ਤਾਂ ਗੋਬਿੰਦ ਨਾਮ ਉਸ ਬਦਨਾਮ ਕੌਮ ਦੇ ਸਰਗ੍ਰੋਹਾਂ ਵਿਚੋਂ ਪਾਤਸ਼ਾਹ ਪਾਸ ਪੁਹੰਚਾ, ਦੋ ਸੌ ਤਿੰਨ ਸੌ ਨੇਜ਼ਾਦਾਰ ਸਵਾਰਾਂ ਤੇ ਪਿਆਦਿਆਂ ਸਣੇ (ਉਸਨੇ) ਹਮਰਾਹੀ ਵਿਚ ਰਫਾਕਤ ਕੀਤੀ।

ਹੁਣ ਵਿਚਾਰ ਕਰੋ ਫਾਰਸਟਰ ਦੀ। ਇਸਦੀ ਆਪਣੀ ਖੋਜ ਕੋਈ ਨਹੀਂ, ਇਹ ਲਿਖਦਾ ਹੈ ਕਿ 'ਸਿਖ ਕਹਿੰਦੇ ਹਨ; ਗੋਯਾ ਉਸ ਦੀ ਸੁਣੀ ਸੁਣਾਈ ਬਾਤ ਹੈ। ਕੋਈ ਲਿਖਤੀ ਯਾ ਕੁਮਾਹੱਕ੍ਵਾ ਸਬੂਤ ਉਸ ਨੂੰ ਨਹੀਂ ਮਿਲਿਆ। ਸਿੱਖ ਜੋ ਕੁਛ ਕਹਿੰਦੇ ਹਨ ਸੋ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ, ਓਹ ਨੌਕਰੀ ਨਹੀਂ ਹੈ ਤੇ ਸਭ ਤੋਂ ਪੁਰਾਣੇ ਸਿੱਖ ਲੇਖਕ ਸੈਨਾਪਤੀ ਜੀ ਹਨ ਜੋ ਫਾਰਸਟਰ ਤੋਂ ਪਹਿਲੋਂ ਹੋਏ ਹਨ ਤੇ ਗੁਰੂ ਜੀ ਦੇ ਸਮੇਂ ਸਨ ਉਹਨਾਂ ਦਾ ਲੇਖ ਅੱਗੇ ਆਵੇਗਾ। ਜਾਪਦਾ ਹੈ ਕਿਸੇ ਸਿੱਖ ਨੇ ਫਾਰਸਟਰ ਨੂੰ ਅਸਲੀ ਗੱਲ ਜੋ ਸੂਰਜ ਪ੍ਰਕਾਸ਼ ਵਿਚ ਹੈ ਸੁਣਾਈ ਹੈ ਤੇ ਕਿਸੇ ਦੁਭਾਸ਼ੀਏ ਨੇ ਉਸ ਨੂੰ ਜਿਵੇਂ ਤਰਜਮਾ ਕਰ ਦਿੱਤਾ ਉਸ ਨੇ ਲਿਖ ਦਿੱਤਾ ਹੈ। ਹਰ ਹਾਲ ਉਸ ਦੀ ਗੱਲ ਵਾਕਿਆ ਤੋਂ ਪੰਝੱਤਰ ਕੁ ਬਰਸ ਮਗਰੋਂ ਦੀ ਇਕ ਸੁਣੀ ਸੁਣਾਈ ਗੱਲ ਹੈ।

ਖ਼ਫੀ ਖ਼ਾਂ ਸਿੱਖਾਂ ਬਾਬਤ ਇੰਨੇ ਗੁੱਸੇ ਤੇ ਰੰਜ ਵਿਚ ਤੇ ਐਸੀ ਗਿਰੀ ਹੋਈ ਜ਼ੁਬਾਨ ਵਿਚ ਉਹਨਾਂ ਦਾ ਜ਼ਿਕਰ ਕਰਦਾ ਹੈ ਕਿ ਉਸ ਦਾ ਲਿਖਿਆ ਤਅੱਸਬ ਤੋਂ ਖਾਲੀ ਕੋਈ ਨਹੀਂ ਕਹਿ ਸਕਦਾ। ਮੈਲਕਮ ਨੇ ਤਾਂ ਇਹ ਗੱਲ ਸਾਫ ਲਿਖੀ ਹੈ ਕਿ ਸਿੱਖਾਂ ਨੇ ਆਪਣੇ ਹਾਲਾਤ ਦੱਸਣ ਵਿਖੇ ਜੋਸ਼ ਵਾਲੀ ਸਿਫਤ ਸਲਾਹ ਵਿਚ ਆਕੇ ਆਪਣੇ ਬਜ਼ੁਰਗਾਂ ਨੂੰ ਸ਼ੁਭ ਗੁਣਾਂ ਤੇ ਖੂਬੀਆਂ ਨਾਲ ਭਰ ਦਿੱਤਾ ਹੈ ਪਰ ਦੂਜਿਆਂ (ਮੁਸਲਮਾਨ ਲੇਖਕਾਂ) ਨੇ ਸਿੱਖ (ਬਜ਼ੁਰਗਾਂ ਦੇ) ਕੈਰੈਕਟਰ ਨੂੰ ਉਲਟਾ ਕੇ ਬਿਆਨ ਕੀਤਾ ਹੈ ਤੇ ਉਹਨਾਂ ਦੇ ਗੁਣਾਂ ਤੇ ਖੂਬੀਆਂ ਨੂੰ ਘਟਾਇਆ ਹੈ।

ਇਸ ਗੱਲ ਦੇ ਹੁੰਦਿਆਂ ਬੀ ਜੇ ਖ਼ਫੀ ਖ਼ਾਂ ਦੇ ਲਿਖੇ ਵੱਲ ਤਕੀਏ ਤਾਂ ਉਹ ਇਤਨਾ ਹੀ ਲਿਖਦਾ ਹੈ ਕਿ ਪਾਤਸ਼ਾਹ ਦੀ ਹਮਰਾਹੀ ਵਿਚ ਰਫਾਕਤ ਕੀਤੀ, ਇਸ ਦੇ ਨਿਸ਼ਚੇ ਪੂਰਬਕ ਅਰਥ 'ਨੌਕਰੀ ਕਰਨਾ' ਨਹੀਂ ਨਿਕਲਦੇ।

ਇਸ ਦੇ ਨਾਲ ਜੇ ਅਸੀਂ ਜਾਜੂ ਦੇ ਜੰਗ ਦਾ ਹਾਲ 'ਨਿਆਮਤ ਖ਼ਾਂ ਅਲੀ ਦੇ ਜੰਗਨਾਮੇ' ਵਿਚ ਲਿਖਿਆ ਪੜ੍ਹੀਏ ਤਾਂ ਉਸ ਵਿਚ ਗੁਰੂ ਸਾਹਿਬ ਦੇ ਇਸ ਜੰਗ ਵਿਚ ਸ਼ਰੀਕ ਹੋਣ ਦਾ ਜ਼ਿਕਰ ਕੋਈ ਨਹੀਂ ਆਉਂਦਾ। ਹੁਣ ਆਓ ਮੈਲਕਮ ਦੇ ਲਿਖੇ ਵਲ:-

ਮੈਲਕਮ ਆਪਣੀ ਪੁਸਤਕ ਦੇ ਸਫੇ ੭੦ ਪਰ ਗੁਰੂ ਜੀ ਦੇ ਅੰਤਲੇ ਹਾਲਾਤ ਬਾਬਤ ਲਿਖਦਾ ਹੋਇਆ ਫੁਟ ਨੋਟ ਵਿਚ ਫਾਰਸਟਰ ਦਾ ਹੀ ਪਤਾ ਦੇਂਦਾ ਹੈ ਤੇ ਆਪ ਕਹਿੰਦਾ ਹੈ ਕਿ ਸਾਰੀ ਗੱਲ ਵਿਚੋਂ ਗੁਰੂ ਜੀ ਦੇ ਨਾਦੇੜ ਵਿਚ ਚਲਾਣੇ ਦੀ ਗੱਲ ਨੂੰ ਮੈਂ ਕੇਵਲ ਸਹੀ ਮੰਨਦਾ ਹਾਂ। ਗੋਯਾ ਜੋ ਮੁਖ਼ਤਲਿਫ ਬਯਾਨ ਗੁਰੂ ਜੀ ਦੇ ਅੰਤਲੇ ਸਮੇਂ ਦੇ ਆਪ ਦੱਸਦਾ ਹੈ ਉਹਨਾਂ ਵਿਚੋਂ ਸਾਰਿਆਂ ਨੂੰ ਸਹੀ ਨਹੀ ਮੰਨਦਾ ਕੇਵਲ ਇਕ ਗੱਲ ਮੰਨਦਾ ਹੈ, ਓਹ ਇਹ ਹੈ ਕਿ ਚਲਾਣਾ ਨਾਦੇੜ ਵਿਚ ਹੋਇਆ। ਇਥੇ ਮੈਲਕਮ ਤੀਸਰੇ ਬਿਆਨ ਵਿਚ ਲਿਖਦਾ ਹੈ:-

He received favours from the Emperor Bahader Shah; who, aware of his military talents, gave him a small military command in the Dekhin.

[Page 71.

ਅਰਥਾਤ:-'ਗੁਰੂ ਜੀ ਨੇ ਪਾਤਸ਼ਾਹ ਤੋਂ ਮਿਹਰਬਾਨੀ ਪ੍ਰਾਪਤ ਕੀਤੀ ਜਿਸਨੇ ਗੁਰੂ ਜੀ ਦੀ ਫੌਜੀ ਤਾਕਤ ਤੋਂ ਵਾਕਬ ਹੋਣ ਕਰਕੇ ਉਹਨਾਂ ਨੂੰ ਆਪਣੀ ਫੌਜ ਵਿਚ ਇਕ ਛੋਟੀ ਅਸਾਮੀ ਦੱਖਣ ਵਿਚ ਦਿੱਤੀ।' ਪਰ ਅਗਲੇ ਹੀ ਪੈਰੇ ਗ੍ਰਾਫ ਵਿਚ ਮੈਲਕਮ ਆਪ ਹੀ ਲਿਖਦਾ ਹੈ:-

It is sufficiently estblished, from these contradictory and imperfect accounts of the latter years of Guru Govind, that he performed no actions worthy of record after his fight from Chamkaur : and when we consider the enthusiastic ardour of his mind, his active habits, his valour, and the insatiable thirst of revenge, which he had cherished through life, against the murderers of his father, and the oppressors of his sect, we connot think, when that leading passion of his mind must have been increased by the massacre of his children, and the death or mutilation of his most attached followers, that he would have remained inactive; much less that he would have sunk into a servant of that government, against which he had been in constant rebellion: nor is it likely that such a leader as Guru Govind could ever have been trusted by a Muhammedan prince;

[Sketch of the Sikhs by L. C. Malcolm. Page 71, 72.

ਜਿਸ ਦਾ ਸੰਖੇਪ ਅਰਥ ਇਹ ਹੈ:-ਕਿ ਗੁਰੂ ਜੀ ਦੇ ਮਨ ਦਾ ਉਛਾਲ, ਉਨ੍ਹਾਂ ਦਾ ਸਦਾ ਤਜਾਰ ਬਰਤਜਾਰ ਸੁਭਾਵ, ਉਨ੍ਹਾਂ ਦਾ ਸੂਰਮਗਤੀ ਦੇ ਬਦਲੇ ਦਾ ਜੋਸ਼ ਜੋ ਆਪਣੇ ਪਿਤਾ ਦੇ ਕਾਤਲਾਂ ਤੇ ਆਪਣੇ ਧਰਮ ਦੇ ਜ਼ਾਲਮਾਂ ਵੰਨੇ ਸੀ ਤੇ ਜੋ ਬੱਚਿਆਂ ਦੇ ਮਾਰੇ ਜਾਣ ਅਤੇ ਆਪਣੇ ਸਾਥੀਆਂ ਪਰ ਵਰਤੇ ਕਹਿਰਾਂ ਤੋਂ ਹੋਰ ਵਧ ਗਿਆ ਹੋਣਾ ਹੈ, ਇਹ ਗੱਲ ਯਕੀਨ ਨਹੀਂ ਕਰਨ ਦੇਂਦਾ ਕਿ ਓਹ ਕਦੇ ਇੰਨੇ ਨੀਵੇਂ ਉਤਰ ਗਏ ਹੋਣ ਕਿ ਉਸੇ ਸਰਕਾਰ ਦੇ ਨੌਕਰ ਬਣੇ ਹੋਣ, ਜਿਸਦੇ ਵਿਰੁੱਧ ਕਿ ਉਹ ਸਦਾ ਬਗਾਵਤ ਵਿਚ ਰਹੇ। ਨਾ ਹੀ ਇਹ ਅਗ਼ਲਬ ਹੈ ਕਿ ਮੁਸਲਮਾਨ ਪਾਤਸ਼ਾਹ ਨੇ ਗੁਰੂ ਜੀ ਦਾ ਇਤਬਾਰ ਕੀਤਾ ਹੋਵੇ।

ਸੋ ਮੈਲਕਮ ਤਾਂ ਆਪ ਹੀ 'ਨੌਕਰੀ ਕਰਨ' ਦੇ ਖਯਾਲ ਦੀ ਤਰਦੀਦ ਕਰ ਰਿਹਾ ਹੈ। ਸੋ ਇਸ ਤਰਦੀਦ ਵਿਚ ਐਲਫਿਨਸਟਨ ਦੇ ਨੋਟ ਦੀ ਇਤਿਹਾਸਕ ਕੀਮਤ ਕੁਛ ਨਹੀਂ ਰਹਿੰਦੀ।

ਜਦ ਅਸੀਂ ਉਸ ਸਮੇਂ ਦੇ ਬਾਹਰਲੇ ਲੇਖਕਾਂ ਦੀ ਹੋਰ ਟੋਲ ਕਰਦੇ ਹਾਂ ਤਾਂ ਸਾਨੂੰ ਤਾਰੀਖੇ ਬਹਾਦਰ ਸ਼ਾਹੀ ਮਿਲਦੀ ਹੈ, ਇਸਦਾ ਲੇਖਕ ਦੱਸਦਾ ਹੈ ਕਿ ਮੈਂ ਔਰੰਗਜ਼ੇਬ ਦੀ ਮੌਤ ਵੇਲੇ ਦਿੱਲੀ ਵਿਚ ਸੀ। ਸੋ ਏਹ ਸ਼ਖਸ ਉਸ ਸਮੇਂ ਹੋਇਆ ਹੈ ਤੇ

ਵਾਕਿਆਤ ਦੇ ਪਾਸ ਹੋਇਆ ਹੈ। ਇਸਦੇ ਲਿਖੇ ਦਾ ਅੰਗ੍ਰੇਜ਼ੀ ਤਰਜਮਾਂ (ਜਿ: ੭ ਹਿਸ: ਔਫ ਇੰਡੀਆ ਬਾਈ ਇਟਸ ਓਨ ਹਿਸਟੋਰੀਅਨਜ਼) ਵਿਚ ਇਉਂ ਦਿੱਤਾ ਹੈ:-

At the time the army was marching southwards towards Burhanpur, Guru Gobind, one of the grandsons of Nanak, had come into these districts to travel, and accompanied the royal camp. He was in the habit of constantly addressing assemblies of worldly persons, religious fanatics and all sorts of people.

[Page 566.

ਅਰਥਾਤ:-(ਬਹਾਦਰ ਸ਼ਾਹ ਦੀ) ਫੌਜ ਬੁਰਹਾਨ ਪੁਰ ਦੱਖਣ ਵਾਲੇ ਪਾਸੇ ਕੂਚ ਕਰ ਰਹੀ ਸੀ, ਗੁਰੂ ਗੋਬਿੰਦ ਜੋ ਗੁਰੂ ਨਾਨਕ ਦੇ ਪੋਤ੍ਰਿਆਂ ਵਿਚੋਂ ਇਕ ਸੀ ਇਹਨਾਂ ਜ਼ਿਲਿਆਂ ਵਿੱਚ ਸਫਰ ਕਰਨ ਲਈ ਆ ਗਿਆ ਤੇ ਸ਼ਾਹੀ ਡੇਰੇ ਦੇ ਨਾਲ ਨਾਲ (ਸਫਰ ਕਰਦਾ) ਰਿਹਾ। ਓਹ (ਗੁਰੂ) ਗ੍ਰਿਹਸਤੀਆਂ ਤੇ ਤਜਾਗੀਆਂ ਤੇ ਹਰ ਕਿਸਮ ਦੇ ਲੋਕਾਂ ਨੂੰ ਲਗਾਤਾਰ ਉਪਦੇਸ਼ ਦਿਆ ਕਰਦਾ ਸੀ।

ਇਸ ਲੇਖਕ ਨੇ ਸਾਫ ਦੱਸ ਦਿੱਤਾ ਹੈ ਕਿ ਅਪਣੀ ਖੁਸ਼ੀ ਨਾਲ ਗੁਰੂ ਸਾਹਿਬ ਸਫਰ ਕਰ ਰਹੇ ਤੇ ਲੋਕਾਂ ਨੂੰ ਉਪਦੇਸ਼ ਦੇਂਦੇ ਤੇ ਸ਼ਾਹੀ ਲਸ਼ਕਰ ਦੇ ਨਾਲ ਨਾਲ ਸਫਰ ਕਰਦੇ ਰਹੇ ਹਨ ਜਿਸ ਤੋਂ ਨੌਕਰੀ ਦਾ ਸ਼ੁਭਾ ਕੋਈ ਨਹੀ ਬਾਕੀ ਰਹਿੰਦਾ। ਫੌਜੀ ਨੌਕਰੀ ਕੀਹ ਤੇ ਲਗਾਤਾਰ ਉਪਦੇਸ਼ ਦੇਣੇ ਕੀਹ? ਫਿਰ ਇਹ ਲੇਖਕ ਦੱਸਦਾ ਹੈ ਕਿ ਇਨ੍ਹਾਂ ਜ਼ਿਲਿਆਂ ਵਿਚ ਸਫਲ ਕਰਨ ਲਈ ਆ ਗਏ, ਜਿਸ ਤੋਂ ਨੌਕਰੀ ਲਈ ਆਏ ਤੇ ਨੌਕਰੀ ਕੀਤੀ ਦੁਇ ਸ਼ੁਭੇ ਦੂਰ ਹੋ ਗਏ।

ਸਭ ਤੋਂ ਮਗਰਲਾ ਯੂਰਪੀਨ ਲੇਖਕ ਮੈਕਾਲਫ ਹੋਇਆ ਹੈ, ਜਿਸਦੇ ਪਾਸ ਬੀ ਤਾਰੀਖੀ ਸਾਮਾਨ ਕਾਫੀ ਸੀ, ਉਸਨੇ ਬੀ ਨੌਕਰੀ ਦੀ ਗੱਲ ਨਹੀਂ ਲਿਖੀ, ਸਗੋਂ ਐਉਂ ਲਿਖ਼ਿਆ ਹੈ:-

The Guru, on being appealed to, promised him not only assestance but sovereignty if he agreed to a request he was about to make, and did not prove false like his father. Bahadur Shah was pleased to accept these vague conditions, and informed the Guru accordingly

The Guru sent Dharam Singh with some trusty Sikhs to render him all possible assistance, and feeling anxiety regarding the grave political circumstances of the country, deemed it advisable to retrace his steps to the north in the hope of meeting and conferring with Emperor. ... ...

[Page 230.

The Guru duly met the Emperor Bahadur Shah in Agra. The Emperor thanked him for such assistance as he had given him in obtaining the throne, made him costly presents, and invited him to spend some time with him. The Guru was pleased to accept the invitation. [Page 232.

ਭਾਵ ਇਹ ਕਿ ਬਹਾਦਰਸ਼ਾਹ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ, ਗੁਰੂ ਜੀ ਨੇ ਇਕ ਸ਼ਰਤ ਕਰਕੇ ਉਸ ਨੂੰ ਨਾ ਕੇਵਲ ਸਹਾਇਤਾ ਬਲਕਿ ਪਾਤਸ਼ਾਹੀ ਦੇਣ ਦਾ ਇਕਰਾਰ ਕੀਤਾ। ਪਾਤਸ਼ਾਹ ਨੇ ਸ਼ਰਤਾਂ ਮੰਨੀਆਂ। ਗੁਰੂ ਜੀ ਨੇ ਧਰਮ ਸਿੰਘ ਨੂੰ ਕੁਛ ਸਿੱਖਾਂ ਸਣੇ ਪਾਤਸ਼ਾਹ ਪਾਸ ਘੱਲ ਦਿੱਤਾ....। ਫਿਰ ਲਿਖਦਾ ਹੈ:-ਕਿ ਗੁਰੂ ਜੀ ਆਗਰੇ ਵਿਚ ਪਾਤਸ਼ਾਹ ਨੂੰ ਮਿਲੇ। ਪਾਤਸ਼ਾਹ ਨੇ ਸ਼ੁਕਰੀਆ ਅਦਾ ਕੀਤਾ। ਬੜੇ ਤੁਹਫੇ ਪੇਸ਼ ਕੀਤੇ ਤੇ ਆਪਣੇ ਪਾਸ ਕੁਛ ਸਮਾਂ ਰਹਿਣ ਲਈ ਨਿਉਤਾ ਦਿੱਤਾ। ਗੁਰੂ ਜੀ ਨੇ ਇਹ ਨਿਉਤਾ ਪਰਵਾਨ ਕੀਤਾ।

ਸੋ ਇਸ ਲੇਖਕ ਨੇ ਨੌਕਰੀ ਵਾਲੀ ਗੱਲ ਦੇ ਉਲਟ ਪਾਤਸ਼ਾਹ ਦਾ ਆਪ ਮੱਦਦ ਮੰਗਣਾ ਤੇ ਗੁਰੂ ਜੀ ਦਾ ਦੇਣਾ ਤੇ ਪਾਤਸ਼ਾਹ ਨੇ ਉਹਨਾਂ ਦਾ ਸਤਿਕਾਰ ਕਰਨਾ ਲਿਖਿਆ ਹੈ।

ਸਿੱਖ ਲੇਖਕਾਂ ਵਿਚ ਸੌ ਸਾਖੀ ਪੁਰਾਣੀ ਸ਼ੈ ਹੈ। ਭਾਵੇਂ ਅਜੇ ਬਹੁਤ ਪੁਰਾਣੀ ਨਹੀਂ ਲੱਭੀ ਪਰ ਹੁਣ ਵਾਲੀ ਪੋਥੀ ਵਿਚ ਵੀ, ਜੋ ਪਚਾਸੀ ਕੁ ਸਾਲ ਦੀ ਹੈ, ਸੱਠਵੀਂ ਸਾਖੀ ਵਿਚ ਐਉਂ ਲਿਖਿਆ ਹੈ:-

ਭਈ ਲੋੜ ਤਬ ਤੁਰਕ ਪਤਿ ਪੀਰਨ ਖੋਜਤ ਸੋਇ।
ਦਾਸ ਭਾਵ ਹੋ ਬੋਲ ਪਠਿ ਗੁਰੁ ਅਨੁਸੁਨੀ ਸਮੋਇ ॥੨॥
ਚਲੇ ਸੁਭਾਵਕ ਦੱਖਣੀ ਸੁਨੀ ਸ਼ਾਹ ਨ੍ਰਿਪ ਦਾਸ।
ਆਪ ਤੁਰਾ ਮਾਰਗ ਮਿਲਾ ਦਿੱਲੀ ਗੁਰ ਸ਼ਹ ਬਾਸ ॥੩॥
...... ਜਨਕ ਥਾਇ ਪਰਗਟ ਕਰਾ ਤੀਜਾ ਸ਼ਾਹ ਸਨੇਹ।
ਦੱਖਣ ਚਲੇ ਬਹੁ ਭਾਵ ਸੋਂ ਗੁਰੂ ਦਿਖਾਯੋ ਏਹ ॥੬॥
ਚਲੇ ਸ਼ਾਹ ਦੱਖਨ ਜਿਤਾ ਬਹੁਤ ਕੀਆ ਤਬਿ ਮਾਨ ॥

ਜਿਸ ਦਾ ਸਰ ਸਰਦਾਰ ਅਤਰ ਸਿੰਘ ਜੀ ਨੇ ਐਉਂ ਅੰਗ੍ਰੇਜ਼ੀ ਉਲਥਾ ਕੀਤਾ ਹੈ:-

The reigning Emperor began to search for a saint and called the Gooroo with great humility and supplications. The Gooroo heard his message and promised to see the Emperor on his way to the Dukkun, Shortly afterwards the Emperor heard of the Gooroo's intentions to start for Dukkun. He went on foor to receive the Gooroo on the way and brought him in Delhie..... After this the Gooroo built the tomb of his father "Tegh Bahadur" at Delhi and made friendship, with the Emperor. The Gooroo then expressed his intention of going to Dukkun and the Emperor treating him with great kindness begged him to stay more for some time.

[Page 105.

ਸਭ ਤੋਂ ਪੁਰਾਣੇ ਸਿੱਖ ਲੇਖਕ ਜੋ ਹੁਣ ਤਾਈਂ ਲੱਭੇ ਹਨ, ਜੋ ਸੰਮਤ ੧੭੯੮ ਵਿਚ ਆਪਣੀ ਪੋਥੀ ਲਿਖਦੇ ਜਾਪਦੇ ਹਨ, ਸੈਨਾਪਤ ਜੀ ਹਨ, ਉਹ ਲਿਖਦੇ ਹਨ ਕਿ ਜਦੋਂ ਆਗਰੇ ਗੁਰੂ ਜੀ ਦੀ ਮੁਲਾਕਾਤ ਹੋਈ ਹੈ ਤਾਂ ਪਾਤਸ਼ਾਹ ਨੇ:-

ਕਲਗੀ ਅਉਰ ਧੁਗਧੁਗੀ ਆਨੀ। ਖਿਲਅਤ ਏਕ ਸ਼ਾਹ ਸਨਮਾਨੀ।
ਸ਼ਾਹ ਪ੍ਰਭੂ ਕੋ ਭੇਟ ਚੜ੍ਹਾਈ। 'ਖੁਸ਼ੀ ਕਰੋ ਤੁਮ ਸੋਂ ਬਨਿ ਆਈ।'

ਤਾਂਹਿ ਸਮੇਂ ਪ੍ਰਭੁ ਨੇ ਫੁਰਮਾਯੋ। ਅੰਦਰਿ ਸ਼ਾਹ ਪੈ ਸਿੰਘ ਬੁਲਾਯੋ।
ਬਸਤਰ ਤਾਂਹਿ ਪਾਸ ਉਠਵਾਏ। ਬਿਦਾ ਭਏ ਪ੍ਰਭੁ ਡੇਰੇ ਆਏ।

[ਧਿਆ ੧੯

ਇਸ ਤੋਂ ਵਿਦਤ ਹੋਇਆ ਕਿ ਖਿਲਅਤ ਆਦਿ ਸਨਮਾਨ ਨਾਲ ਪਾਤਸ਼ਾਹ ਨੇ ਪੇਸ਼ ਕੀਤਾ ਤੇ ਆਪ ਅਪਣੇ ਇੱਕ ਸੇਵਕ ਤੋਂ ਉਠਵਾਕੇ ਲੈ ਆਏ। ਮੁਗ਼ਲ ਪਾਤਸ਼ਾਹ ਦੇ ਦਰਬਾਰ ਵਿਚੋਂ ਮਿਲੇ ਖਿਲਅਤ ਨੂੰ ਦਾਸ ਤੋਂ ਚੁਕਵਾਕੇ ਲੈ ਆਉਣਾ ਕੇਵਲ ਉਨ੍ਹਾਂ ਦੇ ਸਨਮਾਨੇ ਔਲੀਯਾ ਤੇ ਉੱਚੇ ਫਕੀਰ ਹੀ ਕਰ ਸਕਦੇ ਸਨ, ਨੌਕਰਾਂ ਲਈ ਇਹ ਖੁੱਲ ਹਰਗਿਜ਼ ਨਹੀਂ ਸੀ। ਇਹ ਗੱਲ ਐਲਫਿਸਨਸਟਨ ਦੇ ਨੋਟ ਨੂੰ, ਤੇ ਨੌਕਰੀ ਵਾਲੇ ਖਿਆਲ ਨੂੰ ਮੂਲੋਂ ਹੀ ਰੱਦ ਕਰ ਦੇਂਦੀ ਹੈ। ਦੂਜੇ, ਗੁਰੂ ਜੀ ਦਾ ਅਹਿੱਲ ਤੇ ਅਝਵਾਂ ਕੈਰੈਕਟਰ ਦੱਸਦਾ ਹੈ ਕਿ ਓਹ ਕਦੇ ਇਹ ਗਲ ਪਰਵਾਨ ਨਹੀਂ ਕਰ ਸਕਦੇ ਸੇ। ਉਨ੍ਹਾਂ ਦਾ ਇਸ ਵੇਲੇ ਪਾਤਸ਼ਾਹ ਦੀ ਮੱਦਦ ਕਰਨਾ ਤੇ ਮਿਲਣਾ ਇਸ ਵਾਸਤੇ ਤਾਂ ਹੋ ਸਕਣਾ ਮੁਮਕਿਨ ਹੈ ਜੇ ਕਦੇ ਪਾਤਸ਼ਾਹ ਨਜਾਯਕਾਰੀ ਹੋ ਜਾਏਗਾ ਤੇ ਪਰਜਾ ਤੋਂ ਔਰੰਗਜ਼ੇਬ ਵਾਲਾ ਜ਼ੁਲਮ ਉੱਠ ਜਾਏ ਤਾਂ ਇਸ ਮੌਕਿਆਂ ਨੂੰ ਹੱਥੋਂ ਨਾ ਜਾਣ ਦਿੱਤਾ ਜਾਏ। ਨਾਹੱਕ ਤਲਵਾਰ ਚਲਾਉਣਾ ਆਪਦਾ ਆਦਰਸ਼ ਨਹੀਂ ਸੀ। ਆਪ ਨੇ ਆਪ ਦੱਸਿਆ ਹੈ 'ਚੂੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ, ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।' ਹੁਣ ਫੇਰ ਮੌਕਾ ਸੀ ਸੁਲਹ ਸਾਲਸੀ ਨਾਲ ਦੇਸ਼ ਨੂੰ ਸੁਖੀ ਕਰਨ ਦਾ। ਇਹ ਮੌਕਾ ਪਰਤਾਕੇ ਫੇਰ ਜੰਗ ਛੇੜਨ ਦਾ ਧ੍ਰੂਵਾ ਹੋਣਾ ਹੈ ਜੋ ਬਹਾਦਰਸ਼ਾਹ ਦੇ ਕਰਾਰ ਪੂਰੇ ਨਾ ਹੋਣ ਉੱਪਰ ਬੰਦੇ ਨੂੰ ਪੰਜਾਬ ਵਿਚ ਘੱਲਣ ਤੋਂ ਸਹੀ ਹੋ ਰਿਹਾ ਹੈ।

ਹੋਰ ਇਤਰ ਮਤ ਵਾਲੇ ਇਤਿਹਾਸਕਾਰਾਂ ਨੇ ਬੀ ਇਸ ਵਿਸ਼ੇ ਤੇ ਗ਼ੌਰ ਕੀਤੀ ਹੈ, ਲਾ: ਦੌਲਤ ਰਾਏ ਨੇ ਆਪਣੇ 'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ' ਦੇ ਸਫਾ ੨੦੯-੨੦੧ ਤੇ ਐਉਂ ਲਿਖਿਆ ਹੈ:-

ਖ਼੍ਵਾਹ ਆਜ਼ਮ ਸ਼ਾਹ ਗੁਰੂ ਗੋਬਿੰਦ ਸਿੰਘ ਦੇ ਹਾਥ ਸੇ ਮਾਰਾ ਗਿਆ ਯਾ ਕਿਸੀ ਔਰ ਤਰਹ, ਲੇਕਰ ਇਸ ਮੇਂ ਸ਼ੱਕ ਨਹੀਂ ਕਿ ਬਹਾਦਰ ਸ਼ਾਹ ਕੀ ਇਸ ਫਤਹ ਹਾਸਲ ਕਰਨੇ ਮੇਂ ਗੁਰੂ ਗੋਬਿੰਦ ਸਿੰਘ ਕਾ ਬੜਾ ਹਿੱਸਾ ਥਾ। ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਗੁਰੂ ਗੋਬਿੰਦ ਸਿੰਘ ਕੋ ਬਹਾਦਰ ਸ਼ਾਹ ਦਿਹਲੀ ਮੇਂ ਲਾਇਆ, ਔਰ ਕੁਛ ਅਰਸਾ ਵਹਾਂ ਮੁਕੀਮ ਰਹੇ। ਏਕ ਰਾਏ ਯਿਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਕੀ ਮੁਲਾਜ਼ਮਤ ਇਖਤਿਆਰ ਕਰ ਲੀ ਥੀ, ਚੁਨਾਂਚਿ ਖਫੀ ਖ਼ਾਂ ਕੀ ਸਨਦ ਪਰ ਐਲਫਿਨਸਟਨ ਨੇ ਬੀ ਯਹੀ ਰਾਏ ਕਾਯਮ ਕੀ ਹੈ ਕਿ ਉਸ ਨੇ ਮੁਲਾਜ਼ਮਤ ਹੀ ਕਰ ਲੀ ਥੀ। ਦੂਸਰੀ ਰਾਏ ਯਿਹ ਹੈ ਕਿ ਮੁਲਾਜ਼ਮਤ ਨਹੀਂ ਕੀ ਮਹਿਜ਼ ਬਤੌਰ ਏਕ ਮਦਦਗਾਰ ਦੋਸਤ ਕੇ ਹਮਰਾਹ ਹੂਏ ਥੇ। ਔਰ ਯਿਹ ਆਖਰੀ ਰਾਏ ਜ਼ਜਾਦਹ ਕਰੀਨੇ ਕਿਆਸ ਹੈ, ਕਿਉਂਕਿ ਤਮਾਮ ਹਾਲਤ ਕੋ ਜ਼ੇਰਿ-ਨਜ਼ਰ ਰੱਖ ਕਰ ਯਿਹ ਤ੍ਵੱਕੁਅ ਨਹੀਂ ਹੋ ਸਕਤੀ ਕਿ ਉਸਨੇ ਤੁਰਕੋਂ ਕੀ ਮੁਲਾਜ਼ਮਤ ਇਖਤਿਜਾਰ ਕੀ ਹੋ। ਮਸਲਿਹਤ ਵਕਤ ਦੇਖ ਕਰ ਏਕ ਭਾਈ ਕੇ ਮੁਕਾਬਲਾ ਮੇਂ ਦੂਸਰੇ ਭਾਈ ਕੀ ਇਮਦਾਦ ਕਰਨਾ ਔਰ ਬਾਤ ਹੈ, ਔਰ ਉਸ ਸੇ ਯਿਹ ਨਤੀਜਾ ਨਿਕਾਲਨਾ ਕਿ ਉਸ ਨੇ ਮੁਲਾਜ਼ਮਤ ਇਖਤਿਆਰ ਕਰ ਲੀ

ਥੀ ਗ਼ਲਤ ਹੈ। ਚੁਨਾਂਚਿ ਆਇੰਦਹ ਕੇ ਵਾਕਯਾਤ ਭੀ ਹੀ ਨਤੀਜਾ ਪੇਸ਼ ਕਰਤੇ ਹੈਂ ਕਿ ਉਸ ਨੇ ਮੁਲਾਜ਼ਮਤ ਕਬੂਲ ਨਹੀਂ ਕੀ ਥੀ। ਜੈਸਾ ਕਿ ਰਾਜੇ ਯਾ ਅਮੀਰੋਂ ਕਾ ਬਤੌਰ ਇਮਦਾਦ ਬਾਦਸ਼ਾਹੋਂ ਕੇ ਸਾਥ ਲੜਾਈਓਂ ਮੇਂ ਸ਼ਾਮਲ ਹੋਨੇ ਕਾ ਦਸਤੂਰ ਥਾ ਵੋਹ ਬੀ ਬਤੌਰ ਰਫੀਕ ਹਮਰਾਹ ਹੋਗਾ। ਕਿਉਂਕਿ ਗੁਰੂ ਗੋਬਿੰਦ ਸਿੰਘ ਕੇ ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਬਹਾਦਰ ਸ਼ਾਹ ਨੇ ਏਕ ਬੜੀ ਜਾਗੀਰ ਔਰ ਰਜਾਸਤ ਪੇਸ਼ ਕੀ ਜਿਸੇ ਗੁਰੂ ਗੋਬਿੰਦ ਸਿੰਘ ਨੇ ਲੇਨੇ ਸੇ ਇਨਕਾਰ ਕੀਆ, ਔਰ ਕਹਾ ਕਿ ਹਮਾਰੇ ਦਾਦਾ ਗੁਰੂ ਅਰਜਨ ਦੇਵ ਕੇ ਦੁਸ਼ਮਨ ਚੰਦੂ ਲਾਲ ਦੀਵਾਨ ਕੋ ਉਸ ਕੇ ਸਪੁਰਦ ਕੀਆ ਥਾ, ਆਪ ਕੋ ਬਮੂਜਬ ਵਅਦਾ ਕੇ ਸੂਬਾਦਾਰਾਨ ਸਰਹਿੰਦ ਔਰ ਲਾਹੌਰ ਕੋ ਔਰ ਰਾਜਗਾਨ ਪਹਾੜੀ ਵਗ਼ੈਰਾ ਕੋ (ਜਿਨ੍ਹੋਂ ਨੇ ਉਸ ਕੇ ਮਾਸੂਮ ਬੱਚੋਂ ਕੋ ਕਤਲ ਕੀਆ ਥਾ) ਮੇਰੇ ਹਵਾਲੇ ਕਰੋ। ਬਹਾਦਰ ਸ਼ਾਹ ਨੇ ਇਕਰਾਰ ਪੂਰਾ ਕਰਨੇ ਕਾ ਵਾਅਦਾ ਤੋ ਦੁਹਰਾਯਾ ਮਗਰ ਸਾਲ ਕੀ ਮੁਹਲਤ ਕੇ ਅਰਸਾ ਮੇਂ ਉਸ ਕਾ ਯਿਹ ਇਕਰਾਰ ਪੂਰਾ ਨਾ ਹੂਆ। ਹਰਚੰਦ ਗੁਰੂ ਗੋਬਿੰਦ ਸਿੰਘ ਨੇ ਈਫਾਏ ਅਹਿਦ ਕੀ ਤਰਫ ਬਹਾਦਰ ਸ਼ਾਹ ਕੀ ਤਵੱਜੋ ਦਿਲਾਈ, ਲੇਕਨ ਵੋਹ ਈਫਾਏ ਅਹਿਦ ਮੇਂ ਆਖਰ ਤੱਕ ਕਾਸਰ ਹੀ ਰਹਾ। ਔਰ ਹਾਲਤ ਮੇਂ ਹਰਗਿਜ਼ ਯਿਹ ਕਯਾਸ ਕਬੂਲ ਨਹੀਂ ਕਰਤਾ ਕਿ ਗੁਰੂ ਗੋਬਿੰਦ ਸਿੰਘ ਬਹੈਸੀਅਤ ਮੁਲਾਜ਼ਮ ਕੇ ਐਸੇ ਕਰਾਰੋਂ ਕਾ ਈਫਾ ਚਾਹਤਾ ਹੋਵੇਗਾ।

ਲਾਲਾ: ਕਨੱਯਾ ਲਾਲ ਜੀ ਆਪਣੀ 'ਤਾਰੀਖੇ ਪੰਜਾਬ' ਵਿਚ ਲਿਖਦੇ ਹਨ:-

ਦਯਾ ਸਿੰਘ ਰਾਸਤਾ ਮੇਂ ਬਾਦਸ਼ਾਹ ਕੀ ਮਰਗ ਕੀ ਖਬਰ ਲੇਕਰ ਗੁਰੂ ਜੀ ਕੇ ਪਾਸ ਪਹੁੰਚਾ। ਔਰ ਏਕ ਕਾਸਦ ਬਹਾਦਰ ਸ਼ਾਹ ਖਲਫ ਔਰੰਗਜ਼ੇਬ ਆਲਮਗੀਰ ਕਾ ਬਤਵੱਸਲ ਮੁਨਸ਼ੀ ਨੰਦ ਲਾਲ ਖਾਦਮ ਬਖਿਦਮਤ ਗੁਰੂ ਜੀ ਸਾਹਿਬ ਪਹੁੰਚਾ ਕਿ ਸ਼ਾਹਜ਼ਾਦਾ ਆਜ਼ਮ ਵਲੀਅਹਿਦ ਤਖਤ ਦਿਹਲੀ ਸੇ ਦਿਹਲੀ ਕੀ ਤਖਤ ਨਸ਼ੀਨੀ ਕੇ ਵਾਸਤੇ ਲੜਾਈ ਹੋ ਰਹੀ ਹੈ, ਆਪ ਇਮਦਾਦ ਦੇਂ। ਗੁਰੂ ਸਾਹਿਬ ਨੇ ਅਪਨੇ ਕੁੱਲ ਸਿੱਖੋਂ ਸੇ ਪਾਂਚ ਸਿੱਖ ਮਯ ਦਯਾ ਸਿੰਘ ਕੇ ਭੇਜ ਦੀਏ। ਸ਼ਾਹਜ਼ਾਦਾ ਆਜ਼ਮ ਤੀਰ ਸੇ ਹਲਾਕ ਹੂਆ ਯਾਨੀ ਮਾਰਾ ਗਿਆ ਔਰ ਇੰਦੁਲ ਤਹਿਕੀਕਾਤ ਵੋਹ ਤੀਰ ਫੌਜ ਮੇਂ ਸੇ ਕਿਸੀ ਕਾ ਮਾਲੂਮ ਨ ਹੂਆ। ਆਖਰਕਾਰ ਪਾਇਆ ਗਿਆ ਕਿ ਵੋਹ ਤੀਰ ਜਨਾਬ ਗੁਰੂ ਸਾਹਿਬ ਕਾ ਥਾ, ਕਿਉਂਕਿ ਗੁਰੂ ਸਾਹਿਬ ਕੇ ਤੀਰ ਮੇਂ ਏਕ ਤੋਲਾ ਸੋਨਾ ਨੋਕ ਬੰਦ ਕੇ ਪਾਸ ਲਗਾ ਹੋਤਾ ਥਾ। ਜਬ ਬਹਾਦਰ ਸ਼ਾਹ ਤਖਤ ਨਸ਼ੀਨ ਹੂਆ ਤੋਂ ਗੁਰੂ ਜੀ ਕੋ ਆਗਰਾ ਮੇਂ ਬੁਲਾਯਾ, ਇਸਤਕਬਾਲ ਕੀਆ। ਫਿਰ ਅਪਨੇ ਹਮਰਾਹ ਦਿਹਲੀ ਮੇਂ ਲੇ ਆਯਾ ਔਰ ਨਿਹਾਇਤ ਇੱਜ਼ਤ ਕੀ। [

ਪੰਨਾ ੫੫

ਉਮਦਹ-ਤੁੱ-ਤ੍ਵਾਰੀਖ ਵਿਚ ਬਹਾਦਰ ਸ਼ਾਹ ਫਤਹ ਦੇ ਬਾਦ ਗੁਰੂ ਜੀ ਨੂੰ ਐਉਂ ਕਹਿੰਦਾ ਹੈ:-

ਸ਼ਾਹਜ਼ਾਦਾ ਬਰ ਜ਼ਬਾਂ ਆਵੁਰਦ ਕਿ ਐ ਜ਼ੁਬਦਹਏ ਏਜ਼ਤ ਪ੍ਰਸਤਾਨੇ ਹੱਕ ਸ਼ਨਾਸ ਵ ਉਮਦਹ ਆਰਫ਼ਾਨਿ ਹਕੀਕਤ ਇਕ਼ਤਬਾਸ, ਰਾਮਦਾਸ ਜੀਓ! ਤਬੀਯਤੇ ਇਨਾਯਤੇ ਤ੍ਵੀਯਤ ਸ਼ੁਮਾ ਬੈਖ਼ਰੀਯਤੋ ਆਫੀਯਤ ਅਸਤ ਵ ਅਜ਼ ਦੀਦਾਰੇ ਫੈਜ਼ ਆਸਾਰੇ ਏਸ਼ਾਂ ਤਮਾਮ ਗ਼ਮ ਅਜ਼ ਜਾਨ ਦੂਰ ਸ਼ੁਦਹ, ਬਲਕਿ ਈਂ ਸਲਤਨਤ ਵ

ਬਾਦਸ਼ਾਹੀ ਬ ਈਂ ਨਿਆਜ਼ਮੰਦ ਬੇਰਿਆ਼ ਮਹਜ਼ ਅਜ਼ ਅ਼ਦੀਆਉਲਮਲਵੈਨ ਜ਼ਾਤੇ ਬਾ ਬਰਕਾਤ ਹਾਸਲ ਵ ਵਾਸਲ ਗਰਦੀਦਹ। ਦਰ ਤਕ਼ਦੀਮ ਬੰਦਗੀਯਾਤੇ ਸ਼ਾਇਸਤਹ ਵ ਬਨਹ਼ਵ ਬਾਇਸਤਹ ਬਲਰਾਸੁਲਐਨ ਕੋਸ਼ਿਸ਼ ਬਿਸੀਆਰ ਬਜ਼ਹੂਰ ਖ਼੍ਵਾਹਦ ਆਵੁਰਦ।

[ਦਫਤਰ ਪੰਨਾ ੬੨

ਅਰਥਾਤ ਸ਼ਾਹਜ਼ਾਦੇ (ਬਹਾਦਰ ਸ਼ਾਹ) ਨੇ ਕਿਹਾ ਕਿ ‘ਹੇ ਵਾਹਿਗੁਰੂ ਨੂੰ ਪਛਾਨਣ ਤੇ ਪੂਜਣ ਵਾਲਿਆਂ ਦੇ ਸਰਦਾਰ! ਹੇ ਰੱਬ ਨੂੰ ਪੁੱਜੇ ਹੋਏ ਗਜਾਨੀਆਂ ਦੇ ਸਰਤਾਜ ਰਾਮ ਦਾਸ ਜੀਓ! ਆਪਦਾ ਕ੍ਰਿਪਾਲਤਾ ਦਾ ਸੋਮਾ ਸਰੀਰ ਆਨੰਦ ਪ੍ਰਸੰਨ ਹੈ? ਆਪ ਦੇ ਸੁਖਦਾਈ ਦਰਸ਼ਨਾਂ ਤੋਂ ਸਾਰੇ ਗ਼ਮ ਤੇ ਫਿਕਰ ਜਾਨ ਵਿਚੋਂ ਦੂਰ ਹੋ ਗਏ ਹਨ, ਸਗੋਂ ਇਹ ਸਲਤਨਤ ਤੇ ਬਾਦਸ਼ਾਹੀ ਇਸ ਸੱਚੇ ਸੇਵਕ ਨੂੰ ਕੇਵਲ ਆਪ ਜੀ ਦੀ ਕ੍ਰਿਪਾ ਵਾਲੀ ਜ਼ਾਤ ਦੀਆਂ ਕਈ ਤਰ੍ਹਾਂ ਦੀਆਂ ਦੁਆਵਾਂ ਨਾਲ ਪ੍ਰਾਪਤ ਹੋਈ ਹੈ। ਆਪਦੇ ਵਾਜਬ ਹੁਕਮ ਸਿਰ ਤੇ ਅੱਖਾਂ ਤੇ ਰੱਖਕੇ ਪੂਰੇ ਕਰਨ ਦੀ ਵਿੱਤੋਂ ਵੱਧ ਕੋਸ਼ਿਸ਼ ਕਰਾਂਗਾ।’

ਸੁਰੇਂਦ੍ਰ ਸ਼ਰਮਾ ਲਿਖਦਾ ਹੈ:-

“ਗੁਰੂ ਗੋਬਿੰਦ ਸਿੰਘ ਕੇ ਪਾਸ ਸ਼ਾਹਜ਼ਾਦੇ ਮੁਅੱਜ਼ਮ ਕਾ ਏਕ ਪੁੱਤ੍ਰ ਆਇਆ। ਉਸ ਮੇਂ ਗੁਰੂ ਜੀ ਸੇ ਸਹਾਇਤਾ ਮਾਂਗੀ ਗਈ ਥੀ। ਜਿਸ ਸਮੇਂ ਰਾਜਕੁਮਾਰ ਮੁਅੱਜ਼ਮ ਕੇ ਸਾਥ ਗੁਰੂ ਗੋਬਿੰਦ ਸਿੰਘ ਕੀ ਮਿੱਤ੍ਰਤਾ ਹੁਈ ਥੀ, ਉਸ ਸਮਯ ਉਸੇ ਗੁਰੂ ਜੀ ਨੇ ਸਹਾਇਤਾ ਕਾ ਵਚਨ ਦੀਆ ਥਾ। ਗੁਰੂ ਜੀ ਕੋ ਉਸਕੀ ਸਹਾਇਤਾ ਕਰਨੀ ਮਨਜ਼ੂਰ ਥੀ। ਅਤਿਏਵ ਵੈ ਉਸਕੇ ਲੀਏ ਤੈਯਾਰ ਹੋਨੇ ਲਗੇ।

ਵਿਜਯ ਕੇ ਬਾਦ ਆਗਰੇ ਕੇ ਕਿਲੇ ਮੇਂ ਏਕ ਬੜਾ ਭਾਰੀ ਦਰਬਾਰ ਹੂਆ। ਸ਼ਾਹਜ਼ਾਦਾ ਮੁਅੱਜ਼ਮ ਬਾਕਾਇਦਾ ਸਿੰਘਾਸਨਸੀਨ ਹੋਕਰ ਭਾਰਤ ਕਾ ਸਮਰਾਟ ਘੋਖਿਤ ਕੀਆ ਗਿਆ। ਬਡੇ ਬਡੇ ਸਰਦਾਰੋਂ ਔਰ ਰਾਜਿਓਂ ਨੇ ਉਸਕੇ ਸਾਮਨੇ ਭੇਟ ਦੀ। ਇਸਕੇ ਬਾਅਦ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਕੇ ਪ੍ਰਤਿ ਹਾਰਦਿਕ ਕ੍ਰਿੱਤਗਜਤਾ ਪ੍ਰਗਟ ਕੀ ਔਰ ਸਿੱਖੋਂ ਕੋ ਉਨਕੀ ਸਹਾਇਤਾ ਕੇ ਲਿਯੇ ਧੰਨਵਾਦ ਦੀਆ। ਦਰਬਾਰ ਮੇਂ ਸਿੱਖ ਯੋਧਾਓਂ ਕੋ ਅਨੇਕ ਪੁਰਸਕਾਰ ਭੀ ਦੀਏ ਗਏ।

ਇਸੀ ਤਰ੍ਹਾਂ ਸਿੱਖ ਲੇਖਕਾਂ, ਜੈਸਾ ਕਿ ਸ: ਖਜ਼ਾਨ ਸਿੰਘ ਨੇ ਆਪਣੇ ਅੰਗ੍ਰੇਜ਼ੀ ਇਤਿਹਾਸ ਵਿਚ ਤੇ ਸਾਧੂ ਗੋਬਿੰਦ ਸਿੰਘ ਨੇ ਆਪਣੇ ਹਿੰਦੀ ਇਤਿਹਾਸ ਵਿਚ ਤੇ ਗਜਾਨੀ ਗਜਾਨ ਸਿੰਘ ਨੇ ਅਪਣੇ ਤਵਾਰੀਖ ਖਾਲਸਾ ਵਿਚ ਗੁਰੂ ਜੀ ਦਾ ਸ਼ਾਹ ਨੂੰ ਸਹਾਇਤਾ ਦੇਣਾ ਮੰਨਿਆ ਹੈ ਤੇ ਪਾਤਸ਼ਾਹ ਨੇ ਇੱਜ਼ਤ ਸਤਿਕਾਰ ਤੇ ਸ਼ਰਧਾ ਨਾਲ ਉਨ੍ਹਾਂ ਨੂੰ ਰੂਹਾਨੀ ਬਜ਼ੁਰਗ ਮੰਨਿਆ ਹੈ।

ਗੁਰੂ ਜੀ ਦਾ ਮਗਰਲਾ ਵਤੀਰਾ ਬੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਜਦ ਪਾਤਸ਼ਾਹ ਨੇ ਦੁਰਾਚਾਰੀ ਤੇ ਜ਼ਾਲਮ ਸੂਬੇਦਾਰਾਂ ਨੂੰ ਦੰਡ ਦੇਣ ਆਦਿ ਮੰਗਾਂ ਤੋਂ ਹੀਲ ਹੁਜੱਤ ਕੀਤੀ ਤਾਂ ਆਪ ਨਦੇੜ ਸ਼ਹਿਰ ਗਏ ਤੇ ਬੰਦੇ ਨੂੰ ਪੰਜਾਬ ਤੋਰ ਦਿੱਤਾ। ਮੁਲਾਜ਼ਮ ਹੋਣ ਵਾਲੇ ਹੀਣੇ ਮਨ ਵਿਚ ਇਹ ਸਾਹਸ ਪ੍ਰਾਗੱਲਭਤਾ ਤੇ ਏਹ ਵਿਉਂਤ ਜੋ ਪੰਜਾਂ ਚਹੁੰ ਬਰਸਾਂ ਵਿਚ ਬੰਦੇ ਦੁਆਰਾ ਪੰਜਾਬ ਵਿਚ ਰਾਜ ਗਰਦੀ ਕਰ ਗਈ ਕੀਕੂੰ ਹੋ ਸਕਦੀ ਹੈ? ਸ਼ੋਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ

ਸ਼ਖਸੀਅਤ ਨੂੰ ਨਾ ਸਮਝਕੇ ਬਹੁਤੇ ਲੋਕਾਂ ਨੇ ਟਪਲੇ ਖਾਧੇ ਹਨ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਗੁੱਸੇ ਤੇ ਤਅੱਸਬ ਤੋਂ ਬਹੁਤ ਕੰਮ ਲੀਤਾ ਹੈ ਤੇ ਬਨਾਵਟਾਂ ਤੋਂ ਬੀ ਸੰਕੋਚ ਨਹੀਂ ਕੀਤਾ।

## ੪੭. [ਨੌਨਿਧ ਖੱਤ੍ਰੀ। ਕੇਸ਼ (ਇਬ੍ਰਾਹੀਮ, ਪਰਸਰਾਮ)]

੪੬<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੮

ਦੋਹਰਾ: ਸਿਖ ਸੰਗਤ ਗਨ ਸੰਗ ਲੈ, 'ਨੌ ਨਿਧ ਖੱਤ੍ਰੀ' ਏਕ।
ਭੰਡਾਰੀ[1] ਸੰਗਜਾ ਕਹੈਂ, ਕੇਤਿਕ ਸਹਤ ਬਿਬੇਕ[2] ॥੧॥
ਚੌਪਈ: ਸਤਿਗੁਰ ਕੇ ਦਰਸ਼ਨ ਹਿਤ ਆਯੋ।
ਧਰਿ ਅਕੋਰ ਪਗ ਸੀਸ ਨਿਵਾਯੋ।
ਸਨਮੁਖ ਬੈਠਿ ਅਨੰਦ ਬਿਲੰਦੇ।
ਬੂਝੇ ਗੁਰੂ ਬੰਦਿ ਕਰ ਬੰਦੇ ॥੨॥
'ਸ਼੍ਰੀ ਪ੍ਰਭੁ ਜੀ! ਤੁਮ ਪੰਥ ਚਲਾਯੋ।
ਬਾਣਾ ਰਚਜੋ ਕੇਸ਼ ਰਖਵਾਯੋ।
ਗੁਰੂ ਗ਼ਰੀਬ ਨਿਵਾਜ! ਬਤਾਵਹੁ।
ਕਿਸ ਕਾਰਨ ਕਰਿ ਇਨਹੁਂ ਰਖਾਵਹੁ?' ॥੩॥
ਸੁਨਿ ਸ਼੍ਰੀ ਮੁਖ ਫੁਰਮਾਵਨਿ ਕਰਯੋ।
'ਤੁਮ ਤੋ ਸ਼ਾਸਤ੍ਰ ਬਹੁਤ ਬਿਚਰਯੋ।
ਪੜ੍ਹਨ ਸ਼੍ਰਵਨ ਮਹਿਂ ਬੈਸ ਬਿਤਾਈ।
ਇਹ ਗਤਿ ਲਖੀ ਕਿ ਨਹਿਂ ਤੁਮ ਪਾਈ ॥੪॥
ਧਰਮ ਰਖਨਿ ਕੇਸ਼ਾਦਿਕ ਭਲੇ[3]।
ਸਨਕਾਦਿਕ ਤੇ ਆਵਤਿ ਚਲੇ।
ਭਾਰਥ ਖੰਡ ਬਿਖੈ ਸ਼ੁਭ ਦੇਸ਼।
ਕੇਸ਼ ਰਾਖਣੋ ਧਰਮ ਬਿਸ਼ੇਸ਼' ॥੫॥
ਸੁਨਿ ਕੈ ਨਉਨਿਧ ਬਹੁਰ ਬਖਾਨਾ।
'ਆਪ ਕਰਹੁ ਸਭਿ ਸਾਚ ਪ੍ਰਮਾਨਾ।
ਪ੍ਰਥਮ ਕੇਸ਼ ਧਾਰੀ ਸਭਿ ਕੋਈ।
ਅਬਿ ਤੌ ਸਮਾ ਰਹਜੋ ਨਹਿਂ ਸੋਈਂ ॥੬॥
ਸ੍ਰੀ ਗੁਰ ਭਨਜੋਂ 'ਸਮਾਂ ਕਜਾ ਕਹੈ।
ਸੋ ਰਵਿ ਸੋ ਸਸਿ, ਸੋ ਜਲ ਅਹੈ*।
ਬਾਯੂ, ਬੰਨੀ[4], ਬਸੁਧਾ ਓਈ।
ਦੋਸ਼ ਸਮੈ ਕੋ ਕਜਾ ਕਹਿ ਕੋਈ ॥੭॥

---

[1]ਖੱਤ੍ਰੀਆਂ ਦੀ ਇਕ ਜਾਤ ਹੈ।
[2]ਕਈ (ਸ਼ਾਸਤ੍ਰਾਂ ਨੂੰ) ਵਿਚਾਰਨ ਵਾਲਾ ਸੀ (ਉਹ)।
[3]ਧਰਮ ਦੀ ਰੱਖਜਾ ਕਰਨ ਲਈ ਕੇਸ ਆਦਿਕ ਭਲੇ ਹਨ।
*ਪ੍ਰਮਾਣ ਗੁਰਬਾਣੀ:-'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤੁ ਰਹੈ ॥ ' [ਰਾਮਕਲੀ ਮ: ੧
[4]ਅਗਨੀ।

ਅਪਨ ਆਪ ਕੋ ਦੋਸ਼ ਲਖੀਜੈ।
ਰਾਖੇ ਜਾਇਂ ਨ, ਸਾਚ ਕਹੀਜੈ।
ਕੇਸ਼ ਰਖਨਿ ਕੀ ਸਮਰਥ ਹੀਨੇ।
ਦੋਸ਼ ਸਮੇਂ ਪਰ ਕਲਪਨ ਕੀਨੇ ॥੮॥
ਨੌਂ ਨਿਧ! ਸੁਨਹੁਂ ਅਗਲ ਪਰਸੰਗ।
ਜਬਿ ਹਮ ਕਰਜੋ ਮੁਕਤਸਰ ਜੰਗ?
ਪੁਨ ਚਲਿ ਗਏ ਜਹਾਂ ਨੈਂ ਵਹੀ[1]।
ਨਿਕਟ ਕਸੂਰ ਪੁਰੀ ਜਬਿ ਰਹੀ ॥੯॥
ਹੁਤੋ ਹੁਸੈਨ ਖਾਨ ਤਹਿਂ ਮਾਲਕ।
ਪਹੁੰਚਨ ਹਮਰੇ ਸੁਨਿ ਤਤਕਾਲਕ।
ਯਾਰ ਮੁਹੰਮਦ ਪਠਜੋ ਵਕੀਲ।
ਨਿਕਟ ਹਮਾਰੇ ਆਇ ਸੁਸ਼ੀਲ ॥੧੦॥
ਤਿਸ ਪਠਾਨ ਕੋ ਖਤ ਗੁਜ਼ਰਾਨਜੋ[2]।
-ਮੇਲ ਕਪਟ ਕੋ ਚਾਹਤਿ ਠਾਨਜੋਂ।
ਅੰਤਰ ਗਤੀ[3] ਜਸੂਸੀ ਔਰ।
ਸੁਧ ਕੇ ਹਿਤ ਪਹੁੰਚਜੋ ਤਿਸ ਠੌਰ- ॥੧੧॥
ਇਸ ਪ੍ਰਕਾਰ ਹਮ ਜਾਨਜੋਂ ਪਾਸ।
ਕਹਜੋ[4] -ਵਕਾਲਤ ਕੋ ਕਜਾ ਕਾਜ?
ਰਹਨ ਹਮਾਰੇ ਨਿਕਟ ਵਿਅਰਥ।
ਪੁਰਵਹੁ ਕਹਾਂ ਆਪਨੋ ਅਰਥ?[+] ॥੧੨॥
ਬਾਤ ਜਥਾਰਥ ਹੈ ਇਸ ਰੀਤਿ।
ਰਹਹੁ ਜਿ ਰਹਿਨੋ ਭਾਵਤਿ ਚੀਤ-।
ਸੁਨਿ ਕਰਿ ਹਮ ਤੇ ਸੋ ਰਹਿ ਗਯੋ।
ਇਕ ਦਿਨ ਮਜਲਸ ਮਹਿਂ ਥਿਰ ਭਯੋ ॥੧੩॥
ਬੋਲਜੋ ਨਿਰਨੈ ਸੁਨਿਬੇ ਕਾਜੂ।
-ਦੇਹੁ ਬਤਾਇ ਗ਼ਰੀਬ ਨਿਵਾਜੂ!

---

[1]ਨਦੀ ਚਲਦੀ ਹੈ।
[2](ਹੁਸੈਨ ਖ਼ਾਂ ਦੀ) ਚਿੱਠੀ ਲੈ ਆਇਆ।
[3]ਅੰਦਰੋਂ।
[4]ਅਸਾਂ ਆਖਿਆ।
[+]ਇਥੇ ਇਕ ਲਿਖਤੀ ਨੁਸਖੇ ਵਿਚ ਇਸ ਚੌਪਈ ਦੇ ਅੰਤਲੀਆਂ ਦੋ ਤੁਕਾਂ ਦਾ ਪਾਠ ਇਉਂ ਹੈ:-
ਅੰਤਰਯਾਮੀ ਪ੍ਰਭੂ ਸਮਰਥ ॥
ਰਹਿਨ ਹਮਾਰੇ ਨਿਕਟ ਬਿਅਰਥ ॥

ਹੁਤੇ ਅੱਗ੍ਰ ਭੀ ਸਿੱਖਨ ਕੇਸ਼।
ਕੈ ਅਬਿ ਕੇ ਹੀ ਰਖੇ ਸੁ ਬੇਸ- ॥੧੪॥
ਸੁਨਿ ਕਰਿ ਹਮ ਨੇ ਸੋ ਸਮੁਝਾਯੋ।
ਸਭਿ ਪ੍ਰਸੰਗ ਅਬਿ ਤੋਹਿ ਸੁਨਾਯੋ।
-ਹਿੰਦੂ ਤੁਰਕ ਜਿ ਪੂਰਬ ਕਾਲਾ।
ਸਭਿ ਕੇ ਸਿਰ ਪਰ ਕੇਸ਼ ਬਿਸਾਲਾ ॥੧੫॥
ਥੋਰੇ ਦਿਵਸਨ ਤੇ ਅਬਿ ਹਟੇ।
ਲਖੀਯਤਿ ਧਰਮ ਸਭਿਨਿ ਕੇ ਲਟੇ[੧]-।
ਯਾਰ ਮੁਹੰਮਦ ਬਹੁਰ ਉਚਾਰੇ।
-ਸੁੰਨਤ ਰਖਿਬੇ ਕੇਸ ਹਮਾਰੇ[੨] ॥੧੬॥
ਕਬਿ ਕੇ ਕਿਸ ਬਿਧਿ ਹਟੇ ਬਤਾਵਹੁ?
ਸਰਬ ਬਾਰਤਾ ਅਬਿ ਸਮੁਝਾਵਹੁ-।'
ਤਬਿ ਸ਼੍ਰੀ ਬਦਨ ਸੁਨਾਇ ਉਚਰ ਕਰਿ।
'ਇਬਰਾਹੀਮ ਖਲੀਲ[੩] ਪਿਕੰਬਰ ॥੧੭॥
ਤਿਸ ਨੇ ਇਕ ਔਰਤ ਅਵਿਲੋਕੀ।
ਕਾਮ ਬਸੀ ਮਨ ਬ੍ਰਿਤੀ ਨ ਰੋਕੀ।
ਕਹਜੋ -ਮੋਹਿ ਸਨ ਕਰਹੁ ਨਿਕਾਹੂ।
ਸੁਖ ਸੋਂ ਬਸਹੁ ਆਨਿ ਘਰ ਮਾਂਹੂ- ॥੧੮॥
ਸੁਨਿ ਔਰਤ ਨੇ ਬਾਤ ਨ ਮਾਨੀ।
ਸੰਗ ਪਿਕੰਬਰ ਗਿਰਾ ਬਖਾਨੀ।
-ਤੁਵ ਘਰ ਮਹਿਂ ਪੂਰਬ ਇਕ ਬੀਵੀ।
ਸੰਕਟ ਹੋਇ ਸਪਤਨੀ[੪] ਥੀਵੀ- ॥੧੯॥
ਕੇਤਿਕ ਦਿਨ ਗੁਜ਼ਰੇ ਇਸ ਰੀਤਿ।
ਬਸੀ ਪਿਕੰਬਰ ਕੇ ਬਹੁ ਚੀਤ[੫]।
ਫੇਰ ਕਹਜੋ ਮਨ ਹ੍ਵੈ ਕਰਿ ਦੀਨ।
-ਮੁਝ ਸੋਂ ਕਰਹੁ ਨਿਕਾਹੁ ਪ੍ਰਬੀਨ! ॥੨੦॥
ਨਿਸ ਦਿਨ ਖੁਟਕਤਿ ਹੈ ਮਮ ਚਿਤ ਮਹਿਂ।
ਅਭਿਲਾਖਤਿ ਬਹੁ ਮਿਲਿਨੋ ਹਿਤ ਮਹਿਂ।

---

[੧]ਮਿਟ ਗਏ, ਘਟ ਗਏ।
[੨]ਸਾਡੇ ਮਜ਼ਹਬ ਵਿਚ ਬੀ ਕੇਸ ਰੱਖਣੇ ਵਿਹਤ ਹਨ।
[੩]ਇਬ੍ਰਾਹੀਮ ਦਾ ਲਕਬ ਹੈ ਖ਼ਲੀਲਉੱਲਾ=ਖ਼ੁਦਾ ਦਾ ਦੋਸਤ।
[੪]ਸੌਕਣ।
[੫]ਪੈਗ਼ੰਬਰ ਦੇ ਚਿਤ ਵਿਚ ਇਸਤ੍ਰੀ (ਦੀ ਇੱਛਾ) ਬਹੁਤ ਵਸਦੀ ਰਹੀ।

ਜੈਸੇ ਤੂੰ ਆਇਸੁ ਦੇਂ ਪਜਾਰੀ।
ਤੈਸੇ ਰਹੌਂ ਸਦਾ ਅਨੁਸਾਰੀ- ॥੨੧॥
ਲਖਿ ਅਪਨੇ ਪਰ ਅਧਿਕ ਲੁਭਾਯੋ।
ਤਿਸ ਔਰਤ ਨੇ ਅਹਿਦ ਸੁਨਾਯੋ।
-ਦਿਹੁ ਤਲਾਕ ਤਿਸ ਬੀਵੀ ਜਬੈ।
ਕਰੌਂ ਨਿਕਾਹ ਤੋਹਿ ਸੋਂ ਤਬੈ- ॥੨੨॥
ਪੁਨ ਪੈਕੰਬਰ ਕਾਮ ਤਪਾਯੋ।
ਕਰਜੋ ਤਥਾ ਤਿਰਯ ਜਥਾ ਬਤਾਯੋ।
ਦਈ ਤਲਾਕ ਪ੍ਰਥਮ ਕੀ ਨਾਰੀ।
ਕਰਿ ਨਿਕਾਹ ਭੋਗੀ ਉਰ ਪਜਾਰੀ ॥੨੩॥
ਕਿਤਿਕ ਬਰਖ ਲਗਿ ਰਮ ਕਰਿ ਸੰਗ।
ਭਾਂਤਿ ਭਾਂਤਿ ਕਰਿ ਮੋਚਿ ਅਨੰਗ।
ਸਮਾ ਪਾਇ ਪੂਰਬਲੀ ਤ੍ਰੀਯ।
ਭੋਗਨ ਕਰੀ ਲਾਇ ਨਿਜ ਹੀਯ ॥੨੪॥
ਸੁਧਿ ਕੋ ਪਾਇ ਕ੍ਰੋਧ ਕਰਿ ਕਹਜੋ।
ਅਹਦ ਸ਼ਿਕਸਤ ਕੀਨਿ ਜਬਿ ਲਹਜੋ।
-ਸ਼ਰ੍ਹਾ ਅਦੂਲ ਭੂਲ ਜੋ ਧਰੈ[1]।
ਕਹੋ ਪਿਕੰਬਰ! ਸੋ ਕਜ਼ਾ ਕਰੈ? - ॥੨੫॥
ਇਬਰਾਹੀਮ ਕਹਜੋ -ਬਿਧਿ ਜੋਇ।
ਉਚਿਤ ਸਜ਼ਾਇ ਦੇਨਿ ਕੋ ਸੋਇ।
ਸ਼ਰ੍ਹਾ ਅਦੂਲ ਭੂਲ ਕੈ ਜਾਨਿ।
ਬਿਨਾ ਸਜ਼ਾਇ ਨਪਾਕ ਪਛਾਨ- ॥੧੬॥
ਘਾਤ ਪਾਇ ਤ੍ਰਿਯ ਤਬੈ ਸੁਨਾਈ।
-ਸ਼ਰ੍ਹਾ ਅਦੂਲੀ ਤੁਮਹੁ ਕਮਾਈ।
ਦਈ ਤਲਾਕ ਰਮੀ ਸੋ ਫੇਰ।
ਉਚਤਿ ਸਜ਼ਾਇ ਆਪ ਕੋ ਹੇਰਿ- ॥੨੭॥
ਸੁਨਿ ਬੀਵੀ ਕੇ ਬਾਕ ਅਭੂਲ।
ਕਹਜੋ ਪਿਕੰਬਰ -ਕਰੀ ਕਬੂਲ।
ਜਿਮ ਚਾਹਤਿ ਤਿਮ ਕੀਜਹਿ ਪਜਾਰੀ!
ਮੈਂ ਸਦੀਵ ਤੇਰੇ ਅਨੁਸਾਰੀ- ॥੨੮॥
ਸੁਨਿ ਤ੍ਰਿਯ ਕਹੇ -ਅੰਗ ਜੋ ਲਾਏ।

---

[1]ਭੁੱਲਕੇ ਜੋ ਸ਼ਰ੍ਹਾ ਦੀ (ਅਦੂਲੀ=) ਨਾ ਮੰਨਣਾ ਕਰੇ।

ਦਿਹੁ ਕਟਾਇ ਇਹ ਉਚਿਤ ਸਜ਼ਾਏ।
ਕਰਿ ਤਲਾਕ ਪੁਨ ਤਿਸ ਤੈਂ ਭੋਗਾ।
ਯਾਂ ਤੇ ਕਸ਼ਟ ਦੇਨਿ ਕੇ ਜੋਗਾ- ॥੨੯॥
ਸੁਨਿ ਕੈ ਸ਼ਰ੍ਹਾ ਬਾਤ ਸਚੁ ਸੋਇ।
ਦੀਨ ਹੋਇ ਬੰਦੇ ਕਰਿ ਦੋਇ।
-ਪ੍ਰਿਯਾ! ਬਾਤ ਤੈਂ ਸਾਚ ਉਬਾਚੀ।
ਲਿਹੁ ਬਚਾਇ ਚਿਤ ਜੇ ਰੁਚਿ ਰਾਚੀ ॥੩੦॥
ਜਥਾ ਸਜ਼ਾਇ ਹੋਇ ਭੀ ਜਾਇ।
ਜਿਯਤਿ ਰਹੌਂ ਤੁਝ ਸੋਂ ਸੁਖ ਪਾਇ-।
ਭਯੋ ਦੀਨ ਤ੍ਰਿਯ ਕਰੁਨਾ ਧਰੀ।
ਇਮ ਸਜ਼ਾਇ ਪਤਿ ਕੇ ਸੰਗ ਕਰੀ ॥੩੧॥
ਹਾਥ ਲਗੇ[1], ਨਹਿਂ ਕਾਟਨ ਕੀਨਿ।
ਤਿਨ ਪਲਟੇ ਕਾਟੀ ਅਸਤੀਨਿ[2]।
ਲਿੰਗ ਕਟਨ ਤੇ ਸੁੰਨਤਿ ਕਰੀ[3]।
ਅਧਰਨ ਤੇ ਦ੍ਵੈ ਮੂਛਨਿ ਹਰੀ[4] ॥੩੨॥
ਛਾਤੀ ਪਰ ਤੇ ਕਤਰੇ ਬਾਰਾ।
ਸਿਰ ਤੇ ਜੂੜਾ ਕਾਟਿ ਉਤਾਰਾ।
ਤਿਸ ਉੱਮਤ ਅਵਿਲੋਕਯੋ ਐਸੇ।
ਸਭਿਹਿਨਿ ਕਰੀ ਬਾਰਤਾ ਤੈਸੇ[*] ॥੩੩॥
ਇਮ ਤੁਰਕਨ ਸਭਿ ਕੇਸ ਕਟਾਏ।
ਪੂਰਬਲੀ ਮਿਰਯਾਦ ਮਿਟਾਏ।
ਪੁਨ ਹਿੰਦੁਨ ਕੀ ਸੁਨਹੁ ਕਹਾਨੀ।
ਹੋਯੋ ਪਰਸਰਾਮ ਬਲਿ ਖਾਨੀ ॥੩੪॥
ਕਰਤਿ ਜੁੱਧ ਛੱਤ੍ਰੀ ਸਭਿ ਹਾਰੇ।
ਤਿਨ ਸਿਰ ਪਰ ਤੇ ਕੇਸ਼ ਉਤਾਰੇ।

---

[1]ਹੱਥ ਜੋ (ਪਹਿਲੀ ਇਸਤ੍ਰੀ ਨੂੰ) ਲਗੇ ਸਨ।
[2]ਕੁਰਤੇ ਦੀਆਂ ਬਾਹਵਾਂ।
[3]ਭਾਵ ਇੰਦ੍ਰੀ ਕੱਟਣ ਦੀ ਥਾਵੇਂ ਸੁੰਨਤ ਕੀਤੀ।
[4]ਬੁੱਲਾਂ ਦੀ ਥਾਵੇਂ ਦੋਵੇਂ ਮੁੱਛਾਂ ਕਤਰੀਆਂ।
[*]ਖਤਨਾ ਕਰਾਣਾ, ਮੁੱਛਾਂ ਕਟਾਉਣੀਆਂ ਤੇ ਛਾਤੀ ਦੇ ਵਾਲ ਮੁਨਾਉਣੇ ਇਸਲਾਮ ਵਿਚ ਵਿਹਤ ਹਨ, ਇਨ੍ਹਾਂ ਨੂੰ ਹਜ਼ਰਤ ਇਬਰਾਹੀਮ ਦੀ ਸੁੰਨਤ (ਮਿਰਯਾਦਾ) ਮੰਨਿਆਂ ਜਾਂਦਾ ਹੈ। ਇਸ ਦਾ ਇਸ਼ਾਰਾ ਤੌਰੇਤ ਵਿਚ ਬੀ ਹੈ। ਕਵੀ ਜੀ ਨੇ ਜੋ ਇਸਤ੍ਰੀ ਦੀ ਕਹਾਣੀ ਉੱਪਰ ਦਿੱਤੀ ਹੈ, ਮੁਸਲਮਾਨਾਂ ਵਿਚੋਂ ਕਈ ਲੋਕ ਇਹ ਕਹਾਣੀ ਸੁਣਾਉਂਦੇ ਹਨ, ਪਰ ਉਹਨਾਂ ਦੀ ਕਿਸੇ ਪੁਸਤਕ ਵਿਚੋਂ ਅਜੇ ਤਕ ਨਹੀਂ ਲੱਭੀ ਜਾ ਸਕੀ।

ਮੁਨਿ ਨੰਦਨ ਜਬਿ ਮੁੰਡਨ ਕਰੇ।
ਰਹੇ ਮੁੰਡਾਵਤਿ ਰੀਤੀ ਪਰੇ ॥੩੫॥
ਪੁਨ ਕਲਜੁਗ ਮਹਿਂ ਰਾਜੇ ਭਏ।
ਸੰਗਜਾ ਜਿਨਹੁਂ ਨੰਦ ਕੀ ਲਏ।
-ਦੂਰਿ ਕੈ ਬਿੱਪ੍ਰ ਨ ਬਰਨੀ ਕਰੈਂ।
ਹਮਰੋ ਰਾਜ ਨਾਸ਼ ਹੁਇ- ਡਰੈਂ ॥੩੬॥
ਤਿਨਹੁਂ ਬਿਚਾਰਯੋ ਇਹੀ ਉਪਾਇ।
-ਸਭਿ ਬਿੱਪ੍ਰਨਿ ਕੇ ਸਿਰ ਮੁੰਡਵਾਇਂ।
ਸੁਰ ਪ੍ਰਸੰਨ ਬਿਨ ਕੇਸ਼ ਨ ਹੋਇਂ।
ਯਾਂ ਤੇ ਮੂੰਡ ਦਏ ਸਭਿ ਕੋਇ- ॥੩੭॥
ਹਿੰਦੂ ਤੁਰਕ ਇਸੀ ਬਿਧਿ ਸਾਰੇ।
ਸਿਰ ਮੁੰਡਵਾਇ ਧਰਮ ਕੋ ਹਾਰੇ।
ਨਉਨਿਧਿ! ਸੁਨੀਯਹਿ ਹੇਤ ਮੁੰਡਨ ਕੋ।
ਕੇਸ਼ ਰਾਖਨੇ ਰਵਾ[1] ਸਭਿਨਿ ਕੋ ॥੩੮॥
ਜਿਨ ਤੇ ਬਿਨਾ ਪ੍ਰਸੰਨ ਨ ਦੇਵ।
ਅਸ ਸ਼ੁਭ ਕੇਸ਼ ਮੁੰਡਾਵਨਿ ਲੇਵ।
ਬਿਨਾ ਬਿਚਾਰੇ ਦੇਖਾ ਦੇਖੀ।
ਧਾਰੀ ਰੀਤਿ ਭਏ ਦੁਰਭੇਖੀ ॥੩੯॥
ਰਚਯੋ ਸੁ ਈਸ਼ੁਰ ਮਾਨੁਖ ਦੇਹ।
ਕਰਯੋ ਸੁਭਾਇਮਾਨ ਛਬਿ ਗ੍ਰੇਹ।
ਉੱਤਮਾਂਗ ਪਰ[2] ਸੁੰਦਰ ਕਰੇ।
ਅਧਿਕ ਰੂਪ ਕੇਸ਼ਨ ਤੇ ਧਰੇ ॥੪੦॥
ਤਿਨਹਿ ਮੁੰਡਾਇ ਬਿਚਾਰ ਬਿਹੀਨੇ।
ਧਰਮ ਚਾਰੁਤਾ ਹਤਿ ਹਿਤ ਚੀਨੇ[3]।
ਸਭਿ ਜਗ ਮਹਿਂ ਫੈਲੀ ਦੁਰਮਤੀ।
ਕੋ ਹਟਿ ਸਕਹਿ ਰੀਤਿ ਪਿਖਿ ਅਤੀ ॥੪੧॥
ਤਿਸ ਬਿਧਿ ਕੇ ਸ਼ਲੋਕ ਰਚਿ ਰਾਖੇ।
ਬੀਚ ਪੁਰਾਨ ਦਿਖਾਵਤਿ ਸਾਖੇ।
ਪੂਰਬਲੀ ਨਹਿਂ ਰੀਤਿ ਬਿਚਾਰੈਂ।

---

[1]ਯੋਗ ਹਨ।
[2]ਅੰਗਾਂ ਵਿਚ ਉਤਮ (ਸਿਰ) (ਤਿਸ) ਪਰ ਕੇਸ਼ ਕੀਤੇ।
[3]ਧਰਮ ਦੀ ਸੁੰਦਰਤਾ ਦੇ ਨਾਸ਼ ਕਰਨੇ ਵਿਚ ਹਿਤ ਜਾਣਿਆਂ।

ਕੇਸ ਦਿਜਾਦਿਜ[1] ਬੀ ਸਿਰ ਧਾਰੈਂ' ॥੪੨॥
ਸ਼੍ਰੀ ਮੁਖ ਤੇ ਸੁਨਿ ਬਾਕ ਸੁਹਾਏ।
ਨੌ ਨਿਧ ਖੱਤ੍ਰੀ ਸਚ ਲਖਿ ਪਾਏ।
'ਧੰਨ ਧੰਨ ਗੁਰ' ਕਹਿ ਕਰਿ ਨਮੋ।
ਅਪਨੇ ਘਰ ਗਮਨਜੋਂ ਤਿਹ ਸਮੋਂ ॥੪੩॥
ਪ੍ਰਭੁ ਜੀ ਬਸਹਿਂ ਆਗਰੇ ਮਾਂਹੀ।
ਦਰਸ਼ਨ ਹਿਤ ਆਵਹਿਂ ਇਕ ਜਾਹੀਂ।
ਸੁੰਦਰ ਮੰਦਿਰ ਉਪਬਨ ਬਿਖੈ।
ਸਘਨ ਤਰੋਵਰ ਹਰੀਅਲਿ ਪਿਖੈਂ ॥੪੪॥
ਕੁੰਜਤਿ ਨਾਨਾ ਰੰਗ ਬਿਹੰਗ।
ਸ਼ੁਭਤਿ ਬਾਗ਼ ਫਲ ਫੂਲਨਿ ਸੰਗ।
ਪਾਵਸ ਰਿਤੁ ਪਸਰੀ ਘਨਘੋਰ।
ਠੌਰ ਠੌਰ ਬਹੁ ਮੋਰਨਿ ਸ਼ੋਰ ॥੪੫॥
ਛਿਤ ਪਰਪੁਲਤ[2] ਭਈ ਜਲ ਪਰਿ ਕੈ।
ਨਿਕਸਜੋ ਵਹਰਿ ਸਰੋਵਰ ਭਰਿ ਕੈ।
ਬੇਗ ਗਾਮਨੀ ਸਲਿਤਾ ਹੋਈ।
ਤਪਤ ਹਤੀ ਸੀਤਲ ਸਭਿ ਕੋਈ ॥੪੬॥
ਬਸਹਿਂ ਬਾਗ ਮਹਿਂ ਗੁਰੂ ਚੁਮਾਸਾ।
ਸਿਖ ਸੰਗਤ ਕੀ ਪੁਰਵਤਿ ਆਸਾ।
ਕਬਿ ਕਬਿ ਮੇਲ ਸ਼ਾਹੁ ਸੋਂ ਬਨੈਂ।
ਕਵਿ ਸੰਤੋਖ ਸਿੰਘ ਸੋ ਅਬਿ ਭਨੈ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਨਿਧ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ ॥੪੭॥

---

[1] ਬ੍ਰਾਹਮਣ ਤੇ ਨਾ-ਬ੍ਰਹਮਣ।
[2] ਸਰਵੀ, ਪਾਣੀ ਨਾਲ ਭਰੀ ਹੋਈ।

## ੪੮. [ਖਾਨ ਖਾਨਾ। ਸੱਯਦ ਨੂੰ ਕਰਾਮਾਤ ਦਾ ਉੱਤਰ]

੪੭<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੪੯

ਦੋਹਰਾ: ਇਕ ਦਿਨ ਮੈਂ ਧਰਿ ਭਾਵਨੀ, ਅਪਨੋ ਭਲੋ ਪਛਾਨ।
ਦੀਨ ਖਾਨ ਖਾਨਾ ਭਯੋ, ਗੁਰ ਪਗ ਬੰਦਨ ਠਾਨਿ ॥੧॥
ਚੌਪਈ: ਸਭਾ ਸਥਾਨ ਜਹਾਂ ਬਨਿਵਾਯੋ।
ਲੇ ਸਤਿਗੁਰ ਕੋ ਸੰਗ ਸਿਧਾਯੋ।
-ਗੁਰ ਪਾਵਨ ਪਾਵਨ ਕੋ ਕਰੈਂ[1]।
ਪਾਵਨ ਘਰ ਮੇਰੋ ਜਬਿ ਫਿਰੈਂ- ॥੨॥
ਆਸਤਰਨ ਸੁੰਦਰ ਬਿਛਵਾਏ।
ਸਾਦਰ ਸਤਿਗੁਰ ਤਹਾਂ ਬਿਠਾਏ।
ਅਨਿਕ ਅਕੋਰ ਜੋਰਿ ਕਰ ਦੀਨਿ।
ਬਿਨਤੀ ਕੀਨਿ ਹੋਇ ਮਨ ਦੀਨ ॥੩॥
ਸ਼੍ਰੀ ਪ੍ਰਭੁ ਸੁ ਪ੍ਰਸੰਨ ਬਹੁ ਭਏ।
ਖੁਸ਼ੀ ਕਰੀ ਸਗਰੇ ਸੁਖ ਦਏ।
'ਪ੍ਰਥਮ ਖਾਨ ਖਾਨਾ ਜੋ ਭਯੋ।
ਅਕਬਰ ਕੇ ਮਾਤੁਲ ਤੇ ਜਯੋ ॥੪॥
ਬਹੁ ਨੇਕੀ ਜਗ ਬਿਖੈ ਕਮਾਈ।
ਤੁਮ ਭੀ ਤਿਸ ਕੀ ਸਮਤਾ ਪਾਈ।'
ਮੁਦਤਿ ਭਯੋ ਸੁਨਿ ਕੈ ਗੁਰ ਬੈਨ।
ਹੇਰਤਿ ਹੈ ਸਰੂਪ ਭਰਿ ਨੈਨ ॥੫॥
ਸੁਮਤਿ ਤੁਰਕ ਬੈਠੇ ਸਮੁਦਾਯਾ।
ਕਾਜ਼ੀ ਮੁੱਲਾਂਦਿਕ ਤਿਸ ਥਾਯਾ।
ਗਰ ਸ਼ਮਸ਼ੇਰ ਗੁਰੂ ਸਮ ਸ਼ੇਰ।
ਬੈਠੇ ਬਿਚ ਸਭਿ ਕੇਰ ਬਡੇਰ ॥੬॥
ਦਰਸਹਿਂ ਨਰ ਨਿਜ ਗ੍ਰੀਵ ਨਿਵਾਵੈਂ।
ਜੋ ਬੂਝੈ ਉਤਰ ਫੁਰਮਾਵੈਂ।
ਸਤਿਗੁਰ ਕੀ ਬਿਸਾਲ ਬਡਿਆਈ।
ਦੁਸ਼ਟ ਨਰਨਿ ਤੇ ਜਰੀ ਨ ਜਾਈ ॥੭॥
ਇਕ ਸਿਰ੍ਹੰਦ ਕੋ ਸੱਯਦ ਬੀਚ।
ਪਿਖਿ ਪ੍ਰਭੁ ਕੋ ਖੁਨਸਜੋ ਮਤਿ ਨੀਚ।
ਕਹਜੋ ਤਾਂਹਿ 'ਤੁਮ ਹਿੰਦੁਨਿ ਪੀਰ।

---
[1]ਚਰਨ ਪਾਵਣਾ ਕਰਨ।

ਸਭਿ ਮਾਨਤਿ ਹੈਂ ਜਾਨਿ ਗਹੀਰ ॥੮॥
ਕਰਾਮਾਤ ਕੁਛ ਰਾਖਤਿ ਅਹੋ?
ਕਿਧੌਂ ਨਹੀਂ ਬਲ, ਸੋ ਬਿਧਿ ਕਹੋ।
ਚਿਤ ਚਾਹਤਿ ਹਮ ਨਿਰਨੈ ਕਰਜੋ।
ਜਹਿਂ ਕਹਿਂ ਤੁਮਰੋ ਸੁਜਸੁ ਬਿਥਰਜੋ' ॥੯॥
ਲਖੀ ਤਰਕ ਤਿਹ ਸੱਯਦ ਕੇਰੀ।
ਫੁਰਮਾਯੋ ਸ੍ਰੀ ਮੁਖ ਤਿਸ ਬੇਰੀ।
'ਬਦਨ ਬਹਾਦਰ ਸ਼ਾਹ ਮਝਾਰੀ।
ਕਰਾਮਾਤ ਹੈ ਬਿਦਤ ਉਦਾਰੀ ॥੧੦॥
ਕਰਹਿ ਰੰਕ ਤੇ ਪੰਚ ਹਜ਼ਾਰੀ।
ਨਰ ਗਨ ਅਪਰ ਬਨਹਿਂ ਅਨੁਸਾਰੀ।
ਪੰਚ ਹਜ਼ਾਰੀ ਕੋ ਜੇ ਚਾਹੈ।
ਕੋਪੈ ਰੰਕ ਕਰੈ ਛਿਨ ਮਾਹੈ ॥੧੧॥
ਮਾਰਹਿ ਬਖਸ਼ਹਿ ਦੇਰ ਬਿਹੀਨਾ।
ਤਿਸ ਮੁਖ ਮਹਿਂ ਲਖਿ ਅਜ਼ਮਤ ਪੀਨਾ।'
ਪੁਨ ਸੱਯਦ ਤਰਕਤਿ ਸਭਿ ਮਾਂਹੀ।
'ਤੁਮ ਭੀ ਰਾਖਤਿ ਹਹੁ ਕੈ ਨਾਂਹੀ ॥੧੨॥
ਸੋ ਤੋ ਬਾਦਸ਼ਾਹ ਬਨਿ ਰਹਜੋ।
ਬਰਤਹਿ ਹੁਕਮ ਤਿਸੀ ਕੋ ਕਹਜੋ।
ਹਮ ਬੂਝਤਿ ਹੈਂ ਰਾਵਰਿ ਪਾਸ।
ਜੇ ਰਾਖਤਿ ਕੁਛ ਕਰਹੁ ਪ੍ਰਕਾਸ਼' ॥੧੩॥
ਸਭਿ ਮਹਿਂ ਤਰਕ ਸੁਨੀ ਜਬਿ ਨਾਥ।
ਜੇਬ ਮਝਾਰ ਡਾਰਿ ਕਰਿ ਹਾਥ।
ਮੁਹਰ ਨਿਕਾਸੀ ਕੇਤਿਕ ਤਬੈ।
ਬੋਲੇ ਸ੍ਰੀ ਪ੍ਰਭੁ ਸੁਨਤਜੋ ਸਬੈ ॥੧੪॥
'ਪਿਖਿ ਦੀਨਾਰ ਜੁ ਹਾਥ ਹਮਾਰੇ।
ਇਹ ਅਜ਼ਮਤਿ ਲਿਹੁ ਦੁਤੀ ਬਿਚਾਰੇ।
ਜਿਸ ਢਿਗ ਹਇੰ ਚਾਹੇ ਸੋ ਕਰੇ।
ਲਰਤਿ ਹਜ਼ਾਰਹੁਂ ਜਿਸ ਹਿਤ ਮਰੇ' ॥੧੫॥
ਸੁਨਿ ਸੱਯਦ ਬੱਲਜੋ ਤਜਿ ਮੌਨ।
'ਤੁਮ ਮਹਿਂ ਕਰਾਮਾਤ ਹੈ ਕੌਨ?
ਦੌਲਤ ਆਦਿ ਅਨੇਕ ਪ੍ਰਕਾਰੀ।

ਜਿਸ ਤੇ ਮਾਨਹਿਂ ਲੋਕ ਹਜ਼ਾਰੀ' ॥੧੬॥
ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ।
ਸਭਿ ਮਹਿਂ ਛਟਾ ਸਮਾਨ ਪ੍ਰਕਾਸ਼ੀ।
ਤਤਛਿਨ ਬਦਨ ਪੀਤ ਹੁਇ ਗਏ।
ਲੋਚਨ ਸਮੁਖ ਨ ਕਰਤੇ ਭਏ ॥੧੭॥
ਤੇਜ ਦਿਪਤ ਸ਼੍ਰੀ ਮੁਖ ਤੇ ਕਹੈਂ।
'ਇਹ ਭੀ ਕਰਾਮਾਤ ਇਕ ਅਹੈ।
ਅਬਿ ਹੀ ਸਿਰ ਉਤਾਰਿ ਕਰਿ ਤੇਰਾ।
ਫਲ ਸ਼ਾਖਾ ਸਮ ਦੇ ਧਰਿ ਗੇਰਾ ॥੧੮॥
ਨਹਿਂ ਜਬਾਬ ਕੁਛ ਸ੍ਵਾਲ ਨ ਹੋਵੈ।
ਜੀਵਨ ਬਾਦ ਬਾਦ ਕਰਿ ਖੋਵੈਂ।'
ਪਿਖਿ ਸਤਿਗੁਰ ਕੋ ਤੇਜ ਬਿਲੰਦਾ।
ਹੋਤਿ ਭਯੋ ਸੱਯਦ ਸ਼ਰਮਿੰਦਾ* ॥੧੯॥
ਕਹ੍ਯੋ ਗਯੋ ਪੁਨ ਬਾਕ ਨ ਕੋਈ।
ਨੀਚਿ ਗ੍ਰੀਵ ਅਵਨੀ ਅਵਲੋਈ।
ਕਿਤਿਕ ਸਮੇਂ ਤਕ ਥਿਰ ਗੁਰ ਰਹੇ।
ਪੁਨ ਡੇਰੇ ਕਹੁ ਆਵਨ ਚਹੇ ॥੨੦॥
ਹਯ ਅਰੂਢਿ ਗਤਿ ਮੰਦਹਿ ਮੰਦ।
ਆਨਿ ਪਹੂਚੇ ਸ਼੍ਰੀ ਜਗ ਬੰਦ।
ਉਤਰਿ ਤੁਰੰਗਮ ਤੇ ਪ੍ਰਭੁ ਥਿਰੇ।
ਰੁਚਿਰ ਪ੍ਰਯੰਕ ਪੌਢਿਬੋ ਕਰੇ ॥੨੧॥
ਇਕ ਦਿਨ ਸਤਿਗੁਰ ਸਹਜ ਸੁਭਾਇ।
ਬੈਠੇ ਹੁਤੇ ਬੀਚ ਸਮੁਦਾਇ।
ਪ੍ਰਥਮ ਪਠਾਨਨ ਕੋ ਧਨ ਕੇਤਾ।
ਦੇਨੋ ਹੁਤੋ ਸੋਢਿ ਕੁਲ ਕੇਤਾ ॥੨੨॥
ਕਾਜ਼ੀ ਪਹਿ ਫਿਰਾਦ ਹਿਤ ਗਏ।
ਗੁਰ ਜਬਰੀ ਕੋ ਭਾਖਤਿ ਭਏ।
'ਏਤਿਕ ਦਰਬ ਹਮਾਰੋ ਅਹੈ।

*ਇਸ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਕਰਾਮਾਤ ਇਨ੍ਹਾਂ ਚੀਜ਼ਾਂ ਦੀ ਹੈ ਜਿਸ ਅਗੇ ਤੁਸੀਂ ਝੁਕਦੇ ਹੋ। ਜੋ ਕਰਾਮਾਤ ਸਿੱਧੀਆਂ ਵਾਲੀ ਹੈ ਸੋ ਨਾਟਕ ਚੇਟਕ ਹੈ, ਜੋ ਕਰਾਮਾਤ ਰੂਹਾਨੀ ਔਜ ਹੈ ਉਸ ਨੂੰ ਤੁਸੀਂ ਮਾਇਆ ਪੂਜ ਤੇ ਤਅੱਸਬ ਦੇ ਭਰੇ ਲੋਕ ਸਮਝ ਨਹੀਂ ਸਕਦੇ, ਇਸ ਲਈ ਉਸ ਸੰਬੰਧੀ ਬਚਨ ਬਿਲਾਸ ਸੁਣਨ ਦੇ ਲਾਇਕ ਤੁਸੀਂ ਨਹੀਂ ਹੋ।

ਕੌਨ ਦੋਸ਼ ਤੇ ਸੋ ਨਹਿਂ ਲਹੈ' ॥੨੩॥
ਤਬਿ ਕਾਜ਼ੀ ਲਿਖਿ ਦੀਨ ਇਲਾਮ[1]।
ਲੇ ਕਰਿ ਆਏ ਖਾਨ ਤਮਾਮ।
ਜਬਹਿ ਬਿਲੋਕਯੋ ਸ਼੍ਰੀ ਗੁਨ ਖਾਨੀ।
ਬੀਚ ਸਭਾ ਕੇ ਕੀਨਿ ਬਖਾਨੀ ॥੨੪॥
'ਸੁਨਹੁਂ ਪਠਾਨਹੁਂ ਅਬਿ ਤੁਮ ਜਾਇ।
ਕਾਜ਼ੀ ਕੋ ਦੀਜੈ ਸਮੁਝਾਇ।
ਲਸ਼ਕਰ ਮਹਿਂ[2] ਮਖੀਆਂ ਬਹੁਤੇਰੀ।
ਖਾਨਾ ਮਕਰੂ[3] ਕਰਹਿਂ ਘਨੇਰੀ ॥੨੫॥
ਤਿਨ ਪਰ ਪ੍ਰਥਮ ਇਲਾਮ ਪਠਾਵਹੁ।
-ਨਹਿਂ ਖਾਨੇ ਪਰ ਥਿਰਹੁ- ਹਟਾਵਹੁ।'
ਇਹ ਕਹਿ ਸੋ ਇਲਾਮ ਗੁਰ ਫਾਰਾ।
ਨਿਜ ਕਰ ਤੇ ਅਵਨੀ ਪਰ ਡਾਰਾ ॥੨੬॥
ਪਿਖਿ ਪਠਾਣ ਸਗਰੇ ਬਿਸਮਾਏ।
ਉਠਿ ਕਾਜ਼ੀ ਢਿਗ ਤੂਰਨ ਆਏ।
'ਗੁਰੂ ਨ ਮਾਨਹਿਂ ਕਾਗਦ ਫਾਰਾ।
-ਦਲ ਮਖੀਆਂ ਪਰ ਪਠਹੁ[4]- ਉਚਾਰਾ' ॥੨੭॥
ਸੁਨਿ ਕਾਜ਼ੀ ਜਰਿ ਬਰਿ ਕੈ ਛਾਰ।
ਕੁਪਯੋ ਰਿਦੇ ਨਹਿਂ ਲਖਹਿ ਗਵਾਰ।
ਅਪਰ ਉਪਾਵ ਨਹੀਂ ਕੁਛ ਚਾਲਾ।
ਸ਼ਾਹੁ ਸਮੀਪ ਗਯੋ ਤਿਸ ਕਾਲਾ ॥੨੮॥
ਕਹਯੋ 'ਇਲਾਮ ਗੁਰੂ ਨੇ ਫੇਰਾ।
ਹਾਨਤਿ ਕਰੈ ਸ਼ਰ੍ਹਾ ਇਸ ਬੇਰਾ।
ਕਾਗਦ ਫਾਰਿ ਧਰਾ ਪਰ ਡਾਰਾ।
ਨਹਿਂ ਕੈਸੇ ਉਰ ਮਹਿਂ ਡਰ ਧਾਰਾ' ॥੨੯॥
ਸੁਨਿ ਕੈ ਪਾਤਸ਼ਾਹੁ ਰਿਸ ਸਾਜਿ।
ਕਾਜ਼ੀ ਪਰ ਹੋਯੋ ਇਤਰਾਜ਼[5]।
'ਇਹ ਤੈ ਕਹਾਂ ਕੀਨਿ ਮਤਿਮੰਦੇ !

---

[1]ਇਸ਼ਤਿਹਾਰ। [ਅ਼: ਇਅ਼ਲਾਮ]।
[2](ਤੁਹਾਡੇ) ਲਸ਼ਕਰ ਵਿਚ।
[3]ਅਪਵਿੱਤ੍ਰ।
[4]ਮੱਖੀਆਂ ਦੇ ਦਲ ਉੱਪਰ (ਏਲਾਮ) ਘੱਲੋ। (ਅ) ਮਖੀਆਂ ਪੁਰ ਦਲ ਭੇਜੋ।
[5]ਨੁਕਤਾਚੀਨੀ ਕੀਤੀ।

ਜਾਤਿ ਇਲਾਹੀ, ਫਕਰ ਬਿਲੰਦੇ ॥੩੦॥
ਤਿਨ ਪਰ ਕੈਸੇ ਪਠਜੋ ਇਲਾਮ।
ਇਹ ਤੈਂ ਕੀਨਿ ਬੁਰੋ ਬਹੁ ਕਾਮ।
ਜਿਨ ਆਗੈ ਕਰ ਜੋਰਨਿ ਬਨੈ।
ਤਿਨ ਪਰ ਹੁਕਮ ਆਪਨੋ ਭਨੈਂ?' ॥੩੧॥
ਇਮ ਕਹਿ ਕਾਜ਼ੀ ਕੀਨਿ ਤਗੀਰਾ[1]।
ਗੁਰ ਕੋ ਜਾਨਜੋਂ -ਪੀਰਨ ਪੀਰਾ।
ਸਲਤਨ ਦਈ ਮੋਹਿ ਕੋ- ਜਾਨੈ।
-ਸੋ ਕੈਸੇ ਕਰਿ ਇਮਨਹਿੰ ਮਾਨੈ[*]- ॥੩੨॥
ਰਾਜਾ ਇਕ ਜੈ ਸਿੰਘ ਸਵਾਈ[+]।
ਦੁਤੀ ਅਜੀਤ ਸਿੰਘ ਨਰ ਰਾਈ।
ਉਤਰੇ ਹੁਤੇ ਸੁ ਲਸ਼ਕਰ ਮਾਂਹੀ।
ਸਤਿਗੁਰ ਸ਼ੋਭਾ ਸੁਨਿ ਕਰ ਤਾਂਹੀ ॥੩੩॥
ਮਿਲਿਬੇ ਹਿਤ ਸੋ ਚਲਿ ਕਰਿ ਆਏ।
ਦ੍ਵੈ ਅਸੁ ਧਨ ਅਕੋਰ ਕਹੁ ਲਜਾਏ।
ਸੰਗ ਬਹੁਤ ਸੁਭਟਨਿ ਕੀ ਭੀਰ।
ਪਹੁੰਚੇ ਆਨਿ ਪ੍ਰਭੂ ਕੇ ਤੀਰ ॥੩੪॥
ਕਰਿ ਪਗ ਨਮੋ ਹੁਕਮ ਲੇ ਥਿਰੇ।
ਮੁਦਤ ਭਏ ਗੁਰ ਦਰਸ਼ਨ ਕਰੇ।

---

[1](ਪਾਤਸ਼ਾਹ ਨੇ) ਐਉਂ ਕਹਿਕੇ ਕਾਜ਼ੀ ਨੂੰ (ਅਪਣੇ ਉਹਦੇ ਤੋਂ) ਬਦਲ ਦਿੱਤਾ। [ਅ਼:, ਤਗ਼ੱਯੁਰ=ਬਦਲਨਾ]।

[*]ਇਹ ਗੱਲ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਆਦਿਕਾਂ ਵਿਚ ਹੈ ਨਹੀਂ ਤੇ ਨਾ ਹੀ ਸੌ ਸਾਖੀ ਵਿਚ ਮਿਲਦੀ ਹੈ। ਜੇ ਇਸ ਪ੍ਰਸੰਗ ਦੀ ਕੋਈ ਅਸਲ ਹੈ ਤਾਂ ਇਉਂ ਅਸਲ ਗੱਲ ਹੋਣੀ ਹੈ ਕਿ ਜਦੋਂ ਔਰੰਗਜ਼ੇਬ ਨੇ ਜ਼ਫਰਨਾਮਾ ਪੜ੍ਹਕੇ ਐਲਾਨ ਜਾਰੀ ਕੀਤਾ ਹੈ ਕਿ 'ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੇ ਰਾਜ ਵਿਚ ਕਿਤੇ ਫਿਰਨ ਟੁਰਨ ਦੀ ਰੋਕ ਨਹੀਂ ਤੇ ਕੋਈ ਸੂਬਾ ਯਾ ਉਹਦੇਦਾਰ ਉਹਨਾਂ ਨਾਲ ਜੰਗ ਜਦਲ ਨਾ ਕਰੇ', ਤਦੋਂ ਸਰਹਿੰਦ ਤੇ ਲਾਹੌਰ ਦੇ ਸੂਬੇ ਦੁਖੀ ਹੋਏ। ਉਸ ਸਮੇਂ ਸ਼ਰ੍ਹਾ ਦਾ ਫਤਵਾ ਪਾਤਸ਼ਾਹੀ ਫੁਰਮਾਨ ਤੋਂ ਵਧੇਰੇ ਅਸਰ ਰੱਖਦਾ ਸੀ, ਉਨ੍ਹਾਂ ਨੇ ਕੋਈ ਐਲਾਨ ਕਿਸੇ ਵੱਡੇ ਕਾਜ਼ੀ ਤੋਂ ਝੂਠ ਮੂਠ ਦਾ ਫਤਵਾ ਲਾਕੇ ਜਾਰੀ ਕਰਵਾਯਾ ਹੋਵੇ ਕਿ ਜੋ ਪਠਾਣ ਆਦਿ ਮੁਲਸਮਾਨ ਜੰਗ ਵਿਚ ਮਰੇ ਹਨ ਉਨ੍ਹਾਂ ਦੇ ਵਾਰਸ ਗੁਰੂ ਜੀ ਤੋਂ ਆਪਣਾ ਹਰਜਾਨਾ ਲੈ ਸਕਦੇ ਹਨ। ਯਾ ਆਗਰੇ ਦੇ ਕਾਜ਼ੀ ਨੇ ਕਿਸੇ ਪਠਾਣ ਨੂੰ ਕੋਈ ਪਰਵਾਨਾ ਦੇ ਦਿੱਤਾ ਹੋਵੇ ਜਿਸ ਨੂੰ ਗੁਰੂ ਜੀ ਨੇ ਫਾੜ ਦਿੱਤਾ, ਕਿਉਂਕਿ ਜੰਗ ਵਿਚ ਮਰੇ ਦੁਵੱਲੀ ਇਕੋ ਜੇਹੇ ਹਨ, ਕਿਸੇ ਇਕ ਧਿਰ ਨੂੰ ਦੂਏ ਤੋਂ ਹਰਜਾ ਲੈਣ ਦਾ ਹੱਕ ਨਹੀਂ, ਖਾਸ ਕਰ ਉਸ ਵੇਲੇ ਕਿ ਜਦੋਂ ਧਾਵਾ ਗੁਰੂ ਜੀ ਪਰ ਕੀਤਾ ਗਿਆ ਹੈ, ਆਪ ਨੇ ਧਾਵਾ ਕਿਸੇ ਪਰ ਨਹੀਂ ਸੀ ਕੀਤਾ। ਪਾਤਸ਼ਾਹ ਨੇ ਗੁਰੂ ਜੀ ਦਾ ਪੱਖ ਸਹੀ ਮੰਨਿਆਂ ਹੈ ਤੇ ਕਾਜ਼ੀ ਨੂੰ ਸ਼ਰਾਰਤੀ ਜਾਣਕੇ ਉਸ ਦੀ ਬਦਲੀ ਕਰ ਦਿੱਤੀ ਹੈ। ਬਾਕੀ ਰਿਹਾ ਮੱਖੀਆਂ ਵਾਲਾ ਦ੍ਰਿਸ਼੍ਟਾਂਤ, ਦ੍ਰਿਸ਼੍ਟਾਂਤ ਦਾ ਇਕ ਅੰਗ ਲਈਦਾ ਹੈ, ਜੋ ਏਥੇ ਇਅ਼ਲਾਨ ਦੇ ਫਜ਼ੂਲ ਹੋਣ ਦਾ ਸੂਚਕ ਹੈ, ਦ੍ਰਿਸ਼੍ਟਾਂਤ ਕਵੀ ਜੀ ਦਾ ਅਪਣਾ ਹੈ। ਗੁਰੂ ਜੀ ਨੇ ਦ੍ਰਿਸ਼੍ਟਾਂਤ ਪ੍ਰਮਾਣ ਬਹੁਤ ਪ੍ਰਾਗੱਲਭ ਹੁੰਦੇ ਸੇ। ਇਸ ਕਥਾ ਦਾ ਹੋਰਥੋਂ ਸਬੂਤ ਕਿਤੋਂ ਕੋਈ ਨਹੀਂ ਮਿਲਦਾ।

[+]ਇਹ ਜੈ ਸਿੰਘ ਇਸੇ ਸਮੇਂ ਹੋਇਆ ਹੈ, ਇਹ ੧੭੫੫ ਬਿ: ਵਿੱਚ ਗੱਦੀ ਤੇ ਬੈਠਾ ਤੇ ੧੮੦੦ ਵਿਚ ਮੋਇਆ, ਦੇਖੋ ਰਾਸ ੧੦ ਅੰਸੂ ੩੨ ਅੰਕ ੧੫ ਦੀ ਹੇਠਲੀ ਟੂਕ।

ਸ਼੍ਰੀ ਮੁਖ ਕਰਿ ਬੂਝੇ ਤਿਹ ਸਮੈ।
'ਅਪਨਿ ਪ੍ਰਸੰਗ ਸੁਨਾਵਹੁ ਹਮੈਂ ॥੩੫॥
ਕਿਤਿਕ ਬਾਹਨੀ ਰਾਖਨ ਕੇਰਾ?
ਰਾਜ ਤੁਮਹੁ ਢਿਗ ਹੈ ਜੁ ਬਡੇਰਾ।'
ਸੁਨਿ ਰਾਜਨਿ ਕਰ ਜੋਰਿ ਉਚਾਰੇ।
'ਦੇਸ਼ ਬਟੋਰਨ ਕਰਹਿਂ ਜਿ ਸਾਰੇ ॥੩੬॥
ਸਵਾ ਲਾਖ ਘੋਰਾ ਹੁਇ ਜਾਇ।
ਸਭਿ ਕੋ ਖਰਚ ਚਲੈ ਸਮੁਦਾਇ।
ਧਨੀ ਤੇਗ਼ ਕੇ ਬਡ ਰਜਪੂਤ।
ਛਿਨ ਮਹਿਂ ਰਿਪੁ ਕੋ ਕਰਤਿ ਕਸੂਤ ॥੩੭॥
ਨਿਕਟ ਦੌਨ ਕੇ ਲਾਖ ਅਢਾਈ।
ਸੰਗ ਚਢਹਿਂ ਘੋਰਾ ਸਮੁਦਾਈ।'
ਸ਼੍ਰੀ ਮੁਖ ਤੇ ਤਿਨ ਪ੍ਰਤਿ ਫੁਰਮਾਯੋ।
'ਲਸ਼ਕਰ ਦੇਸ਼ ਅਹੈ ਅਧਿਕਾਯੋ ॥੩੮॥
ਤੇਜ ਬਿਸਾਲ ਸ਼ਸਤ੍ਰ ਬਢ ਧਾਰੀ।
ਬੁਰੀ ਬਾਰਤਾ ਏਕ ਤੁਮਾਰੀ।
ਗਊ ਕਸਾਈ ਕੇ ਕਰ ਦੇਤਿ।
ਧਰਮ ਬਿਨਾਸ਼ ਅਪਨਿ ਕਰਿ ਲੇਤਿ' ॥੩੯॥
ਨਰਪਤਿ ਸੁਨਿ ਗੁਰ ਤੇ ਬਿਸਮਾਏ।
ਚਿਤ ਮਹਿਂ ਚਿਤਵਤਿ -ਲਖ੍ਯੋ ਨ ਜਾਏ-।
'ਸਕਲ ਦੇਸ਼ ਕੇ ਵਿਚ ਕਿਸ ਥਾਂਈ।
ਬਸਨ ਨ ਦਏ ਕਸਾਬ ਕਦਾਈਂ ॥੪੦॥
ਜਹਿਂ ਲਗਿ ਹਮਰੀ ਪਾਰ ਬਸਾਇ।
ਪਿਖਹਿਂ ਕਸਾਬ ਤੁਰਤ ਬਿਨਸਾਇਂ।
ਕਿਸ ਤੇ ਆਪ ਸੁਨੀ ਫੁਰਮਾਵਉ।
ਜਿਸ ਤੇ ਦੇ ਉਪਦੇਸ਼ ਹਟਾਵਉਂ' ॥੪੧॥
ਸ਼੍ਰੀ ਮੁਖ ਤੇ ਫੁਰਮਾਯੋ ਭੇਤ।
'ਤਨੁਜਾ ਤੁਰਕਨ ਕੋ ਤੁਮ ਦੇਤਿ।
ਇਸ ਤੇ ਪਰੇ ਨ ਔਗੁਨ ਔਰ।
ਕਛਵਾਹੇ, ਹਾਂਡੇ, ਰਾਠੌਰ[1] ॥੪੨॥
ਇੱਤਜਾਦਿਕ ਤੁਮ ਨਾਮ ਕਹਾਵਹੁ।

---
[1]ਤਿੰਨੇ ਰਾਜਪੂਤਾਂ ਦੀਆਂ ਜਾਤਾਂ ਹਨ।

ਅਪਨੀ ਐਂਠ ਸੁਜਸੁ ਬਿਰਧਾਵਹੁ।
ਇਹ ਤੁਮ ਬਿਖੈ ਰੀਤਿ ਬਹੁ ਖੋਟੀ।
ਕਰਤਿ ਰਹੇ, ਕਿਨ ਪ੍ਰਥਮ ਨ ਹੋਟੀ ॥੪੩॥
ਆਗੇ ਕੋ ਚਹੀਅਹਿ ਤੁਮ ਐਸੇ।
ਤਨੁਜਾ ਤੁਰਕ ਨ ਦੀਜਹਿ ਕੈਸੇ।'
ਸੁਨਤਿ ਨਰਿੰਦਨਿ ਰਿਦੇ ਬਿਚਾਰੀ।
-ਗੁਰੂ ਉਪਦੇਸ਼ ਹਮਹੁੰ ਜਸੁ ਕਾਰੀ ॥੪੪॥
ਦੇਸ਼ ਬਿਦੇਸ਼ਨ ਮਹਿਂ ਅਪਕੀਰਤਿ।
ਸਭਿ ਰਜਪੂਤਨਿ ਕੀ ਬਿਸਤੀਰਤਿ-।
ਇੱਤਜਾਦਿਕ ਬਹੁ ਦੁਹਨ ਬਿਚਾਰੀ।
ਗੁਰ ਹਜ਼ੂਰ ਤਬਿ ਸਪਥ ਉਚਾਰੀ ॥੪੫॥
'ਜੋ ਰਜਪੂਤ ਬੀਜ ਸ਼ੁਭ ਹੋਇ।
ਤਨੁਜਾ ਤੁਰਕ ਨ ਦੈ ਹੈ ਕੋਇ।
ਸ਼੍ਰੀ ਗੁਰ! ਤੁਮਰੋ ਭਯੋ ਪਿਤਾਮਾ।
ਸੁਜਸੁ ਆਜ ਲਗਿ ਤਿਨ ਅਭਿਰਾਮਾ ॥੪੬॥
ਰਾਜੇ ਬਾਵਨ ਕੋ ਮੁਚਵਾਇ।
ਵਹਿਰ ਗ੍ਵਾਲਿਯਰ ਤੇ ਤਬਿ ਆਇ।
ਤੁਮ ਭੀ ਅਹੋ ਤਿਨਹੁੰ ਕੇ ਪੋਤੇ।
ਰਣ ਮਹਿਂ ਮਹਾਂ ਬੀਰ ਰਸ ਪੋਤੇ[1] ॥੪੭॥
ਸੁਨੇ ਜੰਗ ਰਾਵਰ ਕੇ ਭਾਰੇ।
ਕਰਜੋ ਸ਼ੋਕ ਤੁਰਕਾਨੇ ਸਾਰੇ।'
ਸ਼੍ਰੀ ਗੁਰ ਕ੍ਰਿਪਾ ਦ੍ਰਿਸ਼ਟਿ ਤਬਿ ਕੀਨਿ।
ਸਿਪਰ ਖੜਗ ਮੰਗਵਾਵਨਿ ਕੀਨਿ ॥੪੮॥
ਬਖਸ਼ੀ ਜੈ ਸਿੰਘ ਕੋ ਹਰਖਾਇ।
ਲੇ ਕਰ ਮਹਿਂ ਪਗ ਸੀਸ ਨਿਵਾਇ।
ਤਰਕਸ਼ ਧਨੁਖ ਦੇਖਿ ਕਰਿ ਪੀਨ।
ਨ੍ਰਿਪਤਿ ਅਜੀਤ ਸਿੰਘ ਕਹੁ ਦੀਨ ॥੪੯॥
ਗੁਰ ਤੇ ਲੇ ਬਖਸ਼ਿਸ਼ ਹਰਖਾਏ।
ਨਮੋ ਕਰੀ ਹੁਇ ਬਿਦਾ ਸਿਧਾਏ।

---

[1]ਬੀਰ ਰਸ ਨਾਲ ਭਰੇ ਹੋਏ [ਪੋਤੇ=ਪ੍ਰੋਤੇ]।
(ਅ) ਬੀਰ ਰਸ ਦੇ ਜਹਾਜ਼ ਹੋ।
[ਸੰਸ:, ਪੋਤ=ਜਹਾਜ]।

ਗਏ ਸਰਾਹਤਿ ਅਪਨੇ ਡੇਰੇ।
ਸ਼੍ਰੀ ਨਾਨਕ ਗਾਦੀ ਪਰ ਹੇਰੇ ॥੫੦॥
ਇਮ ਸ਼੍ਰੀ ਪ੍ਰਭੁ ਦਿਨ ਕਿਤਿਕ ਬਿਤਾਏ।
ਦਰਸਹਿ ਸੰਗਤਿ ਮਿਲਿ ਸਮੁਦਾਏ।
ਦਰਬ ਆਦਿ ਬਹੁ ਅਰਪਿ ਅਕੋਰ।
ਪੁਰਹਿਂ ਕਾਮਨਾ ਕੋ ਜਸ ਲੋਰਿ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਆਗਰੇ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

## ੪੯. [ਬਹਾਦਰਸ਼ਾਹ ਨੂੰ ਸੁਮਤ। ਸਿੱਖ ਸੁਤਾ ਦਾ ਧਰਮ ਰੱਖਯਾ]

੪੮<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੫੦

ਦੋਹਰਾ: ਨਾਮ ਜਵਾਹਰ ਸਿੰਘ ਜਿਸ, ਜੜੀਆ ਸਿਖ ਸੁਨਿਆਰ।
ਸੁਤਾ ਤਰੁਨ ਤਿਸ ਕੀ ਹੁਤੀ, ਸੁੰਦਰ ਬਹੁ ਸੁ ਕੁਮਾਰ ॥੧॥
ਚੌਪਈ: ਸੋ ਦਰਸ਼ਨ ਹਿਤ ਚਲਿ ਕਰਿ ਆਈ।
ਸੂਖਮ ਬਸਤ੍ਰ ਉਪਾਯਨ ਲਯਾਈ।
ਚਰਨ ਸਰੋਜਨ ਕੋ ਕਰਿ ਨਮੋ।
ਬੈਠੀ ਅਵਿਲੋਕਹਿ ਤਿਹ ਸਮੋ ॥੨॥
ਕੇਤਿਕ ਸਿੰਘ ਸਮੀਪ ਥਿਰੇ ਹੈਂ।
ਬਾਗ਼ ਵਿਖੇ ਤਰੁ ਚਾਰੁ ਤਰੇ ਹੈਂ[1]।
ਸ਼ਾਹ ਬਹਾਦਰ ਸਹਿਜ ਸੁਭਾਇ।
ਫਿਰਤਿ ਸੈਲ ਹਿਤ ਹੇਰਤਿ ਥਾਂਇ ॥੩॥
ਜਬਿ ਹੀ ਬਾਗ ਨਿਕਟ ਚਲਿ ਆਯੋ।
-ਇਹਾਂ ਗੁਰੂ ਥਿਰਹੈਂ- ਸੁਧਿ ਪਾਯੋ।
ਦਰਸ਼ਨ ਕਰਨ ਮਨੋਰਥ ਧਾਰਾ।
ਉਤਰਿ ਪ੍ਰਵੇਸ਼ਯੋ ਬਾਗ਼ ਮਝਾਰਾ ॥੪॥
ਫਰਸ਼ ਬਿਸਾਲ ਗੁਰੂ ਕਰਿਵਾਏ।
ਇਕਠੇ ਸਿੰਘ ਭਏ ਸਮੁਦਾਏ।
ਤਤਛਿਨ ਆਨਿ ਬੰਦਨਾ ਕੀਨਿ।
ਪ੍ਰਭੂ ਬਿਠਾਯੋ ਆਦਰ ਦੀਨ ॥੫॥
ਜਥਾ ਜੋਗ ਸਭਿ ਲੋਕ ਖਰੇ ਹੈਂ।
ਗੁਰੂ ਸ਼ਾਹੁ ਕੋ ਪਿਖਨਿ ਕਰੇ ਹੈਂ।
ਸਿਖ ਕੀ ਤਨੁਜਾ ਢਿਗ ਥਿਰ ਰਹੀ।
ਉਠਿ ਗੁਰੂ ਇਤ ਉਤ ਕਿਤ ਗੀ ਨਹੀਂ ॥੬॥
ਸ਼ਾਹੁ ਬਹਾਦਰ ਜਬਹਿ ਬਿਲੋਕੀ।
ਸੁੰਦਰ ਰੂਪ ਚਾਹਿ ਬਿਸ਼ਿਯੋਂ ਕੀ।
ਭਯੋ ਲੁਭਾਇਮਾਨ ਤਤਕਾਲਾ।
ਦੇਖਿ ਚਕੋਰ ਚੰਦ ਕੀ ਢਾਲਾ ॥੭॥
ਗੁਰ ਤੇ ਸ਼ੰਕ ਰਹਯੋ ਬਹੁਤੇਰਾ।
ਬਯੋ ਬਿਬਸ ਮਨ ਫਿਰਯੋ ਨ ਫੇਰਾ।
ਲਾਲਚ ਲਗਯੋ ਪਿਖਨਿ ਕੇ ਕਾਰਨ।

---

[1] ਸੁੰਦਰ ਬ੍ਰਿੱਛ ਦੇ ਹੇਠਾਂ।

ਕਰੈ ਬਾਤ ਬਹੁ ਭਾਂਤਿ ਉਚਾਰਨ ॥੮॥
ਬੂਝਨਿ ਲਗਯੋ 'ਹਮਾਰੇ ਮਤ ਮੈਂ।
ਕਲਮਾ ਪਢਤਿ ਜੁ ਕਰਿ ਹਿਤ ਚਿਤ ਮੈਂ।
ਸੋ ਦੋਜ਼ਕ ਮੈਂ ਪਰਤ ਨ ਕੋਈ।
ਜਾਤਿ ਭਿਸਤ ਸੁਖ ਭੋਗੇ ਸੋਈ' ॥੯॥
ਸੁਨਿ ਗੁਰ ਕਹਯੋ 'ਨ ਇਮ ਬਨਿ ਆਵੈ।
ਜਥਾ ਕਰਮ ਕਰਿ ਤਥਾ ਸੁ ਪਾਵੈ।
ਕਲਮਾ ਪਢਹਿ ਕਮਾਵੈ ਖੋਟ।
ਤਿਸ ਕੋ ਸੰਕਟ ਨਰਕ ਨ ਛੋਟ[1] ॥੧੦॥
ਭੋਗਹਿ ਕਸ਼ਟ ਅਨੇਕ ਪ੍ਰਕਾਰ।
ਨਹਿਂ ਕਲਮਾ ਤਿਹ ਲੇਤਿ ਉਬਾਰ।'
ਕਹੈ ਬਹਾਦਰ ਸ਼ਾਹ 'ਹਮਾਰੇ।
ਕਲਮਾ ਕਰਹਿ ਉਧਾਰ ਉਚਾਰੇ[2] ॥੧੧॥
ਝੂਠ ਕਹਯੋ ਕੈ ਸਾਚ ਬਖਾਨਾ।
ਕਿਮ ਹਮ ਪਤਾ ਲੇਹਿਂ ਮਨ ਜਾਨਾ।
ਜਾਨੇ ਬਿਨਾ ਪ੍ਰਤੀਤ ਨ ਆਵੈ।
ਲਿਖੀ ਸਾਚ ਹੀ ਹੁਇ, ਮਨ ਭਾਵੈ' ॥੧੨॥
ਕੋਸ਼ਪ ਸ੍ਰੀ ਗੁਰੂ ਤਬੈ ਹਕਾਰਾ।
ਨਿਕਟਿ ਨਿਹਾਰਯੋ ਤਾਂਹਿ ਉਚਾਰਾ।
'ਏਕ ਰਜਤਪਣ ਕੋਸ਼ ਧਰਯੋ ਹੈ।
ਜਿਸ ਪਰ ਕਲਮਾ ਸੰਨ ਪਰਯੋ ਹੈ[3] ॥੧੩॥
ਤਿਸ ਕੋ ਲੇ ਕਰਿ ਹਾਥ ਸਿਧਾਵਹੁ।
ਟਕੇ ਬਜ਼ਾਰ ਬਿਖੈ ਤੇ ਲਯਾਵਹੁ।
ਬੈਠਯੋ ਸ਼ਾਹੁ ਸ਼ੀਘ੍ਰ ਤੂੰ ਜਾਉ।
ਹਮਰੇ ਨਿਕਟ ਅਬੈ ਲੈ ਆਉ' ॥੧੪॥
ਗੁਰ ਆਇਸ ਤੇ ਕੋਸ਼ਪ ਗਯੋ।
ਬੀਚ ਬਜ਼ਾਰ ਰਜਤਪਣ ਦਯੋ।
'ਇਸ ਕੇ ਟਕੇ ਦੇਹੁ ਗਿਨਿ ਮੋਹੀ।

---

[1]ਨਰਕ ਦੇ ਸੰਕਟਾਂ ਦੀ ਛੋਟ ਨਹੀਂ ਹੁੰਦੀ।
[2]ਕਲਮਾ ਉਚਾਰ ਕੀਤਾ ਸਾਡਾ ਉੱਧਾਰ ਕਰਦਾ ਹੈ (ਅ) ਸਾਡਾ (ਪੈਕੰਬਰ) ਉਚਾਰਦਾ ਹੈ ਕਿ ਕਲਮਾ ਉਧਾਰ ਕਰਦਾ ਹੈ।
[3]ਭਾਵ ਕਲਮਾ ਤੇ (ਹਿਜਰੀ) ਸੰਮਤ ਜਿਸ ਉਤੇ ਲਿਖਿਆ ਹੈ।

ਜੇਤਿਕ ਭਾਉ[1] ਬਿਕਤ ਇਤ ਹੋਹੀ' ॥੧੫॥
ਪਿਖਿ ਸਰਾਫ ਨੇ ਦੀਯੋ ਬਗਾਈ।
'ਇਹ ਖੋਟੋ ਨਹਿਂ ਚਲਹਿ ਇਥਾਂਈਂ।'
ਚਾਰ ਪਾਂਚ ਹਾਟਨ ਪਰ ਫਿਰਜੋ।
ਨਹਿਂ ਸਰਾਫ ਕਿਨ ਕਰ ਮਹਿਂ ਧਰਜੋ ॥੧੬॥
ਹਟਿ ਕਰਿ ਗੁਰ ਢਿਗ ਆਨਿ ਸੁਨਾਈ।
'ਇਸੇ ਸਰਾਫ ਨ ਲੇਤਿ ਕਦਾਈਂ।
ਖੋਟੇ ਕੋ ਬਿਲੋਕਿ ਤਤਕਾਲਾ।
ਰਿਸ ਕੋ ਧਰਤਿ ਹਾਥ ਤੇ ਡਾਲਾ ॥੧੭॥
ਟਕੇ ਦੇਨ ਤੌਂ ਕਿਤਹੂੰ ਰਹੇ।
ਝਿਰਕਿ ਹਟਾਵਤਿ ਦੁਰਬਚ ਕਹੇ।'
ਸੁਨਿ ਕੋਸ਼ਪ ਤੇ ਲੇ ਕਰਿ ਹਾਥ।
ਬੋਲੇ ਗੁਰ 'ਸੁਨਿ ਦਿੱਲੀ ਨਾਥ! ॥੧੮॥
ਜਿਨ ਕੋ ਮਤ -ਕਲਮੇ ਤੇ ਭਿਸਤ[2]।
ਤਿਨ ਕੋ ਰਾਜ ਨ ਕਹੂੰ ਸ਼ਿਕਸਤ[3]।
ਪੁਨ ਨਿਰਨੈ ਕਰਿ ਲੇਹੁ ਨਿਹਾਰ।
ਤੋਹਿ ਨਿਕਟ ਹੈ ਤੋਹਿ ਬਜ਼ਾਰ ॥੧੯॥
ਊਪਰ ਕਲਮਾ ਕਿਹ ਨ ਬਿਚਾਰਜੋ।
ਅੰਤਰ ਖੋਟੋ ਸਕਲ ਨਿਹਾਰਜੋ।
ਕਿਨਹੁੰ ਨ ਕੀਨਸਿ ਅੰਗੀਕਾਰ।
ਖੋਟਾ ਦੇਖਤਿ ਦੇਂ ਕਰ ਡਾਰਿ ॥੨੦॥
ਜਹਿਂ ਤੁਰਕਨਿ ਕੋ ਰਾਜ ਤਪੰਤਾ।
ਤਹਾਂ ਨ ਕਲਮਾ ਰੱਛ ਕਰੰਤਾ।
ਜਿਹ ਠਾਂ ਅਵਰ ਨਜਾਂਵ ਕੇ ਕਰਤਾ।
ਭਲੇ ਬੁਰੇ ਕੋ ਨਿਰਨੈ ਧਰਤਾ ॥੨੧॥
ਤਹਿ ਕਲਮਾ ਕਿਮ ਕਰੈ ਸਹਾਇ।
ਦੇਂ ਖੋਟੇ ਕੋ ਭਿਸਤ ਪੁਚਾਇ?
ਜਹਿਂ ਪਰਮੇਸ਼ੁਰ ਕੀ ਦਰਗਾਹ।
ਜਥਾ ਜੋਗ ਪਿਖਿਯਤਿ ਹੈ ਤਾਂਹਿ ॥੨੨॥

---

[1]ਕੀਮਤ।
[2]ਭਾਵ ਕਲਮੇ ਨਾਲ ਬਹਿਸ਼ਤ ਮਿਲਦਾ ਹੈ।
[3]ਤਿੰਨਾਂ ਦਾ ਰਾਜ ਕਿਧਰੇ ਟੁੱਟਾ ਨਹੀਂ (ਭਾਵ ਕਾਇਮ ਹੈ ਰਾਜ)।

ਨਰ ਤਨ ਧਾਰਿ ਕਰਤਿ ਹੈਂ ਜਥਾ।
ਬਿਦਤ ਸ਼ੁਭਾਸ਼ੁਭ ਹੁਇ ਤਹਿਂ ਤਥਾ।
ਦੁਖ ਸੁਖ ਭੋਗੇ ਕ੍ਰਿਤ ਅਨੁਸਾਰੀ।
ਕੂਰੇ ਬੇਖ ਊਪਰੇ ਧਾਰੀ ॥੨੩॥
ਤਿਸ ਤੇ ਨਹਿਂ ਸਹਾਇਤਾ ਹੋਇ।
ਕਰਹਿ ਕ੍ਰਿੱਤ ਨਰ ਭੁਗਤੈ ਸੋਇ।
ਪਿਖਜੋ ਪ੍ਰਤੱਖ ਇਹਾਂ ਤੁਮ ਜਥਾ।
ਪ੍ਰਭੁ ਦਰਗਾਹ ਨਜਾਂਵ ਹੈ ਤਥਾ ॥੨੪॥
ਅੰਤਰ ਸ਼ੁੱਧ ਭਏ ਛੁਟਿ ਜੈ ਹੈ।
ਅੰਤਰ ਖੋਟ ਮਹਾਂ ਦੁਖ ਪੈ ਹੈ।
ਵਹਿਰ ਬੇਖ ਮਾਨਹਿ ਕੋ ਨਾਂਹੀ।
ਕਰਮ ਸ਼ੁਭਾਸ਼ੁਭ ਮਿਟਹਿਂ ਨ ਕਾਹੀ' ॥੨੫॥
ਸੁਨਿ ਕੈ ਸ਼ਾਹੁ ਬਹਾਦਰ ਮੌਨ।
ਦ੍ਰਿਗ ਲਗਿ ਰਹੇ ਦਿਸ਼ਾ ਤ੍ਰਿਯ ਤੌਨ।
ਅਪਰ ਪ੍ਰਸੰਗ ਏਕ ਦੁਇ ਕਹੇ।
ਉੱਤਰ ਉਚਿਤ ਗੁਰੂ ਤੇ ਲਹੇ ॥੨੬॥
ਢਿਗ ਬੈਠਨ ਕਾਰਨ ਚਿਰ ਕਾਲ।
ਕਰਹਿ ਬਾਰਤਾ ਕਿਸ ਕਿਸ ਖਯਾਲ।
ਚਿਤ ਕੀ ਗਤਿ ਸਤਿਗੁਰ ਨੇ ਜਾਨੀ।
ਸ਼ਾਹ ਬਹਾਦਰ ਸਾਥ ਬਖਾਨੀ ॥੨੭॥
'ਚਿਤ ਤੇਰੋ ਤ੍ਰਿਯ ਪਰ ਬਿਰਮਾਯੋ।
ਜੋ ਚਾਹਤਿ, ਦਿਹੁ ਸਾਚੁ ਬਤਾਯੋ।
ਕਪਟ ਨ ਧਰਹੁ ਸਮੀਪ ਹਮਾਰੀ।
ਜਿਮ ਉਰ ਮਹਿਂ ਤਿਮ ਦੇਹੁ ਉਚਾਰੀ' ॥੨੮॥
ਡਰਤਿ ਸ਼ਾਹੁ ਕਰ ਜੋਰਿ ਬਖਾਨੀ।
'ਸ਼੍ਰੀ ਗੁਰੁ ਤੁਮ ਤੇ ਕਛੂ ਨ ਛਾਨੀ।
ਸਭਿ ਘਟਿ ਘਟਿ ਕੀ ਜਾਣਨਹਾਰੇ।
ਕਰਹਿ ਦੁਰਾਉ ਸੇ ਮੂਢ ਬਿਚਾਰੇ ॥੨੯॥
ਹੇਰਤਿ ਹੀ ਬਿਰਮਯੋ ਮਨ ਮੋਰਾ।
ਤਬਿ ਤੇ ਲਾਗੇ ਦ੍ਰਿਗ ਇਸ ਓਰਾ।'
ਸੁਨਤਿ ਸਾਚ ਕੋ ਗੁਰੂ ਉਚਾਰਾ।
'ਜੇ ਲੋਭਯੋ ਮਨ ਏਵ ਤੁਹਾਰਾ ॥੩੦॥

ਸੰਝ ਸਮੈਂ ਹਮ ਦੇਹਿਂ ਪੁਚਾਈ।
ਪੁਰਹੁ ਕਾਮਨਾ ਅਪਨਿ ਸਥਾਈਂ।'
ਹਰਖਤਿ ਸ਼ਾਹੁ ਉਠਯੋ ਕਰਿ ਨਮੋ।
ਪਹੁੰਚਯੋ ਜਾਇ ਪ੍ਰਤੀਖਤਿ ਸਮੋ ॥੩੧॥
ਸਿਖ ਕੀ ਸੁਤਾ ਬੰਦਿ ਕਰਿ ਹਾਥ।
'ਸ਼੍ਰੀ ਪ੍ਰਭੁ ! ਕਹਾਂ ਕਰੀ ਮੁਝ ਸਾਥ।
ਧਰਮ ਉਬਾਰਨ ਹਿਤ ਤੁਮ ਧਯਾਵੈਂ।
ਅਨਿਕ ਬਿਘਨ ਤੇ ਜਨਨਿ ਬਚਾਵੈਂ ॥੩੨॥
ਮੇਰੋ ਧਰਮ ਆਪ ਕਯੋਂ ਨਾਸ਼ਾ।
ਤੁਰਕ ਸੰਗ ਹੁਇ ਮੇਲ, ਪ੍ਰਕਾਸ਼ਾ।
ਮਹਾਂ ਚਿੰਤ ਉਪਜੀ ਚਿਤ ਮਾਂਹੀ।
ਗੁਰ ਕੇ ਕਹੇ ਜਾਉਂ ਜੇ ਨਾਂਹੀ ॥੩੩॥
ਮਹਾਂ ਦੋਸ਼ ਮੇਰੇ ਸਿਰ ਸੋਇ।
ਜਾਉਂ ਜਿ, ਧਰਮ ਬਿਨਾਸ਼ੀ ਹੋਇ।'
ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਨੇ।
'ਸਾਧ ਸਾਧ' ਤਿਹ ਸਾਥ ਬਖਾਨੇ ॥੩੪॥
'ਗਮਨਹੁ ਤਿਹ ਠਾਂ ਕਹੇ ਹਮਾਰੇ।
ਤੋਹਿ ਧਰਮ ਕੇ ਹਮ ਰਖਵਾਰੇ।'
ਸ਼ਾਹੁ ਏਕ ਨਰ ਤਯਾਗ ਸੁ ਗਯੋ।
ਏਕ ਸਿੱਖ ਸ਼੍ਰੀ ਗੁਰ ਸੰਗ ਦਯੋ ॥੩੫॥
ਦੋਨਹੁੰ ਕੇ ਮਧ ਹ੍ਵੈ ਕਰਿ ਚਲੀ।
ਗੁਰੂ ਬਾਕ ਤੇ ਕਯੋਂਹੁੰ ਨ ਟਲੀ।
ਆਗੇ ਸ਼ਾਹੁ ਪ੍ਰਤੀਖਤਿ ਬੈਸਾ।
ਲਗੇ ਘਾਵ ਪੀੜਤਿ ਹ੍ਵੈ ਜੈਸਾ ॥੩੬॥
ਦਿਖੀ ਦੂਰ ਤੇ ਆਵਤਿ ਸੋਊ।
ਦੋਨਹੁੰ ਦਿਸ਼ਿ ਮਹਿਂ ਕੇਹਰਿ ਦੋਊ।
ਪਕਰੇ ਕਾਨ ਦੁਹਨ ਕੇ ਆਵਤਿ।
ਸ਼ਾਹ ਬਹਾਦਰ ਦਿਖਿ ਭੈ ਪਾਵਤਿ ॥੩੭॥
ਏ ਬਡ ਜ਼ਾਲਮ ਤ੍ਰਿਯਾ ਨਿਹਾਰੀ।
ਪਹੁੰਚਹਿ ਨਿਕਟ ਦੇਹਿ ਮੁਝ ਮਾਰੀ।
ਜਯੋਂ ਜਯੋ ਨਿਕਟ ਆਇ ਡਰ ਧਾਰਤਿ।

ਦੇਤਿ ਨਰਨ ਕੋ ਹਾਥ ਇਸ਼ਾਰਤ* ॥੩੮॥
'ਸ਼ੀਘ੍ਰ ਜਾਹੁ ਇਸ ਲੇ ਪਸ਼ਚਾਤੀ।
ਦੀਰਘ ਕ੍ਰੂਰਾ ਮੈਂ ਇਹ ਜਾਤੀ[1]।
ਦੂਤ ਸ਼ਾਹੁ ਕੋ ਅਰੁ ਸਿਖ ਦੋਊ।
ਸ਼ਾਹੁ ਇਸ਼ਾਰਤ ਕੋ ਲਖਿ ਸੋਊ ॥੩੯॥
ਤਤਛਿਨ ਪੀਛੇ ਦਈ ਹਟਾਇ।
ਪਹੁੰਚੀ ਸ਼ੀਘ੍ਰ ਗੁਰੂ ਢਿਗ ਆਇ।
'ਧੰਨ ਧੰਨ' ਕਹਿ ਪਾਇੰਨਿ ਪਰੀ।
'ਮਹਾਂ ਪਾਪ ਤੇ ਰੱਛਾ ਕਰੀ' ॥੪੦॥
ਲੇ ਆਇਸੁ ਨਿਜ ਸਦਨ ਸਿਧਾਈ।
ਗੁਰ ਮਹਿਮਾ ਕੋ ਜਹਿਂ ਕਹਿਂ ਗਾਈ।
ਸੁੰਦਰ ਉਪਬਨ ਮਹਿਂ ਗੁਰ ਥਿਰੇ।

---

*ਇਹ ਕਥਾ ਬੀ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰਬਿਲਾਸ ਵਿਚ ਨਹੀਂ ਹੈ ਤੇ ਮਗਰਲੀ ਲਿਖੀ ਸੌ ਸਾਖੀ ਵਿਚ ਬੀ ਨਹੀਂ ਹੈ। ਕਵੀ ਜੀ ਨੇ ਇਹ ਐਵੇਂ ਕੋਈ ਸੁਣੀ ਸੁਣਾਈ ਲਿਖੀ ਹੈ ਤੇ ਉਨ੍ਹਾਂ ਤਕ ਇਕ ਹੋਰ ਰੂਪ ਲੈ ਕੇ ਅੱਪੜੀ ਸਾਫ ਦਿੱਸ ਰਹੀ ਹੈ। ਪਿੱਛੇ ਅੰਸੂ ੮੪ ਦੇ ਅੰਕ ੩੯ ਤੋਂ ੫੦ ਵਿਚ ਕਵੀ ਜੀ ਦਸਦੇ ਹਨ ਕਿ ਰਾਜਾ ਜੈ ਸਿੰਘ ਸਵਾਈ ਤੇ ਅਜੀਤ ਸਿੰਘ ਨੂੰ ਗੁਰੂ ਜੀ ਕਹਿ ਰਹੇ ਹਨ ਕਿ ਤੁਸੀਂ ਗਊਆਂ ਕਸਾਈਆਂ ਨੂੰ ਦੇਂਦੇ ਹੋ। ਉਨ੍ਹਾਂ ਦੇ ਪੁੱਛਣ ਤੇ ਅਰਥ ਦੱਸਦੇ ਹਨ ਕਿ ਤੁਸੀਂ ਧੀਆਂ ਤੁਰਕ ਪਾਤਸ਼ਾਹਾਂ ਨੂੰ ਦੇਂਦੇ ਹੋ। ਜਦ ਹਿੰਦੂ ਲੜਕੀ ਦਾ ਪਾਤਸ਼ਾਹਾਂ ਦੇ ਸਰਮਪਨ ਹੋਣਾ ਕਸਾਈ ਨੂੰ ਗਊ ਦੇਣ ਤੁੱਲ ਹੈ; ਤਾਂ ਕਦੇ ਹੋ ਸਕਦਾ ਹੈ ਕਿ ਗੁਰੂ ਜੀ ਕਿਸੇ ਸਿੱਖ ਲੜਕੇ ਨੂੰ ਆਖਣ ਕਿ ਤੂੰ ਪਾਤਸ਼ਾਹ ਪਾਸ ਚਲੀ ਜਾਹ, ਚਾਹੇ ਆਪ ਨਾਲ ਇਹ ਬੀ ਕਹਿਣ ਕਿ ਅਸੀਂ ਤੇਰੀ ਰੱਖਯਾ ਕਰਾਂਗੇ। ਜਿਸ ਗੁਰੂ ਜੀ ਨੇ ਸਰਸੇ ਵਿਚ ਆਪਣੇ ਨਾਲ ਥੋੜੀ ਜਮੀਅਤ ਦੇ ਹੁੰਦਿਆਂ ਬੀ ਖੁਡਾਲੇ ਦੇ ਨਵਾਬ ਦੇ ਕੈਦਖਾਨੇ ਨੂੰ ਤੋੜਕੇ ਸਿਖ ਨੂੰ ਕੱਢਿਆ ਕਿ ਜੋ ਆਪਣੀ ਲੜਕੀ ਤੁਰਕ ਹਾਕਮ ਨੂੰ ਦੇਣੋ ਨਾਂਹ ਕਰ ਰਿਹਾ ਸੀ ਤੇ ਗੁਰੂ ਜੀ ਨੇ ਉਸ ਹਾਕਮ ਦੀ ਹੋਸ਼ ਟਿਕਾਣੇ ਕੀਤੀ ਤੇ ਸਿੱਖ ਨੂੰ ਨਿਵਾਜਿਆ, ਅਤੇ ਸੰਗਤ ਨੇ ਜੋ ਸਿੱਖ ਦੀ ਲੜਕੀ ਛਿਪਾਉਣ ਵਿਚ ਸਹਾਇਤਾ ਕੀਤੀ ਸੀ ਉਸ ਪਰ ਸ਼ਾਬਾਸ ਦਿੱਤੀ ਸੀ, ਕਦੇ ਹੋ ਸਕਦਾ ਹੈ ਕਿ ਉਹ ਅਣਖਾਂ ਦਾ ਸਰਦਾਰ ਆਪਣੇ ਮੂੰਹੋਂ ਕਹਿ ਸਕੇ ਕਿ 'ਅੱਛਾ ਲੜਕੀ ਤੁਮ ਜਾਓ'। ਜੋ ਜੋਗਾ ਸਿੰਘ ਨੂੰ ਦਿਲ ਡੋਲਣ ਵੇਲੇ ਸੰਭਾਲਦਾ ਹੈ, ਖਤਰੇ ਵਾਲੇ ਰਸਤੇ ਕਿਸੇ ਨੂੰ ਕਦਮ ਧਰਨ ਵਾਸਤੇ ਪ੍ਰੀਖਯਾ ਮਾਤ੍ਰ ਲਈ ਵੀ ਨਹੀਂ ਕਹਿ ਸਕਦਾ। ਜੇ ਕੋਈ ਗੱਲ ਐਸੀ ਹੋਈ ਹੈ ਤਾਂ ਕਥਾ ਮੁੱਢ ਵਿਚ ਇੰਨੀ ਭਾਵੇਂ ਹੋਵੇ ਕਿ ਪਾਤਸ਼ਾਹ ਦਾ ਦਿਲ ਡੋਲਿਆ, ਗੁਰੂ ਜੀ ਨੇ ਤਾੜ ਲਿਆ, ਆਪਣੀ ਆਤਮ ਸੱਤਯਾ ਨਾਲ ਲੜਕੀ ਦੁਆਲੇ ਸ਼ੇਰਾਂ ਦੇ ਪਹਿਰੇ ਪਾਤਸ਼ਾਹ ਨੂੰ ਦਿਖਾਏ, ਜਿਸ ਤੋਂ ਉਸ ਨੂੰ ਜਣਾ ਦਿੱਤਾ ਕਿ ਮੰਦੀ ਨਜ਼ਰ ਕਰਨ ਨਾਲ ਉਸ ਦੇ ਫਲ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਕਿਤਨਾ ਭਿਆਨਕ ਹੈ। ਸ਼ੇਰਾਂ ਦੀ ਦਿਖਾਲੀ ਸੂਚਕ ਹੈ ਉਸ ਭਯਾਨਕਤਾ ਦੀ ਕਿ ਜੋ ਇਖਲਾਕ ਤੋਂ ਗਿਰ ਕੇ ਕੰਮ ਕੀਤਿਆਂ ਲੋਕ ਪ੍ਰਲੋਕ ਵਿਚ ਵਾਪਰਦੀ ਹੈ। ਬਹਾਦਰਸ਼ਾਹ ਦੀ ਉਮਰ ਵੱਲ ਵੀ ਖਿਆਲ ਕਰ ਲੈਣਾ ਚਾਹੀਦਾ ਹੈ ਜੋ ਇਸ ਵੇਲੇ ੬੫ ਸਾਲ ਦੀ ਸੀ ਤੇ ਰਾਜ ਨਵਾਂ ਸੀ ਤੇ ਗੁਰੂ ਜੀ ਦਾ ਕ੍ਰਿਤਗਯ ਸੀ, ਤੇ ਉਨ੍ਹਾਂ ਨੂੰ ਦੀਨ ਦੇ ਬਜ਼ੁਰਗ ਮੰਨਦਾ ਸੀ, ਜਿਨ੍ਹਾਂ ਪਾਸ ਆਪਣੇ ਇਖ਼ਲਾਕ ਨੂੰ ਐਡਾ ਨੀਵਾਂ ਜ਼ਾਹਰ ਕਰਦਿਆ ਜ਼ਿੰਮੇਵਾਰ ਆਦਮੀ ਨੂੰ ਸ਼ਰਮ ਹੀ ਖਾ ਜਾਂਦੀ ਹੈ। ਪਿਛਲੇ ਅੰਸੂ ੪੮ ਦੇ ਅੰਤ ੩੦ ਤੋਂ ੩੨ ਵਿਚ ਕਵੀ ਜੀ ਦੱਸਦੇ ਹਨ ਕਿ ਪਾਤਸ਼ਾਹ ਨੇ ਗੁਰੂ ਜੀ ਬਾਬਤ ਏਹ ਲਫਜ਼ ਆਖੇ:-
"ਜਾਤਿ ਇਲਾਹੀ ਫਕਰ ਬਿਲੰਦੇ। ...... ਜਿਨ ਆਗੈ ਕਰ ਜੋਰਨ ਬਨੈ।
..... ਗੁਰ ਕੋ ਜਾਨਹੋ ਪੀਰਨ ਪੀਰਾ ॥" ਕਦੇ ਹੋ ਸਕਦਾ ਹੈ ਕਿ ਏਹ ਨੇਸ਼ਟਾ ਰੱਖਣ ਵਾਲਾ ਆਪਣੇ ਬਜ਼ੁਰਗ ਤੋਂ ਮੰਦੇ ਕਰਮ ਲਈ ਇਕ ਲੜਾਕੀ ਦੀ ਮੰਗ ਕਰੇ।

[1]ਭਯਾਨਕ (ਇਸਤ੍ਰੀ) ਮੈਂ ਇਹ ਜਾਣੀ ਹੈ।

ਅਨਿਕ ਬਿਲਾਸ ਅਨੰਦ ਸੋਂ ਕਰੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

## ੫੦. [ਤੀਰ ਚਲਾਉਣਾ। ਬਹਾਦਰ ਸ਼ਾਹ ਨਾਲ ਸ਼ੇਰ ਸ਼ਿਕਾਰ। ਰੋਸ਼ਨ ਸਿੰਘ]

੪੯<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>੫੧

ਦੋਹਰਾ: ਦਿਨ ਪੁਸ਼ਕਰ ਇਸ਼ਨਾਨ ਕੋ,
ਗਏ ਲੋਕ ਸਮੁਦਾਇ।
ਤਬੈ ਖਾਨ ਖਾਨਾ ਗਯੋ, ਸ਼ਾਹ ਬਹਾਦੁਰ ਥਾਇ[1] ॥੧॥
ਚੌਪਈ: ਤਸਲੀਮਾਤ ਕਰੀ ਥਿਰ ਭਯੋ।
ਸ਼ਾਹਬਹਾਦੁਰ ਬੂਝਨਿ ਕਯੋ।
'ਬਹੁ ਨਰ ਆਇਸੁ ਲੇ ਕਰਿ ਗਏ।
ਤੀਰਥ ਮੱਜਨ ਚਾਹਤਿ ਭਏ ॥੨॥
ਸਤਿਗੁਰ ਤਹਿਂ ਕੋ ਗਏ ਕਿ ਨਾਂਹੀ?
ਗਮਨਹਿਂ ਜੇ ਚਾਹਤਿ ਚਿਤ ਮਾਂਹੀ।'
ਕਹੈ ਖਾਨਖਾਨਾ 'ਮੈਂ ਹੇਰੇ।
ਰਹੇ ਗੁਰੂ ਜੀ ਅਪਨੇ ਡੇਰੇ ॥੩॥
ਤੁਮਰੀ ਦਿਸ਼ਿ ਤੇ ਜਾਇ ਸੁਨਾਵੌਂ।
ਜਥਾ ਮਨੋਰਥ, ਆਨਿ ਬਤਾਵੌਂ।'
ਤਬਿ ਚਲਿ ਕੈ ਪ੍ਰਭੁ ਕੇ ਢਿਗ ਆਯੋ।
ਕਹ੍ਯੋ ਸ਼ਾਹੁ ਕੋ ਸਕਲ ਸੁਨਾਯੋ ॥੪॥
ਸਾਹਿਬ ਸ਼੍ਰੀ ਮੁਖ ਤੇ ਤਬਿ ਕਹੈਂ।
'ਸੋ ਤੀਰਥ ਹਿੰਦੁਨਿ ਕੇ ਅਹੈਂ।
ਤਹਾਂ ਜਾਨਿ ਕਜਾ ਕਾਮ ਹਮਾਰੋ।'
ਸੁਨਿ ਇਮ ਹਜ਼ਰਤ ਨਿਕਟ ਸਿਧਾਰੋ ॥੫॥
ਗੁਰ ਕੀ ਕਹਿਵਤਿ ਸਕਲ ਸੁਨਾਈ।
ਸੰਸੈ ਭਯੋ ਸ਼ਾਹੁ ਕੇ ਆਈ।
ਦਿਵਸ ਆਗਲੇ ਪ੍ਰਭੂ ਬੁਲਾਏ।
ਚੰਦਨ ਚੌਂਕੀ ਪਰ ਬਿਠਵਾਏ ॥੬॥
ਬੰਦਨ ਕਰੀ ਪ੍ਰਸੰਗ ਚਲਾਯੋ।
'ਰਾਹ ਦੋਇ[2], ਕੋ[3] ਤੁਮ ਕੋ ਭਾਯੋ।
ਕਿਸ ਮਗ ਕੋ[4] ਇਤਕਾਦ[5] ਰਖੰਤੇ।

---

[1]ਖਾਨ ਖਾਨਾ ਬਹਾਦਰ ਸ਼ਾਹ ਪਾਸ ਗਿਆ।
[2]ਦੋ ਹਨ।
[3]ਕੇਹੜਾ।
[4]ਕਿਸ ਪੰਥ ਤੇ।
[5]ਨਿਸ਼ਚਾ [ਅ਼:, ਏਅ਼ਤਕਾਦ]।

ਹਿੰਦੁ ਕਿ ਤੁਰਤ ਜਥਾ ਬਰਤੰਤੇ' ॥੭॥
ਸੁਨਿ ਸਾਹਿਬ ਸ਼੍ਰੀ ਮੁਖ ਫੁਰਮਾਏ।
'ਹਿੰਦੂ ਤੁਰਕ ਚਲਤ ਜਿਸ ਭਾਏ।
ਖੈਰ ਖਾਹ ਹਮ ਦੋਨਹੁੰ ਕੇਰ।
ਦੇਂ ਉਪਦੇਸ਼ ਜਥਾ ਹਿਤ ਹੇਰਿ*' ॥੮॥
ਬਹੁਰ ਬਹਾਦੁਰ ਸ਼ਾਹ ਬਖਾਨਾ।
'ਏਕ ਖ਼ੁਦਾਇ ਏਕ ਈਮਾਨਾ[੧]।
ਕਿਸ ਕੀ ਦਿਸ਼ਿ ਹੈ ਰਿਦਾ ਤੁਮਾਰਾ?
ਏ ਸਭਿ ਨਿਰਨੈ ਕਰਹੁ ਉਚਾਰਾ' ॥੯॥
ਸੁਨਿ ਕਰਿ ਤਾਂਹਿ ਗੁਰੂ ਮੁਸਕਾਏ।
'ਤੀਨ ਖ਼ੁਦਾਇ ਅਹੈਂ' ਫੁਰਮਾਏ।
ਕਹੈ ਸ਼ਾਹੁ 'ਇਹ ਕਹਾਂ ਬਖਾਨਾ?
ਐਸੀ ਬਾਤਨਿ ਕਹੈ ਨ ਦਾਨਾ[੨] ॥੧੦॥
ਇਕ ਖ਼ੁਦਾਇ ਸਭਿ ਹੀ ਤੇ ਸੁਨਜੋਂ।
ਬੇਦ ਕੁਰਾਨ ਕਿਤਾਬਨਿ ਭਨਜੋਂ।'
ਸੁਨਿ ਕੈ ਪੁਨ ਪ੍ਰਭੁ ਨੇ ਸਮੁਝਾਯੋ।
'ਏਕ ਖ਼ੁਦਾਇ ਇਮਾਨਿਕ ਗਾਯੋ[੩] ॥੧੧॥
ਹੋਇ ਤੁਰਕ ਜੋ ਤੁਮਹੁੰ ਅਗਾਰੇ[੪]।
ਰਾਮ ਨਰਾਇਣ ਨਾਮ ਉਚਾਰੇ।
ਤਿਸ ਤੇ ਬੁਰੋ ਮਾਨਿ ਬਰਜੰਤੇ।
-ਮਉਲਾ ਪਾਕ ਕਹੋ- ਉਚਰੰਤੇ ॥੧੨॥
ਅਰੁ ਤੁਮ ਮਿਲਿ ਮਿਲਿ ਕਹਤਿ ਪੁਕਾਰੇ।
-ਭਯੋ ਭਿਸਤ ਸੁਖ ਹੇਤੁ ਹਮਾਰੇ।
ਦੋਜਕ ਹਿੰਦੁਨ ਹੇਤੁ ਬਨਾਯੋ-।
ਤਿਨ ਕੋ ਮਤ ਤੁਮ ਕੋ ਨਹਿਂ ਭਾਯੋ ॥੧੩॥
ਨਾਮ ਖ਼ੁਦਾਇ ਜੁ ਮੌਲਾ ਆਦਿ।
ਹਿੰਦੁਨ ਮਹਿਂ ਸਿਮਰੈ ਕਰਿ ਯਾਦ[੫]।

---

*ਪਾ:-ਕੇਰ।
[੧]ਇਕ ਹੀ ਧਰਮ ਹੈ।
[੨]ਐਸੀਆਂ ਬਾਤਾਂ ਦਾਨੇ ਨਹੀਂ ਕਹਿੰਦੇ।
[੩](ਨਿਸ਼ਚੇ) ਖੁਦਾ ਇਕ ਹੀ ਹੈ ਤੇ ਇਕ ਹੀ ਈਮਾਨ ਹੈ। [ਈਮਾਨ ਇਕ=ਇਮਾਨਿਕ]।
[੪]ਤੁਹਾਡੇ ਸਾਮ੍ਹਣੇ।
[੫]ਕੋਈ ਯਾਦ ਕਰੇ ਯਾ ਸਿਮਰੇ।

-ਬਿਗਰ ਗਯੋ ਇਹ- ਤਿਸੈ ਬਤਾਵੈਂ[1]।
ਜਾਤਿ ਪਾਤਿ ਤੇ ਵਹਿਰ ਕਰਾਵੈਂ ॥੧੪॥
ਜਿਸ ਨੇ ਦੋਨੋ ਮਹਿਂ ਇਕ ਮਾਨਜੋਂ।
ਸਰਬ ਤਰਫਦਾਰੀ ਹਿਤ ਹਾਨਜੋ[2]।
ਜੇ ਝਗਰਤਿ ਦ੍ਵੈ ਪੱਖ ਬਨਾਏ।
ਤਿਨ ਸੋਂ ਮੇਲ ਨ ਕਰਹਿਂ ਕਦਾਏ ॥੧੫॥
ਦੋਨਹੁੰ ਮਹਿਂ ਇਕ, ਬਾਦ ਨ ਕੋਈ[3]।
ਹਮਰੋ ਪੰਥ ਸਮਝੀਏ ਸੋਈ।'

ਸੁਨਤਿ ਸ਼ਾਹੁ ਠਾਨੀ ਮੁਖ ਮੌਨ।
ਉੱਤਰ ਫੁਰਯੋ ਨ ਕਹਿਬੇ ਕੌਨ ॥੧੬॥

ਕੇਤਿਕ ਸਮੈਂ ਬੈਠਿ ਗੁਨਖਾਨੀ।
ਹੁਇ ਰੁਖਸਦ ਪਹੁੰਚੇ ਨਿਜ ਥਾਨੀ।
ਦਿਨ ਪ੍ਰਤਿ ਵਸਤੁ ਅਜਾਇਬ ਬ੍ਰਿੰਦ।
ਭਾਂਤਿ ਭਾਂਤਿ ਕੇ ਬਸਤ ਬਿਲੰਦ ॥੧੭॥
ਦੂਰ ਦੇਸ਼ ਕੇ ਮੇਵੇ ਘਨੇ।
ਭਾਂਤਿ ਭਾਂਤਿ ਕੇ ਸ੍ਵਾਦਨ ਸਨੇ।
ਸ਼ਾਹੁ ਬਹਾਦਰ ਭਲੇ ਪਠਾਵੈ।
ਭੂਖਨਿ ਅਜਬ ਹਯਨਿ ਪਹੁੰਚਾਵੈ ॥੧੮॥
ਕੇਤੀ ਬਾਰ ਆਪ ਚਲਿ ਜਾਇ।
ਕਈ ਬਾਰ ਲੇ ਨਿਕਟ ਬੁਲਾਇ।
ਇਸ ਪ੍ਰਕਾਰ ਨਿਜ ਪ੍ਰੀਤ ਜਨਾਵੈ।
ਖਰਚ ਹੇਤੁ ਬਹੁ ਦਰਬ ਪਠਾਵੈ ॥੧੯॥

ਇਕ ਉਮਰਾਵ ਪ੍ਰਭੂ ਢਿਗ ਆਯੋ।
ਕਰਿ ਬੰਦਨ ਬੈਠਜੋ ਬਚ ਗਾਯੋ।

'ਸੁਨੀ ਕਾਨ ਮੈਂ, ਬਿੱਦਜਾਵਾਨ।
ਤੁਮ ਢਿਗ ਆਵਤਿ ਮਹਿਦ ਮਹਾਨ ॥੨੦॥
ਜੇ ਤੁਮ ਸੰਗ ਲਰੇ ਸਰ ਦੇਖੇ।
ਸੋ ਤਾਰੀਫ ਕੋ ਕਰਤਿ ਵਿਸ਼ੇਖੇ।
-ਨਹਿਂ ਅਸ ਸਮੈਂ ਵਿਖੈ ਅਸ ਕੋਈ।

---

[1](ਹਿੰਦੂ) ਦੱਸਦੇ ਹਨ।
[2]ਸਾਰਿਆਂ ਦੀ ਤਰਫਦਾਰੀ ਦਾ ਹਿਤ ਨਾਸ਼ ਕੀਤਾ ਹੈ [ਤਰਫਦਾਰੀ=ਪੱਖ]।
[3]ਦੋਨੋਂ ਮਜ਼ਹਬਾਂ ਵਿਚ ਇਕ ਹੈ (ਰੱਬ, ਇਸ ਵਿਚ) ਝਗੜਾ ਕੋਈ ਨਹੀਂ।

ਤੀਰ ਪ੍ਰਹਾਰੈ ਗੁਰ ਸਮ ਜੋਈ- ॥੨੧॥
ਲਰੇ ਅਨੰਦਪੁਰਿ ਅਰੁ ਚਮਕੌਰ।
ਜੋ ਬਚ ਕਰਿ ਆਏ ਇਸ ਠੌਰ।
ਕਰਹਿਂ ਸ਼ਾਹਦੀ ਬਡਹੁੰ ਬਡੇਰੀ।
ਸੋ ਅਬਿ ਚਾਹਤਿ ਹੈਂ ਹਮ ਹੇਰੀ ॥੨੨॥
ਮਿਹਰਵਾਨਗੀ ਕਰਿ ਦਿਖਰਾਵਹੁ।
ਮਮ ਚਿਤ ਕੀ ਲਖਿ ਚੌਂਪ, ਚਲਾਵਹੁ[1]।'
ਸੁਨਿ ਬਿਨਤੀ ਪ੍ਰਭੁ ਧਨੁਖ ਸੰਭਾਰਾ।
ਸਰ ਕੋ ਜੋਰਤਿ ਐਂਚਿ ਉਚਾਰਾ ॥੨੩॥
'ਕਹਹੁ ਨਿਸ਼ਾਨਾ ਭੇਦਹਿਂ ਜਾਂਹੀ।
ਹੋਰਿ ਜਿ ਦੂਰ ਬਚਹਿ ਸੋ ਨਾਂਹੀ।'
ਹੇਰਿ ਤਰੋਵਹੁ ਤਾਂਹਿ ਉਚਾਰਾ।
'ਸ੍ਰੀ ਪ੍ਰਭੂ ਕੀਜੈ ਵਾਹਿ ਪ੍ਰਹਾਰਾ' ॥੨੪॥
ਤਾਨਿ ਕਾਨ ਲਗਿ ਤਬਹਿ ਚਲਾਯੋ।
ਗਯੋ ਸੁ ਬੇਗ ਸ਼ੂਕ ਤਰੁ ਘਾਯੋ।
ਬਹੁਰੋ ਐਂਚਤਿ ਔਰਹਿ ਮਾਰਾ।
ਤੀਸਰ ਤਿਸੀ ਸਥਾਨ ਪ੍ਰਹਾਰਾ ॥੨੫॥
ਪੰਚ ਬਾਨ ਏਕੈ ਥਲ ਮਾਰੇ।
ਪਿਖਿ ਉਮਰਾਵ ਬਿਸਮਤਾ ਧਾਰੇ।
'ਧਨੁ ਵਿੱਦਜਾ ਤੁਮਰੀ ਧੰਨ ਧੰਨ ਹੈ।
ਇਨ ਤੇ ਕਹਾਂ ਬਚੈ ਰਿਪੁ ਜਨ ਹੈ ॥੨੬॥
ਸੁਨੇ ਜਥਾ ਅਬਿ ਤਥਾ ਨਿਹਾਰੇ।
ਸ਼ੱਤ੍ਰੂ ਹਜ਼ਾਰਹੁੰ ਸਤੁਤਿ ਉਚਾਰੇ।'
ਥਿਰਜੋ ਚਾਰ ਘਟਿਕਾ ਕਰਿ ਨਮੋ।
ਨਿਜ ਸਥਾਨ ਗਮਨਜੋ ਤਿਹ ਸਮੋ ॥੨੭॥
ਸੋ ਉਮਰਾਵ ਸੁਜਸੁ ਬੀਚਾਰਤਿ।
-ਆਦਿ ਸੂਰਤਾ ਗੁਨ[2] ਗੁਰ ਧਾਰਤਿ-।
ਗਯੋ ਬਹਾਦਰ ਸ਼ਾਹੁ ਕੈ ਪਾਸੀ।
ਸਰਬ ਲੋਕ ਥੇ ਗਾਥ ਪ੍ਰਕਾਸ਼ੀ ॥੨੮॥
'ਅਬਿ ਲੌ ਹਮ ਨੇ ਕਹੂੰ ਨ ਹੇਰੇ।

---
[1](ਤੀਰ) ਚਲਾਵੋ।
[2]ਸੂਰਮਤਾ ਆਦਿਕ ਦੇ ਗੁਣ।

ਨਰ ਹਯ ਗਯ ਨਹਿਂ ਬਚਹਿਂ ਅਗੇਰੇ।'
'ਮੈਂ ਭੀ ਦੇਖੌਂ' ਸ਼ਾਹੁ ਕਹੰਤਾ।
'ਕਿਸ ਪ੍ਰਕਾਰ ਸਰ ਪ੍ਰਭੁ ਚਲੰਤਾ' ॥੨੯॥
ਸਤਿਗੁਰ ਕੇ ਢਿਗ ਦੂਤ ਪਠਾਯੋ।
'ਪ੍ਰਾਤਿ ਸ਼ਿਕਾਰ ਚਢਹਿਂ ਮਨ ਭਾਯੋ।
ਆਪ ਕ੍ਰਿਪਾ ਕਰਿ ਖਿਲਹੁ ਅਖੇਰਾ।
ਕਹ੍ਯੋ ਸ਼ਾਹੁ -ਚਾਹਤਿ ਚਿਤ ਮੇਰਾ-' ॥੩੦॥
ਸੁਨਿ ਸਤਿਗੁਰ ਨੇ ਮਾਨੀ ਬਾਤ।
ਸੁਪਤਿ ਜਥਾ ਸੁਖ ਬੀਤੀ ਰਾਤ।
ਚਢ੍ਯੋ ਸ਼ਾਹੁ ਲੇ ਸੌਂਜ ਅਖੇਰੇ।
ਚੀਤੇ ਸ੍ਵਾਨ ਰੁ ਬਾਜ ਘਨੇਰੇ ॥੩੧॥
ਲਗਰ[1], ਝਗਰ, ਧੁਤੀਆ ਜੁਰਰਾਨਿ[2]।
ਬਹਿਰੀ, ਸਜਾਹ ਗੋਸ਼[3], ਸੀਚਾਨ[4]।
ਸਾਹਿਬ ਕੀ ਦਿਸ਼ਿ ਚਲਿ ਕਰਿ ਆਯੋ।
ਪ੍ਰਭੁ ਤਯਾਰ ਹ੍ਵੈ ਅਸੁ ਅਨਵਾਯੋ ॥੩੨॥
ਖੜਗ ਨਿਖੰਗ ਸੰਗ ਕਟ ਸ਼ੋਭਾ।
ਜ਼ੇਵਰ ਹੇਰਿ ਨ ਕਿਹ ਮਨ ਲੋਭਾ।
ਹ੍ਵੈ ਅਸਵਾਰ ਕੀਨਿ ਪ੍ਰਸਥਾਨਾ।
ਨਮੋ ਕਰੀ ਪਿਖਿ ਸ਼ਾਹੁ ਪਯਾਨਾ ॥੩੩॥
ਜਹਿਂ ਸ਼ਿਕਾਰ ਗਾਹ ਪਹੁੰਚੇ ਜਾਈ।
ਬਿਚਰੈਂ ਪੁਸ਼ਟ ਮ੍ਰਿਗਨਿ ਸਮੁਦਾਈ।
ਗੁਰ ਕੇ ਸੰਗ ਬਹਾਦਰ ਸ਼ਾਹੂ।
ਪਾੜ੍ਹੇ ਕੋਲ ਹਤੇ ਬਨ ਮਾਂਹੂ ॥੩੪॥
ਤੀਰਨ ਫੁਰਤੀ ਬੇਗ ਨਿਹਾਰੇ।
ਇਤ ਉਤ ਤਜੇ ਨ ਜਿਯਤਿ ਪਧਾਰੇ।
ਕਿਤਿਕ ਅਖੇਰ ਖੇਲਿ ਕਰਿ ਦੋਈ।
ਪਿਖਹਿਂ ਤਮਾਸ਼ਾ ਚੀਤਨਿ[5] ਸੋਈ ॥੩੫॥
ਸ੍ਵਾਨ ਬਾਜ਼ ਬਹਿਰੀ ਛੁਟਵਾਏ।

---

[1]ਇਕ ਸ਼ਿਕਾਰੀ ਪੰਛੀ ਜੋ ਝਗਰ ਦੀ ਮਦੀਨ ਹੈ।
[2]ਜੁਰਰੇ ਤੇ ਧੂਤੀ [ਜੁਰੱਰਹ=ਬਾਜ਼ ਦਾ ਨਰ। ਧੂਤੀ=ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ]।
[3]ਇਕ ਸ਼ਿਕਾਰੀ ਜਾਨਵਰ ਜੋ ਕੁੱਤੇ ਤੋਂ ਛੋਟਾ ਤੇ ਬਿੱਲੀ ਤੋਂ ਵੱਡਾ ਹੁੰਦਾ ਹੈ।
[4]ਬਾਜ਼ ਦੀ ਕਿਸਮ ਦਾ ਸ਼ਿਕਾਰੀ ਪੰਛੀ।
[5]ਚਿੱਤਰਿਆਂ ਦਾ।

ਬਨ ਕੇ ਜੀਵ ਅਨਿਕ ਹੀ ਘਾਏ।
ਬਿਪੁਨ ਬਿਸਾਲ ਜਬਹਿ ਚਲਿ ਗਏ।
ਕੇਹਰਿ ਪਿਖ੍ਯੋ ਮਹਾਂ ਬਲ ਮਏ ॥੩੬॥
ਜਿਨਹੁਂ ਨਿਹਾਰ੍ਯੋ ਆਨਿ ਸੁਨਾਯੋ।
ਲੇ ਲਸ਼ਕਰ ਤਿਤ ਹੀ ਉਮਡਾਯੋ।
ਸ਼ਾਹ ਬਹਾਦਰ ਕੀਨਿ ਉਚਾਰਨ।
'ਸ਼ੇਰ ਖੜਗ ਸੋਂ ਕਰਹੁ ਬਿਦਾਰਨਿ ॥੩੭॥
ਤੀਰ ਤੁਪਕ ਨਹਿਂ ਛੂਟਨ ਪਾਵੈ।
ਘਾਵੈ ਜੋ ਇਨਾਮ ਬਡ ਪਾਵੈ।'
ਇਮ ਕਹਿਤੇ ਭਭਕਾਰ੍ਯੋ ਸ਼ੇਰ।
ਹੁਤੋ ਬਿਲੰਦਖਾਨ ਤਿਨ ਹੇਰਿ ॥੩੮॥
ਗਹਿ ਕਰਵਾਲ[੧] ਢਾਲ ਕੋ ਗਯੋ।
ਹਠ ਗਾਢੋ ਕਰਿ ਸਨਮੁਖ ਭਯੋ।
ਪਹੁਂਚ੍ਯੋ ਨਿਕਟ ਮ੍ਰਿਗੇਸ ਨਿਹਾਰ੍ਯੋ।
ਫਾਂਧਿ ਝਪਟ ਕਰਿ ਤੁਰਤ ਪ੍ਰਹਾਰ੍ਯੋ[੨] ॥੩੯॥
ਹੇਰਿ ਡਰੇ, ਪੁਨ ਸ਼ਾਹੁ ਪ੍ਰਚਾਰੈ।
'ਲੇਹੁ ਇਨਾਮ ਜਾਇ ਭਟ ਮਾਰੈ[੩]।'
ਸੁਨਤਿ ਵਜ਼ੀਦ ਖਾਨ ਰਿਸ ਧਾਰਿ।
ਬਹੁਤੇ ਸੂਰਨਿ ਕੋ ਸਿਰਦਾਰ ॥੪੦॥
ਕਰਿ ਪ੍ਰਾਕ੍ਰਮ ਲਲਕਾਰ੍ਯੋ ਜਬੈ।
ਸ਼ੇਰ ਝਪਟ ਦਾਬ੍ਯੋ ਹਤਿ ਤਬੈ[੪]।
ਪੁਨ ਕੋ ਸੁਭਟ ਸਮੁਖ ਨਹਿਂ ਗਯੋ।
ਦ੍ਵੈ ਉਮਰਾਵ ਹਤੇ ਡਰ ਭਯੋ ॥੪੧॥
ਤਬਿ ਸਾਹਿਬ ਨਿਜ ਦਲਹਿ ਨਿਹਾਰ੍ਯੋ।
ਰੋਸ਼ਨ ਸਿੰਘ ਹੁਤੋ ਲਲਕਾਰ੍ਯੋ।
ਜਮਧਰ ਖੜਗ ਢਾਲ ਜਿਸ ਪਾਸ।
ਰੁਪ੍ਯੋ ਸਿੰਘ ਚਹਿ ਸਿੰਘ ਬਿਨਾਸ਼ ॥੪੨॥
ਲਾਇ ਘਾਤ ਕਰਿ ਸਿਪਰ[੫] ਅਗੇਰੇ।

---

[੧]ਤਲਵਾਰ।
[੨](ਸ਼ੇਰ ਨੇ) ਮਾਰ ਦਿੱਤਾ (ਬਲੰਦ ਖ਼ਾਂ ਨੂੰ)
[੩]ਜੋ ਸੂਰਮਾ ਜਾਕੇ ਮਾਰੇ।
[੪]ਦੱਬ ਕੇ ਮਾਰ ਲਿਆ।
[੫]ਢਾਲ।

ਨੇਰ ਭੇਰ ਘਾਲਜੋ ਜਿਸ ਬੇਰੇ।
ਫਾਂਧਿ ਕੇਹਰੀ ਊਪਰ ਆਵਾ।
ਤਰੇ ਹੋਇ ਕਰਿ ਘਾਵ ਲਗਾਵਾ ॥੪੩॥
ਜਮਧਰ ਉਦਰ ਸਜ਼ੋਰ ਧਸਾਈ।
ਊਪਰ ਤੇ ਦੀਨਸਿ ਉਥਲਾਈ।
ਗੁਰ ਅਰੁ ਸ਼ਾਹ ਸੁ ਚਮੂੰ ਤਮਾਸ਼ਾ।
ਅਵਲੋਕਤਿ ਸਭਿ ਸ਼ੇਰ ਬਿਨਾਸਾ ॥੪੪॥
ਬਖਸ਼ਿਸ਼ ਲਗਜੋ ਸ਼ਾਹੁ ਬਹੁ ਦੈਬੇ।
ਕਹੈ ਸਿੰਘ 'ਹੌਂ ਕਰੌਂ ਨ ਲੈਬੇ।
ਜਿਸ ਗੁਰੁ ਦੇ ਬਲ ਸ਼ੇਰ ਹਤਾਯੋ।
ਤਿਸ ਤੇ ਰਿਧਿ ਸਿਧਿ ਹਮ ਸਭਿ ਪਾਯੋ ॥੪੫॥
ਲੇਨਿ ਅਪਰ ਤੇ ਰਖੀ ਨ ਆਸਾ।
ਲੋਕ ਪ੍ਰਲੋਕ ਤਿਨਹੁੰ ਭਰਵਾਸਾ।'
ਸੁਨਤਿ ਸ਼ਾਹੁ ਉਮਰਾਵ ਘਨੇਰੇ।
ਅਧਿਕ ਸਰਾਹਤਿ ਹਟੇ ਪਿਛੇਰੇ ॥੪੬॥
ਨਿਜ ਨਿਜ ਡੇਰਨ ਕੋ ਚਲਿ ਆਏ।
ਰੌਸ਼ਨ ਸਿੰਘ ਮਹਾਂ ਜਸੁ ਪਾਏ।
ਲਸ਼ਕਰ ਮਹਿਂ ਸਭਿ ਕਰਹਿਂ ਸਰਾਹਨਿ।
'ਹਤਜੋ ਸ਼ੇਰ ਜਿਸ ਕੇ ਡਰ ਨਾਹਿਨ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਅਖੇਰ ਖੇਲਣ' ਪ੍ਰਸੰਗ ਬਰਨਨੰ ਨਾਮ ਪੰਚਾਸਤਿ ਅੰਸੂ ॥੫੦॥

## ੫੧. [ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ]

੫੦<<ਪਿਛਲਾ ਅੰਸੂ ਤਤਕਰਾ ਐਨ ਪਹਿਲਾ ਅਗਲਾ ਅੰਸੂ>>

ਦੋਹਰਾ: ਸ੍ਰੀ ਸਤਿਗੁਰ ਉਰ ਸਿਮਰਿ ਕਰਿ, ਅਪਨੋ ਏਕ ਸਵਾਲ।
ਨੰਦ ਲਾਲ ਜੁਤਿ ਅਪਰ ਕੋ, ਕਹ੍ਯੋ ਸੁਨਾਇ ਹਵਾਲ ॥੧॥
ਚੌਪਈ: 'ਮਾਤੁਲ ਹੁਤੋ ਸ਼ਾਹੁ ਕੋ ਜੋਇ।
ਹਾਕਮ ਰਾਇ ਸੰਗ ਇਨ ਦੋਇ।
ਕਹ੍ਯੋ ਇਨਹੁਂ ਸੋਂ ਦਿਹੁ ਸਮੁਝਾਈ।
ਜੋ ਅਪਨੀ ਕਰਿ ਲਿਖਤ ਪਠਾਈ ॥੨॥
ਸੋ ਦੀਜੈ ਹਮਰੋ ਇਕ ਸ੍ਵਾਲ।
ਜਿਸ ਤੇ ਸਲਤਨ ਲਈ ਬਿਸਾਲ।
ਕਰ੍ਯੋ ਪ੍ਰਥਮ ਕੋ ਅਬਹਿ ਸੰਭਾਰੋ।
ਹਮਹੁ ਕਹ੍ਯੋ ਤੁਮ ਨਹਿਨ ਚਿਤਾਰੋ' ॥੩॥
ਸ੍ਰੀ ਮੁਖ ਤੇ ਸੁਨਿ ਤੀਨਹੁਂ ਸਾਚੀ।
'ਹੈ ਸਭਿ ਨਿਸ਼ਚੈ' ਤਿਨਹੁਂ ਉਬਾਚੀ।
ਮਿਲਿ ਕਰਿ ਸ਼ਾਹੁ ਨਿਕਟ ਚਲਿ ਗਏ।
ਤਸਲੀਮਾਤ ਕਰੀ ਥਿਰ ਭਏ ॥੪॥
ਪ੍ਰਥਮ ਪ੍ਰਸੰਗ ਸੰਗ ਗੁਰ ਕੇਰਾ।
ਕਰ੍ਯੋ ਸੁਨਾਵਨ ਕੋ ਤਿਸ ਬੇਰਾ।
'ਪੂਰਬ ਮੁਖ ਤੇ ਹੀ ਕਹਿ ਦੀਨ।
ਪੁਨ ਪ੍ਰਭੁ ਨੇ ਲਿਖਾਇ ਕਰ ਲੀਨ ॥੫॥
ਅਬਿ ਲੌਂ ਜ਼ਿਕਰ ਨਹੀਂ ਕੁਛ ਕਰ੍ਯੋ।
ਜਬਿ ਤੁਮ ਭੀ ਨਹਿਂ ਸਿਮਰਨ ਧਰ੍ਯੋ।
ਤਬਿ ਗੁਰ ਹਮਹਿਂ ਹਕਾਰਿ ਚਿਤਾਰ੍ਯੋ।
-ਇਕ ਸਵਾਲ ਦਿਹੁ ਪੂਰ- ਉਚਾਰ੍ਯੋ ॥੬॥
ਤੁਮ ਕੋ ਭੀ ਬਨਿ ਆਵੈ ਐਸੇ।
ਸਤਿਗੁਰ ਰਹੈਂ ਹਰਖ ਜੁਤਿ ਜੈਸੇ।
ਅਪਨੋ ਭਨ੍ਯੋਂ ਪੂਰ ਕਰਿ ਦੀਜੈ।
ਲੋਕ ਪ੍ਰਲੋਕ ਅਨੰਦ ਕੋ ਲੀਜੈ' ॥੭॥
ਸੁਨਿ ਕੈ ਸ਼ਾਹੁ ਬਹਾਦਰ ਭਾਖਾ।
'ਦੈਹੌਂ ਸ੍ਵਾਲ ਮੋਹਿ ਅਭਿਲਾਖਾ।
ਲਖੌਂ ਪਰੰਤੁ ਜੁ ਹੋਇ ਸੁਖਾਰੋ।

ਦੇਨਿ ਉਚਿਤ, ਮਿਲਿ ਸਕਲ ਬਿਚਾਰੋ[੧] ॥੮॥
ਹੋਇ ਪ੍ਰਾਤ ਗੁਰ ਕਰੋ ਹਕਾਰਨ।
ਸੁਨਿ ਲੀਜੈ ਤਿਨ ਕੇਰ ਉਚਾਰਨ।
ਪੀਛੇ ਦੈਬੇ ਹੇਤੁ ਉਚਾਰੈਂ।
ਗੁਰ ਕੇ ਉਰ ਪ੍ਰਸੰਨਤਾ ਧਾਰੈਂ' ॥੯॥
ਇਮ ਕਹਿ ਕਰਿ ਸੋ ਦਿਵਸ ਬਿਤਾਯੋ।
ਭਈ ਪ੍ਰਭਾਤਿ ਦਿਵਾਨ ਲਗਾਯੋ।
ਇਕ ਉਮਰਾਵ ਹਕਾਰਨ ਆਇ।
'ਸ਼੍ਰੀ ਗੁਰ ਚਲੀਅਹਿ ਸ਼ਾਹੁ ਬੁਲਾਇ' ॥੧੦॥
ਹਯ ਅਰੋਹ ਕਰਿ ਗਏ ਗੁਸਾਈਂ।
ਥਿਰ ਉਮਰਾਵ ਪੁੰਜ ਜਿਸ ਥਾਂਈ।
ਸਕਲ[੨] ਨੰਮ੍ਰਿ ਹੁਇ ਕਰੀ ਸਲਾਮੂ।
ਜਾਇ ਪ੍ਰਵੇਸ਼ੇ ਬੀਚ ਤਮਾਮੂ ॥੧੧॥
ਸ਼ਾਹ ਨਮੋ ਕਰਿ ਨਿਕਟ ਬਿਠਾਏ।
ਚੰਦਨ ਕੀ ਚੌਂਕੀ ਛਬਿ ਪਾਏ।
ਪ੍ਰਥਮ ਪ੍ਰਸੰਗ ਜੰਗ ਕੇ ਘਨੇ।
ਆਦਿ ਅਨੰਦਪੁਰਿ ਸੁਨੇ ਸੁ ਭਨੇ ॥੧੨॥
ਸੁਨਿ ਸੁਨਿ ਗੁਰੂ ਬੀਰਤਾ ਭਾਰੀ।
ਸਰਬ ਸਰਾਹਤਿ ਸਭਾ ਮਝਾਰੀ।
ਬਹੁਰ ਬਹਾਦੁਰ ਸ਼ਾਹੁ ਉਚਾਰਾ।
'ਕਹੀਯਹਿ ਅਪਨੋ ਸ੍ਵਾਲ ਉਦਾਰਾ' ॥੧੩॥
ਜਬਿ ਉਮਰਾਵ ਸਭਾਸਦ ਗਏ[੩]।
ਪੂਛਨ ਤੇ ਗੁਰ ਭਾਖਤਿ ਭਏ।
'ਹਿੰਦਵਾਨੇ ਸੰਗ ਦ੍ਰੋਹ ਕਰੰਤੇ[੪]।
ਤੋਹਿ ਪਦਰ ਕੋ ਬਹੁ ਬਹਕੰਤੇ[੫] ॥੧੪॥
ਜ਼ੁਲਮੀ ਕਰਤਿ ਰਹੇ ਬਹੁ ਭਾਰੀ।
ਪਿਤਾ ਹਮਾਰੇ ਸੋਂ ਦੁਰਚਾਰੀ[੬]।

---

[੧]ਜੇ ਦੇਣ ਯੋਗ ਹੈ ਤਾਂ ਮਿਲਕੇ ਸਾਰੇ ਵਿਚਾਰ ਕਰੋ।
[੨]ਸਾਰਿਆਂ ਨੇ (ਗੁਰੂ ਜੀ ਨੂੰ)।
[੩]ਸਭਾ ਦੇ ਮੁਖੀ (ਦਰਬਾਰ ਵਿਚੋਂ ਬਹਾਰ ਚਲੇ) ਗਏ।
[੪](ਉਮਰਾਵ ਆਦਿਕ) ਦ੍ਰੋਹ ਕਰਦੇ ਰਹੇ।
[੫]ਭ੍ਰਮਾਂਵਦੇ ਰਹੇ।
[੬](ਉਹ) ਦੁਰਾਚਾਰੀ (ਖੋਟੇ) ਲੋਕ ਸਾਡੇ ਪਿਤਾ ਨਾਲ ਬਹੁਤ ਭਾਰੀ ਜ਼ੁਲਮੀ ਕਰਦੇ ਰਹੇ।

ਦਿਜ ਆਦਿਕ ਸੋਂ ਬੁਰਾ ਕਰੰਤੇ।
ਬੀਚ ਸ਼ਰ੍ਹਾ ਕੇ ਕੁਮਤਿ ਧਰੰਤੇ ॥੧੫॥
ਪੁਨ ਹਮ ਸੋਂ ਬਹੁ ਜੰਗ ਮਚਾਏ।
ਜੋ ਸਿਰ੍ਹੰਦ ਕੋ ਬਡ ਉਮਰਾਏ।
ਬਾਲਕ ਸਾਹਿਬਜ਼ਾਦੇ ਗਹੇ।
ਬਿਨਾ ਦੋਸ਼ ਸੰਘਾਰਨ ਚਹੇ ॥੧੬॥
ਇੱਤਜ਼ਾਦਿਕ ਉਮਰਾਵ ਮੁਲਾਨੇ।
ਜਿਨਹੁਂ ਕੁਕਰਮ ਜ਼ੁਲਮ ਕੋ ਠਾਨੇ।
ਪਠਿ ਪਠਿ ਨਰ ਔਚਕ ਗਹਿ ਲੀਜੈ।
ਬੰਧਿ ਬੰਧਿ ਕਰਿ ਹਮ ਕੌ ਦੀਜੈ ॥੧੭॥
ਤਿਨ ਕੋ ਸੂਰੀ ਦੇਹਿਂ ਕਿ ਫਾਸੀ।
ਲੇਂ ਪਲਟਾ ਹਮ ਕਰਹਿਂ ਬਿਨਾਸ਼ੀ।
ਤਿਨਹੁਂ ਕੁਕਰਮ ਕਮਾਯਹੁ ਜੈਸਾ।
ਸੰਕਟ ਸਹੈਂ ਪਾਇਂ ਫਲ ਤੈਸਾ ॥੧੮॥
ਨਹਿਂ ਪਰਲੋਕ ਨ ਧਰਮ ਬਿਚਾਰਜੋ।
ਤੁਰਕ ਹਿੰਦੁ ਸੰਤਨਿ ਗਹਿ ਮਾਰਜੋ[1]।
ਸੋ ਪਲਟਾ ਹਮ ਲੈ ਹੈਂ ਪਾਇ।
ਕਰੌਂ ਨਾਸ਼ ਦੁਸ਼ਟਨਿ ਸਮੁਦਾਇ' ॥੧੯॥
ਸੁਨਤਿ ਸ਼ਾਹੁ ਹਹਿਰਯੋ ਹਿਯ ਹੌਲਾ।
ਚਿੰਤਾ ਵਧੀ ਅਧਿਕ ਨਹਿਂ ਬੋਲਾ।
ਕੇਤਿਕ ਚਿਰ ਲੌ ਕੀਰ ਬਿਚਾਰਾ।
ਪੁਨ ਸਤਿਗੁਰ ਕੇ ਸੰਗ ਉਚਾਰਾ ॥੨੦॥
'ਇਸ ਕੋ ਉੱਤਰ ਮੈਂ ਫਿਰ ਦੇਉਂ।
ਨਿਜ ਮੰਤ੍ਰੀਨ ਸਾਥ ਗਿਨਿ ਲੇਉਂ।'
ਇਮ ਕਹਿ ਢਿਗ ਤੇ ਕਰੇ ਬਿਸਰਜਨ।
ਆਨਿ ਬਿਰਾਜੇ ਉਪਬਨ ਤਤਛਿਨ ॥੨੧॥
ਪੀਛੇ ਸਕਲ ਹਕਾਰਿ ਸਲਾਹੀ।
ਗੁਰ ਕੀ ਕਹੀ ਚਿੰਤ ਜੁਤਿ ਪ੍ਰਾਹੀ।
'ਇਹ ਕਾਰਜ ਬਨਿ ਆਵੈ ਕੈਸੇ?
ਅਬਿ ਲੌ ਤੇਜ ਨ ਭਾ ਮਮ ਐਸੇ ॥੨੨॥
ਗਹੌਂ ਏਕ ਸੂਬਾ ਜਿਸ ਕਾਲ।

---

[1]ਜਿਨ੍ਹਾਂ ਤੁਰਕਾਂ ਨੇ ਹਿੰਦੂ ਸੰਤਾਂ ਨੂੰ ਫੜਕੇ ਮਾਰਿਆ ਹੈ।

ਪਰਹਿ ਰੌਰ ਸਲਤਨ ਚਲਚਾਲ।
ਬਿਗਰ ਜਾਹਿੰਗੇ ਲਸ਼ਕਰ ਭਾਰੇ।
ਬੇਇਤਬਾਰ ਬਨਹਿਂ ਨਰ ਸਾਰੇ ॥੨੩॥
ਜਬਿ ਸੂਬੇ ਬਿਗਰੇ ਲਰਿ ਪਰੇ।
ਸਭਿ ਦੇਸ਼ਨ ਰੌਰਾ ਬਿਸਤਰੇ।
ਕਹਹੁ ਗੁਰੂ ਸੰਗ ਕਹੀਅਹਿ ਕੈਸੇ।
ਜਿਸ ਤੇ ਰਿਸਹਿਂ ਨ, ਰਹਿ ਰਸ ਐਸੇ' ॥੨੪॥
ਜਬਿ ਅਸ ਚਿੰਤਾ ਸਹਤ ਬਖਾਨਾ।
ਮਿਲਿ ਮੰਤ੍ਰੀਨ ਮੰਤ੍ਰ ਕੋ ਠਾਨਾ।
ਸ਼ਾਹੁ ਬਹਾਦਰ ਕੋ ਸਮੁਝਾਯੋ।
'ਗੁਰ ਸੋ ਕਹਨਿ ਏਵ ਬਨ ਆਯੋ ॥੨੫॥
-ਇਕ ਸੰਮਤਿ ਲਗਿ ਕੁਛ ਨਹਿਂ ਕਹੀਅਹਿ।
ਨਿਸ਼ਚਲ ਹੁਕਮ ਨ ਮੇਰੋ ਲਹੀਅਹਿ।
ਜਬਿ ਟਿਕ ਜਾਇ ਤੇਜ ਜਗ ਆਛੇ।
ਪੂਰਵੌਂ ਸ੍ਵਾਲ ਆਪ ਕੋ ਬਾਛੇ-' ॥੨੬॥
ਇੱਤਜਾਦਿਕ ਸਮੁਝਾਇ ਸਿਧਾਏ।
ਗਿਨਤਿ ਗਾਥ ਦਿਨ ਦੋਇ ਬਿਤਾਏ।
ਪੁਨ ਸਤਿਗੁਰ ਨਿਜ ਨਿਕਟ ਬੁਲਾਏ।
ਹਯ ਅਰੋਹ ਹ੍ਵੈ ਕਰਿ ਤਬਿ ਆਏ ॥੨੭॥
ਸ਼ਾਹ ਨਿਮਤੋਂ ਸਨਮਾਨ ਬਿਠਾਏ।
ਹਾਥ ਜੋਰਿ ਕਰਿ ਗਾਥ ਸੁਨਾਏ।
'ਤੁਮ ਪ੍ਰਤਾਪ ਤੇ ਸਲਤਨ ਪਾਈ।
ਅਸ ਨ ਹੋਇ ਅਬਿ ਬਿਗਰ ਸੁ ਜਾਈ ॥੨੮॥
ਇਸ ਡਰ ਤੇ ਇਕ ਬਰਖ ਬਿਤਾਵਉ।
ਕਾਜ਼ੀ ਮੁੱਲਾਂ ਨਹਿਂ ਗਹਿਵਾਵਉ।
ਸੂਬੇ ਬਿਗਰ ਪਰਹਿੰਗੇ ਸਾਰੇ।
ਬੇਇਤਬਾਰੀ ਮੋਹਿ ਬਿਚਾਰੇ ॥੨੯॥
ਸੰਮਤ ਬੀਤੇ ਰਾਵਰਿ ਸ੍ਵਾਲ।
ਮੈਂ ਪੂਰਨ ਕਰਿ ਹੌਂ ਦਰਹਾਲ[1]।
ਬਨੌਂ ਨ ਬੇਮੁਖ ਸੰਗ ਤਿਹਾਰੇਂ।
ਮੈਂ ਜਾਨੌਂ ਨੀਕੇ ਉਪਕਾਰੇ' ॥੩੦॥

---

[1]ਛੇਤੀ।

ਸੁਨਿ ਸ਼੍ਰੀ ਮੁਖ ਸਾਹਿਬ ਫੁਰਮਾਯੋ।
'ਅਬਿ ਤੁਹਿ ਪਾਜ ਕਹਨਿ[1] ਮਨ ਭਾਯੋ।
ਇਸੀ ਹੇਤੁ ਹਮ ਲਿਖਤ ਕਰਾਈ।
ਸਲਤਨ ਪਾਇ ਸੁ ਨਟ ਕਰਿ ਜਾਈ[2] ॥੩੧॥
ਤਊ ਫਰੇਬ ਲਿਖੇ ਪਰ ਕੀਨਿ।
ਤੈਂ ਇਕ ਸ੍ਵਾਲ ਨ ਹਮਰੋ ਦੀਨਿ।
ਤੁਰਕਨ ਤੇ ਹਮ ਸਲਤਨ ਨਾਸ਼ੀ।
ਦੀਨਿ ਹੋਇ ਲੀਨਸਿ ਨਿਜ ਪਾਸੀ ॥੩੨॥
ਤਊ ਨ ਹਮ ਸੋਂ ਉਤਰਯੋ ਪੂਰਾ।
ਦਿਯੋ ਨ, ਦੈਬੇ ਕਹਯੋ ਜ਼ਰੂਰਾ[3]।
ਇਹ ਤਉ ਦੇਨਿ ਹੇਤੁ ਬਡਿਆਈ।
ਚਹਤਿ ਕਾਰ ਤੁਝ ਸੋਂ ਬਨਿਵਾਈ[4]* ॥੩੩॥
ਸੋ ਤੁਵ ਭਾਗ ਬਿਖੈ ਇਹ ਨਹੀਂ।
ਸਮੁਝਿ ਦੇਖਿ ਅਪਨੇ ਚਿਤ ਸਹੀ।
ਅਬਿ ਇਕ ਐਸੋ ਸਿੱਖ ਬਨਾਵੌਂ।
ਜਗ ਮਹਿਂ ਦੇ ਕਰਿ ਤੇਜ ਬਧਾਵੌਂ ॥੩੪॥
ਜਹਿਂ ਜਹਿਂ ਦੋਖੀ ਕੂਰ ਕੁਚਾਲੇ।
ਤਹਿਂ ਤਹਿਂ ਪਹੁੰਚੈ ਬਹੁ ਬਲ ਨਾਲੇ।
ਜੋ ਸੂਬੇ ਮੁੱਲਾਂ ਬਹੁਤੇਰੇ।
ਕਰਹਿ ਸੰਘਾਰਨ ਸਭਿ ਇਕ ਬੇਰੇ ॥੩੫॥
ਸਭਿ ਸਲਤਨ ਕੋ ਗਰਦ ਮਿਲਾਵੈ।
ਨਹਿਂ ਲਸ਼ਕਰ ਠਹਿਰਨ ਕੋ ਪਾਵੈ।
ਜਿਨ ਜਿਨ ਹਮ ਸੋਂ ਜ਼ੁਲਮ ਕਮਾਯੋ।
ਹਿੰਦੁਨਿ ਸੋਂ ਬਹੁ ਬੈਰ ਬਢਾਯੋ ॥੩੬॥
ਪੁਰਿ ਅਰੁ ਗ੍ਰਾਮ ਦੇਸ਼ ਗਨ ਜੇਤੇ।
ਉਠਹਿਂ ਉਪੱਦ੍ਰਵ ਨਾਸ਼ਹਿ ਤੇਤੇ।

---

[1]ਝੂਠ ਕਹਿਣਾ।
[2]ਪਾਤਸ਼ਾਹੀ ਪਾਕੇ ਤੂੰ ਫਿਰ ਜਾਵੇਂਗਾ।
[3]ਜੋ ਜ਼ਰੂਰ ਦੇਣ ਲਈ ਕਹਿਆ ਸੀ।
[4]ਤੇਰੇ ਪਾਸੋਂ ਕਾਰ ਬਣਵਾਇਆ ਚਾਹੁੰਦੇ ਸੀ।
*ਭਾਵ ਇਹ ਹੈ ਕਿ ਤੇਰਾ ਜਸ ਫੈਲੇ ਕਿ ਤੂੰ ਐਸਾ ਇਨਸਾਫ ਵਾਲਾ ਹੈਂ ਕਿ ਆਪਣੇ ਰਾਜ ਵਿਚ ਅੰਨਜਾਯ ਨਹੀਂ ਹੋਣ ਦੇਂਦਾ। ਜੋ ਸੂਬੇ ਤੇ ਹੋਰ ਉਮਰਾਵ ਅੰਨਜਾਯ ਕਰਦੇ ਹਨ ਤੂੰ ਐਸਾ ਸਮ ਤੋਲਨੇ ਵਾਲਾ ਪਾਤਸ਼ਾਹ ਹੈਂ ਕਿ ਸਭ ਦਾ ਨਿਆਂ ਕਰਦਾ ਹੈਂ। ਇਸ ਤੋਂ ਰਾਜ ਵਿਚ ਤਪਾ ਬੈਠ ਜਾਵੇ ਕਿ ਕੋਈ ਜ਼ੁਲਮੀ ਨ ਕਰ ਸਕੇ।

ਆਦਿ ਸਿਰੰਦ ਬਸਹਿ ਸਮੁਦਾਯਾ।
ਕਰਹਿ ਉਜਾਰ ਲੁਟਹਿ ਨਰ ਘਾਯਾ[1] ॥੩੭॥
ਲਾਖਹੁਂ ਊਪਰ ਅਪਦਾ ਪਰੈ।
ਨਹਿਂ ਸਮਰਥ ਜੋ ਤਿਸ ਪਰਹਰੈ।
ਉਜਰੈ ਦੇਸ਼ ਨ ਰਾਖਾ ਕੋਇ।
ਅਬਿ ਐਸੀ ਗਤਿ ਨਿਸ਼ਚੈ ਹੋਇ ॥੩੮॥
ਸਾਹਿਬਜ਼ਾਦੇ ਜਿਨ ਸੰਘਾਰੇ।
ਤਿਸ ਕੌ ਗਹਿ ਸੋ ਕਰਹਿ ਪ੍ਰਹਾਰੇ।
ਇੱਤਜਾਦਿਕ ਪਲਟਾ ਸਭਿ ਲੈ ਹੈ।
ਨਿਜ ਦ੍ਰਿਗ ਦੇਖਹੁ ਨਹਿਂ ਸਫਲੈ ਹੈਂ[2]' ॥੩੯॥
ਇਮ ਕਹਿ ਸਤਿਗੁਰ ਰਿਸ ਕੁਛ ਕਰੇ।
ਉਠੇ ਆਇ ਨਿਜ ਹਯ ਪਰ ਚਰੇ।
ਨਿਜ ਡੇਰੇ ਮਹਿਂ ਚਲਿ ਕਰਿ ਆਏ।
ਦਿਨ ਕੇਤਿਕ ਤਹਿਂ ਔਰ ਬਿਤਾਏ ॥੪੦॥
ਸ਼ਾਹੁ ਸਚਿੰਤ ਅਧਿਕ ਹੁਇ ਰਹਜੋ।
ਗੁਰ ਕੇ ਸੰਗ ਨਹੀਂ ਕੁਛ ਕਹਜੋ।
'ਜਾਨੀਅਸ ਕਹਾਂ[3]' ਮੌਨ ਮੁਖ ਧਾਰੀ।
ਨਿਜ ਸਚਿਵਨ ਕੇ ਸਾਥ ਉਚਾਰੀ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼ਾਹੁ ਸੰਗ ਬੋਲਨ' ਪ੍ਰਸੰਗ ਬਰਨਨੰ ਗੁਰ ਪੱਖਜਾਨ ਬ੍ਰਿਚਤਾਯਾਂ ਭਾਖਾਯਾਂ ਕਵਿ ਸੰਤੋਖ ਸਿੰਘ ਭਨਤਿ ਨਾਮ ਏਕ ਪੰਚਾਸਤੀ ਅੰਸੂ ॥੫੧॥

[ਪਹਿਲਾ ਐਨ ਸੰਪੂਰਨ ਹੋਇਆ]

---

[1]ਸੂਰਮਿਆਂ ਨੂੰ ਮਾਰਕੇ।
[2]ਤੂੰ ਆਪਣੀ ਨੇਤ੍ਰੀਂ ਦੇਖੇਂਗਾ (ਉਸ ਦੇ ਮੁਕਾਬਲੇ ਤੇ ਤੂੰ) ਸਫਲਤਾ ਨਹੀਂ ਪਾਏਂਗਾ।
[3]ਕੀ ਜਾਣੀਏ ਕੀ ਹੋਸੀ। (ਅ) ਪਾਤਸ਼ਾਹ ਸੋਚਦਾ ਹੈ ਕਿ ਮੈਨੂੰ ਸਮਝ ਨਹੀਂ ਪੈਂਦੀ (ਕਿ ਕੀਹ ਕਰਾਂ) (ਇਸ ਕਰਕੇ) ਚੁੱਪ ਧਾਰ ਲਈ।